# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ
(ਭਾਗ ਦੂਜਾ)

## ਰਾਮ ਸਰੂਪ ਅਣਖੀ ਦੀਆਂ ਹੋਰ ਰਚਨਾਵਾਂ

- ਕੋਠੇ ਖੜਕ ਸਿੰਘ
- ਕੱਖਾਂ ਕਾਨਿਆਂ ਦੇ ਪੁਲ
- ਜਮੀਨਾਂ ਵਾਲੇ
- ਬਸ ਹੋਰ ਨਹੀਂ
- ਦੁੱਲੇ ਦੀ ਢਾਬ
- ਆਪਣੀ ਮਿੱਟੀ ਦੇ ਰੁੱਖ
- ਸੁਗੰਧਾਂ ਜਿਹੇ ਲੋਕ
- ਤੂੰ ਵੀ ਮੁੜ ਆ ਸਦੀਕ
- ਪਰਤਾਪੀ
- ਕੈਦਣ
- ਕਿੱਲੇ ਨਾਲ ਬੰਨ੍ਹਿਆ ਆਦਮੀ
- ਗੇਲੋ
- ਭੀਮਾ
- ਮਲ੍ਹੇ ਝਾੜੀਆਂ
- ਜ਼ਖ਼ਮੀ ਅਤੀਤ
- ਸੁਲਗਦੀ ਰਾਤ
- ਜਿਨ ਸਿਰ ਸੋਹਣਿ ਪੱਟੀਆਂ
- ਕਣਕਾਂ ਦਾ ਕਤਲੇਆਮ
- ਪਿੰਡ ਦੀ ਮਿੱਟੀ
- ਮੋਏ ਮਿੱਤਰਾਂ ਦੀ ਸ਼ਨਾਖਤ

# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ

(ਭਾਗ ਦੂਜਾ)

ਸੰਗ੍ਰਹਿ ਕਰਤਾ : ਕਰਾਂਤੀ ਪਾਲ

# Ram Sarup Anakhi Dian Sarian Kahanian
## (Part-2)

## Editing by : Krantipal

•

**ਸਮਰਪਣ**

ਛੋਟੇ ਵੀਰ
ਰਾਜਾ ਦਬੜ੍ਹੀਖਾਨੇ
ਦੇ ਨਾਂ

•



੦ ਅਸਲ ਵਿੱਚ ਲੇਖਕ ਓਸੇ ਮਾਹੌਲ ਨੂੰ ਲੈ ਕੇ ਲਿਖਦਾ ਹੈ, ਜਿਸ ਦਾ ਉਹਨੂੰ ਨਿੱਜੀ ਅਨੁਭਵ ਹੋਵੇ। ਮੈਨੂੰ ਤਾਂ ਪਿੰਡਾਂ ਦੇ ਨੇੜੇ ਦਾ ਅਨੁਭਵ ਹੈ। ਮੇਰਾ ਬਾਪ ਹਲਵਾਹਕ ਸੀ। ਅਸੀਂ ਜ਼ਮੀਨਾਂ ਵਾਲੇ ਹਾਂ। ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਦੋ-ਤਿੰਨ ਸਾਲ ਮੈਂ ਖ਼ੁਦ ਵੀ ਖੇਤੀ ਦਾ ਕੰਮ ਕੀਤਾ ਸੀ। ਫੇਰ ਜਿਨ੍ਹਾਂ ਕਿਸਾਨ-ਲੋਕਾਂ ਵਿੱਚ ਮੇਰਾ ਬਚਪਨ ਬੀਤਿਆ, ਉਨ੍ਹਾਂ ਵਿੱਚ ਮੈਂ ਖੇਡਿਆ-ਪਲ਼ਿਆ, ਵੱਡਾ ਹੋ ਕੇ ਵੀ ਕੋਈ ਚੁਤਾਲੀ-ਪੰਤਾਲੀ ਸਾਲਾਂ ਦੀ ਉਮਰ ਤੱਕ ਜੱਟ-ਕਿਸਾਨਾਂ ਵਿੱਚ ਹੀ ਵਿਚਰਦਾ ਰਿਹਾ, ਮੈਨੂੰ ਤਾਂ ਉਨ੍ਹਾਂ ਲੋਕਾਂ ਦਾ ਹੀ ਪਤਾ ਹੈ। ਫੇਰ ਸਾਡੇ ਪਿੰਡ ਧੌਲ਼ਾ ਤੋਂ ਮਾਨਸਾ-ਬਠਿੰਡਾ ਵੱਲ ਸਾਡੀਆਂ ਰਿਸ਼ਤੇਦਾਰੀਆਂ ਸਨ, ਆਉਣ-ਜਾਣ ਸੀ, ਇਨ੍ਹਾਂ ਚਾਲ੍ਹੀ-ਪੰਜਾਹ ਪਿੰਡਾਂ ਵਿੱਚ ਮੇਰਾ ਸਾਰੀ ਉਮਰ ਦਾ ਤੋਰਾ-ਫੇਰਾ ਸੀ। ਇਨ੍ਹਾਂ ਚਾਲ੍ਹੀ-ਪੰਜਾਬ ਪਿੰਡਾਂ ਦਾ ਮਿੱਟੀ-ਪਾਣੀ ਮੈਨੂੰ ਜਾਣਦਾ ਹੈ। ਮੇਰੀਆਂ ਕਹਾਣੀਆਂ ਤੇ ਨਾਵਲਾਂ ਵਿੱਚ ਇਨ੍ਹਾਂ ਪਿੰਡਾਂ ਦੀ ਆਬੋ-ਹਵਾ ਹੈ, ਮਿੱਟੀ ਦੀ ਸੁਗੰਧ ਹੈ। ਮੇਰੀਆਂ ਰਚਨਾਵਾਂ ਇਨ੍ਹਾਂ ਪਿੰਡਾਂ ਦੇ ਦਾਇਰੇ ਵਿੱਚ ਹੀ ਘੁੰਮਦੀਆਂ ਹਨ। ਰਚਨਾ ਨੂੰ ਕੱਚਾ ਮਸਾਲਾ ਇੱਥੋਂ ਹੀ ਮਿਲਦਾ ਹੈ। ਇਸ ਦਾਇਰੇ ਵਿੱਚੋਂ ਬਾਹਰ ਕਿਧਰੇ ਜਾ ਕੇ ਰਚਨਾ ਦੀ ਭਾਲ ਕਰਾਂਗਾ ਤਾਂ ਮੇਰੀ ਕਲਮ ਭਟਕ ਜਾਵੇਗੀ।

ਇੰਗਲੈਂਡ ਆਪਣੇ ਚਹੇਤੇ ਨਾਵਲਕਾਰ ਥਾਮਸ ਹਾਰਡੀ ਦਾ ਜਨਮ-ਸਥਾਨ ਅਤੇ ਉਹਦੀ ਕਰਮ-ਭੂਮੀ ਦੇਖਣ ਗਿਆ ਤਾਂ ਮੈਨੂੰ ਮੇਰੀ ਸੋਚ ਦੀ ਪ੍ਰੋੜ੍ਹਤਾ ਮਿਲੀ ਕਿ ਹਾਡਰੀ ਵੀ ਮੇਰੇ ਵਾਂਗ ਹੀ ਸੋਚਦਾ-ਕਰਦਾ ਸੀ। ਉਹਦੇ ਸਾਰੇ ਨਾਵਲਾਂ ਦੇ ਘਟਨਾ-ਸਥਲ ਇੱਕ ਖ਼ਾਸ ਖੇਤਰ ਵਿੱਚੋਂ ਹਨ। ਇਸ ਵਿਸ਼ੇਸ਼ ਖੇਤਰ ਦਾ ਨਾਂ ਉਹਨੇ ਵੈਸੈਕਸ ਰੱਖਿਆ ਹੋਇਆ ਸੀ। ਮੇਰਾ ਵੈਸੈਕਸ ਮੇਰੇ ਪਿੰਡ ਧੌਲ਼ਾ ਤੋਂ ਲੈ ਕੇ ਮਾਨਸਾ-ਬਠਿੰਡਾ ਇਲਾਕੇ ਦੇ ਇਹ ਚਾਲ੍ਹੀ-ਪੰਜਾਹ ਪਿੰਡ ਹਨ।

ਇਸ ਤੱਥ ਨਾਲ ਵੀ ਮੈਨੂੰ ਬਹੁਤ ਤਸੱਲੀ ਮਿਲਦੀ ਹੈ ਕਿ ਦੁਨੀਆ ਦਾ ਬਿਹਤਰੀਨ ਸਾਹਿਤ ਖ਼ਾਸ ਕਰਕੇ ਗਲਪ-ਸਾਹਿਤ ਪਿੰਡਾਂ ਬਾਰੇ ਹੀ ਲਿਖਿਆ ਹੋਇਆ ਹੈ।

*ਮਲ੍ਹੇ ਝਾੜੀਆਂ (ਸ੍ਵੈ-ਜੀਵਨੀ) ਵਿੱਚੋਂ*

੦ ਬਾਪੂ ਦੀਆਂ ਰਚੀਆਂ ਸਾਰੀਆਂ ਕਹਾਣੀਆਂ ਨੂੰ ਇੱਕੋ ਜਗ੍ਹਾ ’ਤੇ ਇਕੱਠਾ ਕਰਨ ਦਾ ਅਰਥ ਹੈ ਕਿ ਉਨ੍ਹਾਂ ਦੀਆਂ ਸਮੁੱਚੀਆਂ ਕਹਾਣੀਆਂ ਨੂੰ ਸੰਭਾਲ ਕੇ ਰੱਖਣਾ।

ਇਤਫ਼ਾਕ ਇਹ ਕਹਾਣੀਆਂ ਮੈਂ ਉਦੋਂ ਸਾਰੀਆਂ ਪੜ੍ਹੀਆਂ ਜਦੋਂ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸੋਚਦਾ ਹਾਂ ਇਹ ਕਹਾਣੀਆਂ ਜੇ ਮੈਂ ਉਨ੍ਹਾਂ ਦੇ ਜਿਉਂਦੇ ਜੀਅ ਪੜ੍ਹ ਲੈਂਦਾ ਤਾਂ ਕੋਈ ਸੰਵਾਦ ਉਨ੍ਹਾਂ ਨਾਲ ਰਚਾ ਸਕਦਾ ਸੀ ਕਿ ਇਹ ਫਲਾਣੀ ਕਹਾਣੀ ਦੀ ਘਟਨਾ/ਪਾਤਰ ਉਸ ਪਿੰਡ ਦੇ ਨੇ...

ਚਲੋ ਖ਼ੈਰ, ਜੋ ਹੋਣਾ ਸੀ ਹੋ ਗਿਆ। ਬਾਪੂ ਕਥਾਕਾਰ ਵੱਡਾ ਸੀ। ਉਸ ਨੂੰ ਕਹਾਣੀ ਕਹਿਣੀ ਆਉਂਦੀ ਸੀ, ਉਸ ਨੇ ਕਹਾਣੀਆਂ ਲਿਖੀਆਂ/ਨਾਵਲ ਲਿਖੇ, ਪਰ ਕਥਾਰਸ ਉਨ੍ਹਾਂ ਦੇ ਅੰਗ-ਸੰਗ ਰਿਹਾ।

ਕਹਾਣੀ ਦੇ ਖੇਤਰ ’ਚ ਮਕਬੂਲ ਬਾਪੂ, ਨਾਵਲ ਦੇ ਖੇਤਰ ਵਿੱਚ ਵੀ ਮਕਬੂਲ ਹੋਇਆ। ਨਾਵਲਗਿਰੀ ਨੇ ਉਨ੍ਹਾਂ ਦੀਆਂ ਕਹਾਣੀਆਂ ਨੂੰ ਢਾਹ ਲਾਈ, ਪਰ ਜਦੋਂ ਅਸੀਂ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਦੇ ਹਾਂ ਤੇ ਫਿਰ ਨਾਵਲ, ਉਦੋਂ ਇਹ ਗੱਲ ਸਮਝ ਆਉਂਦੀ ਹੈ ਕਿ ਉਨ੍ਹਾਂ ਨੇ ਕਹਾਣੀ ਛੱਡ ਕੇ ਨਾਵਲ ਲਿਖਣ ਦਾ ਰਾਹ ਕਿਉਂ ਅਪਣਾਇਆ। ਬਾਪੂ ਦੀਆਂ ਕਹਾਣੀਆਂ ਪੜ੍ਹ ਕੇ ਉਨ੍ਹਾਂ ਕਹਾਣੀਆਂ ਦੇ ਧੁਰ ਅੰਦਰ ਜਾ ਕੇ ਪਤਾ ਲਗਦਾ ਹੈ ਕਿ ਬਾਪੂ ਕਿੱਡਾ ਵੱਡਾ ਕਥਾਕਾਰ ਸੀ। ਕਈ ਕਹਾਣੀਆਂ ਪੜ੍ਹ ਕੇ ਤਾਂ ਅੰਦਰੋਂ ਆਵਾਜ਼ ਨਿੱਕਲਦੀ ਹੈ, “ਵਾਹ ਬਾਪੂ ਕਮਾਲ ਕਰਤੀ।”

ਇਹ ਕਹਾਣੀਆਂ ਜੀਵਨ ਦੇ ਉਨ੍ਹਾਂ ਰੰਗਾਂ ਨੂੰ ਬਿਖੇਰਦੀਆਂ ਹਨ ਜਿਹੜੇ ਰੰਗ ਸਮੇਂ ਦੀ ਧੂੜ ’ਚ ਫਿੱਕੇ ਪੈ ਗਏ।

ਐਨੀ ਸਾਦਗੀ ਨਾਲ ਸਰਲਤਾ ਦਾ ਪ੍ਰਗਟਾਵਾ ਕਰਦੀਆਂ ਇਹ ਕਹਾਣੀਆਂ ਪੰਜਾਬੀ ਕਹਾਣੀ ਦੀ ਪਰਿਭਾਸ਼ਾ ਸਿਰਜਣ ਦੇ ਸਮਰੱਥ ਬਣੀਆਂ ਹਨ ਜਿਸ ਨੇ ਇਹ ਸਿੱਧ ਕੀਤਾ ਹੈ ਕਿ ਅਣਖੀ ਜਿਉਂਦਾ ਹੈ...

4 ਮਾਰਚ, 2018

*- ਕਰਾਂਤੀ ਪਾਲ*

# ਭਾਗ ਦੂਜਾ

# ਤਤਕਰਾ


| | | |
|---|---|---|
| 1. | ਟੁੰਡਾ | 13 |
| 2. | ਸਵਾਲ ਦਰ ਸਵਾਲ | 19 |
| 3. | ਤੂੰ ਵੀ ਮੁੜ ਆ ਸਦੀਕ | 23 |
| 4. | ਗਾਣਾ : ਇੱਕ ਸੁੱਕੀ ਟਹਿਣੀ ਦੀ | 27 |
| 5. | ਚਰਾਗ਼ | 34 |
| 6. | ਰੁਖ | 40 |
| 7. | ਔਲਾਦ | 47 |
| 8. | ਡਰ | 55 |
| 9. | ਖ਼ਾਨਦਾਨ | 60 |
| 10. | ਦੈਂਤ | 65 |
| 11. | ਸੁਰਨੰਦ ਭਵਨ | 69 |
| 12. | ਨਹੀਂ | 83 |
| 13. | ਮੁੱਲ | 96 |
| 14. | ਕਿੱਧਰ ਜਾਵਾਂ? | 105 |
| 15. | ਲਗਾਓ | 116 |
| 16. | ਤੀਰਥ | 124 |
| 17. | ਸਭ ਤੋਂ ਵੱਡੀ ਛਾਲ | 133 |
| 18. | ਕੜਬ ਦੇ ਟਾਂਡੇ | 141 |
| 19. | ਬਹੁਤਾ ਬੋਲਣ ਵਾਲੀ | 147 |
| 20. | ਬਾਕੀ ਭੁੱਖ | 153 |
| 21. | ਸ਼ਿਕਨ | 160 |
| 22. | ਮਾਂ | 164 |
| 23. | ਕੱਲਾ-ਕਹਿਰਾ ਆਦਮੀ | 170 |
| 24. | ਸਾਈਕਲ ਦੌੜ | 175 |

| | | |
|---|---|---|
| 25. | ਲੋਹੇ ਦਾ ਗੇਟ | 178 |
| 26. | ਬੁਰਾ | 182 |
| 27. | ਕੰਮ | 188 |
| 28. | ਕਣਕ ਦੀਆਂ ਬੋਰੀਆਂ | 192 |
| 29. | ਖੱਟੀ ਲੱਸੀ ਪੀਣ ਵਾਲੇ | 197 |
| 30. | ਕੈਦਣ | 202 |
| 31. | ਖਾਰਾ ਦੁੱਧ | 209 |
| 32. | ਮੇਰਾ ਦੋਸਤ ਤੇ ਉਸਦੀ ਪਤਨੀ | 217 |
| 33. | ਇੱਜ਼ਤ | 222 |

# ਟੁੰਡਾ

ਮੇਰਾ ਨਵਾਂ ਕਹਾਣੀ-ਸੰਗ੍ਰਹਿ ਪ੍ਰੈੱਸ ਵਿੱਚ ਸੀ।

ਉਹਨਾਂ ਦਿਨਾਂ ਵਿੱਚ ਕਈ ਵਾਰ ਮੈਨੂੰ ਜਲੰਧਰ ਜਾਣਾ ਪਿਆ ਸੀ। ਰਾਤ ਦੀ ਗੱਡੀ ਜਾ ਕੇ ਅਗਲੀ ਸਵੇਰ ਸਾਰਾ ਦਿਨ ਕੰਮ ਕਰਦਾ ਤੇ ਫਿਰ ਓਸੇ ਦਿਨ ਦੀ ਗੱਡੀ ਹੀ ਵਾਪਸ ਆ ਜਾਂਦਾ। ਸਾਡੇ ਵੱਲ ਧੂਰੀ ਨੂੰ ਆਉਣ ਵਾਲੀ ਗੱਡੀ ਜਲੰਧਰ ਸਾਢੇ ਬਾਰਾਂ, ਪੌਣੇ ਇੱਕ ਆਉਂਦੀ। ਰੋਟੀ ਖਾਣ ਤੇ ਫਿਰ ਪ੍ਰੈੱਸ ਵਿੱਚ ਹੀ ਕਿਸੇ ਨਾਲ ਯੱਕੜ ਮਾਰ-ਮਾਰ ਕੇ ਮਸਾਂ ਦਸ ਵੱਜਦੇ। ਤੇ ਫਿਰ ਅਗਲੀ ਤਰੀਕ ਦਾ ਅਖ਼ਬਾਰ ਵੀ ਆਊਟ ਹੋ ਚੁੱਕਿਆ ਹੁੰਦਾ, ਪਰਚਾ ਫੋਲਡ ਕਰਨ ਵਾਲੇ ਕਾਮਿਆਂ ਤੋਂ ਲੈ ਕੇ ਉਹ ਵੀ ਪੜ੍ਹ ਲਿਆ ਜਾਂਦਾ। ਇੱਕ ਘੰਟੇ ਦੀ ਲੰਬੀ ਉਡੀਕ ਤੇ ਅਕੇਵੇਂ ਦੇ ਬਾਅਦ ਮੁਸ਼ਕਲ ਨਾਲ ਗਿਆਰਾਂ ਵਜਾਏ ਜਾਂਦੇ। ਆਖ਼ਰ ਸਟੇਸ਼ਨ ’ਤੇ ਆ ਕੇ ਬੈਠਣਾ ਪੈਂਦਾ। ਪ੍ਰੈੱਸ ਵਿੱਚੋਂ ਚੋਰੀਓਂ ਲਿਆਂਦਾ ਅਖ਼ਬਾਰ ਦੂਜੀ ਵਾਰ ਪੜ੍ਹਨ ਤੋਂ ਬਿਨਾਂ ਵਕਤ-ਕਟੀ ਦਾ ਹੋਰ ਕੋਈ ਸਾਧਨ ਨਾ ਲੱਭਦਾ।

ਉਸ ਦਿਨ ਵੀ ਕੋਈ ਸਾਢੇ ਗਿਆਰਾਂ ਦੇ ਕਰੀਬ ਮੁਸਾਫ਼ਰਖ਼ਾਨੇ ਵਿੱਚ ਟਿਕਟਾਂ ਵਾਲੀਆਂ ਖਿੜਕੀਆਂ ਸਾਹਮਣੇ ਇੱਕ ਬੈਂਚ ਉੱਤੇ ਬੈਠਾ ਮੈਂ ਅਖ਼ਬਾਰ ਪੜ੍ਹ ਰਿਹਾ ਸਾਂ। ਉਹ ਮੁਸਾਫ਼ਰਖ਼ਾਨੇ ਦੇ ਗੇਟ ਉੱਤੇ ਆਪਣੀ ਹੀ ਮੌਜ ਵਿੱਚ ਇੱਕ ਗਾਰਡਰ ਦੀ ਢੋਹ ਲਾਈ ਖੜ੍ਹਾ ਸੀ। ਜਦ ਕਦੇ ਵੀ ਮੈਂ ਰਾਤ ਦੀ ਗੱਡੀ ਲੈਣ ਏਥੇ ਆਇਆ ਸਾਂ, ਉਸ ਨੂੰ ਹਮੇਸ਼ਾ ਇਸ ਥਾਂ ਖੜ੍ਹੇ ਹੀ ਦੇਖਿਆ ਸੀ। ਆਪਣੀ ਹੀ ਮੌਜ ਵਿੱਚ। ਗਿਆਰਾਂ-ਬਾਰਾਂ ਵਜੇ ਰਾਤ ਗਈ ਤੱਕ ਉਹ ਇਥੇ ਕਿਉਂ ਖੜ੍ਹਾ ਰਹਿੰਦਾ ਸੀ? ਕੀ ਉਸ ਦਾ ਕੋਈ ਘਰ ਨਹੀਂ ਸੀ? ਉਸ ਨੂੰ ਕਿਸ ਦੀ ਉਡੀਕ ਸੀ? ਅਖ਼ਬਾਰ ਪੜ੍ਹਦਿਆਂ ਇੱਕ ਦੋ ਵਾਰ ਸਰਸਰੀ ਹੀ ਮੈਂ ਉਸ ਵੱਲ ਝਾਕਿਆ ਸਾਂ। ਫਿਰ ਮੈਂ ਦੇਖਿਆ, ਉਹ ਮੇਰੇ ਵੱਲ ਹੀ ਤੁਰਿਆ ਆ ਰਿਹਾ ਸੀ। ਖਾਕੀ ਮੈਲੀ ਪੈਂਟ, ਗੋਡਿਆਂ ਕੋਲੋਂ ਕੁਝ ਜ਼ਿਆਦਾ ਹੀ ਘਸੀ ਹੋਈ ਦਿਸਦੀ ਸੀ। ਕਿਸੇ ਮੋਟੇ ਜਿਹੇ ਕਪੜੇ ਦੀ ਘਸਮੈਲੀ ਜਿਹੀ ਬੁਰਸ਼ਟ। ਪੈਰਾਂ ਵਿੱਚ ਚਿੱਟੇ ਫਲੀਟ। ਪਰ ਉਹ ਐਨੇ ਪੁਰਾਣੇ ਹੋ ਚੁੱਕੇ ਸਨ ਕਿ ਚਿੱਟੇ ਨਹੀਂ ਲੱਗਦੇ ਸਨ। ਚੀਚੀਆਂ ਬਾਹਰ ਨਿਕਲੀਆਂ ਹੋਈਆਂ ਸਨ। ਮਾਵਾ ਦਿੱਤੀ ਪੱਗ, ਲੱਗਦਾ ਸੀ ਕਈ ਹਫ਼ਤਿਆਂ ਤੋਂ ਪਾਣੀ ਲਾ ਕੇ ਬੰਨ੍ਹੀ ਹੋਵੇਗੀ। ਸੇਲ੍ਹੀਆਂ ਤੇ ਮੱਥੇ ਕੋਲੋਂ ਬਹੁਤ ਗੰਦੀ ਹੋ ਚੁੱਕੀ ਸੀ, ਉੱਤੇ ਵੀ ਥਾਂ-ਥਾਂ ਦਾਗ਼ ਸਨ। ਉਹ ਮੇਰੇ ਕੋਲ, ਪਰ ਕੁਝ ਕੁ ਦੂਰੀ ’ਤੇ ਆ ਕੇ ਖਲੋ ਗਿਆ। ਮੇਰੇ ਵੱਲ ਨਹੀਂ, ਦੂਜੇ ਪਾਸੇ ਦੂਰ ਬੈਠੇ ਲੋਕਾਂ ਵੱਲ ਤੱਕ ਰਿਹਾ।..ਮੇਰਾ ਧਿਆਨ ਹੁਣ ਅਖ਼ਬਾਰ ਵੱਲ ਘੱਟ ਤੇ ਟਿਕਟਾਂ ਵਾਲੀ ਖਿੜਕੀ ਵੱਲ ਬਹੁਤਾ ਸੀ। ਮੈਨੂੰ ਪਤਾ ਸੀ, ਮੇਰੇ ਵਾਲੀ ਖਿੜਕੀ

ਬਾਰਾਂ ਵਜੇ ਤੋਂ ਬਾਅਦ ਖੁੱਲ੍ਹਦੀ ਹੈ। ਫਿਰ ਵੀ ਮੈਨੂੰ ਅੱਚਵੀ ਲੱਗੀ ਹੋਈ ਸੀ। ਉਡੀਕ ਰਿਹਾ ਸਾਂ, ਖਿੜਕੀ ਹੁਣ ਖੁੱਲ੍ਹੀ, ਹੁਣ ਖੁੱਲ੍ਹੀ। ਖਿੜਕੀ ਅੱਗੇ ਮੁਸਾਫ਼ਰਾਂ ਦੀ ਕਤਾਰ ਹੁਣ ਤੋਂ ਹੀ ਲੱਗਦੀ ਜਾ ਰਹੀ ਸੀ। ਪਰ ਇਹ ਮੁਸਾਫ਼ਰ ਬਹੁਤੇ ਨਹੀਂ ਸਨ। ਬਸ ਗਿਣਤੀ ਦੇ ਦਸ ਬਾਰਾਂ ਹੀ। ਮੈਂ ਬੈਂਚ ਉੱਤੇ ਹੀ ਬੈਠਾ ਰਿਹਾ ਸਾਂ। ਖਿੜਕੀ ਖੁੱਲ੍ਹੇਗੀ, ਟਿਕਟ ਮਿਲਣ ਲੱਗਣਗੇ, ਆਪੇ ਪਤਾ ਲੱਗ ਜਾਵੇਗਾ।

ਉਹ ਮੇਰੇ ਵਾਲੇ ਬੈਂਚ ਉੱਤੇ ਮੇਰੇ ਕੋਲ ਹੀ ਬੈਠ ਗਿਆ। ਕਾਫ਼ੀ ਨਜ਼ਦੀਕ ਜਿਹਾ ਹੋ ਕੇ। ਮੈਨੂੰ ਉਸ ਵਿੱਚੋਂ ਮੁਸ਼ਕ ਆਇਆ। ਮੈਂ ਉਸ ਵੱਲ ਘ੍ਰਿਣਾ ਭਰੀਆਂ ਨਜ਼ਰਾਂ ਨਾਲ ਝਾਕਿਆ। ਉਹ ਗਹੁ ਨਾਲ ਮੇਰੀ ਅਖ਼ਬਾਰ ਵੱਲ ਝਾਕ ਰਿਹਾ ਸੀ। ਉਸ ਦੀ ਇੱਕ ਅੱਖ ਕਾਣੀ ਸੀ। ਦੂਜੀ ਅੱਖ ਦਾ ਆਂਡਾ ਜ਼ਰਦ ਜਿਹਾ ਸੀ। ਇਸ ਜ਼ਰਦ ਆਂਡੇ ਵਾਲੀ ਅੱਖ ਨਾਲ ਹੀ ਉਸ ਨੂੰ ਦਿਸਦਾ ਹੋਵੇਗਾ। ਕਾਣੀ ਅੱਖ ਤਾਂ ਬਸ ਨਾਉਂ ਨੂੰ ਹੀ ਅੱਖ ਲੱਗਦੀ ਸੀ। ਨਹੀਂ ਤਾਂ ਕੋਈ ਜਾਨ ਨਹੀਂ ਦਿਸਦੀ ਸੀ ਉਸ ਵਿੱਚ। ਉਸ ਦੀ ਕਰੜ ਬਰੜੀ ਦਾੜ੍ਹੀ ਤੇ ਮੁੱਛਾਂ ਬਹੁਤ ਛੋਟੀਆਂ ਸਨ। ਉਹ ਕੱਟੀਆਂ ਹੋਈਆਂ ਵੀ ਨਹੀਂ ਦਿਸਦੀਆਂ ਸਨ। ਇਉਂ ਲੱਗਦਾ ਸੀ, ਜਿਵੇਂ ਘਸਦੀਆਂ-ਘਸਦੀਆਂ ਹੀ ਐਡੀਆਂ ਕੁ ਰਹਿ ਗਈਆਂ ਹੋਣ। ਖੱਬੀ ਬਾਂਹ ਸਾਬਤ, ਜਿਸ ਵਿੱਚ ਲੋਹੇ ਦਾ ਕੜਾ ਤੇ ਸੱਜੀ ਬਾਂਹ ਡੌਲੇ ਕੋਲੋਂ ਵੱਢੀ ਹੋਈ ਸੀ। ਉਸ ਦਾ ਟੁੰਡ ਮੱਝ ਦੀ ਟੁੱਟੀ ਪੂਛ ਵਾਂਗ ਹਿਲਦਾ ਬਹੁਤ ਬੁਰਾ ਲੱਗ ਰਿਹਾ ਸੀ। ਸੱਚੀ ਗੱਲ ਹੈ, ਮੈਨੂੰ ਤਾਂ ਉਸ ਆਦਮੀ ਦੇ ਮੇਰੇ ਬਹੁਤ ਨਜ਼ਦੀਕ ਆ ਕੇ ਬੈਠਣ ’ਤੇ ਗ਼ੁੱਸਾ ਆਇਆ। ਓਧਰ ਬੈਂਚ ਖ਼ਾਲੀ ਪਿਆ ਸੀ। ਓਥੇ ਜਾ ਬੈਠਦਾ। ਜੇ ਏਸੇ ਬੈਂਚ ਉੱਤੇ ਬੈਠਣਾ ਸੀ ਤਾਂ ਕਿਸੇ ਦੇ ਐਨਾ ਨਜ਼ਦੀਕ ਹੋ ਕੇ ਬੈਠਣ ਦਾ ਕੀ ਮਤਲਬ? ਕਿੰਨੇ ਗਵਾਰ ਹਨ ਇਹ ਲੋਕ। ਨ੍ਹਾਉਣਾ ਨਹੀਂ, ਧੋਣਾ ਨਹੀਂ, ਪਸ਼ੂਆਂ ਵਾਂਗ ਤੁਰੇ ਫਿਰਦੇ ਹਨ। ਤੇ ਫਿਰ ਦੇਖੋ, ਅਖ਼ਬਾਰ ਵੱਲ ਕਿਵੇਂ ਝਾਕੀ ਜਾ ਰਿਹਾ ਹੈ, ਜਿਵੇਂ ਪੜ੍ਹਨ ਜਾਣਦਾ ਹੋਵੇ। ਭਲਿਆ-ਮਾਣਸਾ, ਪੜ੍ਹਨਾ ਤਾਂ ਆਉਂਦਾ ਨਹੀਂ, ਅੱਖਰਾਂ ਵੱਲ ਝਾਕਣ ਦਾ ਕੀ ਲਾਭ? ਪੈਂਟ-ਬੁਰਸ਼ਟ ਪਾ ਛੱਡੀ ਹੈ। ਪੱਗ ਦੇਖੋ ਕਿਵੇਂ ਘੋਟ -ਘੋਟ ਬੰਨ੍ਹੀ ਹੈ। ਆਉਂਦਾ ਤਾਂ ਇੱਲ੍ਹ ਤੋਂ ਕੁੱਕੜ ਨਹੀਂ ਹੋਣਾ।

ਵਿਚਕਾਰਲਾ ਸਫ਼ਾ ਤਾਂ ਦੇਣਾ ਜ਼ਰਾ, ਭਾਈ ਸਾਹਬ।’ ਕਹਿ ਕੇ ਉਸ ਨੇ ਮੇਰੇ ਫ਼ਜ਼ੂਲ ਵਿਚਾਰਾਂ ਦੀ ਲੜੀ ਤੋੜ ਦਿੱਤੀ ਹੈ। ਹੈਂ, ਇਹ ਤਾਂ ਪੜ੍ਹਨਾ ਜਾਣਦਾ ਹੈ। ਸੁਰਖ਼ੀਆਂ ਦੇਖ ਕੇ ਉਹ ਖ਼ਬਰਾਂ ਨੂੰ ਡਿਟੇਲ ਵਿੱਚ ਪੜ੍ਹਨ ਲੱਗਿਆ।

‘ਮੋਗੇ ਵਿੱਚ ਸਟੂਡੈਂਟਾਂ ’ਤੇ ਚੱਲੀ ਗੋਲੀ ਦੀ ਅਸਲੀਅਤ ਅਖ਼ਬਾਰਾਂ ਵਾਲੇ ਘੱਟ ਹੀ ਪੇਸ਼ ਕਰਦੇ ਹਨ।’ ਉਸ ਨੇ ਸਹਿਜ ਸੁਭਾਅ ਹੀ ਆਖਿਆ, ਜਿਵੇਂ ਆਪਣੇ ਆਪ ਨੂੰ ਹੀ ਕਿਹਾ ਹੋਵੇ। ਪਰ ਮੈਨੂੰ ਵੀ ਹੁੰਗਾਰਾ ਭਰਨਾ ਬਣਦਾ ਸੀ।

‘ਕੁਝ ਕਹਿ ਨਹੀਂ ਸਕਦੇ।’ ਮੈਂ ਸਿਰਫ਼ ਐਨਾ ਹੀ ਕਹਿ ਸਕਿਆ। ਜਦ ਉਹ ਬੋਲਿਆ ਸੀ, ਮੈਨੂੰ ਉਸ ਦੇ ਦੰਦ ਬਹੁਤ ਮੈਲੇ ਦਿਸੇ ਸਨ। ਪੀਲੇ ਪੀਲੇ ਜਿਵੇਂ ਮੱਕੀ ਦਾ ਆਟਾ ਜੰਮਿਆ ਹੋਇਆ ਹੋਵੇ। ਅਨੁਮਾਨ ਸੀ, ਦਾਤਣ ਜਾਂ ਬੁਰਸ਼ ਜੰਮ ਕੇ ਵੀ ਨਹੀਂ ਕੀਤਾ ਹੋਵੇਗਾ, ਪਰ ਇਸ ਵਾਰ ਮੈਂ ਇਸ ਗੱਲ ਨੂੰ ਜ਼ਿਆਦਾ ਮਹਿਸੂਸ ਨਹੀਂ ਕੀਤਾ। ਮੈਨੂੰ ਉਹ ਮਨੁੱਖ ਵਿੱਚ ਕੁਝ-ਕੁਝ ਦਿਲਚਸਪੀ ਹੋ ਗਈ। ਪੜ੍ਹਿਆ ਹੋਇਆ ਵੀ ਹੈ ਅਤੇ

ਸਿਆਸਤ ਨੂੰ ਵੀ ਥੋੜ੍ਹਾ-ਥੋੜ੍ਹਾ ਮੂੰਹ ਮਾਰਦਾ ਲੱਗਦਾ ਹੈ। ਦੇਖਣ ਵਿੱਚ ਤਾਂ ਬੜਾ (ਖਾਸਤਾ) ਜਿਹਾ ਬੰਦਾ ਹੈ।

ਅਖ਼ਬਾਰ ਦਾ ਆਪਣੇ ਵਾਲਾ ਹਿੱਸਾ ਵੀ ਉਹ ਨੂੰ ਫੜਾ ਕੇ ਮੈਂ ਟਿਕਟ ਲੈਣ ਚਲਿਆ ਗਿਆ। ਦਸ ਕੁ ਮਿੰਟਾਂ ਬਾਅਦ ਵਾਪਸ ਆਇਆ, ਉਹ ਅਖ਼ਬਾਰ ਦੇ ਪਹਿਲੇ ਸਫ਼ੇ ਦੀਆਂ ਖ਼ਬਰਾਂ ਬਹੁਤ ਧਿਆਨ ਨਾਲ ਪੜ੍ਹ ਰਿਹਾ ਸੀ।

'ਤੁਸੀਂ ਕੀ ਕੰਮ ਕਰਦੇ ਹੋ?' ਮੈਂ ਉਹਨੂੰ ਪੁੱਛ ਲਿਆ।

'ਕੰਮ, ਕੰਮ ਕੋਈ ਵੀ, ਜੋ ਵੀ ਮਿਲ ਜਾਵੇ।' ਉਸ ਨੇ ਬਹੁਤ ਠਰ੍ਹੰਮੇ ਨਾਲ ਤੇ ਮੇਰੇ ਵੱਲ ਬਿਨਾਂ ਦੇਖਿਆਂ ਹੀ ਜਵਾਬ ਦਿੱਤਾ।

'ਮਤਲਬ?'

'ਮਤਲਬ ਮਜ਼ਦੂਰੀ, ਕਿਤੇ ਜਾ ਕੇ, ਕਿਸੇ ਵੀ ਕਿਸਮ ਦੀ।'

'ਕਿੰਨਾ ਕੁ ਕਮਾ ਲੈਂਦੇ ਹੋ?'

'ਕਮਾਈ?'.....ਉਹ ਹੱਸਿਆ।

'ਹਾਂ, ਕੁਝ ਤਾਂ ਕਮਾਉਂਦੇ ਹੀ ਹੋਵੇਗੇ?'

'ਬਸ ਰੋਟੀ, ਚਾਹ.....ਹੋਰ ਕੀ?'

ਮੈਂ ਉਸ ਤੋਂ ਪੁੱਛਿਆ ਨਹੀਂ ਕਿ ਉਹ ਇੱਕ ਹੱਥ ਨਾਲ ਹੀ ਕਿਹੜਾ ਕੰਮ ਕਿੰਨਾ ਕੁ ਕਰ ਲੈਂਦਾ ਹੋਵੇਗਾ। ਸਿਰਫ਼ ਐਨਾ ਹੀ ਪੁੱਛ ਸਕਿਆ (ਗੱਲ ਨੂੰ ਜਾਰੀ ਰੱਖਣ ਲਈ ਹੀ)- 'ਜਲੰਧਰ ਦੇ ਹੀ ਰਹਿਣ ਵਾਲੇ ਹੋ?'

'ਹੁਣ ਤਾਂ ਜਲੰਧਰ ਦੇ ਹੀ ਸਮਝੋ।'

'ਮਤਲਬ? ਮੇਰਾ ਮਤਲਬ ਇਸ ਤੋਂ ਪਹਿਲਾਂ ਕਿਥੇ ਰਹਿੰਦੇ ਸੀ?'

'ਬਹੁਤ ਜਗ੍ਹਾ ਰਹਿ ਚੁੱਕੇ ਹਾਂ, ਜਨਾਬ। ਬਸ ਹੁਣ ਤਾਂ ਏਥੇ ਹੀ ਸਮਝੋ।' ਉਸ ਨੇ ਗੱਲ ਨੂੰ ਗੋਲ ਮੋਲ ਕਰ ਦਿੱਤਾ।

ਜਿਸ ਬੈਂਚ ਉੱਤੇ ਮੈਂ ਬੈਠਾ ਸਾਂ, ਓਥੇ ਹੀ ਮੇਰੇ ਵਾਲੀ ਗੱਡੀ ਦੇ ਆਉਣ ਦਾ ਪਤਾ ਲੱਗ ਜਾਣਾ ਸੀ ਤੇ ਮੈਂ ਗੱਡੀ ਦੇ ਪਲੇਟਫਾਰਮ ਉੱਤੇ ਜਾ ਕੇ ਖਲੋਂਦਿਆਂ-ਖਲੋਂਦਿਆਂ ਪੁਲ ਪਾਰ ਕਰਕੇ ਓਥੇ ਜਾ ਪਹੁੰਚਣਾ ਸੀ। ਸੋ ਮੈਂ ਓਥੇ ਹੀ ਬੈਠਾ ਰਿਹਾ। ਉਹ ਅਜੇ ਵੀ ਬਹੁਤ ਧਿਆਨ ਨਾਲ ਖ਼ਬਰਾਂ ਪੜ੍ਹੀ ਜਾ ਰਿਹਾ ਸੀ। ਮੈਂ ਸੋਚ ਰਿਹਾ ਸਾਂ, ਅਖ਼ਬਾਰ ਮੈਨੂੰ ਇਹ ਆਪ ਹੀ ਫੜਾ ਦੇਵੇ, ਤਦ ਹੀ ਮੈਂ ਇਥੋਂ ਉੱਠਾਂਗਾ।

ਬਹੁਤ ਝਿਜਕ ਤੋਂ ਬਾਅਦ ਅਖ਼ੀਰ ਮੈਂ ਉਸ ਤੋਂ ਪੁੱਛ ਲਿਆ- 'ਇਹ ਤੁਹਾਡੀ ਬਾਂਹ ਕਿਸ ਤਰ੍ਹਾਂ ਕੱਟੀ ਗਈ ਸੀ?'

'ਬਸ ਜੀ, ਜੋਸ਼ ਸੀ ਉਦੋਂ...'

ਮੈਂ ਹੁੰਗਾਰਾ ਭਰਿਆ।

ਉਹ ਚੱਪ ਹੋ ਗਿਆ।

'ਕਾਹਦਾ ਜੋਸ਼?' ਮੈਂ ਪੁੱਛਿਆ।

'ਆਜ਼ਾਦੀ ਮਿਲਣ ਤੋਂ ਪਹਿਲਾਂ ਕੱਟੀ ਗਈ ਸੀ।'

'ਫ਼ਸਾਦਾਂ 'ਚ?'

'ਨਹੀਂ, ਫ਼ਸਾਦ ਤਾਂ ਮਗਰੋਂ ਹੋਏ ਨੇ।'

'ਹੋਰ ਫੇਰ?'

ਉਸ ਨੇ ਅਖ਼ਬਾਰ ਪੜ੍ਹਨਾ ਛੱਡ ਕੇ ਦੱਸਣਾ ਸ਼ੁਰੂ ਕੀਤਾ- 'ਛਿਆਲੀ ਵਿੱਚ ਅਸੀਂ ਲਾਹੌਰ ਬੰਬ ਬਣਾਇਆ ਕਰਦੇ ਸੀ। ਨੌਜਵਾਨਾਂ ਦਾ ਇੱਕ ਗਰੁੱਪ ਸੀ। ਸਾਰੇ ਹਿੰਦੁਸਤਾਨ ਵਿੱਚ ਹੀ ਇਸ ਤਰ੍ਹਾਂ ਦੇ ਸਾਥੀ ਸਨ। ਪੰਜਾਬੀ ਵਿੱਚ ਵੀ। ਸਾਡੀ ਸਕੀਮ ਸੀ, ਅੰਗਰੇਜ਼ ਗੱਲਾਂ-ਬਾਤਾਂ ਨਾਲ ਤਾਂ ਨਿਕਲਦੇ ਨਹੀਂ, ਕੁਝ ਅੰਗਰੇਜ਼ ਜੇ ਮਾਰ ਦਿੱਤੇ ਜਾਣ, ਦਹਿਸ਼ਤ ਫੈਲ ਜਾਵੇ, ਫਿਰ ਛੱਡ ਜਾਣਗੇ ਇਹ। ਅਸੀਂ ਤਿੰਨ ਜਣੇ ਸਾਂ। ਸੰਘਣੀ ਆਬਾਦੀ ਵਾਲੇ ਇੱਕ ਮਹੱਲੇ ਵਿੱਚ ਇੱਕ ਚੁਬਾਰਾ ਲੈ ਕੇ ਅਸੀਂ ਇਹ ਕੰਮ ਕਰਿਆ ਕਰਦੇ। ਹੋਰ ਨੌਜਵਾਨ ਕਈ ਥਾਈਂ ਇਹੀ ਕੰਮ ਕਰਦੇ ਸਨ। ਸਾਡਾ ਕੰਮ ਬੰਬਾਂ ਨੂੰ ਤਿਆਰ ਕਰਨਾ ਹੀ ਸੀ, ਉਨ੍ਹਾਂ ਨੂੰ ਚਲਾਉਣ ਮਤਲਬ ਐਕਸ਼ਨ ਕਰਨ ਵਾਲੇ ਹੋਰ ਸਾਥੀ ਸਨ। ਇੱਕ ਦਿਨ ਸਵੇਰੇ-ਸਵੇਰੇ ਹੀ ਅਸੀਂ ਆਪਣੇ ਕੰਮ ਵਿੱਚ ਬਹੁਤ ਜ਼ਿਆਦਾ ਰੁੱਝੇ ਹੋਏ ਸਾਂ। ਅਟੈਚੀਕੇਸਾਂ ਵਿੱਚ ਕਮਾਦ ਦੀ ਪੱਤੀ ਤੇਰੂੰ ਪਾ ਕੇ ਛੇ-ਛੇ ਬੰਬ ਪੈਕ ਕਰ ਰਹੇ ਸਾਂ। ਨਾਲ ਦੀ ਨਾਲ ਬੰਬਾਂ ਨੂੰ ਭਰੀ ਵੀ ਜਾ ਰਹੇ ਸਾਂ। ਇਕਦਮ ਛਾਪਾ ਪੈ ਗਿਆ। ਹੱਥਾਂ ਪੈਰਾਂ ਦੀ ਪੈ ਗਈ ਸਾਨੂੰ ਤਾਂ। ਕਮਰੇ ਦੀਆਂ ਖਿੜਕੀਆਂ ਤੇ ਦਰਵਾਜ਼ਾ ਅੰਦਰੋਂ ਬੰਦ ਸਨ। ਅਸੀਂ ਬਾਹਰ ਨਿਕਲਣ ਦਾ ਰਾਹ ਲੱਭ ਰਹੇ ਸਾਂ। ਨਾਲ ਦੀ ਨਾਲ ਚਾਹੁੰਦੇ ਸਾਂ, ਅਟੈਚੀਕੇਸਾਂ ਨੂੰ ਵੀ ਕਿਧਰੇ ਛੁਪਾ ਦਿੱਤਾ ਜਾਵੇ। ਇਸ ਹਫੜਾ-ਦਫੜੀ ਵਿੱਚ ਇੱਕ ਬੰਬ ਚੱਲ ਗਿਆ। ਮੇਰੇ ਨਾਲ ਦੇ ਦੋਵੇਂ ਸਾਥੀ ਤਾਂ ਸਖ਼ਤ ਜਖ਼ਮੀ ਹੋ ਗਏ ਤੇ ਓਥੇ ਮੇਰੇ ਸਾਹਮਣੇ ਹੀ ਦਮ ਤੋੜ ਗਏ। ਚੁਬਾਰੇ ਵਿੱਚ ਧੂੰਆ ਰੋਲ ਹੋ ਗਿਆ। ਨਾ ਤਾਂ ਮੈਨੂੰ ਕੁਝ ਦਿਸਦਾ ਸੀ ਤੇ ਨਾ ਸੁੱਝਦਾ। ਮੇਰੀ ਇਸ ਬਾਂਹ ਦਾ ਹੱਥ ਬਿਲਕੁਲ ਉੱਡ ਗਿਆ। ਮੂੰਹ ਉੱਤੇ ਵੀ ਬਾਰੂਦ ਵਾਰ ਕਰ ਗਿਆ। ਇਸ ਅੱਖ ਉੱਤੇ ਅਸਰ ਬਹੁਤਾ ਹੋਇਆ।' ਉਸ ਨੇ ਆਪਣੀ ਕਾਣੀ ਅੱਖ ਨੂੰ ਖੱਬੇ ਹੱਥ ਦੇ ਪੋਟਿਆਂ ਨਾਲ ਛੋਹਿਆ।

'ਬਾਂਹ ਏਥੋਂ ਤੱਕ ਉੱਡ ਗਈ ਸੀ?'

'ਨਹੀਂ, ਹੱਥ ਹੀ ਉੱਡਿਆ ਸੀ। ਬਾਅਦ ਵਿੱਚ ਹੋਰ ਮਾਸ ਗਲ ਜਾਣ ਕਰਕੇ ਬਾਂਹ ਇਥੋਂ ਕਟਵਾਉਣੀ ਪਈ ਸੀ।'

'ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ?'

'ਗ੍ਰਿਫ਼ਤਾਰ ਨਹੀਂ ਸੀ ਮੈਂ ਹੋਇਆ। ਚੁਬਾਰੇ ਦੇ ਫ਼ਰਸ਼ ਵਿੱਚ ਇੱਕ ਮੋਘਾ ਸੀ। ਚੌੜਾ ਸਾਰਾ। ਥੱਲੇ ਵਾਲੇ ਕਮਰੇਵਿੱਚ ਰੌਸ਼ਨੀ ਪਹੁੰਚਾਉਣ ਲਈ ਮਕਾਨ ਮਾਲਕ ਨੇ ਹੀ ਇਹ ਰਖਵਾਇਆ ਹੋਇਆ ਸੀ। ਪੁਰਾਣਾ ਮਕਾਨ ਸੀ, ਪੁਰਾਣੇ ਢੰਗ ਦਾ। ਮੋਘੇ ਵਿੱਚ ਲੋਹੇ ਦੀਆਂ ਦੋ ਸੀਖਾਂ ਲਾਈਆਂ ਹੋਈਆਂ ਸਨ ਤਾਂ ਕਿ ਉੱਤੋਂ ਕੋਈ ਚੀਜ਼ ਜਾਂ ਕੋਈ ਬੱਚਾ ਕਦੇ ਥੱਲੇ ਨਾ ਡਿੱਗ ਪਵੇ। ਧੂੰਏ ਦਾ ਗ਼ੁਬਾਰ ਕੁਝ ਘਟਣ ਬਾਅਦ ਦੋਵੇਂ ਸਾਥੀ ਮਰੇ ਪਏ ਦੇਖ ਕੇ ਤੇ ਬਾਹਰੋਂ ਪੁਲਿਸ ਵਾਲਿਆਂ ਦੀਆਂ ਦਬਵੀਆਂ ਦਬਵੀਆਂ ਆਵਾਜ਼ਾਂ ਸੁਣ ਕੇ ਮੈਨੂੰ ਤਰਕੀਬ ਸੁੱਝੀ, ਕਿਉਂ ਨਾ ਮੋਘੇ ਵਿੱਚ ਦੀ ਥੱਲੇ ਵਾਲੇ ਕਮਰੇ ਵਿੱਚ ਲੁਕ ਜਾਵਾਂ। ਲੋਹੇ ਦਾ ਵੱਡਾ ਮਾਮ-ਦਸਤਾ ਓਥੇ ਪਿਆ ਸੀ। ਮੋਘੇ ਦੀਆਂ ਸੀਖਾਂ ਜ਼ਰ ਖਾਧੀਆਂ ਸਨ। ਇੱਕੋ ਹੱਥ ਨਾਲ ਮਾਮ-ਦਸਤਾ ਉਤਾਂਹ ਉਲਾਰ ਕੇ ਤੇ ਬਹੁਤ ਜ਼ੋਰ ਨਾਲ ਮੈਂ ਉਸ ਨੂੰ ਮੋਘੇ

ਦੀ ਵਿੱਚ ਮਾਰਿਆ। ਦੋਵੇਂ ਸੀਖਾਂ ਵਿੰਗੀਆਂ ਹੋ ਕੇ ਮੋਘੇ ਵਿੱਚੋਂ ਨਿਕਲ ਗਈਆਂ ਤੇ ਮਾਮ-ਦਸਤੇ ਸਮੇਤ ਸਭ ਕੁਝ ਥੱਲੇ ਕਮਰੇ ਵਿੱਚ ਜਾ ਡਿੱਗਿਆ। ਮਕਾਨ ਵਾਲੇ ਘਬਰਾ ਕੇ ਬਾਹਰ ਦੌੜ ਗਏ। ਮੋਘੇ ਵਿੱਚ ਦੀ ਮੈਂ ਲੱਤਾਂ ਲਮਕਾ ਦਿੱਤੀਆਂ ਤੇ ਫਿਰ ਬਾਂਹਾਂ ਉਤਾਂਹ ਚੁੱਕ ਕੇ ਮੋਘੇ ਦੀਆਂ ਇੱਟਾਂ ਨਾਲ ਘਸਰ ਘਸਰ ਬਹੁਤ ਮੁਸ਼ਕਲ  ਨਾਲ ਆਪਣੇ ਆਪ ਨੂੰ ਥੱਲੇ ਕਮਰੇ ਵਿੱਚ ਸੁੱਟ ਲਿਆ। ਡਿੱਗਦਿਆਂ ਹੀ ਬੇਹੋਸ਼ ਹੋ ਗਿਆ। ਦੋ ਕੁ ਮਿੰਟਾਂ ਬਾਅਦ ਹੋਸ਼ ਆਈ ਤਾਂ ਮੈਂ ਉੱਠਿਆ ਤੇ ਕਮਰੇ ਵਿੱਚ ਹੀ ਕੰਧ ਵਿੱਚ ਬਣੇ ਇੱਕ ਦਬਕੇ ਵਿੱਚ ਆਪਣੇ ਆਪ ਨੂੰ ਛੁਪਾ ਲਿਆ। ਪੱਗ ਲਾਹ ਕੇ ਦੂਜੇ ਹੱਥ ਤੇ ਮੂੰਹ ਦੀ ਮਦਦ ਨਾਲ ਜ਼ਖਮੀ ਬਾਂਹ ਨੂੰ ਘੁੱਟ ਕੇ ਬੰਨ੍ਹ ਲਿਆ। ਲਹੂ ਬੰਦ ਹੋ ਗਿਆ ਸੀ। ਪੀੜ ਤਾਂ ਹੋ ਹੀ ਨਹੀਂ ਰਹੀ ਸੀ। ਦੋਵੇਂ ਸਾਥੀਆਂ ਦੀਆਂ ਲਾਸ਼ਾਂ ਨੂੰ ਪੁਲਿਸ ਕਦੋਂ ਲੈ ਕੇ ਗਈ ਤੇ ਹੋਰ ਕੀ-ਕੀ ਹੋਇਆ, ਮੈਨੂੰ ਕੋਈ ਪਤਾ ਨਹੀਂ ਸੀ।'

ਉਸ ਦੀ ਗੱਲ ਵਿਚਕਾਰ ਹੀ ਛੱਡ ਕੇ ਮੈਂ ਟਿਕਟ ਕੁਲੈਕਟਰ ਕੋਲ ਗਿਆ ਤੇ ਆਪਣੀ ਗੱਡੀ ਦੇ ਆਉਣ ਬਾਰੇ ਪੁੱਛਿਆ। ਉਸ ਨੇ ਦੱਸਿਆ ਗੱਡੀ ਤਾਂ ਅੱਧਾ ਘੰਟਾ ਲੇਟ ਹੈ। ਵਾਪਸ ਆ ਕੇ ਦੇਖਿਆ, ਉਹ ਫਿਰ ਅਖ਼ਬਾਰ ਪੜ੍ਹ ਰਿਹਾ ਸੀ। ਮੈਂ 'ਹੂੰ' ਆਖਿਆ। ਇਸ ਦਾ ਮਤਲਬ ਸੀ, ਉਹ ਅਗਾਂਹ ਸੁਣਾਏ।

'ਬਸ ਜੀ, ਜਾਨ ਬਚ ਗਈ। ਥੱਲੇ ਵਾਲੇ ਕਮਰੇ ਵਿੱਚ ਤਾਂ ਪੁਲਿਸ ਆਈ ਹੀ ਨਹੀਂ ਸੀ। ਮਕਾਨ ਵਾਲੇ ਵੀ ਪਤਾ ਨਹੀਂ ਕਿਥੇ ਸਨ। ਸਾਰਾ ਦਿਨ ਓਵੇਂ ਜਿਵੇਂ ਅੱਧ ਮਰਿਆ ਜਿਹਾ ਮੈਂ ਉਸ ਦਬਕੇ ਵਿੱਚ ਹੀ ਪਿਆ ਰਿਹਾ। ਹਨੇਰਾ ਜਿਹਾ ਹੋਏ ਤੋਂ ਕੁਝ ਨੌਜਵਾਨ ਸਾਥੀ ਆਏ ਸਨ ਤੇ ਮੈਨੂੰ ਲੱਭ ਕੇ ਲੈ ਗਏ ਸਨ। ਪਤਾ ਨਹੀਂ ਮੰਜੇ ਉੱਤੇ ਪਾ ਕੇ, ਪਤਾ ਨਹੀਂ ਕਿਸੇ ਦੇ ਕਨ੍ਹੇੜੇ ਜਾਂ ਪਤਾ ਨਹੀਂ ਕਿਵੇਂ, ਮੈਨੂੰ ਕੋਈ ਪਤਾ ਨਹੀਂ ਸੀ। ਸਵੇਰੇ ਹੀ ਮੈਨੂੰ ਪਤਾ ਲੱਗਿਆ, ਮੈਂ ਕਿਸੇ ਡਾਕਟਰ ਦੇ ਘਰ ਸਾਂ। ਕ੍ਰਾਂਤੀਕਾਰੀ ਨੌਜਵਾਨਾਂ ਨਾਲ ਉਸ ਡਾਕਟਰ ਨੂੰ ਪੂਰੀ ਹਮਦਰਦੀ ਸੀ। ਖ਼ੂਨ ਬਹੁਤ ਨਿਕਲ ਚੁੱਕਿਆ ਸੀ। ਬਸ ਜੀ, ਜਦੋਂ ਤੱਕ ਰਾਜ਼ੀ ਹੋਇਆ, ਓਦੋਂ ਨੂੰ ਆਜ਼ਾਦੀ ਮਿਲਣ ਦਾ ਐਲਾਨ ਹੋ ਗਿਆ। ਹੁਣ ਤਾਂ ਕਿਸੇ ਨੂੰ ਯਾਦ ਵੀ ਨਹੀਂ ਕਿ ਮੈਂ ਵੀ ਦੇਸ਼ ਦੀ ਆਜ਼ਾਦੀ ਵਿੱਚ ਕੋਈ ਹਿੱਸਾ ਪਾਇਆ ਸੀ।'

'ਲੈ, ਤੈਂ ਜਾਨ ਹੀ ਗੰਵਾ ਲੈਣੀ ਸੀ।'

'ਮੇਰੀ ਜਾਨ ਨਹੀਂ ਗਈ ਤਾਂ ਮੇਰੇ ਸਾਹਮਣੇ ਲਾਹੌਰ ਵਿੱਚ ਹੀ ਮੇਰੇ ਵਰਗੇ ਕਿੰਨੇ ਹੀ ਨੌਜਵਾਨਾਂ ਨੇ ਜਾਨਾਂ ਗੰਵਾਈਆਂ। ਉਹਨਾਂ ਦਾ ਹੁਣ ਕਿਤੇ ਜ਼ਿਕਰ ਨਹੀਂ। ਚਰਖਿਆਂ ਤੇ ਵਰਤਾਂ ਨਾਲ ਆਜ਼ਾਦੀ ਨਹੀਂ ਆਈ ਸੀ.....'

ਤੂੰ ਹੁਣ ਸਰਕਾਰ ਨੂੰ ਕਹਿ, ਤੈਨੂੰ ਪੈਨਸ਼ਨ ਦੇਣ।' ਮੈਂ ਉਸ ਨੂੰ ਸੁਝਾਓ ਦਿੱਤਾ।

ਪੈਨਸ਼ਨ ਤਾਂ ਉਨ੍ਹਾਂ ਨੂੰ ਮਿਲਦੀ ਹੈ, ਜਿਨ੍ਹਾਂ ਨੇ ਛੇ ਮਹੀਨਿਆਂ ਤੋਂ ਵੱਧ ਕੈਦ ਕੱਟੀ ਹੋਵੇ। ਮੈਂ ਤਾਂ ਇੱਕ ਦਿਨ ਵੀ ਜੇਲ੍ਹ ਨਹੀਂ ਗਿਆ ਸਾਂ।'

'ਆਪਣਾ ਕੇਸ ਦੱਸੋ ਤਾਂ ਕੁਝ ਨਾ ਕੁਝ ਤਾਂ ਦੇਣਗੇ ਹੀ।' ਮੈਂ ਜ਼ੋਰ ਦਿੱਤਾ।

'ਛੱਡੋ ਜੀ ਪੈਨਸ਼ਨ ਨੂੰ। ਪੈਨਸ਼ਨ ਕੀ ਕਰਨੀ ਹੈ। ਤੇ ਨਾਲ ਕੁਝ ਲੋਕਾਂ ਨੂੰ ਪੈਨਸ਼ਨ ਦੇਣ ਨਾਲ ਕੀ ਬਣਦਾ ਹੈ। ਇਸ ਸਰਕਾਰ ਦੀ ਪੁਰਸਕਾਰ ਨੀਤੀ ਇੱਕ ਤਿੱਖੀ ਚਾਲ ਹੀ

ਤਾਂ ਹੈ। ਲੁੱਟ-ਖਸੁੱਟ ਤਾਂ ਓਵੇਂ ਜਿਵੇਂ ਹੈ। ਮਹਿੰਗਾਈ ਦੇਖੋ। ਅਫ਼ਸਰ ਕੁਰੱਪਟ ਨੇ, ਵਜ਼ੀਰ ਆਪ ਕਰਵਾਉਂਦੇ ਨੇ ਕੁਰੱਪਸ਼ਨ। ਆਮ ਆਦਮੀ ਦਰੜਿਆ ਜਾ ਰਿਹਾ ਹੈ। ਭੱਠਾ ਬੈਠਾ ਪਿਆ ਹੈ, ਸਾਰੇ ਮੁਲਕ ਦਾ। ਪੈਨਸ਼ਨ ਤਾਂ ਦੇਸ਼ ਨਾਲ ਗ਼ੱਦਾਰੀ ਹੈ। ਕਰੋੜਾਂ ਲੋਕਾਂ ਦੀਆਂ ਮਜਬੂਰੀਆਂ ਉੱਤੇ ਇੱਕ ਵੱਡਾ ਮਜ਼ਾਕ। ਦੇਸ਼ ਤਾਂ....' ਉਹ ਭਾਵੁਕ ਹੋ ਗਿਆ ਸੀ।

'ਗੱਲ ਤਾਂ ਠੀਕ ਹੈ, ਪਰ ਬਣੇ ਕੀ?' ਮੈਂ ਵੀ ਚਿੰਤਾ ਪ੍ਰਗਟ ਕੀਤੀ, ਪਰ ਬੈਂਚ ਉੱਤੋਂ ਉੱਠਣ ਦੀ ਕਾਹਲ ਵੀ ਦਿਖਾਈ।

'ਛੱਬੀ ਸਤਾਈ ਸਾਲ ਹੋ ਗਏ, ਹੁਣ ਤਾਂ ਲੋਕਾਂ ਨੂੰ ਕੋਈ ਹੱਲ ਸੋਚਣਾ ਹੀ ਪਵੇਗਾ।'

'ਕੀ ਹੱਲ?' ਉੱਠਦੇ-ਉੱਠਦੇ ਮੈਂ ਪੁੱਛਿਆ।

'ਇੱਕ ਸੰਗਰਾਮ ਹੋਰ....' ਮੇਰੇ ਵੱਲ ਅਖ਼ਬਾਰ ਵਧਾਉਂਦਿਆਂ ਉਸ ਨੇ ਆਪਣੀ ਗੱਲ ਜਾਰੀ ਰੱਖੀ ਹੋਈ ਸੀ।

ਮੈਂ ਉਸ ਨਾਲ ਹੱਥ ਮਿਲਾਇਆ।

ਮੇਰੀ ਗੱਡੀ ਆ ਗਈ ਸੀ। ♦

# ਸਵਾਲ ਦਰ ਸਵਾਲ

ਬਿਲੂਆ ਭੰਗੀ ਪਿੰਡ ਦੀ ਸੱਥ ਵਿੱਚ ਲੋਕਾਂ ਦੇ ਇਕੱਠ ਸਾਹਮਣੇ ਉੱਚੀ-ਉੱਚੀ ਬੋਲ ਰਿਹਾ ਸੀ-'ਮ੍ਹਾਰੀ ਇੱਜ਼ਤ ਕਾ ਸਵਾਲ ਐ, ਬਾਊ ਜੀ। ਜਿਸ ਨੇ ਮ੍ਹਾਰੀ ਬੇਟੀ ਕੀ ਆਨ ਲੂਟੀ, ਉਸੇ ਸਜਾ ਮਿਲਨੀ ਚਾਹੀਏ, ਬਸ ਮੈਂ ਤੋਂ ਇਤਨਾ ਚਾਹਵਾਂ।'

ਸੱਥ ਵਿੱਚ ਸਰਪੰਚ, ਦੋ ਪੰਚ, ਇੱਕ ਨੰਬਰਦਾਰ ਤੇ ਚਾਰ ਪੰਜ ਜਣੇ ਹੋਰ ਸਨ, ਜਿਹੜੇ ਬਿਲੂਏ ਭੰਗੀ ਨੇ ਸੱਦ ਕੇ ਲਿਆਂਦੇ ਸਨ। ਇਹਨਾਂ ਤੋਂ ਬਿਨਾਂ ਦਸ-ਬਾਰਾਂ ਬੰਦੇ ਹੋਰ ਓਥੇ ਆ ਖੜੇ ਸਨ। ਵਿਚਲੀ ਗੱਲ ਦਾ ਸਭ ਨੂੰ ਪਤਾ ਸੀ।

ਪਿੰਡਾਂ ਵਿੱਚ ਗਲੀਆਂ ਦੇ ਫ਼ਰਸ਼ ਪੱਕੇ ਕੀਤੇ ਗਏ ਤੇ ਘਰਾਂ ਦਾ ਪਾਣੀ ਨਿਕਲਣ ਵਾਸਤੇ ਨਾਲੀਆਂ ਵੀ ਪੱਕੀਆਂ ਬਣ ਗਈਆਂ ਤਾਂ ਇਹਨਾਂ ਦੀ ਸਫ਼ਾਈ ਵੀ ਜ਼ਰੂਰੀ ਸਮਝੀ ਗਈ। ਸਫ਼ਾਈ ਤੋਂ ਬਿਨਾਂ ਤਾਂ ਮੀਂਹ ਵਾਲੇ ਦਿਨ ਔਖਾ ਹੋ ਜਾਂਦਾ। ਮਿੱਟੀ ਕੂੜੇ ਨਾਲ ਅੱਟੀਆਂ ਨਾਲੀਆਂ ਵਿੱਚ ਦੀ ਪਾਣੀ ਗੁਜ਼ਰਦਾ ਹੀ ਨਾ। ਗਲੀਆਂ ਤਾ ਦਰਿਆ ਬਣ ਜਾਂਦੇ। ਮੀਂਹ ਦੀ ਗੱਲ ਛੱਡੋ, ਸਫ਼ਾਈ ਬਗ਼ੈਰ ਨਾਲੀਆਂ ਵਿੱਚ ਗੰਦ ਉਭਰ ਜਾਂਦਾ। ਸਿਆਣੇ ਆਦਮੀ ਨੱਕ ਉੱਤੇ ਪੱਲਾ ਦੇ ਕੇ ਲੰਘਦੇ ਤੇ ਕਹਿੰਦੇ – 'ਏਦੂੰ ਤਾਂ ਕੱਚੀਆਂ ਵੀਹੀਆਂ ਈ ਚੰਗੀਆਂ ਸੀ। ਰੀਸ ਤਾਂ ਸ਼ਹਿਰਾਂ ਦੀ ਕਰ ਲਈ....।' ਤੇ ਫਿਰ ਇਹ ਭੰਗੀ ਲੋਕ ਆਪਣੇ ਆਪ ਹੀ ਪਤਾ ਨਹੀਂ ਕਿਧਰੋਂ ਆ ਗਏ ਸਨ। ਇਸ ਇਲਾਕੇ ਦੇ ਲਗਭਗ ਹਰ ਪਿੰਡ ਵਿੱਚ ਹੀ ਇੱਕ ਇੱਕ ਟੱਬਰ। ਇਸ ਪਿੰਡ ਦੇ ਬਿਲੂਏ ਭੰਗੀ ਦੀ ਪਤਨੀ, ਇੱਕ ਮੁਟਿਆਰ ਧੀ ਤੇ ਇੱਕ ਛੋਟਾ ਜਿਹਾ ਮੁੰਡਾ ਸੀ। ਮੁੰਡੇ ਦੀ ਉਮਰ ਭਾਵੇਂ ਗਿਆਰਾਂ-ਬਾਰਾਂ ਸਾਲ ਸੀ, ਪਰ ਉਹ ਆਦਮੀ ਜਿੰਨਾ ਕੰਮ ਕਰਦਾ। ਚਾਰ ਜਣੇ, ਉਹ ਸਾਰੇ ਪਿੰਡ ਦੀਆਂ ਨਾਲੀਆਂ ਕਮਾਉਂਦੇ, ਗਲੀਆਂ ਦੀ ਸਫ਼ਾਈ ਨਿੱਤ ਕਰਦੇ। ਦਿਨ ਚੜ੍ਹਨ ਤੋਂ ਪਹਿਲਾਂ ਹੀ ਕੰਮ ਉੱਤੇ ਲੱਗ ਜਾਂਦੇ। ਦੁਪਹਿਰ ਤੱਕ ਸਾਰਾ ਕੰਮ ਮੁਕਾ ਲੈਂਦੇ। ਸ਼ਾਮ ਨੂੰ ਘਰ-ਘਰ ਜਾ ਕੇ ਆਟਾ ਮੰਗਦੇ।

ਕੁੜੀ ਕਿਸੇ ਵੱਲ ਅੱਖ ਭਰ ਕੇ ਨਾ ਝਾਕਦੀ। ਆਪਣੇ ਕੰਮ ਵਿੱਚ ਮਗਨ ਰਹਿੰਦੀ। ਲੱਕੜ ਦੇ ਮੁੱਠੇ ਵਾਲੀ ਲੰਬੀ ਸੂਹਣ ਲਗਾਤਾਰ ਚੱਲਦੀ। ਗਰਦ ਉੱਡਦੀ। ਲੰਘਣ ਵਾਲੇ ਦਾਅ ਬਚਾ ਕੇ ਗੁਜਰ ਜਾਂਦੇ। ਕੁੜੀ ਤਾਂ ਨੀਵੀਂ ਪਾਈ ਆਪਣੇ ਹਿਸਾਬ ਅਨੁਸਾਰ ਗਲੀ ਦੇ ਏਧਰੋਂ ਓਧਰ, ਓਧਰੋਂ ਏਧਰ ਜ਼ਮੀਨ ਸੰਭਰਦੀ ਤੁਰ ਜਾਂਦੀ।

ਅਰਜਨ ਸਿੰਘ ਦੇ ਬੇਮੁਹਾਰ ਮੁੰਡੇ ਨੇ ਇੱਕ ਮੋੜ ਉੱਤੇ ਇੱਕ ਕੁੜੀ ਦੀ ਚੁੰਨੀ ਦਾ ਲੜ ਖਿੱਚ ਦਿੱਤਾ ਤੇ ਬਦਮਾਸ਼ ਦੱਬਵਾਂ ਹਾਸਾ ਛਣਛਣਾ ਕੇ ਕੁੜੀ ਦਾ ਧਿਆਨ ਆਪਣੇ

ਵੱਲ ਕਰਨਾ ਚਾਹਿਆ। ਕੁੜੀ ਕੁਝ ਨਹੀਂ ਬੋਲੀ। ਇੱਕ ਬਿੰਦ ਰੁਕੀ, ਸੂਹਣ ਦਾ ਮੁੱਠਾ ਠੋਕਰਿਆ ਤੇ ਫਿਰ ਸੰਭਰਨ ਲੱਗ ਪਈ। ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਮੁੰਡਾ ਤੇਜ਼ੀ ਨਾਲ ਅੱਗੇ ਨਿਕਲ ਗਿਆ। ਤੇ ਫਿਰ ਕਈ ਦਿਨਾਂ ਬਾਅਦ ਉਸੇ ਮੁੰਡੇ ਨੇ ਕੁੜੀ ਦੀ ਚੁੰਨੀ ਫਿਰ ਖਿੱਚੀ। ਇਸ ਵਾਰ ਤਾਂ ਕੁੜੀ ਕੜਕ ਉੱਠੀ– 'ਥਾਰੀ ਛੋਕਰੀ ਨੈ'... ਉਹ ਦੌੜ ਗਿਆ। ਕਿਸੇ ਹੋਰ ਨੇ ਉਸ ਨੂੰ ਨਹੀਂ ਦੇਖਿਆ।

ਅਰਜਨ ਸਿੰਘ ਦੇ ਮੁੰਡੇ ਨੇ ਇੱਕ ਦਿਨ ਉਸ ਨੂੰ ਭੀੜੀ ਗਲੀ ਵਿੱਚ ਸੰਭਰਦਿਆਂ ਵੀ ਦੇਖਿਆ। ਉਹ ਕੋਈ ਫ਼ੈਸਲਾ ਲੈ ਗਿਆ ਸੀ। ਭੀੜੀ ਗਲੀ ਵਿੱਚ ਦੋ ਤਿੰਨ ਹੀ ਬਾਰ ਸਨ। ਇੱਕ ਬਾਰ ਇੱਕ ਸੁੰਨੇ ਘਰ ਦਾ ਸੀ। ਉਸ ਘਰ ਦਾ ਇੱਕ ਬਾਰ ਦੂਜੇ ਪਾਸੇ ਵੀ ਸੀ। ਘਰ ਕੀ ਸੀ, ਬਸ ਇੱਕ ਸਬਾਤ ਤੇ ਭੀੜੀ ਗਲੀ ਵਾਲੇ ਪਾਸੇ ਇੱਕ ਡਿਉਢੀ ਜਿਹੀ। ਸਬਾਤ ਤੇ ਡਿਉਢੀ ਵਿੱਚ ਸਮਾਨ ਕੋਈ ਨਹੀਂ ਸੀ। ਕੋਈ ਇਸ ਨੂੰ ਛੱਡ ਕੇ ਸ਼ਹਿਰ ਜਾ ਵੱਸਿਆ ਸੀ। ਅਰਜਨ ਸਿੰਘ ਦੇ ਮੁੰਡੇ ਨੇ ਦੂਜੇ ਪਾਸਿਓਂ ਸਬਾਤ ਦੀ ਦੇਹਲੀ ਨੂੰ ਲੱਗਿਆ ਜਿੰਦਾ ਕਿਸੇ ਵੇਲੇ ਭੰਨਿਆ ਸੀ ਤੇ ਡਿਉਢੀ ਦਾ ਅੰਦਰਲਾ ਕੁੰਡਾ ਖੋਲ੍ਹ ਕੇ ਇੱਕ ਵਿਉਂਤ ਮਿਥ ਲਈ ਸੀ। ਵਿਹੜੇ ਵਿੱਚ ਛਾਲ ਮਾਰ ਕੇ ਹੀ ਉਸ ਨੇ ਸਬਾਤ ਦਾ ਜਿੰਦਾ ਭੰਨਿਆ ਹੋਵੇਗਾ।

ਇੱਕ ਦਿਨ ਸਵੇਰੇ-ਸਵੇਰੇ ਬਿਲੂਏ ਭੰਗੀ ਦੀ ਮੁਟਿਆਰ ਧੀ ਉਸ ਭੀੜੀ ਗਲੀ ਵਿੱਚ ਝਾੜੂ ਦੇਣ ਆਈ ਤਾਂ ਅਰਜਨ ਸਿੰਘ ਦੇ ਮੁੰਡੇ ਨੇ....। ਬਿਲੂਏ ਨੂੰ ਪਤਾ ਲੱਗਿਆ ਤੇ ਆਪਣੀ ਧੀ ਦਾ ਇਹ ਹਾਲ ਦੇਖਿਆ ਤਾਂ ਉਹ ਪੱਟਾਂ ਉੱਤੇ ਹੱਥ ਮਾਰ ਕੇ ਬੈਠ ਗਿਆ। ਇੱਕ ਉੱਚੀ ਧਾਹ ਮਾਰੀ। ਇਸ ਪਿੰਡ ਤੋਂ ਪਹਿਲਾਂ ਦੋ ਪਿੰਡਾਂ ਵਿੱਚ ਹੋਰ ਵੀ ਉਹ ਕੰਮ ਕਰ ਆਇਆ ਸੀ। ਉਥੋਂ ਦੇ ਲੋਕ ਤਾਂ ਇਹੋ ਜਿਹੇ ਨਹੀਂ ਸਨ। ਉਹਨਾਂ ਪਿੰਡਾਂ ਦੇ ਲੋਕ ਤਾਂ ਬੜੇ ਸ਼ਰੀਫ਼ ਸਨ, ਬੜੇ ਭਲੇਮਾਣਸ। ਹਰ ਇੱਕ ਦੀ ਧੀ ਭੈਣ ਨੂੰ ਆਪਣੀ ਸਮਝਣ ਵਾਲੇ ਪਰ ਬਿਲੂਏ ਭੋਲੇ ਨੂੰ ਇਹ ਪਤਾ ਨਹੀਂ ਹੋਵੇਗਾ ਕਿ ਉਹਨਾਂ ਪਿੰਡਾਂ ਵੇਲੇ ਤਾਂ ਉਸ ਦੀ ਧੀ ਬਹੁਤ ਨਿੱਕੀ ਸੀ।

ਸ਼ਾਮ ਤੱਕ ਹਰ ਮੂੰਹ ਉੱਤੇ ਗੱਲ ਸੀ– 'ਐਡਾ ਵੱਡਾ ਘਰ ਐ ਅਰਜਨ ਸਿੰਘ ਦਾ ਇਹ ਕੀ ਲੋਹੜਾ ਮਾਰਿਆ ਉਹਦੇ ਮੁੰਡੇ ਨੇ? ਆਵਦੀ ਤਾਂ ਛੱਡ ਰੱਖੀ ਐ, ਉਹਨੂੰ ਤਾਂ ਸਿਆਣਦਾ ਨ੍ਹੀਂ, ਗਰੀਬਾਂ 'ਤੇ ਵਾਰ ਕਰ 'ਤਾ। ਪਰਦੇਸੀ ਈ ਤਕਾ ਲੇ ਨਾ.....'

ਤੇ ਫਿਰ ਦੂਜੇ ਦਿਨ ਕਿਸੇ ਨੇ ਬਿਲੂਏ ਨੂੰ ਕਿਹਾ ਕਿ ਉਹ ਲੋਕਾਂ ਦਾ ਇਕੱਠ ਬੁਲਾਏ। ਆਪਣੀ ਅਰਜ਼ ਕਰੇ। ਕੁਝ ਤਾਂ ਕਹੇਗੀ, ਪੰਚਾਇਤ। ਕਲ੍ਹ ਨੂੰ ਹੋਰ ਕਿਸੇ ਨੂੰ ਮੂੰਹ ਪਵੇਗਾ।

ਸੋ ਅੱਜ ਸਵੇਰੇ ਪਿੰਡ ਦੀ ਸੱਥ ਵਿੱਚ ਲੋਕਾਂ ਦਾ ਇਕੱਠ ਸੀ। ਬਿਲੂਆ ਭੰਗੀ ਬੋਲ ਰਿਹਾ ਸੀ...,

'ਗੱਲ ਸੁਣ ਓਏ, ਗੱਲ ਸੁਣ ਤੂੰ ਮੇਰੀ। ਜਿਹੜਾ ਤੂੰ ਸਾਨੂੰ ਐਥੈ ਸੱਦ ਕੇ ਇਹ ਗੱਲ ਕੀਤੀ ਐ ਨਾ, ਤੈਂ ਤਾਂ ਆਪ ਮਿੱਟੀ ਪੱਟ ਲੀ ਭਲਿਆਮਾਣਸਾ....।' ਸਰਪੰਚ ਉਸ ਨੂੰ ਸਮਝਾ ਰਿਹਾ ਸੀ।

'ਜੇ ਮਾੜ੍ਹਾ ਜਾ ਹੱਥ ਲਾ 'ਤਾ ਤਾਂ ਦੱਸ ਕੀ ਗਜਬ ਹੋ ਗਿਆ। ਐਵੇਂ ਚੱਕ 'ਤਾ ਤੈਨੂੰ ਕਿਸੇ ਨੇ। ਜੇ ਕੋਈ ਵੱਡੀ ਗੱਲ ਹੋਈ ਹੁੰਦੀ, ਫੇਰ ਤਾਂ ਅਸੀਂ ਮੰਨਦੇ। ਇਹ ਤਾਂ....।' ਇੱਕ ਪੰਚ ਬੋਲਣ ਲੱਗਿਆ।

'ਯੈ ਕੋਈ ਬੜੀ ਬਾਤ ਨੀ, ਮਾਰਾਜ?' ਕੇ ਰਹ ਗਿਆ ਮ੍ਹਾਰਾ। ਇਸ ਸੈ ਬੜੀ ਬਾਤ ਕੇ ਹੋਗੀ? ਬਿਲੂਏ ਦੀ ਆਵਾਜ਼ ਹੁਣ ਨੀਵੀਂ ਸੀ।

'ਕੱਠ ਨ੍ਹੀਂ ਸੀ ਤੈਂ ਕਰਨਾ, ਮੂਰਖਾ। ਊਂ ਕਹਿੰਦਾ ਸਾਨੂੰ, ਸਮਝਾ ਦਿੰਦੇ ਅਸੀਂ ਮੁੰਡੇ ਨੂੰ। ਨਾਬਰ ਤਾਂ ਨ੍ਹੀ ਕੋਈ, ਪੰਜਾਹ ਮਾਰਦੇ ਸਾਲੇ ਦੇ ਜੁੱਤੀਆਂ.....।' ਦੂਜਾ ਪੰਚ ਕਹਿਣ ਲੱਗਿਆ।

'ਬਈ ਚੁੰਨੀ ਨੂੰ ਹੱਥ ਲਾ 'ਤਾ, ਕੀ ਹੋ ਗਿਆ। ਐਡੀ ਕੀ....।' ਨੰਬਰਦਾਰ ਬਿਲੂਏ ਦੇ ਮੋਢੇ ਨੂੰ ਹੱਥ ਲਾ ਕੇ ਕਹਿਣ ਲੱਗਿਆ।

'ਮ੍ਹਾਰੀ ਇੱਜ਼ਤ ਕਾ ਸਵਾਲ ਐ? ਬਾਊ ਜੀ...।' ਬਿਲੂਆ ਫਿਰ ਬੁੜ੍ਹਕ ਪਿਆ। ਉਸ ਦੀਆਂ ਅੱਖਾਂ ਲਾਲ ਸਨ। ਨੱਕੋਂ ਪਾਣੀ ਜਾ ਰਿਹਾ ਸੀ।

ਦੱਸ ਵੀ ਫੇਰ, ਕਰੀਏ ਕੀ? ਮੁੰਡਾ ਤਾਂ ਪਤਾ ਨ੍ਹੀਂ ਕਿਥੇ ਐ। ਅਰਜਨ ਸਿਓਂ ਆਹ ਬੈਠੇ, ਕਹੀ ਜਾਂਦੈ, ਬੜੀ ਮਾੜੀ ਗੱਲ ਹੋਈ। ਹੋਰ ਦੱਸ।' ਸਰਪੰਚ ਬੋਲਿਆ।

ਥਮ ਨੈ ਕੋਛ ਕਰਨਾ ਨੀ ਨਾ, ਏਕ ਵਾਰ ਉਸ ਛੋਕਰੇ ਨੂੰ ਮ੍ਹਾਰੇ ਸਾਮ੍ਹਣੇ ਲਾ ਦੀਓ, ਉਸ ਦੀ ਸੂਰਤ ਤੋਂ ਦੇਖਾਂ...ਮੈਂ ਉਸ ਕੀ...।' ਬਿਲੂਆ ਕੰਬ ਰਿਹਾ ਸੀ।

'ਕੀ ਕਰੇਂਗਾ ਤੂੰ? ਕੀ ਕਰਤਾ ਤੈਨੂੰ? ਕੁਰੜ ਕੁਰੜ ਲਾਈ ਐ। ਕਹੀਂ ਤਾਂ ਜਾਨੇ ਆਂ। ਹੋਰ ਦੱਸ ਕੀ ਸ਼ਿਸ਼ਨ ਲਾਦੇਂਗਾ ਤੂੰ।' ਇੱਕ ਬੰਦਾ ਉੱਠਿਆ ਤੇ ਮਾਰਨ ਵਾਂਗ ਬਿਲੂਏ ਵੱਲ ਅਹੁਲਿਆ।

'ਓਏ ਮਾਰਨੈ ਗ਼ਰੀਬ ਏਹੇ। ਤੇਰੀ ਧੀ ਨੂੰ ਕਹੇ ਕੋਈ। ਇੱਕ ਹੋਰ ਆਦਮੀ ਖੜ੍ਹਾ ਹੋ ਗਿਆ। ਤੇ ਫਿਰ ਸਾਰਾ ਇਕੱਠ ਆਪਸ ਵਿੱਚ ਬੋਲਣ ਲੱਗਿਆ। ਕਿਸੇ ਦੇ ਕੋਈ ਗੱਲ ਪੱਲੇ ਨਹੀਂ ਪੈ ਰਹੀ ਸੀ। ਸਭ ਆਪੋ ਆਪਣੀਆਂ ਛੱਡ ਰਹੇ ਸਨ।

'ਲਾਓ 'ਗਾਂ ਸਾਲੇ ਦੇ ਜੁੱਤੀਆਂ, ਐਥੇ ਸੱਥ 'ਚ ਲਿਆ ਕੇ।' ਕਿਸੇ ਦੀ ਉੱਚੀ ਆਵਾਜ਼ ਸੀ।

'ਗੱਲ ਸੁਣ ਓਏ ਭੰਗੀਆ, ਤੈਂ ਪਿੰਡ 'ਚ ਰਹਿਣੈ ਕਿ ਨਹੀਂ?' ਸਰਪੰਚ ਨੇ ਉਸ ਦੇ ਕੋਲ ਜਾ ਕੇ ਆਖਿਆ।

'ਕਿਉਂ ਮਾਰਾਜ?'

'ਆਵਦੀ ਤਾਂ ਤੂੰ ਗੱਲ ਛੱਡ, ਤੂੰ ਸਾਨੂੰ ਆਪੋ ਵਿੱਚ ਮਰਵਾਏਂਗਾ। ਤੂੰ ਬਾਬਾ ਡੰਡੀ' ਪੈ। ਹੋਰ ਕਿਸੇ ਪਿੰਡ ਵਗ ਜਾ। ਅਸੀਂ ਨਵਾ ਭੰਗੀ ਲੈ ਆਵਾਂਗੇ ਕੋਈ। ਦੋ ਧੜੇ ਬਣਾ ਕੇ ਕਾਰਾ ਕਰਵਾਏਂਗਾ ਕੋਈ।' ਸਰਪੰਚ ਨੇ ਸਮਝੌਤੀ ਦਿੱਤੀ।

ਇੱਕ ਕੋਈ ਬਿਲੂਏ ਵੱਲ ਭੱਜ ਕੇ ਆਇਆ ਤੇ ਉਸ ਦਾ ਹੱਥ ਫੜਨ ਲੱਗਿਆ। ਕੋਈ ਹੋਰ ਆ ਕੇ ਹੱਥ ਫੜਨ ਵਾਲੇ ਨੂੰ ਕੜਕਿਆ– 'ਲਾ ਹੱਥ।'

ਰਾਤ ਵਾਲੀਆਂ ਚਾਰ ਬੋਤਲਾਂ ਕੰਮ ਕਰ ਰਹੀਆਂ ਸਨ। ਅਰਜਨ ਸਿੰਘ ਦੇਖ ਰਿਹਾ ਸੀ, ਉਹ ਕਿੰਨਾ ਕੁ ਪੱਖ ਕਰਦੇ ਹਨ।

'ਪੁਲਿਸ ਨੂੰ ਕਿਉਂ ਨ੍ਹੀ ਦੇਂਦਾ ਕੇਸ ਤੂੰ?' ਕਿਸੇ ਹੋਰ ਨੇ ਬਿਲੂਏ ਨੂੰ ਸੁਝਾਓ ਦਿੱਤਾ।

ਬਿਲੂਆ ਚੁੱਪ ਕੀਤਾ ਬੈਠਾ ਸੀ। ਲੋਕ ਬੋਲੀ ਜਾ ਰਹੇ ਸਨ। ਬੋਲਦੇ-ਬੋਲਦੇ ਨਿਖੜਨ ਲੱਗੇ ਸਨ। ਇੱਕ-ਇੱਕ, ਦੋ-ਦੋ ਕਰਕੇ ਘਰਾਂ ਨੂੰ ਜਾ ਰਹੇ ਸਨ– 'ਓਏ ਆਪਾਂ ਭੰਗੀ

ਪਿੱਛੇ ਕਾਹਨੂੰ ਕੂਹਣੀਓ-ਕੂਹਣੀ ਹੋਈ ਜਾਨੇ ਆਂ। ਹੋਰ ਲੜ ਕੇ ਮਰਾਂਗੇ। ਇਹਦਾ ਕੀ ਜਾਊ ਜਾਤ ਦਾ।' ਕੋਈ ਕਹਿੰਦਾ ਜਾ ਰਿਹਾ ਸੀ।

'ਨ੍ਹੇਰ ਪੈ ਗਿਆ ਯਾਰੋ ਦੁਨੀਆ 'ਤੇ, ਗ਼ਰੀਬ ਦੀ ਤਾਂ ਕੋਈ ਸੁਣਦਾ ਨ੍ਹੀਂ।' ਕੋਈ ਹੋਰ ਕਹਿ ਰਿਹਾ ਸੀ।

ਸੱਥ ਵਿੱਚ ਹੁਣ ਇੱਕ ਸਰਪੰਚ ਸੀ, ਦੋ ਬੰਦੇ ਹੋਰ ਤੇ ਜਾਂ ਬਿਲੂਆ ਡੱਕੇ ਨਾਲ ਮਿੱਟੀ ਖੁਰਚ ਰਿਹਾ ਸੀ।

'ਬਥੇਰੀ ਹੋ ਗਈ। ਤੂੰ ਹੁਣ ਜਾਹ ਘਰ ਨੂੰ। ਕੁੜੀ ਦਾ ਵਿਆਹ ਕਰ ਦੇ। ਜ਼ਮਾਨਾ ਬਹੁਤ ਮਾੜੈ, ਭਲਿਆ ਮਾਣਸਾ।' ਤੇ ਫਿਰ ਕਰੜਾ ਹੋ ਕੇ ਸਰਪੰਚ ਨੇ ਕਿਹਾ, 'ਜੇ ਅਜੇ ਵੀ ਤੇਰੀ ਤਸੱਲੀ ਨ੍ਹੀਂ ਹੋਈ ਤਾਂ ਪਿੰਡ ਛੱਡ ਜਾ।'

ਬਿਲੂਆ ਭੰਗੀ ਸੋਚ ਰਿਹਾ ਸੀ– 'ਰੁਜ਼ਗਾਰ ਦਾ ਸਵਾਲ ਵੀ ਤਾਂ ਹੈ। ਭੰਗੀਆਂ ਦੇ ਤਾਂ ਕਿੰਨੇ ਟੱਬਰ ਵਿਹਲੇ ਫਿਰਦੇ ਨੇ।' ਤੇ ਫਿਰ ਉਸ ਨੇ ਸਰਪੰਚ ਨੂੰ ਐਨਾ ਹੀ ਆਖਿਆ– 'ਥਾਰੀ ਬਾਤ ਮਾਨੂੰ ਸੂੰ। ਬਾਊ ਜੀ। ਥਾਰੇ ਗਾਓਂ ਮੇਂ ਬੈਠੇ ਆਂ। ਥਾਰਾ ਈ ਖਾਵੈਂ। ਔਰ ਕੇ...' ਉਹ ਰੋਣ ਲੱਗਿਆ। ਉਹਦੀਆਂ ਅੱਖਾਂ ਵਿੱਚ ਲਹੂ ਦੇ ਹੰਝੂ ਸਨ। ♦

# ਤੂੰ ਵੀ ਮੁੜ ਆ, ਸਦੀਕ

ਹੁਣ ਤੱਕ ਤਾਂ ਤੈਨੂੰ ਯਾਦ ਵੀ ਨਹੀਂ ਰਹਿ ਗਿਆ ਹੋਵੇਗਾ ਕਿ ਬਚਪਨ ਵਿੱਚ ਤੇਰੇ ਨਾਲ ਇੱਕ ਜੱਟਾਂ ਦਾ ਮੁੰਡਾ ਜਰਨੈਲ ਖੇਡਦਾ ਹੁੰਦਾ, ਪਰ ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਤੈਨੂੰ ਹੁਣ ਤੱਕ ਯਾਦ ਰੱਖਿਆ ਹੋਵੇ ਤੇ ਤੂੰ ਮੈਨੂੰ ਭੁੱਲ ਗਿਆ ਹੋਵੇਂ। ਮੇਰੇ ਤਾਂ ਤੂੰ ਯਾਦ ਕੀ, ਹਮੇਸ਼ਾ ਹਿੱਕ ਉੱਤੇ ਚੜ੍ਹਿਆ ਰਹਿੰਦਾ ਹੈ, ਦਿਮਾਗ਼ ਵਿੱਚ ਘੁੰਮਦਾ ਹੈਂ। ਮੈਂ ਹਮੇਸ਼ਾ ਤੈਨੂੰ ਆਪਣੇ ਨਾਲ, ਆਪਣੇ ਅੰਗ-ਸੰਗ ਮਹਿਸੂਸ ਕੀਤਾ ਹੈ। ਜਿਵੇਂ ਤੂੰ ਐਥੇ ਕਿਤੇ ਹੀ ਹੋਵੇਂ, ਪਰ ਮੇਰੇ ਸਾਹਮਣੇ ਨਾ ਆ ਰਿਹਾ ਹੋਵੇਂ।

ਆਪਾਂ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਚਾਰ ਜਮਾਤਾਂ ਤੱਕ ਇਕੱਠੇ ਪੜ੍ਹੇ ਸੀ। ਚੌਥੀ ਜਮਾਤ ਵਿੱਚ ਪੜ੍ਹਦੇ ਹੀ ਸੀ ਕਿ ਪਾਕਿਸਤਾਨ ਬਣ ਗਿਆ। ਤੈਨੂੰ ਇਹ ਵੀ ਯਾਦ ਹੋਵੇਗਾ ਕਿ ਆਪਣੇ ਨਾਲ ਇੱਕ ਮੁੰਡਾ ਬਾਣੀਆਂ ਦਾ ਪੜ੍ਹਦਾ ਹੁੰਦਾ। ਆਪਣੇ ਹੀ ਅਗਵਾੜ ਦਾ। ਉਹਦਾ ਨਾਉਂ ਨੰਦ ਲਾਲ ਸੀ। ਉਹਦਾ ਘਰ ਸਾਡੇ ਗੁਆਂਢ ਵਿੱਚ ਸੀ।

ਤੈਨੂੰ ਯਾਦ ਹੋਵੇਗਾ, ਇੱਕ ਵਾਰ ਮਾਸਟਰ ਬਾਬੂ ਰਾਮ ਦੀ ਘਰਵਾਲੀ ਨੇ ਆਪਾਂ ਚਾਰ ਮੁੰਡਿਆਂ ਨੂੰ ਬਾਹਰ ਖੇਤਾਂ ਵਿੱਚ ਬੇਰ ਲੈਣ ਭੇਜ ਦਿੱਤਾ ਸੀ। ਚਮਿਆਰਾਂ ਦਾ ਖੇਤੂ ਬੇਰੀ ਉੱਤੇ ਚੜ੍ਹ ਕੇ ਡਾਹਣਾ ਹਲੂਣਦਾ ਤੇ ਬੇਰਾਂ ਨੂੰ ਡੰਡਾ ਮਾਰਦਾ। ਥੱਲਿਓਂ ਆਪਾਂ ਤਿੰਨੇ ਧਰਤੀ ਉੱਤੇ ਡਿੱਗੇ ਬੇਰ ਚੁਗ਼ਦੇ ਜਾ ਰਹੇ ਸਾਂ ਕਿ ਖੇਤ ਦਾ ਮਾਲਕ ਆ ਗਿਆ। ਉਹ ਦੂਰੋਂ ਹੀ ਉੱਚਾ-ਉੱਚਾ ਬੋਲਦਾ, ਹੋਕਰੇ ਮਾਰਦਾ ਤੇ ਗਾਲ੍ਹਾਂ ਕੱਢਦਾ ਆ ਰਿਹਾ ਸੀ– 'ਕਿਹੜੇ ਓ ਓਏ ਤੁਸੀਂ, ਕਾਕੜੇ ਝਾੜਦੇ? ਥੋਡੀ ਮੈਂ ਮਾਂ ਦੀ... ਖੜ ਜੋ ... ਆ ਲੈਣ ਦਿਓ 'ਕੇਰਾਂ ਮੈਨੂੰ। '

ਡਰਦਾ ਮਾਰਿਆ ਖੇਤੂ ਥੱਲੇ ਉੱਤਰ ਆਇਆ। ਉੱਤਰ ਕੀ ਆਇਆ, ਡਾਹਣੇ ਤੋਂ ਥੱਲੇ ਲਮਕ ਕੇ ਹੱਥ ਛੱਡ ਦਿੱਤੇ। ਜੱਟ ਕੋਲ ਕੱਖਾਂ ਦੀ ਭਰੀ ਬੰਨ੍ਹਣ ਲਈ ਢੀਂਡੀ ਵਾਲਾ ਰੱਸਾ ਸੀ ਤੇ ਦਾਤੀ। ਉਹਨੇ ਆਪਾਂ ਚਾਰਾਂ ਨੂੰ ਇੱਕ ਕਤਾਰ ਵਿੱਚ ਖੜ੍ਹਾ ਲਿਆ। ਮੈਨੂੰ ਕਿਹਾ, 'ਤੂੰ ਐਧਰ ਖੜ੍ਹ ਓਏ ਇੱਕ ਪਾਸੇ। ਤੇਰਾ ਤਾਂ ਫੇਰ ਪੁੱਛੂ ਗੋਤ ਮੈਂ, ਪਹਿਲਾਂ ਏਸ ਨਿੱਕੀ-ਸੁੱਕੀ ਜਾਤ ਨੂੰ ਕਰਾਂ ਲੋਟ।' ਉਹਨੇ ਰੱਸੇ ਨਾਲ ਖੇਤੂ ਦੀ ਬਾਂਹ ਬੰਨ੍ਹ ਲਈ, ਫੇਰ ਤੇਰੀ ਬਾਂਹ ਬੰਨ੍ਹੀ, ਨੰਦ ਲਾਲ ਦੀ ਬਾਂਹ ਨੂੰ ਰੱਸਾ ਥੋੜ੍ਹਾ ਰਹਿ ਗਿਆ। ਉਹਦੇ ਵਾਰੀ ਉਹ ਬੋਲਿਆ– 'ਹੁਣ ਕਰਿਆੜਾ, ਤੇਰੀ ਬਾਂਹ ਤਾਂ ਮੈਂ ਦਾਤੀ ਨਾਲ ਵੱਢੂੰ। ਆ ਦੇਖ ਦਾਤੀ, ਦੀਂਹਦੀ ਐ?' ਨੰਦ ਲਾਲ ਚੀਕਾਂ ਮਾਰਨ ਲੱਗਿਆ। ਤੂੰ ਤੇ ਖੇਤੂ ਵੀ ਰੋਣ ਲੱਗ ਪਏ। ਥੋਨੂੰ

ਤਿੰਨਾਂ ਨੂੰ ਰੋਂਦੇ ਦੇਖ ਕੇ ਮੈਂ ਵੀ ਅੱਖਾਂ ਭਰ ਲਈਆਂ। ਮੈਨੂੰ ਉਹਨੇ ਫੋਕਾ ਦਬਕਾ ਮਾਰਿਆ- 'ਮਾਂ ਦਿਆ ਖਸਮਾਂ, ਆਵਦੀ ਦਿਆ, ਦੀਂਹਦਾ ਨ੍ਹੀਂ ਤੈਨੂੰ ਕਾਕੜੇ ਝਾੜੀ ਜਾਨੇ ਓਂ? ਚੱਲ ਘਰੇ, ਤੇਰੇ ਪਿਓ ਤੋਂ ਈ ਕਟਾਊਂ ਤੈਨੂੰ। ਤੈਨੂੰ ਤਾਂ ਉਹ ਦੇਊਂ ਧਨੇਸੜੀ।' ਉਹਨੇ ਮੇਰੇ ਵੱਲ ਲਫੇੜਾ ਉੱਘਰਿਆ ਸੀ।

ਖੇਤ ਵਾਲੇ ਜੱਟ ਦਾ ਇਹ ਸਭ ਡਰਾਮਾ ਸੀ, ਪਰ ਆਪਾਂ ਬਹੁਤ ਡਰ ਗਏ ਸੀ।

ਹੋਰ ਅਨੇਕਾਂ ਗੱਲਾਂ ਮੈਨੂੰ ਯਾਦ ਆ ਰਹੀਆਂ ਸਨ, ਜਿਵੇਂ ਕੋਈ ਫ਼ਿਲਮ ਚਲਦੀ ਹੋਵੇ। ਇਹ ਗੱਲਾਂ ਤੂੰ ਵੀ ਯਾਦ ਕਰਦਾ ਰਹਿੰਦਾ ਹੋਵੇਂਗਾ। ਯਾਦ ਕਰਦਾ ਹੋਵੇਂਗਾ ਤੇ ਆਪਣੀ ਧਰਤੀ ਨਾਲੋਂ ਵਿੱਛੜ ਕੇ ਉਦਾਸ ਵੀ ਹੋ ਜਾਂਦਾ ਹੋਵੇਂਗਾ।

ਕਈ ਵਰ੍ਹੇ ਹੋਏ, ਏਧਰੋਂ ਇੱਕ 'ਜਥੇ' ਵਿੱਚ ਗਏ ਬੰਦੇ ਨੇ ਦੱਸਿਆ ਸੀ ਕਿ ਤੂੰ ਲਾਹੌਰ ਨੇੜੇ ਦੇ ਇੱਕ ਪਿੰਡ ਵਿੱਚ ਰਹਿੰਦਾ ਹੈਂ। ਖੇਤੀ ਦਾ ਕੰਮ ਕਰਦਾ ਹੈਂ। ਤੇਰੇ ਬਾਲ ਬੱਚੇ ਵੀ ਹਨ। ਥੋੜ੍ਹੀ ਘਣੀ ਜ਼ਮੀਨ ਵੀ ਹੈ। ਏਧਰ ਵੀ ਤਾਂ ਤੁਹਾਡੀ ਜ਼ਮੀਨ ਹੁੰਦੀ ਸੀ। ਤੁਹਾਡੀ ਇਹ ਜ਼ਮੀਨ ਏਥੇ ਆ ਕੇ ਵਸੇ ਰਫ਼ਿਊਜੀਆਂ ਨੂੰ ਮਿਲ ਗਈ ਸੀ। ਕਈ ਵਰ੍ਹੇ ਤਾਂ ਉਹ ਏਥੇ ਰਹਿ ਕੇ ਖੇਤੀ ਕਰਦੇ ਰਹੇ। ਫੇਰ ਉਹ ਇਹ ਜ਼ਮੀਨ ਵੇਚ ਗਏ ਤੇ ਪਤਾ ਨਹੀਂ ਕਿੱਧਰ ਨੂੰ ਤੁਰ ਪਏ। ਤੁਹਾਡਾ ਘਰ ਵੀ ਉਹਨਾਂ ਕੋਲ ਹੁੰਦਾ ਸੀ। ਤੁਹਾਡਾ ਘਰ ਵੀ ਉਹ ਏਥੋਂ ਦੇ ਇੱਕ ਬੰਦੇ ਨੂੰ ਮੁੱਲ ਦੇ ਗਏ। ਬੜਾ ਅਜੀਬ ਲੱਗਿਆ ਸੀ, ਕਦੇ ਕੋਈ ਘਰ ਨੂੰ ਵੀ ਵੇਚ ਦਿੰਦਾ ਹੁੰਦਾ ਹੈ? ਇਹ ਘਰ ਓਵੇਂ ਦਾ ਓਵੇਂ ਖੜ੍ਹਾ ਹੈ, ਜਿਵੇਂ ਤੁਸੀਂ ਇਸ ਨੂੰ ਛੱਡ ਕੇ ਤੁਰ ਗਏ ਸੀ। ਪੱਕਾ ਘਰ ਹੈ। ਕੱਚੀਆਂ ਇੱਟਾਂ ਦਾ ਹੁੰਦਾ ਤਾਂ ਹੁਣ ਨੂੰ ਢਹਿ-ਢੇਰੀ ਹੋ ਗਿਆ ਹੁੰਦਾ। ਤੁਹਾਡੀ ਜ਼ਮੀਨ ਨੂੰ ਹੁਣ ਤੱਕ ਵੀ ਲੋਕ 'ਜੁਲਾਹਿਆਂ ਆਲ਼ੀ' ਆਖਦੇ ਹਨ। ਜੁਲਾਹੇ ਤੁਹਾਡੀ ਜਾਤ ਸੀ, ਨਹੀਂ ਤਾਂ ਕੱਪੜਾ ਬੁਣਨ ਦਾ ਕੰਮ ਤੁਸੀਂ ਕਦੋਂ ਕਰਦੇ ਸੀ। ਪੰਜ-ਸੱਤ ਪੀੜ੍ਹੀਆਂ ਪਹਿਲਾਂ ਕੋਈ ਕਦੇ ਖੱਡੀ ਦਾ ਕੰਮ ਕਰਦਾ ਹੋਵੇਗਾ। ਤੁਸੀਂ ਤਾਂ ਜ਼ਮੀਨ ਵਾਲੇ ਜੁਲਾਹੇ ਸੀ। ਸਾਡੇ ਵਾਂਗ ਹੀ ਜ਼ਿਮੀਂਦਾਰ ਸੀ, ਤੁਸੀਂ ਯਾਰ। ਓਧਰ ਵੀ ਤਾਂ ਤੂੰ ਜ਼ਿਮੀਂਦਾਰ ਹੈਂ।

ਲਾਹੌਰ ਸ਼ਹਿਰ ਵਿੱਚ ਏਧਰ ਦਾ ਜਿਹੜਾ ਬੰਦਾ ਤੈਨੂੰ ਮਿਲਿਆ ਸੀ, ਉਹਨੂੰ ਏਧਰਲੇ ਪਿੰਡਾਂ ਦਾ ਜਾਣ ਕੇ ਤੇ ਉਹਦੇ ਮੂੰਹੋਂ ਆਪਣੇ ਪਿੰਡ ਦਾ ਨਾਉਂ ਸੁਣ ਕੇ ਤੂੰ ਉਹਨੂੰ ਜੱਫੀ ਵਿੱਚ ਘੁੱਟ ਲਿਆ। ਪਿੰਡ ਦਾ ਹਾਲ-ਚਾਲ ਪੁੱਛਿਆ। ਮੇਰੇ ਬਾਰੇ ਬਹੁਤ ਗੱਲਾਂ ਕੀਤੀਆਂ। ਉਸ ਬੰਦੇ ਨੇ ਕਈ ਮਹੀਨਿਆਂ ਪਿੱਛੋਂ ਆਪਣੇ ਪਿੰਡ ਆ ਕੇ ਮੈਨੂੰ ਇਹ ਸਭ ਗੱਲਾਂ ਦੱਸੀਆਂ ਸਨ। ਮੇਰੇ ਸਾਹਮਣੇ ਉਸ ਦਿਨ ਤੇਰਾ ਸਮੁੱਚਾ ਵਜੂਦ ਸੀ। ਜਿਵੇਂ ਉਹ ਬੰਦਾ ਤੂੰ ਆਪ ਹੋਵੇਂ- 'ਸਾਵੇਂ ਦਾ ਸਾਵਾਂ ਸਦੀਕ।

ਇੱਕ ਹਨੇਰੀ ਝੁੱਲੀ ਸੀ, ਜਿਸ ਨੇ ਤੈਨੂੰ ਪਿੰਡੋਂ ਪੁੱਟ ਕੇ ਓਧਰ ਕਿਸੇ ਪਿੰਡ ਵਿੱਚ ਜਾ ਸੁੱਟਿਆ। ਤੇਰੇ ਜਾਣ ਬਾਅਦ ਧੂੜ ਵਗਦੀ ਰਹੀ, ਹਵਾ ਨਹੀਂ ਵਗੀ। ਦੇਸ਼ ਨੂੰ ਆਜ਼ਾਦੀ ਕਾਹਦੀ ਮਿਲੀ, ਹਰ ਪਾਸੇ ਬਰਬਾਦੀ ਹੀ ਬਰਬਾਦੀ ਫੈਲਣ ਲੱਗੀ। ਲੋਕਾਂ ਦਾ ਸੁਪਨਾ ਮਿੱਟੀ ਵਿੱਚ ਮਿਲ ਕੇ ਰਹਿ ਗਿਆ। ਉਹਨਾਂ ਨੇ ਤਾਂ ਚਾਹਿਆ ਸੀ ਕਿ ਅਮੀਰੀ-ਗ਼ਰੀਬੀ ਦਾ ਪਾੜਾ ਮਿਟ ਜਾਵੇਗਾ। ਛੋਟੇ ਲੋਕ ਅਮਨ ਚੈਨ ਨਾਲ ਰੱਜ ਕੇ ਰੋਟੀ ਖਾਣਗੇ। ਕਿਸੇ ਵੀ ਕਿਸਮ ਦੀ ਹੱਦਬੰਦੀ ਨਹੀਂ ਰਹੇਗੀ। ਭਾਰਤ ਦੇਸ਼ ਦੂਜੇ ਦੇਸ਼ਾਂ ਵਾਂਗ ਉੱਨਤੀ ਦੀਆਂ

ਮੰਜ਼ਲਾਂ ਛੋਹੇਗਾ, ਪਰ ਸਭ ਕਾਸੇ ਦਾ ਸਤਿਆਨਾਸ ਹੋ ਕੇ ਰਹਿ ਗਿਆ। ਰਾਜਨੀਤੀ ਨੇ ਦੇਸ਼ ਨੂੰ ਅੱਗੇ ਕੀ ਲਿਜਾਣਾ ਸੀ, ਖ਼ੁਦ ਹੀ ਗੰਧਲ ਕੇ ਗ਼ਾਰਾ ਹੋ ਗਈ। ਕੁਰਸੀ-ਯੁੱਧ ਛਿੜਨ ਲੱਗੇ। ਕੁਰਸੀ ਦੇ ਦਾਓ ਉੱਤੇ ਆਮ ਜਨਤਾ ਨੂੰ ਕੁਰਬਾਨ ਕਰ ਦਿੱਤਾ ਜਾਂਦਾ। ਧਰਮ ਦੇ ਅਰਥ ਬਦਲ ਗਏ। ਜਿਵੇਂ ਸਰੀਰ ਦਾ ਮਾਸ ਹੀ ਸਰੀਰ ਨੂੰ ਖਾਣ ਲੱਗ ਪੈਂਦਾ ਹੋਵੇ। ਮਨੁੱਖੀ ਭਾਵਨਾ ਦੀ ਗੁੰਜਾਇਸ਼ ਖ਼ਤਮ ਹੋਣ ਲੱਗੀ। ਤੇਰੇ ਮੁਲਕ ਦਾ ਪਤਾ ਨਹੀਂ, ਏਧਰ ਤਾਂ ਸ਼ੁਰੂ ਤੋਂ ਅਖ਼ੀਰ ਤੱਕ ਹਮੇਸ਼ਾ ਡਰ-ਭੈਅ ਦੇ ਹਾਲਾਤ ਹੀ ਬਣੇ ਰਹੇ ਹਨ। ਸੁੱਖ-ਸ਼ਾਂਤੀ ਪਤਾ ਨਹੀਂ ਕੀ ਚੀਜ਼ ਹੁੰਦੀ ਹੈ।

ਸੰਤਾਲੀ ਤੋਂ ਬਾਅਦ ਪੈਂਤੀ-ਚਾਲੀ ਸਾਲਾਂ ਪਿੱਛੋਂ ਪੰਜਾਬ ਵਿੱਚ ਫੇਰ ਇੱਕ ਹਨੇਰੀ ਝੁੱਲੀ। ਇਹ ਹਨੇਰੀ ਸੰਤਾਲੀ ਦੀ ਹਨੇਰੀ ਨਾਲੋਂ ਬਹੁਤ ਭਾਰੀ ਤੇ ਤੇਜ਼ ਸੀ। ਫ਼ਰਕ ਇਹ ਸੀ ਕਿ ਸੰਤਾਲੀ ਵਾਲੀ ਹਨੇਰੀ ਤਾਂ ਦੋ-ਚਾਰ ਮਹੀਨਿਆਂ ਤੱਕ ਹੀ ਵਗੀ ਸੀ। ਇਹ ਹਨੇਰੀ ਕਈ ਵਰ੍ਹੇ ਚਲਦੀ ਰਹੀ। ਇਹਦਾ ਕੋਈ ਅੰਤ ਨਹੀਂ ਦਿਸਦਾ ਸੀ। ਪੰਜਾਬੀ ਲੋਕ ਹਨੇਰੇ ਦਾ ਜੀਵਨ ਜਿਉਂ ਰਹੇ ਸਨ। ਸੂਰਜ ਚੜ੍ਹਦਾ ਲੱਥਦਾ ਹੋਵੇਗਾ, ਪਰ ਦਿਸਦਾ ਨਹੀਂ ਸੀ। ਕਿਸੇ ਦੀ ਕਿਸੇ ਨੂੰ ਕੋਈ ਪਹਿਚਾਣ ਨਹੀਂ ਰਹਿ ਗਈ ਸੀ। ਹਨੇਰੇ ਦਾ ਦੈਂਤ ਕਦੇ ਵੀ ਕਿਸੇ ਨੂੰ ਨਿਗ਼ਲ ਲੈਂਦਾ। ਮਨੁੱਖ ਦੀ ਜਾਨ ਕੁੱਤਿਆਂ-ਬਿੱਲਿਆਂ ਨਾਲੋਂ ਸਸਤੀ ਹੋ ਗਈ। ਪੰਜਾਬੀ ਕੌਮ ਲਗਾਤਾਰ ਖ਼ਤਮ ਹੁੰਦੀ ਜਾ ਰਹੀ ਸੀ। ਪੰਜਾਬ ਨੂੰ ਪਤਾ ਨਹੀਂ ਇਹ ਕਿਹੜੇ ਜੁੱਗ ਦਾ ਸਰਾਪ ਸੀ ਕਿ ਇੱਕ ਦਿਨ ਅਜਿਹਾ ਆਵੇਗਾ, ਜਦੋਂ ਭਾਈ ਨੂੰ ਭਾਈ ਖ਼ਤਮ ਕਰਨ ਲੱਗਣਗੇ ਜਾਂ ਕੀ ਪਤਾ ਬਈ ਧਰਤੀ ਬੰਦਿਆਂ ਦਾ ਭਾਰ ਮੰਨਣ ਲੱਗ ਪਈ ਹੋਵੇ।

ਆਪਣਾ ਪਰਮ-ਮਿੱਤਰ ਨੰਦ ਲਾਲ ਬਹੁਤ ਦੁਖੀ ਸੀ। ਦਹਿਸ਼ਤ ਹਰ ਪੰਜਾਬੀ ਹਿੰਦੂ ਦੇ ਮਨ ਵਿੱਚ ਗਹਿਰਾਈ ਤੱਕ ਉੱਤਰ ਗਈ। ਪਿੰਡਾਂ ਦੇ ਹਿੰਦੂ ਪਰਿਵਾਰ ਉੱਠ ਕੇ ਸ਼ਹਿਰਾਂ ਵਿੱਚ ਜਾ ਵਸੇ। ਕੁਝ ਹਿੰਦੂ ਲੋਕ ਬਹੁਤ ਤੱਤੇ ਵਗੇ ਤੇ ਪੰਜਾਬ ਹੀ ਛੱਡ ਦਿੱਤਾ। ਦੂਜੇ ਸੂਬਿਆਂ ਵਿੱਚ ਜਾ ਕੇ ਡੇਰੇ ਲਾਏ। ਉਹਨਾਂ ਲਈ ਜਿਵੇਂ ਦੂਜਾ ਪਾਕਿਸਤਾਨ ਬਣ ਗਿਆ ਹੋਵੇ। ਰਾਜਸਥਾਨ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿੱਚ ਅਜਿਹੇ ਹਜ਼ਾਰਾਂ ਪਰਿਵਾਰ ਜਾ ਟਿਕੇ। ਅਖੇ ਓਥੇ ਆਪਣੇ ਹਿੰਦੂ ਭਰਾਵਾਂ ਵਿੱਚ ਰਹਾਂਗੇ।

ਨੰਦ ਲਾਲ ਤੇ ਉਹਦਾ ਮੁੰਡਾ ਪਰਮਾਤਮਾ ਨੰਦ ਨਿੱਤ ਸ਼ਹਿਰ ਜਾਂਦੇ ਸਨ। ਨੰਦ ਲਾਲ ਕੱਪੜੇ ਦੀ ਦੁਕਾਨ 'ਤੇ ਕੰਮ ਕਰਦਾ ਤੇ ਪਰਮਾਤਮਾ ਨੰਦ ਸਬਜ਼ੀ ਲੈਣ ਜਾਂਦਾ। ਨੰਦ ਲਾਲ ਦੇ ਦਿਮਾਗ਼ ਵਿੱਚ ਕੈਂਸਰ ਰੋਗ ਜਿਹਾ ਡਰ ਬੈਠ ਗਿਆ ਸੀ ਕਿ ਉਹਨਾਂ ਦੋਵੇਂ ਪਿਓ-ਪੁੱਤਾਂ ਨੂੰ ਇੱਕ ਦਿਨ ਕੋਈ ਕਤਲ ਕਰ ਦੇਵੇਗਾ। ਨੰਦ ਲਾਲ ਨੂੰ ਆਥਣ ਦੇ ਹਨੇਰੇ ਵਿੱਚ ਤੇ ਪਰਮਾਤਮਾ ਨੰਦ ਨੂੰ ਸਵੇਰ ਦੇ ਹਨੇਰੇ ਵਿੱਚ।

ਪੰਜਾਬ ਛੱਡ ਕੇ ਉਹ ਗਏ ਤਾਂ ਓਥੇ ਜਾ ਕੇ ਵੀ ਓਹੀ ਕੰਮ ਕਰਨ ਲੱਗੇ। ਨੰਦ ਲਾਲ ਕਿਸੇ ਕੱਪੜੇ ਦੀ ਦੁਕਾਨ 'ਤੇ ਬੈਠ ਗਿਆ ਤੇ ਪਰਮਾਤਮਾ ਨੰਦ ਸਬਜ਼ੀ ਦੀ ਰੇਹੜੀ ਲਾਉਂਦਾ, ਪਰ ਦੋਹਾਂ ਦੀ ਦਾਲ ਨਹੀਂ ਗਲ਼ੀ। ਉਹ ਪੰਜਾਬ ਵਿੱਚ 'ਹਿੰਦੂ' ਸਨ ਤਾਂ ਪੰਜਾਬ ਤੋਂ ਬਾਹਰ ਜਾ ਕੇ 'ਪੰਜਾਬੀ' ਹੋ ਗਏ। ਓਥੇ ਉਹ ਦੋ-ਤਿੰਨ ਮਹੀਨੇ ਹੀ ਮਸਾਂ ਟਿਕ ਸਕੇ। ਭੁੱਖੇ ਮਰਨ ਲੱਗੇ। ਨੰਦ ਲਾਲ ਨੂੰ ਕੱਪੜੇ ਦੀ ਦੁਕਾਨ ਤੋਂ ਹਟਾ ਦਿੱਤਾ ਗਿਆ ਸੀ ਤੇ ਪਰਮਾਤਮਾ ਨੰਦ ਦੀ ਰੇਹੜੀ ਚੱਲਦੀ ਨਹੀਂ ਸੀ। ਆਖ਼ਰ ਸਾਰਾ ਲਕਾ-ਤੁਕਾ ਚੁੱਕ ਕੇ

ਵਾਪਸ ਆ ਗਏ। ਨੰਦ ਲਾਲ ਆਖਦਾ ਸੀ– 'ਬਿਗ਼ਾਨੀ ਧਰਤੀ 'ਤੇ ਭੁੱਖੇ ਮਰਨ ਨਾਲੋਂ, ਜੇ ਭਲਾ ਮਰਨਾ ਈ ਹੋਇਆ, ਆਪਣੀ ਧਰਤੀ 'ਤੇ ਖਾਂਦੇ-ਪੀਂਦੇ ਤਾਂ ਮਰਾਂਗੇ।'

ਨੰਦ ਲਾਲ ਦੇ ਘਰ ਦੀਆਂ ਚਾਬੀਆਂ ਮੇਰੇ ਕੋਲ ਸਨ। ਉਹ ਮੁੜ ਕੇ ਆਇਆ ਤਾਂ ਉਹਦਾ ਘਰ ਓਵੇਂ ਦਾ ਓਵੇਂ ਕਾਇਮ ਸੀ। ਰਿਸ਼ਮ ਭਰ ਦੀ ਵੀ ਕੋਈ ਚੀਜ਼ ਨਹੀਂ ਹਿੱਲੀ ਕਿਧਰੇ ।

ਫੇਰ ਭਾਈ ਦਿਨ ਭਰ ਫਿਰਨ ਲੱਗੇ। ਉਹ ਗੱਲਾਂ ਰਹੀਆਂ ਹੀ ਨਾ। ਦਹਿਸ਼ਤ ਹਲਕੀ ਪੈਣ ਲੱਗੀ। ਹਨੇਰੀਆਂ ਦਾ ਕਾਲ਼ਾ ਰੰਗ ਬਾਦਾਮੀ ਹੋ ਗਿਆ ਤੇ ਫਿਰ ਬਾਦਾਮੀ ਵੀ ਨਾ ਰਿਹਾ। ਹਵਾ ਟਿਕ ਕੇ ਚੱਲਣ ਲੱਗੀ। ਹੁਣ ਉਹੀ ਨੰਦ ਲਾਲ ਹੈ ਤੇ ਓਹੀ ਉਹਦਾ ਮੁੰਡਾ ਪਰਮਾਤਮਾ ਨੰਦ। ਨੰਦ ਲਾਲ ਸ਼ਹਿਰ ਜਾ ਕੇ ਮਜ਼ੇ ਨਾਲ ਕੱਪੜੇ ਦੀ ਦੁਕਾਨ 'ਤੇ ਬੈਠਦਾ ਹੈ ਤੇ ਪਰਮਾਤਮਾ ਨੰਦ ਬੇਖ਼ੌਫ਼ ਸਬਜ਼ੀ ਦਾ ਸਾਈਕਲ ਪਿੰਡਾਂ ਵਿੱਚ ਰੇੜ੍ਹੀ ਫਿਰਦਾ ਹੈ। ਸਬਜ਼ੀ ਦਾ ਹੌਕਾ ਦੇਣ ਵੇਲੇ ਉਹਦੇ ਬੋਲ ਵਿੱਚ ਕੋਈ ਥਿੜਕਣ ਨਹੀਂ। ਸਭ ਸ਼ਾਂਤ ਹੋ ਗਿਆ ਹੈ।

ਪਤਾ ਨਹੀਂ ਕਿਉਂ, ਸਦੀਕ ! ਹੁਣ ਮੈਨੂੰ ਤੂੰ ਬਹੁਤ ਯਾਦ ਆਉਂਦਾ ਹੈਂ। ਲੱਗਦਾ ਹੈ, ਤੇਰੇ ਬਗ਼ੈਰ ਪਿੰਡ ਸੁੰਨਾ ਹੈ। ਅਸਲ ਵਿੱਚ ਤਾਂ ਮੁਲਸਮਾਨ ਭਰਾਵਾਂ ਬਗ਼ੈਰ ਇਹ ਪਿੰਡ ਹੁਣ ਇਉਂ ਲੱਗਦਾ ਹੈ, ਜਿਵੇਂ ਕੋਈ ਪਿੰਡ ਹੋਵੇ ਹੀ ਨਾ। ਕੱਟੀ ਹੋਈ ਬਾਂਹ ਵਾਲਾ ਪਿੰਡ।

ਉਹ ਕਿਹੀਆਂ ਬਹਾਰਾਂ ਸਨ, ਜਦੋਂ ਪਿੰਡ ਵਿੱਚ ਬਾਣੀਏ-ਬਾਮ੍ਹਣ, ਜੱਟ-ਤਖਾਣ, ਮਜ਼੍ਹਬੀ-ਰਮਦਾਸੀਏ ਅਤੇ ਮੁਸਲਮਾਨਾਂ ਦੇ ਸਾਰੇ ਘਰ ਵਸਦੇ ਹੁੰਦੇ। ਪਿੰਡ ਤਾਂ ਵਸਦਾ ਹੀ ਓਦੋਂ ਸੀ। ਹੁਣ ਕਾਹਦਾ ਵਸੇਵਾ ਹੈ। ਮੁਸਲਮਾਨਾਂ ਵਾਲੇ ਸਾਰੇ ਕੰਮ ਹੁਣ ਏਧਰਲੇ ਲੋਕ ਕਰਦੇ ਹਨ। ਪਿੰਡ ਅਧੂਰਾ ਹੈ, ਸਦੀਕ। ਤੂੰ ਵੀ ਮੁੜ ਆ। ਤੈਨੂੰ ਮੈਂ ਆਪਣੀ ਜ਼ਮੀਨ ਵਿਚੋਂ ਤੇਰੇ ਵਾਹੁਣ ਜੋਗੀ ਜ਼ਮੀਨ ਦੇ ਦਿਆਂਗਾ। ਮੇਰੇ ਕੋਲ ਬਥੇਰੀ ਜ਼ਮੀਨ ਹੈ। ਤੇਰੇ ਜੁਆਕਾਂ-ਜੱਲਿਆਂ ਤੇ ਭਰਜਾਈ ਖ਼ਾਤਰ ਬਾਹਰ ਫਿਰਨੀ ਉੱਤੇ ਪੱਕਾ ਘਰ ਛੱਤ ਦਿਆਂਗਾ। ਫਿਰਨੀ ਉੱਤੇ ਮੇਰੀ ਆਬਾਦੀ ਦੀ ਜ਼ਮੀਨ ਓਵੇਂ ਦੀ ਓਵੇਂ ਖ਼ਾਲੀ ਪਈ ਹੈ। ਤੂੰ ਜਿੱਥੇ ਵੀ ਕਿਤੇ ਹੈਂ, ਜਿਸ ਹਾਲ ਵਿੱਚ ਵੀ ਹੈਂ, ਸਭ ਛੱਡ ਕੇ ਆ ਜਾ ਆਪਣੇ ਪਿੰਡ, ਆਪਣੀ ਧਰਤੀ ਉੱਤੇ। ♦

# ਗਾਥਾ : ਇੱਕ ਸੁੱਕੀ ਟਹਿਣੀ ਦੀ

ਪਿਆਰੋ ਦਾ ਕਸੂਰ ਬਸ ਐਨਾ ਸੀ ਕਿ ਉਹ ਉਸਤਰੇ-ਕੈਂਚੀਆਂ ਦਾ ਕੰਮ ਕਰਨ ਵਾਲੀ ਜਾਤ ਬਰਾਦਰੀ ਵਿੱਚ ਪੈਦਾ ਹੋ ਗਈ, ਪਰ ਇਸ ਵਿੱਚ ਉਹਦਾ ਕੀ ਕਸੂਰ ਸੀ? ਉਹਦੇ ਆਪਣੇ ਵੱਸ ਦੀ ਗੱਲ ਹੁੰਦੀ ਤਾਂ ਉਹ ਖੁਰਪੇ-ਕਹੀ ਦਾ ਕੰਮ ਕਰਨ ਵਾਲੇ ਘਰ ਜੰਮਦੀ ਤੇ ਆਪਣੇ ਮਹਿਬੂਬ ਮੁੰਡੇ ਸੁਦਾਗਰ ਸਿੰਘ ਨੂੰ ਸਹਿਜੇ ਹੀ ਹਾਸਲ ਕਰ ਲੈਂਦੀ।

ਉਸਤਰੇ-ਕੈਂਚੀ ਦਾ ਕੰਮ ਉਹਦਾ ਦਾਦਾ-ਪੜਦਾਦਾ ਕਰਦਾ ਹੋਵੇਗਾ, ਉਹਦਾ ਬਾਪ ਤਾਂ ਪਟਵਾਰੀ ਸੀ। ਸਾਰੀ ਉਮਰ ਜੱਟਾਂ ਨੂੰ ਲੁੱਟ-ਲੁੱਟ ਖਾਧਾ। ਪਿਆਰੋ ਤੇ ਗਿਆਨ ਦੋ ਹੀ ਭੈਣ-ਭਰਾ ਸਨ। ਉਹਦੇ ਬਾਪ ਨੇ ਦੋਵਾਂ ਨੂੰ ਬੀ. ਏ. ਤੱਕ ਪੜ੍ਹਾਇਆ। ਦੋਹਾਂ ਨੂੰ ਫੇਰ ਬੀ. ਐੱਡ. ਕਰਾਈ ਤੇ ਸਰਕਾਰੀ ਨੌਕਰੀ ਦਿਵਾਈ। ਗਿਆਨ ਦਾ ਵਿਆਹ ਵੀ ਅਗਾਂਹ ਇੱਕ ਮਾਸਟਰ ਕੁੜੀ ਨਾਲ ਹੋ ਗਿਆ। ਪਿਆਰੋ ਦੇ ਬਾਪ ਨੇ ਸ਼ਹਿਰ ਵਿੱਚ ਵਧੀਆ ਮਕਾਨ ਬਣਾਇਆ। ਉਹਦੀ ਤਮੰਨਾ ਸੀ, ਉਹਦਾ ਪੁੱਤਰ ਸਰਦਾਰਾਂ ਦੇ ਮੁੰਡਿਆਂ ਵਾਂਗ ਠਾਠ-ਬਾਠ ਨਾਲ ਰਹੇਗਾ ਤੇ ਉਹਦਾ ਨਾਉਂ ਉੱਚਾ ਕਰੇਗਾ। ਪਿਆਰੋ ਦਾ ਵਿਆਹ ਉਹ ਕਿਸੇ ਚੰਗੇ ਮੁੰਡੇ ਨਾਲ ਕਰੇਗਾ, ਜਿਹੜਾ ਅਫ਼ਸਰ ਲੱਗਿਆ ਹੋਵੇ। ਉਹਦੇ ਵਿਆਹ ਉੱਤੇ ਉਹ ਪੂਰਾ ਪੈਸਾ ਲਾਵੇਗਾ। ਚੀਜ਼ਾਂ-ਵਸਤਾਂ ਨਾਲ ਅਗਲੇ ਦਾ ਘਰ ਭਰ ਦੇਵੇਗਾ। ਨਕਦ ਪੈਸਾ ਵੀ ਦੇਵੇਗਾ। ਉਹਦੇ ਬਾਪ ਦਾ ਅੱਧਾ ਸੁਪਨਾ ਪੂਰਾ ਹੋਇਆ, ਅੱਧਾ ਸੁਪਨਾ ਕੱਦੂ ਦੀ ਵੇਲ ਵਾਂਗ ਮੱਚ ਕੇ ਰਹਿ ਗਿਆ। ਗਿਆਨ ਦਾ ਸਭ ਕੁਝ ਹੋ ਗਿਆ, ਪਰ ਪਿਆਰੋ ਵੱਲੋਂ ਉਹਦੇ ਬਾਪ ਦੀਆਂ ਅੱਖਾਂ ਧਰਤੀ ਵਿੱਚ ਵੜ ਗਈਆਂ। ਪਟਵਾਰੀ ਤਾਂ ਮੰਨ ਗਿਆ ਸੀ, ਗਿਆਨ ਵੱਲੋਂ ਖੁੱਲ੍ਹੀਆਂ ਛੁੱਟੀਆਂ ਸਨ, ਪਰ ਮਾਂ ਨੇ ਉਹਦੀ ਜ਼ਿੰਦਗੀ ਖ਼ਰਾਬ ਕੀਤੀ। ਅਖੇ- 'ਕੁੜੀ ਤੀਹੋਕਾਲ ਆਪਣੀ ਜਾਤ ਬਰਾਦਰੀ ਵਿੱਚ ਦੇਣੀ ਐ। ਐਨਾ ਪੜ੍ਹਾ ਲਿਖਾ ਕੇ ਇਹਨੂੰ ਜਾਤ-ਕੁਜਾਤ ਵਿੱਚ ਕਿਉਂ ਸਿੱਟਾਂ? ਕੀ ਆਖਣਗੇ ਗੁੱਜਰਵਾਲ ਆਲੇ ਮੇਰੇ ਮਾਪੇ?'

ਪਿਆਰੋ ਦੀ ਮਾਂ ਮਰਦੀ ਮਰ ਗਈ, ਪਰ ਮੰਨੀ ਨਹੀਂ। ਫੇਰ ਤਾਂ ਪਟਵਾਰੀ ਵੀ ਦਿਲ ਵਿੱਚ ਧੀ ਦਾ ਵਰਮ ਲੈ ਕੇ ਇਸ ਜਹਾਨ ਤੋਂ ਤੁਰਦਾ ਬਣਿਆ।

ਸੁਦਾਗਰ ਉਸੇ ਸ਼ਹਿਰ ਦਾ ਮੁੰਡਾ ਸੀ। ਉਹਦੇ ਬਾਪ ਕੋਲ ਟਰੈਕਟਰ ਏਜੰਸੀ ਸੀ। ਪਿੰਡ ਵਿੱਚ ਉਹਨਾਂ ਕੋਲ ਕੋਈ ਬਹੁਤੀ ਜ਼ਮੀਨ ਨਹੀਂ ਸੀ। ਸੁਦਾਗਰ ਦਾ ਬਾਪ ਇਕੱਲਾ ਸੀ। ਖੇਤੀ ਦਾ ਕੰਮ ਰਿੜ੍ਹਦਾ ਨਹੀਂ ਸੀ। ਉਹ ਦੁਖੀ ਰਹਿੰਦਾ। ਮੁਸ਼ਕਿਲ ਨਾਲ ਕਬੀਲਦਾਰੀ ਤੁਰਦੀ। ਉਹ ਦਸਵੀਂ ਪਾਸ ਸੀ। ਉਹਨੂੰ ਸਾਰਾ ਗਿਆਨ ਸੀ। ਕੁਝ ਵਰ੍ਹੇ ਖੇਤੀ ਦਾ ਤੱਤ

ਦੇਖ ਕੇ ਇਸ ਕੰਮ ਵਿਚੋਂ ਉਹਦਾ ਮਨ ਉੱਖੜ ਗਿਆ। ਅੱਧੀ ਜ਼ਮੀਨ ਵੇਚ ਦਿੱਤੀ। ਸ਼ਹਿਰ ਵਿੱਚ ਪਲਾਟ ਲੈ ਕੇ ਮਕਾਨ ਬਣਾ ਲਿਆ ਤੇ ਫੇਰ ਟਰੈਕਟਰ ਦੀ ਏਜੰਸੀ ਵਿੱਚ ਹਿੱਸਾ ਪਾ ਲਿਆ। ਇਸ ਕੰਮ ਵਿੱਚ ਉਹਨੂੰ ਲਾਭ ਸੀ। ਫੇਰ ਤਾਂ ਇਹੀ ਕੰਮ ਹੀ ਉਹਦਾ ਮੁੱਖ-ਧੰਦਾ ਬਣ ਗਿਆ। ਹੌਲ਼ੀ-ਹੌਲ਼ੀ ਫਿਰ ਖ਼ੁਦ ਆਪਣੀ ਟਰੈਕਟਰ ਏਜੰਸੀ ਕਾਇਮ ਕਰ ਲਈ। ਪਿੰਡ ਵਾਲੀ ਬਾਕੀ ਰਹਿੰਦੀ ਜ਼ਮੀਨ ਵੀ ਵੇਚ ਦਿੱਤੀ। ਸ਼ਹਿਰ ਵਿੱਚ ਦੋ ਪਲਾਟ ਖਰੀਦ ਲਏ ਤੇ ਟਰੈਕਟਰ ਦਾ ਧੰਦਾ ਵਧਾ ਲਿਆ। ਉਹਨੂੰ ਸੁੱਖ ਦਾ ਸਾਹ ਆਉਣ ਲੱਗਿਆ। ਉਹਨੂੰ ਤਸੱਲੀ ਹੋਈ, ਪਿੰਡ ਰਹਿ ਕੇ ਖੇਤੀ ਦੇ ਕੰਮ ਵਿੱਚ ਤਾਂ ਸਾਰੀ ਉਮਰ ਦਾ ਨਰਕ ਸੀ।

ਸੁਦਾਗਰ ਉਹਦਾ ਇਕੱਲਾ ਪੁੱਤ ਸੀ। ਕੁੜੀਆਂ ਦੋ। ਕੁੜੀਆਂ ਵੱਡੀਆਂ ਸਨ। ਪੜ੍ਹਾ ਲਿਖਾ ਕੇ ਵਧੀਆਂ ਘਰਾਂ ਵਿਚ ਵਿਆਹੀਆਂ। ਸੁਦਾਗਰ ਬੀ. ਏ. ਤੱਕ ਪੜ੍ਹਿਆ। ਉਹਦੇ ਬਾਪ ਦਾ ਫ਼ੈਸਲਾ ਸੀ ਕਿ ਉਹ ਸੁਦਾਗਰ ਨੂੰ ਕੋਈ ਨੌਕਰੀ ਨਹੀਂ ਕਰਾਏਗਾ। ਉਹ ਆਪਣੀ ਟਰੈਕਟਰ ਏਜੰਸੀ ਹੀ ਸੰਭਾਲੇ ਤੇ ਰਾਜ ਕਰੇਗਾ। ਨੌਕਰੀ ਤਾਂ ਗ਼ੁਲਾਮੀ ਹੁੰਦੀ ਹੈ। ਬੰਦਾ ਸਾਰੀ ਉਮਰ ਜੀ-ਹਜ਼ੂਰੀ ਵਿੱਚ ਹੀ ਰਹਿੰਦੀ ਹੈ।

ਪਤਾ ਨਹੀਂ ਉਹ ਕਿਹੜੀ ਚੰਦਰੀ ਘੜੀ ਸੀ, ਜਦੋਂ ਪਿਆਰੋ ਤੇ ਸੁਦਾਗਰ ਨੇ ਕੌਲ-ਕਰਾਰ ਕਰ ਲਏ ਕਿ ਉਹ ਵਿਆਹ ਕਰਾਉਣਗੇ। ਜਦੋਂ ਵੀ ਕਰਾਉਣ, ਇੱਕ ਦੂਜੇ ਨਾਲ ਕਰਾਉਣਗੇ-ਨਹੀਂ ਤਾਂ ਕੰਵਾਰੇ ਹੀ ਰਹਿਣਗੇ ਸਾਰੀ ਉਮਰ। ਉਸ ਦਿਨ ਉਹਨਾਂ ਸਾਹਮਣੇ ਜਾਤ-ਬਰਾਦਰੀ ਦਾ ਕੋਈ ਮਸਲਾ ਨਹੀਂ ਸੀ। ਅਮੀਰੀ-ਗ਼ਰੀਬੀ ਦਾ ਕੋਈ ਤਕਾਜ਼ਾ ਨਹੀਂ ਸੀ ਤੇ ਮਾਪਿਆਂ ਦੀ ਸਹਿਮਤੀ-ਅਸਹਿਮਤੀ ਕੋਈ ਅੜਚਣ ਨਹੀਂ ਦਿਸਦੀ ਸੀ। ਲੱਗਦਾ ਸੀ ਜਿਵੇਂ ਅੱਜ ਉਹਨਾਂ ਨੇ ਗੱਲ ਕੀਤੀ ਹੈ ਤੇ ਕੱਲ੍ਹ ਨੂੰ ਉਹਨਾਂ ਦਾ ਵਿਆਹ ਹੋ ਜਾਵੇਗਾ। ਦੋਵਾਂ ਨੇ ਇੱਕ ਸ਼ਰਤ ਸਾਹਮਣੇ ਰੱਖੀ ਕਿ ਬੀ. ਏ. ਦਾ ਇਮਤਿਹਾਨ ਪਾਸ ਕਰਨ ਬਾਅਦ ਹੀ ਉਹ ਕੋਈ ਕਦਮ ਚੁੱਕਣਗੇ।

ਦੋਵਾਂ ਦੀ ਬੀ. ਏ. ਵੀ ਹੋ ਗਈ। ਸੁਦਾਗਰ ਆਪਣੇ ਬਾਪ ਦੇ ਕੰਮ ਟਰੈਕਟਰ-ਏਜੰਸੀ ਵਿੱਚ ਬੈਠਣ ਲੱਗਿਆ। ਇਸ ਦੌਰਾਨ ਪਿਆਰੋ ਨੇ ਬੀ. ਐੱਡ. ਵੀ ਕਰ ਲਈ, ਪਰ ਉਹਨਾਂ ਦੀ ਗੱਲ ਸਿਰੇ ਨਹੀਂ ਚੜ੍ਹ ਰਹੀ ਸੀ। ਸੁਦਾਗਰ ਦੇ ਬਾਪ ਵਿੱਚ ਜੱਟ ਰੰਗੜਊ ਸੀ ਤੇ ਪਿਆਰੋ ਦੀ ਮਾਂ ਕਹਿੰਦੀ ਸੀ ਕਿ ਉਹ ਓਸੇ ਦਿਨ ਜ਼ਹਿਰ ਖਾ ਕੇ ਮਰ ਜਾਵੇਗੀ, ਜਿਸ ਦਿਨ ਇਹ ਗੱਲ ਹੋ ਗਈ।

ਦੋਵੇਂ ਕਿਧਰੇ ਨਾ ਕਿਧਰੇ ਮਿਲਦੇ ਜ਼ਰੂਰ, ਪਰ ਵਿਆਹ ਦੀ ਗੱਲ ਕੋਈ ਨਾ ਕਰਦੇ। ਵਿਆਹ ਦੇ ਮਾਮਲੇ ਵਿੱਚ ਉਹ ਬੇਵੱਸ ਸਨ। ਦੋਵਾਂ ਦੇ ਮਾਪੇ ਅੜੇ ਖੜ੍ਹੇ ਸਨ, ਚੀਨ ਦੀ ਦੀਵਾਰ ਵਾਂਗ। ਸਹਿਜੇ-ਸਹਿਜੇ ਉਹਨਾਂ ਦਾ ਸਿਲਸਿਲਾ ਇਹ ਹੋ ਗਿਆ ਕਿ ਉਹ ਚੋਰੀ ਛਿਪੇ ਕਿਧਰੇ ਮਿਲਣ ਲੱਗੇ। ਜਿਵੇਂ ਇਹੀ ਇੱਕ ਜ਼ਿੰਦਗੀ ਰਹਿ ਗਈ ਹੋਵੇ। ਜਿਵੇਂ ਇਹੀ ਉਹਨਾਂ ਦੀ ਪ੍ਰਾਪਤੀ ਹੋਵੇ ਤੇ ਫੇਰ ਪਤਾ ਵੀ ਨਾ ਲੱਗਿਆ, ਕਦੋਂ ਤੇ ਕਿਵੇਂ ਸੁਦਾਗਰ ਦੇ ਧੱਕੜ ਬਾਪ ਨੇ ਉਹਦਾ ਵਿਆਹ ਕਰ ਦਿੱਤਾ। ਦਸ ਜਮਾਤਾਂ ਪੜ੍ਹੀ, ਚੰਗੇ ਭਾਂਡੇ-ਖਾਂਡੇ ਵਾਲੇ ਘਰ ਦੀ ਕੁੜੀ ਨਾਲ। ਕੁੜੀ ਵਾਲਿਆਂ ਨੇ ਦਾਜ-ਦਹੇਜ ਬਹੁਤ ਦਿੱਤਾ। ਸਵਰਨ ਕੌਰ ਰੱਜ ਕੇ ਸੋਹਣੀ ਸੀ। ਪਿਆਰੋ ਉਹਦੇ ਹੁਸਨ ਝਲਕਾਰੇ ਸਾਹਮਣੇ ਪਿੱਛੇ ਰਹਿ ਜਾਂਦੀ।

ਸੁਦਾਗਰ 'ਤੇ ਪਤਾ ਨਹੀਂ ਕਿਹੜਾ ਜਾਦੂ ਅਸਰ ਹੋਇਆ ਸੀ, ਉਹ ਕਿਵੇਂ ਬਾਪ ਦਾ ਹੁਕਮ ਮੰਨ ਗਿਆ ਸੀ। ਪਿਆਰੋ ਉਹਨੂੰ ਮਿਲਣਾ ਛੱਡ ਗਈ ਤੇ ਉਹ ਸਵਰਨ ਕੌਰ ਦੀ ਦੁਨੀਆ ਵਿੱਚ ਕਿਧਰੇ ਗੁਆਚ ਕੇ ਰਹਿ ਗਿਆ। ਦੋ-ਤਿੰਨ ਸਾਲ ਲੰਘ ਗਏ। ਇਸ ਦੌਰਾਨ ਸਵਰਨ ਕੌਰ ਕੋਲ ਇੱਕ ਮੁੰਡਾ ਹੋ ਗਿਆ। ਪਿਆਰੋ ਪੱਕੀ ਸਰਕਾਰੀ ਨੌਕਰੀ ਉੱਤੇ ਲੱਗ ਚੁੱਕੀ ਸੀ। ਉਹਨੇ ਸੋਚ ਲਿਆ ਸੀ, ਉਹ ਏਵੇਂ ਹੀ ਜ਼ਿੰਦਗੀ ਬਸਰ ਕਰੇਗੀ, ਇਕੱਲੀ ਅਕਹਿਰੀ।

ਦਿਨ ਨਿੱਕਲਦੇ ਗਏ। ਸੁਦਾਗਰ ਨੂੰ ਲੱਗਦਾ ਉਹ ਸਵਰਨ ਕੌਰ ਦੇ ਵਿਆਹ ਬੰਧਨ ਵਿੱਚ ਉਲਝ ਕੇ ਰਹਿ ਗਿਆ ਹੈ। ਉਹਦਾ ਜੀਅ ਕਰਦਾ, ਉਹ ਪਿਆਰੋ ਨੂੰ ਮਿਲੇ ਤੇ ਉਹਦੇ ਕੋਲੋਂ ਮਾਫ਼ੀ ਮੰਗੇ। ਰੋ-ਰੋ ਕੇ ਆਪਣੀ ਨਿਰਬਲਤਾ ਦੱਸੇ। ਆਖੇ ਕਿ ਉਹਦਾ ਨਾ ਤਾਂ ਆਪਣੇ ਕਾਰੋਬਾਰ ਵਿੱਚ ਦਿਲ ਗੁੜਦਾ ਹੈ ਤੇ ਨਾ ਉਹਦੀ ਪਤਨੀ-ਮੁੰਡਾ ਉਹਦਾ ਕੋਈ ਸੰਸਾਰ ਹੈ। ਉਹ ਉਦਾਸ ਰਹਿੰਦਾ ਹੈ। ਪਿਆਰੋ ਦਾ ਬੋਲ ਸੁਣਨ ਨੂੰ ਤਰਸ ਗਿਆ ਹੈ। ਉਹਨਾਂ ਦਾ ਵਿਆਹ ਤਾਂ ਨਾ ਹੋ ਸਕਿਆ, ਕੀ ਉਹ ਐਨਾ ਵੀ ਨਈਂ ਕਰ ਸਕਦੀ ਕਿ ਕਦੇ-ਕਦੇ ਦੋ ਬੋਲ ਹੀ ਸਾਂਝੇ ਕਰ ਲਿਆ ਕਰੇ? ਦੋਵਾਂ ਦਾ ਮਨ ਹੌਲ਼ਾ ਹੋ ਜਾਇਆ ਕਰੇਗਾ।

ਇੱਕ ਦਿਨ ਉਹ ਪਿਆਰੋ ਦੇ ਸਕੂਲ ਗਿਆ ਤੇ ਕਿਹਾ- 'ਮੈਂ ਗੁਰਪਿਆਰ ਕੌਰ ਭੈਣ ਜੀ ਨੂੰ ਮਿਲਣੈ।'

'ਤੁਸੀਂ ਕੌਣ ਓ?' ਪ੍ਰਿੰਸੀਪਲ ਨੇ ਪੁੱਛਿਆ।

'ਮੈਂ ਕਜ਼ਨ ਆ ਉਹਨਾਂ ਦਾ। ਸੁਦਾਗਰ ਸਿੰਘ ਦਾ ਨਾਂ ਲੈ ਦਿਓ, ਬੀਬੀ ਆਪੇ ਸਮਝ ਜੂਗੀ।'

ਸਟਾਫ਼ ਰੂਮ ਵਿਚੋਂ ਉੱਠ ਕੇ ਉਹ ਆਈ, ਦੋਵਾਂ ਨੇ ਹੱਥ ਜੋੜ ਕੇ ਇੱਕ ਦੂਜੇ ਨੂੰ ਸਤਿ ਸ੍ਰੀ ਅਕਾਲ ਆਖੀ ਤੇ ਮੁਸਕਰਾਏ। ਉਹ ਪਿੱਪਲ ਥੱਲੇ ਕੁਰਸੀਆਂ ਲੈ ਕੇ ਬੈਠ ਗਏ ਤੇ ਉੱਖੜੀਆਂ-ਉੱਖੜੀਆਂ ਗੱਲਾਂ ਕਰਨ ਲੱਗੇ। ਧੌਲ਼ੇ ਝਾਟੇ ਵਾਲੀ ਰਸਮਰੋੜ ਪ੍ਰਿੰਸੀਪਲ ਦੋ ਵਾਰ ਹਾਲ ਕਮਰੇ ਤੋਂ ਬਾਹਰ ਆ ਕੇ ਬਹਾਨੇ ਨਾਲ ਉਹਨਾਂ ਨੂੰ ਦੇਖ ਗਈ ਸੀ। ਤੀਜੀ ਵਾਰ ਉਸਨੇ ਦਸਵੀਂ ਦੀ ਇੱਕ ਕੁੜੀ ਨੂੰ ਭੇਜਿਆ- 'ਜਾਹ ਗੁਰਪਿਆਰ ਭੈਣ ਜੀ ਨੂੰ ਆਖ, ਤੁਹਾਡਾ ਪੀਰੀਅਡ ਐ।'

ਉਹਨੇ ਪੀਰੀਅਡਾਂ ਦੀ ਕੋਈ ਪਰਵਾਹ ਨਹੀਂ ਕੀਤੀ। ਉਹਨਾਂ ਦੀਆਂ ਗੱਲਾਂ ਹੁਣ ਉੱਖੜੀਆਂ-ਉੱਖੜੀਆਂ ਨਾ ਰਹਿ ਕੇ ਨਿੱਕੀਆਂ-ਨਿੱਕੀਆਂ ਹੋ ਗਈਆਂ ਸਨ। ਛੋਟੇ-ਛੋਟੇ ਫਿਕਰੇ, ਜਿਹਨਾਂ, ਦਾ ਕਦੇ-ਕਦੇ ਕੋਈ ਵੀ ਮਤਲਬ ਨਾ ਨਿੱਕਲਦਾ। ਚਪੜਾਸਣ ਕਹਿਣ ਆਈ ਤਾਂ ਉਹ ਫ਼ੈਸਲਾ ਕਰ ਚੁੱਕੇ ਸਨ ਕਿ ਉਹ ਕੱਲ੍ਹ ਨੂੰ ਹੀ ਸਵੇਰ ਦੀ ਪਹਿਲੀ ਬੱਸ ਫੜ ਕੇ ਚੰਡੀਗੜ੍ਹ ਜਾਣਗੇ ਤੇ ਓਥੇ ਜਾ ਕੇ ਹੀ ਰੱਜ ਕੇ ਗੱਲਾਂ ਕਰਨਗੇ। ਪਿੱਪਲ ਥੱਲਿਓਂ ਉਹ ਉੱਠੇ ਤਾਂ ਉਹਨਾਂ ਦੀਆਂ ਬਾਕੀ ਬਚਦੀਆਂ ਗੱਲਾਂ ਵਿੱਚ ਹਾਲੇ ਵੀ ਅਪਣੱਤ ਤੇ ਰੋਸਿਆਂ ਦਾ ਮਿਲਿਆਂ-ਜੁਲਿਆ ਰੰਗ ਸੀ।

ਕੰਧਾਂ ਨਾਲ ਕੀਤੀ ਗੱਲ ਵੀ ਇੱਕ ਦਿਨ ਬਾਹਰ ਨਿੱਕਲ ਜਾਂਦੀ ਹੈ ਤੇ ਫੇਰ ਖੰਭ ਲਾ ਕੇ ਉੱਡਦੀ ਹੈ। ਸਵਰਨ ਕੌਰ ਕੀ, ਗੁੱਝਾ-ਗੁੱਝਾ ਸਭ ਨੂੰ ਪਤਾ ਸੀ ਕਿ ਸੁਦਾਗਰ ਤੇ

ਪਿਆਰੋ ਸ਼ਹਿਰੋਂ ਬਾਹਰ ਜਾ ਕੇ ਰਾਤਾਂ ਕੱਟਦੇ ਹਨ। ਵਿਆਹ ਤਾਂ ਉਹਨਾਂ ਦਾ ਨਹੀਂ ਹੋ ਸਕਿਆ ਸੀ, ਪਰ ਇਸ ਤਰ੍ਹਾਂ ਤੁਰਨ-ਫਿਰਨ ਤੋਂ ਨਾ ਸੁਦਾਗਰ ਦਾ ਬਾਪ ਉਹਨੂੰ ਰੋਕ ਸਕਦਾ ਸੀ ਤੇ ਨਾ ਪਿਆਰੋ ਦੀ ਮਾਂ। ਸਵਰਨ ਬੋਲਦੀ ਤਾਂ ਸੁਦਾਗਰ ਉਹਨੂੰ ਪਾਂਡੂ ਦੇ ਪਾਥੜੇ ਵਾਂਗ ਕੱਪੜੇ ਧੋਣ ਵਾਲੀ ਥਾਪੀ ਨਾਲ ਭੰਨ ਸੁੱਟਦਾ। ਉਹ ਬੋਲ-ਬੋਲ ਕੇ ਥੱਕ ਚੁੱਕੀ ਸੀ। ਨਿੱਤ ਆਪਣੇ ਹੱਡ ਕਿਵੇਂ ਕੁਟਵਾਉਂਦੀ ਰਹਿੰਦੀ। ਮਾਪਿਆਂ ਦਾ ਵੀ ਕੋਈ ਜ਼ੋਰ ਨਹੀਂ ਸੀ ਚੱਲਦਾ। ਸੁਦਾਗਰ ਆਪਣੇ ਰਾਹ ਤੋਂ ਹਟਦਾ ਨਹੀਂ ਸੀ। ਸਵਰਨ ਕੌਰ ਅਖ਼ੀਰ ਚੁੱਪ ਹੋ ਗਈ। ਸੱਸ-ਸਹੁਰਾ ਸਮਝਾਉਂਦੇ- 'ਤੂੰ ਭਾਈ ਆਵਦਾ ਮੁੰਡਾ ਪਾਲ, ਰੱਬ ਨੇ ਲਾਲ ਦੇ 'ਤਾ, ਇਹੀ ਤੇਰਾ ਸਹਾਰਾ ਬਣੂ। ਉਹ ਕੰਜਰ ਨ੍ਹੀਂ ਸਮਝਦਾ ਹੁਣ, ਖੂਹ 'ਚ ਲੱਤਾਂ ਲਮਕਾਈਆਂ ਨੇ ਤਾਂ ਮਰਨ ਦੇਹ ਕਮੂਤ ਨੂੰ। ਤੇਰਾ ਖ਼ਸਮ ਮੁੱਕ ਗਿਆ, ਸਾਡਾ ਪੁੱਤ ਮੁੱਕ ਗਿਆ।'

ਸਵਰਨ ਕੌਰ ਦਾ ਕਿਧਰੇ ਵੀ ਦਿਲ ਨਹੀਂ ਠਹਿਰਦਾ ਸੀ। ਉਹ ਬੀਮਾਰ ਰਹਿਣ ਲੱਗੀ ਤੇ ਫਿਰ ਦਿਮਾਗ਼ ਹਿਲਾ ਬੈਠੀ। ਆਪਣੇ ਆਪ ਨਾਲ ਹੀ ਗੱਲਾਂ ਕਰਦੀ। ਸਿਰ ਉੱਤੇ ਦੱਬ ਕੇ ਕੋਈ ਭਾਂਡਾ ਮਾਰ ਲੈਂਦੀ। ਚੀਕਾਂ ਮਾਰਨ ਲੱਗਦੀ। ਰੋਂਦੀ ਰਹਿੰਦੀ। ਸੱਸ-ਸਹੁਰੇ ਨੂੰ ਉਹ ਸਾਂਭਣੀ ਔਖੀ ਹੋ ਗਈ। ਜੁਆਕ ਦਾ ਅੱਡ ਬੁਰਾ ਹਾਲ ਸੀ। ਸੁਦਾਗਰ ਇਹਨਾਂ ਗੱਲਾਂ ਵੱਲ ਕੋਈ ਧਿਆਨ ਨਾ ਦਿੰਦਾ। ਪਿਓ ਗਾਲ੍ਹਾਂ ਕੱਢਣ ਲੱਗਦਾ ਤਾਂ ਉਹ ਜਵਾਬ ਦਿੰਦਾ- 'ਮੈਂ ਕਦੋਂ ਆਖਿਆ ਸੀ, ਇਹਦੇ ਨਾਲ ਵਿਆਹ ਕਰੋ ਮੇਰਾ? ਹੁਣ ਭੁਗਤੋ, ਤੁਸੀਂ ਭੁਗਤੋ, ਇਹ ਭੁਗਤੇ।'

ਇੱਕ ਦਿਨ ਸਵਰਨ ਕੌਰ ਦਾ ਵੱਡਾ ਭਾਈ ਆਇਆ ਤੇ ਉਹਨੂੰ ਲੈ ਗਿਆ। ਕਹਿੰਦਾ- 'ਮਾਸੀ ਜੀ, ਅਸੀਂ ਇਹਦਾ ਆਪੇ 'ਲਾਜ ਕਰਾਵਾਂਗੇ।' ਮੁੰਡਾ ਸ਼ਮਸ਼ੇਰ ਖਾਸਾ ਉਡਾਰ ਸੀ। ਮਾਂ ਬਗ਼ੈਰ ਰਹਿ ਸਕਦਾ ਸੀ। ਉਹਨੂੰ ਦਾਦੇ-ਦਾਦੀ ਨੇ ਆਪਣੇ ਕੋਲ ਰੱਖ ਲਿਆ।

ਪੇਕੀ ਜਾ ਕੇ ਵੀ ਉਹ ਸੰਭਲ ਨਹੀਂ ਸਕੀ। ਓਹੀ ਚੀਕਾਂ, ਓਹੀ ਰੋਣ ਧੋਣ। ਕੱਪੜਿਆਂ ਵਿੱਚ ਹੀ ਟੱਟੀ-ਪਿਸ਼ਾਬ ਕਰ ਲੈਂਦੀ। ਚੁੱਪ-ਚਾਪ ਹੀ ਘਰੋਂ ਬਾਹਰ ਹੁੰਦੀ ਤੇ ਨਾਲ਼ੀ ਦਾ ਬਾਹਰ ਕੱਢ ਕੇ ਸੁੱਟਿਆ ਗੰਦ ਗ਼ਾਰਾ ਖਾਣ ਲੱਗਦੀ। ਦਵਾਈਆਂ ਨੇ ਕੋਈ ਅਸਰ ਨਹੀਂ ਕੀਤਾ ਸੀ। ਇੱਕ ਰਾਤ ਪਤਾ ਨਹੀਂ ਕਦੋਂ ਉਹ ਉੱਠੀ ਤੇ ਘਰੋਂ ਬਾਹਰ ਜਾ ਕੇ ਬੋਹੜ ਵਾਲੇ ਖੂਹ ਵਿੱਚ ਛਾਲ ਮਾਰ ਦਿੱਤੀ, ਮਰ ਗਈ।

ਸੁਦਾਗਰ ਨੇ ਸ਼ੁਕਰ ਮਨਾਇਆ। ਕੰਡਿਆਂ ਦਾ ਮੈਦਾਨ ਜਿਵੇਂ ਸਾਫ਼ ਹੋ ਗਿਆ ਹੋਵੇ। ਕੁਝ ਮਹੀਨੇ ਤਾਂ ਉਹ ਚੁੱਪ ਰਿਹਾ। ਟਰੈਕਟਰ-ਏਜੰਸੀ ਦੇ ਕੰਮਾਂ ਵਿੱਚ ਦਿਲਚਸਪੀ ਲੈਣ ਲੱਗਿਆ। ਬਾਪ ਸਾਹਮਣੇ ਸਾਊ ਜਿਹਾ ਬਣ ਕੇ ਰਹਿੰਦਾ। ਮੂਹਰੇ ਹੋ ਕੇ ਕੰਮ ਕਰਦਾ। ਗੱਲੀਂ-ਗੱਲੀਂ ਫੇਰ ਡੂੰਡਕਾ ਚੁੱਕ ਲਿਆ ਕਿ ਉਹਨੇ ਪਿਆਰੋ ਨਾਲ ਵਿਆਹ ਕਰਾਉਣਾ ਹੈ। ਉਹਦੀ ਗੱਲ ਨੂੰ ਫੇਰ ਕੁਚਲ ਦਿੱਤਾ ਗਿਆ। ਸੁਦਾਗਰ ਦਾ ਬਾਪ ਪਹਿਲਾਂ ਵਾਂਗ ਹੀ ਅੜ ਗਿਆ। ਪਿਆਰੋ ਦੀ ਮਾਂ ਪਹਿਲਾਂ ਵਾਂਗ ਹੀ ਡਰਾਵਾ ਦਿੰਦੀ ਕਿ ਉਹ ਜ਼ਹਿਰ ਖਾ ਕੇ ਮਰ ਜਾਵੇਗੀ, ਜੇ ਇਹ ਗੱਲ ਹੋ ਗਈ। ਮਾਂ ਨੂੰ ਪੇਕਿਆਂ ਦੀ ਲਾਜ ਬਹੁਤੀ ਸੀ। ਗੁੱਜਰਆਲੀਏ ਫੇਰ ਵੀ ਖ਼ਾਨਦਾਨੀ ਬੰਦੇ ਸਨ। ਸੁਦਾਗਰ ਦਾ ਬਾਪ ਕਹਿੰਦਾ ਸੀ, ਮੁੰਡਾ

ਨਿੱਧਰਾ ਬੈਠਾ ਚੰਗਾ, ਨਾਈਆਂ ਦੇ ਘਰ ਨਹੀਂ ਢੁੱਕਣਾ। ਬਹੁਤਾ ਕਰੇਗਾ, ਮੈਂ ਸੁਦਾਗਰ ਨੂੰ ਬੇਦਾਵੇ ਲਿਖਵਾ ਦਿਆਂਗਾ, ਕੋਰਟ ਵਿੱਚ ਜਾ ਕੇ। ਇਹਨਾਂ ਰਗੜਿਆਂ-ਝਗੜਿਆਂ ਵਿੱਚ ਹੀ ਸੁਦਾਗਰ ਦਾ ਦੁਬਾਰਾ ਵਿਆਹ ਕਰ ਦਿੱਤਾ ਗਿਆ। ਗ਼ਰੀਬ ਪਰਿਵਾਰ ਦੀ ਕੁੜੀ ਸੀ ਸਤਬੀਰ ਕੌਰ। ਅਕਲੋਂ-ਸ਼ਕਲੋਂ ਚੰਗੀ ਸੀ। ਪਲੱਸ-ਟੂ ਕੀਤੀ ਹੋਈ। ਸੁਦਾਗਰ ਹਾਰ ਮੰਨ ਕੇ ਬੈਠ ਗਿਆ। ਪਿਆਰੋ ਨੂੰ ਮਿਲਣਾ ਓਵੇਂ ਹੀ ਜਾਰੀ ਰਿਹਾ। ਉਹ ਪ੍ਰੋਗਰਾਮ ਬਣਾਉਂਦੇ ਤੇ ਚੁੱਪ ਕੀਤੇ ਹੀ ਸ਼ਹਿਰ ਛੱਡ ਜਾਂਦੇ।

ਸਤਬੀਰ ਕੌਰ ਨੂੰ ਵੀ ਹੌਲ਼ੀ-ਹੌਲ਼ੀ ਪਤਾ ਲੱਗ ਗਿਆ ਕਿ ਉਹਦਾ ਪਤੀ ਕਿਧਰੇ ਹੋਰ ਫ਼ਸਿਆ ਹੋਇਆ ਹੈ, ਮਹੀਨੇ ਵਿੱਚ ਇੱਕ ਦੋ ਰਾਤਾਂ ਲਾਜ਼ਮੀ ਬਾਹਰ ਗੁਜ਼ਾਰਦਾ ਹੈ, ਪਰ ਉਹ ਇਸ ਗੱਲ ਨੂੰ ਮਨ ਉੱਤੇ ਬਹੁਤਾ ਨਾ ਲਾਉਂਦੀ। ਸੋਚਦੀ, ਜਦੋਂ ਮੇਰੇ ਨਾਲ ਠੀਕ ਹੈ, ਕਿਧਰੇ ਧੱਕੇ ਖਾਂਦਾ ਫਿਰੇ। ਮੈਨੂੰ ਕੀ? ਆਦਮੀ ਤਾਂ ਨ੍ਹਾਤਾ ਘੋੜਾ ਹੁੰਦਾ ਹੈ। ਵਰ੍ਹੇ ਬੀਤ ਰਹੇ ਸਨ। ਇਸ ਦੌਰਾਨ ਸਤਬੀਰ ਕੌਰ ਨੇ ਇੱਕ ਮੁੰਡੇ ਨੂੰ ਜਨਮ ਦਿੱਤਾ ਤੇ ਫੇਰ ਇੱਕ ਕੁੜੀ ਨੂੰ। ਸੁਦਾਗਰ ਨੂੰ ਘਰ ਵੱਲੋਂ ਕੋਈ ਰੋਕ-ਟੋਕ ਨਹੀਂ ਸੀ। ਪਿਆਰੋ ਨਾਲ ਉਹਦਾ ਸਿਲਸਿਲਾ ਜਾਰੀ ਸੀ। ਉਹਦਾ ਬਾਪ ਕੁਝ ਨਹੀਂ ਆਖਦਾ-ਬੋਲਦਾ ਸੀ। ਸੋਚਦਾ ਸੀ ਘਰੋਂ ਪਰ੍ਹੇ ਕਿਧਰੇ ਗੂੰਹ ਖਾਂਦਾ ਫਿਰੇ, ਕੀ ਫ਼ਰਕ ਪੈਂਦਾ ਹੈ। ਸੁਦਾਗਰ ਟਰੈਕਟਰ-ਏਜੰਸੀ ਵਿੱਚ ਪੂਰੀ ਦਿਲਚਸਪੀ ਲੈਂਦਾ। ਸਭ ਆਪਣੀ-ਆਪਣੀ ਥਾਂ ਅਟੰਕ ਚੱਲ ਰਿਹਾ ਸੀ। ਜਿਵੇਂ ਸੂਰਜ ਦਾ ਅਟੱਲ ਨਿਯਮ ਚੜ੍ਹਦਾ ਤੇ ਛਿਪ ਜਾਂਦਾ।

ਕਹਿੰਦੇ ਹਨ, ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ, ਪਰ ਸੁਦਾਗਰ ਤੇ ਪਿਆਰੋ ਲਈ ਉਲਟ ਧਾਰਨਾ ਬਣੀ ਹੋਈ ਸੀ। ਉਹਨਾਂ ਲਈ ਸਮਾਂ ਓਥੇ ਹੀ ਖੜ੍ਹਾ ਸੀ। ਘਟਨਾਵਾਂ ਵਾਰਪਰਦੀਆਂ ਸਨ ਤੇ ਸਭ ਗੁਜ਼ਰ ਜਾਂਦਾ। ਉਹਨਾਂ ਲਈ ਚੰਗਾ ਮਾੜਾ ਸਭ ਇਕ ਸਮਾਨ ਸੀ। ਪਹਿਲਾਂ ਪਿਆਰੋ ਦਾ ਬਾਪ ਗੁਜ਼ਰ ਗਿਆ ਤੇ ਫੇਰ ਸੁਦਾਗਰ ਦੀ ਮਾਂ, ਪਰ ਉਹਨਾਂ ਲਈ ਰੁਕਾਵਟ ਸੁਦਾਗਰ ਦਾ ਬਾਪ ਤੇ ਓਧਰ ਪਿਆਰੋ ਦੀ ਮਾਂ ਤਾਂ ਅਜੇ ਜਿਊਂਦੇ ਬੈਠੇ ਸਨ। ਫੇਰ ਉਹ ਵੀ ਨਾ ਰਹੇ। ਸਭ ਸਾਫ਼ ਹੋ ਗਿਆ। ਹੁਣ ਉਹਨਾਂ ਨੂੰ ਟੋਕਣ-ਵਰਜਣ ਵਾਲਾ ਕੋਈ ਨਹੀਂ ਸੀ ਰਹਿ ਗਿਆ। ਸੁਦਾਗਰ ਨੇ ਇੱਕ ਸਾਜਿਸ਼ ਰਚੀ। ਡਾਕਟਰ ਨੂੰ ਪੈਸੇ ਦੇ ਕੇ ਇੱਕ ਸਰਟੀਫਿਕੇਟ ਲੈ ਲਿਆ ਕਿ ਉਹਦੀ ਪਤਨੀ ਸਤਬੀਰ ਕੌਰ ਦਿਮਾਗ਼ੀ ਬੀਮਾਰੀ ਦੀ ਸ਼ਿਕਾਰ ਹੈ। ਬਹਾਨੇ ਨਾਲ ਉਹਨੂੰ ਉਹਦੇ ਪਿੰਡ ਭੇਜ ਦਿੱਤਾ ਗਿਆ। ਨਾਲ ਦੋਵੇਂ ਬੱਚੇ ਵੀ। ਸੁਦਾਗਰ ਦੀ ਪਹਿਲੀ ਪਤਨੀ ਸਵਰਨ ਕੌਰ ਦਾ ਮੁੰਡਾ ਸ਼ਮਸ਼ੇਰ ਉਹਦੇ ਕੋਲ ਸੀ। ਸੁਦਾਗਰ ਤੇ ਪਿਆਰੋ ਕੋਰਟ ਵਿੱਚ ਪੇਸ਼ ਹੋਏ ਤੇ ਗ਼ਲਤ-ਮਲਤ ਕੋਈ ਢੰਗ ਤਰੀਕਾ ਵਰਤ ਕੇ ਸ਼ਾਦੀ ਰਜਿਸਟਰਡ ਕਰਵਾ ਲਈ।

ਸਤਬੀਰ ਕੌਰ ਦਾ ਸਰਟੀਫਿਕੇਟ ਵੀ ਪੇਸ਼ ਕੀਤਾ ਹੋਵੇਗਾ। ਝੂਠੀ ਮੂਠੀ ਦੇ ਗਵਾਹ ਭੁਗਤਾ ਦਿੱਤੇ ਗਏ। ਵਕੀਲਾਂ ਲਈ ਹਰ ਮੁਕੱਦਮਾ ਸਿੱਧਾ ਹੀ ਜਿੱਤ ਲੈਣਾ ਹੈ। ਪਿਆਰੋ ਸੁਦਾਗਰ ਦੇ ਘਰ ਆ ਗਈ। ਆਪਣੇ ਘਰ ਦਾ ਸਾਰਾ ਸਾਮਾਨ ਤੇ ਘਰ ਬਾਰ ਆਪਣੇ ਭਰਾ ਗਿਆਨ ਨੂੰ ਸੱਦ ਕੇ ਸੰਭਾਲ ਦਿੱਤਾ। ਗਿਆਨ ਨੂੰ ਕੋਈ ਗਿਲਾ ਸ਼ਿਕਵਾ ਨਹੀਂ ਸੀ। ਉਹ ਤਾਂ ਸਗੋਂ ਉਹਨਾਂ ਦੀ ਮਦਦ ਉੱਤੇ ਉੱਤਰ ਆਇਆ ਸੀ। ਮੁਹੱਲੇ ਵਿੱਚ ਹਾਹਾਕਾਰ ਮੱਚੀ ਹੋਈ ਸੀ। ਸ਼ਹਿਰ ਵਿੱਚ ਗੱਲਾਂ ਹੋ ਰਹੀਆਂ ਸਨ। ਸ਼ਮਸ਼ੇਰ ਨੂੰ ਗਿਆਨ

ਕੋਲ ਛੱਡ ਕੇ ਤੇ ਟਰੈਕਟਰ ਏਜੰਸੀ ਨੌਕਰਾਂ ਨੂੰ ਸੰਭਾਲ ਕੇ ਸੁਦਾਗਰ ਨੇ ਪਿਆਰੋ ਨੂੰ ਕਾਰ ਵਿੱਚ ਬਿਠਾਇਆ ਤੇ ਕਾਰ ਸਿੱਧੀ ਸ਼ਿਮਲੇ ਨੂੰ ਤੋਰ ਲਈ।

ਸਤਬੀਰ ਕੌਰ ਦੇ ਮਾਪੇ ਗ਼ਰੀਬ ਸਨ। ਨਾ ਉਹ ਲੜ ਝਗੜ ਸਕਦੇ ਸਨ ਤੇ ਨਾ ਉਹਨਾਂ ਵਿੱਚ ਕਚਹਿਰੀ ਜਾਣ ਦੀ ਹਿੰਮਤ ਸੀ। ਰਿਸ਼ਤੇਦਾਰਾਂ ਨੂੰ ਵਿੱਚ ਪਾ ਕੇ ਉਹਨਾਂ ਨੇ ਸਤਬੀਰ ਦਾ ਖਰਚਾ ਬੰਨ੍ਹਵਾ ਲਿਆ। ਹਰ ਮਹੀਨੇ ਉਹਨੂੰ ਮਨੀਆਰਡਰ ਪਹੁੰਚ ਜਾਂਦਾ। ਪੇਕਿਆਂ ਬਾਰ ਬੈਠੀ ਉਹ ਦਿਨ ਕੱਟਦੀ ਤੇ ਆਪਣੇ ਜੁਆਕ ਪਾਲ਼ਦੀ। ਉਹੀ ਉਹਦਾ ਸਹਾਰਾ ਸਨ। ਏਦਾਂ ਹੀ ਕਈ ਸਾਲ ਗੁਜ਼ਰ ਗਏ। ਫੇਰ ਸੁਦਾਗਰ ਕੋਲ ਵੀ ਗੇੜਾ ਮਾਰ ਜਾਂਦਾ। ਸਤਬੀਰ ਨੂੰ ਨਕਦ ਪੈਸੇ ਦਿੰਦਾ। ਇੰਝ ਪਿਆਰੋ ਤੋਂ ਚੋਰੀਓਂ ਆਉਂਦਾ। ਮਨੀਆਰਡਰ ਹਰ ਮਹੀਨੇ ਲਗਾਤਾਰ ਪਹੁੰਚਦਾ ਸੀ।

ਪਿਆਰੋ ਦੀ ਉਮਰ ਨਿੱਕਲ ਚੁੱਕੀ ਸੀ। ਉਹਦੇ ਬੱਚਾ ਕੋਈ ਨਹੀਂ ਹੋਇਆ। ਹਾਂ! ਸ਼ਮਸ਼ੇਰ ਉਹਨਾਂ ਕੋਲ ਸੀ। ਉਹ ਦਸ ਜਮਾਤਾਂ ਪਾਸ ਕਰ ਗਿਆ ਸੀ। ਫੇਰ ਨਾ ਕੋਈ ਨੌਕਰੀ ਕਰਦਾ ਸੀ ਤੇ ਨਾ ਟਰੈਕਟਰ ਏਜੰਸੀ ਦੇ ਕੰਮ ਵਿੱਚ ਉਹਦੀ ਕੋਈ ਰੁਚੀ ਸੀ। ਸੁਦਾਗਰ ਉਹਦੇ ਵੱਲ ਕੋਈ ਖ਼ਾਸ ਧਿਆਨ ਨਾ ਦਿੰਦਾ। ਪਿਆਰੋ ਉਹਨੂੰ ਪਿਆਰ ਕਰਦੀ ਤੇ ਸਮਝਾਉਂਦੀ ਕਿ ਉਹ ਹੋਰ ਪੜ੍ਹ ਲਵੇ-ਫੇਰ ਕੋਈ ਟਰੇਨਿੰਗ ਕਰਕੇ ਕਿਸੇ ਕੰਮ ਵਿੱਚ ਪਵੇ। ਇੰਜ ਸਾਰੀ ਉਮਰ ਉਹਦਾ ਗੁਜ਼ਾਰਾ ਨਹੀਂ।

ਸੁਦਾਗਰ ਉਦਾਸ ਰਹਿੰਦਾ। ਟਰੈਕਟਰ ਏਜੰਸੀ ਦਾ ਕੰਮ ਲਗਭਗ ਠੱਪ ਸੀ। ਦੁਕਾਨ ਵਿੱਚ ਨਵਾਂ ਮਾਲ ਆਉਣਾ ਬੰਦ ਹੋ ਗਿਆ। ਨੌਕਰ ਭੱਜ ਗਏ। ਨਵਾਂ ਨੌਕਰ ਓਧਰ ਮੂੰਹ ਨਹੀਂ ਸੀ ਕਰਦਾ। ਸੁਦਾਗਰ ਨਿੱਤ ਸ਼ਰਾਬ ਪੀਂਦਾ ਤੇ ਚੁੱਪ-ਚੁੱਪ ਰਹਿੰਦਾ। ਕੋਈ ਕਹਿੰਦਾ ਸ਼ਰਾਬ ਬਹੁਤ ਪੀਤੀ ਹੋਈ ਸੀ, ਕੋਈ ਕਹਿੰਦਾ ਦਿਲ ਫੇਲ੍ਹ ਹੋ ਗਿਆ ਤੇ ਕੋਈ ਇਹ ਵੀ ਆਖਦਾ ਕਿ ਉਹਨੂੰ ਕਿਸੇ ਨੇ ਕੁਝ ਦੇ ਦਿੱਤਾ ਸੀ, ਉਹ ਇਕ ਦਿਨ ਸਵੇਰੇ ਬਿਸਤਰੇ ਵਿੱਚ ਸੁੱਤੇ ਦਾ ਸੁੱਤਾ ਪਿਆ ਮਿਲਿਆ।

ਸਤਬੀਰ ਕੌਰ ਨੇ ਰਿਸ਼ਤੇਦਾਰਾਂ ਦਾ ਇਕੱਠ ਕਰਕੇ ਸੁਦਾਗਰ ਸਿੰਘ ਦਾ ਜੋ ਕੁਝ ਵੀ ਸੀ, ਅੱਧਾ ਵੰਡਾ ਲਿਆ। ਮਕਾਨ ਤੇ ਦੁਕਾਨ ਦਾ ਅੱਧ ਵੀ। ਬੈਂਕਾਂ ਵਿੱਚ ਵੀ ਉਹਦਾ ਪੈਸਾ ਸੀ। ਅੱਧ ਸ਼ਮਸ਼ੇਰ ਤੇ ਅੱਧ ਪਿਆਰੋ ਨੂੰ ਦਿੱਤਾ ਗਿਆ। ਕੁਝ ਸਾਲ ਤਾਂ ਸ਼ਮਸੇਰ ਗੁਰਪਿਆਰ ਕੌਰ ਕੋਲ ਰਿਹਾ, ਪੁੱਤਾਂ ਜਿਹਾ ਪਿਆਰ ਲੈਂਦਾ ਰਿਹਾ, ਫੇਰ ਉਹਦੀ ਚਾਲ-ਢਾਲ ਠੀਕ ਨਹੀਂ ਰਹੀ। ਇੱਕ ਦਿਨ ਗੁਰਪਿਆਰ ਕੌਰ ਨੇ ਉਹਨੂੰ ਘਰੋਂ ਕੱਢ ਦਿੱਤਾ। ਆਖਿਆ- 'ਮਕਾਨ ਦੁਕਾਨ ਦਾ ਹਿੱਸਾ ਲੈ ਲੈ ਆਪਣਾ, ਪੈਸਾ ਅੱਧਾ ਦਿੱਤਾ ਤੈਨੂੰ, ਤੂੰ ਮੇਰਾ ਖਹਿੜਾ ਛੱਡ। ਮੈਂ ਇਕੱਲੀ ਰਹਿਣਾ ਚਾਹੁੰਨੀ ਆਂ।'

ਗੁਰਪਿਆਰ ਕੌਰ ਫੇਰ ਤਾਂ ਬਿਲਕੁਲ ਇਕੱਲੀ ਸੀ। ਕਿਸੇ ਦਾ ਚੁਬਾਰਾ ਕਿਰਾਏ ਉੱਤੇ ਲੈ ਕੇ ਰਹਿੰਦੀ। ਮਕਾਨ-ਦੁਕਾਨ ਦਾ ਜੋ ਹਿੱਸਾ ਸੀ, ਉਹਨਾਂ ਦਿਨਾਂ ਵਿੱਚ ਹੀ ਵੇਚ ਦਿੱਤਾ ਸੀ। ਸਰਵਿਸ ਦੌਰਾਨ ਹੀ ਉਹਨੇ ਅੰਗਰੇਜ਼ੀ ਦੀ ਐੱਮ. ਏ. ਕਰ ਲਈ ਸੀ। ਸਿਰ ਦੇ ਵਾਲ਼ ਚਿੱਟੇ ਹੋ ਚੁੱਕੇ ਸਨ। ਮਹਿੰਦੀ ਲਾ ਕੇ ਰੱਖਦੀ। ਦਸਵੀਂ-ਬਾਰ੍ਹਵੀ ਦੀਆਂ ਕੁੜੀਆਂ ਨੂੰ ਅੰਗਰੇਜ਼ੀ ਪੜ੍ਹਾਉਣ ਦੀ ਟਿਊਸ਼ਨ ਕਰਨਾ ਉਹਦਾ ਮੁੱਖ ਰੁਝੇਵਾਂ ਰਹਿ ਗਿਆ। ਸਰਦੀ ਦੇ ਦਿਨਾਂ ਵਿੱਚ ਸਾਥੀ ਅਧਿਆਪਕਾਂ ਦੇ ਮੁੰਡੇ-ਕੁੜੀਆਂ ਲਈ ਸਵੈਟਰ-ਕੋਟੀਆਂ ਬੁਣ

ਦਿੰਦੀ ਜਾਂ ਫੇਰ ਇਮਤਿਹਾਨਾਂ ਦੇ ਦਿਨਾਂ ਵਿੱਚ ਪੰਜਾਬ ਸਕੂਲ ਬੋਰਡ ਦੇ ਪਰਚੇ ਦੇਖਦੀ। ਰੁੱਖ ਦੀ ਸੁੱਕੀ ਟਹਿਣੀ ਜਿਹੀ ਜ਼ਿੰਦਗੀ ਸੀ ਗੁਰਪਿਆਰ ਭੈਣ ਜੀ ਦੀ। ਕਦੇ-ਕਦੇ ਉਹ ਮੱਥਾ ਫ਼ੜ ਲੈਂਦੀ ਤੇ ਸੋਚਣ ਲੱਗਦੀ- 'ਮਾਂ ਦੇ ਜ਼ਹਿਰ ਸਹੇੜ ਲਿਆ। ਮਾਂ ਮਰਦੀ ਸੀ ਤਾਂ ਮਰਦੀ ਪਰ੍ਹੇ, ਉਹ ਸੁਦਾਗਰ ਨੂੰ ਲੈ ਕੇ ਕਿਧਰੇ ਭੱਜ ਜਾਂਦੀ। ਉਹ ਉਹਨਾਂ ਦਿਨਾਂ ਵਿੱਚ ਹੀ ਸ਼ਾਦੀ ਕਰਾ ਲੈਂਦੇ ਤਾਂ ਜ਼ਿੰਦਗੀ ਕੁਝ ਹੋਰ ਹੁੰਦੀ।' ♦

# ਚਰਾ.ਗ

ਪੱਖੋ ਕੈਂਚੀਆਂ ’ਤੇ ਆ ਕੇ ਨਿਹਾਲ ਨੇ ਬੱਸ ਬਦਲਣੀ ਸੀ। ਬੱਦਲਾਂ ਵਿੱਚੋਂ ਤਿੱਖੀ ਧੁੱਪ ਨਿਕਲ ਆਈ। ਹਵਾ ਮਾੜੀ-ਮਾੜੀ ਵਗਦੀ ਸੀ। ਦੁਪਹਿਰ ਢਲ ਚੱਲੀ ਸੀ। ਚਾਹ ਦੀ ਦੁਕਾਨ ਕੋਲ ਖੜ੍ਹੇ ਮਾੜਚੂ ਜਿਹੇ ਤੂਤ ਥੱਲੇ ਚਾਰ-ਪੰਜ ਬੰਦੇ ਇੱਟਾਂ ਹੇਠ ਲੈ ਕੇ ਬੈਠੇ ਹੋਏ ਸਨ। ਪਰ੍ਹਾਂ ਦੂਰ ਤਪੇ ਵਾਲੀ ਸੜਕ ’ਤੇ ਮਲ੍ਹਾ ਬੇਰੀ ਦੀ ਛਾਂ ਵਿੱਚ ਤਿੰਨ ਬੁੜ੍ਹੀਆਂ ਕੋਲ-ਕੋਲ ਘੁਸੜ ਕੇ ਬੈਠੀਆਂ ਗੱਲਾਂ ਕਰ ਰਹੀਆਂ ਸਨ। ਸ਼ਰਾਬ ਦੇ ਠੇਕੇ ਵੱਲ ਛਾਂਗੀਆਂ ਹੋਈਆਂ ਦੋ ਉੱਚੀਆਂ-ਉੱਚੀਆਂ ਟਾਹਲੀਆਂ ਸਨ। ਉਹਨਾਂ ਦੀਆਂ ਜੜ੍ਹਾਂ ਵਿੱਚ ਛਾਂ ਕੋਈ ਨਹੀਂ ਸੀ। ਉਹ ਫਲਾਂ ਵਾਲੇ ਖੋਖੇ ਦੀ ਓਟ ਵਿੱਚ ਬੈਠ ਗਿਆ। ਥੋੜ੍ਹੀ ਜਿਹੀ ਛਾਂ ਵਿੱਚ ਸਿਰ ਤਾਂ ਢੱਕਿਆ ਗਿਆ, ਪਰ ਪੈਰਾਂ ਉੱਤੇ ਧੁੱਪ ਹੀ ਰਹੀ। ਉਹ ਨੂੰ ਦੇਖ ਕੇ ਸ਼ਹਿਣੇ ਦਾ ਹੀ ਇੱਕ ਹੋਰ ਆਦਮੀ ਆਇਆ ਤੇ ਉਹ ਦੇ ਨਾਲ ਲੱਗ ਕੇ ਬੈਠ ਗਿਆ। ’ਤੂੰ......ਚਾਚਾ, ਕਿਧਰ?’ ਨਿਹਾਲ ਨੇ ਉਹ ਨੂੰ ਪੁੱਛਿਆ।

‘ਮੈਂ ਤਾਂ ਭਤੀਜ ਬੱਧਣੀ ਤਾਈਂ ਚੱਲਿਆਂ। ਛੋਟਾ ਜਿਹਾ ਕੰਮ ਹੈ ਇੱਕ।’ ਮੈਂਗਲ ਨੇ ਜਵਾਬ ਦਿੱਤਾ ਤੇ ਪੁੱਛਿਆ- ‘ਤੂੰ?’

‘ਮੈਂ ਬੁੱਟਰ ਨੂੰ।’

‘ਅੱਛਾ, ਅੱਛਾ!’ ਇਉਂ ਕਹਿ ਬਈ ਸੁਹਰੀ ਚੱਲਿਐਂ। ਮੈਂਗਲ ਕਰੜ-ਬਰੜੀਆਂ ਮੁੱਛਾਂ ਉੱਤੇ ਹੱਥ ਫੇਰ ਕੇ ਮੁਸਕਰਾਇਆ। ਤੇ ਫੇਰ ਧੀਰਜ ਭਾਅ ਨਾਲ ਪੁੱਛਣ ਲੱਗਿਆ- ‘ਸੁੱਖ ਐ?’

ਹਾਂ, ਸੁੱਖ ਨਾਲ ਈ ਚੱਲਿਆਂ ਚਾਚਾ।’ ਨਿਹਾਲ ਅੱਖਾਂ ਵਿੱਚ ਹੀ ਹੱਸਿਆ ਤੇ ਫੇਰ ਆਪ ਹੀ ਦੱਸਣ ਲੱਗਿਆ- ‘ਤੇਰੀ ਨੂੰਹ ਨੂੰ ਲੈਣ ਚੱਲਿਆਂ।’

‘ਮੈਨੂੰ ਲੱਗਦੈ, ਬਹੂ ਗਈ ਨੂੰ ਤਾਂ ਜਿਵੇਂ ਖਾਸਾ ਚਿਰ ਹੋ ਗਿਆ?’

‘ਹਾਂ, ਤਿੰਨ ਮਹੀਨੇ ਹੋ ਗਏ।’

‘ਹੱਛਾ! ਫੇਰ ਤਾਂ ਬਹੁਤ ਦਿਨ ਲਾ ’ਤੇ ਐਤਕੀਂ ਬਹੂ ਨੇ। ਰੋਟੀ ਫੇਰ?’

‘ਭੂਆ ਆਈ ਹੋਈ ਐ। ਉਹ ਲਿਆਂਦੀ ਸੀ ਮਖਿਆ....’

ਅਗਾਂਹ ਜਿਵੇਂ ਦੋਹਾਂ ਨੂੰ ਝਿਜਕ ਪੈ ਗਈ ਹੋਵੇ। ਮੈਂਗਲ ਹੋਰ ਕੁਝ ਪੁੱਛ ਨਹੀਂ ਰਿਹਾ ਸੀ ਤੇ ਨਿਹਾਲ ਹੋਰ ਕੁਝ ਦੱਸ ਨਹੀਂ ਰਿਹਾ ਸੀ। ਦੋਵੇਂ ਹੀ ਚੁੱਪ ਬੈਠੇ ਹੋਏ ਸਨ। ਮੈਂਗਲ ਚੋਰ ਅੱਖੀਂ ਨਿਹਾਲ ਸਿੰਘ ਦਾ ਚਿਹਰਾ ਦੇਖ ਜਾਂਦਾ ਤੇ ਚੋਰ-ਅੱਖੀਂ ਹੀ ਉਹਨੂੰ ਤਾੜਦਾ। ਤੇ ਫੇਰ ਉਹ ਬਰਨਾਲੇ ਤੋਂ ਮੋਗੇ ਨੂੰ ਜਾਣ ਵਾਲੀ ਬੱਸ ਦੀ ਉਡੀਕ ਖੜ੍ਹੇ ਹੋ ਕੇ ਕਰਨ

ਲੱਗੇ। ਇੱਕ ਬੱਸ ਆਈ, ਸਿੱਧੀ ਹੀ ਸ਼ਹਿਣੇ ਵੱਲ ਨਿਕਲ ਗਈ। ਨਿਹਾਲ ਸਿੰਘ ਨੂੰ ਕੁਝ ਯਾਦ ਆਇਆ ਤੇ ਖੋਖੇ ਅੱਗੇ ਜਾ ਕੇ ਅੰਬ ਦੇਖਣ ਲੱਗਿਆ। ਵਧੀਆ ਜਿਹੇ ਦੋ ਕਿਲੋ ਅੰਬ ਖੱਦਰ ਦੇ ਝੋਲੇ ਵਿੱਚ ਪਵਾ ਲਏ। ਤੇ ਫਿਰ ਉਹ ਦੋਵੇਂ ਜਣੇ ਦੁਕਾਨ ਵਾਲੇ ਤੂਤ ਥੱਲੇ ਜਾ ਬੈਠੇ ਤੇ ਗੱਲਾਂ ਸੁਣਨ ਲੱਗੇ। ਬੋਲਣ ਵਾਲਾ ਪਹਿਲਾਂ ਪਿਛਾਂਹ ਮੁੜ ਕੇ ਝਾਕਦਾ ਤੇ ਫੇਰ ਨੀਵੀਂ ਆਵਾਜ਼ ਵਿੱਚ ਗੱਲ ਕਰਦਾ। ਨੇੜੇ ਬੈਠੇ ਕੰਨ ਲਾ ਕੇ ਉਹ ਦੀ ਗੱਲ ਸੁਣਦੇ। ਸਾਰਿਆਂ ਦੇ ਚਿਹਰਿਆਂ ਉੱਤੇ ਕੋਈ ਸਹਿਮ ਜਿਹਾ ਪੋਚਿਆ ਜਾਂਦਾ।

ਨਿਹਾਲ ਵੀਹ ਕਿੱਲ ਜ਼ਮੀਨ ਦਾ ਮਾਲਕ ਸੀ। ਉਹ ਇਕੱਲਾ ਸੀ। ਮਾਂ ਬਾਪ ਮਰ ਚੁੱਕੇ ਸਨ। ਉਹਦੀਆਂ ਪੰਜ ਭੈਣਾਂ ਸਨ। ਸਭ ਵਿਆਹ-ਵਰ ਦਿੱਤੀਆਂ ਗਈਆਂ ਸਨ ਤੇ ਆਪਦੇ ਘਰੀਂ ਵੱਸਦੀਆਂ-ਰਸਦੀਆਂ ਸਨ। ਕਦੇ-ਕਦੇ ਕੋਈ ਭੈਣ ਆਉਂਦੀ ਤੇ ਲੀੜਾ ਕਪੜਾ ਲੈ ਕੇ ਤੁਰ ਜਾਂਦੀ। ਉਹਦੀ ਇੱਕੋ ਭੂਆ ਸੀ ਬਸ, ਤਖਤੂਪੁਰੇ ਵਿਆਹੀ ਹੋਈ। ਚਾਰ ਪੁੱਤ ਸਨ। ਵਿਆਹ ਕਰਵਾ ਕੇ ਚਾਰੇ ਅੱਡ ਹੋ ਗਏ। ਨਿਹਾਲ ਦਾ ਫੁੱਫੜ ਮਰ ਚੁੱਕਿਆ ਸੀ। ਭੂਆ ਦਾ ਜੀਅ ਕਰਦਾ ਤਾਂ ਪੰਦਰਾਂ-ਪੰਦਰਾਂ ਦਿਨ ਸ਼ਹਿਣੇ ਉਹਦੇ ਕੋਲ ਰਹਿ ਜਾਂਦੀ।

ਨਿਹਾਲ ਦੀ ਉਮਰ ਚਾਲੀ ਸਾਲ ਦੇ ਨੇੜੇ ਸੀ। ਉਹਦੀ ਪਤਨੀ ਜੀਤਾਂ ਉਹਤੋਂ ਦਸ ਵਰ੍ਹੇ ਛੋਟੀ ਸੀ। ਉਹ ਵੀਹ ਸਾਲ ਦੀ ਸੀ, ਜਦ ਉਸ ਦਾ ਵਿਆਹ ਹੋਇਆ ਸੀ। ਨਿਹਾਲ ਦਾ ਇਹ ਦੂਜਾ ਵਿਆਹ ਸੀ। ਪਹਿਲੀ ਦੇ ਕਈ ਸਾਲ ਬੱਚਾ ਨਹੀਂ ਹੋਇਆ ਸੀ। ਬਹੁਤ ਜਗ੍ਹਾ ਇਲਾਜ ਕਰਵਾਇਆ, ਫੇਰ ਕਿਤੇ ਜਾ ਕੇ ਉਹਦੀ ਕੁਖ ਹਰੀ ਹੋਈ ਸੀ। ਪਰ ਬੱਚੇ ਨੂੰ ਜਨਮ ਦੇਣ ਵੇਲੇ ਉਹ ਮਰ ਗਈ। ਹੁਣ ਉਹ ਹਾਲ ਜੀਤਾਂ ਦਾ ਸੀ। ਉਹਦੇ ਵੀ ਦਸ ਸਾਲਾਂ ਵਿੱਚ ਕੋਈ ਬੱਚਾ ਨਹੀਂ ਹੋਇਆ ਸੀ। ਦਵਾ-ਦਾਰੂ ਦਾ ਕੋਈ ਅੰਤ ਨਹੀਂ ਰਹਿਣ ਦਿੱਤਾ ਸੀ। ਨਿਹਾਲ ਦੀਆਂ ਭੈਣਾਂ ਭਤੀਜੇ ਦਾ ਮੂੰਹ ਦੇਖਣ ਨੂੰ ਤਰਸਦੀਆਂ। ਨਿਹਾਲ ਦੀ ਭੂਆ ਥਾਂ-ਥਾਂ ਜੀਤਾਂ ਨੂੰ ਲੈ ਕੇ ਗਈ। ਸਾਧ-ਸੰਤ ਵੀ ਕੋਈ ਨਾ ਛੱਡਿਆ।

ਤੇ ਫੇਰ ਇੱਕ ਦਿਨ ਜੀਤਾਂ ਦੀ ਮਾਂ ਸ਼ਹਿਣੇ ਆਈ। ਕਹਿਣ ਲੱਗੀ– 'ਕੁੜੀਏ, ਹਸਪਤਾਲ ਜਾਣ ਦਾ ਕੋਈ ਡਰ ਤਾਂ ਨ੍ਹੀਂ। ਇਹ ਵੀ ਕਰ ਕੇ ਦੇਖ ਲਈਏ। ਕੀ ਐ ਗੁਰੂ ਦੀ ਮਿਹਰ ਹੋ ਜੇ। ਮੈਂ ਤਾਂ ਬਸ, ਹੁਣੇ ਲੈ ਕੇ ਜਾਣੈ ਤੈਨੂੰ।'

ਜੀਤਾਂ ਕਹਿੰਦੀ– 'ਮਾਂ, ਮੈਨੂੰ ਤਾਂ ਉਹਨਾਂ ਡਾਕਧਾਰਨੀਆਂ ਦੇ ਸੰਦਾਂ ਤੋਂ ਭੈਅ ਜ੍ਹਾ ਔਂਦੈ। ਜਾਏ ਨੂੰ ਖਾਵੇ 'ਲਾਦ, ਕੀ ਪੰਘੂੜੇ ਝੁਟਾਦੂ ਗਈ। ਅੰਦਰ ਪਾੜ ਕੇ ਧਰ ਦੇਣਗੀਆਂ ਡਾਕਧਾਰਨੀਆਂ, ਮੇਰਾ।'

ਨਿਹਾਲ ਨੇ ਜ਼ੋਰ ਦਿੱਤਾ– 'ਤੂੰ ਇੱਕ ਵਾਰੀ ਪਰਤਿਆ ਕੇ ਤਾ ਦੇਖ ਲੈ। ਐਨੀ ਜੈਦਾਤ ਐ, ਐਵੇਂ ਜਾਂਦੀ ਐ। ਘਰ ਦੇ ਚਰਾਗ ਬਿਨਾਂ ਤਾਂ ਮੱਸਿਆ ਦੀ ਰਾਤ ਐ ਜ਼ਿੰਦਗਾਨੀ ਆਪਣੀ! ਤੂੰ ਵਗ ਜਾਂ ਮਾਂ ਨਾਲ, ਬਸ ਪਾਂਧਾ ਨਾ ਪੁੱਛ। ਪੈਸਾ ਜਿੰਨਾ ਲੱਗੂ, ਲਾਵਾਂਗੇ।'

ਮਾਂ ਨੇ ਦੱਸਿਆ– 'ਮੈਂ ਤਾਂ ਚਰਜ ਮੰਨਗੀ। ਆਪਣੇ ਗਵਾਂਢ ਦੀ ਈ ਤਖਾਣਾਂ ਦੀ ਬਹੂ ਸੀ ਨਾ, ਭਜਨੇ ਲੰਮੇ ਦੀ ਨੂੰਹ, ਬੈਠੀ ਸੀ ਨਾ ਕਿੰਨੇ ਸਾਲਾਂ ਤੋਂ ਸੱਖਣੀ। ਉਹਨੂੰ ਤਾਂ ਭਾਈ, ਉਹਦੀ ਮਾਸੀ ਦੀ ਧੀ ਆ ਕੇ ਮੋਗੇ ਲੈ ਗਈ। ਬਲਾਈ ਚੰਗੀ ਐ, ਕਹਿੰਦੇ,

ਡਾਕਧਾਰਨੀ । ਐਸਾ 'ਲਾਜ ਕੀਤਾ, ਬੱਚਾ ਢਿੱਡ ਪੈ ਗਿਆ। ਹੁਣ ਦੋ ਮਹੀਨਿਆਂ ਨੂੰ ਡਿੱਗਣੈ ਜਹਿਮਤ। ਉਹਦੀ ਮਾਸੀ ਦੀ ਧੀ ਬਥੇਰੀ ਮਲਾਪੜੀ ਐ। ਪਰਸੋਂ ਆਈ ਸੀ ਬੁੱਟਰੀਂ। ਮੋਗੇ ਈ ਰਹਿੰਦੀ ਐ। ਮੈਂ ਤਾਂ ਸਾਰੀ ਗੱਲ ਪੱਕ ਕਰ ਲੀ ਉਹਦੇ ਨਾਲ ਧੀਏ। ਤੂੰ ਚੱਲ ਬਸ, ਤਿਆਰੀ ਕਰ ਲੈ। ਪਰੇਸ਼ਨ ਕਰੂਗੀ।'

ਜੀਤਾਂ ਸੋਚਾਂ ਵਿੱਚ ਪੈ ਗਈ। ਉਹਨੂੰ ਲੱਗਿਆ ਜਿਵੇਂ ਉਹਦੀ ਮਾਂ ਠੀਕ ਕਹਿ ਰਹੀ ਹੋਵੇ। ਉਹਨੇ ਆਪਣੇ ਮਨ ਵਿੱਚ ਚਿਤਾਰਿਆ– 'ਇੱਕ ਟਿੰਘ ਬਿਨਾਂ ਜਹੀ ਜ੍ਹੀ ਜੱਗ 'ਤੇ ਆਈ, ਜਹੀ ਨਾ ਆਈ। ਮੁੰਡਾ ਨਾ ਸਹੀ, ਚੱਲ ਕੁੜੀ ਹੋ ਜੂ। ਕੁੜੀ ਹੋ ਗਈ ਤਾਂ ਫੇਰ ਮੁੰਡਾ ਵੀ ਹੋ ਜੂ।' ਆਖ਼ਰ ਉਹਨੇ ਅਪਰੇਸ਼ਨ ਕਰਵਾਉਣ ਲਈ ਦਿਲ ਕੱਢ ਲਿਆ। ਜੀਤਾਂ ਦੀਆਂ ਅੱਖਾਂ ਵਿੱਚ ਚਮਕ ਆਈ ਦੇਖ ਕੇ ਉਹਦੀ ਮਾਂ ਨਿਹਾਲ ਨੂੰ ਕਹਿਣ ਲੱਗੀ, 'ਪਰੇਸ਼ਨ ਪਿੱਛੋਂ ਦੋ ਮਹੀਨੇ ਜੀਤਾਂ ਰਹੂਗੀ ਤਾਂ ਬੁੱਟਰ ਈ। ਤੇਰੇ ਕੋਲ ਤਾਂ ਔਣਾ ਨ੍ਹੀਂ, ਭਾਈ। ਇਹ ਗੱਲ ਤੂੰ ਪਹਿਲਾਂ ਸੋਚ ਲੈ, ਸਾਊ।'

'ਸੋਚੀ ਹੋਈ ਐ ਇਹ ਤਾਂ। ਦੋ ਦੀ ਥਾਂ, ਮੇਰੇ ਕੰਨੀਓਂ ਤਿੰਨ ਮਹੀਨੇ ਬੈਠੀ ਰਹੇ। ਮੈਨੂੰ ਕੁਝ ਨ੍ਹੀਂ ਹੁੰਦਾ। ਭੂਆ ਨੂੰ ਲੈ ਆਊਂਗਾ। ਪਸ਼ੂਆਂ ਦਾ ਵੀ ਲੰਮ–ਚੜ੍ਹਾਅ ਨ੍ਹੀਂ ਹੁਣ ਤਾਂ ਇੱਕ ਮ੍ਹੈਂਹ ਐ। ਆਪੇ ਸਾਂਭੀ ਜਾਵਾਂਗੇ।'

ਜੀਤਾਂ ਨੂੰ ਉਹਦੀ ਮਾਂ ਲੈ ਗਈ। ਦੂਜੇ ਦਿਨ ਹੀ ਉਹ ਬੁੱਟਰ ਤੋਂ ਮੋਗੇ ਗਈਆਂ। ਭਜਨੇ ਤਖਾਣ ਦੀ ਨੂੰਹ ਦੀ ਮਾਸੀ ਦੀ ਧੀ ਦੇ ਘਰ ਪਹੁੰਚੀਆਂ ਤੇ ਉਹਨੂੰ ਨਾਲ ਲੈ ਕੇ ਹਸਪਤਾਲ ਵਿੱਚ ਉਸ ਲੇਡੀ ਡਾਕਟਰ ਕੋਲ। ਲੇਡੀ ਡਾਕਟਰ ਨੇ ਉਹਨਾਂ ਨੂੰ ਇੱਕ ਹਫ਼ਤਾ ਉਥੇ ਰਹਿਣ ਲਈ ਆਖਿਆ। ਮਾਵਾਂ–ਧੀਆਂ ਇੱਕ ਹਫ਼ਤਾ ਤਖਾਣਾਂ ਦੇ ਘਰ ਰਹੀਆਂ। ਉਹਨਾਂ ਨੇ ਕੋਈ ਮੱਥੇ 'ਤੇ ਵੱਟ ਨਹੀਂ ਪਾਇਆ। ਜੀਤਾਂ ਦਾ ਪਿਓ ਵਿੱਚ ਦੀ ਇੱਕ ਦਿਨ ਜਾ ਕੇ ਹੋਰ ਰੁਪਈਏ ਜੀਤਾਂ ਦੀ ਮਾਂ ਨੂੰ ਦੇ ਆਇਆ। ਦੁੱਧ ਦਾ ਡੋਲੂ ਨਿੱਤ ਇੱਕ ਕਾਲਜੀਏਟ ਮੁੰਡੇ ਹੱਥ ਬੁੱਟਰੋਂ ਪਹੁੰਚ ਜਾਂਦਾ। ਅਪਰੇਸ਼ਨ ਕਾਮਯਾਬ ਹੋਇਆ ਸੀ। ਲੇਡੀ ਡਾਕਟਰ ਨੇ ਤਾੜਨਾ ਕੀਤੀ ਕਿ ਜੀਤਾਂ ਮਹੀਨਾ ਡੇਢ ਮਹੀਨਾ ਪਰਹੇਜ਼ ਰੱਖੇ। ਵਿਸ਼ਵਾਸ ਦਵਾਇਆ ਕਿ ਰੱਬ ਮਿਹਰ ਕਰੇਗਾ। ਹੁਣ ਤਿੰਨ ਮਹੀਨਿਆਂ ਤੋਂ ਜੀਤਾਂ ਬੁੱਟਰ ਬੈਠੀ ਹੋਈ ਸੀ। ਪੰਦਰ੍ਹਵੇਂ ਵੀਹਵੇਂ ਦਿਨ ਮੋਗੇ ਜਾ ਕੇ ਮਾਵਾਂ–ਧੀਆਂ ਉਸ ਲੇਡੀ ਡਾਕਟਰ ਨੂੰ ਮਿਲ ਆਉਂਦੀਆਂ ਤੇ ਚੈੱਕ ਕਰਵਾ ਆਉਂਦੀਆਂ। ਹੋਰ ਗੋਲੀਆਂ ਤੇ ਪੀਣ ਵਾਲੀ ਦਵਾਈ ਲੈ ਆਉਂਦੀਆਂ। ਜੀਤਾਂ ਹੁਣ ਬਿਲਕੁਲ ਠੀਕ ਸੀ। ਲੇਡੀ ਡਾਕਟਰ ਨੇ ਮੁਸਕਰਾ ਕੇ ਆਖਿਆ ਸੀ– 'ਹੁਣ ਜਦੋਂ.....ਬਸ ਪਤੇ–ਤੋੜ ਜਾਈਂ....ਤੇ ਫੇਰ ਹੱਸੀ ਸੀ, 'ਸਾਧਾਂ ਦੇ ਬਚਨਾਂ 'ਤੇ ਨਾ ਰਹੀਂ।....'

ਨਿਹਾਲ ਵਿੱਚ ਦੀ ਦੋ ਵਾਰੀ ਬੁੱਟਰ ਜਾ ਆਇਆ ਸੀ। ਪਰ ਹੁਣ ਇੱਕ ਮਹੀਨਾ ਲੰਘ ਗਿਆ ਸੀ, ਉਹ ਜਾਊਂ–ਜਾਊਂ ਕਰਦਾ ਸੀ ਕਿ ਬੁੱਟਰ ਤੋਂ ਚਿੱਠੀ ਆ ਗਈ। ਉਹਦੀ ਸੱਸ ਨੇ ਲਿਖਵਾਇਆ ਸੀ ਕਿ ਉਹ ਖੜ੍ਹਾ–ਖੜੋਤਾ ਜੀਤਾਂ ਨੂੰ ਆ ਕੇ ਲੈ ਜਾਵੇ। ਹੁਣ ਉਹ ਠੀਕ ਹੈ। ਸੋ ਅੱਜ ਨਿਹਾਲ ਬੁੱਟਰ ਨੂੰ ਜਾ ਰਿਹਾ ਸੀ। ਉਹਦੀ ਛਾਤੀ ਅੰਦਰ ਮੁਕਲਾਵੇ ਵਾਲਾ ਦਿਲ ਧੜਕ ਰਿਹਾ ਸੀ।

ਬਹੁਤ ਸਮਾਂ ਬੀਤ ਚੁੱਕਿਆ ਸੀ, ਪਰ ਮੋਗੇ ਵਾਲੀ ਕੋਈ ਵੀ ਬੱਸ ਨਹੀਂ ਆਈ ਸੀ। ਤੇ ਸ਼ਹਿਣੇ ਨੂੰ ਜਾਣ ਵਾਲੀ ਇੱਕ ਪ੍ਰਾਈਵੇਟ ਬੱਸ ਦੀਆਂ ਸਵਾਰੀਆਂ ਨੇ ਦੱਸਿਆ

ਕਿ ਮੋਗੇ ਨੂੰ ਆ ਰਹੀ ਪੰਜਾਬ ਰੋਡਵੇਜ਼ ਦੀ ਇੱਕ ਬੱਸ ਚੀਮੇ-ਜੋਧਪੁਰ ਦੇ ਅੱਡੇ ਤੋਂ ਇੱਕ ਮੀਲ ਉਰ੍ਹਾਂ ਵਿਗੜੀ ਖੜ੍ਹੀ ਹੈ। ਸਵਾਰੀਆਂ ਪਰੇਸ਼ਾਨ ਹਨ।

ਉਸ ਸਮੇਂ ਹੀ ਤਪੇ ਵੱਲੋਂ ਖ਼ਾਲੀ ਟੈਂਪੂ ਗੱਡੀ ਆਈ। ਉਹਨੇ ਮੋਗੇ ਪਹੁੰਚਣਾ ਸੀ, ਉਹਦੇ ਵਿੱਚ ਦੋ ਤਿੰਨ ਸਵਾਰੀਆਂ ਮਗਰੋਂ ਹੀ ਕਿਤੋਂ ਬੈਠੀਆਂ ਹੋਈਆਂ ਸਨ। ਕੈਂਚੀਆਂ ਉੱਤੇ ਟੈਂਪੂ-ਗੱਡੀ ਇੱਕ ਮਿੰਟ ਰੁਕੀ ਤਾਂ ਸੱਤ-ਅੱਠ ਸਵਾਰੀਆਂ ਫਟਾ-ਫਟ ਉਹਦੇ ਵਿੱਚ ਚੜ੍ਹ ਗਈਆਂ। ਨਿਹਾਲ ਤੇ ਮੈਂਗਲ ਵੀ। ਕਿੰਨੀਆਂ ਹੀ ਹੋਰ ਸਵਾਰੀਆਂ ਟੈਂਪੂ-ਗੱਡੀ ਨੂੰ ਦੇਖਦੀਆਂ ਖੜ੍ਹੀਆਂ ਰਹਿ ਗਈਆਂ।

ਰਾਹ ਵਿੱਚ ਹਰ ਅੱਡੇ ਉੱਤੇ ਸਵਾਰੀਆਂ ਉਤਰਦੀਆਂ ਤੇ ਹੋਰ ਚੜ੍ਹ ਜਾਂਦੀਆਂ। ਡਰਾਈਵਰ ਦਾ ਸਹਾਇਕ ਲੰਬੂਤਰੇ ਜਿਹੇ ਮੂੰਹ ਵਾਲਾ ਇੱਕ ਰਾਜਸਥਾਨੀ ਮੁੰਡਾ ਸਵਾਰੀਆਂ ਦੇ ਉਤਰਨ ਤੋਂ ਪਹਿਲਾਂ ਹੀ ਕਿਰਾਏ ਦੇ ਪੈਸੇ ਫੜ ਲੈਂਦਾ। ਲੋਕ ਬੱਸ ਜਿੰਨਾ ਕਿਰਾਇਆ ਆਪਣੇ ਆਪ ਹੀ ਦਿੰਦੇ ਜਾ ਰਹੇ ਸਨ। ਜੇਬ ਵਿੱਚ ਪੈਸੇ ਪਾ ਕੇ ਉਹ ਡਰਾਈਵਰ ਕੋਲ ਜਾ ਬੈਠਦਾ ਤੇ ਹਵਾ ਨੂੰ ਚੀਰਦੀ ਜਾ ਰਹੀ ਟੈਂਪੂ-ਗੱਡੀ ਦੇ ਸ਼ੋਰ ਵਿੱਚ ਕੋਈ ਰਾਜਸਥਾਨੀ ਗੀਤ ਗਾਉਣ ਲੱਗਦਾ। ਮਗਰ ਬੈਠੀਆਂ ਸਵਾਰੀਆਂ ਨੂੰ ਉਹਦੀ ਤਿੱਖੀ ਆਵਾਜ਼ ਸੁਣਦੀ। ਸਮਝ ਕਿਸੇ ਨੂੰ ਨਾ ਆਉਂਦੀ। ਨਿਹਾਲ ਦਾ ਮਨ ਬੂੱਟਰ ਜੀਤਾਂ ਕੋਲ ਪਹੁੰਚਿਆ ਹੋਇਆ ਸੀ। ਸੁਪਨੇ ਵਾਂਗ ਉਹਨੂੰ ਲੱਗਦਾ, ਜਿਵੇਂ ਜੀਤਾਂ ਦਾ ਪੇਟ ਵਧ ਗਿਆ ਹੋਵੇ। ਉਹ ਕੱਚੀ ਕੰਧ ਵਿੱਚੋਂ ਖਸਤਾ ਰੋੜ ਕੱਢ-ਕੱਢ ਖਾ ਰਹੀ ਹੋਵੇ।

ਟੈਂਪੂ-ਗੱਡੀ ਬੱਧਣੀ ਦੀ ਹੱਦ ਵਿੱਚ ਦਾਖ਼ਲ ਹੋਈ ਤਾਂ ਉਹਨੂੰ ਇੱਕ ਪੁਲਸ ਜੀਪ ਨੇ ਕਰਾਸ ਕੀਤਾ। ਉਹ ਥੋੜ੍ਹੀ ਦੂਰ ਹੀ ਲੰਘੇ ਹੋਣਗੇ ਕਿ ਉਹ ਜੀਪ ਮਗਰ ਆਉਂਦੀ ਉਹਨਾਂ ਨੂੰ ਦਿਸੀ। ਟੈਂਪੂ-ਗੱਡੀ ਨੂੰ ਕੱਟਦੀ ਜੀਪ ਨੇ ਸੜਕ ਰੋਕ ਲਈ। ਜੀਪ ਰੁਕ ਗਈ। ਟੈਂਪੂ-ਗੱਡੀ ਦਾ ਡਰਾਈਵਰ ਘਬਰਾਹਟ ਵਿੱਚ ਸੀ। ਜੀਪ ਵਿੱਚੋਂ ਉੱਤਰ ਕੇ ਥਾਣੇਦਾਰ ਨੇ ਉਹਨੂੰ ਫੋਕਾ ਜਿਹਾ ਧਮਕਾਇਆ ਤੇ ਫੇਰ ਪੁੱਛਿਆ- 'ਕਿਥੋਂ ਚੱਲਿਐਂ?'

'ਜੀ, ਰਾਮੁਪਰੇ ਤੋਂ।'

'ਜਾਣਾ ਕਿਥੇ ਐ?'

'ਮੋਗੇ ਜਨਾਬ।'

'ਇਹ ਸਵਾਰੀਆਂ ਕਿਥੋਂ ਚੁੱਕੀਆਂ ਨੇ?'

'ਬੁੜ੍ਹੀਆਂ ਤਾਂ ਤਿੰਨੇ ਜੀ, ਬਲਾਸਪੁਰ ਤੋਂ ਚੜ੍ਹੀਆਂ ਨੇ। ਬੰਦੇ ਦੋਵੇਂ ਪੱਖੋ ਕੈਂਚੀਆਂ ਤੋਂ?'

'ਪੱਖੋ ਕੈਂਚੀਆਂ ਤੋਂ?'

'ਹਾਂ ਜੀ।'

ਡਰਾਈਵਰ ਨੂੰ ਛੱਡ ਕੇ ਥਾਣੇਦਾਰ ਬੰਦਿਆਂ ਵੱਲ ਹੋਇਆ। ਸ਼ੱਕ ਭਰੀਆਂ ਨਿਗਾਹਾਂ ਨਾਲ ਦੇਖਣ ਲੱਗਿਆ। ਤੇ ਫੇਰ ਅੱਖਾਂ ਦੇ ਇਸ਼ਾਰੇ ਨਾਲ ਦੋਵਾਂ ਨੂੰ ਥੱਲੇ ਉਤਾਰ ਲਿਆ। ਡਰਾਇਵਰ ਨੂੰ ਕਿਹਾ, 'ਤੂੰ ਜਾਹ!'

ਡਰਾਈਵਰ ਨੇ ਟੈਂਪੂ-ਗੱਡੀ ਸਟਾਰਟ ਕੀਤੀ ਤਾਂ ਇੱਕ ਸਿਪਾਹੀ ਉਹਦੇ ਸਟੇਅਰਿੰਗ ਨੂੰ ਹੱਥ ਪਾ ਕੇ ਕਹਿੰਦਾ- 'ਸਾਡੀ ਲੱਸੀ ਭਾਈ ਸਾਅਬ?'

'ਰੁਪਈਏ ਤਾਂ ਸਾਰੇ ਦਸ ਬਣੇ ਨੇ। ਸਾਡਾ ਖ਼ਰਚ ਈ ਮਸਾਂ ਪੂਰਾ ਹੋਊ।'

'ਰਾਮਪੁਰੇ ਤੋਂ ਚੱਲ ਕੇ ਦਸ ਈ?' ਕਿੰਨੀਆਂ ਸਵਾਰੀਆਂ ਲਈਆਂ?' ਸਿਪਾਹੀ ਰੋਅਬ ਵਿੱਚ ਆਉਣ ਲੱਗਿਆ।

'ਅੱਜ ਤਾਂ ਮੰਦਾ ਈ ਐ।' ਤੇ ਫੇਰ ਡਰਾਈਵਰ ਨੇ ਰਾਜਸਥਾਨੀ ਮੁੰਡੇ ਨੂੰ ਕਿਹਾ– 'ਦੋ ਰੁਪਏ ਦੇ ਦੇ ਓਏ, ਨਬੇੜ ਪਰ੍ਹੇ।'

ਸਿਪਾਹੀ ਕਹਿੰਦਾ– 'ਪੰਜ ਕਰਦੇ। ਬੰਦੇ ਤਾਂ ਦੇਖ। ਇੱਕ–ਇੱਕ ਗਲਾਸ ਤਾਂ ਆਵੇ ਲੱਸੀ ਦਾ। ਛੇਤੀ ਕਰ, ਸਰਦਾਰ ਸੁਣੀਂ ਜਾਂਦੈ।'

'ਓਏ ਚੱਲ, ਪੰਜ ਦੇ ਦੇ ਓਏ।' ਡਰਾਈਵਰ ਨੇ ਕਿਹਾ ਤੇ ਮੁੰਡੇ ਤੋਂ ਪੰਜਾਂ ਦਾ ਨੋਟ ਲੈ ਕੇ ਸਿਪਾਹੀ ਵੱਲ ਵਧਾ ਦਿੱਤਾ।

ਟੈਂਪੂ–ਗੱਡੀ ਤੁਰ ਗਈ।

'ਚਲੋ, ਬੈਠੋ ਜੀਪ 'ਚ। ਥਾਣੇਦਾਰ ਨੇ ਗ਼ੁੱਸੇ ਵਿੱਚ ਆਖਿਆ।' 'ਸਰਦਾਰ ਜੀ, ਕਸੂਰ ਤਾਂ ਦੱਸੋ ਸਾਡਾ?' ਮੈਂਗਲ ਨੇ ਹੱਥ ਜੋੜੇ।

'ਸਰਦਾਰ ਜੀ, ਮੈਂ ਤਾਂ ਬੁੱਟਰ ਤਾਈਂ ਜਾਣੈ। ਸਹੁਰੇ ਨੇ ਓਥੇ ਮੇਰੇ।' ਨਿਹਾਲ ਵੀ ਹੱਥ ਬੰਨ੍ਹੀਂ ਖੜ੍ਹਾ ਸੀ।

'ਚੱਲੋ, ਥਾਣੇ ਚੱਲ ਕੇ ਪੁੱਛਦੇ ਆ ਥੋਨੂੰ।' ਥਾਣੇਦਾਰ ਫੇਰ ਆਕੜਿਆ।

ਇੱਕ ਸਿਪਾਹੀ ਨੇ ਮੈਂਗਲ ਦੇ ਮੋਢੇ ਨੂੰ ਹੱਥ ਲਾ ਕੇ ਆਖਿਆ।

'ਕਿਉਂ ਖਾਣੀਆਂ ਨੇ, ਚੁੱਪ ਕਰਕੇ ਬਹਿ ਜਾ ਜੀਪ 'ਚ।'

'ਸਰਦਾਰ ਜੀ, ਤਲਾਸ਼ੀ ਲੈ ਲੋ, ਭੋਰਾ ਨ੍ਹੀਂ ਮੇਰੇ ਕੋਲ ਤਾਂ।' ਮੈਂਗਲ ਨੇ ਪੈਰ ਅੜਾਏ।

ਥਾਣੇਦਾਰ ਸਿਪਾਹੀ ਵੱਲ ਝਾਕਿਆ ਤਾਂ ਉਹਨੇ ਬੈਂਤ ਦਾ ਡੰਡਾ ਮੈਂਗਲ ਦੇ ਮੌਰਾਂ ਉੱਤੇ ਮਾਰਿਆ। ਮੈਂਗਲ ਨੀਵੀਂ ਪਾ ਕੇ ਜੀਪ ਵਿੱਚ ਜਾ ਬੈਠਾ। ਮਗਰ ਹੀ ਨਿਹਾਲ। ਸਿਪਾਹੀ ਉਹਨਾਂ ਦੇ ਪਿੱਛੇ ਉਹਨਾਂ ਦੇ ਨਾਲ ਲੱਗ ਕੇ ਬੈਠ ਗਏ। ਥਾਣੇਦਾਰ ਡਰਾਈਵਰ ਕੋਲ ਬੈਠਾ ਹੋਇਆ ਸੀ। ਜੀਪ ਝਟਕੇ ਨਾਲ ਤੁਰੀ। ਡਰਾਈਵਰ ਥਾਣੇਦਾਰ ਵੱਲ ਝਾਕ ਕੇ ਮੁਸਕਰਾਇਆ ਤੇ ਬੋਲਿਆ, 'ਸਰਦਾਰ ਜੀ, ਕੋਟਾ ਪੂਰਾ ਹੋ ਗਿਆ ਥੋਡਾ ਤਾਂ।'

'ਚੱਲ ਬਦਮਾਸ਼।' ਥਾਣੇਦਾਰ ਨੇ ਡਰਾਈਵਰ ਨੂੰ ਮਿੱਠਾ–ਮਿੱਠਾ ਘੂਰਿਆ।

ਧੂੜ ਦੇ ਬੱਦਲ ਉਡਾਉਂਦੀ ਜੀਪ ਸੜਕ ਉੱਤੇ ਤੇਜ਼ ਭੱਜੀ ਜਾ ਰਹੀ ਸੀ। ਮੈਂਗਲ ਤੇ ਨਿਹਾਲ ਇੱਕ ਦੂਜੇ ਵੱਲ ਚੋਰੀ ਜਿਹਾ ਝਾਕਦੇ ਤੇ ਬੇਬਸ ਹੋ ਕੇ ਰਹਿ ਜਾਂਦੇ। ਉਹ ਕੋਈ ਵੀ ਗੱਲ ਨਹੀਂ ਕਰ ਸਕਦੇ ਸਨ। ਉਹਨਾਂ ਦੀਆਂ ਅੱਖਾਂ ਵਿੱਚ ਸਹਿਮ ਉਤਰਿਆ ਹੋਇਆ ਸੀ। ਜੀਪ ਕਿਸੇ ਵੀ ਅੱਡੇ ਉੱਤੇ ਨਹੀਂ ਰੁਕੀ। ਰਾਹ ਵਿੱਚ ਇੱਕ ਵਾਰੀ ਮੈਂਗਲ ਨੇ ਭਰੜਾਏ ਜਿਹੇ ਬੋਲ ਵਿੱਚ ਥਾਣੇਦਾਰ ਨੂੰ ਪੁੱਛਿਆ– 'ਸਰਦਾਰ ਜੀ, ਦੱਸ ਤਾਂ ਦਿਓ, ਸਾਨੂੰ ਲਿਜਾ ਕਿਥੇ ਰਹੇ ਓ?'

'ਦੱਸੀਏ? ਖੜ੍ਹਾਅ ਓਏ ਜੀਪ।' ਥਾਣੇਦਾਰ ਨੇ ਕਿਹਾ। ਮੈਂਗਲ ਚੁੱਪ ਹੋ ਕੇ ਨੀਵੀਂ ਪਾ ਗਿਆ।

ਅੱਧੇ ਘੰਟੇ ਵਿੱਚ ਜੀਪ ਮੋਗੇ ਸਰਕਾਰੀ ਹਸਪਤਾਲ ਵਿੱਚ ਪਹੁੰਚ ਗਈ। ਥਾਣੇਦਾਰ ਨੇ ਅੱਧਾ ਕਿਲੋ ਅਫੀਮ ਦੋਹਾਂ ਨੂੰ ਦਿਖਾ ਕੇ ਆਖਿਆ– 'ਥੋਡੇ ਨਾਉਂ ਪੈ ਜੂ, ਨਹੀਂ ਚਲੋ ਅੰਦਰ।'

ਉਹ ਸੁੰਨ ਬਣੇ ਖੜ੍ਹੇ ਸਨ।

ਦੋ-ਦੋ ਸਿਪਾਹੀ ਦੋਵਾਂ ਨੂੰ ਮੱਲੋ-ਮੱਲੀ ਡਾਕਟਰ ਕੋਲ ਲੈ ਗਏ। ਡਾਕਟਰੀ-ਅਮਲੇ ਨੇ ਫਟਾ-ਫਟ ਅੰਦਰ ਲਿਜਾ ਕੇ ਦੋਵਾਂ ਦਾ ਨਸਬੰਦੀ ਅਪਰੇਸ਼ਨ ਕਰ ਦਿੱਤਾ। ਸੁਪਨੇ ਵਾਂਗ, ਇਹ ਤਾਂ ਉਹਨਾਂ ਨੂੰ ਪਤਾ ਹੀ ਨਾ ਲੱਗਿਆ ਕਿ ਉਹਨਾਂ ਨਾਲ ਕੀ ਵਾਪਰ ਗਿਆ ਹੈ। ਕਿਸੇ ਜਾਦੂ ਜਿਹੇ ਵਿੱਚ ਉਹ ਪਤਾ ਨਹੀਂ ਇਹ ਸਭ ਕਿਵੇਂ ਸਹਾਰ ਗਏ। ਮੈਂਗਲ ਦੇ ਹੱਥ ਵਿੱਚ ਸਰਟੀਫਿਕੇਟ ਦਿੱਤਾ ਗਿਆ ਤਾਂ ਉਹ ਕਹਿੰਦਾ- 'ਮੈਂ ਤਾਂ ਜੀ ਅਜੇ ਛੜਾ ਈ ਆਂ।'

'ਓਏ, ਛੜਾ ਕੌਣ ਐ ਅੱਜ ਕੱਲ੍ਹ, ਭਲਿਆਮਾਣਸਾ?' ਡਾਕਟਰ ਹੱਸਿਆ। ਤੇ ਫੇਰ ਪੁੱਛਿਆ- 'ਉਮਰ ਕਿੰਨੀ ਐ?'

'ਉਮਰ ਤਾਂ ਜੀ ਪੰਜਾਹ ਤੋਂ ਉੱਤੇ ਈ ਹੋਊ।' ਮੈਂਗਲ ਨੇ ਦੱਸਿਆ।

'ਬਸ ਫੇਰ! ਹੁਣ ਕਿਹੜਾ ਵਿਆਹ ਕਰਵੌਣੈ ਤੂੰ?' ਤੇ ਫੇਰ ਡਾਕਟਰ ਸ਼ੂਗਰ ਕਰਨ ਲੱਗਿਆ- 'ਮੈਂਗਲ ਸਿਆਂ, ਦੀਹਦਾ ਤਾਂ ਨ੍ਹੀਂ ਪੰਜਾਹਾਂ ਦਾ। ਚਾਲੀਆਂ ਤੋਂ ਵੱਧ ਨ੍ਹੀਂ ਲੱਗਦਾ' ਮੈਂਗਲ ਹੱਸਿਆ ਨਹੀਂ। ਉਹ ਸੁੰਨ-ਮਿੱਟੀ ਬਣਿਆ ਖੜ੍ਹਾ ਸੀ। ਸਰਟੀਫ਼ਿਕੇਟ ਪੂਣੀ ਬਣਾ ਕੇ ਉਹਨੇ ਹੱਥ ਵਿੱਚ ਫੜ ਲਿਆ ਹੋਇਆ ਸੀ। ਬਿੰਟੇ-ਝੱਟ ਉਹਨੂੰ ਨੱਕ ਦੀ ਕੁੰਬਲੀ ਨਾਲ ਛੁਹਾਉਂਦਾ ਤੇ ਅੱਖਾਂ ਪਾੜ-ਪਾੜ ਏਧਰ ਓਧਰ ਝਾਕਦਾ, ਜਿਵੇਂ ਆਪਣੇ ਆਪ ਨੂੰ ਲੱਭ ਰਿਹਾ ਹੋਵੇ।

ਨਿਹਾਲ ਰੋ ਰਿਹਾ ਸੀ। ਉਹਦਾ ਜੀਅ ਕਰਦਾ ਸੀ, ਉਹ ਉੱਚੀ ਦੇ ਕੇ ਚੀਕ ਮਾਰੇ ਤੇ ਦੱਸੇ....ਪਰ ਉਥੇ ਉਹਦੀ ਗੱਲ ਸੁਣਨ ਵਾਲਾ ਕੌਣ ਸੀ? ਸਭ ਤੁਰਦੇ ਫਿਰਦੇ ਲੋਕ ਉਹਨੂੰ ਜ਼ਾਲਮ ਨਜ਼ਰ ਆਏ। ਉਹਨੂੰ ਲੱਗਿਆ, ਜਿਵੇਂ ਉਹ ਕਤਲ ਹੋ ਗਿਆ ਹੋਵੇ। ਉਹਦੇ ਅੰਬ ਪਤਾ ਨਹੀਂ ਕਿਥੇ ਰਹਿ ਗਏ ਸਨ।

ਡਾਕਟਰ ਤੋਂ ਆਪਣੇ ਦੋ ਕੇਸਾਂ ਦਾ ਸਰਟੀਫ਼ਿਕੇਟ ਲੈ ਕੇ ਥਾਣੇਦਾਰ ਹੱਸਦਾ ਖੇਡਦਾ ਮੈਂਗਲ ਕੋਲ ਆਇਆ ਤੇ ਉਹਦੇ ਨਾਲ ਹੱਥ ਮਿਲਾ ਕੇ ਕਹਿਣ ਲੱਗਿਆ- 'ਮੈਂਗਲ ਸਿਆਂ, ਜਾਓ ਹੁਣ ਪਿੰਡਾਂ ਨੂੰ, ਬੱਸ ਮਿਲ ਜੂ 'ਗੀ। ਨਹੀਂ ਤਾਂ ਖੁਆਰ ਹੁੰਦੇ ਫਿਰੋਗੇ। ਸ਼ਹਿਰ ਦਾ ਮਾਮਲੈ।'

ਥਾਣੇਦਾਰ ਨੇ ਨਿਹਾਲ ਵੱਲ ਹੱਥ ਕੱਢਿਆ ਤਾਂ ਨਿਹਾਲ ਨੇ ਥਾਣੇਦਾਰ ਦਾ ਹੱਥ ਝੰਜਕ ਦਿੱਤਾ। ਥਾਣੇਦਾਰ ਕੱਚਾ ਹੋ ਕੇ ਇੱਕ ਪਾਸੇ ਨੂੰ ਤੁਰ ਪਿਆ। ਉਹਦੀ ਪਿੱਠ ਵਿੱਚ ਨਿਹਾਲ ਦੀਆਂ ਤੇਜ਼ ਵੱਢ-ਖਾਣੀਆਂ ਅੱਖਾਂ ਖੁਭੀਆਂ ਹੋਈਆਂ ਸਨ।

ਸੂਰਜ ਡੁੱਬਣ ਵਾਲਾ ਸੀ। ਧੂੜ ਭਰੀ ਹਵਾ ਚੱਲ ਰਹੀ ਸੀ। ਬਰਨਾਲੇ ਨੂੰ ਜਾਂਦੀ ਆਖ਼ਰੀ ਬੱਸ ਵਿੱਚ ਉਹ ਇਕੋ ਸੀਟ ਉੱਤੇ ਬੈਠੇ ਫਟੀਆਂ-ਫਟੀਆਂ ਅੱਖਾਂ ਨਾਲ ਸਵਾਰੀਆਂ ਵੱਲ ਝਾਕ ਰਹੇ ਸਨ। ਬੱਸ ਚੱਲੀ ਤਾਂ ਮੈਂਗਲ ਅੱਖਾਂ ਪੂੰਝ ਕੇ ਨਿਹਾਲ ਵੱਲ ਝੁਕਿਆ ਤੇ ਉਹਨੂੰ ਕਹਿਣ ਲੱਗਿਆ, 'ਮੇਰਾ ਤਾਂ ਕੁਛ ਨ੍ਹੀਂ ਨਿਹਾਲ, ਤੇਰਾ ਬਹੁਤ ਮਾੜਾ ਹੋਇਆ।' ♦

# ਰੁਖ

ਉਹਨੂੰ ਕਿਸੇ ਨੇ ਦੱਸ ਪਾਈ ਕਿ ਮਲੋਟ ਮੰਡੀ ਇੱਕ ਮੁੰਡਾ ਹੈ। ਦਸਵੀਂ ਪਾਸ ਤੇ ਕਪਾਹ ਦੇ ਕਾਰਖਾਨੇ ਵਿੱਚ ਨੌਕਰੀ ਉੱਤੇ ਲੱਗਿਆ ਹੋਇਆ। ਪੰਜ ਸੌ ਰੁਪਿਆ ਤਨਖਾਹ। ਬਾਪ ਕੱਪੜੇ ਦੀ ਦੁਕਾਨ ਕਰਦਾ ਹੈ। ਦੋ ਮੁੰਡੇ ਨੇ, ਵੱਡਾ ਵਿਆਹਿਆ ਹੋਇਆ ਹੈ। ਬੰਦੇ ਨੇ ਆਖਿਆਂ ਸੀ ਕਿ ਉਹ ਇੱਕ ਵਾਰੀ ਜਾ ਕੇ ਮੁੰਡਾ ਦੇਖ ਆਵੇ। ਮੁੰਡੇ ਦੇ ਬਾਪ ਨਾਲ ਗੱਲਾਂ ਬਾਤਾਂ ਕਰ ਲਵੇ। ਘਰ-ਬਾਰ ਵੀ ਨਿਗਾਹ ਵਿੱਚ ਦੀ ਨਿਕਲ ਜਾਵੇਗਾ। ਉਹਨੂੰ ਗੱਲ ਜਚੀ ਤਾਂ ਉਹ ਵਿੱਚ ਪੈ ਜਾਵੇਗਾ। ਗੱਲ ਨੂੰ ਸਿਰੇ ਲਾ ਦੇਵੇਗਾ।

ਰਾਮ ਕਿਸ਼ਨ ਨੂੰ ਹੋਰ ਕੀ ਚਾਹੀਦਾ ਸੀ। ਮੁੰਡਾ ਦਸਵੀਂ ਪਾਸ ਹੈ ਤੇ ਕੰਮ ਉੱਤੇ ਲੱਗਿਆ ਹੋਇਆ। ਇਹੀ ਤਾਂ ਉਹ ਚਾਹੁੰਦਾ ਸੀ। ਉਹਦੀ ਕੁੜੀ ਅੱਠਵੀਂ ਫੇਲ੍ਹ ਸੀ। ਅੱਠਵੀਂ ਫੇਲ੍ਹ ਨੂੰ ਤਾਂ ਇਹੋ ਜਿਹਾ ਹੀ ਕੋਈ ਮਿਲੇਗਾ। ਇਹੋ ਜਿਹਾ ਮਿਲ ਜਾਵੇ ਤਾਂ ਕੀ ਮਾੜਾ। ਮੁੰਡਾ ਆਪਣੀ ਰੋਟੀ ਆਪ ਕਮਾਉਂਦਾ ਹੋਵੇ, ਬਸ ਠੀਕ ਹੈ। ਤੇ ਉਹਨੇ ਸੋਚਿਆ, ਕਿਹੜਾ ਇਹ ਇਕੱਲੀ ਹੈ। ਦੋ ਹੋਰ ਬੈਠੀਆਂ ਨੇ। ਹੁਣ ਤਾਂ ਉਹ ਵੀ ਮੁਟਿਆਰ ਹੋ ਚੱਲੀਆਂ ਹਨ। ਚਾਹੇ ਅੱਜ ਕੋਈ ਇਨ੍ਹਾਂ ਨੂੰ ਵਿਆਹ ਕੇ ਲੈ ਜਾਵੇ। ਵਿਚਕਾਰਲੀ ਦਸ ਪਾਸ ਹੈ ਤੇ ਗਿਆਨੀ ਦੇ ਇਮਤਿਹਾਨ ਦੀ ਤਿਆਰੀ ਕਰ ਰਹੀ ਹੈ। ਛੋਟੀ ਦਸਵੀਂ ਵਿੱਚ ਪੜ੍ਹਦੀ ਹੈ। ਭਾਵੇਂ ਦਸਵੀਂ ਵਿੱਚ ਹੀ ਹੈ, ਪਰ ਹੈ ਤਾਂ ਅਠਾਰਾਂ ਸਾਲ ਦੀ। ਕੋਠੇ ਜੇਡੀ ਲੱਗਦੀ ਹੈ। ਕੁੜੀ ਤੇ ਤੋਰੀ ਦੀ ਵੇਲ ਦਾ ਕੀ ਟਕਾਣਾ, ਨਿੱਤ ਗਿੱਠ ਵਾਰ ਆਉਂਦਾ ਹੈ। ਪਰ ਉਹ ਪਹਿਲਾਂ ਵੱਡੀ ਦਾ ਜੂੜ ਵੱਢੇ। ਉਹ ਘਰੋਂ ਤੁਰੇ ਤਾਂ ਉਹ ਅਗਲੀ ਬਾਰੇ ਸੋਚੇ। ਉਹਨੇ ਕੀ ਲੈਣਾ ਹੈ, ਉਸ ਦੀਆਂ ਗਿਆਨੀਆਂ ਤੋਂ। ਵਿਆਹੇ ਤੇ ਪਰ੍ਹੇ ਕਰੇ। ਆਪਣੇ ਕਰਮ ਭੋਗਣੇ ਹੁੰਦੇ ਨੇ। ਤਿੰਨੇ ਕੁੜੀਆਂ ਵਿਆਹੀਆਂ ਜਾਣ ਤਾਂ ਉਹ ਸੁਰਖ਼ਰੂ ਹੋ ਕੇ ਬੈਠ ਜਾਵੇਗਾ। ਘਰ ਵਿੱਚ ਇੱਕ ਮਾਂ ਹੈ। ਅਜੇ ਤਾਂ ਤਗੜੀ ਹੈ। ਰੋਟੀ ਟੁੱਕ ਦਾ ਸਾਂਭ ਕਰ ਲੈਂਦੀ ਹੈ। ਉਹ ਆਪਣੀ ਨੌਕਰੀ ਕਰਦਾ ਰਹੇਗਾ। ਦੋਵੇਂ ਮਾਂ-ਪੁੱਤ ਪਕੌਣਗੇ ਤੇ ਖਾਣਗੇ।

ਉਹ ਹਉਕਾ ਲੈਂਦਾ, ਉਹਦੀ ਇਹ ਕੁੜੀ ਵੀ ਜੇ ਦਸ ਜਮਾਤਾਂ ਪਾਸ ਕਰ ਜਾਂਦੀ ਤਾਂ ਉਹ ਇਹਨੂੰ ਕੋਈ ਨਿੱਕੀ ਮੋਟੀ ਟਰੇਨਿੰਗ ਕਰਵਾ ਦਿੰਦਾ। ਟਰੇਂਡ ਕੁੜੀ ਨੂੰ ਤਾ ਵਧੀਆ ਮੁੰਡਾ ਲੱਭਦਾ। ਚੰਗੀ ਨੌਕਰੀ ਉੱਤੇ ਲੱਗਿਆ ਹੋਇਆ। ਸਰਕਾਰੀ ਨੌਕਰੀ ਵਾਲਾ। ਉਹ ਜ਼ਮਾਨਾ ਤਾਂ ਰਿਹਾ ਹੀ ਨਹੀਂ। ਹੁਣ ਤਾਂ ਪੜ੍ਹੇ ਲਿਖੇ ਤੇ ਨੌਕਰੀਆਂ ਉੱਤੇ ਲੱਗੇ ਮੁੰਡੇ ਪੜ੍ਹੀ ਲਿਖੀ ਤੇ ਨੌਕਰੀ ਉੱਤੇ ਲੱਗੀ ਕੁੜੀ ਹੀ ਭਾਲਦੇ ਹਨ ਤਾਂ ਕਿ ਉਹ ਬਰਾਬਰ ਦਾ ਕਮਾਵੇ ਤੇ ਘਰ ਦੀ ਆਰਥਿਕ ਦਸ਼ਾ ਠੀਕ ਰਹੇ। ਪਰ ਉਹ ਕੀ ਕਰਦਾ ਇਸ

ਅਠਵੀਂ ਫੇਲ੍ਹ ਕੁੜੀ ਦਾ। ਇਸ ਕੁੜੀ ਨੂੰ ਤਾਂ ਹੁਣ ਐਸਾ ਵੈਸਾ ਹੀ ਕੋਈ ਮੁੰਡਾ ਮਿਲੇਗਾ, ਉਹ ਸੋਚਦਾ।

ਕੁੜੀ ਵਿਚਾਰੀ ਦਾ ਵੀ ਕੋਈ ਕਸੂਰ ਨਹੀਂ ਸੀ। ਕੁੜੀ ਦੀ ਮਾਂ ਦੋ ਸਾਲ ਪੇਟ ਦੀ ਬੀਮਾਰੀ ਨਾਲ ਮੰਜੇ ਉੱਤੇ ਪਈ ਰਹੀ। ਘਰ ਦਾ ਸਾਰਾ ਕੰਮ ਇਸ ਕੁੜੀ ਦੇ ਸਿਰ ਆ ਪਿਆ। ਘਰ ਦਾ ਕੰਮ ਕਰੇ ਜਾਂ ਸਕੂਲ ਜਾਵੇ। ਕਦੇ ਸਕੂਲ ਜਾਂਦੀ, ਕਦੇ ਨਾ ਜਾਂਦੀ। ਅਖੀਰ ਅਠਵੀਂ ਵਿੱਚੋਂ ਫੇਲ੍ਹ ਹੋ ਕੇ ਘਰ ਬੈਠ ਗਈ। ਮਾਂ ਵੀ ਨਾ ਬਚੀ, ਪੇਟ ਦੀ ਬੀਮਾਰੀ ਦਾ ਕੋਈ ਇਲਾਜ ਨਾ ਹੋ ਸਕਿਆ। ਲੁਧਿਆਣੇ ਜਾ ਕੇ ਪਤਾ ਲੱਗਿਆ ਕਿ ਇਹ ਤਾਂ ਕੈਂਸਰ ਹੈ। ਕੈਂਸਰ ਦਾ ਕੀ ਇਲਾਜ ਹੁੰਦਾ। ਕੈਂਸਰ ਤਾਂ ਮੌਤ ਦਾ ਦੂਜਾ ਨਾਉਂ ਹੁੰਦਾ ਹੈ। ਉਹਦੇ ਪੇਟ ਦਾ ਅਪਰੇਸ਼ਨ ਕੀਤਾ ਗਿਆ ਤੇ ਉਹ ਓਥੇ ਹਸਪਤਾਲ ਵਿੱਚ ਹੀ ਮਰ ਗਈ। ਰਾਮ ਕਿਸ਼ਨ ਪਤਨੀ ਦੀ ਲੋਥ ਚੁੱਕ ਕੇ ਘਰ ਲੈ ਆਇਆ ਸੀ।

ਤੇ ਹੁਣ ਘਰ ਵਿੱਚ ਇਹ ਤਿੰਨ ਕੁੜੀਆਂ ਸਨ ਤੇ ਜਾਂ ਰਾਮ ਕਿਸ਼ਨ ਦੀ ਬੁੱਢੀ ਮਾਂ। ਪਤਨੀ ਦੀ ਮੌਤ ਬਾਅਦ ਉਹ ਆਪਣੀ ਮਾਂ ਨੂੰ ਪਿੰਡ ਤੋਂ ਲੈ ਆਇਆ ਸੀ। ਮਾਂ ਪਿੰਡ ਛੋਟੇ ਮੁੰਡਿਆਂ ਕੋਲ ਰਹਿੰਦੀ ਹੁੰਦੀ ਸੀ। ਕੁੜੀਆਂ ਦਾ ਮਾਮਲਾ ਸੀ, ਉਹ ਇਕੱਲੀਆਂ ਰਹਿ ਗਈਆਂ ਸਨ, ਘਰ ਵਿੱਚ ਬੁੜ੍ਹੀ ਤਾਂ ਕੋਈ ਜ਼ਰੂਰੀ ਸੀ। ਹੁਣ ਤਾਂ ਉਹਦੀ ਜ਼ਿੰਦਗੀ ਦਾ ਇਹੀ ਆਖ਼ਰੀ ਮਕਸਦ ਰਹਿ ਗਿਆ ਸੀ। ਕਿ ਉਹ-ਤਿੰਨੇ ਕੁੜੀਆਂ ਨੂੰ ਘਰੋਂ ਤੋਰੇ ਤੇ ਸੁਰਖ਼ਰੂ ਹੋ ਕੇ ਬਾਕੀ ਜ਼ਿੰਦਗੀ ਬਤੀਤ ਕਰੇ।

ਇੱਕ ਦਿਨ ਉਹਨੇ ਸਵੇਰ ਦੀ ਹੀ ਗੱਡੀ ਫੜੀ ਤੇ ਬਠਿੰਡੇ ਪਹੁੰਚ ਗਿਆ। ਬਠਿੰਡੇ ਤੋਂ ਬੱਸ ਲੈ ਕੇ ਮਲੋਟ ਜਾ ਉੱਤਰਿਆ। ਮੰਡੀ ਦੇ ਵਿਚਕਾਰ ਜਿਹੇ ਜਾ ਕੇ ਉਹਨੇ ਮੁਹੱਲੇ ਦਾ ਨਾਉਂ ਲੈ ਕੇ ਇੱਕ ਦੁਕਾਨਦਾਰ ਤੋਂ ਸਤਪਾਲ ਦਾ ਮਕਾਨ ਪੁੱਛਿਆ। ਉਹ ਤਾਂ ਓਸੇ ਮੁਹੱਲੇ ਵਿੱਚ ਖੜ੍ਹਾ ਸੀ ਤੇ ਸਾਹਮਣੇ ਵਾਲੀ ਗਲੀ ਵਿੱਚ ਸਤਪਾਲ ਦਾ ਮਕਾਨ ਸੀ। ਹਾਕ ਮਾਰ ਕੇ ਉਹਨੇ ਦਰਵਾਜ਼ਾ ਖੜਕਾਇਆ। ਇੱਕ ਛੋਟੀ ਕੁੜੀ ਅੰਦਰੋਂ ਆਈ। ਪੁੱਛਣ ਲੱਗੀ- 'ਕੀ ਐ, ਭਾਈ?'

'ਸਤਪਾਲ ਜੀ ਘਰੇ ਨੇ?' ਰਾਮ ਕਿਸ਼ਨ ਨੇ ਮੁਸਕਰਾ ਕੇ ਪੁੱਛਿਆ।

'ਉਹ ਤਾਂ ਦੁਕਾਨ 'ਤੇ ਹੋਣਗੇ।'

'ਹੋਰ ਕੌਣ ਐ ਘਰੇ?'

ਛੋਟੀ ਕੁੜੀ ਅੰਦਰ ਚਲੀ ਗਈ। ਅੰਦਰੋਂ ਇੱਕ ਔਰਤ ਬਾਹਰ ਆਈ। ਪੁੱਛਿਆ- 'ਤੁਸੀਂ ਕੀਹਨੂੰ ਮਿਲਣੈ, ਭਰਾ ਜੀ?'

'ਸਤਪਾਲ ਜੀ ਨੂੰ ਮਿਲਣੈ, ਕਿਥੇ ਨੇ?'

'ਤੁਸੀਂ, ਭਰਾ ਜੀ ਕਿਥੋਂ ਆਏ ਓ?'

'ਰਾਮਪੁਰਾ ਫੂਲ ਤੋਂ। ਮੈਨੂੰ ਭੁੱਚੋ ਮੰਡੀ ਆਲੇ ਨੰਦ ਰਾਮ ਨੇ ਭੇਜਿਐ।' ਰਾਮ ਕਿਸ਼ਨ ਨੇ ਦੱਸਿਆ।

ਔਰਤ ਕੁਝ-ਕੁਝ ਸਮਝ ਗਈ ਤੇ ਉਹਨੂੰ ਅੰਦਰ ਬੈਠਕ ਵਿੱਚ ਬਿਠਾ ਲਿਆ। ਕੁੜੀ ਨੂੰ ਆਖਿਆ ਕਿ ਉਹ ਦੁਕਾਨ ਤੋਂ ਆਪਣੇ ਬਾਬਾ ਜੀ ਨੂੰ ਸੱਦ ਲਿਆਵੇ। ਆਖੇ ਕੋਈ ਆਇਆ ਹੈ।

ਸੱਤਪਾਲ ਭੱਜਿਆ-ਭੱਜਿਆ ਦੁਕਾਨ ਤੋਂ ਆਇਆ। ਰਾਮ ਕਿਸ਼ਨ ਨਾਲ ਹੱਥ ਮਿਲਾਇਆ। ਰਾਮ ਕਿਸ਼ਨ ਨੇ ਨੰਦ ਰਾਮ ਦਾ ਨਾਉਂ ਲਿਆ ਤਾਂ ਉਹ ਧੰਨ ਭਾਗ....ਧੰਨ ਭਾਗ ਕਰਨ ਲੱਗਿਆ। ਰਾਮ ਕਿਸ਼ਨ ਨੂੰ ਲੱਗਿਆ, ਜਿਵੇਂ ਉਸ ਨੇ ਪਹਿਲਾਂ ਵੀ ਕਦੇ ਸਤਪਾਲ ਨੂੰ ਦੇਖਿਆ ਹੋਵੇ। ਇਕ ਜਾਣਿਆ-ਪੁਛਾਣਿਆ ਜਿਹਾ ਚਿਹਰਾ। ਉਹ ਦਿਮਾਗ਼ ਉੱਤੋਂ ਜ਼ੋਰ ਪਾ ਕੇ ਯਾਦ ਕਰਨ ਲੱਗਿਆ, ਉਸ ਨੇ ਕਦੋਂ ਦੇਖਿਆ ਸੀ ਇਸ ਚਿਹਰੇ ਨੂੰ? ਪਰ ਨਾਂਹ ਉਸ ਨੂੰ ਕੁਝ ਵੀ ਯਾਦ ਨਾ ਆਇਆ। ਕਈ ਵਾਰ ਚਿਹਰੇ ਮਿਲਦੇ ਜੁਲਦੇ ਵੀ ਤਾਂ ਹੁੰਦੇ ਨੇ। ਕਿਸੇ ਹੋਰ ਚਿਹਰੇ ਦੀ ਸ਼ਕਲ ਅਚੇਤ ਮਨ ਵਿੱਚ ਬੈਠੀ ਹੁੰਦੀ ਹੈ। ਫੇਰ ਉਹ ਸ਼ਕਲ ਯਾਦ ਨਹੀਂ ਰਹਿ ਗਈ ਹੁੰਦੀ।

ਰਾਮ ਕਿਸ਼ਨ ਨੇ ਗੱਲ ਤੋਰੀ। ਸੱਤਪਾਲ ਨੰਦ ਰਾਮ ਦੀ ਤਾਰੀਫ਼ ਕਰਨ ਲੱਗਿਆ। ਤੇ ਫੇਰ ਓਹੀ....ਧੰਨ ਭਾਗ, ਧੰਨ ਭਾਗ। ਇੱਕ ਵਾਰ ਵਿਚਕਾਰ ਹੀ ਗੱਲ ਛੱਡ ਕੇ ਸਤਪਾਲ ਬੈਠਕ ਵਿੱਚੋਂ ਬਾਹਰ ਵਿਹੜੇ ਵਿੱਚ ਆਇਆ ਤੇ ਬੈਠਕ ਦੇ ਬਾਰ ਦੀ ਕੰਧ ਨਾਲ ਲੱਗ ਕੇ ਉਹਨਾਂ ਦੀਆਂ ਗੱਲਾਂ ਸੁਣਦੀ ਆਪਣੀ ਘਰ ਵਾਲੀ ਨੂੰ ਕਹਿਣ ਲੱਗਿਆ....'ਛੋਟੀ ਕੁੜੀ ਨੂੰ ਭੇਜ, ਕਾਰਖ਼ਾਨੇ ਜਾ ਕੇ ਬਿੱਟੂ ਨੂੰ ਸੱਦ ਲਿਆਊਗੀ। ਉਹਨੂੰ ਆਏ ਨੂੰ ਆਖੀਂ, ਮੂੰਹ ਧੋ ਕੇ ਨਵੇਂ ਕਪੜੇ ਪਾਲੂਗਾ।' ਤੇ ਫੇਰ ਸੱਤਪਾਲ ਨੇ ਪੰਜਾਂ ਦਾ ਇੱਕ ਨੋਟ ਆਪਣੀ ਜੇਬ ਵਿੱਚੋਂ ਕੱਢ ਕੇ ਘਰ ਵਾਲੀ ਨੂੰ ਫੜਾਇਆ। ਕਹਿੰਦਾ-ਤੂੰ ਹਲਵਾਈ ਦੀ ਦੁਕਾਨ 'ਤੇ ਜਾ ਕੇ ਖਾਣ ਨੂੰ ਕੋਈ ਨਿੱਕ-ਸੁੱਕ ਲੈ ਆ। ਬਹੂ ਨੂੰ ਕਹਿ, ਸਟੋਵ ਬਾਲ ਕੇ ਚਾਹ ਧਰ ਲੂਗੀ। ਵਿੱਚ ਇੱਕ ਲੌਂਗ ਤੇ ਦੋ ਲੈਚੀਆਂ ਕੁੱਟ ਕੇ ਪਾ ਲਵੇ। ਘਰੇ ਹੋਣਗੀਆਂ ਲੌਂਗ ਲੈਚੀਆਂ, ਮੇਰੀ ਜਾਣ 'ਚ। ਮੈਂ ਬੈਠਾ ਇਹਦੇ ਕੋਲ, ਬੈਠਕ 'ਚ।'

ਉਹ ਆਪਣੀਆਂ ਗੱਲਾਂ ਮੁਕਾ ਕੇ ਹੁਣ ਏਧਰ ਓਧਰ ਦੀਆਂ ਗੱਲਾਂ ਮਾਰ ਰਹੇ ਸਨ। ਰਾਮ ਕਿਸ਼ਨ ਦੀ ਇੱਕੋ ਚਾਹ ਕਿ ਉਹ ਮੁੰਡੇ ਨੂੰ ਨਿਗਾਹ ਵਿੱਚ ਦੀ ਕੱਢ ਲਵੇ। ਬਾਕੀ ਤਾਂ ਸਭ ਠੀਕ ਹੀ ਹੈ, ਲਗਭਗ।

ਟਰੇਅ ਵਿੱਚ ਚਾਹ ਧਰ ਕੇ ਮੁੰਡਾ ਹੀ ਲਿਆਇਆ। ਰਾਮ ਕਿਸ਼ਨ ਨੂੰ ਦੇਖਣ ਚਾਖਣ ਤੋਂ ਮੁੰਡਾ ਠੀਕ ਲੱਗਿਆ। ਉਹਨੇ ਸੋਚਿਆ, ਹੋਰ ਕਿਹੋ ਜਿਹੇ ਹੁੰਦੇ ਨੇ ਮੁੰਡੇ। ਮੁੰਡਾ ਬਣਦਾ ਤਣਦਾ ਹੈ। ਉਹਦੀ ਆਪਣੀ ਕੁੜੀ ਕਿਹੜਾ ਪੰਜ ਫੁਲਾਂ ਰਾਣੀ ਐ। ਜੋੜੀ ਠੀਕ ਬਣੇਗੀ। ਟਰੇਅ ਵਿੱਚ ਦੋ ਕੱਪ ਦੇਖ ਕੇ ਰਾਮ ਕਿਸ਼ਨ ਨੇ ਕਿਹਾ- 'ਤੂੰ ਵੀ ਲਿਆ ਬਈ ਆਪਣਾ ਕੱਪ। ਤੂੰ ਵੀ ਪੀ ਚਾਹ।' ਮੁੰਡਾ ਨਹੀਂ-ਨਹੀਂ ਕਰਨ ਲੱਗਿਆ। ਅਖ਼ੀਰ ਸੱਤਪਾਲ ਨੇ ਹੀ ਆਖ ਦਿੱਤੀ ਕਿ ਉਹ ਇੱਕ ਪਿਆਲੀ ਹੋਰ ਲੈ ਆਵੇ। ਰਾਮ ਕਿਸ਼ਨ ਦਾ ਮਤਲਬ ਸੀ ਕਿ ਮੁੰਡਾ ਚਾਹ ਪੀਣ ਬਹਾਨੇ ਉਹਨਾਂ ਕੋਲ ਬੈਠੇਗਾ ਤਾਂ ਉਹ ਉਹਦੇ ਨਾਲ ਇੱਕ ਅੱਧ ਗੱਲ ਕਰੇਗਾ। ਗੱਲਾਂ ਕਰਨ ਨਾਲ ਮੁੰਡੇ ਦੀ ਅਕਲ ਦਾ ਪਤਾ ਵੀ ਲੱਗ ਜਾਵੇਗਾ। ਕਿਤੇ ਬੁੱਧੂ ਹੀ ਨਾ ਹੋਵੇ। ਪਰ ਨਹੀਂ, ਅਜਿਹੀ ਲੱਗ ਨਹੀਂ ਸੀ। ਉਹ ਭੁੱਟ-ਭੁੱਟ ਬੋਲਦਾ ਤੇ ਸਿਆਣੇ ਜਵਾਬ ਦੇ ਰਿਹਾ ਸੀ।

ਰਾਮ ਕਿਸ਼ਨ ਨੇ ਪੁੱਛਿਆ- 'ਕਾਕਾ, ਦਸਵੀਂ ਐਥੋਂ ਦੇ ਸਕੂਲ 'ਚ ਈ ਕੀਤੀ ਸੀ? ਡਵੀਜ਼ਨ ਕਿਹੜੀ ਐ?'

'ਡਵੀਜ਼ਨ ਤਾਂ ਜੀ ਸੈਕਿੰਡ ਈ ਰਹਿ ਗਈ ਸੀ। ਅਸਲ 'ਚ ਇਹਨੂੰ ਇਹਦੀ ਭੂਆ ਲੈ ਗਈ ਸੀ ਆਪਣੇ ਕੋਲ, ਗਿੱਦੜਬਾਹੇ। ਬਗ਼ਾਨੇ ਘਰ ਅਹਿਓ ਜ੍ਹੀ ਈ ਹੁੰਦੀ ਐ ਪੜ੍ਹਾਈ।' ਸੱਤਪਾਲ ਨੇ ਜਵਾਬ ਦਿੱਤਾ।

'ਕਿਉਂ ਜੀ, ਐਥੇ ਮਲੋਟ ਕਿਉਂ ਨਾ ਪੜ੍ਹਾਇਆ ਤੁਸੀਂ ਇਹਨੂੰ?'

'ਉਹ ਜੀ, ਸਾਡੀ ਭੈਣ ਵਿਧਵਾ ਹੋ ਗਈ ਸੀ। ਉਹਦੇ ਦੋ ਕੁੜੀਆਂ ਨੇ। ਉਹ ਇਹਨੂੰ ਲੈ ਗਈ ਫੇਰ। ਅਖੇ ਮੈਂ ਰੱਖੂੰਗੀ ਇਹਨੂੰ ਤਾਂ । ਪਰ ਇਹਨੇ ਦਸਵੀਂ ਤਾਂ ਓਥੇ ਕਰ 'ਲੀ, ਜੀਅ ਨ੍ਹੀਂ ਲਾਇਆ। ਐਥੇ ਆ ਗਿਆ ਬੱਸ, ਆਖੇ ਨੌਕਰੀ ਕਰਨੀ ਐ ਮੈਂ ਤਾਂ। ਮੈਂ ਕਿਹਾ-ਚੰਗਾ ਭਾਈ, ਤੇਰੀ ਮਰਜ਼ੀ।'

'ਥੋਡੀ ਉਹ ਭੈਣ ਵਿਧਵਾ ਕਦੋਂ ਹੋ 'ਗੀ ਸੀ ਜੀ?' ਰਾਮ ਕਿਸ਼ਨ ਹਮਦਰਦੀ ਵਜੋਂ ਪੁੱਛਣ ਲੱਗਿਆ।

'ਉਹ ਜੀ, ਪਰੌਣਾ ਸਾਡਾ ਸ਼ਰਾਬੀ ਸੀ। ਟਿਕ ਕੇ ਕੋਈ ਕੰਮ ਤਾਂ ਕਰਦਾ ਨ੍ਹੀਂ ਸੀ। ਕਦੇ ਇੱਟਾਂ ਦੇ ਭੱਠੇ 'ਤੇ ਮੁਣਸ਼ੀ ਲੱਗ ਗਿਆ, ਕਦੇ ਸ਼ਰਾਬ ਦੇ ਠੇਕੇ 'ਤੇ ਕਰਿੰਦਾ। ਕਦੇ ਕਿਸੇ ਦੁਕਾਨ 'ਤੇ ਕੰਮ ਕਰਦਾ, ਕਦੇ ਕਿਸੇ ਦੁਕਾਨ 'ਤੇ। ਪਰ ਸ਼ਰਾਬ ਨਿੱਤ ਪੀਂਦਾ। ਆਥਣੇ ਆ ਕੇ ਕੁੜੀ ਨੂੰ ਕੁੱਟਦਾ ਮਾਰਦਾ। ਉਹ ਤਾਂ ਜੀ ਮਰਿਆ ਈ ਚੰਗਾ ਸੀ। ਉਸਦਾ ਕੋਈ ਸੁਖ ਨ੍ਹੀਂ ਸੀ, ਸਾਡੀ ਕੁੜੀ ਨੂੰ।'

'ਫੇਰ ਤਾਂ ਜੀ ਬੜਾ.....'

'ਕਿਸਮਤ ਦੀਆਂ ਗੱਲਾਂ ਹੁੰਦੀਆਂ ਨੇ, ਭਾਈ ਸਾਅਬ। ਤਿੰਨ ਸਾਲ ਭਾਈ ਰੂਪੇ ਮੰਗੀ ਰਹੀ। ਓਥੇ ਵਿਆਹੀ ਜਾਂਦੀ ਤਾਂ ਕਾਹਨੂੰ ਪਹੁੰਚਦੀ ਉਹ ਇਸ ਮੁਸੀਬਤ ਨੂੰ।'

ਭਾਈ ਰੂਪੇ ਦਾ ਨਾਉਂ ਸੁਣ ਕੇ ਰਾਮ ਕਿਸ਼ਨ ਨੇ ਕੰਨ ਚੁੱਕੇ। ਝਟ ਪੁੱਛਿਆ- 'ਭਾਈ ਰੂਪੇ ਜੀ?'

ਬਿੱਟੂ ਉੱਠ ਕੇ ਜਾ ਚੁੱਕਿਆ ਸੀ। ਟਰੇਅ ਵੀ ਲੈ ਗਿਆ। ਮਾਂ ਨਾਲ ਕੋਈ ਗੱਲ ਕੀਤੀ ਤੇ ਕਾਰਖ਼ਾਨੇ ਨੂੰ ਆਪਣੇ ਕੰਮ ਉੱਤੇ ਚਲਿਆ ਗਿਆ।

ਹਾਲੇ ਤਕ ਸਤਪਾਲ ਨੇ ਘਰ ਆਏ ਮਹਿਮਾਨ ਦਾ ਨਾਉਂ ਨਹੀਂ ਪੁੱਛਿਆ ਸੀ ਤੇ ਨਾ ਹੀ ਇਹ ਕਿ ਉਹ ਰਾਮਪੁਰਾ ਫੂਲ ਸ਼ੁਰੂ ਤੋਂ ਹੀ ਰਹਿੰਦੇ ਹਨ ਜਾਂ ਪਿਛਲਾ ਪਿੰਡ ਵੀ ਕੋਈ ਹੈ। ਪੁੱਛਦਾ ਤਾਂ ਗੱਲ ਖੁੱਲ੍ਹ ਜਾਂਦੀ। ਦੱਸਣ ਲੱਗਿਆ,'ਪਹਿਲਾਂ ਇਹ ਮੇਰੀ ਭੈਣ ਥੋਡੇ ਰਾਮਪੁਰਾ ਫੂਲ ਕੋਲ ਈ ਭਾਈ ਰੂਪੇ ਪਿੰਡ ਮੰਗ ਹੋਈ ਸੀ। ਤਿੰਨ ਸਾਲ ਮੰਗੀ ਰਹੀ ਚੰਗਾ ਭਲਾ ਮੁੰਡਾ ਸੀ। ਉਹ ਜ਼ਮੀਨ ਜੈਦਾਦ ਆਲੇ ਬੰਦੇ ਸੀ। ਮੁੰਡਾ ਖੇਤੀ ਦਾ ਕੰਮ ਕਰਦਾ ਸੀ। ਊਂ ਦਸ ਜਮਾਤਾਂ ਪਾਸ ਸੀ। ਪਰ ਇੱਕ ਦਿਨ ਓਸ ਪਿੰਡ ਦਾ ਇੱਕ ਬੰਦਾ ਸਾਡੇ ਪਿੰਡ ਫਖਰਸਰ ਆਇਆ। ਸਾਡਾ ਪਿਛਲਾ ਪਿੰਡ ਫਖਰਸਰ ਐ ਨਾ ਜੀ। ਦੱਸਿਆ, ਉਸ ਮੁੰਡੇ ਦੇ ਨਾਉਂ ਜ਼ਮੀਨ ਤਾਂ ਹੈ ਨ੍ਹੀਂ। ਊਂ ਮੁੰਡਾ ਹੈ ਪੁੱਤਾਂ ਆਂਗੂੰ ਈ ਪਾਲਿਆ ਉਨ੍ਹਾਂ ਦਾ! ਮੇਰੇ ਬਜ਼ੁਰਗ ਬੜੇ ਵਹਿਮੀ ਸੁਭਾਆ ਦੇ ਸੀ। ਝੱਟ ਥਿੜਕਗੇ। ਵਚੋਲੇ ਨੂੰ ਜਾ ਕੇ ਕਿਹਾ। ਵਚੋਲਾ ਤਾਂ ਅੱਗ ਭਬੂਕਾ ਹੋ ਉੱਠਿਆ। ਕਹਿੰਦਾ ਥੋਨੂੰ ਮੁੰਡਿਆਂ ਦਾ ਘਾਟਾ ਨ੍ਹੀਂ, ਉਹਨਾਂ ਨੂੰ ਕੁੜੀਆਂ ਦਾ ਘਾਟਾ ਨ੍ਹੀਂ। ਆਵਦੀ ਨੂੰ ਕਿਤੇ ਹੋਰ ਦਿਓ। ਉਹਨਾਂ ਦਾ ਜਾਵਬ।' ਰਾਮ ਕਿਸ਼ਨ ਖਿੰਡਿਆ-ਉਖੜਿਆ ਜਿਹਾ ਪੂਰਾ ਚੁਕੰਨਾ ਹੋ ਕੇ ਬੈਠਾ ਉਹਦੀ ਗੱਲ ਸੁਣ ਰਿਹਾ ਸੀ। ਹੁੰਗਾਰਾ ਭਰਿਆ- 'ਫੇਰ ਜੀ?'

'ਵਚੋਲੇ ਨੇ ਝੱਟ ਓਸ ਮੁੰਡੇ ਨੂੰ ਕਿਤੋਂ ਹੋਰ ਸਾਕ ਲਿਆ 'ਤਾ ਜੀ, ਮ੍ਹੀਨੇ ਅੰਦਰ ਵਿਆਹ ਵੀ ਦਿੱਤਾ। ਬਜ਼ੁਰਗ ਸਾਡਾ ਦੇਖਦਾ ਰਹਿ ਗਿਆ। ਪਿੱਛੋਂ ਪਤਾ ਲੱਗਿਆ, ਉਹ

ਗੱਲ ਸੀ ਗ਼ਲਤ। ਭਾਈ ਰੂਪੇ ਦਾ ਉਹ ਆਦਮੀ ਭਾਨੀ ਮਾਰ ਸੀ, ਪੱਕਾ। ਸਾਨੂੰ ਕੀ ਪਤਾ ਸੀ।' 'ਨਾਉਂ ਕੀ ਸੀ ਉਹਦਾ...ਹਾਂ, ਅਜੇ ਤਕ ਵੀ ਯਾਦ ਐ ਮੇਰੇ, ਮਿਲਖੀ ਰਾਮ ਸੀ ਉਹਦਾ ਨਾਉਂ। ਉਹਨਾਂ ਦੇ ਸ਼ਰੀਕੇ ਵਿੱਚੋਂ ਈ ਸੀ।'

ਰਾਮ ਕਿਸ਼ਨ ਨੇ ਮਨ ਵਿੱਚ ਹੀ ਮਿਲਖੀ ਰਾਮ ਨੂੰ ਇੱਕ ਕਰਾਰੀ ਜਿਹੀ ਗਾਲ੍ਹ ਕੱਢੀ। ਹੁਣ ਉਹ ਬੈਠਕ ਦੀ ਕੰਧ ਵੱਲ ਲਗਾਤਾਰ ਝਾਕੀ ਜਾ ਰਿਹਾ ਸੀ। ਚਿਰ ਪੁਰਾਣੀ ਕੰਧ, ਮੈਲੀ ਤੇ ਚਿਪਚਿਪੀ, ਮੱਖੀਆਂ ਉੱਠਦੀਆਂ ਤੇ ਬੈਠਦੀਆਂ। ਉਹਦਾ ਦਿਲ ਕੀਤਾ, ਭਾਈ ਰੂਪੇ ਜਾ ਕੇ ਸਿਲਖੀ ਰਾਮ ਦਾ ਸਿਰ...। ਕੰਜਰ ਹਾਲੇ ਵੀ ਜਿਊਂਦਾ ਹੈ, ਸਿਵੇ ਵਿੱਚ ਲੱਤਾਂ ਹਨ, ਵਾਣ ਬੁੱਧ ਨਹੀਂ ਗਈ। ਹਰ ਕਿਸੇ ਦੀ ਵੱਢਵੀਂ ਕਰਦਾ ਹੈ। ਮੁੰਡ ਚੱਲ ਕੇ ਮਰੂਗਾ....।

ਸੱਤਪਾਲ ਕਹਿੰਦਾ, 'ਸਾਡਾ ਬਜ਼ੁਰਗ ਅਜੇ ਵੀ ਹਿੰਡ ਨੂੰ ਪਿੱਛਾ ਨਾ ਦੇਵੇ। ਅਖੇ ਚੰਗਾ ਹੋਇਆ, ਆਪਾ ਉਹਨਾਂ ਨੂੰ ਕੁੜੀ ਨ੍ਹੀਂ ਦਿੱਤੀ, ਨਹੀਂ ਤਾਂ ਭੁੱਖੀ ਮਰਦੀ।' ਪੱਕੀ ਗੱਲ ਬਣਾ 'ਲੀ ਜਨਾਬ ਉਹਨੇ ਤਾਂ। ਆਖਿਆ ਕਰੇ- 'ਮਿਲਖੀ ਰਾਮ ਸੱਚ ਕਹਿ ਗਿਆ। ਛੋਟੇ ਦੋ ਮੁੰਡੇ ਆਵਦੇ ਵੀ ਤਾਂ ਨੇ, ਉਹਤੋਂ ਛੋਟੇ, ਉਹ ਕਾਲਜ 'ਚ ਪੜ੍ਹਦੇ ਐ। ਇਹ ਬਗ਼ਾਨਾ ਕਰਕੇ ਈ ਵਾਹੀ ਦੇ ਕੰਮ 'ਚ ਪਾ ਲਿਆ ਨਾ। ਉਹ ਕਾਲਜ ਪੜ੍ਹਦੇ ਨਾ ਪਾਏ ਵਾਹੀ 'ਚ।'

ਰਾਮ ਕਿਸ਼ਨ ਹੁਣ ਚੁੱਪ ਸੀ। ਜਿਵੇਂ ਉਹਨੂੰ ਜ਼ਹਿਰ ਚੜ੍ਹ ਰਹੀ ਹੋਵੇ। ਸੱਤਪਾਲ ਬੋਲਦਾ ਗਿਆ- 'ਅਖ਼ੀਰ ਇਹ ਮੁੰਡਾ ਬਿਆਇਆ ਜੀ, ਜਮ੍ਹਾਂ ਨਕੰਮਾ ਗਿੱਦੜਬਾਹੇ ਆਲਾ।' ਕੁੜੀ ਡੋਬ ਕੇ ਰੱਖ 'ਤੀ। ਕੋਈ ਜੈਦਾਦ ਨ੍ਹੀਂ। ਘਰ ਈ ਘਰ ਐ, ਦੋ ਕਮਰੇ ਬਸ। ਦੋ ਕੁੜੀਆਂ ਪਤਾ ਨ੍ਹੀਂ ਕਿਵੇਂ ਵਿਆਹੂ-ਵਰੂ?

'ਫੇਰ ਹੁਣ ਗੁਜ਼ਾਰਾ ਕਿਵੇਂ ਚੱਲਦੈ ਉਹਦਾ?' ਰਾਮ ਕਿਸ਼ਨ ਨੇ ਉੱਭੜ ਕੇ ਪੁੱਛਿਆ।

'ਗੁਜ਼ਾਰਾ ਕੀ ਜੀ ਬਸ, ਕੁੜੀ ਸਾਡੀ ਮਿਹਨਤੀ ਬਹੁਤ ਐ। ਸਿਲਾਈ ਮਸ਼ੀਨ ਹੈਗੀ ਘਰ 'ਚ। ਕੱਪੜੇ ਸਿਊਂਦੀ ਐ, ਗਲੀ ਮੁਹੱਲੇ ਦੇ, ਆਂਢੀਆਂ ਗੁਆਂਢੀਆਂ ਦੇ। ਵੇਲਾ ਟੱਪੀ ਜਾਂਦੈ।'

'ਕੁੜੀਆਂ ਦੀ ਕਰਦੀਆਂ ਨੇ?' ਰਾਮ ਕਿਸ਼ਨ ਨੇ ਬੜੇ ਗਹੁ ਨਾਲ ਪੁੱਛਿਆ। ਜਿਵੇਂ ਫ਼ਿਕਰ ਕੀਤਾ ਹੋਵੇ।

'ਇੱਕ ਤਾਂ ਦਸਵੀਂ ਕਰਕੇ ਜੇ.ਬੀ.ਟੀ ਦਾ ਕੋਸਰ ਕਰ 'ਗੀ ਸੀ। ਸਰਕਾਰੀ ਨੌਕਰੀ ਤਾਂ ਮਿਲੀ ਨ੍ਹੀਂ, ਓਥੇ ਕਿਸੇ ਪ੍ਰਾਈਵੇਟ ਸਕੂਲ ਚ ਪੜ੍ਹੌਂਦੀ ਐ। ਦੂਜੀ ਕੁੜੀ ਮੇਰਾ ਖਿਆਲ ਐਸ ਸਾਲ ਦਸਵੀਂ 'ਚ ਐ।'

'ਜਿਹੜੀ ਜੇ.ਬੀ.ਟੀ.ਐ, ਪੰਜ ਸੱਤ ਸੌਂ ਲੈਂਦੀ ਹੋਊ ਤਨਖਾਹ ਉਹ ਵੀ?'

'ਨਾ ਜੀ, ਰਾਮ ਰਾਮ ਕਰੋ। ਪੰਜ ਸੱਤ ਸੌਂ ਕੌਣ ਦਿੰਦੈ, ਦੋ ਸੌਂ ਮਹੀਨਾ ਦਿੰਦੇ ਐ, ਮੇਰੀ ਜਾਣ 'ਚ।'

'ਮਾਸਟਰਾਂ ਦੀ ਤਨਖਾਹ ਤਾਂ ਬਹੁਤ ਐ ਅੱਜ ਕੱਲ੍ਹ। ਤਾਂ ਫੇਰ ਉਹ ਕਿਸੇ ਦਾ ਆਪਣਾ ਸਕੂਲ ਹੋਣੈ, ਆਹ ਮਾਡਲ ਸਕੂਲ, ਜਿਹੜੇ ਸ਼ਹਿਰਾਂ 'ਚ ਹਰ ਗਲੀ ਮੁਹੱਲੇ ਅੱਜ ਕੱਲ੍ਹ ਖੋਲ੍ਹ ਰੱਖੇ ਐ ਲੋਕਾਂ ਨੇ।'

'ਹਾਂ ਹਾਂ ਓਹੀ ਸਕੂਲ ਐ ਜੀ, ਬੱਚਿਆਂ ਦਾ। ਚੌਥੀ ਪੰਜਵੀਂ ਤਕ ਪੜ੍ਹਾਈ ਹੁੰਦੀ ਐ ਓਥੇ।'

'ਗਿੱਦੜਬਾਹੇ ਕਿਥੇ 'ਜੇ ਘਰ ਐ ਭੈਣ ਦਾ?' ਰਾਮ ਕਿਸ਼ਨ ਨੇ ਜਿਵੇਂ ਸੁਭਾਇਕੀ ਪੁੱਛਿਆ। ਪਰ ਜਿਵੇਂ ਦਿਮਾਗ਼ ਉੱਤੇ ਕੋਈ ਜ਼ੋਰ ਜਿਹਾ ਪਾ ਕੇ ਕੋਈ ਫ਼ੈਸਲਾ ਜਿਹਾ ਧਾਰ ਕੇ ਤੇ ਜਿਵੇਂ ਲੁਕੋਅ ਨਾਲ ਜਾਣ-ਬੁੱਝ ਕੇ ਜਿਹੇ ਪੁੱਛਿਆ ਹੋਵੇ।

'ਘਰ ਤਾਂ ਜੀ ਬੀਬੀ ਦਾ ਲੱਭਣਾ ਬਹੁਤ ਈ ਸੁਖਾਲਾ ਐ। ਨਸਵਾਰ ਆਲਿਆਂ ਦਾ ਕਾਰਖਾਨਾ ਐ ਨਾ, ਪੰਜ ਫੋਟੋ ਨਸਵਾਰ ਆਲਿਆਂ, ਦਾ ਕਾਰਖਾਨੇ ਦੇ ਐਨ ਪਿਛਲੇ ਪਾਸੇ। ਰਾਮ ਰਤਨ ਦਾ ਨਾਉਂ ਲੈ ਕੇ ਪੁੱਛ 'ਲੇ ਘਰ। ਰਾਮ ਰਤਨ ਬੀਬੀ ਦੇ ਸਹੁਰੇ ਦਾ ਨਾਉਂ ਸੀ। ਬੜਾ ਕੰਮ ਸੀ ਉਹਦਾ ਤਾਂ। ਸਾਰਾ ਗਿੱਦੜਬਾਹਾ ਉਹਦੇ ਨਾਉਂ ਨੂੰ ਜਾਣਦੈ। ਪਰ ਸਾਲਾ ਮੁੰਡਾ ਈ ਕਮੂਤ ਨਿਕਲਿਆ। ਆਪ ਤਾਂ ਗਿਆ ਸੋ ਗਿਆ, ਸਾਡੀ ਕੁੜੀ ਨੂੰ ਨਰਕ 'ਚ ਧੱਕਾ ਦੇ ਗਿਆ।' ਤੇ ਫੇਰ ਸੱਤਪਾਲ ਭੈਣ ਦੀ ਤਾਰੀਫ਼ ਕਰਨ ਲੱਗਿਆ।

'ਐਡੀ ਦੇਹ ਸਹੁਰੀ ਦੀ ਤਾਪ ਸਰਵਾਹ ਤਾਂ ਉਹ ਜਾਣਦੀ ਈ ਨ੍ਹੀਂ। ਉਮਰ ਵੀ ਕੀਹ ਐ, ਮਸਾਂ ਚਾਲੀ-ਬਿਆਲੀ, ਕੋਈ ਉਮਰ ਹੁੰਦੀ ਐ। ਨਾ ਓਸ ਪਾਸੇ, ਨਾ ਓਸ ਪਾਸੇ। ਔਹ ਉਹ ਦੋ ਕੁੜੀਆਂ ਦਾ ਜੰਜਾਲ ਨਾ ਹੁੰਦਾ ਤਾਂ ਕੋਈ ਠਕਾਣਾ ਕਰ ਦਿੰਦਾ ਮੈਂ ਤਾਂ ਭੈਣ ਦਾ ਸੱਚੀ ਗੱਲ ਐ। ਤੀਹ ਤੋਂ ਥੱਲੇ-ਥੱਲੇ ਹੁੰਦੀ ਤਾਂ ਕੁੜੀਆਂ ਨੂੰ ਵੀ ਕਹਿ ਸੀ, ਕੁੜੀਆਂ ਮੈਂ ਲੈ ਲੈਂਦਾ। ਆਪੇ ਵਿਆਹੀਆਂ-ਵਰੀਆਂ ਜਾਂਦੀਆਂ। ਜਿਥੇ ਕੱਟੀਆਂ ਦਾ ਲੇਖਾ, ਓਥੇ ਵੱਛੀਆਂ ਦਾ। ਪਰ ਹੁਣ ਤਾਂ ਕੋਈ ਵੀ ਚਾਰਾ ਨ੍ਹੀਂ ਵਿਚਾਰੀ ਨਕਰਮਣ ਦਾ।'

ਰਾਮ ਕਿਸ਼ਨ ਚੁੱਪ ਕੀਤਾ ਜਿਹਾ ਉਹਨਾਂ ਦੇ ਘਰੋਂ ਉੱਠਿਆ ਤੇ ਸੱਤਪਾਲ ਨਾਲ ਹੱਥ ਮਿਲਾ ਕੇ ਬੱਸ ਸਟੈਂਡ ਨੂੰ ਚੱਲ ਪਿਆ। ਉਹਨੇ ਗਿੱਦੜਬਾਹੇ ਤਕ ਦੀ ਟਿਕਟ ਲਈ।

ਓਧਰ ਸੱਤਪਾਲ ਆਪਣੀ ਘਰਵਾਲੀ ਨਾਲ ਗੱਲਾਂ ਕਰਦਾ ਸੋਚਾਂ ਵਿੱਚ ਪਿਆ ਹੋਇਆ ਸੀ ਕਿ ਰਾਮਪੁਰਾ ਫੂਲ ਤੋਂ ਐਡੀ ਦੂਰੋਂ ਚੱਲ ਕੇ ਆਇਆ ਉਹ ਬੰਦਾ ਕੋਈ ਵੀ 'ਹਾਂ' ਜਾਂ 'ਨਾਂਹ' ਨਹੀਂ ਕਰਕੇ ਗਿਆ। ਚੰਗਾ ਬੰਦਾ ਭੇਜਿਆ ਬਈ, ਨੰਦ ਰਾਮ ਨੇ। ਕਿਧਰੇ ਦੂਰ ਮਨ ਵਿੱਚ ਉਹਨੂੰ ਇਹ ਸਮਝ ਵੀ ਨਹੀਂ ਆ ਰਹੀ ਸੀ। ਕਿ ਉਹ ਆਇਆ ਤਾਂ ਉਹਨਾਂ ਦੇ ਬਿੱਟੂ ਨੂੰ ਦੇਖਣ ਸੀ, ਪਰ ਗੱਲਾਂ ਬਹੁਤੀਆਂ ਉਹ ਉਹਨਾਂ ਦੀ ਵਿਧਵਾ ਕੁੜੀ ਦੀਆਂ ਹੀ ਕਰਦਾ ਰਿਹਾ। ਬੜਾ ਅਜੀਬ ਆਦਮੀ ਸੀ।

ਬੱਸ ਤੇਜ਼ ਤੇਜ਼ ਭੱਜੀ ਜਾ ਰਹੀ ਸੀ। ਰਾਮ ਕਿਸ਼ਨ ਦੇ ਮਨ ਵਿੱਚ ਇੱਕ ਕਹਾਲ ਮੱਚੀ ਹੋਈ ਸੀ। ਕਦ ਉਹ ਗਿੱਦੜਬਾਹੇ ਪਹੁੰਚੇ ਤੇ ਕਦ ਉਹਦਾ ਮੂੰਹ ਦੇਖੇ। ਉਹਨੂੰ ਮਿਲ ਕੇ ਉਹ ਦੱਸੇਗਾ ਕਿ ਭਾਈ ਰੂਪੇ ਵਾਲਾ ਮੁੰਡਾ ਰਾਮ ਕਿਸ਼ਨ ਓਹੀ ਹੈ, ਜਿਸ ਨੂੰ ਉਹ ਤਿੰਨ ਸਾਲ ਮੰਗੀ ਰਹੀ ਸੀ ਤੇ ਫੇਰ ਇੱਕ ਗ਼ਲਤ ਫਹਿਮੀ ਕਰਕੇ ਉਹਨਾਂ ਦਾ ਰਿਸ਼ਤਾ ਟੁੱਟ ਗਿਆ ਸੀ। ਉਹ ਉਸ ਨੂੰ ਦੇਖ ਕੇ ਕਿੰਨਾ ਖੁਸ਼ ਹੋਵੇਗੀ। ਪਰ ਨਹੀਂ, ਉਹ ਉਸ ਨੂੰ ਦੇਖ ਕੇ ਕਿੰਨਾ ਉਦਾਸ ਹੋਵੇਗੀ। ਉਦਾਸ ਤਾਂ ਉਹ ਵੀ ਬਹੁਤ ਹੋਵੇਗਾ। ਇੱਕ ਅਜੀਬ ਕਿਸਮ ਦੀ ਅਪਣੱਤ ਉਹਨਾ ਦੁਆਲੇ ਆ ਕੇ ਬੈਠ ਜਾਵੇਗੀ। ਬੱਸ ਵਿੱਚ ਬੈਠਿਆਂ ਉਹਨੂੰ ਲੱਗ ਰਿਹਾ ਸੀ, ਜਿਵੇਂ ਉਹਦੀਆਂ ਤਿੰਨ ਕੁੜੀਆਂ ਨਹੀਂ, ਹੁਣ ਪੰਜ ਕੁੜੀਆਂ ਦਾ ਉਹ ਬਾਪ ਹੈ। ਇੱਕ ਗੁੱਝਾ-ਗੁੱਝਾ ਫ਼ੈਸਲਾ ਕਿ ਉਹ ਇਹਨਾਂ ਦੋ ਕੁੜੀਆਂ ਲਈ ਵੀ ਓਨਾ ਹੀ ਕਰੇਗਾ।

ਉਹ ਮਨ ਹੀ ਮਨ ਸੋਚ ਰਿਹਾ ਸੀ, ਜੇ ਕਿਤੇ ਉਹਦਾ ਵਿਆਹ ਇਸ ਕੁੜੀ ਨਾਲ ਹੋ ਜਾਂਦਾ ਤਾਂ ਉਹਦੀ ਜ਼ਿੰਦਗੀ ਹੋਰ ਦੀ ਹੋਰ ਹੁੰਦੀ। ਉਹਦੀ ਘਰ ਵਾਲੀ ਤਾਂ ਪਹਿਲੇ ਦਿਨੋਂ ਰੋਗਣ ਸੀ। ਰੋਗ ਦਾ ਕੁੱਜਾ। ਜਿਸ ਦਿਨ ਦੀ ਵਿਆਹੀ ਆਈ, ਉਹ ਇੱਕ ਦਿਨ ਵੀ ਰਾਜ਼ੀ ਨਹੀਂ ਰਹੀ ਸੀ। ਕਦੇ ਸਿਰ ਦੁਖਦਾ। ਕਦੇ ਢਿੱਡ ਵਿੱਚ ਦਰਦ। ਕਦੇ ਉਹਨੂੰ ਉਛਾਲੀਆਂ ਲੱਗੀਆਂ ਹੁੰਦੀਆਂ, ਕਦੇ ਟੱਟੀਆਂ। ਕਦੇ ਉਹਦੀ ਦਾੜ੍ਹ ਦੁਖਦੀ, ਕਦੇ ਪੈਰਾਂ ਦੀਆਂ ਉਂਗਲਾਂ ਸੁੱਜੀਆਂ ਪਈਆਂ ਹਨ। ਅਜਿਹੀ ਧੁਰ ਦਰਗਾਹੋਂ ਬੀਮਾਰ ਤੀਵੀਂ ਨਾਲ ਵਿਆਹ ਕਰਵਾ ਕੇ ਤਾਂ ਬੰਦਾ ਸਾਰੀ ਉਮਰ ਨਰਕ ਭੋਗਦਾ ਹੈ। ਉਹ ਸੋਚ ਰਿਹਾ ਸੀ, ਔਰਤ ਤਾਂ ਬਸ ਤੰਦਰੁਸਤ ਹੋਵੇ। ਘਰ ਵਿੱਚ ਖਾਣ ਨੂੰ, ਚਾਹੇ ਪਹਿਨਣ ਨੂੰ ਘੱਟ ਹੋਵੇ, ਪਰ ਤੀਵੀਂ ਹਰੜ ਵਰਗੀ ਨਵੀਂ ਨਰੋਈ ਰਹੇ।

ਉਸ ਨੂੰ ਆਪਣੇ ਆਪ ਉੱਤੇ ਹਾਸਾ ਜਿਹਾ ਆਉਂਦਾ। ਉਹ ਮਲੋਟ ਮੰਡੀ ਗਿਆ ਤਾਂ ਸੀ ਆਪਣੇ ਵੱਡੀ ਕੁੜੀ ਖ਼ਾਤਰ ਮੁੰਡਾ ਦੇਖਣ, ਓਥੋਂ ਮਿਲਿਆ ਉਹਨੂੰ ਕੀ?

ਇਕ ਹਉਕਾ ਲੈ ਕੇ ਹੀ ਮੁੜਿਆ। ਆਪਣੀ ਕੁੜੀ ਦੇ ਵਿਆਹ ਦਾ ਫ਼ਿਕਰ ਕਰਦਾ-ਕਰਦਾ ਉਹ ਇਹ ਕੀ ਝੋਰਾ ਲੈ ਬਿਠਾ?

ਚਿੱਤ ਨਾਲ ਝੇੜਾ ਅਜੇ ਮੁੱਕਿਆ ਨਹੀਂ ਸੀ, ਗਿੱਦੜਬਾਹਾ ਆ ਗਿਆ। ਉਹ ਬੱਸ ਵਿੱਚੋਂ ਥੱਲੇ ਉਤਰਿਆ। ਪਹਿਲਾਂ ਬੁੱਕ ਸਟਾਲ ਵੱਲ ਚਲਿਆ ਗਿਆ। ਓਥੇ ਖੜ੍ਹੇ-ਖੜ੍ਹੇ ਹੀ ਉਹਦੇ ਦਿਮਾਗ਼ ਵਿੱਚ ਚਾਨਣ ਭੜਕਿਆ-ਉਸ ਦੇ ਘਰ ਜਾ ਕੇ ਉਹ ਕੀ ਕਰੇਗਾ ਹੁਣ? ਉਸ ਦਾ ਉਹ ਹੁਣ ਕੀ ਲੱਗਦਾ ਹੈ? ਰਾਹ ਦੀਆਂ ਡੰਡੀਆਂ ਤਾਂ ਫਟ ਚੁੱਕੀਆਂ। ਔਝੜਾਂ ਨੂੰ ਜਾਂਦੀਆਂ ਦੋ ਡੰਡੀਆਂ। ਤੇ ਫੇਰ ਉਹਨੇ ਸੋਚ-ਸੋਚ ਕੇ ਬਠਿੰਡੇ ਜਾਣ ਵਾਲੀ ਬੱਸ ਵੱਲ ਪੈਰ ਵਧਾਇਆ। ♦

# ਔਲਾਦ

ਬੱਸ ਸਟੈਂਡ ਦੇ ਢਾਬੇ ਤੋਂ ਰੋਟੀ ਖਾ ਕੇ ਉਹ ਬਾਹਰ ਆਏ ਤੇ ਖੜ੍ਹ ਕੇ ਭੀੜ ਵੱਲ ਤਰਦੀ-ਤਰਦੀ ਨਜ਼ਰ ਮਾਰਨ ਲੱਗੇ। ਮੂੰਹ ਵਿੱਚ ਖੰਡ ਵਾਲੀ ਸੌਂਫ ਵੀ ਚੱਬੀ ਜਾਂਦੇ। ਸੌਂਫੀਏ ਮਿਠਾਸ ਦੀ ਘੁੱਟ ਸੰਘੋਂ ਥੱਲੇ ਉਤਾਰ ਕੇ ਇੱਕ ਜਣੇ ਨੇ ਬਾਂਹ ਖੜ੍ਹੀ ਕੀਤੀ ਤੇ ਬੋਲਿਆ- 'ਓਏ ਬੁੱਧ ਰਾਮ, ਔਹ ਦੇਖ।'

'ਕੌਣ?' ਦੂਜੇ ਨੇ ਹੈਰਾਨੀ ਜ਼ਾਹਰ ਕੀਤੀ।

'ਓਏ ਬੁੱਧ ਰਾਮ, ਆਪਣਾ ਮਾਸਟਰ। ਹੋਰ ਕਿਹੜਾ ਬੁੱਧ ਰਾਮ?'

'ਕਿੱਥੇ?' ਦੂਜੇ ਦੀਆਂ ਅੱਖਾਂ ਚਮਕੀਆਂ।

ਪਹਿਲਾ ਬੋਲਿਆ ਨਹੀਂ, ਭੀੜ ਵੱਲ ਹੀ ਤੁਰ ਪਿਆ। ਮਗਰ ਹੀ ਦੂਜਾ। ਇਸ ਬੱਸ ਦੀ ਪਿਛਲੀ ਬਾਰੀ ਕੋਲ ਖੜ੍ਹੇ ਬੁੱਧ ਰਾਮ ਨੂੰ ਉਹਨਾਂ ਨੇ ਮੋਢਿਆਂ ਤੋਂ ਛੋਹਿਆ ਤੇ ਫੇਰ ਉਸ ਦੇ ਗੋਡਿਆਂ ਵੱਲ ਝੁਕੇ। ਮੁੰਡਿਆਂ ਦੇ ਚਿਹਰੇ ਪਹਿਚਾਣ ਕੇ ਬੁੱਧ ਰਾਮ ਖ਼ੁਸ਼ਕ ਜਿਹਾ ਮੁਸਕਰਾਇਆ। ਦੋਵਾਂ ਦੇ ਮੋਢਿਆਂ ਉੱਤੇ ਹੱਥ ਰੱਖ ਕੇ ਉਹਨਾਂ ਦਾ ਹਾਲ-ਚਾਲ ਪੁੱਛਣ ਲੱਗਿਆ।

ਤੇ ਫੇਰ ਇੱਕ ਨੇ ਪੁੱਛਿਆ- 'ਹੁਣ ਕਿੱਥੇ ਹੁੰਨੇ ਓਂ, ਮਾਸਟਰ ਜੀ?'

'ਐਥੇ ਈ ਬਸ।'

'ਐਥੇ ਕਿਹੜੇ ਸਕੂਲ 'ਚ?'

'ਬਸ, ਇੱਕੋ ਸਕੂਲ ਐ, ਸਰਕਾਰੀ ਹਾਈ ਸਕੂਲ।' ਤੇ ਫੇਰ ਉਹਨੇ ਪੁੱਛਿਆ- 'ਤੁਸੀਂ ਕੀ ਕਰਦੇ ਹੁੰਨੇ ਓਂ ਅੱਜ-ਕੱਲ੍ਹ?'

'ਅਸੀਂ ਅੰਮ੍ਰਿਤਸਰ ਆ ਜੀ।' ਦੂਜੇ ਨੇ ਜਵਾਬ ਦਿੱਤਾ।

'ਦੋਵੇਂ ਈ?' ਮਾਸਟਰ ਬੋਲਿਆ। ਉਹ ਆਪਣੀ ਬੱਸ ਦੇ ਕੰਡਕਟਰ ਵੱਲ ਝਾਕ ਰਿਹਾ ਸੀ। ਚਾਹੁੰਦਾ ਹੋਵੇਗਾ ਕਿ ਪਹਿਲਾਂ ਟਿਕਟ ਲੈ ਲਵੇ। ਮੁੰਡਿਆਂ ਨਾਲ ਗੱਲਾਂ ਤਾਂ ਫੇਰ ਵੀ ਹੁੰਦੀਆਂ ਰਹਿਣਗੀਆਂ। ਬੱਸ ਤੁਰਨ ਵਿੱਚ ਹਾਲੇ ਕੁਝ ਮਿੰਟ ਬਾਕੀ ਰਹਿੰਦੇ ਹੋਣਗੇ। ਏਸੇ ਕਰਕੇ ਟਿਕਟ ਲੈ ਚੁੱਕੀਆਂ ਸਵਾਰੀਆਂ ਬਾਹਰ ਖੜ੍ਹੀਆਂ ਹਨ। ਸਟੇਅਰਿੰਗ ਉੱਤੇ ਡਰਾਈਵਰ ਵੀ ਨਹੀਂ

'ਤੁਸੀਂ ਅੱਜ?' ਇੱਕ ਮੁੰਡੇ ਨੇ ਪੁੱਛਿਆ।

'ਮੈਂ ਪਾਸੇ ਜਾ ਰਿਹਾਂ। ਕੰਮ ਐਂ ਇੱਕ।' ਮਾਸਟਰ ਨੇ ਕਾਹਲ ਦਿਖਾਈ ਤੇ ਕੰਡਕਟਰ ਵੱਲ ਝਾਕ ਕੇ ਜੇਬ ਵਿੱਚੋਂ ਪੈਸੇ ਕੱਢਣ ਲੱਗਿਆ।

ਮੁੰਡੇ ਨੇ ਬਾਂਹ ਫੜ ਲਈ। ਪੁੱਛਿਆ– 'ਏਸ ਬੱਸ ਜਾਣਾ ਜ਼ਰੂਰੀ ਐ ਜੀ ਕੋਈ? ਤੇ ਫੇਰ ਹਲੀਮੀ ਜਿਹੀ ਨਾਲ ਆਖਿਆ– 'ਆਓ, ਚਾਹ ਪੀਨੇ ਆਂ। ਅਗਲੀ ਬੱਸ ਚਲੇ ਜਾਇਓ। ਬੱਸ ਤਾਂ ਵੀਹ ਮਿੰਟਾਂ ਨੂੰ ਹੋਰ ਲੱਗ ਜੂ।'

'ਜ਼ਰੂਰੀ ਤਾਂ ਕੋਈ ਨ੍ਹੀਂ। ਪਰ ਚਲਦੇ ਆ ਹੁਣ। ਮਿਲ 'ਲੇ ਬਸ।' ਮਾਸਟਰ ਫੇਰ ਕੰਡਕਟਰ ਵੱਲ ਝਾਕਿਆ।

ਮੁੰਡੇ ਹੱਸ ਪਏ।...'ਮਿਲ ਕਾਹਦੇ ਲਏ? ਗੱਲ ਤਾਂ ਕੋਈ ਕੀਤੀ ਨ੍ਹੀਂ। ਆਓ ਐਧਰ ਚਾਹ ਪੀਨੇ ਆਂ। ਗੱਲਾਂ ਵੀ ਕਰ ਲਾਂ 'ਗੇ। ਬਾਂਹ ਫੜਨ ਵਾਲਾ ਮੁੰਡਾ ਜਿਵੇਂ ਖਹਿੜੇ ਹੀ ਪੈ ਗਿਆ ਹੋਵੇ।

ਕੋਈ ਪੇਸ਼ ਨਾ ਜਾਂਦੀ ਦੇਖ ਕੇ ਮਾਸਟਰ ਉਨ੍ਹਾਂ ਨਾਲ ਹੋ ਲਿਆ।

ਓਸੇ ਢਾਬੇ 'ਤੇ ਜਾ ਕੇ ਉਹ ਮੇਜ਼ ਦੁਆਲੇ ਬੈਠ ਗਏ। ਅੱਧ ਪੁਰਾਣੇ ਸੋਫ਼ਿਆਂ ਦੇ ਸਪਰਿੰਗ ਬੇਮਲੂਮੇ ਜਿਹੇ ਚੁਭ ਰਹੇ ਸਨ।

ਇੱਕ ਮੁੰਡਾ ਬੋਲਿਆ– 'ਹੁਣ ਤਾਂ ਬੁੜ੍ਹੇ ਹੋ ਗਏ ਮਾਸਟਰ ਜੀ। ਦਿਨਾਂ 'ਚ ਈ ਸਿਰ ਦੇ ਵਾਲ਼ ਚਿੱਟੇ ਹੋ ਗਏ ਥੋਡੇ।

'ਬੁੜ੍ਹੇ ਨਾ ਆਖ, ਕਹਿ ਸਿਆਣੇ ਹੋ ਗਏ।' ਬੁੱਧ ਰਾਮ ਹੱਸਿਆ।

ਮੁੰਡੇ ਵੀ ਹੱਸਣ ਲੱਗੇ।

ਤੇ ਫੇਰ ਇੱਕ, ਜਿਸ ਨੇ ਮਾਸਟਰ ਦੀ ਬਾਂਹ ਫੜੀ ਸੀ, ਬੋਲਿਆ– 'ਮਾਸਟਰ ਜੀ, ਸਾਨੂੰ ਸਿਆਣ ਵੀ ਲਿਆ ਕਿ ਨਹੀਂ?

ਮੁੰਡੇ ਹੱਸ ਰਹੇ ਸਨ। ਇੱਕ ਕਹਿੰਦਾ– 'ਕਮਾਲ ਐ ਮਾਸਟਰ ਜੀ, ਐਡੀ ਛੇਤੀ ਨਾਉਂ ਵੀ ਭੁੱਲ ਗਏ ਥੋਨੂੰ। ਮੇਰਾ ਨਾਉਂ ਜਰਨੈਲ ਐ।'

'ਤੇ ਇਹਦਾ?' ਮਾਸਟਰ ਦੂਜੇ ਮੁੰਡੇ ਵੱਲ ਝਾਕਿਆ।

ਚਾਹ ਦੇ ਤਿੰਨ ਗਲਾਸ ਮੇਜ਼ ਉੱਤੇ ਆ ਟਿਕੇ ਹਨ। ਉਹ ਤੱਤੀ-ਤੱਤੀ ਚਾਹ ਫੂਕਾਂ ਮਾਰ ਕੇ ਪੀਣ ਲੱਗੇ।

'ਇਹ ਬੀਰ ਸੂੰ ਐ ਜੀ। ਓਹੀ, ਜੀਹਦਾ ਨਾਉਂ ਤੁਸੀਂ 'ਅਸਲੀ' ਰੱਖਿਆ ਹੋਇਆ ਸੀ। ਬੀਰ ਸਿੰਘ 'ਅਸਲੀ'

'ਅੱਛਾ-ਅੱਛਾ, ਅਸਲੀ।'

'ਇਹਨੇ ਇੱਕ ਦਿਨ ਟਰਾਂਸਲੇਸ਼ਨ ਦਾ ਪੀਸ ਕਰਕੇ ਥੋਨੂੰ ਦਿਖਾਇਆ। ਤੁਸੀਂ ਇਹਨੂੰ ਪੁੱਛਿਆ, ਨਕਲ ਮਾਰ ਕੇ ਕੀਤੈ ਓਏ ਕਿ ਆਪ ਕੀਤੈ? ਇਹ ਕਹਿੰਦਾ, ਨਹੀਂ ਜੀ ਅਸਲੀ ਐ। ਤੁਸੀਂ ਕਿਹਾ-ਵਾਹ ਓਏ ਅਸਲੀ। ਬਸ ਜੀ, ਓਦਣ ਤੋਂ ਅਸੀਂ ਇਹਦਾ ਨਾਉਂ ਅਸਲੀ ਰੱਖ ਲਿਆ। ਫੇਰ ਤੁਸੀਂ ਵੀ ਇਹਨੂੰ ਅਸਲੀ ਕਹਿ ਕੇ ਈ ਬਲੌਂਦੇ।'

'ਹੱਛਾ, ਹਾਂ ਠੀਕ ਐ। ਯਾਦ ਆ ਗਿਆ ਮੇਰੇ।' ਮਾਸਟਰ ਚਾਹ ਪੀ ਕੇ ਗੱਲ ਨਿਬੇੜਨੀ ਚਾਹੁੰਦਾ ਸੀ। ਜਿਵੇਂ ਉਹਨੂੰ ਉੱਠਣ ਦੀ ਕਾਹਲ ਹੋਵੇ। ਪੁੱਛਣ ਲੱਗਿਆ– 'ਤੁਸੀਂ ਅੰਮ੍ਰਿਤਸਰ ਪੜ੍ਹਦੇ ਓਂ ਅੱਗੇ ਜਾਂ ਕੋਈ ਨੌਕਰੀ ਕਰਦੇ ਓਂ?'

'ਨਹੀਂ ਜੀ, ਪੜ੍ਹਦੇ ਆਂ।' ਜਰਨੈਲ ਨੇ ਕਿਹਾ।

'ਕਾਲਜ 'ਚ?'

'ਹਾਂ ਜੀ, ਮੈਂ ਤਾਂ ਮੈਡੀਕਲ ਕਾਲਜ 'ਚ ਆਂ। ਐਮ.ਬੀ.ਬੀ.ਐਸ. ਦਾ ਤੀਜਾ ਸਾਲ ਐ ਮੇਰਾ।'

'ਤੇ ਇਹ ਅਸਲੀ?'

'ਇਹ ਇੰਜੀਨੀਅਰਿੰਗ ਦਾ ਡਿਗਰੀ ਕੋਰਸ ਕਰਦੈ। ਇਹਦਾ ਵੀ ਤੀਜਾ ਸਾਲ ਐ। ਅਸੀਂ ਓਥੇ ਰਹਿੰਦੇ ਵੀ ਅੱਡ-ਅੱਡ ਆਂ। ਕਦੇ-ਕਦੇ ਮਿਲ ਲੈਨੇ ਆਂ। ਅੱਜ ਐਥੇ 'ਕੱਠੇ ਹੋ ਗਏ। ਥੋਨੂੰ ਮਿਲ 'ਲੇ। ਆਹ ਤਾਂ ਵਧੀਆਂ ਹੋਇਆ।' ਜਰਨੈਲ ਬੋਲ ਰਿਹਾ ਸੀ।

ਉਹਨਾਂ ਦੀ ਉੱਚ-ਪੜ੍ਹਾਈ ਦਾ ਪਤਾ ਲੱਗਣ ਉੱਤੇ ਮਾਸਟਰ ਬੁੱਧ ਰਾਮ ਚੁੱਪ ਦਾ ਚੁੱਪ ਰਹਿ ਗਿਆ। ਜਿਵੇਂ ਉਹਨੂੰ ਭੋਰਾ ਵੀ ਖ਼ੁਸ਼ੀ ਨਾ ਹੋਈ ਹੋਵੇ। ਐਨਾ ਹੀ ਆਖ਼ਰ ਬੋਲਿਆ- 'ਫੇਰ ਤਾਂ ਵਧੀਆ ਐ ਬਈ।'

'ਥੋਡੇ ਡੰਡੇ ਖਾਧੇ ਹੁਣ ਕੰਮ ਔਂਦੇ ਐ, ਮਾਸਟਰ ਜੀ।' ਬੀਰ ਸਿੰਘ ਨੇ ਕਿਹਾ।

'ਨਹੀਂ, ਮੇਰੇ ਡੰਡੇ ਤਾਂ...ਤੁਸੀਂ ਆਪ ਈ ਬੜੇ ਲਾਇਕ ਵਿਦਿਆਰਥੀ ਸੀ', ਕਹਿ ਕੇ ਬੁੱਧ ਰਾਮ ਉਦਾਸ ਹੋ ਗਿਆ। ਉਹਨੇ ਮਨ ਵਿੱਚ ਗੱਲ ਚਤਾਰੀ- 'ਕੁੱਟਿਆ ਤਾਂ ਉਹਨੇ ਆਵਦੇ ਮੁੰਡੇ ਨੂੰ ਸਭ ਤੋਂ ਵੱਧ ਹੋਣੈ, ਉਹ ਕਿਉਂ ਨਾ ਬਣ ਗਿਆ ਡਾਕਟਰ, ਇੰਜੀਨੀਅਰ। ਉਹ ਤਾਂ ਦਸਵੀਂ 'ਚੋਂ ਪਾਸ ਵੀ ਮਸਾਂ ਹੋਇਆ। ਸ਼ਾਇਦ ਇਹਨਾਂ ਮੁੰਡਿਆਂ ਨਾਲ ਈ ਪੜ੍ਹਦਾ ਹੁੰਦਾ ਸੀ। ਹੁਣ ਫਿਰਦੈ ਡੰਡੇ ਵਜੌਂਦਾ। ਨਾ ਅੱਗੇ ਪੜ੍ਹਿਆ, ਨਾ ਨੌਕਰੀ ਕਰਦੈ ਤੇ ਨਾ ਕੋਈ ਹੋਰ ਕੰਮ।'

ਆਪਣੇ ਹਿਸਾਬ ਵਾਲੇ ਮਾਸਟਰ ਹੁਣ ਕਿੱਥੇ ਹੁੰਦੇ ਨੇ? ਬੀਰ ਸਿੰਘ ਨੇ ਪੁੱਛਿਆ।
'ਕਿਹੜੇ ਮਾਸਟਰ?' ਬੁੱਧ ਰਾਮ ਉੱਭੜਵਾਹਾ ਬੋਲਿਆ।

'ਓਹੀ ਨੰਦ ਸਿੰਘ ਮਾਸਟਰ। ਜਿਹੜੇ ਸਾਨੂੰ ਹਿਸਾਬ ਪੜ੍ਹੌਂਦੇ ਸੀ। ਉਨ੍ਹਾਂ ਨੇ ਵੀ ਥੋਡੇ ਆਂਗੂੰ ਬੜੀ ਮਿਹਨਤ ਕਰਾਈ ਸਾਨੂੰ। ਥੋਡੇ ਨਾਲ ਈ ਹੁੰਦੇ ਸੀ।'

ਹੱਛਾ-ਹੱਛਾ, ਨੰਦ ਸਿੰਘ, ਉਹ ਤਾਂ ਭਾਈ ਰਿਟਾਇਰ ਹੋ ਗਏ। ਹੈਡਮਾਸਟਰ ਬਣ ਗਏ ਸੀ। ਹੁਣ ਰਿਟਾਇਰ ਹੋ ਗਏ। 'ਹੱਛਾ, ਰਿਟਾਇਰ ਵੀ ਹੋ 'ਗੇ। ਜਰਨੈਲ ਹੈਰਾਨ ਸੀ। ਫੇਰ ਪੁੱਛਿਆ- 'ਕਿਰਨ ਕੁਮਾਰ ਕੀ ਕਰਦਾ ਹੁੰਦੈ ਜੀ ਹੁਣ?'

ਕਿਰਨ ਕੁਮਾਰ ਬੁੱਧ ਰਾਮ ਦੇ ਮੁੰਡੇ ਦਾ ਨਾਉਂ ਸੀ।

ਬੁੱਧ ਰਾਮ ਦੇ ਸਿਰ ਉੱਤੇ ਜਿਵੇਂ ਕਿਸੇ ਨੇ ਹਥੌੜੇ ਦੀ ਸੱਟ ਮਾਰੀ ਹੋਵੇ। ਆਪਣੇ ਮੁੰਡੇ ਦਾ ਨਾਉਂ ਸੁਣ ਕੇ ਉਹ ਅਬੋਲ ਹੀ ਆਪਣਾ ਮੱਥਾ ਖੁਰਕਣ ਲੱਗਿਆ। ਐਨਾ ਆਖਿਆ- 'ਘਰੇ ਈ ਹੁੰਦੈ ਭਾਈ ਉਹ ਤਾਂ। ਸੋਚ ਰਹੇ ਆਂ, ਉਹਨੂੰ ਕਿਤੇ ਕੰਮ 'ਚ ਪਾਈਏ। ਤੁਸੀਂ ਦੱਸੋ, ਕੀ ਕਰਵਾਈਏ ਉਹਨੂੰ?' ਤੇ ਫਿਰ ਉਹ ਤਿੰਨੇ ਜਣੇ ਕਿਰਨ ਕੁਮਾਰ ਦੇ ਭਵਿੱਖ ਬਾਰੇ ਗੱਲਾਂ ਕਰਨ ਲੱਗੇ। ਮੁੰਡਿਆਂ ਨੇ ਕਈ ਸੁਝਾਓ ਦਿੱਤੇ। ਬੁੱਧ ਰਾਮ ਬੇਦਿਲ ਹੋ ਕੇ ਉਹਨਾਂ ਦੀਆਂ ਗੱਲਾਂ ਸੁਣਦਾ ਰਿਹਾ।

ਫੇਰ ਉਹ ਉੱਠੇ। ਇੱਕ ਮੁੰਡੇ ਨੇ ਚਾਹ ਦੇ ਪੈਸੇ ਦਿੱਤੇ। ਢਾਬੇ ਤੋਂ ਬਾਹਰ ਆ ਕੇ ਮੁੰਡਿਆਂ ਨੇ ਮਾਸਟਰ ਦੇ ਗੋਡੀਂ ਹੱਥ ਲਾਏ। ਉਹਨਾਂ ਕੋਲੋਂ ਮਾਸਟਰ ਤੇਜ਼ੀ ਨਾਲ ਤੁਰਿਆ ਤੇ ਜਾ ਕੇ ਤਿਆਰ ਖੜ੍ਹੀ ਬੱਸ ਵਿੱਚ ਬੈਠ ਗਿਆ। ਮੂਹਰਲੀ ਸੀਟ ਦੇ ਡੰਡੇ ਉੱਤੇ ਮੱਥਾ ਰੱਖ ਕੇ ਉਹਨੇ ਚਾਹਿਆ ਕਿ ਕੁਝ ਵੀ ਨਾ ਸੋਚਿਆ ਜਾਵੇ।

ਮਾਸਟਰ ਬੁੱਧ ਰਾਮ ਦੇ ਤਿੰਨ ਕੁੜੀਆਂ ਸਨ ਤੇ ਇੱਕ ਮੁੰਡਾ। ਕੁੜੀਆਂ ਵੱਡੀਆਂ ਸਨ, ਮੁੰਡਾ ਛੋਟਾ। ਤਿੰਨੇ ਕੁੜੀਆਂ ਉਸਨੇ ਦਸ-ਦਸ ਜਮਾਤਾਂ ਪੜ੍ਹਾਈਆਂ ਸਨ ਤੇ ਇੱਕ-ਇੱਕ ਕਰਕੇ ਉਹਨਾਂ ਨੂੰ ਸੂਤ-ਸਿਰ ਤੇ ਖਾਂਦੇ-ਪੀਂਦੇ ਘਰੀਂ ਵਿਆਹ ਦਿੱਤਾ ਸੀ। ਬੁੱਧ ਰਾਮ ਚਾਹੁੰਦਾ ਸੀ ਕਿ ਉਹ ਮੁੰਡੇ ਨੂੰ ਚੰਗਾ ਪੜ੍ਹਾਵੇਗਾ। ਕੋਈ ਵਧੀਆ ਟਰੇਨਿੰਗ ਕੋਰਸ ਦਿਵਾਏਗਾ। ਉਹ ਚੰਗੀ ਨੌਕਰੀ ਉੱਤੇ ਲੱਗ ਜਾਵੇਗਾ, ਪੈਸਾ ਕਮਾਏਗਾ ਤੇ ਉਹਦੀ ਸਾਰੀ ਕਬੀਲਦਾਰੀ ਸੰਢੀ ਜਾਵੇਗੀ। ਉਹ ਤਾਂ ਸਾਰੀ ਉਮਰ ਕੁੜੀਆਂ ਦੇ ਵਿਆਹ ਕਰਨ ਵਿੱਚ ਹੀ ਰਿਹਾ। ਕਿਸੇ ਸਾਲ ਵੀ ਉਹਦੀ ਜਾਨ ਕਰਜ਼ਾ ਉਤਾਰਨ ਦੀ ਚਿੰਤਾ ਤੋਂ ਮੁਕਤ ਨਹੀਂ ਹੋਈ। ਚਲੋ, ਆਖ਼ਰੀ ਉਮਰ ਵਿੱਚ ਤਾਂ ਉਹ ਸੁੱਖ ਭੋਗ ਲਵੇਗਾ। ਉਹਨੂੰ ਸਮਝ ਨਹੀਂ ਆਉਂਦੀ ਸੀ, ਉਹਦੇ ਕਰਮਾਂ ਵਿੱਚ ਇਹ ਫ਼ਰਕ ਕਿਉਂ ਪੈ ਗਿਆ। ਮੁੰਡਾ ਤਾਂ ਕਿਸੇ ਵੀ ਕੰਮ ਦਾ ਨਾ ਰਿਹਾ। ਹੁਣ ਤਾਂ ਉਹਨੂੰ ਇਹੀ ਫ਼ਿਕਰ ਰਹਿੰਦਾ ਕਿ ਆਖ਼ਰੀ ਉਮਰ ਦੇ ਸੁੱਖ ਦੀ ਗੱਲ ਤਾਂ ਗਈ ਦੂਰ, ਜੇ ਮੁੰਡਾ ਕਿਤੇ ਆਪਣੀ ਰੋਟੀ ਜੋਗਾ ਹੀ ਹੋ ਸਕੇ। ਉਹਨੂੰ ਇਹ ਪਤਾ ਨਹੀਂ ਲੱਗਦਾ ਸੀ ਕਿ ਇਹ ਉਹਦੀ ਆਪਣੀ ਕਿਸਮਤ ਹੈ ਜਾਂ ਕਿ ਮੁੰਡੇ ਵਿੱਚ ਕੋਈ ਨੁਕਸ ਹੈ। ਮੁੰਡੇ ਵਿੱਚ ਨੁਕਸ ਹੈ ਤਾਂ ਇਹ ਕਿਸਦਾ ਕਸੂਰ? ਉਹਨੂੰ ਆਪਣੀ ਜਨਾਨੀ ਉੱਤੋਂ ਗੁੱਸਾ ਆਉਂਦਾ ਕਿ ਉਹਨੇ ਇੱਕੋ ਮੁੰਡਾ ਹੋਣ ਕਰਕੇ ਉਹਨੂੰ ਐਨਾ ਲਾਡ ਪਿਆਰ ਕੀਤਾ, ਉਹਨੂੰ ਐਨਾ ਸਿਰ ਚੜ੍ਹਾਇਆ, ਮੁੰਡਾ ਆਪਣੇ-ਆਪ ਨੂੰ ਸ਼ਹਿਜ਼ਾਦਾ ਸਮਝਣ ਲੱਗ ਪਿਆ। ਕਿਰਨ ਕੁਮਾਰ ਘਰ ਆ ਕੇ ਸਕੂਲ ਦਾ ਕੰਮ ਨਾ ਕਰਦਾ, ਰਾਤ ਨੂੰ ਛੇਤੀ ਸੌਂ ਜਾਂਦਾ ਜਾਂ ਤੜਕੇ ਸਦੇਹਾਂ ਉੱਠ ਕੇ ਨਾ ਪੜ੍ਹਦਾ ਤੇ ਬੁੱਧ ਰਾਮ ਉਹਦੇ ਉੱਤੇ ਬਹੁਤ ਖਿਝਦਾ। ਗੁੱਸੇ ਵਿੱਚ ਆ ਕੇ ਉਹਦੇ ਮੂੰਹ ਉੱਤੇ ਥੱਪੜ ਜੜ ਦਿੰਦਾ। ਮੁੰਡਾ ਉੱਚੀ-ਉੱਚੀ ਲੇਰਾਂ ਮਾਰਦਾ, ਘਰ ਵਿੱਚ ਤੂਫ਼ਾਨ ਖੜ੍ਹਾ ਹੋ ਜਾਂਦਾ। ਉਹਦੀ ਜਨਾਨੀ ਮੁੰਡੇ ਨੂੰ ਪੁਚਕਾਰਦੀ ਤੇ ਉਲਟਾ ਬੁੱਧ ਰਾਮ ਨੂੰ ਹੀ ਬੁਰਾ ਭਲਾ ਕਹਿਣ ਲੱਗਦੀ। ਕਿਰਨ ਕੁਮਾਰ ਘਰ ਵਿੱਚ ਸੁੱਤਾ ਹੁੰਦਾ ਤਾਂ ਸੁੱਤਾ ਹੀ ਰਹਿੰਦਾ, ਘੰਟਿਆਂ ਤੱਕ ਸੌਂਦਾ। ਘਰੋਂ ਬਾਹਰ ਖੇਡਣ ਜਾਂਦਾ ਜਾਂ ਪਤਾ ਨਹੀਂ ਕਿੱਥੇ ਜਾਂਦਾ, ਕਈ-ਕਈ ਘੰਟੇ ਘਰ ਹੀ ਨਾ ਵੜਦਾ। ਪੜ੍ਹਾਈ ਦੇ ਨਾਉਂ ਉੱਤੇ ਉਹਨੂੰ ਮੌਤ ਪੈ ਜਾਂਦੀ।

ਸਾਥੀ ਮਾਸਟਰਾਂ ਵਿੱਚ ਬੈਠ ਕੇ ਉਹ ਗੱਲ ਤੋਰਦਾ। ਮਾਸਟਰਾਂ ਦਾ ਤਰਕ ਹੁੰਦਾ ਕਿ ਬੱਚੇ ਨੂੰ ਬਹੁਤਾ ਝਿੜਕਣਾ ਮਾਰਨਾ ਨਹੀਂ ਚਾਹੀਦਾ। ਅੱਖਾਂ ਦੀ ਘੂਰ-ਘੱਪ ਹੀ ਬਹੁਤ ਹੁੰਦੀ ਹੈ। ਉਹਦੇ ਉੱਤੇ ਬਹੁਤ ਦਬਾਓ ਪਾਓਗੇ ਤਾਂ ਉਹ ਜਾਂ ਤਾਂ ਦਬ ਕੇ ਰਹਿ ਜਾਵੇਗਾ, ਉਹਦਾ ਮਾਨਸਿਕ ਵਿਕਾਸ ਰੁਕ ਜਾਏਗਾ ਜਾਂ ਫੇਰ ਢੀਠ ਬਣ ਜਾਏਗਾ। ਤੁਹਾਡੀ ਕਿਸੇ ਵੀ ਗੱਲ ਦੀ ਪ੍ਰਵਾਹ ਨਹੀਂ ਕਰੇਗਾ। ਮਾਸਟਰ ਸੁਝਾਓ ਦਿੰਦੇ ਕਿ ਬੱਚੇ ਨੂੰ ਪਿਆਰ ਮੁਹੱਬਤ ਨਾਲ ਹੀ ਅੱਗੇ ਤੋਰਿਆ ਜਾਣਾ ਚਾਹੀਦਾ ਹੈ। ਬੁੱਧ ਰਾਮ ਪ੍ਰਣ ਜਿਹਾ ਮਨ ਵਿੱਚ ਧਾਰਦਾ ਕਿ ਉਹ ਹੁਣ ਕਦੇ ਵੀ ਕਿਰਨ ਕੁਮਾਰ ਨੂੰ ਕੁੱਟੇ-ਮਾਰੇਗਾ ਨਹੀਂ। ਨਾ ਹੀ ਉਹਨੂੰ ਵਾਹੀਆਤ ਝਿੜਕੇਗਾ ਜਾਂ ਗਾਲ੍ਹਾਂ ਕੱਢੇਗਾ। ਉਹਨੂੰ ਆਪਣੇ ਆਪ ਚੱਲਣ ਦੇਵੇਗਾ, ਪਰ ਇਹ ਪ੍ਰਣ ਉਹ ਮਸਾਂ ਇੱਕ ਜਾਂ ਦੋ ਦਿਨ ਲਈ ਹੀ ਨਿਭਾਅ ਸਕਦਾ। ਉਹ ਕਿਰਨ ਕੁਮਾਰ ਨੂੰ ਕੋਈ ਸਵਾਲ ਪੁੱਛਦਾ, ਅੰਗਰੇਜ਼ੀ ਦਾ ਕੋਈ ਫਿਕਰਾ ਜਾਂ ਪੰਜਾਬੀ ਦਾ ਕੋਈ ਸ਼ਬਦ, ਕਿਰਨ ਕੁਮਾਰ ਉਲਟਾ ਟੇਢਾ ਜਵਾਬ ਦਿੰਦਾ ਤਾਂ ਬੁੱਧ ਰਾਮ ਭਖ ਉੱਠਦਾ। ਉਹ ਬਹੁਤ ਹੈਰਾਨ

ਹੁੰਦਾ ਕਿ ਉਹ ਸਕੂਲ ਵਿੱਚ ਪੜ੍ਹਦੇ ਹੋਰਾਂ ਬੱਚਿਆਂ ਵੱਲ ਤਾਂ ਐਨਾ ਉਦਾਰ ਚਿੱਤ ਰਹਿੰਦਾ ਹੈ, ਕਿਸੇ ਨੂੰ ਮਸਾਂ ਹੀ ਕਦੇ ਔਖਾ ਬੋਲਦਾ ਹੈ ਜਾਂ ਮਾੜੀ ਮੋਟੀ ਹੀ ਕੁੱਟ ਮਾਰ ਕਰਦਾ ਹੈ, ਉਹ ਆਪਣੇ ਪੁੱਤਰ ਨੂੰ ਕਿਉਂ ਮਾੜੀ ਜਿਹੀ ਗੱਲ ਉੱਤੇ ਕੁੱਟ ਸੁੱਟਦਾ ਹੈ? ਕਿਉਂ ਉਹਨੂੰ ਆਪਣੇ ਮੁੰਡੇ ਉੱਤੇ ਐਨੀ ਖਿਝ ਚੜ੍ਹਦੀ ਹੈ?

ਕਿਰਨ ਕੁਮਾਰ ਦਸਵੀਂ ਤਾਂ ਕਰ ਗਿਆ, ਪਰ ਥਰਡ ਡਵੀਜ਼ਨ ਆਈ। ਉਹਨੂੰ ਕੋਈ ਨੌਕਰੀ ਨਹੀਂ ਮਿਲ ਸਕਦੀ ਸੀ। ਉਹ ਕਿਸੇ ਟਰੇਨਿੰਗ ਕੋਰਸ ਵਿੱਚ ਨਹੀਂ ਜਾ ਸਕਦਾ ਸੀ। ਉਹ ਕਿਸੇ ਦਸਤਕਾਰੀ ਦੇ ਕੰਮ ਵਿੱਚ ਨਹੀਂ ਪੈਂਦਾ ਸੀ। ਬੁੱਧ ਰਾਮ ਨੇ ਉਹਨੂੰ ਟਰੈਕਟਰਾਂ ਦੀ ਵਰਕਸ਼ਾਪ ਵਿੱਚ ਲਾਇਆ ਤਾਂ ਕਿ ਉਹ ਸਾਲ ਦੋ ਸਾਲ ਧੱਕੇ ਖਾ ਕੇ ਮਕੈਨਿਕ ਤਾਂ ਘੱਟੋ ਘੱਟ ਬਣ ਜਾਵੇ। ਮਕੈਨਿਕ ਵੀ ਕੀ ਮਾੜਾ ਸੀ? ਦਿਲ ਲਾ ਕੇ ਕੰਮ ਕਰਨ ਵਾਲੇ ਮਕੈਨਿਕ ਮੁੰਡੇ ਸੌ ਸੌ ਰੁਪਿਆ ਨਿੱਤ ਦਾ ਕਿਹੜਾ ਨਹੀਂ ਕਮਾ ਲੈਂਦੇ, ਪਰ ਨਾ, ਉਹ ਤਾਂ ਓਥੇ ਟਿਕਿਆ ਹੀ ਨਾ। ਪੰਦਰਾਂ ਦਿਨ ਲਾਏ ਤੇ ਆਚਾਨਕ ਹੀ ਇੱਕ ਦਿਨ ਘਰੋਂ ਗਾਇਬ ਹੋ ਗਿਆ। ਦਸ ਦਿਨ ਪਤਾ ਨਹੀਂ ਕਿੱਥੇ-ਕਿੱਥੇ ਫਿਰਦਾ ਰਿਹਾ, ਪਰ ਵਾਪਸ ਆਇਆ ਤਾਂ ਮਾਂ ਨੇ ਹਿੱਕ ਨਾਲ ਲਾ ਲਿਆ- 'ਲਾਲ, ਤੂੰ ਦੱਸ ਕੇ ਤਾਂ ਜਾਂਦਾ।' ਬੁੱਧ ਰਾਮ ਦਾ ਜੀਅ ਕਰੇ, ਮੁੰਡੇ ਦਾ ਗਲ ਤਲਵਾਰ ਨਾਲ ਕੱਟ ਕੇ ਔਹ ਮਾਰੇ। ਸਾਲ਼ਾ, ਕਿਸੇ ਵੀ ਲੋਟ ਨਹੀਂ ਆਉਂਦਾ। ਐਦੂੰ ਤਾਂ ਉਹ ਇਸ ਨੂੰ ਜੰਮਦਾ ਹੀ ਨਾ।

ਨਾ ਉਹ ਜੱਟ ਸੀ, ਨਾ ਬਾਣੀਆ। ਜੱਟ ਹੁੰਦਾ ਤਾਂ ਘਰ ਦੀ ਜ਼ਮੀਨ ਹੁੰਦੀ। ਖੇਤੀ-ਬਾੜੀ ਦਾ ਕੰਮ ਚੱਲਦਾ ਹੁੰਦਾ। ਕਿਰਨ ਕੁਮਾਰ ਖੇਤੀ ਦੇ ਕੰਮ ਵਿੱਚ ਪੈ ਜਾਂਦਾ ਤੇ ਜੂਨ-ਗੁਜ਼ਾਰਾ ਕਰੀ ਜਾਂਦਾ। ਬਾਣੀਆ ਹੁੰਦਾ ਤਾਂ ਦੁਕਾਨ ਉੱਤੇ ਬੈਠਦਾ। ਉਹਨਾਂ ਦੀ ਆਪਣੀ ਦੁਕਾਨ ਕੋਈ ਨਾ ਹੁੰਦੀ ਤਾਂ ਬੁੱਧ ਰਾਮ ਉਹਨੂੰ ਕਿਸੇ ਰਿਸ਼ਤੇਦਾਰੀ ਵਿੱਚ ਛੱਡ ਆਉਂਦਾ। ਜੱਟਾਂ ਤੇ ਬਾਣੀਆਂ ਦੇ ਮੁੰਡੇ ਘੱਟੋ-ਘੱਟ ਭੁੱਖੇ ਤਾਂ ਨਹੀਂ ਮਰਦੇ। ਕੁਝ ਨਾ ਕੁਝ ਤਾਂ ਕਰਦੇ ਹੀ ਨੇ। ਕਿਰਨ ਕੁਮਾਰ ਦਾ ਕੱਦ ਮਧਰਾ ਸੀ। ਨਾ ਪੁਲਿਸ ਵਿੱਚ ਭਰਤੀ ਹੋ ਸਕਦਾ ਸੀ, ਨਾ ਫ਼ੌਜ ਵਿੱਚ। ਦਿਮਾਗ਼ ਪੱਖੋਂ ਵੀ ਹੁਣ ਊਂਧਾ ਜਿਹਾ ਬਣ ਕੇ ਰਹਿ ਗਿਆ ਸੀ। ਤਿੱਖੇ ਦਿਮਾਗ਼ ਵਾਲੇ ਮੁੰਡੇ ਖ਼ੁਦ-ਬਖ਼ੁਦ ਹੀ ਕਿਸੇ ਕੰਮ ਵਿੱਚ ਪੈ ਜਾਂਦੇ ਹਨ। ਘਰੋਂ ਨਿੱਕਲ ਤੁਰਦੇ ਹਨ। ਓਦੋਂ ਹੀ ਪਤਾ ਲੱਗਦਾ ਹੈ ਜਦੋਂ ਕਈ ਸਾਲਾਂ ਬਾਅਦ ਉਹ ਪੂਰੀ ਟੌਰ ਨਾਲ ਘਰ ਵੜਦੇ ਹਨ। ਉਹਨਾਂ ਨੂੰ ਆਪਣਾ-ਆਪ ਸੰਭਾਲਣ ਜੋਗੇ ਦੇਖ ਕੇ ਮਾਂ-ਬਾਪ ਹੈਰਾਨ ਰਹਿ ਜਾਂਦੇ ਹਨ। ਅਜਿਹੇ ਸਮੇਂ ਮਾਪਿਆਂ ਨੂੰ ਕਿੰਨੀ ਖ਼ੁਸ਼ੀ ਮਿਲਦੀ ਹੋਵੇਗੀ, ਪਰ ਕਿਰਨ ਕੁਮਾਰ ਤਾਂ ਘਰੋਂ ਵੀ ਕਿਧਰੇ ਨਿੱਕਲਦਾ ਨਹੀਂ ਸੀ।

ਬੁੱਧ ਰਾਮ ਦੇ ਸਾਰੇ ਹਰਾਸ ਟੁੱਟ ਗਏ। ਉਹਨੂੰ ਹੁਣ ਕਿਰਨ ਕੁਮਾਰ ਉੱਤੇ ਖਿਝ ਵੀ ਨਾ ਚੜ੍ਹਦੀ। ਮੁੰਡਾ ਘਰ ਆਉਂਦਾ, ਰੋਟੀ ਖਾ ਜਾਂਦਾ। ਆਉਂਦਾ, ਮਾਂ ਤੋਂ ਚਾਹ ਕਰਵਾਉਂਦਾ ਤੇ ਪੀ ਕੇ ਚਲਿਆ ਜਾਂਦਾ। ਰਾਤ ਨੂੰ ਕੁਵੇਲੇ ਘਰ ਵੜਦਾ। ਸਵੇਰੇ ਜਾਂ ਤਾਂ ਸਦੇਹਾਂ ਉੱਠ ਕੇ ਹੀ ਕਿਧਰੇ ਚਲਿਆ ਜਾਂਦਾ ਜਾਂ ਦਿਨ ਚੜ੍ਹੇ ਤੱਕ ਬਿਸਤਰੇ ਵਿੱਚ ਪਿਆ ਰਹਿੰਦਾ, ਜਿਵੇਂ ਕੋਈ ਬੀਮਾਰ ਹੋਵੇ। ਬੁੱਧ ਰਾਮ ਉਹਦੀ ਕੋਈ ਪਰਵਾਹ ਨਾ ਕਰਦਾ। ਉਹ ਕਦੋਂ ਘਰ ਆਉਂਦਾ ਹੈ, ਕਦੋਂ ਜਾਂਦਾ ਹੈ, ਉਹਨੂੰ ਕੋਈ ਦਿਲਚਸਪੀ ਨਹੀਂ ਰਹਿ ਗਈ ਸੀ। ਕਿਰਨ ਕੁਮਾਰ ਨਾਲ ਆਪ ਗੱਲ ਕਰਨੋਂ ਤਾਂ ਉਹ ਕਦੋਂ ਦਾ ਹਟਿਆ ਹੋਇਆ ਸੀ। ਹੁਣ

ਉਹ ਆਪਣੀ ਜ਼ਨਾਨੀ ਤੋਂ ਵੀ ਉਹਦੇ ਬਾਰੇ ਕੁਝ ਨਾ ਪੁੱਛਦਾ। ਸਗੋਂ ਜੇ ਉਹ ਮੁੰਡੇ ਬਾਰੇ ਕੋਈ ਗੱਲ ਦੱਸਦੀ ਤਾਂ ਬੁੱਧ ਰਾਮ ਸੁਣਦਾ ਹੀ ਨਾ। ਜਿਵੇਂ ਉਹ ਕਿਸੇ ਬਿਗ਼ਾਨੇ ਮੁੰਡੇ ਦੀ ਗੱਲ ਕਰ ਰਹੀ ਹੋਵੇ।

ਕਿਰਨ ਕੁਮਾਰ ਦਾ ਇਹ ਹਾਲ ਦੇਖ ਕੇ ਬੁੱਧ ਰਾਮ ਨੂੰ ਕੋਈ ਹੋਰ ਮੁੰਡਾ ਚੰਗਾ ਨਾ ਲੱਗਦਾ। ਰਿਸ਼ਤੇਦਾਰੀ ਵਿੱਚ ਕੋਈ ਮੁੰਡਾ ਦਸਵੀਂ ਪਾਸ ਕਰਦਾ ਤੇ ਫਸਟ ਡਵੀਜ਼ਨ ਲੈ ਜਾਂਦਾ ਤਾਂ ਬੁੱਧ ਰਾਮ ਨੂੰ ਅਫ਼ਸੋਸ ਹੁੰਦਾ। ਰਿਸ਼ਤੇਦਾਰ ਦੇ ਮੂੰਹ ਉੱਤੇ ਵੀ ਉਹ ਪ੍ਰਸ਼ੰਸਾ ਜਾਂ ਖ਼ੁਸ਼ੀ ਦਾ ਕੋਈ ਸ਼ਬਦ ਨਾ ਬੋਲ ਸਕਦਾ। ਬੁੱਧ ਰਾਮ ਦੇ ਆਪਣੇ ਵਿਦਿਆਰਥੀ ਜਦੋਂ ਉਹਨੂੰ ਮਿਲਦੇ, ਉਹ ਆਪਣੀ ਉੱਨਤੀ ਦੀਆਂ ਗੱਲਾਂ ਕਰਦੇ ਤਾਂ ਉਹ ਘਾਊਂ-ਮਾਊਂ ਜਿਹਾ ਹੋ ਕੇ ਰਹਿ ਜਾਂਦਾ। ਰੁੱਖੇ-ਰੁੱਖੇ ਸਵਾਲ ਜਵਾਬ ਕਰਦਾ। ਉਹ ਧੁਰ ਦਿਲ ਤੱਕ ਦੁਖੀ ਹੁੰਦਾ ਕਿ ਉਹਨੇ ਕੀ ਲੈਣਾ ਹੈ ਲੋਕਾਂ ਦੇ ਮੁੰਡਿਆਂ ਦੀ ਉੱਨਤੀ ਬਾਰੇ ਸੁਣ ਕੇ, ਉਹਦਾ ਆਪਣਾ ਇੱਕੋ-ਇੱਕ ਮੁੰਡਾ ਤਾਂ ਅਣਹੋਇਆ ਨਿੱਕਲ ਗਿਆ ਹੈ।

ਸਤੰਬਰ-ਅਕਤੂਬਰ ਦਾ ਮਹੀਨਾ ਸੀ। ਉਹ ਸਾਲ ਵਾਇਰਲ ਬਖਾਰ ਦਾ ਬਹੁਤ ਜ਼ੋਰ ਸੀ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਲੋਕ ਮੰਜਿਆਂ ਉੱਤੇ ਪਏ ਸਨ। ਸ਼ਹਿਰਾਂ ਵਿੱਚ ਡਾਕਟਰਾਂ ਦੀਆਂ ਦੁਕਾਨਾਂ ਉੱਤੇ ਮਰੀਜ਼ਾਂ ਦੀ ਮੇਲੇ ਵਾਂਗ ਭੀੜ ਲੱਗੀ ਹੁੰਦੀ। ਪਹਿਲਾਂ ਪਰਚੀਆਂ ਬਣਦੀਆਂ, ਫੇਰ ਉਹਨਾਂ ਨੂੰ ਨੰਬਰਵਾਰ ਡਾਕਟਰ ਕੋਲ ਬੁਲਾਇਆ ਜਾਂਦਾ। ਹਾਕ ਮਾਰਨ ਲਈ ਕਿਸੇ-ਕਿਸੇ ਡਾਕਟਰ ਦੀ ਦੁਕਾਨ ਉੱਤੇ ਤਾਂ ਲਾਊਡ-ਸਪੀਕਰ ਦੀ ਵਰਤੋਂ ਵੀ ਹੋ ਰਹੀ ਹੁੰਦੀ। ਉਹਨਾਂ ਦਿਨਾਂ ਵਿੱਚ ਹੀ ਕਿਰਨ ਕੁਮਾਰ ਚਾਰ ਦਿਨ ਘਰ ਨਾ ਆਇਆ। ਬੁੱਧ ਰਾਮ ਲਈ ਇਹ ਆਮ ਵਰਗੀ ਗੱਲ ਸੀ। ਉਹਦੀ ਘਰਵਾਲੀ ਰੋਣ-ਪਿੱਟਣ ਲੱਗੀ- 'ਹਾਏ, ਮੇਰਾ ਲਾਲ! ਪਤਾ ਨਹੀਂ ਕਿੱਥੇ ਐ?'

ਬੁੱਧ ਰਾਮ ਆਖ ਰਿਹਾ ਸੀ- 'ਐਥੇ ਕੀ ਉਹਦੇ ਬਗ਼ੈਰ ਥੁੜਿਆ ਪਿਐ ਕੁਛ। ਆਪੇ ਆਜੂਗਾ ਕਿਧਰੋਂ ਧੱਕੇ ਖਾਂਦਾ।' ਤੇ ਫੇਰ ਪੰਜਵਾਂ ਦਿਨ, ਛੇਵਾਂ ਦਿਨ, ਸੱਤਵੇਂ ਦਿਨ ਨੂੰ ਇੱਕ ਮੁੰਡਾ ਉਹਨਾਂ ਦੇ ਘਰ ਆਇਆ। ਸੁਨੇਹਾ ਦਿੱਤਾ, ਥੋਡਾ ਕਿਰਨ ਸਾਡੇ ਮੁਰਗੀਖ਼ਾਨੇ ਐ, ਬਹੁਤ ਬੀਮਾਰ ਐ। ਉਹਨੂੰ ਘਰ ਲੈ ਆਓ।'

'ਵੇ ਭਾਈ, ਕਿਹੜਾ ਮੁਰਗੀਖ਼ਾਨਾ? ਕੌਣ ਹੋਇਆ ਤੂੰ?' ਕਿੱਥੇ ਐ ਉਹ ਮੁਰਗੀ-ਖ਼ਾਨਾ? ਮੈਨੂੰ ਤਾਂ ਨਾਲ ਈ ਲੈ ਚੱਲ।'

ਮੁੰਡਾ ਉਹਨੂੰ ਸਾਈਕਲ ਮਗਰ ਬਿਠਾ ਕੇ ਲੈ ਗਿਆ। ਉਹ ਪਹੁੰਚੇ ਤਾਂ ਕਿਰਨ ਕੁਮਾਰ ਦੀ ਨਬਜ਼ ਬੰਦ ਸੀ। ਚੇਹਰਾ ਪੀਲਾ ਵਸਾਰ ਜਿਹਾ। ਹੱਥ ਪੈਰ ਆਕੜ ਚੁੱਕੇ ਸਨ। ਮਾਂ ਪੱਟਾਂ ਉੱਤੇ ਦੁਹੱਥੜ ਮਾਰ ਕੇ ਉਹਦੇ ਮੂੰਹ ਨੂੰ ਝੰਜੋੜਨ ਲੱਗੀ। ਸੱਦ ਕੇ ਲਿਆਇਆ ਮੁੰਡਾ ਵੀ ਸੁੰਨ ਦਾ ਸੁੰਨ ਖੜ੍ਹਾ ਰਹਿ ਗਿਆ। ਹੁਣ ਤਾਂ ਉਹ ਉਹਨੂੰ ਚੰਗਾ ਭਲਾ ਛੱਡ ਕੇ ਗਿਆ ਸੀ। ਉਹਨੇ ਆਪ ਬੋਲ ਕੇ ਹੀ ਤਾਂ ਆਖਿਆ ਕਿ ਉਹ ਸਾਈਕਲ ਉੱਤੇ ਜਾ ਕੇ ਉਹਦੀ ਮਾਂ ਨੂੰ ਪਤਾ ਕਰ ਦੇਵੇ।

ਕਿਰਨ ਕੁਮਾਰ ਸੱਤਾਂ ਦਿਨਾਂ ਤੋਂ ਓਥੇ ਹੀ ਪਿਆ ਹੋਇਆ ਸੀ। ਓਸੇ ਦਿਨ ਤੋਂ ਉਹਨੂੰ ਵਾਇਰਲ ਸੀ। ਓਥੇ ਪਏ ਨੂੰ ਹੀ ਉਸਦਾ ਦੋਸਤ ਮੁੰਡਾ ਉਹਨੂੰ ਗੋਲ਼ੀਆਂ ਲਿਆ ਕੇ ਦਿੰਦਾ। ਖਾਣ ਨੂੰ ਡਬਲ-ਰੋਟੀ ਲਿਆ ਦਿੰਦਾ। ਦੁੱਧ ਵੀ ਲਿਆ ਦਿੰਦਾ ਸੀ, ਪਰ

ਬੁਖਾਰ ਉਤਰਦਾ, ਫੇਰ ਚੜ੍ਹ ਜਾਂਦਾ। ਗੋਲ਼ੀਆਂ ਦੀ ਘੂਕੀ ਵਿੱਚ ਉਹ ਬੇਸੁਧ ਜਿਹਾ ਮੰਜੇ ਉੱਤੇ ਪਿਆ ਰਹਿੰਦਾ। ਬੇਸੁਰਤੀ ਹਾਲਤ ਵਿੱਚ ਹੀ ਡਬਲ-ਰੋਟੀ ਖਾਂਦਾ। ਦਿਨੋ-ਦਿਨ ਉਹਦਾ ਖ਼ੂਨ ਸੁੱਕਦਾ ਜਾ ਰਿਹਾ ਸੀ। ਦਿਨੋ-ਦਿਨ ਉਹਦਾ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਸੀ। ਕਿਰਨ ਕੁਮਾਰ ਇਸ ਦੁਨੀਆ ਵਿੱਚ ਨਾ ਰਿਹਾ ਤਾਂ ਕੁਝ ਦਿਨ ਤਾਂ ਬੁੱਧ ਰਾਮ ਉਹਦੇ ਬਾਰੇ ਕੁਝ ਸੋਚ ਹੀ ਨਾ ਸਕਿਆ। ਨਾ ਚੰਗਾ, ਨਾ ਮਾੜਾ। ਉਹਦੀ ਘਰਵਾਲੀ ਪੁੱਤ ਦੇ ਗ਼ਮ ਵਿੱਚ ਨਿਢਾਲ ਮੰਜੇ ਉੱਤੇ ਪਈ ਰਹਿੰਦੀ। ਔਰਤਾਂ ਉਹਦੇ ਕੋਲ ਆ ਕੇ ਗੱਲਾਂ ਕਰਦੀਆਂ ਤਾਂ ਉਹ ਹੋਰ ਉਦਾਸ ਹੋ ਜਾਂਦੀ। ਆਥਣ-ਸਵੇਰ ਉਹ ਬੁੱਧ ਰਾਮ ਨੂੰ ਕੋਸਦੀ- 'ਹੁਣ ਤਾਂ ਥੋਡਾ ਠਰ ਗਿਆ ਕਾਲਜਾ? ਚਾਹੇ ਡੱਕਾ ਦੂਹਰਾ ਨਹੀਂ ਕਰਦਾ ਸੀ, ਘਰੇ ਪੁੱਤ ਤਾਂ ਸੀ। ਧੂਣਾ ਤਾਂ ਧੁਖਦਾ ਸੀ। ਬੱਤੀ ਨਾਲ ਬੱਤੀ ਤਾਂ ਸੀ।'

ਬੁੱਧ ਰਾਮ ਚੁੱਪ ਰਹਿੰਦਾ। ਕਦੇ-ਕਦੇ ਉਹ ਖਿਝ ਉੱਠਦਾ ਕੀ ਕਰਨਾ ਸੀ ਇਹੋ ਜ੍ਹੀ ਔਲਾਦ ਦਾ? ਹੁਣ ਕੀ ਫ਼ਰਕ ਪੈ ਗਿਆ ਉਹਦੇ ਬਗ਼ੈਰ? ਮਰ ਗਿਆ ਤਾਂ ਸਬਰ ਕਰਕੇ ਬੈਠ ਹੁਣ। ਉਹ ਤਾਂ ਜਿਉਂਦਾ ਵੀ ਮਰਿਆਂ ਵਰਗਾ ਸੀ। ਉਹਦੇ ਜਿਉਂਦੇ ਆਪਾਂ ਵੀ ਕਿਹੜਾ ਜਿਉਂਦਿਆਂ 'ਚ ਸੀ?

ਤੇ ਫੇਰ ਕੁਝ ਦਿਨਾਂ ਬਾਅਦ ਬੁੱਧ ਰਾਮ ਇੱਕ ਦਿਨ ਬੈਠਾ-ਬੈਠਾ ਧਾਹੀਂ ਰੋ ਪਿਆ। ਅੱਖਾਂ ਦਾ ਸਾਰਾ ਪਾਣੀ ਮੁਕਾ ਕੇ ਉਹ ਪਤਨੀ ਨਾਲ ਗੱਲਾਂ ਕਰਨ ਲੱਗਿਆ- ਕੀ ਪਤਾ ਓਸ ਵਚਾਰੇ ਨੂੰ ਕੀ ਦੁੱਖ ਸੀ? ਕਿਉਂ ਨਾ ਪੜ੍ਹ ਸਕਿਆ ਉਹ? ਕਿਉਂ ਨਾ ਪਿਆ ਉਹ ਕਿਸੇ ਕੰਮ 'ਚ? ਉਹਦੇ ਇਉਂ ਵਿਗੜ ਜਾਣ 'ਚ ਸ਼ਾਇਦ ਆਪਣਾ ਈ ਕਸੂਰ ਹੋਵੇ। ਤੂੰ ਉਹਨੂੰ ਬੇਹੱਦ ਪਿਆਰ ਕਰਦੀ ਸੀ। ਸ਼ਾਇਦ ਏਸੇ ਕਰਕੇ ਵਿਗੜਿਆ ਹੋਵੇ ਉਹ? ਇਹ ਤਾਂ ਆਪਣਾ ਈ ਕਸੂਰ ਸੀ। ਉਹਨੂੰ ਆਪਾਂ ਠੀਕ ਢੰਗ ਨਾਲ ਉਸਾਰ ਨਾ ਸਕੇ।'

ਤੇ ਫੇਰ ਅਜਿਹੇ ਦਿਨ ਵੀ ਆ ਗਏ, ਜਦੋਂ ਉਹਦੀਆਂ ਧੀਆਂ ਘਰ ਆਉਂਦੀਆਂ। ਕੋਈ ਧੀ ਆਪਣਾ ਮੁੰਡਾ ਉਹਨਾਂ ਨੂੰ ਦੇਣ ਲਈ ਆਖਦੀ, ਪਰ ਬੁੱਧ ਰਾਮ ਬੜਾ ਰੁੱਖਾ ਹੋ ਕੇ ਜਵਾਬ ਦਿੰਦਾ-'ਜਦੋਂ ਅਸੀਂ ਆਪਣੇ ਦਾ ਕੋਈ ਸੁੱਖ ਨਾ ਲੈ ਸਕੇ, ਬਗ਼ਾਨੀ ਔਲਾਦ ਕਿੱਥੋਂ ਪੰਘੂੜੇ ਝੂਟਾਅ ਦੂ ਸਾਨੂੰ?'

ਬੁੱਧ ਰਾਮ ਸਕੂਲੋਂ ਆਉਂਦਾ ਤੇ ਬੱਸ ਸਟੈਂਡ ਉੱਤੇ ਜਾ ਕੇ ਘੰਟਾ-ਘੰਟਾ ਖੜ੍ਹਾ ਲੋਕਾਂ ਵੱਲ ਖ਼ਾਲੀ-ਖ਼ਾਲੀ ਅੱਖਾਂ ਨਾਲ ਝਾਕਦਾ ਰਹਿੰਦਾ। ਕਿਸੇ-ਕਿਸੇ ਦਿਨ ਉਹਨੂੰ ਉਹਦਾ ਕੋਈ ਪੁਰਾਣਾ ਵਿਦਿਆਰਥੀ ਮਿਲ ਜਾਂਦਾ ਤਾਂ ਉਹ ਮੁੰਡੇ ਨੂੰ ਘੁੱਟ ਕੇ ਹਿੱਕ ਨਾਲ ਲਾਉਂਦਾ। ਢਾਬੇ 'ਤੇ ਜਾ ਕੇ ਉਹਨੂੰ ਚਾਹ ਪਿਆਉਂਦਾ। ਉਹਦੇ ਨਾਲ ਉਹਦੀਆਂ ਸਾਰੀਆਂ ਗੱਲਾਂ ਕਰਦਾ। ਮੁੰਡਾ ਆਪਣੀ ਉੱਨਤੀ ਬਾਰੇ ਦੱਸਦਾ ਤਾਂ ਬੁੱਧ ਰਾਮ ਦੇ ਚਿਹਰੇ ਉੱਤੇ ਲਾਲੀ ਆ ਜਾਂਦੀ। ਉਹਨੂੰ ਸੱਚਮੁੱਚ ਲੱਗਦਾ ਕਿ ਉਹ ਉਸਦਾ ਆਪਣਾ ਪੁੱਤ ਹੈ। ਬਾਜ਼ਾਰ ਵਿੱਚ ਉਹ ਆਪਣੇ ਕਿਸੇ ਵਿਦਿਆਰਥੀ ਦੀ ਪਿੱਠ ਪਛਾਣ ਕੇ ਉਹਦੇ ਮੋਢੇ ਉੱਤੇ ਜਾ ਹੱਥ ਧਰਦਾ ਤੇ ਥਾਂ ਦੀ ਥਾਂ ਖੜ੍ਹਾ ਕੇ ਉਹਦਾ ਹਾਲ-ਚਾਲ ਪੁੱਛਣ ਲੱਗਦਾ।

ਹੁਣ ਬੁੱਧ ਰਾਮ ਆਪਣੇ ਸਾਥੀ ਅਧਿਆਪਕਾਂ ਵਿੱਚ ਬੈਠ ਕੇ ਆਪਣੇ ਪੁਰਾਣੇ ਵਿਦਿਆਰਥੀਆਂ ਦੀਆਂ ਗੱਲਾਂ ਕਰਦਾ ਉਹ ਜੋ, ਹੁਣ ਰਾਮਪੁਰੇ ਐਸ.ਡੀ.ਐਮ. ਐ ਨਾ, ਉਹ ਮੇਰਾ ਵਿਦਿਆਰਥੀ ਐ। ਖ਼ਾਲਸਾ ਕਾਲਜ, ਲੁਧਿਆਣੇ ਦਾ ਭਰਪੂਰ ਸਿੰਘ ਜਿਹੜਾ

ਓਥੇ ਅੰਗਰੇਜ਼ੀ ਦਾ ਪ੍ਰੋਫ਼ੈਸਰ ਐ, ਲੈ ਕੱਲ੍ਹ ਮੇਰੇ ਕੋਲੋਂ ਦਸਵੀਂ ਕਰਕੇ ਗਿਐ, ਹੁਣ ਪੀ.ਐੱਚ.ਡੀ ਵੀ ਕਰ ਗਿਆ। ਦਿਨ ਜਾਂਦਿਆਂ ਨੂੰ ਕੀ ਲੱਗਦੈ। ਬੜਾ ਲਾਇਕ ਮੁੰਡਾ ਸੀ ਬਈ। ਜਦੋਂ ਵੀ ਬੁੱਧ ਸਾਥੀ ਅਧਿਆਪਕਾਂ ਵਿੱਚ ਬੈਠਦਾ, ਆਪਣੇ ਕਿਸੇ ਪੁਰਾਣੇ ਵਿਦਿਆਰਥੀ ਦੀ ਗੱਲ ਛੇੜ ਲੈਂਦਾ। ਸਾਥੀ ਅਧਿਆਪਕ ਉਹਦੀਆਂ ਗੱਲਾਂ ਸੁਣਦੇ ਤੇ ਲਗਾਤਾਰ ਬਿਨਾਂ ਹੁੰਗਾਰਾ ਭਰੇ ਉਹਦੇ ਮੂੰਹ ਵੱਲ ਝਾਕਦੇ ਰਹਿੰਦੇ।

ਬੁੱਧ ਰਾਮ ਨੂੰ ਲੱਗਦਾ ਜਿਵੇਂ ਉਹਦੇ ਪੁਰਾਣੇ ਵਿਦਿਆਰਥੀ, ਜਿਹੜੇ ਜ਼ਿੰਦਗੀ ਵਿੱਚ ਬਹੁਤ ਉੱਚਾ ਉੱਠ ਗਏ ਹਨ, ਉਹਦੀ ਅਸਲੀ ਔਲਾਦ ਹਨ। ♦

# ਡਰ

ਉਹ ਜਦੋਂ ਕਦੇ ਵੀ 'ਗਧੇ' ਨੂੰ ਆਪਣੀ ਹਿੱਕ ਨਾਲ ਲਾ ਕੇ ਘੁੱਟਦੀ ਤਾਂ ਉਹਦਾ ਮੂੰਹ ਚੁੰਮ ਲੈਂਦੀ। 'ਗਧੇ' ਨੂੰ ਤਾਪ ਚੜ੍ਹ ਜਾਂਦਾ, ਟੱਟੀਆਂ ਜਾਂ ਉਛਾਲੀਆਂ ਲੱਗ ਜਾਂਦੀਆਂ। ਉਹ ਰੋਟੀ ਨੂੰ ਮੂੰਹ ਨਾ ਕਰਦਾ। ਬੀਮਾਰ ਪੈ ਜਾਂਦਾ। ਉਹਦੀ ਸੱਸ ਪਿੱਟ ਉੱਠਦੀ– 'ਤੈਨੂੰ ਕਿੰਨੇ ਵਾਰੀ ਆਖਿਐ ਬਹੂ, ਮੁੰਡੇ ਨੂੰ ਬੀਹੀ 'ਚ ਨਾ ਲਜਾਇਆ ਕਰ। ਨਜ਼ਰ ਤਾਂ ਪੱਥਰਾਂ ਨੂੰ ਕਿਹੜਾ ਨਹੀਂ ਪਾੜ ਕੇ ਰੱਖ ਦਿੰਦੀ। ਜਿਊਣ ਜੋਗਾ ਨਿੱਤ ਬਮਾਰ, ਨਿੱਤ ਬਮਾਰ।'

ਸ਼ਰਨਪਾਲ ਨੂੰ ਪਤਾ ਸੀ, ਉਹਦਾ 'ਗਧਾ' ਕਿਉਂ ਬੀਮਾਰ ਹੋ ਜਾਂਦਾ ਹੈ, ਪਰ ਉਹ ਕੀ ਕਰਦੀ, ਉਹਦੇ ਕਾਲਜੇ ਵਿਚੋਂ ਡੌਂ ਉੱਠਦਾ ਸੀ। ਉਹ ਤਾਂ ਬੇਸੁਧ ਜਿਹੀ ਹੋ ਜਾਂਦੀ। ਧਾਹ ਕੇ ਆਪਣੇ 'ਗਧੇ' ਨੂੰ ਬਾਹੋਂ ਫੜਦੀ, ਹਿੱਕ ਨਾਲ ਲਾਉਂਦੀ ਤੇ ਮੂੰਹ ਚੁੰਮ ਲੈਂਦੀ। ਜਿਵੇਂ ਕੁਝ ਯਾਦ ਆ ਜਾਂਦਾ ਹੋਵੇ। ਉਹ ਝੱਟ ਹੀ ਉਹਨੂੰ ਆਪਣੇ ਨਾਲੋਂ ਤੋੜਦੀ ਤੇ ਝਟਕਾ ਜਿਹਾ ਮਾਰ ਕੇ ਉਹਨੂੰ ਪਰ੍ਹਾਂ ਕਰ ਦਿੰਦੀ, ਜਿਵੇਂ ਉਹ ਕੋਈ ਬਿਗਾਨਾ ਪੁੱਤ ਹੋਵੇ। ਜਿਵੇਂ ਉਹ ਕੋਈ ਭੁੱਲ ਕਰ ਬੈਠੀ ਹੋਵੇ।

ਇਸ ਸਾਲ ਫੇਰ ਉਹੀ ਨਾਮੁਰਾਦ ਬੁਖ਼ਾਰ ਲੋਕਾਂ ਨੂੰ ਚੜ੍ਹਨ ਲੱਗ ਪਿਆ। ਜਦ ਕਿਸੇ ਨੂੰ ਵੀ ਚੜ੍ਹਦਾ, ਜ਼ੋਰਾਂ ਦਾ ਚੜ੍ਹਦਾ। ਕਈ ਦਿਨ ਉੱਤਰਦਾ ਹੀ ਨਾ। ਨਾ ਇਹ ਮਲੇਰੀਆਂ, ਨਾ ਟਾਈਫਾਈਡ। ਕੋਈ ਇਸ ਨੂੰ ਵਾਈਰਲ ਆਖਦਾ, ਕੋਈ ਡੇਂਗੂ।

ਲੋਕਾਂ ਵਿੱਚ ਆਮ ਚਰਚਾ ਸੀ ਕਿ ਪੰਜਾਬ ਦੇ ਪਿੰਡਾਂ ਵਿੱਚ ਝੋਨੇ ਦੀ ਫ਼ਸਲ ਜ਼ਿਆਦਾ ਬੀਜੇ ਜਾਣ ਕਾਰਨ ਇਹ ਬੀਮਾਰੀ ਪੈਦਾ ਹੁੰਦੀ ਹੈ। ਝੋਨੇ ਵਿੱਚ ਪਾਣੀ ਖੜ੍ਹਾ ਰਹਿੰਦਾ ਹੈ। ਪਾਣੀ ਸੜ ਜਾਂਦਾ ਹੈ। ਫੇਰ ਮੱਛਰ ਪੈਦਾ ਹੁੰਦਾ ਹੈ। ਮੱਛਰ ਵੀ ਇਹੋ ਜਿਹਾ ਕਿ ਪਹਿਲਾਂ ਕਦੇ ਕਿਸੇ ਨੇ ਦੇਖਿਆ ਹੀ ਨਾ ਹੋਵੇ। ਇਸ ਮੱਛਰ ਉੱਤੇ ਕੋਈ ਕੀੜੇ ਮਾਰ ਦਵਾਈ ਕੰਮ ਨਾ ਕਰਦੀ। ਲੋਕ ਹੱਸਦੇ ਵੀ–ਅਖੇ, ਜਿਵੇਂ ਬਹੁਤੀ ਫ਼ੀਮ ਖਾਣ ਵਾਲੇ ਅਮਲੀ ਨੂੰ ਕਿੰਨੀ ਫ਼ੀਮ ਖਵਾ ਦਿਓ, ਉਹ ਮਰਦਾ ਨਹੀਂ। ਏਵੇਂ ਹੀ ਇਹ ਮੱਛਰ ਵੀ ਅਮਲੀ ਬਣ ਗਿਆ। ਡੀ.ਡੀ.ਟੀ. ਜਿਹੀਆਂ ਦਵਾਈਆਂ ਤਾਂ ਹੁਣ ਇਹਦਾ ਨਸ਼ਾ–ਪਾਣੀ ਹੀ ਨੇ।

ਬੁਖ਼ਾਰ ਚੜ੍ਹਨ ਤੋਂ ਪਹਿਲਾਂ ਮਰੀਜ਼ ਦੇ ਹੱਥ ਪੈਰ ਟੁੱਟਦੇ ਤੇ ਫੇਰ ਅੱਖਾਂ ਲਾਲ ਹੋ ਜਾਂਦੀਆਂ। ਕਿਸੇ ਨੂੰ ਪਾਲ਼ਾ ਲੱਗ ਕੇ ਬੁਖ਼ਾਰ ਚੜ੍ਹਦਾ, ਕਿਸੇ ਨੂੰ ਪਾਲ਼ਾ ਲੱਗਦਾ ਵੀ ਨਾ ਉਲਟੀਆਂ ਟੱਟੀਆਂ ਵੀ ਲੱਗ ਜਾਂਦੀਆਂ। ਦੋ ਚਹੁੰ ਦਿਨਾਂ ਵਿੱਚ ਹੀ ਮਰੀਜ਼ ਦਾ ਲਹੂ ਸੂਤਿਆ ਜਾਂਦਾ। ਉੱਠਣ ਬੈਠਣ ਦੀ ਹਿੰਮਤ ਜਾਂਦੀ ਰਹਿੰਦੀ। ਸਭ ਡਾਕਟਰ ਇਕੋਂ

ਕਿਸਮ ਦੀ ਦਵਾਈ ਦਿੰਦੇ। ਗੋਲ਼ੀਆਂ ਤੇ ਪੀਣ ਵਾਲੀ ਦਵਾਈ। ਐਮ.ਬੀ.ਬੀ.ਐਸ. ਡਾਕਟਰ ਤੇ ਤਜਰਬਾਕਾਰ ਵੈਦਾਂ ਹਕੀਮਾਂ ਦੀ ਗੱਲ ਹੀ ਕੀ, ਨਿੱਕੇ-ਨਿੱਕੇ ਆਰ. ਐਮ. ਪੀ. ਵੀ ਧਜਾਧਾਰੀ ਬਣ ਬੈਠੇ। ਵਾਰੇ ਨਿਆਰੇ ਹੋ ਗਏ ਏਸ ਕੰਮ ਵਾਲਿਆਂ ਦੇ। ਜਿਨ੍ਹਾਂ ਤੋਂ ਕਦੇ ਕੋਈ ਐਸਪਰੋ ਦੀ ਗੋਲ਼ੀ ਲੈ ਕੇ ਵੀ ਨਹੀਂ ਜਾਂਦਾ ਸੀ, ਉਹ ਵੀ ਧਨੰਤਰ ਬਣ ਬੈਠੇ। ਅਖੇ ਜੀ ਸੀਜ਼ਨ ਐ। ਧੜਾਧੜ ਮੌਤਾਂ ਹੋ ਰਹੀਆਂ ਸਨ। ਪਿੰਡਾਂ ਦੇ ਪਿੰਡ ਉੱਠ ਕੇ ਸ਼ਹਿਰਾਂ ਵੱਲ ਤੁਰ ਪਏ। ਟਰਾਲੀਆਂ ਵਿੱਚ ਰੱਖੇ ਮੰਜੇ ਤੇ ਮੰਜਿਆਂ ਉੱਤੇ ਅੱਧ-ਮਰੇ ਮਰੀਜ਼।

ਸ਼ਰਨਪਾਲ ਨੂੰ ਬੁਖ਼ਾਰ ਨਹੀਂ ਚੜ੍ਹਿਆ ਸੀ। ਗੁਰਦੇਵ ਸਿੰਘ ਤੇ ਉਹਦੀ ਮਾਂ ਆਪਣੀ ਵਾਰੀ ਕੱਟ ਚੁੱਕੇ ਸਨ। ਸੱਸ ਆਖਦੀ- 'ਬਹੂ ਤੂੰ ਬਚ ਕੇ ਰਹਿ। ਹੁਣ ਤੇਰੀ ਵਾਰੀ ਐ।'

'ਚੱਲ, ਮੇਰਾ ਤਾਂ ਕੁਸ਼ ਨੀ। ਚੜ੍ਹ ਜੂ ਤਾਂ ਚੜ੍ਹ ਜੇ। ਬਥੇਰਾ ਝੱਲ ਲੂ ਮੈਂ ਤਾਂ। 'ਗਧਾ' ਰਾਜ਼ੀ ਬਾਜ਼ੀ ਰਹੇ।' ਸ਼ਰਨਪਾਲ ਕਹਿਣਾ ਚਾਹੁੰਦੀ, ਪਰ ਉਹ ਬੋਲਦੀ ਨਾ। ਇੰਝ ਬੋਲਣ ਨਾਲ ਤਾਂ 'ਗਧੇ' ਨਾਲ ਉਹਦਾ ਪਿਆਰ ਜ਼ਾਹਰ ਹੁੰਦਾ ਸੀ।

ਤੇ ਫਿਰ ਇੱਕ ਦਿਨ 'ਗਧੇ' ਨੂੰ ਵੀ ਬੁਖ਼ਾਰ ਚੜ੍ਹ ਗਿਆ। ਪੂਰਾ ਗਰਨਾ ਕੇ। ਅੱਖਾਂ ਲਾਲ ਝਰੰਗ। ਮੰਜੇ ਉੱਤੇ ਪਿਆ ਲੱਤਾਂ ਵਗਾਹ-ਵਗਾਹ ਮਾਰਦਾ। ਦਾਦੀ ਨੇ ਪਿੰਡ ਦੇ ਡਾਕਟਰ ਤੋਂ ਗੋਲ਼ੀਆਂ ਲਿਆ ਕੇ ਦਿੱਤੀਆਂ। ਬੁਖ਼ਾਰ ਤਾਂ ਢੈਲਾ ਹੋ ਗਿਆ, ਪਰ ਉਛਾਲੀਆਂ ਲੱਗ ਗਈਆਂ। ਪਾਣੀ ਦੀ ਤਿੱਪ ਵੀ ਨਹੀਂ ਪਚਦੀ ਸੀ। ਉਛਾਲੀ ਕਰਨ ਬਾਅਦ ਉਹ ਪੂਰਾ ਔਖਾ ਹੋ ਜਾਂਦਾ। ਦਾਦੀ ਉਸਦਾ ਸਿਰ ਘੁੱਟ ਕੇ ਫੜਦੀ ਤੇ ਫੇਰ ਉਛਾਲੀ ਨਾਲ ਅੰਦਰੋਂ ਤਾਂ ਕੁਝ ਵੀ ਨਾ ਨਿੱਕਲਦਾ। ਫੋਕੇ ਉਵੱਤ। ਜਿਵੇਂ ਮੁੰਡੇ ਦਾ ਕਾਲਜਾ ਪਾਟ ਕੇ ਬਾਹਰ ਆ ਜਾਣਾ ਹੋਵੇ।

ਮੁੰਡਾ ਪੰਜ-ਛੇ ਸਾਲ ਦਾ ਹੋ ਚੁੱਕਿਆ ਸੀ। ਸਕੂਲ ਜਾਂਦਾ। ਉਸਦੀ ਦਾਦੀ ਨੇ ਉਸ ਨੂੰ ਪਾਲ਼ਿਆ ਸੀ। ਸ਼ਰਨਪਾਲ ਨੇ ਤਾਂ ਬਸ ਜਨਮ ਦਿੱਤਾ। ਉਹਨੇ ਤਾਂ ਉਹਨੂੰ ਦੁੱਧ ਵੀ ਬਹੁਤਾ ਚਿਰ ਨਹੀਂ ਚੁੰਘਾਇਆ। ਦੁੱਧ ਚੁੰਘਦਾ ਤਾਂ ਉਹ ਉਹਨੂੰ ਦੇਖਦੀ ਨਾ, ਪਰ੍ਹੇ ਮੂੰਹ ਕਰ ਕੇ ਰੱਖਦੀ। ਡਰਦੀ ਕਿਤੇ ਉਹਦੇ ਦਿਲ ਵਿੱਚ ਮੁੰਡੇ ਲਈ ਪਿਆਰ ਦੀ ਕੋਈ ਚਿਣਗ ਬਲ ਨਾ ਉੱਠੇ। ਹੁਣ ਜਦੋਂ ਉਹ ਬੀਮਾਰ ਸੀ ਤਾਂ ਦਾਦੀ ਹੀ ਉਸਨੂੰ ਸੰਭਾਲਦੀ, ਪਰ ਉਹ ਤਾਂ ਹੱਥਾਂ ਵਿੱਚ ਆ ਗਿਆ ਲੱਗਦਾ ਸੀ। ਪਿੰਡ ਦੇ ਡਾਕਟਰ ਦੀਆਂ ਗੋਲ਼ੀਆਂ ਨੇ ਕੋਈ ਖ਼ਾਸ ਅਸਰ ਨਹੀਂ ਕੀਤਾ ਸੀ। ਇਸ ਤਰ੍ਹਾਂ ਹੀ ਉਹਦੀ ਹਾਲਤ ਰਹੀ ਤਾਂ ਉਹ ਮਰ ਵੀ ਸਕਦਾ ਹੈ। ਸ਼ਰਨਪਾਲ ਦੇ ਕਾਲਜਿਉਂ ਹੂਕ ਉੱਠਦੀ। ਉਹ ਆਪਣੇ ਆਪ ਨੂੰ ਬਹੁਤ ਸੰਭਾਲ ਕੇ ਰੱਖਣ ਦੀ ਕੋਸ਼ਿਸ਼ ਕਰਦੀ। ਇਹ ਹੂਕ ਤਾਂ ਉਹਦੀ ਦੇਹ ਨੂੰ ਕੰਬਾਅ-ਕੰਬਾਅ ਜਾਂਦੀ। ਉਹਨੂੰ ਲੱਗਦਾ ਉਹਦੀ ਸੱਸ 'ਗਧੇ' ਨੂੰ ਚੰਗੂੰ ਨਹੀਂ ਸੰਭਾਲ ਰਹੀ। ਉਲਟੀ ਪਿੱਛੋਂ ਉਹ ਉਹਨੂੰ ਆਪਣੀ ਹਿੱਕ ਨਾਲ ਲਾ ਕੇ ਕਿਉਂ ਨਹੀਂ ਘੁੱਟ ਲੈਂਦੀ। ਘੁੱਗੀ ਜਿਹਾ 'ਗਧਾ' ਕਿੰਨਾ ਤੜਫ਼-ਤੜਫ਼ ਜਾਂਦਾ ਹੈ, ਪਰ ਉਹ ਬੇਵਸ ਸੀ। ਉਹਨੇ 'ਗਧੇ' ਨੂੰ ਖ਼ੁਦ ਸੰਭਾਲਿਆ ਤਾਂ ਇਹ ਬੜੀ ਖ਼ਤਰਨਾਕ ਗੱਲ ਹੋਵੇਗੀ। 'ਗਧਾ' ਉਲਟੀਆਂ ਕਰਦਾ ਤੇ ਹਾਲੋਂ-ਬੇਹਾਲ ਹੋ ਜਾਂਦਾ। ਸ਼ਰਨਪਾਲ ਉਹਨੂੰ ਦੇਖਦੀ ਤੱਕ ਵੀ ਨਾ। ਪਰ੍ਹਾਂ ਕਿਧਰੇ ਜਾ ਕੇ ਬੈਠ ਜਾਂਦੀ ਤੇ ਮੁੰਡੇ ਦੀ ਹਾਲਤ ਨੂੰ ਭੁੱਲਣ ਦੀ ਕੋਸ਼ਿਸ਼ ਕਰਦੀ।

ਗੁਰਦੇਵ ਸਿੰਘ ਘਰ ਨਹੀਂ ਸੀ। ਬਾਹਰੋਂ ਆਇਆ ਤਾਂ 'ਹੈਪੀ' ਦੀ ਐਨੀ ਭੈੜੀ ਹਾਲਤ ਦੇਖ ਕੇ ਮਾਂ ਤੋਂ ਉਹਦੇ ਬਾਰੇ ਪੁੱਛਣ ਲੱਗਿਆ। ਉਹਨੇ ਦੇਖਿਆ, ਸ਼ਰਨਪਾਲ ਕਿਧਰੇ ਨੇੜੇ-ਤੇੜੇ ਵੀ ਨਹੀਂ ਸੀ। ਪਰ੍ਹਾਂ ਕਿਧਰੇ ਪਤਾ ਨਹੀਂ ਕਿੱਥੇ ਬੈਠੀ ਸੀ। ਉਹਨੂੰ ਉਹਦੇ ਉੱਤੇ ਗੁੱਸਾ ਆਇਆ। ਉਹਦਾ ਦਿਲ ਕੀਤਾ, ਲਫੇੜਿਆਂ ਨਾਲ ਉਹ ਆਪਣੀ ਤੀਵੀਂ ਦਾ ਮੂੰਹ ਭੰਨ ਦੇਵੇ। ਮੁੰਡੇ ਦੀ ਇਹ ਹਾਲਤ ਹੈ ਤੇ ਉਸ ਨੂੰ ਕੋਈ ਖ਼ਿਆਲ ਹੀ ਨਹੀਂ। ਕਿੰਨੀ ਨਿਰਦਈ ਔਰਤ ਹੈ। ਅਜਿਹੀ ਗੰਦੀ ਔਰਤ ਨੂੰ ਕੀ ਪਤਾ ਹੈ ਕਿ ਔਲਾਦ ਕੀ ਹੁੰਦੀ ਹੈ। ਵਿਆਹ ਤੋਂ ਚਾਰ ਸਾਲ ਬਾਅਦ ਮਸਾਂ ਕਿਤੇ ਜਾ ਕੇ ਇਹ ਜੁਆਕ ਹੋਇਆ। ਇਕੋਂ ਟਿੰਘ ਤਾਂ ਹੈ। ਮੁੜ ਕੇ ਕੋਈ ਜਵਾਕ ਨਹੀਂ। ਇਹੋ ਤਾਂ ਇਕ ਚਰਾਗ਼ ਹੈ ਘਰ ਦਾ।

ਗੁਰਦੇਵ ਸਿੰਘ ਨੂੰ ਗੁੱਸਾ ਚੜ੍ਹ ਰਿਹਾ ਸੀ। ਢਿੱਡੋਂ ਕੱਢੀ ਅੱਗ ਨੂੰ ਵੀ ਕੋਈ ਇਸ ਤਰ੍ਹਾਂ ਵਸਾਰ ਕੇ ਰੱਖਦਾ ਹੁੰਦਾ ਹੈ, ਪਰ ਛੇਤੀ ਹੀ ਉਹਦਾ ਗੁੱਸਾ ਠੰਡਾ ਹੋਣ ਲੱਗਿਆ। ਉਹਨੂੰ ਪਿਛਲਾ ਸਾਰਾ ਸਮਾਂ ਯਾਦ ਆ ਗਿਆ। ਜਦ ਤੋਂ ਉਹ ਵਿਆਹੀ ਆਈ ਸੀ, ਇੱਕ ਦਿਨ ਵੀ ਉਹਨੇ ਉਹਨੂੰ ਸਿੱਧੇ ਮੂੰਹ ਨਾਲ ਨਹੀਂ 'ਬੁਲਾਇਆ-ਚਲਾਇਆ' ਸੀ। ਹੁਣ ਤੱਕ ਵੀ ਉਹਦੀ ਮਾਂ ਹੀ ਉਹਨੂੰ ਥਾਲੀ ਵਿੱਚ ਰੋਟੀ ਪਾ ਕੇ ਦਿੰਦੀ। ਕੱਪੜੇ ਵੀ ਮਾਂ ਧੋਂਦੀ। ਸ਼ਰਨਪਾਲ ਤਾਂ ਮੁੱਢ ਤੋਂ ਹੀ ਚੁੱਪ-ਚਾਪ ਰਹੀ ਸੀ। ਕਦੇ ਲੜੀ-ਝਗੜੀ ਵੀ ਨਹੀਂ ਸੀ, ਗੁਰਦੇਵ ਸਿੰਘ ਨਾਲ। ਕਦੇ ਬਿੰਦ-ਝੱਟ ਬੈਠ ਕੇ ਵੀ ਉਹ ਪਿਆਰ ਦੀਆਂ ਗੱਲਾਂ ਨਹੀਂ ਕਰਦੀ ਸੀ।

ਗੁਰਦੇਵ ਸਿੰਘ ਘਰ ਦੇ ਕਿਸੇ ਮਸਲੇ ਵਿੱਚ ਗੁੱਸੇ ਹੁੰਦਾ ਤਾਂ ਰੁੱਸ ਕੇ ਬੈਠ ਜਾਂਦਾ। ਰੋਟੀ ਹੀ ਨਾ ਖਾਂਦਾ। ਘਰ ਦੇ ਸਭ ਜਣੇ ਰੋਟੀ ਖਾ ਚੁੱਕੇ ਹੁੰਦੇ। ਗੁਰਦੇਵ ਸਿੰਘ ਦੀ ਮਾਂ ਉਹਨੂੰ ਰੋਟੀ ਖਾਣ ਲਈ ਕਈ ਵਾਰ ਆਖਦੀ, ਪਰ ਉਹਦਾ ਗੁੱਸਾ ਓਵੇਂ ਹੀ ਕਾਇਮ ਰਹਿੰਦਾ। ਉਹਦਾ ਅੰਦਰੋਂ ਕਿਤੋਂ ਦਿਲ ਕਰਦਾ, ਸ਼ਰਨਪਾਲ ਥਾਲੀ ਵਿੱਚ ਰੋਟੀ ਪਾ ਕੇ ਲਿਆਵੇ ਤੇ ਉਹਦੀਆਂ ਮਿੰਨਤਾਂ ਜਿਹੀਆਂ ਕਰੇ। ਉਹਨੂੰ ਛੇੜੇ। ਹਾਸੀ ਮਜ਼ਾਕ ਵਿੱਚ ਹੀ ਇੱਕ ਬੁਰਕੀ ਤੋੜ ਕੇ ਉਹਦੇ ਮੂੰਹ ਵਿੱਚ ਪਾ ਦੇਵੇ ਤੇ ਫੇਰ ਸਾਰੀ ਰੋਟੀ ਉਹ ਖਾ ਲਵੇ, ਪਰ ਸ਼ਰਨਪਾਲ ਤਾਂ ਨੇੜੇ ਵੀ ਨਹੀਂ ਆਉਂਦੀ ਸੀ। ਉਹਨੂੰ ਤਾਂ ਜਿਵੇਂ ਯਾਦ ਵੀ ਰਹਿੰਦਾ ਨਹੀਂ ਸੀ ਕਿ ਖ਼ੁਦ ਰੋਟੀ ਖਾਣ ਵੇਲੇ ਉਹ ਆਪਣੇ ਪਤੀ ਦੀ ਰੋਟੀ ਖਾਧੀ, ਨਾ ਖਾਧੀ ਦੀ ਗੱਲ ਮਨ ਵਿੱਚ ਲਿਆਵੇ। ਰੋਟੀ ਖਾਂਦੀ, ਭਾਂਡਾ ਟੀਂਡਾ ਸਾਂਭਦੀ ਤੇ ਮੰਜੇ ਉੱਤੇ ਜਾ ਪੈਂਦੀ।

ਗੁਰਦੇਵ ਸਿੰਘ ਸੋਚਦਾ ਰਹਿੰਦਾ, ਕੀ ਸ਼ਰਨਪਾਲ ਦੀਆਂ ਪੇਕੇ-ਪਿੰਡ ਸਹੇਲੀਆਂ ਨਹੀਂ ਸਨ? ਕੁਝ ਸਹੇਲੀਆਂ ਉਸ ਨਾਲੋਂ ਪਹਿਲਾਂ ਵਿਆਹੀਆਂ ਵੀ ਗਈਆਂ ਹੋਣਗੀਆਂ। ਵਿਆਹ ਬਾਅਦ ਪੇਕੇ-ਪਿੰਡ ਆ ਕੇ ਕੁੜੀਆਂ ਆਪਣੀਆਂ ਸਹੇਲੀਆਂ ਨੂੰ 'ਗੱਲਾਂ' ਸੁਣਾਉਂਦੀਆਂ ਹੁੰਦੀਆਂ ਹਨ। ਕੀ ਕਿਸੇ ਤੋਂ ਸ਼ਰਨਪਾਲ ਨੇ ਕਦੀ ਨਹੀਂ ਸੁਣਿਆ ਹੋਵੇਗਾ ਕਿ ਨਵੇਂ ਵਿਆਹੇ ਮੁੰਡੇ ਕੁੜੀ ਦਾ ਭਖਵਾਂ ਪਿਆਰ ਤੇ ਅੰਨ੍ਹਾ ਲਾਡ-ਚਾਅ ਕੀ ਹੁੰਦਾ ਹੈ ਜਾਂ ਕੀ ਉਹਨੇ ਕਦੇ ਐਥੇ ਸਹੁਰੇ-ਪਿੰਡ ਹੋਰਨਾ ਤੀਵੀਂਆਂ ਤੋਂ ਆਪਣੇ ਬੰਦਿਆਂ ਦੀਆਂ ਗੱਲਾਂ ਕਦੇ ਨਹੀਂ ਸੁਣੀਆਂ? ਆਪਣੇ ਬੰਦਿਆਂ ਨਾਲ ਉਹ ਕਿਵੇਂ ਲੜਦੀਆਂ

ਝਗੜਦੀਆਂ ਤੇ ਫਿਰ ਕਿਵੇਂ ਇਕ-ਮਿਕ ਹੋ ਜਾਂਦੀਆਂ ਹਨ। ਗੁਰਦੇਵ ਸਿੰਘ ਨਿਰਣਾ ਲੈਂਦਾ, ਉਹਦੀ ਤੀਵੀਂ ਤਾਂ ਬੁੱਧੂ ਹੈ, ਬੇਅਕਲ, ਢਾਂਡਾ, ਮ੍ਰੈਸ ਐ ਨਿਰੀ। ਉਹਦੇ ਉੱਤੇ ਜ਼ਮਾਨੇ ਦਾ ਕੋਈ ਅਸਰ ਨਹੀਂ। ਉਹਨੂੰ ਨਹੀਂ ਪਤਾ, ਔਰਤ ਕੀ ਹੁੰਦੀ ਹੈ। ਉਹਨੂੰ ਨਈਂ ਪਤਾ, ਬੰਦਾ ਕਿਸ ਜਾਤ ਦਾ ਹੁੰਦਾ ਹੈ, ਬੰਦੇ ਨੂੰ ਰਿਝਾਉਣ ਲਈ ਔਰਤ ਕੋਲ ਕੀ ਕੀ ਹੁਨਰ ਹੁੰਦਾ ਹੈ, ਕੀ ਕੀ ਚਲਿੱਤਰ ਹੁੰਦੇ ਹਨ।

ਸ਼ਰਨਪਾਲ ਹੋਰੀਂ ਤਿੰਨ ਭੈਣਾਂ ਸਨ। ਦੋ ਉਸ ਤੋਂ ਛੋਟੀਆਂ। ਇੱਕ ਉਹਨਾਂ ਦਾ ਭਰਾ ਸੀ। ਸਭ ਤੋਂ ਛੋਟਾ। ਭਰਾ ਦਸ ਕੁ ਵਰ੍ਹਿਆਂ ਦਾ ਹੋਵੇਗਾ, ਜਦੋਂ ਉਹਨਾਂ ਦਾ ਬਾਪ ਪਰਲੋਕ ਸਿਧਾਰ ਗਿਆ। ਘਰ ਵਿੱਚ ਹੁਣ ਉਹਨਾਂ ਦਾ ਇਕੋ ਇਕ ਭਰਾ ਸੀ। ਬਾਕੀ ਉਹ ਚਾਰੇ ਮਾਂ-ਧੀਆਂ। ਘਰ ਵਿੱਚ ਬੰਦਾ ਨਾ ਹੋਵੇ ਤਾਂ ਤੀਵੀਂ ਜਾਤ ਦੀ ਕੀ ਵੁੱਕਤ। ਬੰਦਾ ਇਕੋ ਹੋਵੇ, ਘਰ ਦਾ ਥੰਮ੍ਹ ਹੁੰਦਾ ਹੈ। ਉਹ ਸ਼ਰਨਪਾਲ ਨੂੰ ਬੇਹੱਦ ਪਿਆਰਾ ਸੀ। ਭਰਾ ਕਿਸ ਨੂੰ ਪਿਆਰਾ ਨਹੀਂ ਹੁੰਦਾ ਹੈ, ਪਰ ਸ਼ਰਨਪਾਲ ਦੀ ਤਾਂ ਉਹ ਜਿੰਦ-ਜਾਨ ਸੀ।

ਹਰ ਵੇਲੇ ਉਹ ਉਸਨੂੰ ਆਪਣੇ ਕੋਲ ਰੱਖਦੀ। ਪਲ਼ ਦਾ ਵੀ ਵਸਾਹ ਨਾ ਕਰਦੀ। ਦਸ ਸਾਲ ਦਾ ਹੋ ਕੇ ਵੀ ਉਹ ਉਹਦੇ ਨਾਲ ਸੌਂਦਾ। ਇੱਕ ਥਾਲੀ ਵਿੱਚ ਉਹ ਰੋਟੀ ਖਾਂਦੇ। ਸਵੇਰੇ ਉਹ ਉਸਨੂੰ ਨੁਹਾ ਦਿੰਦੀ ਤੇ ਸਕੂਲ ਛੱਡ ਕੇ ਆਉਂਦੀ। ਹਰ ਚੀਜ਼ ਉਹ ਸ਼ਰਨਪਾਲ ਤੋਂ ਹੀ ਮੰਗਦਾ। ਮਾਂ ਨੂੰ ਕੁਛ ਪੁੱਛਦਾ ਹੀ ਨਾ। ਮਾਂ ਕੋਲ ਬਹਿੰਦਾ-ਉੱਠਦਾ ਵੀ ਨਾ।

ਇਕ ਵਾਰ ਉਹਨੂੰ ਟਾਈਫਾਈਡ ਹੋ ਗਿਆ। ਉਹਦਾ ਬਹੁਤ ਇਲਾਜ ਕੀਤਾ ਗਿਆ, ਪਰ ਬੁਖ਼ਾਰ ਟੁੱਟਦਾ ਨਹੀਂ ਸੀ। ਸ਼ਰਨਪਾਲ ਪੂਰੀ ਦੇਹ ਵੇਲਦੀ। ਉਹਦੇ ਮਰਨੇ ਮਰ-ਮਰ ਜਾਂਦੀ। ਸਾਰੀ ਰਾਤ ਸੌਂਦੀ ਹੀ ਨਾ। ਉਹਨੂੰ ਹਿੱਕ ਨਾਲ ਲਾ ਕੇ ਪੈ ਜਾਂਦੀ, ਪਰ ਉਹ ਬਚਿਆ ਨਾ। ਸ਼ਰਨਪਾਲ ਨੇ ਰੋ ਪਿੱਟ ਕੇ ਸਿਰ ਦੇ ਵਾਲ਼ ਪੁੱਟ ਲਏ। ਕੰਧਾਂ ਨਾਲ ਟੱਕਰਾਂ ਮਾਰੀਆਂ। ਦੋਵੇਂ ਛੋਟੀਆਂ ਭੈਣਾਂ ਤੇ ਮਾਂ ਫੇਰ ਉਸਨੂੰ ਹੀ ਸੰਭਾਲਣ ਉੱਤੇ ਹੋ ਗਈਆਂ। ਕਿਤੇ ਉਹੀ ਨਾ ਆਪਣੇ ਆਪ ਨੂੰ ਗੰਵਾ ਲਵੇ।

ਤੇ ਫੇਰ ਉਹਨਾਂ ਦੇ ਘਰ ਇੱਕ ਮੁੰਡਾ ਆਉਣ ਲੱਗਿਆ। ਗਵਾਂਢ ਵਿਚੋਂ ਹੀ ਸੀ। ਭੂਆ ਕੋਲ ਰਹਿੰਦਾ ਸੀ ਤੇ ਸ਼ਹਿਰ ਕਾਲਜ ਵਿੱਚ ਪੜ੍ਹਨ ਜਾਂਦਾ।

ਸ਼ਰਨਪਾਲ ਦਸਵੀਂ ਪਾਸ ਕਰਕੇ ਹਟ ਗਈ ਸੀ। ਦੋਵੇਂ ਛੋਟੀਆਂ ਸਕੂਲ ਜਾਂਦੀਆ ਘਰ ਵਿੱਚ ਆਉਂਦਾ ਮੁੰਡਾ ਉਹਨਾਂ ਦੇ ਨਿੱਕੇ ਮੋਟੇ ਕੰਮ ਕਰ ਦਿੰਦਾ। ਸ਼ਹਿਰੋਂ ਚੀਜ਼ਾਂ ਲਿਆ ਦਿੰਦਾ। ਮਾਂ ਬੀਮਾਰ ਰਹਿੰਦੀ ਸੀ। ਮਹੀਨੇ ਪਿੱਛੋਂ ਉਹਦੇ ਲਈ ਸ਼ਹਿਰੋਂ ਪੀਣ ਵਾਲੀ ਦਵਾਈ ਦੀ ਬੋਤਲ ਲਿਆ ਕੇ ਦਿੰਦਾ। ਸ਼ਰਨਪਾਲ ਕੋਲ ਬੈਠ ਕੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ।

ਮਾਂ ਨੂੰ ਲੱਗਦਾ ਜਿਵੇਂ ਉਹਨਾਂ ਦਾ ਮਰ ਚੁੱਕਿਆ ਮੁੰਡਾ ਉਹਨਾਂ ਨੂੰ ਵਾਪਸ ਮਿਲ ਗਿਆ ਹੋਵੇ। ਸ਼ਰਨਪਾਲ ਨੂੰ ਲੱਗਦਾ ਜਿਵੇਂ ਉਹ ਤਾਂ ਉਹਦਾ ਭਰਾ ਸੀ। ਭਰਾ ਜਿੰਨਾ ਹੀ ਉਹਨੂੰ ਪਿਆਰ ਕਰਨ ਲੱਗੀ। ਦੁਵੱਲਾ ਪਿਆਰ। ਇੱਕ ਪਾਕ ਪਵਿੱਤਰ ਜਿਹਾ ਮੋਹ ਦਿਨੋ-ਦਿਨ ਹੋਰ ਨਿੱਘਾ ਹੁੰਦਾ ਗਿਆ। ਇੱਕ ਦੂਜੇ ਨੂੰ ਦੇਖੇ ਬਗ਼ੈਰ ਉਹ ਰਹਿ ਨਾ ਸਕਦੇ। ਸ਼ਰਨਪਾਲ ਨੂੰ ਆਪਣੇ ਭਰਾ ਦੀ ਯਾਦ ਭੁੱਲਣ ਲੱਗੀ ਤੇ ਫੇਰ ਜਿਵੇਂ ਪਤਾ ਵੀ ਨਾ ਲੱਗਿਆ ਹੋਵੇ, ਉਹਨਾਂ ਦੇ ਇਸ ਪਾਕ ਪਵਿੱਤਰ ਜਿਹੇ ਰਿਸ਼ਤੇ ਦਾ ਰੰਗ ਬਦਲ ਗਿਆ।

ਉਹ ਕਿਸੇ ਰਾਂਗਲੇ ਭਵਿੱਖ ਦੀਆਂ ਯੋਜਨਾਵਾਂ ਬਣਾਉਣ ਲੱਗੇ। ਸ਼ਰਨਪਾਲ ਤੋਂ ਚਾਅ ਨਹੀਂ ਚੁੱਕਿਆ ਜਾ ਰਿਹਾ ਸੀ। ਇਹ ਮੁੰਡਾ ਤਾਂ ਕਿੰਨਾ ਚੰਗਾ ਹੈ। ਸਾਡੇ ਘਰਾਂ ਨੂੰ ਸੰਭਾਲ ਲਵੇਗਾ। ਉਹਦੀਆਂ ਛੋਟੀਆਂ-ਛੋਟੀਆਂ ਭੈਣਾਂ ਲਈ ਧਿਰ ਬਣੇਗਾ। ਮਾਂ ਨੂੰ ਸੁੱਖ ਦੇਵੇਗਾ। ਉਹ ਉਸ ਨੂੰ ਏਥੇ ਹੀ ਆਪਣੇ ਘਰ ਵਿੱਚ ਰੱਖੇਗੀ। ਉਹਨਾਂ ਕੋਲ ਬਥੇਰੀ ਜ਼ਮੀਨ ਹੈਗੀ। ਉਹ ਮੌਜਾਂ ਕਰਨਗੇ। ਛੋਟੀਆਂ ਭੈਣਾਂ ਦੇ ਮਾਂ ਬਾਪ ਬਣ ਕੇ ਰਹਿਣਗੇ।

ਸ਼ਹਿਰ ਨੇੜੇ ਹੀ ਸੀ। ਮੁੰਡਾ ਸਾਈਕਲ ਉੱਤੇ ਕਾਲਜ ਪੜ੍ਹਨ ਜਾਂਦਾ ਹੁੰਦਾ। ਇਕ ਦਿਨ ਮੀਂਹ ਪਿਆ। ਝਖੇੜੇ ਦਾ ਮੀਂਹ ਸੀ। ਸੜਕ ਉੱਤੇ ਖੜ੍ਹੇ ਕਿੰਨੇ ਹੀ ਦਰਖ਼ਤ ਟੁੱਟ ਗਏ। ਬੱਸਾਂ, ਟਰੱਕਾਂ ਤੇ ਕਾਰਾਂ, ਮੈਟਾਡੋਰਾਂ ਲਈ ਚੱਲਣਾ ਮੁਸ਼ਕਿਲ ਹੋ ਗਿਆ। ਇੱਕ ਥਾਂ ਇਕ ਟਾਹਲੀ ਟੁੱਟ ਕੇ ਮੋਟਾ ਡਾਹਣਾ ਸੜਕ ਉੱਤੇ ਆ ਡਿੱਗਿਆ ਸੀ। ਐਨ ਓਸ ਥਾਂ ਮੁੰਡੇ ਦੇ ਸਾਈਕਲ ਉੱਤੇ ਟਰੱਕ ਆ ਚੜ੍ਹਿਆ। ਉਹਦੇ ਸਿਰ ਵਿੱਚ ਜ਼ਬਰਦਸਤ ਸੱਟ ਲੱਗੀ ਸੀ। ਉਹ ਥੋੜ੍ਹੀ ਦੇਰ ਬਾਅਦ ਹੀ ਤੜਫ਼-ਤੜਫ਼ ਕੇ ਮਰ ਗਿਆ।

ਸ਼ਰਨਪਾਲ ਦਾ ਸੰਸਾਰ ਉੱਜੜ ਗਿਆ। ਬਸ ਉਹ ਦਿਨ, ਸੋ ਉਹ ਦਿਨ ਸ਼ਰਨਪਾਲ ਦੇ ਮਨ ਵਿੱਚ ਇੱਕ ਗੰਢ ਪੈ ਗਈ ਕਿ ਉਹ ਜਿਸ ਕਿਸੇ ਨੂੰ ਵੀ ਦਿਲੋਂ ਪਿਆਰ ਕਰਦੀ ਹੈ, ਮਰ ਜਾਂਦਾ ਹੈ। ਪਹਿਲਾਂ ਉਹਦਾ ਭਰਾ, ਫੇਰ ਉਹਦਾ ਉਹ।

ਸ਼ਰਨਪਾਲ ਦਾ ਮੁੰਡਾ ਬੇਹੱਦ ਕਮਜ਼ੋਰ ਹੋ ਚੁੱਕਿਆ ਸੀ, ਹੌਲ਼ੀ-ਹੌਲ਼ੀ ਉਹ ਬੈਠਦਾ, ਹੌਲ਼ੀ-ਹੌਲ਼ੀ ਬੋਲਦਾ। ਜਿਵੇਂ ਜਮਾਂ ਹੀ ਸੱਤਿਆ ਨਾ ਰਹਿ ਗਈ ਹੋਵੇ। ਸ਼ਰਨਪਾਲ ਉਹਦੇ ਕੋਲ ਦੀ ਲੰਘਦੀ ਤਾਂ ਉਹ ਬਿਟਰ-ਬਿਟਰ ਉਹਦੇ ਵੱਲ ਝਾਕਦਾ। ਸ਼ਰਨਪਾਲ ਦਾ ਜੀਅ ਕਰਦਾ, ਉਹ ਆਪਣੇ 'ਗਧੇ' ਨੂੰ ਹਿੱਕ ਨਾਲ ਲਾ ਲਵੇ, ਪਰ ਉਹਨੂੰ ਯਾਦ ਆਉਂਦਾ, ਉਹ ਆਪਣੇ ਭਰਾ ਨੂੰ ਜਦੋਂ ਉਹ ਟਾਈਫਾਈਡ ਨਾਲ ਐਨਾ ਹੀ ਬੀਮਾਰ ਸੀ, ਹਿੱਕ ਨਾਲ ਲਾ ਕੇ ਰੱਖਦੀ ਹੁੰਦੀ।

ਸ਼ਰਨਪਾਲ ਨੇ ਆਪਣੇ ਅਟੈਚੀ ਵਿੱਚ ਕੱਪੜੇ ਪਾਏ ਤੇ ਸੱਸ ਨੂੰ ਕਹਿੰਦੀ- 'ਬੇ ਜੀ, ਮੈਂ ਮਾਂ ਕੋਲ ਚੱਲੀ ਆਂ। ਹਫ਼ਤਾ ਕੁ ਲਾ ਕੇ ਆਜੂੰਗੀ।'

'ਭਾਈ ਬਹੂ, ਮੁੰਡੇ ਕੰਨੀ ਤਾਂ ਦੇਖ। ਤੈਨੂੰ ਜਾਣ ਕੀ ਸੁੱਝਦੈ। ਮੁੰਡੇ ਦਾ ਰੱਥ ਵਿਗੜਿਆ ਲੱਗਦੈ। ਪਿੰਡ-ਪਿੰਡ ਲੋਕ ਮਰੀ ਜਾਂਦੀ ਐ। ਕੁਸ ਤਾਂ ਸੋਚ ਭਾਈ। ਐਡੀ ਕਾਹਲ ਕੀ ਪੈ ਗਈ ਤੈਨੂੰ ਜਾਣ ਦੀ?'

'ਤਾਪ ਈ ਐ, ਆਪੇ ਉਤਰ ਜੂ। ਕੀ ਹੋਇਆ ਇਹਨੂੰ?' ਸ਼ਰਨਪਾਲ ਨੇ ਰੁੱਖਾ ਜਵਾਬ ਦਿੱਤਾ।

ਸੱਸ ਕਹਿੰਦੀ- 'ਕਿੰਨੀ ਬੇਅਕਲ ਐਂ ਤੂੰ! ਤੇਰੇ ਵਰਗੀ ਦੇ ਕਾਹਨੂੰ ਲੱਗੇ ਵੇਲ-ਤੂਮੜੀ। ਐਨੀ ਨਿਰਦੈਣ! ਜਿਹਨੇ ਪੁੱਤ ਨੂੰ ਕੁਛ ਨਾ ਜਾਣਿਆ, ਹੋਰ ਕੀ ਲੱਗਦੈ ਉਹਦਾ ਕੋਈ। ਜਾਹ ਤੁਰਦੀ ਹੋ। ਤੂੰ ਨਹੀਂ, ਤਾਂ ਅਸੀਂ ਤਾਂ ਹੈਗੇ ਆਂ।

ਸੱਸ ਦੇ ਮੰਦੇ ਬੋਲ ਸੁਣ ਕੇ ਜਿਵੇਂ ਸ਼ਰਨਪਾਲ ਨੂੰ ਧਰਵਾਸ ਮਿਲਿਆ ਹੋਵੇ। ਹੁਣ ਉਹਦੇ ਲਾਲ ਦਾ ਵਾਲ਼ ਵੀ ਵਿੰਗਾ ਨਹੀਂ ਹੋਵੇਗਾ। ਉਹਨੇ ਅਟੈਚੀਕੇਸ ਚੁੱਕਿਆ ਤੇ 'ਗਧੇ' ਵੱਲ ਝਾਕੇ ਬਗ਼ੈਰ ਘਰੋਂ ਬਾਹਰ ਹੋ ਗਈ। ♦

# ਖ਼ਾਨਦਾਨ

ਜੈਮਲ ਬੁੜ੍ਹਾ ਭਰਿਆ-ਪੀਤਾ ਘਰੋਂ ਆਇਆ ਤੇ ਚੁੱਪ ਕੀਤਾ ਜਿਹਾ ਧਰਮਸ਼ਾਲਾ ਦੀ ਚੌਕੜੀ ਉੱਤੇ ਪੈਰਾਂ ਭਾਰ ਹੋ ਕੇ ਬੈਠ ਗਿਆ। ਫੇਰ ਉਹਨੇ ਹੱਥ ਵਿਚਲੀ ਖੂੰਡੀ ਚੌਕੜੀ ਨਾਲ ਟਿਕਾ ਕੇ ਰੱਖ ਦਿੱਤੀ ਤੇ ਦੋਵੇਂ ਹੱਥਾਂ ਨਾਲ ਆਪਣੀਆਂ ਅੱਖਾਂ ਉੱਤੇ ਐਨਕ ਨੂੰ ਠੀਕ ਕੀਤਾ। ਐਨਕ ਠੀਕ ਕਰਦਾ ਉਹ ਚੌਕੜੀ ਉੱਤੇ ਬੈਠੇ ਦੂਜੇ ਬੰਦਿਆਂ ਨੂੰ ਗਹੁ ਨਾਲ ਦੇਖਣ ਲੱਗਿਆ। ਉਹ ਕੋਈ ਗੱਲ ਕਰ ਰਹੇ ਸਨ। ਪਰ ਉੱਚਾ ਨਹੀਂ ਬੋਲਦੇ ਸਨ। ਉਹਨਾਂ ਦੀ ਘੁਸਰ-ਮੁਸਰ ਬੁੜ੍ਹੇ ਦੇ ਪੱਲੇ ਨਹੀਂ ਪੈ ਰਹੀ ਸੀ। ਉਹਨੂੰ ਸੁਣਦਾ ਵੀ ਤਾਂ ਕੁਝ ਉੱਚਾ ਸੀ। ਫੇਰ ਨੰਗ-ਪੈਰਿਆਂ ਦੇ ਮੁਕੰਦੇ ਨੇ ਉਹਨੂੰ ਖ਼ੁਦ ਹੀ ਬੁਲਾ ਲਿਆ- 'ਤਾਇਆ ਕੀ ਗੱਲ ਐ ਅੱਜ? ' ਕਿਮੇਂ ਅੱਖਾਂ ਹੋਰੂੰ ਜੀਆਂ ਕੀਤੀਆਂ ਨੇ? ਕੋਈ ਗੱਲ ਲੱਗਦੀ ਐ।'

ਜੈਮਲ ਫੇਰ ਵੀ ਬੋਲਿਆ ਨਹੀਂ। ਮੁਕੰਦੇ ਵੱਲ ਗੁਟਰ-ਗੁਟਰ ਝਾਕਦਾ ਰਿਹਾ। ਕੀ ਜਵਾਬ ਦਿੰਦਾ ਉਹ? ਘਰ ਦੀ ਗੱਲ ਬਾਹਰ ਕਿਵੇਂ ਕੱਢਦਾ? ਪੁੱਛਣ ਵਾਲੇ ਦੇ ਬੋਲਾਂ ਨੇ ਉਹਨੂੰ ਤਾਂ ਸਗੋਂ ਹੋਰ ਉਦਾਸ ਕਰ ਦਿੱਤਾ ਸੀ। ਜਿਵੇਂ ਉਹਦੇ ਗੁੱਸੇ ਨੂੰ ਵੀ ਨਵੀਂ ਤੀਲ੍ਹੀ ਦਿਖਾ ਦਿੱਤੀ ਹੋਵੇ। ਮੂੰਹ ਵਿਚਲਾ ਥੁੱਕ ਸੰਘੋਂ ਥੱਲੇ ਉਤਾਰ ਕੇ ਬੁੜ੍ਹੇ ਨੇ ਖੰਘੂਰ ਮਾਰੀ। ਬੋਲਿਆ- 'ਤੁਸੀਂ ਕੀਹਦੀ ਕਰਦੇ ਓ ਗੱਲ ਕੋਈ?'

ਮੁਕੰਦਾ ਕਹਿੰਦਾ- 'ਉਹ ਤਾਂ ਐਮੇਂ ਗੱਲ ਐ ਕਿਸੇ ਦੀ।' ਉਹਨੇ ਫੇਰ ਪੁੱਛ ਲਿਆ- 'ਨਾ ਤਾਇਆ, ਤੂੰ ਕੁਝ ਦੱਸਿਆ ਈ ਨਾ। ਅੱਜ ਗੱਲ ਕੀਹ ਐ? ਅੱਗੇ ਤਾਂ ਸੱਥ 'ਚ ਔਂਦਾ ਈ ਪਹਿਲਾਂ ਇੱਕ ਟਿੱਚਰ ਛੱਡਦਾ ਹੁੰਨੈ ਤੂੰ। ਅੱਜ ਕੀ ਹੋ ਗਿਆ ਤੈਨੂੰ? ਚੁੱਪ ਕੀਤਾ ਈ ਆ ਬੈਠਾ। ਜੈਬ ਨਾਲ ਤਾਂ ਨੀ ਹੋ 'ਗੀ ਕੋਈ ਪੰਜ-ਤਿੰਨ?'

ਅਜਾਇਬ ਸਿੰਘ ਜੈਮਲ ਸਿੰਘ ਦੇ ਮੁੰਡੇ ਦਾ ਨਾਉਂ ਸੀ।

ਇੱਕ ਬਿੰਦ ਜੈਮਲ ਨੇ ਜੀ। ਮਲੀ ਤੇ ਫੇਰ ਕੁਝ ਸੋਚ ਕੇ ਬੁੱਲ੍ਹਾਂ ਉੱਤੇ ਆਉਂਦੀ ਗੱਲ ਢਿੱਡ ਵਿੱਚ ਹੀ ਰੱਖ ਲਈ। ਪਲਟ ਕੇ ਬੋਲਿਆ- 'ਉਹ ਤਾਂ ਠੀਕ ਐ। ਗੱਲ ਕੋਈ ਨ੍ਹੀਂ, ਬਸ ਐਮੇ, ਪਰ ਤੁਸੀਂ ਇਹ ਕੀਹਦੀ ਕਰਦੇ ਓ ਗੱਲ?'

ਮੁਕੰਦਾ ਬਹੁਤਾ ਖਹਿੜੇ ਨਹੀਂ ਪਿਆ। ਜੈਮਲ ਉਹਦੇ ਨਾਲ ਖੁੱਲ੍ਹਣ ਲੱਗਿਆ ਤਾਂ ਉਹਨੇ ਦੱਸਿਆ- 'ਇਹ ਤਾਂ ਕੈਲੂ ਦੀਆਂ ਗੱਲਾਂ ਕਰਦੇ ਆਂ ਅਸੀਂ। ਅਖੇ-ਉਹਦੇ ਮੁੰਡੇ ਨੂੰ ਸਾਕ ਹੁੰਦੈ, ਜਿਹੜਾ ਕਾਲਜ 'ਚ ਪੜ੍ਹਦੈ, ਉਹਨੂੰ। ਵੱਡਾ ਮੁੰਡਾ ਉਹਦਾ। ਕਹਿੰਦੇ ਕੁੜੀ ਦਸ ਜਮਾਤਾਂ ਪਾਸ ਐ। ਅਗਲੇ ਮੋਟਰ-ਸੈਕਲ ਦਿੰਦੇ ਐ। ਜੱਟ ਕੋਲ ਜ਼ਮੀਨ-ਜੈਦਾਤ ਬੜੀ ਦੱਸੀ ਦੀ ਐ।'

'ਹਲਾ?' ਜੈਮਲ ਬੁੜ੍ਹੇ ਨੇ ਸੁਣਿਆ ਤਾਂ ਬੁੱਲ੍ਹਾਂ ਉੱਤੇ ਜੀਭ ਫੇਰਨ ਲੱਗ ਪਿਆ। ਕਹਿੰਦਾ- 'ਦੇਖ ਲੈ ਬਈ, ਆਹ ਤਾਂ ਲੋੜ੍ਹਾ ਐ।' ਫੇਰ ਝੋਰਾ ਕਰਨ ਲੱਗਿਆ, 'ਸਮੋ ਬਦਲਦੀ ਨੂੰ ਕੀ ਆਖੀਏ ਹੁਣ? ਸਦੀ ਪਲਟ 'ਗੀ ਭਾਈ, ਸਦੀ। ਅਖੇ, ਜੱਟ ਉਹਦੇ ਮੁੰਡੇ ਨੂੰ ਸਾਕ ਕਰਦੈ। ਹਾਲੀਏਂ ਕੱਲ੍ਹ ਦੀਆਂ ਗੱਲਾਂ ਨੇ। ਕੀਹਨੂੰ ਪਤਾ ਨ੍ਹੀਂ ਬਈ ਕੈਲੂ ਆਪ ਜੱਟ ਨ੍ਹੀਂ ਹੈਗਾ, ਮੁਸਲਮਾਨ ਐ?'

ਸੰਤਾਲੀ ਵੇਲੇ ਦੀ ਗੱਲ ਹੈ। ਉਸ ਪਿੰਡ ਦੇ ਸਾਰੇ ਮੁਸਲਮਾਨ ਕਤਲ ਕਰ ਦਿੱਤੇ ਗਏ ਸਨ। ਜਿਹੜੇ ਚੁਸਤ ਚਾਲਾਕ ਸਨ ਤੇ ਘਰੋਂ ਕੁਝ ਤਕੜੇ ਵੀ, ਉਹ ਬਹੁਤ ਪਹਿਲਾਂ ਘਰ-ਬਾਰ ਛੱਡ ਕੇ ਪਾਕਿਸਤਾਨ ਜਾ ਪਹੁੰਚੇ ਸਨ, ਪਰ ਕੁਝ ਸਨ, ਜਿਹੜੇ ਲੁਕ ਛਿਪ ਕੇ ਏਧਰ ਹੀ ਜੱਟਾਂ ਦੇ ਘਰਾਂ ਵਿੱਚ ਵੜੇ ਬੈਠੇ ਰਹੇ।

ਰਮਦਿੱਤੇ ਦਾ ਪਿੰਡ ਤੋਂ ਬਾਹਰਵਾਰ ਘਰ ਸੀ। ਉਹਦੇ ਘਰ ਨਾਲ ਲੱਗਦੇ ਤਿੰਨ-ਚਾਰ ਹੋਰ ਘਰ ਵੀ ਸਨ। ਨਿਆਈਆਂ ਵਿੱਚ, ਰੂੜੀਆਂ 'ਤੇ ਪਾਥੀਆਂ ਦੇ ਗੁਹਾਰਿਆਂ ਤੋਂ ਪਰ੍ਹੇ। ਜਿਸ ਰਾਤ ਪਿੰਡ ਦੇ ਮੁਸਲਮਾਨ ਵੱਢੇ, ਰਮਦਿੱਤੇ ਨੇ ਤੜਕੇ ਉੱਠ ਕੇ ਦੇਖਿਆ, ਉਹਦੇ ਘਰ ਨੇੜੇ ਰੂੜੀਆਂ ਗੁਹਾਰਿਆਂ ਵਿਚਕਾਰ ਕਿੰਨੀਆਂ ਹੀ ਲੋਥਾਂ ਪਈਆਂ ਹੋਈਆ ਸਨ। ਇੱਕ ਗੁਹਾਰੇ ਦੀ ਖਾਲੀ ਖੋਢ ਵਿੱਚ ਉਹਨੂੰ ਕੁਝ ਹਿਲਦਾ-ਜੁਲਦਾ ਦਿਸਿਆ। ਉਹਨੇ ਕੋਲ ਜਾ ਕੇ ਦੇਖਿਆ, ਕੋਈ ਬੱਚਾ ਸੀ। ਡਰ ਕੇ ਸੁੰਨ ਬਣਿਆ ਪਿਆ। ਢਾਈ ਤਿੰਨ ਸਾਲ ਦਾ ਮਸਾਂ ਹੋਵੇਗਾ। ਰਮਦਿੱਤੇ ਨੇ ਉਹਨੂੰ ਬਾਹਰ ਕੱਢ ਲਿਆ। ਉਹ ਮੁੰਡਾ ਸੀ। ਪੂਰਾ ਸਹਿਮਿਆ ਹੋਇਆ। ਨਾ ਰੋਂਦਾ ਸੀ, ਨਾ ਬੋਲਦਾ। ਅੱਖਾਂ ਵਿੱਚ ਪੂਰੀ ਦਹਿਸ਼ਤ। ਗੁਹਾਰੇ ਕੋਲ ਵੱਢੇ-ਟੁੱਕੇ ਤੇ ਮਰੇ ਪਏ ਇੱਕ ਮਰਦ ਤੇ ਇੱਕ ਔਰਤ ਵੱਲ ਉਹ ਝਾਕਦਾ ਤਾਂ ਹੋਰ ਸਹਿਮ ਜਾਂਦਾ। ਰਮਦਿੱਤੇ ਨੇ ਉਹਨੂੰ ਗੋਦੀ ਚੁੱਕ ਲਿਆ। ਉਹ ਉਹਦੇ ਹੱਥਾਂ ਵਿੱਚੋਂ ਲੁਲਕ ਲੁਲਕ ਜਾਂਦਾ, ਜਿਵੇਂ ਮਾਸ ਦਾ ਲੋਥੜਾ ਹੋਵੇ। ਭੋਰਾ ਵੀ ਜਾਨ ਜਿਵੇਂ ਉਸ ਵਿੱਚ ਨਾ ਰਹਿ ਗਈ ਹੋਵੇ। ਉਹ ਉਹਨੂੰ ਘਰੇ ਚੁੱਕ ਲਿਆਇਆ। ਪਹਿਲਾਂ ਉਹਨੂੰ ਪਾਣੀ ਪਿਆਇਆ। ਪਾਣੀ ਪੀ ਕੇ ਜਿਵੇਂ ਉਹਨੂੰ ਸੁਰਤ ਆ ਗਈ ਹੋਵੇ। ਉਹ ਅੱਖਾਂ ਝਮਕਣ ਲੱਗਿਆ। ਫੇਰ ਉਹਨੇ ਚਾਹ ਬਣਾਈ। ਮੁੰਡੇ ਨੇ ਅੱਧਾ ਗਿਲਾਸ ਮਸਾਂ ਪੀਤਾ।

ਰਮਦਿੱਤੇ ਨੇ ਔਰਤ ਮਰਦ ਨੂੰ ਸਿਆਣ ਲਿਆ ਸੀ, ਉਹ ਪਰਲੇ ਅਗਵਾੜ ਬਾਰੂ ਤੇਲੀ ਦਾ ਵੱਡਾ ਮੁੰਡਾ ਸੀ ਤੇ ਔਰਤ ਬਾਰੂ ਦੀ ਨੂੰਹ। ਉਹਨਾਂ ਦਾ ਨਿੱਕਾ ਜੁਆਕ ਉਹਨੇ ਅੰਦਰ ਸਬਾਤ ਵਿੱਚ ਮੰਜੇ ਉੱਤੇ ਪਾ ਦਿੱਤਾ। ਘੂਰ ਵੀ ਦਿੱਤਾ- 'ਬੋਲੀਂ ਨਾ, ਨਹੀਂ ਮਾਰ ਦੇਣਗੇ ਤੈਨੂੰ ਵੀ।' ਮੁੰਡਾ ਸੁੰਨ ਦਾ ਸੁੰਨ ਪਿਆ ਰਿਹਾ।

ਰਮਦਿੱਤੇ ਦੇ ਮਨ ਵਿੱਚ ਧੁੜਕੂ- 'ਜੇ ਸਾਲ਼ਾ ਕੋਈ ਆ ਗਿਆ ਤੇ ਮੁੰਡੇ ਦਾ ਪਤਾ ਲੱਗ ਪਿਆ ਤਾਂ ਬਰਛੇ ਚਿੱਭੜ ਵਾਂਗ ਪਰੋ ਕੇ ਲੈ ਜੂਗਾ।'

ਦੁਪਹਿਰ ਤੱਕ ਸਾਰੀਆਂ ਲੋਥਾਂ ਸਮੇਟ ਦਿੱਤੀਆਂ ਗਈਆਂ ਸਨ। ਲੋਥਾਂ ਨਾ ਦੱਬੀਆਂ, ਨਾ ਫੂਕੀਆਂ। ਨਿਆਈਆਂ ਵਿੱਚ ਲਿਜਾ ਕੇ ਸੁੱਟ ਦਿੱਤੀਆਂ। ਕਾਵਾਂ-ਕੁੱਤਿਆਂ ਤੇ ਗਿਰਝਾਂ ਦਾ ਭੋਜਨ ਹੀ ਬਣੀਆਂ।

ਉਹਨੇ ਮੁੰਡੇ ਨੂੰ ਕਿੰਨੇ ਹੀ ਦਿਨ ਛੁਪਾ ਕੇ ਰੱਖਿਆ। ਦਰਵਾਜ਼ੇ ਦਾ ਬਾਰ ਭੇੜ ਕੇ ਰੱਖਿਆ ਕਰੇ। ਮੁੰਡੇ ਨੂੰ ਅੰਦਰੋਂ ਸਬਾਤ ਵਿੱਚੋਂ ਹਿੱਲਣ ਨਾ ਦਿਆ ਕਰੇ। ਅੰਦਰੇ ਰੋਟੀ,

ਅੰਦਰੇ ਚਾਹ-ਦੁੱਧ। ਟੱਟੀ-ਪਿਸ਼ਾਬ ਉਹ ਘਰ ਹੀ ਵਿਹੜੇ ਵਿੱਚ ਇੱਕ ਖੂੰਜੇ ਕਰ ਲੈਂਦਾ। ਰਮਦਿੱਤਾ ਉਹਦਾ ਸਭ ਕਰਦਾ।

ਏਦਾਂ ਹੀ ਬਹੁਤ ਦਿਨ ਲੰਘ ਗਏ। ਗੁੰਡਿਆਂ ਲੁਟੇਰਿਆਂ ਦੇ ਜਥੇ ਆਉਂਦੇ ਤੇ ਪਿੰਡ ਦੀਆਂ ਗਲੀਆਂ ਵਿੱਚ ਹੋਕਰੇ-ਲਲਕਾਰੇ ਮਾਰਦੇ ਫਿਰਦੇ- 'ਕਿਸੇ ਦੇ ਘਰ ਕੋਈ ਸੁੱਲਾ ਲੁਕਿਆ ਬੈਠੈ ਤਾਂ ਕੱਢ ਦਿਓ ਬਾਹਰ ਉਹਨੂੰ, ਨਹੀਂ ਤਾਂ ਘਰ ਨੂੰ ਅੱਗ ਲਾ ਦਿਆਂਗੇ।' ਉਹਨਾਂ ਨੇ ਕਈ ਘਰਾਂ ਦੀਆਂ ਤਲਾਸ਼ੀਆਂ ਲਈਆਂ ਸਨ, ਪਰ ਲੋਕ ਬੜੇ ਰਹਿਮ ਦਿਲ ਤੇ ਦ੍ਰਿੜ੍ਹ ਇਰਾਦੇ ਵਾਲੇ ਸਨ। ਜੀਹਨੇ ਕਿਸੇ ਨੇ ਕੋਈ ਲੁਕੋਅ ਕੇ ਰੱਖ ਲਿਆ, ਬਸ ਰੱਖ ਲਿਆ। ਬਾਹਰ ਹਵਾ ਨਹੀਂ ਕੱਢੀ। ਇੱਕ ਦਿਨ ਮਿਲਟਰੀ ਦਾ ਟਰੱਕ ਵੀ ਆਇਆ ਸੀ। ਉਹਨਾਂ ਨੂੰ ਕੋਈ ਨਹੀਂ ਮਿਲਿਆ।

ਕਈ ਮਹੀਨੇ ਲੰਘ ਗਏ ਤਾਂ ਪਿੰਡ ਵਿੱਚ ਹੌਲ਼ੀ-ਹੌਲ਼ੀ ਘੁਸਰ ਮੁਸਰ ਹੋਣ ਲੱਗੀ ਕਿ ਜੰਗੇ ਪਹਿਲਵਾਨ ਨੇ ਘੁਮਿਆਰਾਂ ਦੀ ਨੂੰਹ ਬਚਾ ਕੇ ਰੱਖ ਲਈ ਹੈ। ਬਚਨੇ ਫ਼ੌਜੀ ਕੋਲ ਇੱਕ ਅਠਾਰਾਂ-ਵੀਹ ਸਾਲ ਦੀ ਕੁੜੀ ਹੈ, ਪਤਾ ਨਹੀਂ ਕੌਣ ਹੈ। ਕੋਈ ਕਹਿੰਦਾ ਸੀ, ਏਸੇ ਪਿੰਡ ਦੀ ਤੇ ਗੁਲਜ਼ਾਰ ਸੱਕੇ ਦੀ ਪੋਤੀ ਹੈ। ਕੋਈ ਕਹਿੰਦਾ ਸੀ, ਇਹ ਉਹ ਨਹੀਂ, ਕਿਸੇ ਹੋਰ ਪਿੰਡ ਦੀ ਕੁੜੀ ਹੈ। ਰਮਦਿੱਤੇ ਕੋਲ ਇੱਕ ਮੁੰਡਾ ਹੈ, ਢਾਈ-ਤਿੰਨ ਸਾਲ ਦਾ।

ਰਮਦਿੱਤੇ ਦਾ ਇੱਕ ਬੁੱਢਾ ਬਾਪ ਸੀ ਤੇ ਇੱਕ ਉਹ ਆਪ। ਹੋਰ ਉਹਨਾਂ ਦੇ ਘਰ ਵਿੱਚ ਕੋਈ ਨਹੀਂ ਸੀ। ਰਮਦਿੱਤੇ ਦੀ ਮਾਂ ਉਹਨੂੰ ਦਸ ਕੁ ਸਾਲਾਂ ਦਾ ਹੀ ਛੱਡ ਕੇ ਮਰ ਗਈ ਸੀ। ਰਮਦਿੱਤੇ ਦੇ ਪਿਓ ਤੋਂ ਚੰਗੀ ਤਰ੍ਹਾਂ ਵਾਹੀ ਦਾ ਕੰਮ ਨਹੀਂ ਹੁੰਦਾ ਸੀ। ਉਹਦੀ ਨਿਗਾਹ ਕਮਜ਼ੋਰ ਸੀ ਤੇ ਉਹ ਲੱਤਾਂ ਦਾ ਆਰੀ ਸੀ। ਉਹਨਾਂ ਕੋਲ ਦਸ ਘੁਮਾਂ ਜ਼ਮੀਨ ਸੀ। ਹਿੱਸੇ ਠੇਕੇ ਉੱਤੇ ਦੇ ਦਿੰਦੇ ਤੇ ਬੈਠੇ ਖਾਈ ਜਾਂਦੇ। ਹੁਣ ਸੰਤਾਲੀ ਵੇਲੇ ਰਮਦਿੱਤੇ ਦੀ ਉਮਰ ਚਾਲੀ ਤੋਂ ਉੱਤੇ ਹੋ ਚੁੱਕੀ ਸੀ। ਉਹਦਾ ਪਿਓ ਅੱਸੀਆਂ ਨੂੰ ਢੁੱਕਿਆ ਹੋਇਆ ਸੀ। ਪਿਓ ਵਾਂਗ ਰਮਦਿੱਤਾ ਵੀ ਹੱਡ ਰੱਖ ਸੀ। ਏਸੇ ਕਰਕੇ ਤਾਂ ਉਹਨੂੰ ਕੋਈ ਸਾਕ ਨਹੀਂ ਹੋਇਆ ਸੀ। ਉਹਨੇ ਇੱਕ ਮੁੱਲ ਦੀ ਤੀਵੀਂ ਲਿਆਂਦੀ ਸੀ। ਉਹ ਖਾ ਪੀ ਕੇ ਤੁਰਦੀ ਬਣੀ ਸੀ। ਪਿਓ ਵਾਂਗ ਰਮਦਿੱਤੇ ਨੇ ਵੀ ਐਨਕ ਲਵਾ ਲਈ।

ਸੰਤਾਲੀ ਤੋਂ ਪੰਜਾਂ ਸੱਤਾਂ ਸਾਲਾਂ ਬਾਅਦ ਰਮਦਿੱਤੇ ਦਾ ਪਿਓ ਮਰ ਗਿਆ। ਫੇਰ ਉਹ ਸੀ ਤੇ ਉਹਦਾ ਪੁੱਤਾਂ ਵਾਂਗ ਪਾਲਿਆ ਕੈਲੂ। ਕੈਲੂ ਨੂੰ ਜਦੋਂ ਉਹਨੇ ਕਿਸੇ ਕਤੂਰੇ ਜਾਂ ਬਲੂੰਗੜੇ ਵਾਂਗ ਘਰ ਚੁੱਕ ਕੇ ਲਿਆਂਦਾ ਸੀ, ਉਸ ਵੇਲੇ ਉਹਦਾ ਨਾਉਂ ਕੋਈ ਨਹੀਂ ਸੀ। ਮੁੰਡੇ ਦਾ ਰੰਗ ਪੱਕਾ ਸੀ। ਕਦੇ ਉਹ ਉਹਨੂੰ ਕਾਲੂ ਕਹਿੰਦਾ, ਕਦੇ ਕੈਲੂ ਤੇ ਕਦੇ ਕੈਲੂ ਤੋਂ ਕਰਨੈਲ ਸਿੰਘ ਬਣਾ ਲੈਂਦਾ।

ਕੈਲੂ ਤੇਰਾਂ-ਚੌਦਾਂ ਸਾਲ ਦਾ ਹੋਇਆ ਤਾਂ ਘਰ ਦਾ ਸਾਰਾ ਕੰਮ ਕਰਨ ਲੱਗਿਆ। ਮ੍ਹੈਸ ਦੀ ਦੇਖਭਾਲ ਕਰਦਾ। ਸਫ਼ਾਈ ਪੱਖੋਂ ਘਰ ਨੂੰ ਟਿਚਨ ਬਣਾ ਕੇ ਰੱਖਦਾ। ਕੋਠੇ ਦੀ ਛੱਤ ਨੂੰ ਮਿੱਟੀ ਲਾਉਂਦਾ, ਸਬਾਤ ਵਿੱਚ ਤਲੀ ਫੇਰਦਾ ਤੇ ਕੰਧਾਂ ਉੱਤੇ ਪਾਂਡੂ ਦਾ ਪੋਚਾ ਦੇ ਲੈਂਦਾ। ਲੀੜਾ-ਕੱਪੜਾ ਸਭ ਧੋਅ-ਸੰਵਾਰ ਕੇ ਰੱਖਦਾ। ਰੋਟੀ-ਟੁੱਕ ਦਾ ਕੰਮ ਵੀ ਓਹੀ ਕਰਦਾ। ਸਭ ਤੋਂ ਵੱਡੀ ਗੱਲ, ਉਹ ਰਮਦਿੱਤੇ ਦੀ ਪੂਰੀ ਟਹਿਲ ਸੇਵਾ ਕਰਦਾ। ਰਮਦਿੱਤੇ ਲਈ ਟਹਿਲ ਸੇਵਾ ਹੁਣ ਹੋਰ ਵੀ ਜ਼ਰੂਰੀ ਹੋ ਗਈ ਸੀ, ਕਿਉਂਕਿ ਉਹਦੀ ਨਿਗਾਹ ਨਹੀਂ ਰਹੀ ਸੀ। ਘਟਦੀ ਗਈ, ਘਟਦੀ ਗਈ ਤੇ ਇੱਕ ਦਿਨ ਉਹ ਬੁੱਥ ਬਣ ਕੇ ਬੈਠ ਗਿਆ।

ਪਹਿਲਾਂ-ਪਹਿਲਾਂ ਰਮਦਿੱਤਾ ਸੋਚਦਾ ਹੁੰਦਾ, ਕਿਉਂ ਨਾ ਉਹਨੇ ਵੀ ਸੰਤਾਲੀ ਵੇਲੇ ਕੋਈ ਮੁਸਲਮਾਨੀ ਘਰ ਵਸਾ ਲਈ? ਪਿੰਡ ਵਿੱਚ ਜੱਟਾਂ ਦੇ ਚਾਰ ਪੰਜ ਘਰੀਂ ਮੁਸਲਮਾਨ ਔਰਤਾਂ ਵੱਸੀਆਂ ਹੋਈਆਂ ਸਨ ਤੇ ਅਗਲੇ ਮੌਜਾਂ ਕਰਦੇ। ਉਹਨਾਂ ਨੂੰ ਕੋਈ ਟੋਕਦਾ-ਵਰਜਦਾ ਨਹੀਂ ਸੀ। ਜੱਟ ਦਾ ਕੀ ਹੁੰਦਾ ਹੈ, ਉਹਦੇ ਘਰ ਕਿਸੇ ਵੀ ਜ਼ਾਤ ਦੀ ਤੀਵੀਂ ਹੋਵੇ, ਜੱਟੀ ਹੀ ਹੁੰਦੀ ਹੈ। ਅਗਾਂਹ ਮੁੰਡੇ-ਕੁੜੀਆਂ ਦੇ ਵਿਆਹ ਕਰਨ ਵੇਲੇ ਪਤਾ ਨਹੀਂ ਕੀ ਹੋਵੇਗਾ, ਕਾਹਦਾ ਫ਼ਿਕਰ? ਬੰਦਾ ਆਪ ਤਾਂ ਸੁੱਖ ਭੋਗ ਲੈਂਦਾ ਹੈ। ਤੀਵੀਂ ਦੇ ਹੱਥਾਂ ਦਾ ਪੱਕਿਆ ਰੋਟੀ-ਟੁੱਕ ਖਾਂਦਾ ਹੈ। ਮੁੰਡੇ ਕੁੜੀਆਂ, ਆਖ਼ਰ ਉਹ ਵੀ ਤਾਂ ਬੰਦੇ ਦੀ ਜ਼ਾਤ ਹੁੰਦੇ ਹਨ, ਕਿਸੇ ਨਾ ਕਿਸੇ ਟਿਕਾਣੇ ਲੱਗ ਹੀ ਜਾਂਦੇ ਹਨ। ਰਮਦਿੱਤਾ ਸੋਚਦਾ ਹੁੰਦਾ, ਉਹ ਵੀ ਕਿਸੇ ਨੂੰ ਲਿਆ ਬਿਠਾਉਂਦਾ ਘਰ। ਪਰ ਜਦੋਂ ਤੋਂ ਉਹਦਾ ਕੈਲੂ ਉਡਾਰ ਹੋਇਆ ਸੀ, ਉਹਨੂੰ ਦੂਜੇ ਹੱਥ ਦੀ ਪੱਕੀ ਰੋਟੀ ਮਿਲਣ ਲੱਗੀ ਸੀ, ਉਹਨੂੰ ਤੀਵੀਂ ਦਾ ਖ਼ਿਆਲ ਵਿਸਰ ਗਿਆ ਸੀ। ਹੁਣ ਤਾਂ ਉਹ ਚਿੱਤ ਵਿੱਚ ਆਖਦਾ ਹੁੰਦਾ, ਤੀਵੀਂ ਕਿਹੜਾ ਨਹੀਂ ਕਦੇ ਲਿਆ ਕੇ ਦੇਖੀ ਸੀ। ਪਤਾ ਵੀ ਨਾ ਲੱਗਿਆ, ਕਦੋਂ ਘਰੋਂ ਨਿੱਕਲ ਤੁਰੀ। ਇਸ ਤਰ੍ਹਾਂ ਦੀ ਬਿਗਾਨੀ ਔਰਤ ਨਾਲੋਂ ਤਾਂ ਬੰਦਾ ਸੱਖਣਾ ਚੰਗਾ। ਕੀ ਲੈਣਾ ਸੀ, ਤੀਵੀਂ ਤੋਂ? ਉਹਦੀ ਉਮਰ ਵੀ ਤਾਂ ਨਹੀਂ ਰਹਿ ਗਈ ਸੀ, 'ਤੀਵੀਂ' ਨੂੰ ਰੱਸਾ ਪਾ ਕੇ ਘਰ ਰੱਖਣ ਦੀ। ਤੀਹ-ਪੈਂਤੀ ਸਾਲ ਦੀ ਉਮਰ ਹੋਰ ਹੁੰਦੀ ਹੈ। ਓਦੋਂ ਗੱਲ ਹੋਰ ਹੁੰਦੀ ਹੈ। ਤੀਵੀਂ ਨੂੰ ਤਾਂ ਨਵਾਂ-ਨਰੋਆ ਹੱਡ ਹੀ ਸੰਭਾਲ ਸਕਦਾ ਹੈ।

ਤੇ ਫੇਰ ਕੈਲੂ ਜਦੋਂ ਅਠਾਰਾਂ ਉੱਨੀ ਸਾਲ ਦਾ ਹੋਇਆ ਤੇ ਰਮਦਿੱਤੇ ਦੀ ਦੇਹ ਜਮ੍ਹਾਂ ਹਾਰ ਗਈ ਤਾਂ ਉਹਨੇ ਤਹਿਸੀਲਦਾਰ ਦੇ ਜਾ ਕੇ ਆਪਣੀ ਸਾਰੀ ਜ਼ਮੀਨ-ਜਾਇਦਾਦ ਦੀ ਵਸੀਅਤ ਕਰਨੈਲ ਸਿੰਘ ਦੇ ਨਾਉਂ ਕਰਵਾ ਦਿੱਤੀ। ਅਗਲੇ ਸਾਲ ਹੀ ਰਮਦਿੱਤਾ ਚਲਾਣਾ ਕਰ ਗਿਆ। ਜ਼ਮੀਨ ਕੈਲੂ ਦੇ ਨਾਉਂ ਚੜ੍ਹ ਗਈ। ਅਗਵਾੜ ਦੇ ਕਿਸੇ ਘਰ ਨੇ ਕੋਈ ਉਜਰ ਨਾ ਕੀਤਾ। ਸਿਆਣੇ ਲੋਕ ਤਾਂ ਸਗੋਂ ਰਮਦਿੱਤੇ ਨੂੰ ਸ਼ਾਬਾਸ਼ ਦਿੰਦੇ-ਮੁੰਡੇ ਨੇ ਸੇਵਾ ਕੀਤੀ ਐ ਉਹਦੀ, ਉਹਦਾ ਗੂੰਹ-ਮੂਤ ਸਭ ਸਾਂਭਿਆ ਇਹਨੇ। ਇਹਨੂੰ ਈ ਮਿਲਣੀ ਸੀ ਫੇਰ ਉਹਦੀ ਜ਼ਮੀਨ ਜੈਦਾਤ।'

ਤੇ ਫੇਰ ਕੈਲੂ ਉਰਫ਼ ਕਰਨੈਲ ਸਿੰਘ ਨੂੰ ਇੱਕ ਜੱਟ ਆ ਕੇ ਆਪਣੀ ਧੀ ਦਾ ਸਾਕ ਕਰ ਗਿਆ। ਵਿਆਹ ਵੀ ਹੋ ਗਿਆ। ਅਗਵਾੜ ਦੇ ਲੋਕ ਕਹਿੰਦੇ ਸਨ- 'ਕੁੜੀ ਵੀ ਮੁਸਲਮਾਨੀ ਦੇ ਪੇਟੋਂ ਹੋਈ ਵਈ ਦੱਸੀਂਦੀ ਐ।'

'ਓਏ ਚੱਲ ਠੀਕ ਐ। ਹੈ ਤਾਂ ਜੱਟ ਈ। ਘਰ ਤਾਂ ਤੁਰਦਾ ਹੋਇਆ। ਰਮਦਿੱਤੇ ਦਾ ਮੁੰਡਾ ਈ ਵੱਜਦੈ ਏਧਰ ਕੈਲੂ ਵੀ ਤਾਂ। ਲੋਕਾਂ ਦੇ ਹਾਸੇ ਵਿੱਚ ਗੰਭੀਰਤਾ, ਹਮਦਰਦੀ ਤੇ ਅਲਗਾਓ ਵਾਲੇ ਰਲੇ ਮਿਲੇ ਹਾਵ-ਭਾਵ ਹੁੰਦੇ।

ਤੇ ਹੁਣ ਕਰਨੈਲ ਸਿੰਘ ਆਪ ਖੇਤੀਬਾੜੀ ਦਾ ਕੰਮ ਕਰਦਾ। ਉਹਦੇ ਕੋਲ ਇੱਕ ਊਠ, ਦੋ ਬਲਦ, ਇੱਕ ਗਾਂ ਤੇ ਇੱਕ ਮੱਝ ਸੀ। ਇੱਕ ਸੀਰੀ ਰਲਾ ਰੱਖਿਆ ਸੀ। ਛੀ ਕਿੱਲੇ ਜ਼ਮੀਨ ਉਹਨੇ ਗਹਿਣੇ ਦੀ ਵੀ ਲੈ ਲਈ ਸੀ। ਦਸ ਕਿੱਲੇ ਉਹਦੇ ਆਪਣੇ। ਖੱਬੀਖ਼ਾਨ ਵਾਹੀ ਕਰਦਾ। ਉਹਦਾ ਵੱਡਾ ਮੁੰਡਾ ਨੇੜੇ ਦੇ ਸ਼ਹਿਰ ਕਾਲਜ ਪੜ੍ਹਦਾ। ਅਗਵਾੜ ਵਿੱਚ ਉਹ ਖਾਂਦਾ-ਪੀਂਦਾ ਘਰ ਗਿਣਿਆ ਜਾਂਦਾ।

ਤੇ ਅੱਜ ਧਰਮਸ਼ਾਲਾ ਦੀ ਚੌਂਕੜੀ ਉੱਤੇ ਬੈਠ ਕੇ ਜੈਮਲ ਬੁੜ੍ਹਾ ਕੈਲੂ ਦੇ ਘਰ ਦੀਆਂ ਗੱਲਾ ਬਹੁਤ ਗਹੁ ਨਾਲ ਸੁਣ ਰਿਹਾ ਸੀ। ਜੈਮਲ ਦਾ ਆਪਣਾ ਚੰਗਾ ਖ਼ਾਨਦਾਨੀ ਘਰ ਸੀ। ਉਹਦੇ ਕੋਲ ਵੀਹ ਕਿੱਲੇ ਜ਼ਮੀਨ ਸੀ। ਐਡਾ ਵੱਡਾ ਹਵੇਲੀ ਜਿੱਡਾ ਘਰ। ਟਰੈਕਟਰ ਵੀ ਉਹਨਾਂ ਕੋਲ ਸੀ। ਸਾਰੇ ਰੰਗ ਭਾਗ ਲੱਗੇ ਹੋਏ, ਤਿੰਨ ਉਹਦੇ ਪੋਤੇ, ਦੋ ਪੋਤੀਆਂ। ਉਹਦਾ ਮੁੰਡਾ ਅਜਾਇਬ ਸਿੰਘ ਅਗਵਾੜ ਵਿੱਚ ਮੰਨਿਆ ਦੰਨਿਆ ਬੰਦਾ ਸੀ, ਪਰ ਅੱਜ ਉਹਦੀ ਕਰਤੂਤ ਸੁਣ ਕੇ ਜੈਮਲ ਦੇ ਜਿਵੇਂ ਸਾਹ ਸੂਤੇ ਗਏ ਹੋਣ। ਉਹ ਆਪਣੇ ਮੁੰਡੇ ਨਾਲ ਪੂਰਾ ਝਗੜਿਆ। ਅਖ਼ੀਰ ਜਦੋਂ ਗੁੱਸੇ ਨੇ ਪਾਗ਼ਲਪਣ ਦਾ ਰੂਪ ਧਾਰਨਾ ਚਾਹਿਆ ਤਾਂ ਬੁੜ੍ਹਾ ਘਰੋਂ ਬਾਹਰ ਨਿੱਕਲ ਆਇਆ।

ਗੱਲ ਇਹ ਸੀ ਕਿ ਅਜਾਇਬ ਸਿੰਘ ਆਪਣੀ ਛੋਟੀ ਕੁੜੀ ਦਾ ਸਾਕ ਦੇਣ ਲਈ ਰੀਫਿਊਜੀਆਂ ਦੇ ਇੱਕ ਮੁੰਡੇ ਨੂੰ ਪੱਕ-ਠੱਕ ਕਰ ਆਇਆ ਸੀ। ਰੀਫਿਊਜੀ ਲਾਇਲਪੁਰ ਜ਼ਿਲ੍ਹੇ ਦੇ ਸਨ। ਇੱਥੋਂ ਵੀਹ ਦੂਰ ਇੱਕ ਛੋਟੇ ਜਿਹੇ ਪਿੰਡ ਦੇ ਅਲਾਟੀ। ਜ਼ਮੀਨ ਮੁੰਡੇ ਨੂੰ ਵੀਹ ਕਿੱਲੇ ਆਉਂਦੀ ਸੀ। ਮੁੰਡਾ ਬੀ. ਏ. ਕਰ ਚੁੱਕਿਆ ਸੀ। ਅਜਾਇਬ ਸਿੰਘ ਦੀ ਕੁੜੀ ਦਸ ਜਮਾਤਾਂ ਪਾਸ ਸੀ। ਦੇਣ ਬਹੁਤ ਦੇਣਾ ਸੀ, ਅਜਾਇਬ ਸਿੰਘ ਨੇ ਆਪਣੀ ਕੁੜੀ ਨੂੰ।

ਸੰਤਾਲੀ ਵੇਲੇ ਜਿਹੜੇ ਜੱਟ-ਸਿੱਖ ਪਾਕਿਸਤਾਨ ਵਿੱਚੋਂ ਆ ਕੇ ਏਧਰ ਵਸੇ ਸਨ, ਉਹਨਾਂ ਨੂੰ ਏਧਰੋਂ ਉੱਜੜ ਕੇ ਗਏ ਮੁਸਲਮਾਨਾਂ ਦੀਆਂ ਜ਼ਮੀਨਾਂ ਮਿਲ ਗਈਆਂ ਸਨ। ਉਹਨਾਂ ਦੇ ਪਏ-ਪਵਾਏ ਘਰ ਮਿਲ ਗਏ ਸਨ। ਜੈਮਲ ਬੁੜ੍ਹਾਂ ਉਦੋਂ ਉਹਨਾਂ ਨੂੰ 'ਰੀਫਿਊਜੀ' ਨਹੀਂ ਸੀ ਆਖਦਾ ਹੁੰਦਾ, 'ਮੁਸਲਮਾਨਾਂ ਵੱਟੇ ਵਟਾਏ' ਘਰ ਆਖਦਾ।

ਤੇ ਹੁਣ ਜਦੋਂ ਉਹਦੀ ਆਪਣੀ ਪੋਤੀ ਉਹਨਾਂ ਦੀ ਮੁਸਲਮਾਨਾਂ ਵੱਟੇ ਵਟਾਇਆ ਦੇ ਘਰ ਜਾ ਕੇ ਵਸੇਗੀ ਤਾਂ ਉਹ ਆਪ ਖ਼ੁਦ ਨਹੀਂ ਇੱਕ ਮਸ਼ਕਰੀ ਬਣ ਕੇ ਰਹਿ ਜਾਵੇਗਾ? ਖ਼ਾਨਦਾਨੀ ਘਰ ਤਾਂ ਉਹ ਰਹਿ ਜਾਏਗਾ। ਉਹਦੇ ਮੁੰਡੇ ਅਜਾਇਬ ਸਿੰਘ ਨੇ ਗੱਲ ਦੱਸੀ ਤਾਂ ਉਹ ਇਕਦਮ ਅੱਗ-ਭਬੂਕਾ ਹੋ ਉੱਠਿਆ ਸੀ। ਮੁੰਡੇ ਨੂੰ ਤੇਰ੍ਹਵੀਆਂ ਸੁਣਾਈਆਂ ਸਨ। ਉਹਦੀ ਸਮਝ ਵਿੱਚ ਮੁੰਡੇ ਨੇ ਬਹੁਤ ਬਦਨਾਮੀ ਵਾਲੀ ਗੱਲ ਕਰ ਦਿੱਤੀ ਸੀ।

ਮੁਕੰਦਾ ਆਖ ਰਿਹਾ ਸੀ- 'ਤਾਇਆ, ਪੈਸੇ ਦੀ ਖੇਡ ਐ ਸਾਰੀ। ਪੈਸੇ-ਟੁਕੇ 'ਚ ਅਗਲਾ ਤਕੜਾ ਹੋਵੇ, ਖ਼ਾਨਦਾਨੀ ਨੁਕਸ ਸਭ ਢਕੇ ਜਾਂਦੇ ਐ। ਇਹ ਜਾਤ-ਕੁਜਾਤ ਦੀ ਗੱਲ ਤਾਂ ਛੋਟੇ ਲੋਕਾਂ 'ਚ ਰਹਿ 'ਗੀ। ਐਨੀ ਜ਼ਮੀਨ ਐ ਕੈਲੂ ਕੋਲ, ਹੁਣ ਇਹਦਾ ਅੱਗਾ ਪਿੱਛਾ ਕੋਹੀ ਨ੍ਹੀ ਨਿਉਲਦਾ।'

ਜੈਮਲ ਮੁਕੰਦੇ ਦੀਆਂ ਗੱਲਾਂ ਸੁਣ-ਸੁਣ ਠੰਢਾ ਸੀਲਾ ਹੁੰਦਾ ਗਿਆ। ਫੇਰ ਮੁਕੰਦਾ ਚੌਂਕੜੀ ਤੋਂ ਉੱਠ ਕੇ ਘਰ ਨੂੰ ਤੁਰ ਗਿਆ। ਹੌਲ਼ੀ-ਹੌਲ਼ੀ ਦੂਜੇ ਬੰਦੇ ਵੀ ਖਿੰਡਣ ਲੱਗੇ। ਜੈਮਲ ਚਿੱਤ ਵਿੱਚ ਆਪਣੇ ਮੁੰਡੇ ਅਜਾਇਬ ਸਿੰਘ ਬਾਰੇ ਸੋਚਣ ਲੱਗ ਪਿਆ- 'ਜੈਬ ਨੇ ਕੋਈ ਅਲੋਕਾਰ ਗੱਲ ਤਾਂ ਨ੍ਹੀ ਕੀਤੀ ਫੇਰ। ਜਦੋਂ ਜ਼ਮਾਨਾ ਈ ਇਹੋ ਜ੍ਹਾ ਆ ਗਿਆ, ਦੁਨੀਆ ਵੀ ਜ਼ਮਾਨੇ ਨਾਲ ਤੁਰ ਪੀ ਭਾਈ। ਹੋਣਗੇ ਪਾਕਿਸਤਾਨੀ, ਪਰ ਜੱਟ ਤਾਂ ਹਨ। ਜ਼ਮੀਨ ਜੈਦਾਤ ਵਾਲੇ। ਮੁੰਡਾ ਚੌਦਾਂ ਪਾਸ ਐ। ਕਿੰਨੀ ਜ਼ਮੀਨ ਔਂਦੀ ਐ ਮੁੰਡੇ ਦੇ ਹਿੱਸੇ। ਕੁੜੀ ਮੌਜਾਂ ਕਰੂ। ਉਹ ਗੱਲਾਂ ਤਾਂ ਰਹੀਆਂ ਨ੍ਹੀਂ। ਹੁਣ ਇਓਂ ਐ ਤਾਂ ਇਓਂ ਸਹੀ ਭਾਈ।♦

# ਦੈਂਤ

ਟੰਬਿਆਂ ਵਾਲੀ ਬਾਂਸ ਦੀ ਪੌੜੀ ਤੋਂ ਡਿੱਗ ਕੇ ਉਹਦੀ ਧੌਣ ਟੁੱਟ ਗਈ ਸੀ ਤੇ ਉਹ ਹੁਣ ਮੰਜੇ ਉੱਤੇ ਪਿਆ ਖਿੱਚਵੇਂ ਸਾਹ ਲੈ ਰਿਹਾ ਸੀ। ਘਰ ਦਿਆਂ ਨੂੰ ਉਮੀਦ ਸੀ, ਉਹ ਬਚ ਜਾਵੇਗਾ। ਸਾਰੇ ਉਹਦਾ ਓਹੜ-ਪੋਹੜ ਕਰ ਰਹੇ ਸਨ। ਉਹਦੀ ਘਰਵਾਲੀ ਜੰਗੀਰੋ, ਉਹਦਾ ਵੱਡਾ ਮੁੰਡਾ ਮੁਖਤਿਆਰ, ਕੁੜੀ ਨਛੱਤਰੋ। ਛੋਟਾ ਮੁੰਡਾ ਕਾਟਾ ਪਰ੍ਹੇ ਡਰਿਆ-ਭੰਵੱਤਰਿਆ ਖੜ੍ਹਾ ਸੀ। ਉਹਦਾ ਬਾਪੂ ਹੁਣੇ ਉਹਨੂੰ ਘੁਰਕੀ ਲੈ ਕੇ ਪਵੇਗਾ ਤੇ ਉਹਦਾ ਕਾਲਜਾ ਬਾਪੂ ਦੇ ਖਰਵੇ ਬੋਲ ਨਾਲ ਢੇਰੀ ਹੋ ਕੇ ਰਹਿ ਜਾਵੇਗਾ।

ਗਿੰਦਰ ਦੇ ਨੱਕ ਵਿੱਚੋਂ ਖ਼ੂਨ ਵਗਦਾ ਸੀ। ਜੰਗੀਰੋ ਬਿੰਦੇ-ਝੱਟੇ ਉਹਦੇ ਮੰਜੇ ਕੋਲ ਆਉਂਦੀ ਤੇ ਸਮੋਸੇ ਨਾਲ ਮੈਲ਼ਾ ਪੂੰਝ ਜਾਂਦੀ। ਉਹਦੀਆਂ ਮੁੱਛਾਂ ਤੇ ਹੱਥ ਕੰਬਦੇ। ਹੁਣੇ ਉਹ ਪਤਾ ਨਹੀਂ ਕੀ ਆਖ ਦੇਵੇ। ਉਹਦਾ ਕੀ ਵਸਾਹ, ਉੱਠ ਕੇ ਧੱਕਾ ਹੀ ਦੇ ਦੇਵੇ। ਅਜਿਹਾ ਗਿੰਦਰ ਨੇ ਕਈ ਵਾਰ ਕੀਤਾ ਸੀ। ਜੰਗੀਰੋ ਦਾ ਉਤਲਾ ਦੰਦ ਏਸੇ ਕਰਕੇ ਭੁਰਿਆ ਹੈ। ਮੂੰਹ ਨੂੰ ਪਾਣੀ ਲਾਇਆ, ਇੱਕ ਬੂੰਦ ਵੀ ਉਹਦੇ ਸੰਘੋਂ ਥੱਲੇ ਨਹੀਂ ਉੱਤਰੀ। ਉਹ ਅੱਖਾਂ ਖੋਲ੍ਹਦਾ, ਪਰ ਅੱਖਾਂ ਮਿਚ-ਮਿਚ ਜਾਂਦੀਆਂ। ਉਹਦੇ ਤੌਰ ਕਸੂਤੇ ਹੁੰਦੇ ਦੇਖ ਕੇ ਜੰਗੀਰੋ ਨੇ ਨਛੱਤਰੋ ਨੂੰ ਪਿੰਡ ਦੇ ਡਾਕਟਰ ਕੋਲ ਭੇਜਿਆ। ਜਾ ਕੇ ਉਹ ਕਹਿੰਦੀ-'ਵੇ ਭਾਈ ਰਾਮ ਲਾਲ, ਆਈਂ ਝੱਟ ਦੇ ਕੇ ਸਾਡੇ ਘਰ, ਬਾਪੂ ਨੂੰ ਪਤਾ ਨ੍ਹੀਂ ਕੀ ਹੋ ਗਿਆ।'

'ਕੀ ਹੋ ਗਿਆ?'

'ਪੌੜੀ ਉਤਰਦਾ ਸੀ, ਡਿੱਗ ਪਿਆ।'

'ਪੀਤੀ ਹੋਊਗੀ ਰਾਤ?'

ਕੁੜੀ ਬੋਲੀ ਨਹੀਂ।

'ਕਦੋਂ ਡਿੱਗਿਐ?'

'ਤੜਕੇ ਅੱਜ।'

'ਕੋਠੇ 'ਤੇ ਚੜ੍ਹ ਕੇ ਪੀਣ ਦੀ ਕੀ ਲੋੜ ਸੀ ਉਹਨੂੰ ਭਲਾ? ਫਹੁੜੀ ਲੈ ਕੇ ਤਾਂ ਪਹਿਲਾਂ ਈ ਤੁਰਦਾ ਸੀ ਓਹੋ। ਚੂਲ਼ਾ ਵੀ ਤਾਂ ਕੋਠੇ ਤੋਂ ਡਿੱਗ ਕੇ ਈ ਤੁੜਾਇਆ ਸੀ।' ਰਾਮ ਲਾਲ ਬੋਲ ਰਿਹਾ ਸੀ। ਤੜਕੇ-ਤੜਕੇ ਉਹਦੀ ਦੁਕਾਨ 'ਤੇ ਮਰੀਜ਼ ਬਹੁਤ ਸਨ। ਉਹ ਉਨ੍ਹਾਂ ਨੂੰ ਗੋਲ਼ੀਆਂ ਤੇ ਪੀਣ ਵਾਲੀਆਂ ਦਵਾਈਆਂ ਵੀ ਦੇਈ ਜਾ ਰਿਹਾ ਸੀ, ਨਾਲ ਦੀ ਨਾਲ ਬੋਲਦਾ ਵੀ ਜਾਂਦਾ ਸੀ। ਨਛੱਤਰੋ ਉਹਦੇ ਮੂੰਹ ਵੱਲ ਬਿਟਰ-ਬਿਟਰ ਝਾਕਦੀ ਚੁੱਪ ਖੜ੍ਹੀ ਸੀ।

'ਤੂੰ ਚੱਲ ਕੁੜੀਏ, ਮੈਂ ਔਨਾਂ, ਆਹ ਬਸ ਬੈਠਿਆਂ ਨੂੰ ਤੋਰ ਦਿਆਂ। ਸੈਕਲ 'ਤੇ ਤੈਥੋਂ ਪਹਿਲਾਂ ਅੱਪੜ ਜੂੰ।'

ਕੁੜੀ ਚਲੀ ਗਈ। ਉਹ ਉੱਚੀ ਦੇ ਕੇ ਬੋਲਿਆ। ਇਸ ਤਰ੍ਹਾਂ ਨਾਲ ਗਿੰਦਰ ਦਾ ਮਜ਼ਾਕ ਉਡਾਇਆ–'ਉਹ ਤਾਂ ਮਰਿਆ ਈ ਚੰਗੈ, ਬਤਾਰੂ ਜਿੱਡੀ ਹੋ 'ਗੀ। ਇਹਦੇ ਵਿਆਹ ਦਾ ਕੋਈ ਫ਼ਿਕਰ ਨ੍ਹੀਂ ਉਹਨੂੰ। ਮੰਗੀ ਵੀ ਨ੍ਹੀਂ ਹਾਲੇ ਕਿਤੇ। ਬਸ ਇੱਕ ਮੂੰਹ ਦਾ ਸੁਆਦ।' ਫੇਰ ਬੁੜਬੁੜਾਇਆ–'ਇਹਦੇ ਮਰੇ ਤੋਂ ਈ ਬਾਰੋਂ ਉੱਠੇਂਗੀ ਸਹੁਰੀਏ, ਤੂੰ ਤਾਂ।' ਉਹ ਅੱਖਾਂ ਚੁੱਕ ਕੇ ਦੁਕਾਨ ਤੋਂ ਬਾਹਰ ਵੀ ਝਾਕ ਲੈਂਦਾ। ਮਰੀਜ਼ ਮੁਸਕਰਾ ਰਹੇ ਸਨ। ਪਰ ਉਨ੍ਹਾਂ ਨੂੰ ਦਵਾਈ ਲੈਣ ਦੀ ਕਾਹਲ ਸੀ।

ਰਾਮ ਲਾਲ ਨੇ ਫਿਰ ਬੁੜਬੁੜ ਕੀਤੀ–'ਪੈਸਾ ਨ੍ਹੀਂ ਦੇਣਾ, ਧੇਲਾ ਨ੍ਹੀਂ ਦੇਣਾ, ਅਖੇ–ਆਈਂ ਭਾਈ ਰਾਮ ਲਾਲ, ਝੱਟ ਦੇ ਕੇ।'

ਗਿੰਦਰ ਪਹਿਲੇ ਦਿਨੋਂ ਅਲੱਥ ਸੀ। ਉਹਦਾ ਬਾਪ ਭਜਨੀਕ ਬੰਦਾ ਸੀ। ਹਮੇਸ਼ਾ ਰੱਬ ਵੱਲ ਧਿਆਨ। ਖੇਤੀ ਦਾ ਕੰਮ ਦੇਹ ਤੋੜ ਕੇ ਕਰਦਾ। ਦਾਣਾ–ਫੱਕਾ ਬਹੁਤ ਹੁੰਦਾ। ਪਰ ਗਿੰਦਰ ਦੀ ਮਾਂ ਨੇ ਗਿੰਦਰ ਨੂੰ ਲਾਡਲਾ ਰੱਖਿਆ ਹੋਇਆ ਸੀ। ਇਕੱਲਾ ਪੁੱਤ ਹੋਣ ਕਰਕੇ ਪੂਰਾ ਖਵਾਉਂਦੀ–ਪਿਆਉਂਦੀ। ਕੁੜੀਆਂ ਦੋ ਸਨ। ਦੋਵੇਂ ਕੁੜੀਆਂ ਦੇ ਸਿਰੇ–ਸੱਟ ਵਿਆਹ ਕੀਤੇ। ਗਿੰਦਰ ਛੋਟਾ ਹੀ ਸੀ। ਉਹ ਵੀ ਵਿਆਹ ਲਿਆ। ਬਹੂ ਆਈ, ਚੰਦ ਦਾ ਉਤਾਰ। ਪਰ ਗਿੰਦਰ ਦੇ ਕੁਲੱਛਣਾਂ ਕਰਕੇ ਰੁਲ ਗਈ ਵਿਚਾਰੀ। ਸੱਸ ਤਾਂ ਜੰਗੀਰ ਕੁਰੇ, ਜੰਗੀਰ ਕੁਰੇ ਕਰਦੀ ਹੁੰਦੀ, ਪਰ ਗਿੰਦਰ ਕਰਕੇ ਰਹਿ ਗਈ ਬਦਕਿਸਮਤ ਜੰਗੀਰੋ ਦੀ ਜੰਗੀਰੋ।

ਬੁੜ੍ਹਾ–ਬੁੜ੍ਹੀ ਮਰੇ ਤੇ ਉਹ ਹੋਰ ਮਸਤ ਗਿਆ। ਪਹਿਲਾਂ ਤਾਂ ਚੋਰੀ–ਛਿਪੇ ਚਿਲਮ ਦਾ ਸੂਟਾ ਲਾਉਂਦਾ ਹੁੰਦਾ, ਫੇਰ ਸ਼ਰ੍ਹੇਆਮ ਘਰ ਵਿੱਚ ਤਮਾਖੂ ਦਾ ਕੁੱਜਾ ਰੱਖਣ ਲੱਗ ਪਿਆ। ਖੱਦਰ ਦੀ ਤਾਣੀ ਵਿੱਚੋਂ ਜਾਲਖੀਆਂ ਸਾਫੀਆਂ ਕਢਵਾ ਲਈਆਂ। ਲੱਭੂ ਸੁਨਿਆਰ ਦੇ ਪਹਾਰੇ ਤੋਂ ਅਲੋਕਾਰ ਕਿਸਮ ਦੀ ਚਿਲਮ ਲੈ ਆਇਆ। ਇੱਕ ਹੱਥ ਵਿੱਚ ਫੜ ਕੇ ਪੀਣ ਵਾਲੀ ਚਿਲਮ, ਵਿੱਚ ਇੱਕ ਛੋਟਾ ਜਿਹਾ 'ਰੱਖਣਾ' ਰੱਖਿਆ ਹੋਇਆ, ਅਖੇ–ਏਥੇ ਸੁਲਫ਼ੇ ਦੀ ਗੋਲ਼ੀ ਟਿਕਦੀ ਐ। ਤਮਾਖੂ ਦੇ ਧੂੰਏਂ ਵਿੱਚ ਸੁਲਫ਼ੇ ਦੀ ਕੁੜੱਤਣ। ਚਿਲਮ ਵਿੱਚੋਂ ਲਾਟ ਉੱਠਦੀ ਤੇ ਓਧਰ ਪਾਤਲੀਆਂ ਥੱਲੇ ਚੰਗਿਆੜੇ ਮਚਦੇ। ਅੱਖਾਂ ਅੱਗੇ ਭੰਬੂ ਤਾਰੇ ਨੱਚਣ ਲਗਦੇ। ਸਭ ਵਸਤੂਆਂ ਗੋਲਾਕਾਰ ਦਿਸਣ ਲਗਦੀਆਂ। ਸੁਰਤੀ ਦਸਵੇਂ ਦੁਆਰ ਜਾ ਪਹੁੰਚਦੀ। ਅਜਿਹੀ ਅਵਸਥਾ ਵਿੱਚ ਗਿੰਦਰ ਨੂੰ ਆਨੰਦ ਆਉਂਦਾ।

ਉਹਦੇ ਅਜੀਬ ਸ਼ੌਕ ਸਨ। ਸੱਪ, ਕੁੱਤਾ ਤੇ ਬਿੱਲੀ ਉਹਦੇ ਪੱਕੇ ਵੈਰੀ ਸਨ। ਕਿਸੇ ਘਰ ਸੱਪ ਨਿੱਕਲ ਆਉਂਦਾ, ਆਖਦੇ–ਬੁਲਾਓ ਗਿੰਦਰ ਨੂੰ। ਉਹ ਹੱਥ ਕੁ ਦਾ ਡੰਡਾ ਲੈਂਦਾ ਤੇ ਅਗਲੇ ਬਿੰਦ ਹੀ ਸੱਪ ਦੀ ਸੀਰੀ ਚਿੱਪੀ ਪਈ ਹੁੰਦੀ। ਮਰੇ ਸੱਪ ਨੂੰ ਡੰਡੇ ਉੱਤੇ ਲਟਕਾ ਕੇ ਉਹ ਅਗਲੇ ਦੇ ਘਰੋਂ ਬਾਹਰ ਨਿਕਲਦਾ ਤਾਂ ਆਂਢੀਆਂ–ਗੁਆਂਢੀਆਂ ਦੇ ਇਕੱਠ ਵਿੱਚ 'ਵਾਹ ਬਈ ਵਾਹ' ਦੀ ਲਹਿਰ ਦੌੜ ਜਾਂਦੀ। ਗਿੰਦਰ ਲੋਕ–ਨਾਇਕ ਬਣ ਉੱਠਦਾ।

ਉਹਦੇ ਏਸ ਹੱਥ ਕੁ ਦੇ ਡੰਡੇ ਵਿੱਚ ਪਤਾ ਨਹੀਂ ਕੀ ਪੀਰੀ ਸੀ। ਕਿਸੇ ਘਰ ਬਿੱਲੀ ਗਿੱਝੀ ਹੁੰਦੀ, ਰਿੜਕਣੇ ਦੀ ਬਠਲੀ ਲਾਹ ਕੇ ਦੁੱਧ ਪੀ ਜਾਂਦੀ। ਕੋਈ–ਕੋਈ

ਬਿੱਲੀ ਤਾਂ ਰਿੜਕਣੇ-ਪੀੜ੍ਹੀ ਉੱਤੋਂ ਦੀ ਬੰਨ੍ਹਿਆ ਢੀਂਡੀ-ਰੱਸਾ ਵੀ ਮੂੰਹ ਤੇ ਪੌਂਚਿਆਂ ਨਾਲ ਖੋਲ੍ਹ ਲੈਂਦੀ ਸੀ। ਆਖਦੇ-ਗਿੰਦਰ ਕਰੂ ਇਹਦਾ 'ਲਾਜ ਤਾਂ।

ਉਹ ਬਿੱਲੀ ਨੂੰ ਸਬਾਤ ਅੰਦਰ ਘੇਰ ਲੈਂਦਾ। ਨਾਲ ਦੋ ਮੁੰਡੇ ਵੀ ਰੱਖਦਾ। ਉਹਨੂੰ ਤਜ਼ਰਬਾ ਸੀ, ਘਿਰੀ ਹੋਈ ਤੇ ਮੌਤੋਂ ਡਰਦੀ ਬਿੱਲੀ ਅਗਲੇ ਦੇ ਗਲ਼ ਨੂੰ ਆ ਪੈਂਦੀ ਹੈ। ਡੰਡਾ ਉਹ ਬਿੱਲੀ ਦੀਆਂ ਨਾਸਾਂ ਉੱਤੇ ਟਕਿਆ ਕੇ ਮਾਰਦਾ। ਛਿੱਕਾਂ ਜਿਹੀਆਂ ਮਾਰਦੀ ਬਿੱਲੀ ਦਮ ਤੋੜ ਜਾਂਦੀ। ਓਸ ਡੰਡੇ ਉੱਤੇ ਪਾ ਕੇ ਡੰਡੇ ਦਾ ਇੱਕ ਸਿਰਾ ਉਹ ਆਪ ਫੜਦਾ ਤੇ ਦੂਜਾ ਸਿਰਾ ਨਾਲ ਦੇ ਮੁੰਡੇ ਨੂੰ ਫੜਾ ਕੇ ਘਰੋਂ ਬਾਹਰ ਨਿਕਲਦਾ ਤੇ ਫੇਰ ਓਹੀ-'ਵਾਹ ਬਈ ਵਾਹ।'

ਛਣਕਦੇ-ਟੁਣਕਦੇ ਹਾਸੇ ਵਿੱਚ ਲਟਬੌਰੀਆਂ ਗੱਲਾਂ ਵੀ ਹੋਣ ਲਗਦੀਆਂ-

'ਐਮੇਂ ਤਾਂ ਨ੍ਹੀਂ ਕਹਿੰਦੇ, ਅਖੇ-ਗਿੰਦਰ ਸੂ ਬਿੱਲੀ ਮਾਰ।'

'ਕੋਈ ਢੱਟੇ-ਕੁੱਟ, ਕੋਈ ਗਿੱਦੜ ਮਾਰ ਤੇ ਇਹ ਸਾਡਾ ਗਿੰਦਰ ਸੂ ਬਿੱਲੀ ਮਾਰ।'

ਏਵੇਂ ਹੀ ਉਹਨੇ ਅਗਵਾੜ ਵਿੱਚ ਲੰਡਰ-ਕੁੱਤਾ ਕੋਈ ਨਹੀਂ ਛੱਡਿਆ ਸੀ। ਪਾਲਤੂ ਕੁੱਤੇ ਵੀ ਉਹਨੂੰ ਦੂਰੋਂ ਦੇਖ ਕੇ ਭੌਂਕਣ ਲਗਦੇ। ਉਹ ਨੇੜੇ ਆ ਜਾਂਦਾ ਤਾਂ ਕੁੱਤਾ ਪਹਿਲਾਂ ਤਾਂ ਦੰਦੀਆਂ ਕੱਢ ਕੇ ਘੁਰਰ-ਘੁਰਰ ਕਰਦਾ, ਵੱਢਣ ਨੂੰ ਆਉਂਦਾ, ਪਰ ਅਗਲੇ ਪਲ਼ ਨੂੰ ਚੂੰ ਚੂੰ ਕਰਦਾ ਭੱਜ ਜਾਂਦਾ। ਕੁੱਤੇ ਗਿੰਦਰ ਦੇ ਡੰਡੇ ਨੂੰ ਜਾਣਦੇ ਸਨ।

'ਵਾਹ ਬਈ ਵਾਹ' ਉਸਦੇ ਮੂੰਹ ਉੱਤੇ ਹੁੰਦੀ, ਪਿੱਠ ਪਿੱਛੇ ਤਾਂ ਬੁੜ੍ਹੀਆਂ ਲਾਹਨਤਾਂ ਪਾਉਂਦੀਆਂ-'ਗੁੱਤੇ ਬਿੱਲੀਆਂ ਦਾ ਪਾਪ ਕਰਦੈ, ਆਪ ਵੀ ਇੱਕ ਦਿਨ ਐਈਂ ਮਰੂ ਏਹੇ।'

ਉਹਦਾ ਡੰਡਾ ਜੰਗੀਰੋ ਦੇ ਮੌਰਾਂ ਉੱਤੇ ਵੀ ਖੜਕਦਾ ਤੇ ਮੁੰਡਿਆਂ ਉੱਤੇ ਵੀ। ਉਹ ਤਾਂ ਕਦੇ-ਕਦੇ ਨਛੱਤਰੋ ਨੂੰ ਵੀ ਪੜੇਥਨ ਦਿੰਦਾ ਸੀ। ਲਾਹਨਤਾਂ-'ਕੰਨਿਆ ਨੂੰ ਹੱਥ ਲੌਣਾ ਤਾਂ ਊਂ ਈਂ ਪਾਪ ਐ। ਨਰਕਾਂ ਨੂੰ ਜਾਊ। ਕੀੜੇ ਪੈ ਕੇ ਮਰੂ।'

ਬਾਕੀ ਸਾਰਾ ਟੱਬਰ ਗੁੜ ਦੀ ਚਾਹ ਪੀਂਦਾ। ਗਿੰਦਰ ਇਕੱਲੇ ਵਾਸਤੇ ਖੰਡ ਦੀ ਬਣਦੀ। ਆਥਣ ਵੇਲੇ ਉਹ ਤੌੜੀ ਵਿੱਚੋਂ ਸੂਹਾ ਸੂਹਾ ਦੁੱਧ ਲੁਹਾ ਕੇ ਪੀਂਦਾ। ਵਿੱਚ ਖੰਡ ਦੀ ਮੁੱਠੀ ਪਾ ਕੇ। ਮੁਖਤਿਆਰ ਉਹਦਾ ਮੁੰਡਾ ਘਰ ਹੁੰਦਾ ਤੇ ਉਹ ਵਿਹੜੇ ਦੇ ਇੱਕ ਖੂੰਜੇ ਬੈਠਾ ਸੁਤੇ ਹੀ ਪਿਓ ਵੱਲ ਝਾਕ ਰਿਹਾ ਹੁੰਦਾ ਤਾਂ ਉਹ ਉੱਠ ਕੇ ਉਹਦੇ ਮੂੰਹ ਉੱਤੇ ਚਪੇੜ ਕੱਢ ਮਾਰਦਾ। ਕੜਕਦਾ-'ਸਾਲਿਆ, ਮੇਰੀਆਂ ਘੁੱਟਾਂ ਗਿਣਦੈਂ?'

ਕੋਈ ਅਜਿਹਾ ਦਿਨ ਜੰਗੀਰੋ ਨੂੰ ਯਾਦ ਨਹੀਂ ਸੀ, ਜਿਸ ਦਿਨ ਗਿੰਦਰ ਨੇ ਆਪਣੇ ਕਿਸੇ ਜੁਆਕ ਨੂੰ ਗੋਦੀ ਚੁੱਕ ਕੇ ਖਢਿਆਇਆ ਹੋਵੇ। ਉਨ੍ਹਾਂ ਨੂੰ ਕਦੇ ਹਿੱਕ ਨਾਲ ਘੁੱਟ ਕੇ ਪਿਆਰ ਕੀਤਾ ਹੋਵੇ। ਉਹਦੇ ਆਪਣੇ ਨਾਲ ਵੀ ਉਹਦਾ ਔਰਤ ਮਰਦ ਜਿਹਾ ਕੋਈ ਸੁਖਾਵਾਂ ਰਿਸ਼ਤਾ ਨਹੀਂ ਸੀ। ਪਸ਼ੂਆਂ ਜਿਹਾ 'ਵਿਹਾਰ' ਕਰਦਾ। ਗੁਆਂਢੀ ਔਰਤਾਂ ਤੋਂ ਉਹਨਾਂ ਦੇ ਮਰਦਾਂ ਬਾਰੇ ਸੁਣੀਆਂ ਗੱਲਾਂ ਨੂੰ ਉਹ ਤਰਸਦੀ ਰਹਿ ਜਾਂਦੀ। ਉਹ ਉਹਦੇ ਨਾਲ ਢੁਕ ਕੇ ਬੈਠੀ ਵੀ ਥਰ ਥਰ ਕੰਬਦੀ, ਕਿਤੇ ਉਹ ਕਿਸੇ ਗੱਲ ਤੋਂ ਖਿਝ ਕੇ ਏਧਰੋਂ-ਓਧਰੋਂ ਆਪਣਾ ਡੰਡਾ ਨਾ ਕੱਢ ਲਵੇ। ਉਹ ਬਿਲਕੁਲ ਚੁੱਪ ਰਹਿੰਦੀ। ਬੁੱਲ੍ਹਾਂ ਨੂੰ ਸੂਈ-ਧਾਗੇ ਨਾਲ ਸਿਉਂ 'ਤਾ ਹੋਵੇ ਜਿਵੇਂ। ਜਿਵੇਂ ਕਿਧਰੇ ਉਹਦਾ ਬਾਹਰ ਨਿਕਲਿਆ ਸਾਹ ਵੀ ਗੁਨਾਹ ਬਣ ਬੈਠੇਗਾ।

ਫ਼ੀਮ ਤਾਂ ਉਹ ਖਾਂਦਾ ਹੀ ਸੀ, ਕਦੇ-ਕਦੇ ਦਾਰੂ ਪੀ ਕੇ ਵੀ ਘਰ ਵੜਦਾ। ਥਾਲੀ ਵਿੱਚ ਪਰੋਸੀ ਕੋਈ ਦਾਲ ਜਾਂ ਸਬਜ਼ੀ ਉਹਨੂੰ ਸੁਆਦ ਨਾ ਲਗਦੀ ਤੇ ਜੇ ਕੌਲੀ ਵਿੱਚ ਉਤੋਂ ਦੀ ਤਰਦਾ ਘਿਓ ਨਾ ਪਾਇਆ ਹੁੰਦਾ ਤਾਂ ਉਹ ਥਾਲੀ ਨੂੰ ਵਗਾਹ ਕੇ ਜੰਗੀਰੋ ਦੇ ਮੱਥੇ ਨਾਲ ਮਾਰਦਾ। ਉਹਨੂੰ ਧੌਲ-ਧੱਫਾ ਵੀ ਕਰਦਾ। ਨਛੱਤਰੋ ਨੂੰ ਉਹ ਕੱਪੜੇ ਧੌਣ ਪਿੱਛੇ ਕੁੱਟਦਾ ਸੀ।

ਉਹ ਤੇੜ ਕਾਲ਼ੀ ਕੰਨੀ ਵਾਲੀ ਧੋਤੀ ਪਹਿਨਦਾ, ਪਿੰਜਣੀਆਂ ਤੱਕ ਛੱਡ ਕੇ। ਗਲ਼ ਚਿੱਟੇ ਬਾਰੀਕ ਖੱਦਰ ਦਾ ਮਲਗਰਦਨੀ ਕੁੜਤਾ। ਹਿੱਕ ਉੱਤੇ ਅੰਦਰਲੀ ਜੇਬ। ਲੜ ਛੱਡਵਾਂ ਸਾਫਾ ਬੰਨ੍ਹਦਾ-ਬਾਦਾਮੀ ਰੰਗ ਦਾ।

ਜਦੋਂ ਉਹਦਾ ਚੂਲ਼ਾ ਟੁੱਟ ਗਿਆ ਸੀ ਤੇ ਹਸਪਤਾਲੋਂ ਪਲੱਸਤਰ ਕਰਵਾ ਕੇ ਉਹ ਘਰ ਮੰਜੇ ਉੱਤੇ ਪਿਆ ਹੋਇਆ ਸੀ। ਟੱਟੀ-ਪਿਸ਼ਾਬ ਚਾਹੇ ਮੰਜੇ ਉੱਤੇ ਹੀ ਕਰਦਾ, ਪਰ ਅਕੜੇਵਾਂ ਓਹੀ ਸੀ। ਥਾਲੀ ਹੁਣ ਵੀ ਵਗਾਹ ਕੇ ਮਾਰਦਾ। ਗਾਲ-ਦੁੱਪੜ ਕੱਢਦਾ। ਉੱਠ ਕੇ ਮਾਰ ਤਾਂ ਸਕਦਾ ਨਾ, ਅੱਖਾਂ ਕੱਢਦਾ ਤੇ ਦੰਦ ਕਿਰਚਦਾ। ਟੱਬਰ ਦਾ ਹਰ ਜੀਅ ਉਹਦੇ ਕੋਲ ਆਉਣ ਤੋਂ ਡਰਦਾ। ਚਿਲਮ ਦੀ ਥਾਂ ਹੁਣ ਉਹ ਸਿਗਰਟ ਪੀਂਦਾ-ਕੈਂਚੀ ਮਾਰਕਾ। ਜੰਗੀਰੋ ਹੀ ਉਹਦੀਆਂ ਧੰਘੇੜਾਂ ਝੱਲਦੀ।

ਰਾਮ ਲਾਲ ਦੁਕਾਨ ’ਤੇ ਬੈਠੇ ਮਰੀਜ਼ਾਂ ਨੂੰ ਤੋਰ ਕੇ ਉਨ੍ਹਾਂ ਦੇ ਘਰ ਪਹੁੰਚਿਆ ਤਾਂ ਜੰਗੀਰੋ ਗਿੰਦਰ ਦੀ ਲੋਥ ਤੋਂ ਦੂਰ ਬੈਠੀ ਝੂਠੇ ਵੈਣ ਪਾ ਰਹੀ ਸੀ। ਦੋਵੇਂ ਮੁੰਡੇ ਤੇ ਕੁੜੀ ਮਾਂ ਤੋਂ ਵੀ ਪਰ੍ਹਾਂ ਸਹਿਮੇ ਹੋਏ ਬੈਠੇ ਸਨ। ਕਿਸੇ ਦੀਆਂ ਵੀ ਅੱਖਾਂ ਗਿੱਲੀਆਂ ਨਹੀਂ ਸਨ। ਰਾਮ ਲਾਲ ਨੇ ਰਸਮੀ ਤੌਰ ’ਤੇ ਗਿੰਦਰ ਦੀ ਨਬਜ਼ ਟੋਹੀ ਤੇ ਉਹਨੀਂ ਪੈਰੀਂ ਘਰੋਂ ਬਾਹਰ ਹੋ ਗਿਆ।

ਹੁਣ ਆਂਢੀ-ਗੁਆਂਢੀ ਉਨ੍ਹਾਂ ਦੇ ਘਰ ਜਾ ਰਹੇ ਸਨ। ♦

# ਸੁਰਨੰਦ ਭਵਨ

ਤਿੰਨ ਸਾਢੇ ਤਿੰਨ ਵਰ੍ਹਿਆਂ ਦੀ ਲਾਡਲੀ ਬੱਚੀ ਸ਼ਕੁੰਤਲਾ ਆਪਣੇ ਡੈਡੀ ਦੀ ਉਂਗਲ ਫੜੀ ਸੁਰਨੰਦ ਭਵਨ ਅੱਗੇ ਸਕੂਲ-ਰਿਕਸ਼ਾ ਦੀ ਇੰਤਜ਼ਾਰ ਕਰ ਰਹੀ ਹੈ। ਉਹ ਲਗਾਤਾਰ ਬੋਲੀ ਜਾ ਰਹੀ ਹੈ-"ਡੈਡੀ, ਹੈਲੀਕਾਪਟਰ... ਹਾਂਆਂ... ਹੈਲੀਕਾਪਟਰ ਲੈਣਾ ਮੈਂ..." ਉਹ ਰਿਹਾੜ ਕਰ ਰਹੀ ਹੈ। ਕਦੇ ਝੂਠ-ਮੂਠ ਦਾ ਰੋਣ ਲੱਗਦੀ ਹੈ। ਕਦੇ ਚੁੱਪ ਹੋ ਕੇ ਧਿਆਨ ਨਾਲ ਡੈਡੀ ਦੀ ਗੱਲ ਸੁਣਦੀ ਹੈ। ਨੰਦ ਸਿੰਘ ਦਾ ਹਰ ਇੱਕੋ ਜਵਾਬ- "ਸ਼ਾਮ ਨੂੰ ਲੈ ਦਿਆਂਗਾ ਹੈਲੀਕਾਪਟਰ ਵੀ। ਦੁਪਹਿਰ ਸਕੂਲੋਂ ਆਵੇਂਗੀ ਨਾ, ਖਾਣਾ ਖਾ ਕੇ ਸੌਂ ਜਾਣਾ ਆਪਾਂ। ਫੇਰ ਸ਼ਾਮ ਦੀ ਚਾਹ, ਫੇਰ ਹੈਲੀਕਾਪਟਰ... ਸਮਝ ਗਈ ਨਾ?"

ਸ਼ਕੁੰਲਤਾ ਨਾਲੋਂ ਨੰਦ ਸਿੰਘ ਨੂੰ ਰਿਕਸ਼ਾ ਦਾ ਬਹੁਤਾ ਇੰਤਜ਼ਾਰ ਹੈ। ਉਹ ਚਾਹੁੰਦਾ ਹੈ, ਕੁੜੀ ਛੇਤੀ ਸਕੂਲ ਜਾਵੇ ਤਾਂ ਕਿ ਉਹ ਆਪਣੀ ਦੁਕਾਨ ਦੀ ਧੂਫ਼-ਬੱਤੀ ਜਗਾ ਲਵੇ। ਉਹਦੀ ਪਤਨੀ ਸੁਰਜੀਤ ਕੌਰ ਨੇ ਕਦੋਂ ਦੀ ਸਫ਼ਾਈ ਕਰ ਦਿੱਤੀ, ਦੁਕਾਨ ਦੀ। ਧੂਫ਼-ਬੱਤੀ ਲਾਈ ਵੀ ਨਹੀਂ ਤੇ ਸਕੂਲੀ-ਬੱਚਿਆਂ ਨੂੰ ਸੁਰਜੀਤ ਕੌਰ ਚੀਜ਼ਾਂ ਦੇ ਕੇ ਤੋਰਦੀ ਜਾ ਰਹੀ ਹੈ। ਸਲੇਟੀਆਂ, ਪੈਨਸਿਲਾਂ, ਕਾਪੀਆਂ, ਟਾਫੀਆਂ ਤੇ ਹੋਰ ਕਿੰਨਾ ਕੁਝ।

"ਬੇਬੀ, ਜ਼ਿੱਦ ਨਹੀਂ ਕਰਿਆ ਕਰਦੇ। ਏਦਾਂ ਕਰੇਂਗੀ ਤਾਂ ਰਿਕਸ਼ਾ ਨਿਕਲ ਜਾਣੀ ਐ। ਫੇਰ ਸਕੂਲ ਰਹਿ ਜਾਣਾ ਤੇਰਾ।" ਸੁਰਜੀਤ ਕੌਰ ਨੇ ਕੋਲ ਆ ਕੇ ਕੁੜੀ ਨੂੰ ਝਿੜਕ ਦਿੱਤਾ ਹੈ।

ਇੱਕ ਬਿੰਦ ਉਹ ਚੁੱਪ ਹੋਈ ਹੈ। ਪਰ ਗੋਡੇ ਝੁਕਾ ਕੇ ਫੇਰ ਤਣ ਗਈ। ਬਗਾਵਤ ਦੀ ਮੁੱਦਰਾ ਵਿੱਚ ਪੈਰਾਂ ਤੋਂ ਸਿਰ ਤੱਕ ਆਪਣਾ ਸਾਰਾ ਸਰੀਰ ਝੰਜਕ ਦਿੱਤਾ ਹੈ। ਫੇਰ ਲਾਚੜ ਗਈ ਹੈ- 'ਹਾਂ ਆਂ...ਡੈਡੀ..."

ਸਾਹਮਣੇ ਆ ਰਹੀ ਸਕੂਲ-ਰਿਕਸ਼ਾ ਦੇਖ ਕੇ ਨੰਦ ਸਿੰਘ ਬੋਲਦਾ ਹੈ- "ਦੇਖ ਔਹ ਆ ਗਈ ਰਿਕਸ਼ਾ। ਰੌਲਾ ਪਾਏਂਗੀ ਤਾਂ ਉਹ ਤੈਨੂੰ ਛੱਡ ਜਾਣਗੇ। ਬੱਸ ਹੁਣ ਚੁੱਪ ਹੋ ਜਾ," ਫੇਰ ਪੁੱਛਦਾ ਹੈ- 'ਤੇਰੇ ਬਸਤੇ ਵਿੱਚ ਕਿਤਾਬ ਹੈ ਵੇ? ਸਲੇਟ ਹੈ ਵੇ? ਸਲੇਟੀ ਤੇ ਪੈਨਸਿਲ? ਕਾਪੀਆਂ?"

ਸ਼ਕੁੰਤਲਾ ਸਿਰ ਹਿਲਾ ਕੇ ਜਵਾਬ ਦਿੰਦੀ ਜਾ ਰਹੀ ਹੈ। ਉਹ ਹੁਣ ਚੁੱਪ-ਚਾਪ ਸਕੂਲ- ਰਿਕਸ਼ਾ ਵੱਲ ਝਾਕ ਰਹੀ ਹੈ। ਦੂਰੋਂ ਹੀ ਪਹਿਚਾਨਣ ਦੀ ਕੋਸ਼ਿਸ਼ ਕਰਦੀ ਹੈ ਕਿ ਅੱਜ ਰਿਕਸ਼ਾ ਵਿੱਚ ਕੌਣ ਕੌਣ ਹਨ ਤੇ ਕਿਹੜਾ ਕਿੱਥੇ ਬੈਠਾ ਹੈ। ਨੰਦ ਸਿੰਘ ਆਪਣੇ ਕੁੜਤੇ ਦੀ ਜੇਬ੍ਹ ਵਿੱਚੋਂ ਇੱਕ ਰੁਪਏ ਦਾ ਸਿੱਕਾ ਕੱਢਦਾ ਹੈ ਤੇ ਜੇਬ ਖਰਚ ਵਜੋਂ ਸ਼ਕੁੰਤਲਾ

ਨੂੰ ਫੜਾ ਦਿੰਦਾ ਹੈ। ਉਹ ਨਿੱਤ ਏਦਾਂ ਹੀ ਕਰਦਾ ਹੈ। ਇੱਕ ਰੁਪਿਆ ਜੇਬ ਵਿੱਚ ਪਾ ਕੇ ਰੱਖੇਗਾ। ਐਨ ਜਦੋਂ ਉਹ ਰਿਕਸ਼ਾ ਵਿੱਚ ਚੜ੍ਹਨ ਲਈ ਤਿਆਰ ਹੋਵੇ, ਉਹਨੂੰ ਦੇ ਦਿੰਦਾ ਹੈ। ਇਹ ਵੀ ਕਹੇਗਾ- "ਕੋਈ ਖੱਟੀ ਚੀਜ਼ ਨਹੀਂ ਖਾਣੀ, ਇਮਲੀ ਬਿਲਕੁਲ ਨਹੀਂ।"

ਸਕੂਲ-ਰਿਕਸ਼ਾ ਚਲੀ ਗਈ ਹੈ। ਦੁਕਾਨ 'ਤੇ ਆ ਕੇ ਉਹ ਸੁਰਜੀਤ ਕੌਰ ਵੱਲ ਝਾਕ ਕੇ ਮੁਸਕਰਾਇਆ ਹੈ। ਕਹਿੰਦਾ ਹੈ-"ਬੱਚੀ ਕਿੰਨਾ ਘੁਲ ਮਿਲ ਗਈ ਹੈ ਸਾਡੇ ਨਾਲ। ਕਿੰਨੀ ਜ਼ਿੱਦ ਕਰਦੀ ਹੈ। ਜਿਵੇਂ ਅਸੀਂ ਇਹਦੇ ਅਸਲੀ ਮਾਂ-ਬਾਪ ਹੋਈਏ।"

"ਹੁਣ ਤਾਂ ਅਸੀਂ ਹੀ ਅਸਲੀ ਮਾਂ-ਬਾਪ ਹਾਂ। ਉਹ ਤਾਂ ਨਕਲੀ ਸੀ ਜਿਹੜੇ ਇਹਨੂੰ ਜੰਮ ਕੇ ਸੁੱਟ ਗਏ।" ਸੁਰਜੀਤ ਕੌਰ ਘਰ ਅੰਦਰ ਜਾਂਦੀ ਕਹਿ ਗਈ ਹੈ।

ਮਕਾਨ ਦੇ ਸੱਜੇ ਹੱਥ ਇੱਕ ਕਮਰੇ ਵਿੱਚ ਦੁਕਾਨ ਹੈ। ਖੱਬੇ ਹੱਥ ਦਾ ਕਮਰਾ ਬੈਠਣ-ਉੱਠਣ ਲਈ ਹੈ। ਦੋਨਾਂ ਕਮਰਿਆਂ ਵਿਚਕਾਰ ਕਮਰੇ ਜਿੰਨੀ ਚੌੜੀ ਹੀ ਗੈਲਰੀ ਹੈ। ਗੈਲਰੀ ਦੇ ਮਹਿਰਾਬੀ ਦਰਵਾਜ਼ੇ ਨੂੰ ਲੋਹੇ ਦਾ ਗੇਟ ਲੱਗਿਆ ਹੋਇਆ ਹੈ। ਮਹਿਰਾਬੀ ਦਰਵਾਜ਼ੇ ਉੱਤੇ ਸੀਮਿੰਟ ਦੇ ਬਣੇ ਪੰਜਾਬੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ-"ਸੁਰਨੰਦ ਭਵਨ"

'ਸੁਰ' ਸੁਰਜੀਤ ਕੌਰ ਦਾ ਤੇ 'ਨੰਦ' ਨੰਦ ਸਿੰਘ ਦਾ!

ਨੰਦ ਸਿੰਘ ਨੇ ਜਦੋਂ ਇਹ ਮਕਾਨ ਬਣਾਇਆ ਸੀ, ਉਹਨੂੰ ਬੜੀਆਂ ਆਸਾਂ ਸਨ, ਇੱਕ ਭਰਪੂਰ ਜੀਵਨ ਜਿਉਣ ਦੀਆਂ। ਉਹਨਾਂ ਦੇ ਵਿਆਹ ਨੂੰ ਚਾਰ-ਪੰਜ ਸਾਲ ਹੀ ਹੋਏ ਸਨ। ਬੱਚਾ ਕੋਈ ਨਹੀਂ ਸੀ। ਪਰ ਲੇਡੀ-ਡਾਕਟਰ ਕਹਿ ਰਹੀ ਸੀ, ਬੱਚਾ ਹੋਵੇਗਾ ਜ਼ਰੂਰ। ਮਾਮੂਲੀ ਨੁਕਸ ਹੈ। ਇਲਾਜ ਜਾਰੀ ਰੱਖੋ।

ਵਿਹੜਾ ਛੱਡ ਕੇ ਪਿਛਲੇ ਪਾਸੇ ਦੋ ਵੱਡੇ ਕਮਰੇ ਹਨ। ਵਿਹੜੇ ਦੇ ਇੱਕ ਪਾਸੇ ਰਸੋਈ ਹੈ, ਗੁਸਲਖਾਨਾ ਹੈ ਤੇ ਨਾਲ ਹੀ ਫਲੱਸ਼। ਪਿਛਲੇ ਇੱਕ ਕਮਰੇ ਉੱਤੇ ਚੁਬਾਰਾ ਵੀ ਪਾ ਲਿਆ ਸੀ।

ਨੰਦ ਸਿੰਘ ਹੋਰੀਂ ਤਿੰਨ ਭਰਾ ਹਨ। ਉਹ ਸਭ ਤੋਂ ਵੱਡਾ ਹੈ। ਵਿਚਕਾਰਲਾ ਜਰਨੈਲ ਸਿੰਘ ਉਹਤੋਂ ਦੋ ਸਾਲ ਛੋਟਾ ਹੈ ਤੇ ਦਰਵਾਰਾ ਸਿੰਘ ਜਰਨੈਲ ਤੋਂ ਦੋ ਸਾਲ ਦੀ ਵਿੱਥ ਉੱਤੇ। ਕੋਈ ਵੀ ਨਹੀਂ ਸੀ ਵਿਆਹਿਆ, ਜਦੋਂ ਉਹਨਾਂ ਦੇ ਮਾਂ-ਬਾਪ ਨਾ ਰਹੇ। ਤਿੰਨਾਂ ਨੇ ਖ਼ੁਦ ਕਮਾਈ ਕੀਤੀ ਤੇ ਆਪਣੇ ਵਿਆਹ ਕਰਾਏ। ਨੰਦ ਸਿੰਘ ਕਹਿੰਦਾ ਹੁੰਦਾ-"ਮਾਪੇ ਤਾਂ ਜੰਮਣ ਵਾਲੇ ਸੀ, ਅਸੀਂ ਤਿੰਨਾਂ ਭਾਈਆਂ ਨੇ ਆਪਣੇ ਸਿਰ ਆਪ ਗੁੰਦੇ। ਮਕਾਨ ਆਪ ਬਣਾਏ, ਆਪਣੇ ਵਿਆਹ ਕਰਾਏ। ਪਿਓ ਤਾਂ ਦੋ ਕੋਠੜੀਆਂ ਛੱਡ ਗਿਆ ਸੀ ਬੱਸ।"

ਉਹਨਾਂ ਦਾ ਬਾਪ ਸਬਜ਼ੀ ਵੇਚਣ ਦਾ ਕੰਮ ਕਰਦਾ ਹੁੰਦਾ। ਪਹਿਲਾਂ ਰੇੜ੍ਹੀ ਸੀ, ਫੇਰ ਦੁਕਾਨ ਬਣਾ ਲਈ। ਨੰਦ ਸਿੰਘ ਨੇ ਵੀ ਇਹੋ ਕੰਮ ਕੀਤਾ। ਜਰਨੈਲ ਕੱਪੜਾ ਵੇਚਦਾ ਤੇ ਦਰਬਾਰੇ ਦੀ ਫ਼ਲਾਂ ਦੀ ਦੁਕਾਨ ਸੀ।

ਨੰਦ ਸਿੰਘ ਨੇ ਬਹੁਤ ਕਮਾਇਆ। ਐਡਾ ਵਧੀਆ ਮਕਾਨ ਬਣਾਇਆ। ਪਰ ਉਹਦਾ ਵਿਹੜਾ ਸੱਖਣਾ ਸੀ। ਇਹੀ ਇੱਕ ਘਾਟਾ ਸੀ। ਉਹਦੀ ਤਮਾਮ ਜ਼ਿੰਦਗੀ ਨਿਰ-ਉਤਸ਼ਾਹ ਹੋ ਕੇ ਰਹਿ ਗਈ। ਸਬਜ਼ੀ ਦਾ ਕੰਮ ਛੱਡ ਦਿੱਤਾ। ਚੁਬਾਰਾ ਤੇ ਹੇਠਲਾ ਖੱਬੇ ਹੱਥ

ਦਾ ਅੰਦਰਲਾ ਇੱਕ ਕਮਰਾ ਕਿਰਾਏ ਉੱਤੇ ਚੜ੍ਹਾ ਦਿੱਤਾ। ਕਿਰਾਇਆ ਕਾਫ਼ੀ ਆ ਜਾਂਦਾ। ਸੱਜੇ ਹੱਥ ਦੀ ਬੈਠਕ ਵਿੱਚ ਇਹ ਕਾਪੀਆਂ-ਪੈਨਸਿਲਾਂ ਦੀ ਦੁਕਾਨ ਖੋਲ੍ਹ ਲਈ। ਕਮਾਈ ਹੁੰਦੀ ਤੇ ਮੀਆਂ-ਬੀਵੀ ਦਾ ਜੀਅ ਲੱਗਿਆ ਰਹਿੰਦਾ।

ਜਰਨੈਲ ਸਿੰਘ ਦੇ ਉਪਰੋਥਲੀ ਤਿੰਨ ਮੁੰਡੇ ਹੋਏ। ਚੌਥੀ ਕੁੜੀ ਸੀ। ਤੀਜਾ ਮੁੰਡਾ ਹਰਅਵਤਾਰ ਦੋ ਕੁ ਸਾਲ ਦਾ ਸੀ, ਜਦੋਂ ਉਹਨੂੰ ਸੁਰਜੀਤ ਕੌਰ ਆਪਣੇ ਘਰ ਚੁੱਕ ਲਿਆਈ। ਕਹਿੰਦੀ-"ਇਹਨੂੰ ਤਾਂ ਮੈਂ ਰੱਖਾਂਗੀ। ਅਸੀਂ ਇਹਨੂੰ ਪੜ੍ਹਾਵਾਂਗੇ। ਅਸੀਂ ਹੀ ਇਹਦਾ ਵਿਆਹ ਕਰਕੇ ਘਰ ਨੂੰਹ ਲੈ ਆਵਾਂਗੇ।"

ਉਹ ਹਰਅਵਤਾਰ ਨੂੰ ਆਪਣੇ ਨਾਲ ਪਾਉਂਦੀ। ਰਾਤ ਨੂੰ ਉੱਠ-ਉੱਠ ਕੇ ਉਹਨੂੰ ਨੰਗੇ ਪਏ ਨੂੰ ਢਕਦੀ। ਕਿਤੇ ਉਹਨੂੰ ਠੰਢ ਨਾ ਲੱਗ ਜਾਵੇ। ਸੌਣ ਵੇਲੇ ਉਚੇਚੇ ਤੌਰ 'ਤੇ ਉਹਨੂੰ ਦੁੱਧ ਦਾ ਗਿਲਾਸ ਦਿੰਦੀ। ਉਹ ਸੌਂ ਚੁੱਕਿਆ ਹੁੰਦਾ, ਤਾਂ ਵੀ ਉਹਨੂੰ ਦੁੱਧ ਪਿਆਉਂਦੀ। ਉਹ ਤਾਂ ਸੁੱਤਾ ਸੁੱਤਾ ਹੀ ਅੱਖਾਂ ਮੀਚ ਕੇ ਦੁੱਧ ਪੀ ਲੈਂਦਾ। ਸਵੇਰੇ ਉਹਨੂੰ ਪੁੱਛਣ ਲੱਗਦੀ-"ਤਾਰੀ, ਰਾਤੀਂ ਦੁੱਧ ਨਹੀਂ ਪੀਤਾ ਤੂੰ?"

"ਦਿੱਤਾ ਹੀ ਨਹੀਂ।" ਉਹ ਜਵਾਬ ਦਿੰਦਾ।

ਉਹ ਹੱਸਣ ਲੱਗਦੀ। ਆਖਦੀ-"ਵਾਹ ਵੇ, ਤੈਨੂੰ ਇਹ ਵੀ ਪਤਾ ਨਹੀਂ ਕਿ ਦੁੱਧ ਪੀਤਾ ਸੀ? ਫੇਰ ਤਾਂ ਤੈਨੂੰ ਕੁੱਛ ਵੀ ਪਿਲਾ ਦੇਵੇ ਕੋਈ।

"ਕੀ ਪਿਲਾ ਦੇਵੇ?" ਉਹ ਪੁੱਛਦਾ।

"ਕੁੱਛ ਵੀ ਤੇਰੇ ਮੂੰਹ ਨੂੰ ਲਾ ਦਿਓ। ਤੂੰ 'ਤੇ ਝੱਟ ਪੀ ਜਾਣੈ। ਚਾਹੇ...।" ਉਹ ਫੇਰ ਖਿੜ-ਖਿੜ ਹੱਸਦੀ।

ਸਵੇਰੇ ਵੇਲੇ ਉਹ ਉਹਨੂੰ ਬਿਸਤਰੇ ਵਿੱਚ ਪਏ ਨੂੰ ਚਾਹ ਦਿੰਦੀ। ਰਸੋਈ ਦੀ ਜਾਲੀਦਾਰ ਅਲਮਾਰੀ ਵਿੱਚ ਉਹਦੇ ਖਾਣ ਲਈ ਕੁਝ ਨਾ ਕੁਝ ਰੱਖਿਆ ਪਿਆ ਰਹਿੰਦਾ-ਸੇਬ, ਕੇਲੇ, ਸੰਗਤਰੇ, ਅੰਗੂਰ ਤੇ ਹੋਰ ਕੋਈ ਵੀ ਮੌਸਮੀ ਫ਼ਲ। ਨਹੀਂ ਤਾਂ ਬਰਫੀ ਦੇ ਟੁਕੜੇ ਹੀ। ਉਹ ਦਿਨ ਵਿੱਚ ਕਦੇ ਵੀ ਜਾਲੀ ਵਿਚੋਂ 'ਚੀਜ਼' ਕੱਢ ਕੇ ਖਾ ਲੈਂਦਾ ਸੀ। ਸੁਰਜੀਤ ਕੌਰ ਦੇ ਸਾਹਮਣੇ ਬੈਠ ਕੇ ਉਹ ਚੀਜ਼ ਖਾ ਰਿਹਾ ਤਾਂ ਉਹ ਬਹੁਤ ਖ਼ੁਸ਼ ਦਿਖਾਈ ਦਿੰਦੀ। ਲੋਰ ਜਿਹੇ ਵਿੱਚ ਆ ਕੇ ਉਹਦਾ ਨੱਕ ਘੁੱਟ ਦਿੰਦੀ ਜਾਂ ਉਹਦੀ ਕੋਈ ਨਕਲ ਉਤਾਰਦੀ।

ਹਰਅਵਤਾਰ ਬਹੁਤ ਘੁਲ-ਮਿਲ ਗਿਆ ਸੀ। ਨੰਦ ਸਿੰਘ ਛੁਰੀ ਲੈ ਕੇ ਆਪ ਸੇਬ ਕੱਟਣ ਬੈਠ ਜਾਂਦਾ। ਫਾੜੀ ਨੂੰ ਛਿਲਦਾ-ਸੰਵਾਰਦਾ ਤੇ ਮੁੰਡੇ ਨੂੰ ਖੁਆਉਂਦਾ ਜਾਂਦਾ। ਮੁੰਡੇ ਦੀ ਰੱਜ ਵਿਚੋਂ ਉਹਨੂੰ ਆਪ ਰੱਜ ਮਿਲਦਾ।

ਹਰਅਵਤਾਰ ਆਪਣੇ ਬਾਪ ਜਰਨੈਲ ਸਿੰਘ ਦੇ ਘਰ ਵੀ ਗੇੜਾ ਮਾਰਦਾ। ਉਹਦੀ ਮਾਂ ਕੁਝ ਖਾਣ ਨੂੰ ਦਿੰਦੀ ਤਾਂ ਉਹ ਨੱਕ ਮਾਰਦਾ। ਬਾਪ ਦੇ ਘਰ ਦਾ ਉਹਨੂੰ ਕੁਝ ਵੀ ਸੁਆਦ ਨਹੀਂ ਲੱਗਦਾ ਸੀ। ਜਿਵੇਂ ਇਹ ਕੋਈ ਬਿਗਾਨਾ ਘਰ ਹੋਵੇ। ਉਹਦੀ ਮਾਂ ਪੁੱਛਦੀ-"ਤੇਰੀ ਤਾਈ ਨੇ ਅੱਜ ਕੀ ਸਬਜ਼ੀ ਚਾੜ੍ਹੀ ਐ।"

"ਆਲੂ ਗੋਭੀ" ਉਹ ਇਸ ਢੰਗ ਨਾਲ ਜਵਾਬ ਦਿੰਦਾ ਜਿਵੇਂ ਤਾਈ ਦਾ ਘਰ ਹੀ ਉਹਦਾ ਆਪਣਾ ਘਰ ਹੋਵੇ। 'ਤਾਈ' ਸ਼ਬਦ ਉਹਦੇ ਲਈ 'ਮਾਂ' ਦਾ ਅਰਥ ਰੱਖਦਾ। ਸਕੀ ਮਾਂ ਨੂੰ ਉਹ ਮਾਂ ਨਾ ਆਖਦਾ, ਉਹਦਾ ਨਾਉਂ ਲੈ ਕੇ ਬਲਾਉਂਦਾ-ਰੱਜੀ। ਰਾਜਵੰਤ ਕੌਰ ਸੀ ਅਸਲੀ ਨਾਉਂ ਤਾਂ।

ਹਰਅਵਤਾਰ ਨੰਦ ਸਿੰਘ ਨਾਲ ਨਿੱਕੀਆਂ-ਨਿੱਕੀਆਂ ਸ਼ਰਾਰਤਾਂ ਕਰਦਾ। ਉਹਦੀ ਨੇੜੇ ਦੀ ਨਜ਼ਰ ਕਮਜ਼ੋਰ ਸੀ। ਸਵੇਰੇ-ਸਵੇਰੇ ਉਹ ਅਖ਼ਬਾਰ ਪੜ੍ਹ ਰਿਹਾ ਹੁੰਦਾ ਤਾਂ ਹਰਅਵਤਾਰ ਉਹਦੀ ਐਨਕ ਦਾ ਕੇਸ ਕਿਧਰੇ ਲੁਕੋ ਦਿੰਦਾ-ਸਿਰਹਾਣੇ ਹੇਠ, ਸਿਲਾਈ-ਮਸ਼ੀਨ ਦੇ ਖਾਨੇ ਵਿੱਚ ਜਾਂ ਨੰਦ ਸਿੰਘ ਦੇ ਬੂਟਾਂ ਵਿੱਚ ਹੀ। ਅਖ਼ਬਾਰ ਪੜ੍ਹਨ ਬਾਅਦ ਉਹ ਕੇਸ ਲੱਭਦਾ ਫਿਰਦਾ। ਹਰਅਵਤਾਰ ਪਹਿਲਾਂ ਤਾਂ ਗੁੱਝਾ-ਗੁੱਝਾ, ਫੇਰ ਹਾਸੀ ਉਹਦੇ ਢਿੱਡ ਤੋਂ ਸਾਂਭੀ ਨਾ ਜਾਂਦੀ। ਖਿੱਦ-ਖਿੱਦ ਕਰਕੇ ਉਹਦਾ ਮੂੰਹ ਖੁੱਲ੍ਹ ਜਾਂਦਾ।

"ਹੱਤ, ਤੇਰੇ ਦੀ। ਤੂੰ ਕੀਤੀ ਸੂ, ਸ਼ਰਾਰਤ?" ਨੰਦ ਸਿੰਘ ਸਗੋਂ ਖ਼ੁਸ਼ ਹੁੰਦਾ।

ਕਦੇ ਉਹ ਨੰਦ ਸਿੰਘ ਦੀ ਪਗੜੀ ਵਿਚੋਂ ਪੂੰਛਕੀ ਕੱਢ ਦਿੰਦਾ। ਨੰਦ ਸਿੰਘ ਹਾਕ ਮਾਰਦਾ-"ਤਾਰੀ!" ਮੁੰਡਾ ਉਹਦੀ ਪਿੱਠ ਪਿੱਛੇ ਖੜ੍ਹਾ ਹੱਸ ਰਿਹਾ ਹੁੰਦਾ।

ਹਰਅਵਤਾਰ ਦਾ ਸੁਖ ਬੜਾ ਸੀ। ਉਹ ਨਿੱਕੇ-ਮੋਟੇ ਕੰਮ-ਧੰਦੇ ਵੀ ਕਰਦਾ। ਕਿਸੇ ਦੁਕਾਨ ਤੋਂ ਕੋਈ ਚੀਜ਼ ਲਿਆ ਦਿੰਦਾ। ਸੁਰਜੀਤ ਕੌਰ ਬੈਠੀ-ਬਿਠਾਈ ਉਹਤੋਂ ਚੀਜ਼ਾਂ ਮੰਗਾਉਂਦੀ ਰਹਿੰਦੀ। ਨੰਦ ਸਿੰਘ ਰੋਟੀ ਖਾਣ ਬੈਠਦਾ ਤਾਂ ਰਸੋਈ ਵਿਚੋਂ ਪਲੇਟਾਂ ਚੁੱਕ-ਚੁੱਕ ਹਰਅਵਤਾਰ ਹੀ ਫੜਾਉਂਦਾ। ਪਾਣੀ ਦਾ ਗਿਲਾਸ ਦੇ ਜਾਂਦਾ।

ਇਸ ਤਰ੍ਹਾਂ ਹੀ ਉਹ ਦਿਨੋ-ਦਿਨ ਵੱਡਾ ਹੁੰਦਾ ਜਾ ਰਿਹਾ ਸੀ। ਇਸ ਤਰ੍ਹਾਂ ਹੀ ਉਹ ਦਿਨੋ-ਦਿਨ ਸਿਆਣਾ ਹੁੰਦਾ ਜਾ ਰਿਹਾ ਸੀ। ਸੁਰਜੀਤ ਕੌਰ ਉਹਨੂੰ ਸਕੂਲ ਵਿੱਚ ਦਾਖ਼ਲ ਕਰਵਾ ਆਈ। ਉਹ ਸਕੂਲ ਗਿਆ ਹੁੰਦਾ ਤਾਂ ਉਹ ਉਹਨੂੰ ਉਡੀਕਦੀ ਰਹਿੰਦੀ। ਕੋਈ ਗੱਲ ਹੁੰਦੀ ਤਾਂ ਉਹ ਆਪ ਨਾਲ ਜਾ ਕੇ ਉਹਨੂੰ ਸਕੂਲ ਛੱਡ ਕੇ ਆਉਂਦੀ। ਅੱਧਾ ਘੰਟਾ-ਵੀਹ ਮਿੰਟ ਉਹ ਸਕੂਲੋਂ ਆਉਂਦਾ ਲੇਟ ਹੋ ਜਾਂਦਾ। ਕਿਸੇ ਮੁੰਡੇ ਨਾਲ ਖੇਡ ਪੈ ਜਾਂਦਾ ਜਾਂ ਕੋਈ ਹੋਰ ਗੱਲ ਹੁੰਦੀ ਤਾਂ ਉਹ ਘਰ ਦੇ ਬਾਰ ਅੱਗੇ ਨਿੱਕਲ ਕੇ ਉਹਨੂੰ ਦੇਖਦੀ ਰਹਿੰਦੀ। ਤਿੱਖੀ ਉਡੀਕ ਵਿੱਚ ਉਹ ਇੱਕ ਥਾਂ 'ਤੇ ਟਿੱਕ ਕੇ ਨਾ ਬੈਠਦੀ। ਮਨ ਵਿੱਚ ਆਖਦੀ-"ਤਾਰੀ ਆਇਆ ਕਿਉਂ ਨਹੀਂ? ਹੁਣ ਤੱਕ ਤਾਂ ਆ ਜਾਣਾ ਚਾਹੀਦਾ ਸੀ।" ਸਿਰ ਤੇ ਚੁੰਨੀ ਲੈ ਕੇ ਤੇ ਪੈਰੀਂ ਚੱਪਲਾਂ ਪਾ ਕੇ ਉਹ ਘਰੋਂ ਬਾਹਰ ਹੋਣ ਲੱਗਦੀ ਤਾਂ ਉਹ ਆ ਰਿਹਾ ਹੁੰਦਾ। ਤੇ ਫੇਰ ਉਹ ਉਹਨੂੰ ਮਿੱਠੀਆਂ-ਮਿੱਠੀਆਂ ਗਾਲ੍ਹਾਂ ਕੱਢਣ ਲੱਗਦੀ। ਕਦੇ-ਕਦੇ ਉਹਦੇ ਇੱਕ ਥੱਪੜ ਵੀ ਜੜ੍ਹ ਦਿੰਦੀ। ਕੜਕਦੀ-"ਕਿੱਥੇ ਸੈਂ?"

ਉਹ ਇੱਕ ਨਾ ਜਾਣਦਾ, ਸਗੋਂ ਹੱਸਦਾ ਤੇ ਹੱਸੀ ਜਾਂਦਾ।

ਇੰਜ ਉਹ ਕਈ ਜਮਾਤਾਂ ਪਾਸ ਕਰ ਗਿਆ। ਸੱਤਵੀਂ ਵਿੱਚ ਹੋ ਗਿਆ।

ਹਰਅਵਤਾਰ ਦੇ ਸਿਰ ਦੇ ਵਾਲ਼ ਬਹੁਤ ਭਾਰੇ ਸਨ। ਜੂੜਾ ਖੁੱਲ੍ਹੇ ਦਾ ਖੁੱਲ੍ਹਾ। ਜੂੰਆਂ ਪਈਆਂ ਰਹਿੰਦੀਆਂ। ਉਹਨੂੰ ਚੌਥੇ ਦਿਨ ਕੇਸੀਂ ਨਹਾਉਂਦੀ। ਕੁੜੀਆਂ ਵਾਂਗ।

ਉਹਦੇ ਜੂੜੀ ਦੀ ਗੁਤ ਕਰ ਦਿੰਦੀ। ਉਹ ਸਿਰ ਨੂੰ ਚਿੱਟਾ ਪਟਕਾ ਬੰਨ੍ਹਕੇ ਰੱਖਦਾ। ਸੁਰਜੀਤ ਕੌਰ ਹੀ ਉਹਦਾ ਪਟਕਾ ਬੰਨ੍ਹਦੀ। ਸੱਤਵੀਂ ਜਮਾਤ ਤੱਕ ਵੀ ਖ਼ੁਦ ਪਟਕਾ ਬੰਨ੍ਹਣਾ ਨਹੀਂ ਸੀ ਜਾਣਦਾ। ਉਹਨੂੰ ਆਪ ਕੇਸੀਂ ਨ੍ਹਾਉਣਾ ਨਹੀਂ ਆਉਂਦਾ ਸੀ। ਜੂੜਾ ਨਹੀਂ ਕਰ ਸਕਦਾ ਸੀ।

ਉਹਨਾਂ ਨੂੰ ਆਂਢੀ-ਗੁਆਂਢੀ ਆਖਦੇ-"ਹੁਣ ਤਾਂ ਤੁਸੀਂ ਹੀ ਇਹਦੇ ਮਾਂ-ਪਿਓ ਓਂ, ਇਹਨੂੰ ਪਾਲ਼ਦੇ ਓਂ, ਇਹ ਤੁਹਾਨੂੰ ਪਾਪਾ-ਮੰਮੀ ਕਿਉਂ ਨਹੀਂ ਆਖਦਾ? ਤਾਇਆ-ਤਾਈ ਕਿਉਂ ਬਈ?"

ਉਹ ਜਵਾਬ ਦਿੰਦੇ–"ਪਾਲ਼ੀ ਤਾਂ ਜਾਂਦੇ ਹਾਂ, ਇਹਦਾ ਕੀ ਪਤਾ, ਸਾਡੇ ਕੋਲ ਰਹੇਗਾ ਜਾਂ ਨਹੀਂ।"

"ਹੋਰ ਇਸਨੇ ਕਿਧਰ ਜਾਣਾ ਹੈ? ਹੁਣ ਤਾਂ ਤੁਸੀਂ ਹੀ ਇਹਦੇ ਸਭ ਕੁੱਛ ਹੋ।"

"ਦੇਖੋ... ਨੰਦ ਸਿੰਘ ਦੀਆਂ ਅੱਖਾਂ ਵਿੱਚ ਉਦਾਸੀਨਤਾ ਉੱਤਰ ਆਉਂਦੀ।

ਕਦੇ ਰਾਜਵੰਤ ਕੌਰ ਖਿਝੀ-ਖਿਝੀ ਆਉਂਦੀ ਤੇ ਸੁਰਜੀਤ ਕੌਰ ਨਾਲ ਮਿੰਨ੍ਹਾ-ਮਿੰਨ੍ਹਾ ਝਗੜਾ ਕਰਨ ਲਗਦੀ। ਆਖਦੀ-"ਤੁਸੀਂ ਤਾਂ ਵਿਗਾੜ ਦਿੱਤਾ ਤਾਰੀ ਨੂੰ। ਆਪਣੇ ਘਰ ਦਾ ਉਹਨੂੰ ਕੁੱਛ ਵੀ ਚੰਗੀ ਨਹੀਂ ਲੱਗਦਾ। ਵੱਡਾ ਹੋ ਕੇ ਉਹ ਪਾਸੇ ਦਾ, ਨਾ ਇਸ ਪਾਸੇ ਦਾ।"

"ਕਿਉਂ ਤੂੰ ਉਹਦਾ ਬੁਰਾ ਚਿਤਵਦੀ ਐਂ। ਉਹ ਪੜ੍ਹੀ ਤਾਂ ਜਾਂਦਾ ਹੈ। ਦਸਵੀਂ ਕਰ ਕੇ ਕੋਈ ਨੌਕਰੀ ਕਰਨ ਲੱਗੇਗਾ। ਕਮਾਏਗਾ ਤੇ ਖਾਏਗਾ। ਉਹਦਾ ਵਿਆਹ ਵੀ ਫੇਰ ਹੋ ਜਾਣੈ। ਵਿਗੜ ਉਹਦਾ ਕਿਹੜਾ ਪਾਸਾ ਰਿਹਾ ਹੈ, ਰੱਜੀ?" ਸੁਰਜੀਤ ਕੌਰ ਮੁੰਡੇ ਦਾ ਭਵਿੱਖ ਉਲੀਕ ਦਿੰਦੀ।

ਨਿੱਕੀਆਂ-ਨਿੱਕੀਆਂ ਗੱਲਾਂ ਦੇ ਹੋਰ ਸਵਾਲ-ਜਵਾਬ ਕਰਦੀਆਂ ਉਹ ਚੁੱਪ ਹੋ ਜਾਂਦੀਆਂ। ਸੁਰਜੀਤ ਕੌਰ ਉਹਨੂੰ ਬੈਠਣ ਲਈ ਮੂੜ੍ਹਾ ਦਿੰਦੀ। ਪਰ ਉਹ ਖੜ੍ਹੀ-ਖੜੋਤੀ ਮੁੜ ਜਾਂਦੀ। ਸੁਰਜੀਤ ਕੌਰ ਸੋਚਣ ਲੱਗਦੀ ਤਾਂ ਉਹਨੂੰ ਕਿਸੇ ਗੱਲ ਦਾ ਕੋਈ ਸਿਰਾ ਨਾ ਲੱਭਦਾ ਕਿ ਆਖ਼ਰ ਹਰਅਵਤਾਰ ਦੀ ਮਾਂ ਚਾਹੁੰਦੀ ਕੀ ਹੈ। ਕੀ ਉਹ ਉਹਨੂੰ ਆਪਣੇ ਘਰ ਵਾਪਸ ਲੈ ਜਾਣਾ ਚਾਹੁੰਦੀ ਹੈ ਜਾਂ ਕੋਈ ਹੋਰ ਗੱਲ ਹੈ? ਕੀ ਹੋ ਸਕਦੀ ਹੈ ਭਲਾ?

ਤੇ ਫਿਰ ਇੱਕ ਦਿਨ ਸ਼ਾਮ ਨੂੰ ਕਾਫ਼ੀ ਹਨੇਰਾ ਉੱਤਰ ਆਉਣ ਸਮੇਂ ਜਰਨੈਲ ਸਿੰਘ ਉਹਨਾਂ ਦੇ ਘਰ ਆਇਆ। ਸੁਰਜੀਤ ਕੌਰ ਨੇ ਕੁਰਸੀ ਦਿੱਤੀ ਤੇ ਉਹ ਬੈਠ ਗਿਆ। ਨੰਦ ਸਿੰਘ ਵੀ ਘਰ ਹੀ ਸੀ। ਹਰਅਵਤਾਰ ਘਰ ਨਹੀਂ ਸੀ। ਸੁਰਜੀਤ ਕੌਰ ਨੇ ਉਹਨੂੰ ਚਾਹ ਦਾ ਗਿਲਾਸ ਬਣਾ ਦਿੱਤਾ। ਨੰਦ ਸਿੰਘ ਵੀ ਚਾਹ ਪੀ ਰਿਹਾ ਸੀ। ਐਵੇਂ ਏਧਰ ਓਧਰ ਦੀਆਂ ਫਜ਼ੂਲ ਜਿਹੀਆਂ ਗੱਲਾਂ ਹੋ ਰਹੀਆਂ ਸਨ। ਉਹ ਕਦੇ-ਕਦੇ ਹੀ ਉਹਨਾਂ ਦੇ ਘਰ ਆਉਂਦਾ ਹੁੰਦਾ। ਨੰਦ ਸਿੰਘ ਅੰਦਾਜ਼ਾ ਲਾ ਰਿਹਾ ਸੀ ਕਿ ਉਹ ਕਿਉਂ ਆਇਆ ਹੈ। ਇੱਕ ਅੰਦਾਜ਼ਾ ਉਹਨੂੰ ਪੱਕਾ ਲੱਗਦਾ ਸੀ ਕਿ ਉਹ ਪੈਸੇ ਲੈਣ ਆਇਆ ਹੈ। ਗੇੜ-ਫੇੜ ਪਾ ਕੇ ਪੈਸਿਆਂ ਦੀ ਗੱਲ ਹੀ ਕਰੇਗਾ। ਪਰ ਉਹ ਸੋਚਦਾ, ਪਹਿਲਾਂ ਵੀ ਤਾਂ ਉਹਦੇ ਵੱਲ ਸੱਤ ਹਜ਼ਾਰ ਰਹਿੰਦਾ ਹੈ। ਹੁਣ ਹੋਰ ਕਿਉਂ ਮੰਗੇਗਾ? ਪਰ ਕੀ ਪਤਾ ਹੈ, ਕਹਿ ਦੇਵੇ-'ਤਿੰਨ ਹਜ਼ਾਰ ਹੋਰ ਦੇ ਦੇਓ, ਇਕੱਠਾ ਦਸ ਹਜ਼ਾਰ ਮੋੜ ਦਿਆਂਗਾ।"

ਜਰਨੈਲ ਸਿੰਘ ਕਬੀਲਦਾਰੀ ਵਿੱਚ ਟੁੱਟਿਆ ਰਹਿੰਦਾ। ਉਹਨੂੰ ਜੂਆ ਖੇਡਣ ਦੀ ਆਦਤ ਸੀ। ਕਦੇ-ਕਦੇ ਸ਼ਰਾਬ ਵੀ ਪੀਂਦਾ। ਸ਼ਰਾਬ ਪੀ ਕੇ ਘਰ ਆਉਂਦਾ ਤੇ ਕੋਈ ਬਹਾਨਾ ਬਣਾ ਕੇ ਰੱਜੀ ਨਾਲ ਝਗੜਾ ਕਰਦਾ। ਉਹ ਉਹਦੀ ਸ਼ਰਾਬ 'ਤੇ ਖਿਝਦੀ। ਪਰ ਉਹ ਉਹਦੇ ਸਾਹਮਣੇ ਹੀ ਪੈਂਟ ਦੇ ਡੱਬ ਵਿਚੋਂ ਅਧੀਆ ਕੱਢ ਕੇ ਬੈਠ ਜਾਂਦਾ ਤੇ ਪੀਣ ਲੱਗਦਾ। ਰੁੱਸ ਜਾਂਦਾ ਤੇ ਉਸ ਰਾਤ ਰੋਟੀ ਨਹੀਂ ਖਾਂਦਾ ਸੀ। ਅਜਿਹਾ ਤਮਾਸ਼ਾ ਉਹ ਉਸ ਦਿਨ ਕਰਦਾ, ਜਦੋਂ ਹਾਰ ਕੇ ਆਇਆ ਹੁੰਦਾ। ਕੱਪੜੇ ਵਿੱਚ ਉਹਨੂੰ ਚੰਗੀ ਕਮਾਈ ਸੀ। ਫੇਰ ਤਾਂ ਉਹਦਾ ਵੱਡਾ ਮੁੰਡਾ ਵੀ ਉਹਦੀ ਮੱਦਦ ਕਰਨ ਲੱਗ ਪਿਆ। ਪਰ ਕਾਰੋਬਾਰ

ਵਿੱਚ ਉਹਦਾ ਹੱਥ ਤੰਗ ਰਹਿੰਦਾ। ਮਕਾਨ ਵੀ ਇੱਕ ਵਾਰ ਬਣਾ ਲਿਆ ਸੋ ਬਣਾ ਲਿਆ, ਮੁੜ ਕੇ ਇੱਟ ਨਹੀਂ ਲਾਈ। ਬਹੁਤੀ ਗੱਲ ਕੀ, ਉਹਦਾ ਘਰ ਮਸਾਂ ਤੁਰਦਾ ਸੀ। ਉਹਦੇ ਜੂਏ ਦਾ ਕਿਸੇ ਨੂੰ ਇਲਮ ਨਹੀਂ ਸੀ। ਪਰ ਇੱਕ ਗੱਲੋਂ ਉਹ ਪੱਕਾ ਸੀ। ਜੂਏ ਵਿੱਚ ਕਮਾਈ ਰੋੜ੍ਹ ਉਹ ਆਪਣਾ ਕੰਮ ਛੱਡ ਕੇ ਨਾ ਬੈਠਦਾ। ਬੱਸ ਇੱਕ ਦਿਨ ਬੁਰਾ ਜਿਹਾ ਮੂੰਹ ਬਣਾ ਕੇ ਰੱਖਦਾ, ਅਗਲੇ ਦਿਨ ਫੇਰ ਟਹਿ-ਟਹਿ ਕਰਦਾ ਚਿਹਰਾ ਲੈ ਕੇ ਦੁਕਾਨ 'ਤੇ ਜਾ ਬੈਠਦਾ।

ਅਖ਼ੀਰ ਹੌਲੀ-ਹੌਲੀ ਸ਼ਰਮਾਉਂਦਾ ਜਿਹਾ ਜਰਨੈਲ ਕਹਿਣ ਲੱਗਿਆ-"ਤਾਰੀ ਨੂੰ ਹੁਣ ਅਸੀਂ ਆਪਣੇ ਘਰ ਹੀ ਰੱਖਾਂਗੇ। ਐਥੇ ਉਹਦਾ ਠੀਕ ਨਹੀਂ।"

"ਕਿਉਂ, ਕੀ ਗੱਲ ਬਈ?" ਨੰਦ ਸਿੰਘ ਉਹਦੀ ਗੱਲ ਸੁਣ ਕੇ ਬਹੁਤ ਹੈਰਾਨ ਸੀ। ਉਹਦੇ ਮੱਥੇ ਉੱਤੇ ਸਿੱਲ੍ਹ ਦੀ ਇੱਕ ਪਤਲੀ ਲਕੀਰ ਫਿਰ ਗਈ। ਤੇ ਜਿਵੇਂ ਉਹਨੂੰ ਜਰਨੈਲ ਦੀ ਗੱਲ ਸਮਝ ਵਿੱਚ ਨਾ ਆਈ ਹੋਵੇ।

ਚਾਹ ਉਹ ਪੀ ਚੁੱਕੇ ਸਨ। ਦੋਵੇਂ ਭਰਾ ਕੁਝ ਚਿਰ ਚੁੱਪ ਬੈਠੇ ਰਹੇ। ਸੁਰਜੀਤ ਕੌਰ ਨੇ ਵੀ ਜਰਨੈਲ ਦੀ ਗੱਲ ਸੁਣ ਲਈ। ਉਹ ਬਿੰਦੇ-ਬਿੰਦੇ ਉਹਦੇ ਮੂੰਹ ਵੱਲ ਝਾਕਣ ਲੱਗਦੀ, ਜਿਵੇਂ ਕੁਝ ਕਹਿਣਾ ਚਾਹੁੰਦੀ ਹੋਵੇ। ਤੇ ਜਿਵੇਂ ਕੁਝ ਵੀ ਨਾ ਕਹਿ ਸਕਦੀ ਹੋਵੇ। ਅਖ਼ੀਰ ਨੰਦ ਸਿੰਘ ਨੇ ਬੁੱਲ੍ਹ ਹਿਲਾਏ-"ਉਹਨੂੰ ਪੁੱਛ ਲੈ। ਜਾਂਦੈ ਤਾਂ ਲੈ ਜਾ। ਸਾਡਾ ਉਹਦੇ 'ਤੇ ਕੀ ਜ਼ੋਰ ਐ?" ਤੇ ਫੇਰ ਜਿਵੇਂ ਨੰਦ ਸਿੰਘ ਦੀ ਆਵਾਜ਼ ਭਿੱਜ ਗਈ ਹੋਵੇ-"ਤੇਰਾ ਮੁੰਡਾ ਐ ਭਾਈ, ਅਸੀਂ ਉਹਦੇ ਕੀ ਲੱਗਦੇ ਹਾਂ।"

ਜਰਨੈਲ ਸਿੰਘ ਨਹੀਂ ਬੋਲਿਆ। ਆਪਣੀ ਸੱਜੀ ਲੱਤ ਦੇ ਗੋਡੇ ਨੂੰ ਪਲੋਸਦਾ ਤੇ ਫੇਰ ਇੱਕ ਹਲਕਾ ਜਿਹਾ ਧੱਫ਼ਾ ਮਾਰਦਾ ਉਹ ਕੁਝ ਕਹਿਣ ਲਈ ਤਿਆਰ ਹੋਣ ਲੱਗਦਾ ਪਰ ਮੂੰਹੋਂ ਬੋਲ ਨਾ ਸਕਦਾ। ਨੰਦ ਸਿੰਘ ਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਜਰਨੈਲ ਕੀ ਕਹਿਣਾ ਚਾਹੁੰਦਾ ਹੈ। ਉੱਠਣ ਲੱਗਿਆ, ਉਹ ਬੋਲਿਆ-"ਉਹ ਆਪਣੇ ਘਰ ਹੀ ਠੀਕ ਐ। ਪੜ੍ਹਦੈ, ਓਥੋਂ ਸਕੂਲ ਚਲਿਆ ਜਾਇਆ ਕਰੇਗਾ।"

ਸੁਰਜੀਤ ਕੌਰ ਤੇ ਹਰਅਵਤਾਰ ਅੰਦਰਲੇ ਕਮਰੇ ਵਿੱਚ ਪੈਂਦੇ ਹੁੰਦੇ। ਨੰਦ ਸਿੰਘ ਦਾ ਪੱਕਾ ਠਿਕਾਣਾ ਖੱਬੇ ਹੱਥ ਵਾਲੀ ਬੈਠਕ ਵਿੱਚ ਸੀ। ਉਸ ਰਾਤ ਹਰਅਵਤਾਰ ਨੇ ਨਿੱਤ ਵਾਂਗ ਰੋਟੀ ਖਾਧੀ ਤੇ ਆਪਣੇ ਕਮਰੇ ਵਿੱਚ ਜਾ ਕੇ ਪੜ੍ਹਨ ਲੱਗਿਆ। ਪੜ੍ਹਦਾ-ਪੜ੍ਹਦਾ ਸੌਂ ਗਿਆ। ਸੁਰਜੀਤ ਕੌਰ ਉਹਨੂੰ ਸੁੱਤੇ ਪਏ ਨੂੰ ਦੁੱਧ ਪਿਆ ਗਈ। ਅੱਜ ਉਸ ਨੂੰ ਇਸ ਤਰ੍ਹਾਂ ਦੁੱਧ ਪਿਆ ਰਹੀ ਉਹ ਸੋਚ ਰਹੀ ਸੀ ਜਿਵੇਂ ਉਹ ਉਹਨਾਂ ਦਾ ਆਪਣਾ ਨਾ ਰਹਿ ਗਿਆ ਹੋਵੇ। ਉਹਨੂੰ ਉਹਦੇ ਉੱਤੇ ਤਰਸ ਵੀ ਆ ਰਿਹਾ ਸੀ। ਉਹਨੂੰ ਤਾਂ ਹੁਣ ਉਹਨਾਂ ਤੋਂ ਖੋਹ ਲਿਆ ਜਾਵੇਗਾ। ਬੈਠਕ ਵਿੱਚ ਅੱਧੀ ਰਾਤ ਤੱਕ ਪਤੀ-ਪਤਨੀ ਝੇੜਾ ਕਰਦੇ ਰਹੇ। ਕਦੇ ਉਹ ਕੋਈ ਲੱਖਣ ਲਾਉਂਦੇ ਤੇ ਕਦੇ ਕੋਈ। ਉਹਨਾਂ ਦੀ ਸਮਝ ਵਿੱਚ ਗੱਲ ਆਉਂਦੀ ਤੇ ਆਉਂਦੀ ਵੀ ਨਾ। ਉਹ ਇਸ ਗੱਲ ਉੱਤੇ ਵੀ ਹੈਰਾਨ ਹੁੰਦੇ ਕਿ ਜਰਨੈਲ ਨੇ ਮੁੰਡੇ ਨੂੰ ਲੈ ਜਾਣ ਦਾ ਕਾਰਨ ਕੋਈ ਕਿਉਂ ਨਹੀਂ ਦੱਸਿਆ। ਕੀ ਪਤਾ, ਉਹਨੇ ਕੀ ਸੋਚ ਕੇ ਇਹ ਫ਼ੈਸਲਾ ਕੀਤਾ ਹੋਵੇਗਾ। ਆਪਣੇ ਪੁੱਤਰ ਨੂੰ ਆਪਣੇ ਘਰ ਲੈ ਜਾਣ ਦਾ ਫ਼ੈਸਲਾ।

"ਕਿਤੇ ਇਹ ਗੱਲ ਨਾ ਹੋਵੇ ਬਈ ਆਪਾਂ ਕਚਹਿਰੀ ਜਾ ਕੇ ਤਾਰੀ ਨੂੰ ਆਪਣਾ ਮੁਤਬੰਨਾ ਕਿਉਂ ਨਹੀਂ ਬਣਾਇਆ?" ਸੁਰਜੀਤ ਕੌਰ ਲੇਪਣ ਲਾ ਰਹੀ ਸੀ।

"ਇਹ ਗੱਲ ਆ ਤਾਂ ਉਹ ਕਹਿ ਕੇ ਸੁਣਾ ਦਿੰਦਾ। ਆਪਾਂ ਕਚਹਿਰੀ ਜਾ ਕੇ ਇਹ ਵੀ ਕਰਾ ਦਿੰਦੇ।" ਨੰਦ ਸਿੰਘ ਦੇ ਇਰਾਦੇ ਵਿੱਚ ਕੋਈ ਵਿੰਗ-ਵਲ਼ ਨਹੀਂ ਸੀ।

"ਕਿਤੇ ਦਰਬਾਰੇ ਦੀ ਤੀਵੀਂ ਨੇ ਨਾ ਕੁੱਛ ਆਖ ਦਿੱਤਾ ਹੋਵੇ, ਰੱਜੀ ਨੂੰ?"

"ਕੀ ਆਖ ਦਿੱਤਾ ਹੋਊ?" ਨੰਦ ਸਿੰਘ ਨੇ ਪੁੱਛਿਆ।

"ਬਈ ਤੂੰ ਆਪਣਾ ਮੁੰਡਾ ਰੱਖਿਐ ਇਹਨਾਂ ਦੇ ਘਰ। ਹੁਣ ਤਾਂ ਇਹ ਮੁੰਡਾ ਹੀ ਸੰਭਾਲੇਗਾ ਇਹਨਾਂ ਦਾ ਸਾਰਾ ਘਰ-ਬਾਰ। ਹੱਕ ਤਾਂ ਸਾਡਾ ਵੀ ਹੈ।"

"ਇਹ ਵੀ ਹੋ ਸਕਦੈ। ਪਰ ਹੱਕ ਦਾ ਕੀ ਮਤਲਬ? ਇਹ ਤਾਂ ਸਾਡੀ ਮਰਜ਼ੀ ਐ। ਆਪਾਂ ਕਿਸੇ ਯਤੀਮਖ਼ਾਨਿਓਂ ਵੀ ਲਿਆ ਸਕਦੇ ਹਾਂ ਕਿ ਕੋਈ ਬੱਚਾ।"

"ਤਾਰੀ ਨਾਲੋਂ ਤਾਂ ਯਤੀਮਖ਼ਾਨੇ ਦਾ ਹੀ ਠੀਕ ਸੀ।" ਸੁਰਜੀਤ ਕੌਰ ਅੱਕੀ-ਥੱਕੀ ਆਖ ਰਹੀ ਸੀ।

"ਨਹੀਂ, ਇਹ ਆਪਣਾ ਖ਼ੂਨ ਹੈ।" ਨੰਦ ਸਿੰਘ ਵਿੱਚ ਖ਼ਾਨਦਾਨ ਜਾਗ ਪਿਆ।

"ਆਪਣਾ ਖ਼ੂਨ ਕੋਈ ਸਮਝੇ ਵੀ।"

"ਲੈ ਜਾਣ। ਬੇਸ਼ੱਕ ਦਸ ਵਾਰੀ ਲੈ ਜਾਣ। ਆਪਾਂ ਏਸ ਬੱਚੇ ਨੂੰ ਐਨਾ ਪਿਆਰ ਦਿੱਤੈ, ਇਹ ਹੁਣ ਹੋਰ ਕਿਤੇ ਘਰ ਰਹਿ ਹੀ ਨਹੀਂ ਸਕਦਾ। ਇਹ ਤੇਰੇ ਸਾਹਮਣੇ ਹੈ, ਸੁਰਜੀਤ।"

"ਦੇਖਦੇ ਹਾਂ।"

"ਕੀ ਦੇਖਦੇ ਹਾਂ।"

"ਜੋ ਹੁੰਦੈ।"

"ਹੋਣਾ ਕੀ ਹੈ। ਜਰਨੈਲ ਜ਼ਬਰਦਸਤੀ ਸਾਡੇ ਘਰੋਂ ਮੁੰਡੇ ਨੂੰ ਲੈ ਜਾਂਦੈ ਤਾਂ ਲੈ ਜਾਵੇ। ਅਸੀਂ ਆਪ ਨਹੀਂ ਇਹਨੂੰ ਕੱਢਣ ਲੱਗੇ।" ਨੰਦ ਸਿੰਘ ਨੇ ਦੁਚਿੱਤੀ ਫ਼ੜ ਲਈ। ਤੇ ਫੇਰ ਤੀਵੀਂ-ਪੁਰਸ਼ ਹਰਅਵਤਾਰ ਸੰਬੰਧੀ ਹੋਰ ਗੱਲਾਂ ਕਰਦੇ ਸੌਣ ਦੀ ਤਿਆਰੀ ਕਰਨ ਲੱਗੇ। ਸੁਰਜੀਤ ਕੌਰ ਆਪਣੇ ਕਮਰੇ ਵਿੱਚ ਚਲੀ ਗਈ। ਉਹਨੇ ਦੇਖਿਆ ਕਮਰੇ ਦੀ ਟਿਊਬ ਜਲ ਰਹੀ ਹੈ। ਹਰਅਵਤਾਰ ਹਿੱਕ ਉੱਤੇ ਕਿਤਾਬ ਮੂਧੀ ਛੱਡ ਕੇ ਘੂਕ ਸੁੱਤਾ ਪਿਆ ਹੈ। ਲੱਕ ਤੱਕ ਰਜਾਈ ਹੈ। ਉਹਨੇ ਕਿਤਾਬ ਚੁੱਕ ਕੇ ਮੇਜ਼ ਉੱਤੇ ਧਰ ਦਿੱਤੀ ਤੇ ਟਿਊਬ ਬੰਦ ਕਰਕੇ ਆਪਣੇ ਬਿਸਤਰੇ ਵਿੱਚ ਜਾ ਵੜੀ। ਪੈ ਕੇ ਉਹਦੀਆਂ ਅੱਖਾਂ ਖੁੱਲ੍ਹੀਆਂ ਸਨ। ਜਿਵੇਂ ਅੱਖਾਂ ਅੱਗੇ ਕੋਈ ਦ੍ਰਿਸ਼ ਜਿਹੇ ਉੱਭਰ ਰਹੇ ਹੋਣ। ਡਰਾਉਣੇ ਤੇ ਲਭਾਉਣੇ ਦ੍ਰਿਸ਼।

ਅਗਲੇ ਦਿਨ ਸੁਰਜੀਤ ਕੌਰ ਦਰਬਾਰਾ ਸਿੰਘ ਦੇ ਘਰ ਗਈ। ਪੁੱਛਿਆ-"ਤੁਸੀਂ ਆਖਿਐ ਕੁੱਛ ਜਰਨੈਲ ਨੂੰ?"

"ਕੀ ਆਖਣਾ ਸੀ ਅਸੀਂ?" ਦਰਬਾਰਾ ਸਿੰਘ ਦੀ ਘਰਵਾਲੀ ਮੱਥਾ ਛੋਟਾ ਕਰਕੇ ਹੈਰਾਨ ਹੋਈ।

"ਉਹ ਕਹਿੰਦੇ ਨੇ, ਤਾਰੀ ਨੂੰ ਅਸੀਂ ਤੁਹਾਡੇ ਘਰ ਨਹੀਂ ਰਹਿਣ ਦੇਣਾ।" ਸੁਰਜੀਤ ਕੌਰ ਨੇ ਜਿਵੇਂ ਰੋ ਕੇ ਕਿਹਾ ਹੋਵੇ।

"ਸਾਡਾ ਇਹਦੇ ਨਾਲ ਕੀ ਮਤਲਬ, ਭੈਣ? ਉਹਨਾਂ ਦਾ ਪੁੱਤਰ, ਤੁਸੀਂ ਪਾਲਣ ਵਾਲੇ।" ਦਰਬਾਰਾ ਸਿੰਘ ਦੀ ਘਰਵਾਲੀ ਅੱਗੇ ਸਾਰਾ ਚਾਨਣ ਸੀ।

ਦਰਬਾਰਾ ਸਿੰਘ ਵੀ ਘਰ ਸੀ। ਸੁਰਜੀਤ ਕੌਰ ਦੀ ਗੱਲ ਸੁਣ ਕੇ ਉਹ ਸਗੋਂ ਖੁਦ ਸੋਚਣ ਲੱਗ ਪਿਆ–ਇਹ ਕੀ ਹੋ ਗਿਆ ਬਈ ਜਰਨੈਲ ਦੇ ਦਿਮਾਗ਼ ਨੂੰ? ਸੋਹਣਾ ਖਾਂਦਾ–ਪੀਦੈ, ਪੜ੍ਹੀਂ ਜਾਂਦੈ, ਪਲੀ ਜਾਂਦੈ। ਫੇਰ ਉਹਨੇ ਦਿਮਾਗ਼ ਲੜਾਇਆ–ਵਿਚੋਂ ਕੋਈ ਹੋਰ ਗੱਲ ਹੋਣੀ ਐ? ਜਰਨੈਲ ਦੇ ਪੁੱਠੇ ਦਿਮਾਗ਼ ਦਾ ਕੀ ਪਤੈ? ਰੱਜੀ ਉਹਦਾ ਵੀ ਉਤਲਾ ਪੱਟ ਐ। ਤੀਵੀਂ–ਆਦਮੀ ਜ਼ਰੂਰ ਕਿਸੇ ਦਿਮਾਗ਼ੀ–ਘੁੰਡੀ ਦਾ ਸ਼ਿਕਾਰ ਨੇ। ਉਹ ਬੋਲਿਆ–"ਭਾਬੀ, ਤੁਹਾਡੀਆਂ ਤੁਸੀਂ ਜਾਣੋ ਜਾਂ ਉਹ ਜਾਣਨ, ਤੁਹਾਡੇ ਖਰੇ–ਪਿਆਰੇ ਦਿਉਰ–ਦਰਾਣੀ। ਸਾਡਾ ਏਸ ਮਾਮਲੇ ਨਾਲ ਕੋਈ ਸਰੋਕਾਰ ਨਹੀਂ।" ਫੇਰ ਹੱਸਿਆ–"ਲੈ ਲਿਆ ਪਤਾ ਹੁਣ? ਦੁਕਾਨ ਵੰਡਣ ਵੇਲੇ ਭਾਈ ਸਾਹਬ ਨੇ ਜਰਨੈਲ ਦਾ ਪੱਖ ਕੀਤਾ ਸੀ। ਮੈਨੂੰ ਤਾਂ ਔਹ ਮਾਰਿਆ, ਨੱਕ ਵਾਂਗ ਪੂੰਝ ਕੇ।" ਫੇਰ ਉਹਨੇ ਹੱਡ ਉੱਤੇ ਲੂਣ ਭੁੱਕਿਆ–"ਭਾਬੀ, ਸੁਆਦ ਆ ਗਿਆ।"

"ਹਾਹੋ, ਦੇਖੋ ਤਮਾਸ਼ਾ। ਸਾਡੇ ਕੁੱਛ ਹੈ ਨਹੀਂ, ਤਦੇ ਕਰਦੇ ਓ ਮਸ਼ਕਰੀਆਂ ਤੁਸੀਂ ਸਾਡੇ ਨਾਲ।" ਸੁਰਜੀਤ ਕੌਰ ਨੇ ਅੱਖਾਂ ਭਰ ਲਈਆਂ।

ਦਰਬਾਰਾ ਸਿੰਘ ਦੀ ਘਰਵਾਲੀ ਅਨੂਪ ਕੌਰ ਨੇ ਉਹਨੂੰ ਬੈਠਣ ਲਈ ਆਖਿਆ। ਪਰ ਉਹ ਬੈਠੀ ਨਹੀਂ। ਉਹਨੀ ਪੈਰੀਂ ਘਰ ਨੂੰ ਮੁੜਨ ਲੱਗੀ। ਦਰਬਾਰਾ ਸਿੰਘ ਉਹਦੇ ਅੱਗੇ ਜਾ ਖੜ੍ਹਾ ਤੇ ਕਹਿਣ ਲੱਗਿਆ–"ਭਾਬੀ, ਮੇਰੀ ਤਾਂ ਬੋਲ–ਚਾਲ ਹੀ ਨਹੀਂ ਜਰਨੈਲ ਨਾਲ। ਸਾਡਾ ਹੋਰ ਕੋਈ ਵੀ ਉਹਨਾਂ ਦੇ ਆਉਂਦਾ–ਜਾਂਦਾ ਨਹੀਂ। ਉਹਨਾਂ ਦੇ ਘਰ ਨਾਲੋਂ ਸਾਡੇ ਘਰ ਦੀ ਵਿੱਥ ਵੀ ਦੇਖ। ਨਾ ਉਹਨਾਂ ਦਾ ਕੋਈ ਏਧਰ ਆਵੇ ਨਾ ਸਾਡਾ ਕੋਈ ਓਧਰ ਜਾਵੇ। ਅਨੂਪ ਦਾ ਉੱਕਾ ਹੀ ਸੁਭਾਅ ਨਹੀਂ, ਬਈ ਰੱਜੀ ਕੋਲ ਜਾਂਦੀ ਫਿਰੇ। ਘਰ ਦੇ ਕੰਮਾਂ 'ਚ ਕਿੱਥੋਂ ਜਾਇਆ ਜਾਂਦੈ। ਤੁਸੀਂ ਭਰਜਾਈ, ਆਪਣਾ ਝਗੜਾ ਆਪੇ ਨਿਬੇੜੋ। ਅਸੀਂ ਤੁਹਾਡੇ ਕੋਲੋਂ ਕੁੱਛ ਨਹੀਂ ਲੈਣਾ ਤੇ ਨਾ ਜਰਨੈਲ ਤੋਂ ਲੈਣੇ ਕੁੱਛ।"

ਸੁਰਜੀਤ ਕੌਰ ਹੌਲੀ ਹੋ ਕੇ ਘਰ ਆ ਗਈ। ਹਰਅਵਤਾਰ ਸਕੂਲ ਜਾਣ ਦੇ ਆਹਰ ਵਿੱਚ ਸੀ। ਉਹਨੇ ਆਪਣਾ ਬੈਗ ਤਿਆਰ ਕੀਤਾ ਤੇ ਟਿਫਨ ਦੀ ਕਾਹਲ ਮਚਾ ਦਿੱਤੀ। ਸੁਰਜੀਤ ਕੌਰ ਦੇ ਅੰਦਰਲੇ ਯੁੱਧ ਦਾ ਉਹਨੂੰ ਕੋਈ ਪਤਾ ਨਹੀਂ ਸੀ। ਉਹ ਤਾਂ ਪਹਿਲਾਂ ਵਾਂਗ ਹੀ ਟੱਪ–ਨੱਚ ਰਿਹਾ ਸੀ। ਆਟਾ ਗੁੰਨ੍ਹਿਆ ਪਿਆ ਸੀ। ਗੈਸ ਜਲਾ ਕੇ ਉਹ ਜਲਦੀ–ਜਲਦੀ ਪਰੌਂਠੇ ਲਾਹੁਣ ਲੱਗੀ। ਹਰਅਵਤਾਰ ਦਾ ਤਿੱਖਾ ਬੋਲ–"ਟਿਫਨ ਨਹੀਂ ਦੇਣਾ ਤਾਂ ਮੈਂ ਚੱਲਿਆ ਸਕੂਲੇ।"

"ਜਾਂਦਾ ਹੈਂ ਤਾਂ ਜਾਹ ਫੇਰ। ਮੈਂ ਕੋਈ ਮਸ਼ੀਨ ਆਂ? ਟਿਫਨ ਤਿਆਰ ਹੁੰਦਾ ਹੀ ਤਿਆਰ ਹੋਵੇਗਾ।" ਉਹਦੇ ਮੂੰਹ ਰੁੱਖਾ ਜਵਾਬ ਨਿੱਕਲ ਗਿਆ।

ਚਾਬੀ ਮੁੱਕੇ ਖਿਡੌਣੇ ਵਾਂਗ ਹਰਅਵਤਾਰ ਥਾਂ ਦੀ ਥਾਂ ਖੜ੍ਹਾ ਰਹਿ ਗਿਆ।–"ਇਹ ਕੀ? ਤਾਈ ਇਸ ਤਰ੍ਹਾਂ ਤਾਂ ਕਦੇ ਨਹੀਂ ਬੋਲਦੀ ਸੀ। ਪੁੱਚ–ਪੁੱਚ ਕਰਨ ਵਾਲੀ ਤਾਈ।"

ਤਾਈ ਦੀ ਇਸ ਅਚਾਨਕ ਤਬਦੀਲੀ ਤੋਂ ਸਹਿਮ ਕੇ ਮੁੰਡਾ ਡਰ ਗਿਆ। ਚੁੱਪ–ਚਾਪ ਕੁਰਸੀ ਉੱਤੇ ਬੈਠਾ ਉਹ ਬੈਗ ਨੂੰ ਦੁਬਾਰਾ ਖੋਲ੍ਹ ਕੇ ਕਿਤਾਬਾਂ–ਕਾਪੀਆਂ ਦੇਖਣ ਲੱਗ ਪਿਆ।

ਜਰਨੈਲ ਸਿੰਘ ਸਕੂਲ ਜਾਂਦੇ ਹਰਅਵਤਾਰ ਨੂੰ ਦੋ ਵਾਰੀ ਕਹਿ ਚੁੱਕਿਆ ਸੀ ਕਿ ਉਹ ਤਾਏ–ਘਰ ਰਹਿਣਾ ਛੱਡ ਦੇਵੇ। ਆਪਣੇ ਘਰ ਆ ਜਾਏ। ਆਖਿਆ ਸੀ–"ਉਹ

ਤੇਰੇ ਕੀ ਲੱਗਦੇ ਨੇ, ਅਸਲ ਮਾਂ-ਬਾਪ ਤੇਰੇ ਅਸੀਂ ਹਾਂ। ਆਪਣੇ ਘਰ ਹੀ ਠੀਕ ਹੁੰਦਾ ਹੈ।"

ਪਰ ਮੁੰਡਾ ਹੱਸ ਛੱਡਦਾ। ਉਹਨੂੰ ਜਰਨੈਲ ਸਿੰਘ ਦੀ ਗੱਲ ਸਮਝ ਵਿੱਚ ਨਹੀਂ ਆਉਂਦੀ ਸੀ। ਉਹ ਉਹਦੇ ਅਸਲੀ ਮਾਂ-ਬਾਪ ਤਾਂ ਉਹਨੂੰ ਲੱਗਦੇ ਹੀ ਨਹੀਂ ਸਨ। ਜਿਵੇਂ ਜਰਨੈਲ ਸਿੰਘ ਝੂਠ ਬੋਲ ਰਿਹਾ ਹੋਵੇ। ਮੁੰਡਾ ਸੋਚਦਾ-ਉਹ ਇਸ ਤਰ੍ਹਾਂ ਜ਼ਬਰਦਸਤੀ ਉਹਦਾ ਬਾਪ ਕਿਵੇਂ ਬਣ ਸਕਦਾ ਹੈ? ਕਦੇ-ਕਦੇ ਉਹ ਉਹਨਾਂ ਦੇ ਘਰ ਜਾਂਦਾ ਤਾਂ ਦੋਵੇਂ ਵੱਡੇ ਭਾਈਆਂ ਤੇ ਛੋਟੀ ਭੈਣ ਨਾਲ ਉਹਨੂੰ ਭੈਣ-ਭਰਾਵਾਂ ਜਿਹਾ ਕੋਈ ਅਹਿਸਾਸ ਜਾਗਦਾ ਹੀ ਨਹੀਂ ਸੀ। ਉਹਨੂੰ ਲੱਗਦਾ, ਜਿਵੇਂ ਉਹਨਾਂ ਨਾਲ ਉਹਦੀ ਕੋਈ ਦੂਰ ਦੀ ਰਿਸ਼ਤੇਦਾਰੀ ਹੋਵੇ।

ਇੱਕ ਦਿਨ ਫੇਰ ਰਾਜਵੰਤ ਕੌਰ ਮੁੰਡੇ ਦੇ ਸਕੂਲ ਗਈ। ਜਮਾਤ ਦੇ ਇੰਚਾਰਜ-ਮਾਸਟਰ ਸਾਹਮਣੇ ਉਹਨੂੰ ਬੁਲਾ ਕੇ ਤਾੜਿਆ-"ਖ਼ਬਰਦਾਰ, ਜੇ ਅੱਜ ਉਹਨਾਂ ਦੇ ਘਰ ਗਿਆ ਤੂੰ। ਧੋਬੀ ਦਾ ਕੁੱਤਾ-ਘਰ ਦਾ ਨਾ ਘਾਟ ਦਾ। ਕਿਸੇ ਪਾਸੇ ਦਾ ਵੀ ਨਹੀਂ ਰਹਿਣਾ ਨਿਕੰਮਿਆ।"

ਉਹ ਪੈਰ ਦੇ ਅੰਗੂਠੇ ਨਾਲ ਬੱਸ ਧਰਤੀ ਉੱਤੇ ਅਰਧ-ਗੋਲ ਲਕੀਰਾਂ ਕੱਢਦਾ ਰਿਹਾ ਸੀ। ਬੋਲਿਆ ਇੱਕ ਸ਼ਬਦ ਵੀ ਨਹੀਂ। ਕਦੇ-ਕਦੇ ਮੁਸਕਰਾਉਂਦਾ ਤੇ ਮਾਂ ਵੱਲ ਓਪਰੀ-ਓਪਰੀ ਨਿਗਾਹ ਨਾਲ ਝਾਕਣ ਲੱਗਦਾ। ਉਹਨੂੰ ਲੱਗਦਾ, ਉਹ ਕਿਤੋਂ ਬਹੁਤ ਦੂਰੋਂ ਬੇਪਛਾਣ ਤੇ ਬੇਅਰਥ ਸ਼ਬਦ ਬੋਲ ਰਹੀ ਹੈ। ਤੇ ਫੇਰ ਉਹਦੀ ਮਾਂ ਦੇ ਜਾਣ ਪਿੱਛੋਂ ਉਹਦੇ ਮਾਸਟਰ ਨੇ ਉਸ ਤੋਂ ਸਾਰੀ ਗੱਲ ਪੁੱਛੀ। ਮਾਸਟਰ ਨੂੰ ਮੁੰਡੇ ਨਾਲ ਹਮਦਰਦੀ ਹੋ ਗਈ। ਉਹਦੇ ਤਾਏ-ਤਾਈ ਨਾਲ ਉਸ ਨਾਲੋਂ ਵੀ ਵੱਧ ਲਗਾਓ। ਤੇ ਫੇਰ ਮਾਸਟਰ ਨੇ ਉਹਨੂੰ ਪੱਕਾ ਕੀਤਾ ਕਿ ਉਹ ਆਪਣੇ ਤਾਏ ਦੇ ਘਰ ਹੀ ਡਟਿਆ ਰਹੇ।

ਇੱਕ ਸ਼ਾਮ ਕਹਿਰ ਹੋ ਗਿਆ। ਬਹੁਤਾ ਹਨੇਰਾ ਨਹੀਂ ਉੱਤਰਿਆ ਸੀ, ਮੂੰਹ ਨੂੰ ਮੂੰਹ ਦਿਸਦਾ ਸੀ। ਜਰਨੈਲ ਸਿੰਘ ਉਹਨਾਂ ਦੇ ਘਰ ਆਇਆ। ਨੰਦ ਸਿੰਘ ਨਹੀਂ ਸੀ। ਸੁਰਜੀਤ ਕੌਰ ਰਸੋਈ ਵਿੱਚ ਰੋਟੀ ਪਕਾ ਰਹੀ ਸੀ। ਹਰਅਵਤਾਰ ਟੈਲੀਵਿਜ਼ਨ ਅੱਗੇ ਬੈਠਾ ਕੋਈ ਪ੍ਰੋਗਰਾਮ ਦੇਖ ਰਿਹਾ ਸੀ। ਜਰਨੈਲ ਸੁਰਜੀਤ ਕੌਰ ਵੱਲ ਸਿਰਫ਼ ਝਾਕਿਆ ਹੀ, ਉਹ ਸਿੱਧਾ ਮੁੰਡੇ ਕੋਲ ਗਿਆ ਤੇ ਉਹਨੂੰ ਬਾਹੋਂ ਫ਼ੜ ਕੇ ਖੜ੍ਹਾ ਕਰ ਲਿਆ। ਆਖਿਆ-'ਚੱਲ ਤੁਰ।"

ਮੁੰਡਾ ਉਹਤੋਂ ਬਾਂਹ ਛੁਡਾ ਰਿਹਾ ਸੀ। ਉਹਨੇ ਮੁੰਡੇ ਦੇ ਮੂੰਹ ਉੱਤੇ ਥੱਪੜ ਜੜ੍ਹ ਦਿੱਤਾ ਤੇ ਉਹਦੇ ਸਿਰ ਦੇ ਵਾਲ਼ਾਂ ਵਿੱਚ ਹੱਥ ਦੀ ਕੰਘੀ ਪਾ ਕੇ ਉਹਨੂੰ ਇਸ ਤਰ੍ਹਾਂ ਖਿੱਚ ਕੇ ਬਾਹਰ ਲੈ ਗਿਆ-ਜਿਵੇਂ ਪੁਲਿਸ ਵਾਲੇ ਕਿਸੇ ਮੁਜ਼ਰਿਮ ਨੂੰ ਅਚਾਨਕ ਆ ਕੇ ਦਬੋਚ ਲੈਂਦੇ ਹੋਣ।

ਤਵੇ ਉੱਤੇ ਪਈ ਰੋਟੀ ਉਵੇਂ ਛੱਡ ਕੇ ਸੁਰਜੀਤ ਕੌਰ ਮਗਰ ਭੱਜੀ। ਉਹਨੇ ਬਹੁਤ ਕਿਹਾ-"ਦੇਖ ਜਰਨੈਲ, ਮੁੰਡਾ ਤੇਰਾ ਐ, ਬੇਸ਼ੱਕ ਲੈ ਜਾ। ਜਦੋਂ ਮਰਜ਼ੀ ਲੈ ਜਾਈਂ, ਪਰ ਇਹਦਾ ਤਾਇਆ ਘਰ ਨਹੀਂ। ਉਹਦੇ ਨਾਲ ਗੱਲ ਕਰਕੇ ਲੈ ਜਾਈਂ।"

ਜਰਨੈਲ ਨੇ ਇੱਕ ਨਹੀਂ ਸੁਣੀ। ਸਗੋਂ ਸੁਰਜੀਤ ਕੌਰ ਨੂੰ ਧੱਕਾ ਦੇ ਕੇ ਪਰ੍ਹਾ ਕਰ ਦਿੱਤਾ। ਮੁੰਡੇ ਨੂੰ ਉਹ ਬੱਕਰੀ ਵਾਂਗ ਧੂਹ ਕੇ ਆਪਣੇ ਘਰ ਨੂੰ ਲੈ ਗਿਆ।

ਅਗਲੇ ਦਿਨ ਮੁੰਡਾ ਨਾ ਤਾਏ ਦੇ ਘਰ ਆਇਆ ਤੇ ਨਾ ਸਕੂਲ ਗਿਆ। ਜਰਨੈਲ ਸਿੰਘ ਨੇ ਉਹਨੂੰ ਆਪਣੇ ਘਰ ਲਿਜਾ ਕੇ ਕੁੱਟਿਆ ਵੀ ਸੀ। ਧਮਕੀ ਦਿੱਤੀ ਕਿ ਜੇ ਉਹ ਮੁੜ ਕੇ ਤਾਏ ਦੇ ਗਿਆ ਤਾਂ ਉਹਦੀ ਟੰਗ ਤੋੜ ਦੇਵੇਗਾ।

ਨੰਦ ਸਿੰਘ ਨੇ ਇੱਕ ਦਿਨ ਦੇਖਿਆ, ਦੋ ਦਿਨ ਦੇਖਿਆ, ਤੀਜੇ ਦਿਨ ਉਹ ਮੁੰਡੇ ਦਾ ਸਾਰਾ ਲੀੜਾ-ਕੱਪੜਾ ਤੇ ਕਿਤਾਬਾਂ-ਕਾਪੀਆਂ ਦਾ ਬੈਗ ਚੁੱਕ ਕੇ ਜਰਨੈਲ ਦੇ ਘਰ ਦੇ ਆਇਆ। ਰਾਜਵੰਤ ਕੌਰ ਨੂੰ ਕਿਹਾ ਕਿ ਉਹਨਾਂ ਦੀ ਮਰਜ਼ੀ ਬਗੈਰ ਉਹ ਮੁੰਡੇ ਨੂੰ ਆਪਣੇ ਘਰ ਰੱਖਣ ਲਈ ਬਿਲਕੁਲ ਤਿਆਰ ਨਹੀਂ। ਨੰਦ ਸਿੰਘ ਦੀਆਂ ਅੱਖਾਂ ਗਿੱਲੀਆਂ ਸਨ। ਭਰੜਾਈ ਆਵਾਜ਼ ਵਿੱਚ ਉਹ ਬੋਲ ਰਿਹਾ ਸੀ-"ਤੁਹਾਡਾ ਪੁੱਤਰ ਹੈ, ਅਸੀਂ ਇਹਦੇ ਕੀ ਲੱਗਦੇ ਹਾਂ।"

ਉਸ ਵਕਤ ਜਰਨੈਲ ਸਿੰਘ ਘਰ ਨਹੀਂ ਸੀ।

ਨੰਦ ਸਿੰਘ ਨੇ ਮੁੰਡੇ ਦੇ ਮੋਢੇ ਨੂੰ ਹੱਥ ਲਾਇਆ। ਕਹਿੰਦਾ-"ਅਸੀਂ ਤਾਂ ਭਾਈ ਤੇਰੀ ਸੁੱਖ ਮੰਗਦੇ ਹਾਂ। ਏਥੇ ਵੀ ਤੂੰ ਸਾਡਾ ਹੀ ਹੈ। ਜੀਅ ਲਾ ਕੇ ਪੜ੍ਹ। ਸਕੂਲ ਨਾ ਛੱਡੀਂ। ਤੇਰਾ ਬਾਪ ਨਹੀਂ ਚਾਹੁੰਦਾ ਤਾਂ ਨਾ ਆਈਂ ਓਧਰ।"

ਬੱਸ ਉਸ ਦਿਨ ਤੋਂ ਨੰਦ ਸਿੰਘ ਦਾ ਦਿਲ ਟੁੱਟ ਗਿਆ। ਰਹਿੰਦੀਆਂ-ਖੂੰਹਦੀਆਂ ਆਸਾਂ ਵੀ ਮਰ ਗਈਆਂ। ਕੀ ਪਤਾ, ਉਹਨਾਂ ਨੇ ਕੀ-ਕੀ ਸੋਚ ਰੱਖਿਆ ਸੀ। ਉਹ ਸੁਰਜੀਤ ਕੌਰ ਨੂੰ ਕਹਿਣ ਲੱਗਿਆ-"ਕਾਹਦੀ ਖਾਤਰ ਐਵੇਂ ਦੇਹ ਤੋੜਦੇ ਹਾਂ? ਜਿਹੜਾ ਚਾਰ ਛਿੱਲੜ ਕਮਾਏ ਨੇ, ਆਪਣੀ ਉਮਰ ਮੁਕਦੇ ਨਹੀਂ।"

ਚੁਬਾਰਾ ਤੇ ਥੱਲੇ ਵਾਲਾ ਅੰਦਰਲਾ ਇੱਕ ਕਮਰਾ ਕਿਰਾਏ ਉੱਤੇ ਸਨ।

ਚੁਬਾਰੇ ਵਿੱਚ ਇੱਕ ਮਾਸਟਰਣੀ ਰਹਿੰਦੀ ਸੀ। ਥੱਲੇ ਕਮਰੇ ਵਿੱਚ ਨਵਾਂ ਜੋੜਾ ਆ ਗਿਆ। ਬੰਦਾ ਸਾਰਾ ਦਿਨ ਬਾਹਰ ਕੰਮ ਉੱਤੇ ਗਿਆ ਰਹਿੰਦਾ, ਔਰਤ ਕੋਲ ਇੱਕ ਬੱਚਾ ਸੀ। ਸੁਰਜੀਤ ਕੌਰ ਨੇ ਉਸ ਔਰਤ ਨਾਲ ਹੀ ਆਪਣੇ ਸੰਬੰਧ ਵਧਾ ਲਏ। ਸਾਰਾ ਸਾਰਾ ਦਿਨ ਉਹ ਗੱਲਾਂ ਮਾਰਦੀਆਂ ਰਹਿੰਦੀਆਂ। ਸੁਰਜੀਤ ਕੌਰ ਉਸ ਔਰਤ ਦੇ ਨਿੱਕੇ-ਮੋਟੇ ਕੰਮ ਵੀ ਕਰ ਦਿੰਦੀ। ਆਖਦੀ-ਕੋਈ ਨਹੀਂ ਨਿਆਣੇ ਵਾਲੀ ਹੈ।

ਸੱਜੇ ਹੱਥ ਦੀ ਬੈਠਕ ਵਿੱਚ ਦੁਕਾਨ ਤੇ ਨੰਦ ਸਿੰਘ ਸਾਰਾ ਦਿਨ ਬੈਠਾ ਸਕੂਲੀ ਮੁੰਡੇ-ਕੁੜੀਆਂ ਨਾਲ ਪਰਚਿਆ ਰਹਿੰਦਾ ਜਾਂ ਫੇਰ ਅਖ਼ਬਾਰ ਪੜ੍ਹਦਾ। ਹੁਣ ਉਹਨੇ ਨਾਵਲ ਪੜ੍ਹਨ ਦਾ ਝੱਸ ਵੀ ਪਾਲ਼ ਰੱਖਿਆ ਸੀ।

ਹਰਅਵਤਾਰ ਦਿਨ ਵਿੱਚ ਕਿਸੇ ਵੇਲੇ ਘਰ ਆਉਂਦਾ, ਪਹਿਲਾਂ ਸਿੱਧਾ ਰਸੋਈ ਵਿੱਚ ਜਾਂਦਾ। ਜਾਲ਼ੀ ਵਿੱਚ ਕੋਈ ਨਾ ਕੋਈ ਚੀਜ਼ ਖਾਣ ਵਾਲੀ ਪਈ ਹੁੰਦੀ। ਉਹ ਚੀਜ਼ ਕੱਢਦਾ ਤੇ ਓਥੇ ਹੀ ਭੁੱਖਿਆਂ ਵਾਂਗ ਨਿਗਲ ਕੇ ਘਰੋਂ ਬਾਹਰ ਹੋ ਜਾਂਦਾ। ਅਸਲ ਵਿੱਚ ਸੁਰਜੀਤ ਕੌਰ ਉਹਦੀ ਖਾਤਰ ਹੀ ਜਾਲ਼ੀ ਵਿੱਚ ਕੁਝ ਧਰ ਛੱਡਦੀ। ਕੇਲੇ, ਸੇਬ, ਸੰਗਤਰੇ, ਅੰਗੂਰ ਜਾਂ ਕੋਈ ਮਿਠਾਈ। ਉਸ ਸਮੇਂ ਉਹ ਘਰ ਹੁੰਦੀ ਤਾਂ ਉਹਦੇ ਨਾਲ ਏਧਰ-ਓਧਰ ਦੀ ਕੋਈ ਗੱਲ ਵੀ ਕਰਦੀ। ਉਹਦੇ ਬਾਰੇ ਪੁੱਛਦੀ ਰਹਿੰਦੀ। ਹੁਣ ਉਹ ਬਹੁਤਾ ਨਹੀਂ ਸੀ ਬੋਲਦਾ। ਬੱਸ ਚੁੱਪ-ਚਾਪ ਰਹਿੰਦਾ। ਘਰ ਅੰਦਰ ਵੜ ਕੇ ਪਿਛਾਂਹ ਬਾਰ ਵੱਲ ਝਾਕਦਾ। ਚੀਜ਼ ਖਾ ਕੇ ਛੇਤੀ-ਛੇਤੀ ਘਰੋਂ ਨਿੱਕਲ ਜਾਂਦਾ। ਨੰਦ ਸਿੰਘ ਵੀ, ਜਦੋਂ ਨਿਗਾਹ ਪੈਂਦਾ, ਉਹਨੂੰ ਬੁਲਾ ਲੈਂਦਾ ਸੀ।

ਹਰਅਵਤਾਰ ਪਛਾਵੇਂ ਵਾਂਗ ਘਰ ਵਿੱਚ ਆਉਂਦਾ ਤੇ ਚਲਿਆ ਜਾਂਦਾ। ਕਿਸੇ ਕਿਸੇ ਦਿਨ ਤਾਂ ਉਹਨਾਂ ਨੂੰ ਪਤਾ ਵੀ ਨਾ ਲੱਗਦਾ ਕਿ ਉਹ ਕਦੋਂ ਆਇਆ ਸੀ। ਉਹਦੇ ਆਉਣ ਦਾ ਐਨਾ ਹੀ ਸਬੂਤ ਬਹੁਤ ਸੀ ਕਿ ਰਸੋਈ ਦੀ ਜਾਲ਼ੀ ਵਿੱਚ ਰੱਖੀ ਜਾਣ ਵਾਲੀ ਚੀਜ਼ ਓਥੇ ਨਹੀਂ ਹੁੰਦੀ ਸੀ।

ਉਹ ਦਸਵੀਂ ਕਰ ਗਿਆ ਸੀ, ਫੇਰ ਕਾਲਜ ਜਾਂਦਾ ਹੁੰਦਾ। ਸੋਹਣਾ ਗੱਭਰੂ ਨਿੱਕਲਦਾ ਆ ਰਿਹਾ ਸੀ। ਬਣ-ਠਣ ਕੇ ਰਹਿੰਦਾ। ਸਿਰ 'ਤੇ ਪਗੜੀ ਨਹੀਂ ਬੰਨ੍ਹਦਾ ਸੀ, ਪਟਕਾ ਰੱਖਦਾ। ਸੁਰਜੀਤ ਕੌਰ ਉਹਨੂੰ ਪੈਸੇ ਦਿੰਦੀ। ਕਦੇ ਪੰਜ, ਕਦੇ ਦਸ, ਪਰ ਪੈਸੇ ਉਹ ਆਪ ਨਹੀਂ ਮੰਗਦਾ ਸੀ।

ਉੱਤੇ ਚੁਬਾਰੇ ਵਿੱਚ ਓਹੀ ਮਾਸਟਰਣੀ ਰਹਿ ਰਹੀ ਸੀ। ਲੱਗਦਾ ਸੀ, ਜਿਵੇਂ ਉਹਦਾ ਹੋਰ ਕੋਈ ਨਾ ਹੋਵੇ। ਖਾਸੀ ਉਮਰ ਦੀ ਸੀ। ਉਹਨੇ ਕਦੇ ਇਹ ਨਹੀਂ ਦੱਸਿਆ ਸੀ ਕਿ ਉਹ ਸ਼ਾਦੀ-ਸ਼ੁਦਾ ਹੈ ਜਾ ਨਹੀਂ। ਛੁੱਟੜ ਹੈ ਜਾਂ ਵਿਧਵਾ। ਗੁੰਮ-ਸੁੰਮ ਰਹਿੰਦੀ। ਵਿਹਲੇ ਵੇਲੇ ਭਜਨ-ਪਾਠ ਕਰਦੀ। ਤੁਰਨ ਵੇਲੇ ਧਰਤੀ 'ਤੇ ਨਿਗਾਹ ਰੱਖਦੀ। ਓਥੋਂ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਸਿਲਾਈ-ਟੀਚਰ ਸੀ। ਹਰ ਮਹੀਨੇ ਆਪਣੇ ਆਪ ਹੀ ਸੁਰਜੀਤ ਕੌਰ ਨੂੰ ਕਿਰਾਇਆ ਫੜਾ ਦਿੰਦੀ। ਸੁਰਜੀਤ ਕੌਰ ਨੂੰ ਹਿੰਮਤ ਨਹੀਂ ਪੈਂਦੀ ਸੀ ਕਿ ਉਹਦੇ ਨਾਲ ਕੋਈ ਵਾਧੂ-ਘਾਟੂ ਗੱਲ ਕਰ ਸਕੇ। ਉਹਦੇ ਜੀਵਨ ਸੰਬੰਧੀ ਕੋਈ ਪੁੱਛ-ਪੜਤਾਲ ਕਰੇ। ਨੰਦ ਸਿੰਘ ਸਾਹਮਣੇ ਉਹ ਕਦੇ ਵੀ ਨਾ ਬੋਲਦੀ। ਉਹਦੇ ਅੱਗੇ ਖਲੋਂਦੀ ਵੀ ਨਾ। ਸ਼ੁਰੂ ਤੋਂ ਉਹ ਉਹਦੇ ਕੋਲੋਂ ਓਨਾ ਹੀ ਕਿਰਾਇਆ ਲੈ ਰਹੇ ਸਨ। ਮਾਸਟਰਣੀ ਸਫ਼ਾਈ-ਪਸੰਦ ਬਹੁਤ ਸੀ। ਮਜਾਲ ਹੈ, ਕਿਧਰੇ ਕੋਈ ਤਿਣਕਾ ਵੀ ਉਹਦੇ ਚੁਬਾਰੇ ਵਿੱਚ ਏਧਰ-ਓਧਰ ਖਿੰਡਿਆ ਪਿਆ ਹੋਵੇ। ਥੱਲੇ ਵਾਲੇ ਕਿਰਾਏਦਾਰ ਤਾਂ ਗੰਦ ਪਾਈ ਰੱਖਦੇ ਸਨ। ਥੱਲੇ ਤਾਂ ਕਈ ਕਿਰਾਏਦਾਰ ਆ ਚੁੱਕੇ ਸਨ। ਕੋਈ ਛੇ ਮਹੀਨੇ ਟਿਕਦਾ ਸੀ ਤੇ ਕੋਈ ਸਾਲ।

ਫੇਰ ਇੱਕ ਜੋੜਾ ਆਇਆ। ਔਰਤ ਗਰਭਵਤੀ ਸੀ। ਬੰਦਾ ਉਮਰ ਵਿੱਚ ਉਹਤੋਂ ਖਾਸਾ ਵੱਡਾ ਸੀ। ਲੱਗਦਾ ਨਹੀਂ ਸੀ, ਉਹ ਪਤੀ-ਪਤਨੀ ਨੇ। ਕਦੇ ਲੱਗਦਾ, ਪਤੀ-ਪਤਨੀ ਹੀ ਨੇ। ਪਤੀ-ਪਤਨੀ ਦਾ ਹਮ-ਉਮਰ ਹੋਣਾ ਜ਼ਰੂਰੀ ਤਾਂ ਨਹੀਂ ਹੁੰਦਾ। ਬੰਦਾ ਦਿਨ ਵੇਲੇ ਬਾਹਰ ਕਿਧਰੇ ਕੰਮ 'ਤੇ ਜਾਂਦਾ ਜਾਂ ਪਤਾ ਨਹੀਂ ਕਿੱਥੇ ਰਹਿੰਦਾ ਸੀ। ਔਰਤ ਘਰ ਵਿੱਚ ਉਦਾਸ-ਉਦਾਸ ਜਿਹੀ ਬੈਠੀ ਰਹਿੰਦੀ। ਸੁਰਜੀਤ ਕੌਰ ਨਾਲ ਵੀ ਉਹ ਕੋਈ ਬਹੁਤੀ ਗੱਲ ਨਾ ਕਰਦੀ। ਗੱਲ ਕਰਦੀ ਤਾਂ ਕੋਈ ਭੇਤ ਜਿਹਾ ਲੁਕੋਅ-ਲੁਕੋਅ ਰੱਖਦੀ। ਦੋਵਾਂ ਦੀ ਭਾਸ਼ਾ ਹਿੰਦੀ-ਨੁਮਾ ਜਿਹੀ ਪੰਜਾਬੀ ਸੀ। ਦੋ ਕੁ ਮਹੀਨਿਆਂ ਬਾਅਦ ਉਸ ਔਰਤ ਨੇ ਇੱਕ ਕੁੜੀ ਨੂੰ ਜਨਮ ਦਿੱਤਾ। ਕੁੜੀ ਵੀਹ ਕੁ ਦਿਨਾਂ ਦੀ ਸੀ, ਬੰਦਾ ਕਿਧਰੇ ਚਲਿਆ ਗਿਆ। ਤਿੰਨ-ਚਾਰ ਦਿਨ ਮੁੜਿਆ ਹੀ ਨਾ। ਔਰਤ ਉਹਨੂੰ ਉਡੀਕਦੀ ਤੇ ਰੋਂਦੀ। ਦਸਦੀ ਬੋਲਦੀ ਕੁਝ ਨਹੀਂ ਸੀ। ਸੁਰਜੀਤ ਕੋਰ ਹੀ ਉਹਨੂੰ ਸੰਭਾਲਦੀ। ਹੁਣ ਤਾਂ ਉਹ ਉਸ ਦੇ ਖਾਣ-ਪੀਣ ਦਾ ਖਰਚ ਵੀ ਆਪਣੇ ਘਰੋਂ ਕਰਦੀ। ਔਰਤ ਦੀ ਹਾਲਤ ਉੱਤੇ ਉਹਨੂੰ ਤਰਸ ਆਉਂਦਾ। ਦਸ ਦਿਨ, ਪੰਦਰਾਂ ਦਿਨ ਤੇ ਫੇਰ ਵੀਹ ਦਿਨ, ਬੰਦਾ ਤਾਂ ਕਿਧਰੋਂ ਮੁੜਿਆ ਹੀ ਨਾ। ਕੁਝ ਦਿਨ ਹੋਰ ਤੇ ਫੇਰ ਔਰਤ ਘਰ ਦੇ ਵਿਹੜੇ ਵਿੱਚ ਫਿਰਨ-ਤੁਰਨ ਲੱਗੀ, ਫਿਰ ਤੁਰ ਕੇ ਕੰਮ ਕਰਦੀ। ਰੋਟੀ-ਪਾਣੀ ਉਹਨੂੰ ਸੁਰਜੀਤ ਕੌਰ ਦਿੰਦੀ।

ਉਹਦੀ ਬੱਚੀ ਲਈ ਦਵਾਈ-ਦਾਰੂ ਵੀ ਮਾਰਕੀਟ ਵਿਚੋਂ ਲਿਆ ਦਿੰਦੀ। ਆਖਦੀ- "ਉਹ ਜਾਣੇ, ਇਹਦਾ ਬੰਦਾ ਘਰ ਨਹੀਂ।"

ਔਰਤ ਦਿਨ-ਦਿਨੋ ਉਦਾਸੀ ਦਾ ਰੰਗ ਤਿਆਗ਼ਦੀ ਜਾ ਰਹੀ ਸੀ। ਉਹਦੀਆਂ ਅੱਖਾਂ ਵਿੱਚ ਕਿਸੇ ਦ੍ਰਿੜ੍ਹਤਾ ਦੀ ਚਮਕ ਉੱਤਰਨ ਲੱਗੀ। ਉਹਦਾ ਵਜੂਦ ਜਿਵੇਂ ਉੱਡੂੰ-ਉੱਡੂੰ ਕਰਨ ਲੱਗਿਆ ਹੋਵੇ। ਜਿਹੜੇ ਵੀ ਉਹਦੇ ਕੋਲ ਸੀਮਤ ਜਿਹੇ ਕੱਪੜੇ ਸਨ, ਉਹਨਾਂ ਨੂੰ ਧੋ ਸੰਵਾਰ ਕੇ ਪਹਿਨਦੀ। ਪਹਿਨ-ਪੱਚਰ ਕੇ ਰਹਿੰਦੀ। ਦਿਨ ਵਿੱਚ ਕਈ-ਕਈ ਵਾਰ ਆਪਣੀ ਕੁੜੀ ਦਾ ਸ਼ਿੰਗਾਰ ਕਰਦੀ। ਬੁੱਲ੍ਹਾਂ ਵਿੱਚ ਕੋਈ ਗੀਤ ਗੁਣਗੁਣਾਉਂਦੀ ਰਹਿੰਦੀ। ਉਹ ਕੋਈ ਕੰਮ-ਧੰਦਾ ਕਰ ਰਹੀ ਹੁੰਦੀ ਜਾਂ ਲੈਟਰੀਨ-ਬਾਥਰੂਮ ਜਾਂਦੀ, ਸੁਰਜੀਤ ਕੌਰ ਰੋਂਦੀ ਕੁੜੀ ਨੂੰ ਚੁੱਕ ਲੈਂਦੀ ਤੇ ਉਹਨੂੰ ਮਿੱਠੀਆਂ-ਮਿੱਠੀਆਂ ਲੋਰੀਆਂ ਦੇਣ ਲੱਗਦੀ। ਕੁੜੀ ਦੇ ਪਿਓ ਨੂੰ ਕੋਸਦੀ।

ਇੱਕ ਦਿਨ ਗਜ਼ਬ ਹੋ ਗਿਆ। ਮੰਜੇ ਉੱਤੇ ਸੁੱਤੀ ਪਈ ਕੁੜੀ ਨੂੰ ਛੱਡ ਕੇ ਉਹ ਸਵੇਰੇ ਦਿਨ ਚੜ੍ਹਨ ਤੋਂ ਬਹੁਤ ਪਹਿਲਾਂ ਪਤਾ ਨਹੀਂ ਕਿੱਧਰ ਚਲੀ ਗਈ। ਕੁੜੀ ਜਾਗੀ ਤੇ ਫੇਰ ਰੋ-ਰੋ ਕਮਲੀ ਹੁੰਦੀ ਜਾ ਰਹੀ ਸੀ। ਪਰ ਮਾਂ ਨਹੀਂ ਮੁੜੀ। ਸੁਰਜੀਤ ਕੌਰ ਦੀ ਗੋਦੀ ਵਿੱਚ ਉਹ ਬਿੰਦ-ਝੱਟ ਲਈ ਟਿਕਦੀ ਪਰ ਫੇਰ ਰੋਣ ਲੱਗਦੀ। ਦੁਪਹਿਰ ਤੱਕ ਕੁੜੀ ਦੇ ਗਲ਼ ਦੀਆਂ ਰਗ਼ਾਂ ਬੈਠ ਗਈਆਂ। ਉਹ ਰੀਂ-ਰੀਂ ਕਰਕੇ ਰੋਂਦੀ। ਸੁਰਜੀਤ ਕੌਰ ਨੇ ਦੋ-ਤਿੰਨ ਵਾਰ ਉਹਨੂੰ ਚੁੰਘਣੀ ਨਾਲ ਦੁੱਧ ਪਿਲਾਇਆ। ਮਾਂ ਦੀਆਂ ਛਾਤੀਆਂ ਵਿੱਚ ਦੁੱਧ ਥੋੜ੍ਹਾ ਸੀ। ਇਸ ਕਰਕੇ ਮਾਂ ਹੁੰਦੇ ਵੀ ਉਹ ਕਈ ਦਿਨਾਂ ਤੋਂ ਚੁੰਘਣੀ ਦਾ ਦੁੱਧ ਪੀ ਰਹੀ ਸੀ।

ਗਲੀ-ਮੁਹੱਲੇ ਵਿੱਚ ਸਾਰੇ ਗੱਲ ਉੱਡ ਗਈ ਕਿ ਨੰਦ ਸਿੰਘ ਦਾ ਕਿਰਾਏਦਾਰ ਜੋੜਾ ਕੁੜੀ ਜੰਮ ਕੇ ਸੁੱਟ ਗਿਆ ਹੈ। ਤਰ੍ਹਾਂ-ਤਰ੍ਹਾਂ ਦੇ ਅਨੁਮਾਨ ਲਗਾਏ ਜਾ ਰਹੇ ਸਨ। ਗੁਆਂਢੀ ਔਰਤਾਂ ਹੈਰਾਨ ਹੁੰਦੀਆਂ ਤੇ ਦੰਦਾਂ ਥੱਲੇ ਉਂਗਲਾਂ ਲੈ ਕੇ ਚੁੱਪ ਦੀਆਂ ਚੁੱਪ ਰਹਿ ਜਾਂਦੀਆਂ। ਕਦੇ ਕੋਈ ਔਰਤ ਤਾੜੀ ਮਾਰ ਕੇ ਉੱਚੀ-ਉੱਚੀ ਹੱਸਣ ਲੱਗਦੀ। ਆਖਦੀ- "ਇਹ ਤਾਂ ਨਵੀਂ ਕਹਾਣੀ ਬਣ ਗਈ।"

ਕਿਸੇ ਦੀ ਸਮਝ ਵਿੱਚ ਕੁਝ ਨਹੀਂ ਸੀ ਆ ਰਿਹਾ।

ਕੁੜੀ ਢਾਈ-ਤਿੰਨ ਮਹੀਨਿਆਂ ਦੀ ਹੋ ਚੁੱਕੀ ਸੀ। ਸੁਰਜੀਤ ਕੌਰ ਉਹਨੂੰ ਰੱਬ ਦੀ ਦਾਤ ਸਮਝ ਕੇ ਪਾਲਣ ਲੱਗੀ। ਉਹ ਸਾਲ ਭਰ ਦੀ ਹੋਈ ਤਾਂ ਨੰਦ ਸਿੰਘ ਜ਼ਿਲ੍ਹਾ ਕਚਹਿਰੀ ਵਿੱਚ ਜਾ ਕੇ ਸ਼ਕੁੰਤਲਾ ਨੂੰ ਆਪਣੀ ਮੁਤਬੰਨਾ ਸੰਤਾਣ ਬਣਾ ਆਇਆ। ਉਹਨਾਂ ਦੇ ਮਰਨ ਬਾਅਦ ਚੱਲ-ਅਚੱਲ ਜਾਇਦਾਦ ਦੀ ਵਾਰਸ ਹੁਣ ਸ਼ਕੁੰਤਲਾ ਸੀ।

ਜਰਨੈਲ ਸਿੰਘ ਨੇ ਜਦੋਂ ਸੁਣਿਆ, ਉਹਦੇ ਤਨ-ਬਦਨ ਨੂੰ ਅੱਗ ਲੱਗ ਗਈ। ਉਹਨੇ ਤਾਂ ਕਦੇ ਸੋਚਿਆ ਸੀ ਕਿ ਉਹਦੇ ਬੇਔਲਾਦ ਵੱਡੇ ਭਰਾ ਦਾ ਘਰ ਬਾਰ ਉਹਦੇ ਇਕੱਲੇ ਮੁੰਡੇ ਹਰਅਵਤਾਰ ਸਿੰਘ ਨੂੰ ਕਿਉਂ ਮਿਲੇ, ਮਿਲੇ ਤਾਂ ਤਿੰਨਾਂ ਮੁੰਡਿਆਂ ਨੂੰ ਮਿਲੇ। ਅਸਲ ਵਿੱਚ ਤਾਂ ਉਹ ਖ਼ੁਦ ਨੰਦ ਸਿੰਘ ਨੂੰ ਖਾ ਜਾਣਾ ਚਾਹੁੰਦਾ ਸੀ। ਏਸੇ ਤਾਕ ਵਿੱਚ ਰਹਿੰਦਾ, ਕਦੋਂ ਕਿਵੇਂ ਓਸ ਘਰ ਨੂੰ ਖੁਰਚਿਆ ਜਾਵੇ। ਉਹ ਨੰਦ ਸਿੰਘ ਤੋਂ ਹਜ਼ਾਰਾਂ ਰੁਪਏ ਉਧਾਰ ਲੈ ਲੈਂਦਾ। ਕਦੇ ਮੋੜ ਵੀ ਦਿੰਦਾ ਕੁਝ ਨਾ ਕੁਝ ਨਹੀਂ ਤਾਂ ਉਹਦੀ ਨੀਯਤ ਹੁੰਦੀ ਕਿ ਉਹਦਾ ਕੁਝ ਮੋੜਿਆ ਹੀ ਨਾ ਜਾਵੇ।

ਓਧਰ ਦਰਬਾਰਾ ਸਿੰਘ ਨੇ ਟੇਢੇ ਢੰਗ ਨਾਲ ਹੱਥ-ਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਉਹ ਆਖ ਰਿਹਾ ਸੀ ਕਿ ਉਹਦਾ ਮਕਾਨ ਭੀੜਾ ਹੈ। ਸਰਦਾ ਨਹੀਂ। ਨੰਦ ਸਿੰਘ ਆਪਣੇ ਮਕਾਨ ਦਾ ਇੱਕ ਕਮਰਾ ਉਹਨੂੰ ਸਮਾਨ ਰੱਖਣ ਲਈ ਦੇ ਦੇਵੇ। ਅਸਲ ਵਿੱਚ ਉਹਦੀ ਯੋਜਨਾ ਇਹ ਸੀ ਕਿ ਉਹ ਹੌਲੀ-ਹੌਲੀ ਮਕਾਨ ਉੱਤੇ ਕਬਜ਼ਾ ਕਰਨਾ ਸ਼ੁਰੂ ਕਰ ਦੇਵੇਗਾ। ਪਹਿਲਾਂ ਇੱਕ ਕਮਰਾ, ਫੇਰ ਹੋਰ ਕਮਰਾ। ਉਹਦੀਆਂ ਮੰਗਾਂ ਵਧਦੀਆਂ ਜਾਣੀਆਂ ਸਨ। ਪਰ ਜਦੋਂ ਇਸ ਅਵਾਰਾ ਜੰਮੀ ਕੁੜੀ ਨੂੰ ਉਹਨਾਂ ਨੇ ਮੁਤਬੰਨਾ ਬਣਾ ਲਿਆ ਤਾਂ ਸਭ ਦੀਆਂ ਆਸਾਂ ਉੱਤੇ ਪਾਣੀ ਫਿਰ ਗਿਆ।

ਸਾਂਝੀ ਮਾਰ ਉੱਤੇ ਜਰਨੈਲ ਤੇ ਦਰਬਾਰੇ ਨੇ ਸਾਂਝਾ ਮੋਰਚਾ ਬਣਾ ਲਿਆ। ਇੱਕ ਦਿਨ ਨੰਦ ਸਿੰਘ ਸ਼ਹਿਰੋਂ ਬਾਹਰ ਕਿਧਰੇ ਗਿਆ ਹੋਇਆ ਸੀ। ਘਰ ਵਿੱਚ ਸੁਰਜੀਤ ਕੌਰ ਇਕੱਲੀ ਸੀ। ਸ਼ਾਮ ਢਲ਼ੀ ਤੋਂ ਜਰਨੈਲ ਤੇ ਦਰਬਾਰਾ ਆਏ। ਉਹਨਾਂ ਨਾਲ ਦੋ ਬੰਦੇ ਹੋਰ ਵੀ ਸਨ। ਪਹਿਲਾਂ ਤਾਂ ਉਹਨਾਂ ਨੇ ਸੁਰਜੀਤ ਕੌਰ ਨੂੰ ਧੌਲ-ਧੱਫਾ ਕੀਤਾ। ਦਰਵਾਜ਼ੇ ਦਾ ਬਾਰ ਅੰਦਰੋਂ ਬੰਦ ਕਰ ਲਿਆ। ਫੇਰ ਉਹਨੂੰ ਇੱਕ ਥਮਲੇ ਨਾਲ ਨੂੜ ਦਿੱਤਾ। ਉਹਦੇ ਗਲ ਤੇ ਕੰਨਾਂ ਵਿਚੋਂ ਸੋਨੇ ਦੇ ਜ਼ੇਵਰ ਖਿੱਚ ਲਏ। ਟਰੰਕਾਂ ਤੇ ਅਲਮਾਰੀਆਂ ਦੀ ਤਲਾਸ਼ੀ ਲੈ ਲਈ। ਜਰਨੈਲ ਨੇ ਉਹਦੇ ਮੂੰਹ ’ਤੇ ਥੱਪੜ ਮਾਰ ਕੇ ਪੁੱਛਿਆ-“ਬਾਕੀ ਸੋਨਾ ਦੱਸ ਕਿੱਥੇ ਐ? ਰੁਪਿਆ ਕਿੱਥੇ ਰੱਖਿਆ ਹੋਇਆ?”

“ਰੁਪਿਆ ਘਰ ਵਿੱਚ ਕਿੱਥੇ, ਬੈਂਕਾਂ ਵਿੱਚ ਹੁੰਦੈ। ਸੋਨਾ ਵੀ ਬੈਂਕ ਵਿੱਚ...।” ਉਹਦੀ ਛਾਤੀ ਤੇ ਡੌਲ਼ਿਆਂ ਉੱਤੇ ਰੱਸਿਆਂ ਦਾ ਬਹੁਤ ਦਬਾਅ ਪੈ ਰਿਹਾ ਸੀ। ਪੀੜਾਂ ਨਾਲ ਉਹ ਕਰਾਹ ਰਹੀ ਸੀ। ਫੇਰ ਵੀ ਉਹਨੇ ਬਹੁਤ ਨੇੜੇ ਖੜ੍ਹੇ ਜਰਨੈਲ ਵੱਲ ਆਪਣੀ ਲੱਤ ਚਲਾਈ। ਉਹਦੇ ਢਿੱਡ ਵਿੱਚ ਲੱਤ ਮਾਰ ਕੇ ਉਹਨੂੰ ਪੁੱਠਾ ਡੇਗ ਦਿੱਤਾ।

ਸ਼ਕੁੰਤਲਾ ਉਸ ਸਮੇਂ ਪਤਾ ਨਹੀਂ ਕਿੱਥੇ ਸੀ। ਸ਼ਾਇਦ ਉੱਤੇ ਮਾਸਟਰਣੀ ਕੋਲ ਸੁੱਤੀ ਪਈ ਸੀ।

ਇੱਕ ਘਿਓ ਵਾਲੀ ਖਾਲੀ ਪੀਪੀ ਵਿਚੋਂ ਉਹਨੂੰ ਦੋ ਹਜ਼ਾਰ ਦੇ ਨੋਟਾਂ ਦੀ ਇੱਕ ਥਹੀ ਮਿਲੀ-ਬੈਂਕ ਦੀ ਓਵੇਂ-ਜਿਵੇਂ ਬੰਨ੍ਹੀ ਬੰਨ੍ਹਾਈ, ਸੂਈਆਂ ਲੱਗੀਆਂ ਹੋਈਆਂ।

ਇਹ ਸਾਰੀ ਵਾਰਦਾਤ ਉਹਨਾਂ ਨੇ ਪੰਦਰਾਂ ਕੁ ਮਿੰਟਾਂ ਵਿੱਚ ਹੀ ਕਰ ਦਿੱਤੀ ਤੇ ਫੇਰ ਔਹ ਗਏ। ਇਹ ਤਾਂ ਉੱਤੋਂ ਮਾਸਟਰਣੀ ਕਿਸੇ ਕੰਮ ਥੱਲੇ ਆਈ ਤੇ ਸੁਰਜੀਤ ਕੌਰ ਨੂੰ ਇਸ ਹਾਲਤ ਵਿੱਚ ਦੇਖ ਕੇ ਉਹਨੂੰ ਵੀ ਜਿਵੇਂ ਗਸ਼ ਪੈਣ ਵਾਲੀ ਹੋ ਗਈ ਹੋਵੇ। ਕੰਬਦੇ ਹੱਥਾਂ ਨਾਲ ਉਹਨੇ ਰੱਸੇ ਖੋਲ੍ਹੇ, ਸੁਰਜੀਤ ਕੌਰ ਧੜੰਮ ਦੇ ਕੇ ਥੱਲੇ ਡਿੱਗ ਪਈ ਤੇ ਬੇਹੋਸ਼ ਹੋ ਗਈ। ਮਾਸਟਰਣੀ ਨੇ ਉਹਦੇ ਮੂੰਹ ਵਿੱਚ ਪਾਣੀ ਪਾਇਆ। ਉਹਨੂੰ ਬੈਠਾ ਕੀਤਾ। ਤੇ ਫੇਰ ਮੰਜੇ ਉੱਤੇ ਲਿਟਾ ਦਿੱਤਾ। ਚਾਹ ਬਣਾ ਕੇ ਪਿਆਈ। ਸੁਰਜੀਤ ਕੌਰ ਤੋਂ ਕੁਝ ਵੀ ਦੱਸਿਆ ਨਹੀਂ ਜਾ ਰਿਹਾ ਸੀ। ਕੁਝ ਵੀ ਬੋਲਿਆ ਨਹੀਂ ਜਾਂਦਾ ਸੀ।

ਨੰਦ ਸਿੰਘ ਰਾਤ ਦੀ ਕਿਸੇ ਗੱਡੀ ਮੁੜਿਆ। ਦਿਨ ਚੜ੍ਹਨ ਤੱਕ ਉਹ ਸੁੱਤੇ ਨਹੀਂ। ਸੁਰਜੀਤ ਕੌਰ ਗੱਲਾਂ ਦੱਸਦੀ ਰਹੀ। ਮੁੜ-ਮੁੜ ਓਹੀ ਗੱਲਾਂ। ਕਦੇ ਨੰਦ ਸਿੰਘ ਬਹੁਤ ਗੁੱਸੇ ਵਿੱਚ ਆ ਜਾਂਦਾ ਤਾਂ ਮੂੰਹੋਂ ਥੁੱਕ ਸੁੱਟਣ ਲੱਗਦਾ। ਉਹਦੀ ਦੇਹ ਕੰਬ ਰਹੀ ਹੁੰਦੀ। ਉਹਦਾ ਸਿਰ ਹਿੱਲ ਰਿਹਾ ਹੁੰਦਾ। ਉਹ ਪੂਰੇ ਫਿਕਰੇ ਨਾ ਬੋਲ ਸਕਦਾ। ਕਦੇ ਬਹੁਤ ਉਦਾਸ

ਤੇ ਚੁੱਪ। ਜਿਵੇਂ ਆਪਣੇ ਆਪ ਵਿੱਚ ਹੀ ਗੁਆਚ ਕੇ ਰਹਿ ਗਿਆ ਹੋਵੇ। ਸ਼ਕੁੰਤਲਾ ਉਹਨਾਂ ਦੀ ਆਵਾਜ਼ ਸੁਣ ਕੇ ਜਾਗ ਪੈਂਦੀ। ਰੋਣ ਲੱਗਦੀ। ਫੇਰ ਸੌਂ ਜਾਂਦੀ। ਬਿੱਲੀ ਦੇ ਬਲੂਰ ਨੂੰ ਕੀ ਪਤਾ ਸੀ, ਘਰ ਵਿੱਚ ਵਾਪਰੇ ਮਹਾਂ-ਯੁੱਧ ਦਾ। ਤੀਜੇ ਦਿਨ ਨੰਦ ਸਿੰਘ ਨੇ ਗਲੀ-ਮੁਹੱਲੇ ਦੇ ਲੋਕਾਂ ਦਾ ਇਕੱਠ ਕੀਤਾ। ਉਹ ਕਹਿ ਰਿਹਾ ਸੀ-"ਦੋਵੇਂ ਆ ਕੇ ਮਾਫੀ ਮੰਗਣ। ਜੋ ਲੈ ਗਏ ਨੇ, ਉਹ ਮੋੜ ਕੇ ਜਾਣ। ਜਿਹੜੀ ਭੰਨ ਤੋੜ ਕੀਤੀ ਹੈ, ਉਹਦਾ ਮੁਆਵਜ਼ਾ ਵੀ ਦੇਣ। ਨਹੀਂ ਤਾਂ ਮੈਂ ਪੁਲਿਸ ਨੂੰ ਕੇਸ ਦੇਣ ਚੱਲਿਆ ਹਾਂ।"

ਉਹ ਜਿਸ ਵੱਡੀ ਮਾਰ 'ਤੇ ਗਏ ਸਨ, ਉਹ ਤਾਂ ਉਹਨਾਂ ਦੇ ਹੱਥ ਨਾ ਲੱਗਿਆ। ਹੁਣ ਉਹ ਵੀ ਪਛਤਾ ਰਹੇ ਸਨ। ਲੋਕਾਂ ਦੇ ਇਕੱਠ ਵਿੱਚ ਉਹਨਾਂ ਦੇ ਬੰਦੇ ਵੀ ਸਨ। ਸਗੋਂ ਉਹਨਾਂ ਨੇ ਆਪ ਭੇਜਿਆ ਸੀ, ਉਹਨਾਂ ਨੂੰ। ਗਲ ਤੇ ਕੰਨਾਂ ਦੇ ਜ਼ੇਵਰ ਵਾਪਸ ਹੋ ਗਏ। ਨੋਟਾਂ ਦੀ ਥਹੀ ਵੀ ਪਰ ਉਹ ਆਪ ਆ ਕੇ ਮਾਫ਼ੀ ਨਹੀਂ ਮੰਗ ਰਹੇ ਸਨ। ਉਹਨਾਂ ਦੀਆਂ ਘਰ ਵਾਲੀਆਂ ਨੇ ਕਹਾ ਕੇ ਭੇਜਿਆ ਸੀ ਕਿ ਉਹ ਘਰ ਨਹੀਂ ਹਨ। ਪਤਾ ਨਹੀਂ ਕਿੱਥੇ ਨੇ। ਉਹ ਤਾਂ ਆਪ ਉਹਨਾਂ ਦਾ ਫ਼ਿਕਰ ਕਰ ਰਹੀਆਂ ਹਨ।

ਉਹਨਾਂ ਦੇ ਬੰਦੇ ਕਹਿ ਰਹੇ ਸਨ-"ਅਸੀਂ ਆਪ ਸਾਲ਼ਿਆਂ ਦੇ ਪੰਜਾਹ ਮਾਰਾਂਗੇ ਜੁੱਤੀਆਂ। ਇੱਕ ਵਾਰ ਸਾਡੇ ਸਾਹਮਣੇ ਤਾਂ ਆ ਜਾਣ। ਅਸੀਂ ਕੀ ਕੋਈ ਕਸਰ ਛੱਡਾਂਗੇ ਉਹਨਾਂ ਨਾਲ। ਨੰਦ ਸਿੰਘ ਜੀ, ਤੁਸੀਂ ਗੁੱਸੇ ਨੂੰ ਮਾਰੋ। ਪੁਲਿਸ ਤਾਂ ਪੁੱਟ ਕੇ ਖਾ ਜਾਏਗੀ ਤਿੰਨਾਂ ਘਰਾਂ ਨੂੰ।"

ਦਿਨ ਪੈਣ ਲੱਗੇ ਤੇ ਗੱਲ ਰਫ਼ਾ-ਦਫ਼ਾ ਹੋ ਗਈ। ਪਰ ਨੰਦ ਸਿੰਘ ਤੇ ਸੁਰਜੀਤ ਕੌਰ ਸੋਚਦੇ ਰਹਿੰਦੇ-'ਇੱਕ ਢਿੱਡੋਂ ਜੰਮੇ ਭਰਾ ਵੀ ਕੀ ਇੰਜ ਕਰ ਸਕਦੇ ਨੇ?"

ਹਰਅਵਤਾਰ ਹਾਲੇ ਵੀ ਤਾਏ ਦੇ ਘਰ ਆਉਂਦਾ ਹੈ। ਉਹਦੇ ਖਾਣ ਲਈ 'ਚੀਜ਼' ਪਹਿਲਾਂ ਵਾਂਗ ਹੀ ਰਸੋਈ ਦੀ ਜਾਲ਼ੀ ਵਿੱਚ ਰੱਖੀ ਪਈ ਰਹਿੰਦੀ ਹੈ। ਉਹ ਸ਼ਕੁੰਤਲਾ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਵੀ ਮਾਰ ਜਾਂਦਾ ਹੈ। ♦

# ਨਹੀਂ

ਸਵੇਰ ਦੀਆਂ ਧੁੱਪਾਂ ਬਨੇਰਿਆਂ ਤੋਂ ਥੱਲੇ ਕੰਧਾਂ ਉੱਤੇ ਵਿਛਣ ਲੱਗੀਆਂ।

ਘਰ ਦੇ ਵਿਹੜੇ ਵਿੱਚ ਵੇਦੀ ਲਿਸ਼ਕੀ-ਸੰਵਰੀ ਤਿਆਰ ਦਿਸਦੀ ਸੀ। ਆਲੇ-ਦੁਆਲੇ ਦਰੀਆਂ-ਚਾਦਰਾਂ ਵਿਛੀਆਂ ਹੋਈਆਂ ਸਨ।

ਚਾਹ ਪੀ ਕੇ ਬਰਾਤੀ ਫੇਰਿਆਂ ਉੱਤੇ ਬੈਠ ਗਏ।

ਵਿਆਹੁਲੇ ਮੁੰਡੇ ਨੂੰ ਗੁਦੈਲਾ ਵਿਛੇ ਪਟੜੇ ਉੱਤੇ ਬਿਠਾ ਕੇ ਤੇ ਲੜਕੀ ਦੇ ਬਾਪ ਦੀ ਥਾਂ ਉਹਦੇ ਨਾਨੇ ਨੂੰ ਕੋਲ ਬੁਲਾ ਕੇ ਪੰਡਤ ਨੌਂ ਗ੍ਰਹਿਆਂ ਦੀ ਪੂਜਾ ਕਰਾਉਣ ਲੱਗਿਆ।

ਲੜਕੀ ਦਾ ਪਿਤਾ ਇਸ ਸੰਸਾਰ ਉੱਤੇ ਨਹੀਂ ਸੀ।

ਨਾਨੇ ਵੱਲੋਂ ਵਰ-ਪੂਜਨ...

ਤੇ ਫੇਰ ਲੜਕੇ ਵੱਲੋਂ ਜਦ ਮਦ-ਪਾਨ ਹੋਣ ਲੱਗਿਆ, ਲੜਕੀ ਦੀ ਮਾਂ ਨੂੰ ਮੂੰਹੋਂ ਤਿੱਖੀ ਆਵਾਜ਼ ਬਾਹਰ ਤੱਕ ਸੁਣਾਈ ਦਿੱਤੀ-''ਕੀ ਹੋਇਐ ਤੈਨੂੰ?'

ਵੇਦੀ ਕੋਲੋਂ ਉੱਠ ਕੇ ਘਰ ਦੇ ਦੋ ਬੰਦੇ ਅੰਦਰ ਗਏ। ਆਸ਼ਾ ਨੇ ਸੁਹਾਗ ਦੇ ਕੱਪੜੇ ਤਾਂ ਸਾਰੇ ਪਹਿਨ ਰੱਖੇ ਸਨ। ਫੇਰਿਆਂ ਲਈ ਉਹ ਤਿਆਰ ਤਾਂ ਪੂਰੀ ਸੀ। ਪਰ ਲੱਗਦਾ ਸੀ, ਜਿਵੇਂ ਡਰੀ-ਡਰੀ ਜਿਹੀ ਹੋਵੇ। ਚਿਹਰਾ ਕੁਮਲਾਇਆ ਹੋਇਆ, ਦੋਵਾਂ ਬੰਦਿਆਂ ਦੇ ਕੁਝ ਵੀ ਪੱਲੇ ਨਾ ਪਿਆ। ਮਾਂ ਦੰਦ ਪੀਹ ਰਹੀ ਸੀ। ਉਹਦੀਆਂ ਅੱਖਾਂ ਵਿੱਚ ਅੱਗ ਸੀ। ਉਹ ਫੇਰ ਕੜਕੀ-'ਉੱਠੇਂਗੀ ਕਿ...?'

ਆਸ਼ਾ ਦੇ ਚੇਹਰੇ ਉੱਤੇ ਇੱਕ ਤਰਲਾ ਹੋਰ ਆਇਆ। ਉਹਨੇ ਮਾਂ ਵੱਲ ਦੇਖਿਆ 'ਤੇ ਅੱਖਾਂ ਰਾਹੀਂ ਹੀ ਉਹਤੋਂ ਕੁੱਝ ਪੁੱਛਣਾ ਚਾਹਿਆ।

ਮਾਂ ਨੇ ਆਪਣੇ ਬੋਲਾਂ ਵਿੱਚ ਪੂਰੀ ਹਲੀਮੀ ਭਰ ਲਈ, ਆਸ਼ਾ ਦਾ ਮੱਥਾ ਚੁੰਮ ਲਿਆ। ਕਿਹਾ-'ਉੱਠ ਮੇਰੀ ਰਾਣੀ ਧੀ। ਸੱਦੀ ਜਾਂਦੇ ਨੇ ਬਾਹਰ।'

ਇੱਕ ਆਦਮੀ ਬਾਹਰੋਂ ਹੋਰ ਆਇਆ ਤਾਂ ਨੇੜੇ ਖੜ੍ਹੀਆਂ ਕੁੜੀਆਂ ਨੇ ਆਸ਼ਾ ਨੂੰ ਬਾਹਾਂ ਤੋਂ ਫੜ ਕੇ ਹੌਲੀ-ਹੌਲੀ ਖੜ੍ਹੀ ਕਰ ਲਿਆ। ਕੁੜੀ ਵੀ ਚੁੱਪ ਕੀਤੀਆਂ ਜਿਹੀਆਂ ਸਨ, ਹੈਰਾਨ ਸਨ।

ਹੇਮ ਚੰਦ ਦੇ ਸੱਜੇ ਹੱਥ ਉਹਨੂੰ ਬਿਠਾ ਦਿੱਤਾ ਗਿਆ। ਪੰਡਤ ਨੇ ਆਸ਼ਾ ਵਲੋਂ ਗੌਰ-ਪੂਜਨ ਸ਼ੁਰੂ ਕੀਤਾ ਤੇ ਫੇਰ ਲੜਕੇ 'ਤੇ ਲੜਕੀ ਦੇ ਹੱਥ ਪੀਲੇ ਕਰਨ ਤੋਂ ਬਾਅਦ ਉਨ੍ਹਾਂ ਦਾ ਗ੍ਰੰਥੀ-ਬੰਧਨ ਕੀਤਾ ਗਿਆ।

ਤੇ ਫੇਰ ਹਵਨ ਹੋਣ ਲੱਗਿਆ।

ਅਗਨੀ ਉੱਤੋਂ ਦੀ ਤਿੰਨ ਫੇਰੇ ਲਏ ਗਏ। ਲੜਕੀ ਅੱਗੇ ਤੇ ਲੜਕਾ ਪਿੱਛੇ। ਚੌਥੇ ਫੇਰੇ ਨੂੰ ਲੜਕਾ ਅੱਗੇ ਤੇ ਲੜਕੀ ਪਿੱਛੇ। ਚੌਥਾ ਫੇਰਾ ਤਾਂ ਅਜੇ ਸ਼ੁਰੂ ਹੀ ਹੋਇਆ ਸੀ ਕਿ ਆਸ਼ਾ ਧੈਂਹ ਦੇ ਕੇ ਪਟੜੇ ਉੱਤੇ ਡਿੱਗ ਪਈ। ਬੁੜ੍ਹੀਆਂ ਫੇਰੇ ਦਿਵਾਉਣ ਵਾਲੇ ਇੱਕ ਬੰਦੇ ਨੂੰ ਹਾਲ-ਹਾਲ ਕਰਨ ਲੱਗੀਆਂ। ਓਸੇ ਨੇ ਆਸ਼ਾ ਨੂੰ ਸੰਭਾਲਿਆ ਹੋਇਆ ਸੀ। ਕਹਿ ਰਹੀਆਂ ਸਨ, 'ਵੇ ਭਾਈ , ਤੂੰ ਸਹਾਰਾ ਦੇ ਕੇ ਰੱਖਣਾ ਸੀ ਕੁੜੀ ਨੂੰ।' ਇੱਕ ਹੋਰ ਬੋਲੀ, 'ਵੇ ਸੰਤੂ ਕਾਣਿਆ, ਤੈਨੂੰ ਦਿਸਿਆ ਨਾ?'

ਸੰਤੂ ਦਾ ਜਵਾਬ ਕਿਸੇ ਨੇ ਨਹੀਂ ਸੁਣਿਆ। ਕਿਸੇ ਹੋਰ ਨੇ ਫਟਾ-ਫਟ ਆਸ਼ਾ ਨੂੰ ਬਾਹੋਂ ਫੜ ਕੇ ਖੜ੍ਹਾ ਕੀਤਾ, ਪਰ ਉਹ ਤਾਂ ਫੇਰ ਲੁੜ੍ਹਕ ਗਈ। ਥਾਂ ਦੀ ਥਾਂ ਢੇਰੀ ਹੋ ਗਈ। ਮਾਂ ਨੇ ਆ ਕੇ ਉਹਦਾ ਮੂੰਹ ਨੰਗਾ ਕੀਤਾ। ਉਹਦੀ ਤਾਂ ਦੰਦ ਬੀੜ ਜੁੜੀ ਪਈ ਸੀ। ਸੰਤੂ ਨੇ ਉਹਨੂੰ ਗੋਦੀ ਚੁੱਕਿਆ ਤੇ ਅਗਨੀ ਉੱਤੋਂ ਦੀ ਮੁੰਡੇ ਦੇ ਮਗਰ-ਮਗਰ ਗੇੜਾ ਦਿਵਾ ਦਿੱਤਾ ਤੇ ਫੇਰ ਓਵੇਂ ਹੀ ਸੰਤੂ ਉਹਨੂੰ ਗੋਦੀ ਚੁੱਕ ਕੇ ਅੰਦਰ ਕਮਰੇ ਵਿੱਚ ਲੈ ਗਿਆ।

ਸਪਤ ਪਦੀ ਦਾ ਉਚਾਰਨ ਪੰਡਤ ਨੇ ਆਸ਼ਾ ਦੀ ਗੈਰ-ਹਾਜ਼ਰੀ ਵਿੱਚ ਕਰ ਦਿੱਤਾ ਤੇ ਗੋ-ਦਾਨ ਵੀ, ਮੰਗਲੀਕਰਨ ਹੋਇਆ ਹੀ ਨਹੀਂ।

ਬਰਾਤ ਵਾਲੇ ਹੈਰਾਨ ਸਨ। ਹੇਮ ਚੰਦ ਪੂਰੀ ਚਿੰਤਾ ਵਿੱਚ ਸੀ। ਸੰਤੂ ਵੇਦੀ ਕੋਲ ਆਇਆ ਤੇ ਸਹਿਜ ਸੁਭਾਓ ਜਿਹਾ ਦੱਸਣ ਲੱਗਿਆ-'ਹੁਣ ਠੀਕ ਐ।' ਤੇ ਫੇਰ ਉਹਨੇ ਪੰਡਤ ਨੂੰ ਪੁੱਛਿਆ-'ਫੇਰ ਲੈ ਕੇ ਆਈਏ ਲੜਕੀ ਨੂੰ?'

'ਨਹੀਂ ਨਹੀਂ, ਬੱਸ, ਵਿਆਹ ਪੱਧਤੀ ਅਨੁਸਾਰ ਤਾਂ ਸਭ ਹੋ ਗਿਐ। ਹੁਣ ਆਪਣੀ ਸਿਕਸ਼ਾ ਵਿਕਸ਼ਾ ਦਾ ਕਰਨ ਕੁੜੀਆਂ ਜੋ ਕਰਨੈ। ਹਰੀ ਓਮ !' ਪੰਡਤ ਨੇ ਡਕਾਰ ਮਾਰਿਆ।

ਵੇਦੀ ਕੋਲ ਬੈਠੀਆਂ ਰਿਸ਼ਤੇਦਾਰ ਬੁੜ੍ਹੀਆਂ ਕਹਿ ਰਹੀਆਂ ਹਨ, 'ਵਿਚਾਰੀ ਦੇ ਪਿਓ ਨ੍ਹੀ ਨਾ, ਕਿੱਦਣ ਦੀ ਰੋਈ ਜਾਂਦੀ ਐ ਇਹ ਤਾਂ।'

ਕੋਈ ਕਹਿ ਰਹੀ ਸੀ, 'ਮਾਂ ਦਾ ਹੌਲ ਵੱਡੈ ਇਹਨੂੰ ਤਾਂ। ਅਖੇ 'ਕੱਲੀ ਰਹਿ ਜੂਗੀ।'

ਕਿਸੇ ਹੋਰ ਨੇ ਕਿਹਾ, 'ਕੋਈ ਭਾਈ-ਭਰਾ ਹੁੰਦਾ ਤਾਂ ਵੀ ਸੀ।'

ਇੱਕ ਹੋਰ ਕਹਿੰਦੀ, 'ਨੱਗਰ-ਖੇੜਾ ਛੱਡਣਾ ਕਿਤੇ ਸੌਖੇ? ਦੰਦਲਾਂ ਨਾ ਪੈਣ ਤਾਂ ਹੋਰ ਕੀ ਹੋਵੇ?'

'ਲੈ ਭੈਣੇ, ਸੁੱਖੀਂ-ਸਾਂਦੀ ਆਪਣੇ ਘਰ ਜਾਵੇ। ਵਸੇ-ਰਸੇ। ਮਾਂ ਦੇ ਦਿਨ ਵੀ ਨਿੱਕਲ ਜਾਣਗੇ ਕਿਮੇਂ ਨਾ ਕਿਮੇਂ। ਇੱਕ ਸਿਆਣੀ ਬੁੜ੍ਹੀ ਨੇ ਆਖਰੀ ਗੱਲ ਆਖੀ।

ਬਰਾਤ ਵਿਚੋਂ ਇੱਕ ਕੋਈ ਕੋਲ ਖੜ੍ਹੇ ਕੁੜੀ ਵੱਲ ਦੇ ਕਿਸੇ ਰਿਸ਼ਤੇਦਾਰ ਨੂੰ ਪੁੱਛ ਰਿਹਾ ਸੀ, 'ਪਹਿਲਾਂ ਵੀ ਦੌਰਾ ਪੈ ਜਾਂਦਾ ਕੁੜੀ ਨੂੰ?'

''ਨਾ ਨਾ, ਸੁਣਿਆ ਈ ਨ੍ਹੀ ਸੀ ਕਦੇ। ਇਹ ਤਾਂ ਹੁਣ...'

'ਹਾਂ ਹੋ ਜਾਂਦੈ ਕਦੇ-।' ਬਰਾਤੀ ਨੇ ਆਪ ਹੀ ਜਵਾਬ ਲੈ ਲਿਆ।

ਹੇਮ ਚੰਦ ਨੂੰ ਪਟੜੇ ਤੋਂ ਉਠਾ ਕੇ ਮੁੜ ਓਥੇ ਹੀ ਬਿਠਾ ਦਿੱਤਾ ਗਿਆ। ਲਾਊਡ ਸਪੀਕਰ ਉੱਤੇ ਇੱਕ ਕੁੜੀ ਨੇ 'ਸਿੱਖਿਆ' ਪੜ੍ਹੀ ਤੇ ਫੇਰ ਬਰਾਤੀਆਂ ਵਲੋਂ ਸਾਈ ਉੱਤੇ ਲਿਆਂਦਾ ਇੱਕ ਸ਼ੁਕੀਨ ਜਿਹਾ ਮੁੰਡਾ ਤੂੰਬੀ ਲੈ ਕੇ 'ਸੇਹਰਾ' ਪੜ੍ਹਨ ਲੱਗਿਆ। ਢੋਲਕ ਦੀ ਥਾਪ ਨੇ ਰੰਗ ਬੰਨ੍ਹ ਦਿੱਤਾ। ਸਾਰੇ ਬਰਾਤੀ, ਕੁੜੀ ਨਾਲ ਰਿਸ਼ਤੇਦਾਰ ਤੇ ਵਿਹੜੇ ਵਿੱਚ

ਫਿਰਦੇ-ਤੁਰਦੇ ਬਾਕੀ ਸਭ ਖ਼ੁਸ਼ ਸਨ, ਸੇਹਰਾ ਗਾਉਣ ਵਾਲੇ ਮੁੰਡੇ ਨੂੰ ਦੋ-ਦੋ, ਪੰਜ-ਪੰਜ ਤੇ ਦਸ-ਦਸ ਦੇ ਨੋਟ ਲਗਾਤਾਰ ਦਿੱਤੇ ਜਾ ਰਹੇ ਸਨ। ਇਹ ਤਾਂ ਕਿਸੇ ਨੂੰ ਯਾਦ ਚੇਤੇ ਵੀ ਨਹੀਂ ਰਹਿ ਗਿਆ ਹੋਵੇਗਾ ਕਿ ਵਿਆਹੁਲੀ ਕੁੜੀ ਨੂੰ ਦੌਰਾ ਪਿਆ ਸੀ।

ਆਸ਼ਾ ਚਾਰ ਕੁ ਸਾਲਾਂ ਦੀ ਹੋਵੇਗੀ ਜਦੋਂ ਉਹਦਾ ਬਾਪ ਮਰ ਗਿਆ। ਉਹ ਰੇਲਵੇ ਵਿੱਚ ਬੁਕਿੰਗ-ਕਲਰਕ ਸੀ ਤੇ ਪਿਛਲੇ ਪੰਦਰਾਂ ਸਾਲਾਂ ਤੋਂ ਉਸ ਸ਼ਹਿਰ ਵਿੱਚ ਟਿਕਿਆ ਹੋਇਆ ਸੀ। ਰੇਲਵੇ-ਕੁਆਟਰਾਂ ਵਿੱਚ ਰਹਿੰਦਾ। ਉਹਨੂੰ ਸਾਰੀ ਮੰਡੀ ਜਾਣਦੀ ਸੀ। ਮੰਡੀ ਦੇ ਦੁਕਾਨਦਾਰਾਂ, ਸਰਕਾਰੀ ਮੁਲਾਜ਼ਮਾਂ ਤੇ ਸ਼ਹਿਰ ਦੇ ਆਮ ਲੋਕਾਂ ਦਾ ਕਿਸੇ ਨਾ ਕਿਸੇ ਤਰ੍ਹਾਂ ਉਹਦੇ ਨਾਲ ਵਾਹ ਰਹਿੰਦਾ। ਸਵੇਰ ਦੀਆਂ ਗੱਡੀਆਂ ਭੁਗਤਾ ਕੇ ਉਹ ਹੱਥ ਵਿੱਚ ਦੋ ਥੈਲੇ ਫੜਦਾ ਤੇ ਮੰਡੀ ਵਿੱਚ ਨਿੱਕਲ ਜਾਂਦਾ। ਕਿਤੋਂ ਕੁਝ ਤੇ ਕਿਤੋਂ ਕੁਝ ਘਰ ਵਾਸਤੇ ਨਿੱਕ-ਸੁੱਕ ਦੇ ਦੋਵੇਂ ਥੈਲੇ ਭਰੀ ਉਹ ਕੁਆਟਰ ਵਿੱਚ ਪਹੁੰਚਦਾ। ਸਾਰੀ ਮੰਡੀ ਵਿੱਚ ਗੇੜਾ ਦਿੰਦਾ। ਹਰ ਦੁਕਾਨਦਾਰ ਨਾਲ ਉਹਦਾ ਹਾਸਾ-ਮਖੌਲ ਚਲਦਾ ਰਹਿੰਦਾ। ਹਰ ਕੋਈ ਉਹਦੇ ਕੋਲੋਂ ਖ਼ੁਸ਼ ਹੁੰਦਾ। ਕੁਆਟਰ ਵਿੱਚ ਆ ਕੇ ਉਹ ਦਾਤਣ-ਕੁਰਲਾ ਕਰਦਾ ਤੇ ਚਾਹ ਪੀਂਦਾ। ਫੇਰ ਨਹਾ-ਧੋ ਕੇ ਨਵੇਂ ਕੱਪੜੇ ਪਾ ਲੈਂਦਾ। ਨਵੇਂ ਕੱਪੜੇ ਧੋਤੇ ਹੋਏ ਤੇ ਲੋਹਾ ਕੀਤੇ ਹੁੰਦੇ ਬੱਸ। ਹਮੇਸ਼ਾਂ ਹੀ ਖਾਕੀ ਜੀਨ ਦੀ ਪੈਂਟ ਤੇ ਸਫੈਦ ਕਮੀਜ਼। ਦੂਜਾ ਕੱਪੜਾ ਉਹਦੇ ਤਨ ਨੂੰ ਲੱਗਿਆ ਕਦੇ ਕਿਸੇ ਨੇ ਦੇਖਿਆ ਨਹੀਂ ਸੀ। ਸਿਆਲਾਂ ਵਿੱਚ ਨੀਲਾ ਕੋਟ ਜ਼ਰੂਰ ਵਧ ਜਾਂਦਾ।

ਵਿਆਹ ਤੋਂ ਦਸ ਸਾਲ ਬਾਅਦ ਮਸਾਂ ਕਿਤੇ ਜਾ ਕੇ ਉਹਦੇ ਘਰ ਇਹ ਇੱਕ ਲੜਕੀ ਪੈਦਾ ਹੋਈ। ਉਹਦਾ ਵਿਆਹ ਵੀ ਉਸ ਸ਼ਹਿਰ ਵਿੱਚ ਆ ਕੇ ਹੋਇਆ ਸੀ।

ਉਹ ਦਿਲ ਦਾ ਮਰੀਜ਼ ਸੀ। ਬਹੁਤ ਝੋਰਾ ਉਹ ਇਸ ਗੱਲ ਦਾ ਕਰਦਾ ਕਿ ਉਹਦੇ ਘਰ ਕੋਈ ਮੁੰਡਾ ਕਿਉਂ ਨਹੀਂ। ਉਹ ਮਰਿਆ ਤਾਂ ਸਾਰੀ ਮੰਡੀ ਵਿੱਚ ਹਾਹਾਕਾਰ ਮੱਚ ਗਈ। ਹਰ ਕੋਈ ਬਾਬੂਆਣੀ ਦੇ ਕੁਆਟਰ ਵਿੱਚ ਅਫ਼ਸੋਸ ਕਰਨ ਆਇਆ।

ਰੇਲਵੇ ਵਾਲਿਆਂ ਨੇ ਚਾਰ ਮਹੀਨਿਆਂ ਤੱਕ ਆਸ਼ਾ ਦੀ ਮਾਂ ਤੋਂ ਕੁਆਟਰ ਖ਼ਾਲੀ ਨਹੀਂ ਕਰਵਾਇਆ।

ਪੈਨਸ਼ਨ ਦੇ ਕਾਗਜ਼ਾਂ ਦੇ ਨਾਲ ਹੀ ਉਹਨੂੰ ਰੇਲਵੇ ਮਹਿਕਮੇ ਵਲੋਂ ਦਸ ਹਜ਼ਾਰ ਰੁਪਿਆ ਇਕੱਠਾ ਵੀ ਮਿਲ ਗਿਆ। ਕੁਝ ਰੁਪਿਆ ਉਸ ਰੇਲਵੇ-ਸਟੇਸ਼ਨ ਦੇ ਮੁਲਾਜ਼ਮਾਂ ਨੇ ਆਪਣੇ ਵਲੋਂ ਇਕੱਠਾ ਕੀਤਾ। ਚਾਰ-ਪੰਜ ਹਜ਼ਾਰ ਮੰਡੀ ਦੇ ਦੁਕਾਨਦਾਰਾਂ ਨੇ ਉਗਰਾਹ ਲਿਆ। ਨਵੀਂ ਬਸਤੀ ਵਿੱਚ ਆਸ਼ਾ ਦੀ ਮਾਂ ਨੇ ਇੱਕ ਛੋਟਾ ਜਿਹਾ ਪਲਾਟ ਲੈ ਕੇ ਕਮਰੇ ਛਤਾ ਲਏ।

ਸਿਲਾਈ ਮਸ਼ੀਨ ਦਾ ਕੰਮ ਉਹ ਜਾਣਦੀ ਸੀ। ਆਂਢ-ਗੁਆਂਢ ਵਿਚੋਂ ਕੱਪੜੇ ਆਉਣ ਲੱਗ ਪਏ। ਸੌ ਰੁਪਿਆ ਮਹੀਨਾ ਉਹਦੀ ਪੈਨਸ਼ਨ ਆ ਜਾਂਦੀ। ਉਹ ਵਾਹਵਾ ਰੋਟੀ ਖਾਣ ਲੱਗੀ ਤੇ ਰੱਬ ਦਾ ਸ਼ੁਕਰ ਗੁਜ਼ਾਰਿਆ।

ਅਗਲੇ ਸਾਲ ਹੀ ਉਹਨੇ ਆਸ਼ਾ ਨੂੰ ਸਕੂਲ ਭੇਜ ਦਿੱਤਾ। ਪ੍ਰਾਇਮਰੀ ਸਕੂਲ ਉਸ ਬਸਤੀ ਵਿੱਚ ਨਵਾਂ ਖੁੱਲ੍ਹ ਗਿਆ ਸੀ। ਪੰਜ ਜਮਾਤਾਂ ਕਰਕੇ ਉਹ ਸ਼ਹਿਰ ਦੇ ਗਰਲ ਹਾਈ ਸਕੂਲ ਵਿੱਚ ਜਾਣ ਲੱਗੀ।

ਮਾਂ ਚਾਹੁੰਦੀ ਸੀ ਕਿ ਆਸ਼ਾ ਦਸ ਜਮਾਤਾਂ ਪਾਸ ਕਰ ਲਵੇ ਤਾਂ ਉਹ ਕੋਈ ਚੰਗਾ ਮੁੰਡਾ ਲੱਭ ਕੇ ਉਹਨੂੰ ਘਰੋਂ ਤੋਰ ਦੇਵੇ। ਘਰ ਦਾ ਖਰਚ ਤਾਂ ਉਹ ਪੈਨਸ਼ਨ ਨਾਲ ਹੀ ਤੋਰ ਰਹੀ ਸੀ। ਮਸ਼ੀਨ ਦੀ ਕਮਾਈ ਬੈਂਕ ਵਿੱਚ ਜਮ੍ਹਾ ਕਰਵਾਉਂਦੀ ਰਹਿੰਦੀ ਤੇ ਜਾਂ ਫਿਰ ਆਸ਼ਾ ਲਈ ਕੋਈ ਚੀਜ਼ ਖ਼ਰੀਦ ਲੈਂਦੀ, ਜੋ ਉਹਨੂੰ ਦਾਜ ਵਿੱਚ ਦਿੱਤੀ ਜਾ ਸਕੇ।

ਦਸਵੀਂ ਪਾਸ ਕਰਨ ਤੱਕ ਉਹਦੀ ਮਾਂ ਨੇ ਉਹਦੇ ਵਿਆਹ ਲਈ ਖਾਸਾ ਕੁਝ ਬਣਾ ਲਿਆ ਸੀ। ਉਹ ਤਾਂ ਕਹਿੰਦੀ ਸੀ, 'ਚਾਹੇ ਅੱਜ ਉਹਨੂੰ ਕੋਈ ਮੁੰਡਾ ਲੱਭ ਪਵੇ ਤਾਂ ਉਹ ਆਸ਼ਾ ਨੂੰ ਘਰੋਂ ਤੁਰਦੀ ਕਰੇ।

ਉਹਨੇ ਆਪਣੇ ਭਰਾਵਾਂ ਨੂੰ ਕਈ ਵਾਰ ਆਖਿਆ ਕਿ ਉਹ ਆਸ਼ਾ ਲਈ ਕੋਈ ਮੁੰਡਾ ਲੱਭਣ। ਭਰਾ ਬਹੁਤ ਕੋਸ਼ਿਸ਼ ਵਿੱਚ ਸਨ, ਪਰ ਕਿਧਰੇ ਵੀ ਕੋਈ ਗੱਲ ਨਹੀਂ ਤੁਰ ਸਕੀ। ਰੇਲਵੇ ਸਟੇਸ਼ਨ ਦੇ ਪੁਰਾਣੇ ਮੁਲਾਜ਼ਮਾਂ ਕੋਲ ਜਾ ਕੇ ਗੱਲ ਕਰਦੀ। ਉਹਦੇ ਪਤੀ ਦੇ ਕੁਲੀਗ ਉਹਦੇ ਨਾਲ ਹਮਦਰਦੀ ਦੀਆਂ ਗੱਲਾਂ ਤਾਂ ਬਹੁਤ ਕਰਦੇ, ਮੁੰਡਿਆਂ ਦੇ ਨਾਉਂ ਗਿਣਾ ਦਿੰਦੇ, ਪਰ ਕਰਦਾ-ਕਰਾਉਂਦਾ ਕੋਈ ਕਿਧਰੇ ਕੁਝ ਵੀ ਨਹੀਂ ਸੀ।

ਆਸ਼ਾ ਦੀ ਮਾਂ ਦਾ ਜੀਅ ਕਰਦਾ ਕਿ ਉਹਨੂੰ ਕੋਈ ਅਜਿਹਾ ਮੁੰਡਾ ਮਿਲੇ, ਜੋ ਇਕੱਲਾ ਹੋਵੇ ਤੇ ਜਿਸ ਦੇ ਮਾਂ-ਬਾਪ ਹੋਣ ਹੀ ਨਾ। ਉਹ ਉਹਨੂੰ ਆਪਣਾ ਘਰ ਜਵਾਈ ਬਣਾ ਕੇ ਰੱਖ ਲਵੇ। ਉਹਦੇ ਘਰ ਨੂੰ ਸਾਰੇ ਰੰਗ-ਭਾਗ ਲੱਗ ਜਾਣ। ਉਹਨੂੰ ਉਹਦਾ ਰੰਡੇਪਾ ਭੁੱਲ ਜਾਵੇ।

ਮੁੰਡਾ ਲੱਭਦਾ ਨਾ ਦੇਖ ਕੇ ਆਸ਼ਾ ਨੇ ਖ਼ੁਦ ਹੀ ਮਾਂ ਨੂੰ ਸਲਾਹ ਦਿੱਤੀ ਕਿ ਉਹ ਕਾਲਜ ਵਿੱਚ ਕਿਉਂ ਨਾ ਦਾਖ਼ਲ ਹੋ ਜਾਵੇ। ਵਿਹਲੀ ਘਰ ਬੈਠਕੇ ਕੀ ਕਰੇਗੀ?

ਮਾਂ ਕਹਿੰਦੀ, 'ਤੇਰੀਆਂ ਕਾਪੀਆਂ-ਕਿਤਾਬਾਂ ਤੇ ਫ਼ੀਸਾਂ ਦਾ ਖਰਚ ਕੌਣ ਭਰੂ ਧੀਏ?"

ਉਹ ਆਖਣ ਲੱਗੀ, 'ਅੱਜ ਤੋਂ ਮੰਮੀ ਮੈਂ ਥੋੜੇ ਨਾਲ ਮਸ਼ੀਨ 'ਤੇ ਬੈਠਿਆ ਕਰੂੰ। ਐਨੀਆਂ ਮੇਰੀਆਂ ਸਹੇਲੀਆਂ ਨੇ। ਸਾਰੀਆਂ ਦੇ ਘਰੀ ਜਾ ਕੇ ਕੱਪੜੇ ਲਿਆਇਆ ਕਰੂੰ। ਮੇਰੀ ਪੜ੍ਹਾਈ ਤੇ ਕਿੰਨਾ ਕੁ ਖਰਚ ਹੋਣੈ ਆਪਣਾ।'

ਉਸ ਸ਼ਹਿਰ ਵਿੱਚ ਇੱਕੋ-ਇੱਕ ਸਰਕਾਰੀ ਕਾਲਜ ਸੀ, ਜਿਸ ਵਿੱਚ ਮੁੰਡੇ ਕੁੜੀਆਂ ਇਕੱਠੇ ਪੜ੍ਹਦੇ। ਆਸ਼ਾ ਬੀ. ਏ. ਦੇ ਦੂਜੇ ਭਾਗ ਵਿੱਚ ਸੀ ਜਦੋਂ ਉਨ੍ਹਾਂ ਦੇ ਘਰ ਉਹਦੇ ਨਾਲ ਇੱਕ ਮੁੰਡਾ ਆਉਣ ਲੱਗ ਪਿਆ। ਬੜਾ ਸਾਊ, ਬੜਾ ਹੀ ਪਿਆਰਾ। ਆਸ਼ਾ ਦੀ ਮਾਂ ਉਹਨੂੰ ਬਹੁਤ ਮੋਹ ਕਰਦੀ। ਉਹਨੂੰ ਲੱਗਦਾ ਜਿਵੇਂ ਉਹ ਆਪਣਾ ਹੀ ਕੋਈ ਪੁੱਤ ਹੋਵੇ। ਉਹ ਸ਼ਰਮਾਕਲ ਬੜਾ ਸੀ। ਆਂਢ-ਗੁਆਂਢ ਦੇ ਲੋਕ ਸਮਝਦੇ ਜਿਵੇਂ ਉਨ੍ਹਾਂ ਦੇ ਘਰ ਆਸ਼ਾ ਦੇ ਨਾਲ ਆਉਂਦਾ ਮੁੰਡਾ ਉਨ੍ਹਾਂ ਦਾ ਕੋਈ ਰਿਸ਼ਤੇਦਾਰ ਹੋਵੇ। ਕਾਲਜ ਦੇ ਮੁੰਡੇ-ਕੁੜੀਆਂ ਵੀ ਇਹੀ ਸੋਚਦੇ। ਕਾਲਜ ਵਿੱਚ ਤੇ ਘਰ ਵਿੱਚ ਵੀ ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ।

ਸ਼ੇਖਰ ਨੇੜੇ ਦੇ ਪਿੰਡ ਤੋਂ ਸਾਈਕਲ ਉੱਤੇ ਕਾਲਜ ਆਉਂਦਾ ਹੁੰਦਾ। ਰੋਟੀ ਉਹ ਆਪਣੀ ਨਾਲ ਲੈ ਕੇ ਆਉਂਦਾ। ਕੁਝ ਖਾ ਆਉਂਦਾ। ਕੁਝ ਨਾਲ ਲੈ ਆਉਂਦਾ। ਨਿੱਕਾ ਜਿਹਾ ਡੱਬਾ, ਹੱਥ ਵਿੱਚ ਫ਼ੜੀ ਇੱਕ ਕਾਪੀ ਤੇ ਦੋ ਕਿਤਾਬਾਂ ਨਾਲ ਉਹਦਾ ਡੱਬਾ ਵੀ

ਇੱਕ ਕਿਤਾਬ ਹੀ ਲੱਗਦਾ। ਕਿਤਾਬਾਂ ਤੇ ਡੱਬੇ ਨੂੰ ਉਹ ਸਾਈਕਲ ਦੇ ਕੈਰੀਅਰ ਵਿੱਚ ਅੜੁੰਗ ਲੈਂਦਾ। ਭੁੱਖ ਲੱਗੀ ਤੋਂ ਕਾਲਜ ਕੰਟੀਨ ਵਿੱਚ ਬੈਠ ਕੇ ਚਾਹ ਨਾਲ ਰੋਟੀ ਖਾਂਦਾ। ਆਸ਼ਾ ਉਹਦੇ ਨਾਲ ਹੁੰਦੀ ਤਾਂ ਉਹ ਵੀ ਚਾਹ ਪੀਂਦੀ। ਸੁਆਦ ਦੇਖਣ ਵਜੋਂ ਹੀ ਉਹਦੇ ਡੱਬੇ ਵਿਚੋਂ ਅੱਧੀ ਰੋਟੀ ਤੋੜ ਕੇ ਖਾਣ ਲੱਗਦੀ।

ਕਦੇ-ਕਦੇ ਆਸ਼ਾ ਹਿੰਡ ਕਰਦੀ ਤੇ ਸ਼ੇਖਰ ਨੂੰ ਖਿੱਚ ਕੇ ਆਪਣੇ ਘਰ ਲੈ ਜਾਂਦੀ, ਘਰ ਜਾ ਕੇ ਉਹਦੀਆਂ ਰੋਟੀਆਂ ਤਵੇ ਉੱਤੇ ਤੱਤੀਆਂ ਕਰਦੀ ਤੇ ਆਪਣੀਆਂ ਰੋਟੀਆਂ ਵਿਚਕਾਰ ਰੱਖ ਲੈਂਦੀ। ਉਹ ਦੋਵੇਂ ਇਕੱਠੇ ਰੋਟੀ ਖਾਂਦੇ। ਉਹ ਮਾਂ ਨੂੰ ਚੰਗੇ-ਚੰਗੇ ਲੱਗਦੇ। ਜਿਵੇਂ ਮਾਂ ਦਾ ਕੋਈ ਸੰਸਾਰ ਵਸ ਗਿਆ ਹੋਵੇ। ਉਹ ਸ਼ੇਖਰ ਨੂੰ ਤਾੜਨ ਲੱਗਦੀ-"ਪੁੱਤ, ਇਹ ਠੰਢੀਆਂ ਰੋਟੀਆਂ ਕਾਹਨੂੰ ਚੱਕ ਲਿਆਉਨਾਂ ਹੁੰਨੈ? ਐਥੇ ਘਰ ਆ ਕੇ ਆਸ਼ੂ ਨਾਲ ਈ ਖਾ ਲਿਆ ਕਰ ਰੋਟੀ।"

ਉਹ ਹੱਸਦਾ, 'ਨਿੱਤ ਕੌਣ ਦਿੰਦੇ ਦੋੜਾਂ ਮੈਨੂੰ, ਮੰਮੀ ਜੀ।'

'ਲੈ, ਨਿੱਤ ਨੂੰ ਕੀਹ ਐ। ਤੇਰੀਆਂ ਦੋ ਬੁਰਕੀਆਂ ਨਾਲ ਕੀ ਬਖਾਰੀ ਊਣੀ ਹੁੰਦੀ ਐ, ਭਾਈ?'

ਸ਼ੇਖਰ ਤੇ ਮਾਂ ਦੀਆਂ ਗੱਲਾਂ ਸੁਣ ਕੇ ਆਸ਼ਾ ਖ਼ੁਸ਼ ਹੁੰਦੀ। ਉਹਦੀਆਂ ਅੱਖਾਂ ਹੱਸਣ ਲੱਗਦੀਆਂ ਤੇ ਫੇਰ ਕਦੇ-ਕਦੇ ਜਿਸ ਦਿਨ ਉਹਦਾ ਜੀਅ ਕਰਦਾ ਉਹ ਰਾਤ ਵੀ ਉਨ੍ਹਾਂ ਦੇ ਘਰ ਰਹਿ ਪੈਂਦਾ। ਦੋਵੇਂ ਮਾਵਾਂ-ਧੀਆਂ ਇੱਕ ਕਮਰੇ ਵਿੱਚ ਸੌਂਦੀਆਂ ਤੇ ਸ਼ੇਖਰ ਦੂਜੇ ਕਮਰੇ ਵਿੱਚ। ਇਹ ਵੱਖਰੀ ਗੱਲ ਸੀ ਕਿ ਅੱਧੀ ਰਾਤ ਤੱਕ ਤਿੰਨੇ ਜਣੇ ਇੱਕੋ ਥਾਂ ਬੈਠ ਕੇ ਦੁਨੀਆਂ ਭਰ ਦੀਆਂ ਗੱਲਾਂ ਕਰ ਮਾਰਦੇ।

ਅਪ੍ਰੈਲ ਵਿੱਚ ਇਮਤਿਹਾਨ ਸਨ। ਮਾਰਚ ਦੇ ਪਹਿਲੇ ਹਫ਼ਤੇ ਹੀ ਉਨ੍ਹਾਂ ਨੂੰ ਫ੍ਰੀ ਕਰ ਦਿੱਤਾ ਗਿਆ। ਇਮਤਿਹਾਨ ਤੋਂ ਪਹਿਲਾਂ ਮਹੀਨਾ ਭਰ ਉਹ ਉਨ੍ਹਾਂ ਦੇ ਘਰ ਰਿਹਾ।

ਸਾਰਾ ਸਾਰਾ ਦਿਨ ਉਹ ਇਕੱਠੇ ਬੈਠੇ ਰਹਿੰਦੇ। ਰਾਤ ਨੂੰ ਵੀ ਅੱਧੀ ਰਾਤ ਤੱਕ ਪੜ੍ਹਦੇ, ਇੱਕੋ ਕਮਰੇ ਵਿੱਚ, ਸੌਣ ਵੇਲੇ ਆਸ਼ਾ ਮਾਂ ਕੋਲ ਆ ਪੈਂਦੀ। ਦੋਵੇਂ ਵਕਤ ਦੀ ਰੋਟੀ ਮਾਂ ਬਣਾਉਂਦੀ। ਜਿੰਨੇ ਵਾਰ ਉਹ ਚਾਹ ਮੰਗਦੇ, ਚਾਹ ਕਰ ਦਿੰਦੀ। ਦੋਵਾਂ ਨੇ ਹੀ ਬੜਾ ਦਿਲ ਲਾ ਕੇ ਪੜ੍ਹਾਈ ਕੀਤੀ। ਇਮਤਿਹਾਨ ਸ਼ੁਰੂ ਹੋਣ ਵਾਲੇ ਦਿਨ ਦੋਵਾਂ ਦੇ ਹੀ ਚਿਹਰੇ ਉਤਰੇ ਹੋਏ ਸਨ, ਅੱਖਾਂ ਅੰਦਰ ਨੂੰ ਧਸੀਆਂ ਹੋਈਆਂ। ਪਰ ਮਨਾਂ ਵਿੱਚ ਇੱਕ ਗਰੂਰ ਸੀ। ਇੱਕ ਸ਼ਕਤੀ। ਦੋਵਾਂ ਦੇ ਹੀ ਪਰਚੇ ਵਧੀਆ ਹੋਏ।

ਇਮਤਿਹਾਨ ਮੁੱਕੇ ਤੋਂ ਸ਼ੇਖਰ ਆਪਣੇ ਪਿੰਡ ਨੂੰ ਚਲਿਆ ਗਿਆ। ਪੰਦਰਾਂ ਦਿਨ ਮੁੜ ਕੇ ਸ਼ਹਿਰ ਨਾ ਆਇਆ। ਵੀਹ ਦਿਨ ਤੇ ਫੇਰ ਮਹੀਨਾ ਨਿੱਕਲ ਗਿਆ। ਆਸ਼ਾ ਉਹਦਾ ਫ਼ਿਕਰ ਕਰਦੀ। ਮਾਂ ਨੇ ਕਈ ਵਾਰ ਯਾਦ ਕੀਤਾ-"ਕੁੜੇ ਆਸ਼ੂ, ਸ਼ੇਖਰ ਤਾਂ ਮੁੜ ਕੇ ਬਹੁੜਿਆ ਈ ਨਾ।"

'ਘਰ ਦਿਆਂ ਨੇ ਕੰਮ 'ਚ ਪਾ ਲਿਆ ਹੋਣੈ, ਮੰਮੀ। ਪਿਤਾ ਜੀ ਬੜੇ ਲਾਲਚੀ ਨੇ।' ਆਸ਼ਾ ਜਵਾਬ ਕਰਦੀ।

ਇੱਕ ਦਿਨ ਮਾਂ ਨੇ ਸਲਾਹ ਬਣਾਈ-'ਚੱਲ ਉਹਦੇ ਪਿੰਡ ਚੱਲ ਕੇ ਆਈਏ। ਉਹਨੇ ਤਾਂ ਉੱਤਾ ਈ ਨਾ ਵਾਚਿਆ। ਕਿਤੇ ਬੀਮਾਰ ਈ ਨਾ ਹੋਵੇ, ਚੰਦਰਾ।'

ਦੋਵੇਂ ਜਣੀਆਂ ਪਿੰਡ ਗਈਆਂ। ਪੁੱਛ ਕੇ ਘਰ ਪਹੁੰਚੀਆਂ। ਪਤਾ ਲੱਗਿਆ, ਉਹ ਤਾਂ ਹੈ ਹੀ ਨਹੀਂ। ਮਾਮੇ ਦੇ ਮੁੰਡੇ ਨਾਲ ਕਲਕੱਤੇ ਨੂੰ ਚਲਿਆ ਗਿਆ ਹੈ। ਕਲਕੱਤੇ ਉਹਦੇ ਮਾਮੇ ਦੇ ਮੁੰਡੇ ਦੀਆਂ ਟੈਕਸੀਆਂ ਚੱਲਦੀਆਂ ਸਨ। ਸੈਰ ਕਰਨ ਸ਼ੇਖਰ ਉਹਦੇ ਨਾਲ ਚਲਿਆ ਗਿਆ। ਉਨ੍ਹਾਂ ਦੇ ਘਰਦਿਆਂ ਨੂੰ ਵੀ ਉਦੋਂ ਹੀ ਪਤਾ ਲੱਗਿਆ, ਜਦ ਕਲਕੱਤੇ ਤੋਂ ਦਸਾਂ ਦਿਨਾਂ ਬਾਅਦ ਉਹਦੀ ਚਿੱਠੀ ਪਿੰਡ ਆਈ। ਮਾਮੇ ਦਾ ਮੁੰਡਾ ਤੇ ਉਹ ਪਤਾ ਨਹੀਂ ਕਿੱਥੇ ਮਿਲੇ ਤੇ ਉਹ ਉਹਦੇ ਨਾਲ ਕਲਕੱਤੇ ਨੂੰ ਸਿੱਧਾ ਤੁਰ ਗਿਆ।

ਨਤੀਜਾ ਨਿਕਲਿਆ ਤਾਂ ਉਹ ਦੋਵੇਂ ਵਧੀਆ ਨੰਬਰ ਲੈ ਕੇ ਪਾਸ ਹੋਏ। ਆਸ਼ਾ ਦੀ ਮਾਂ ਬਹੁਤ ਖ਼ੁਸ਼, ਆਸ਼ਾ ਖ਼ੁਸ਼ ਵੀ ਤੇ ਉਦਾਸ ਵੀ। ਜੇ ਕਿਤੇ ਅੱਜ ਦੇ ਦਿਨ ਸ਼ੇਖਰ ਉਹਦੇ ਕੋਲ ਹੁੰਦਾ।

ਸੱਤਾਂ ਦਿਨਾਂ ਬਾਅਦ ਦੁਪਹਿਰੇ ਜਿਹੇ ਸ਼ੇਖਰ ਲੱਡੂਆਂ ਦਾ ਲਫ਼ਾਫ਼ਾ ਲੈ ਕੇ ਨਵੀਂ ਬਸਤੀ ਉਨ੍ਹਾਂ ਦੇ ਘਰ ਮੂਹਰੇ ਆ ਉੱਤਰਿਆ। ਆਸ਼ਾ ਦੀ ਮਾਂ ਉਹਨੂੰ ਜੱਫੀ ਪਾ ਕੇ ਮਿਲੀ। ਆਸ਼ਾ ਵਿਹੜੇ ਵਿੱਚ ਬੈਠੀ ਭੱਜ ਕੇ ਕਮਰੇ ਵਿੱਚ ਜਾ ਲੁਕੀ। ਸ਼ੇਖਰ ਉਹਦੇ ਮਗਰ ਅੰਦਰ ਗਿਆ ਤਾਂ ਉਹ ਰੋਣੋ ਹੀ ਨਾ ਹਟੇ। ਲਫ਼ਾਫ਼ੇ ਵਿੱਚ ਲੱਡੂ ਕੱਢ ਕੇ ਉਹਨੇ ਆਸ਼ਾ ਦੇ ਮੂੰਹ ਵਿੱਚ ਤੁੰਨ ਦਿੱਤਾ ਤੇ ਉੱਚੀ-ਉੱਚੀ ਹੱਸਣ ਲੱਗਾ। ਆਸ਼ਾ ਦੇ ਹੰਝੂ ਮੁਸਕਰਾਹਟਾਂ ਵਿੱਚ ਬਦਲ ਗਏ। ਮਾਂ ਵੀ ਉਨ੍ਹਾਂ ਕੋਲ ਕਮਰੇ ਵਿੱਚ ਆ ਬੈਠੀ। ਉਹ ਤਿੰਨੇ ਗੱਲਾਂ ਕਰਨ ਲੱਗੇ। ਮਾਂ ਨੇ ਪੁੱਛਿਆ, 'ਪਿੰਡ ਨੂੰ ਚਿੱਠੀ ਤਾਂ ਪਾ 'ਤੀ, ਐਥੇ ਕਿਉਂ ਨਾ ਪਤਾ ਦਿੱਤਾ ਕੋਈ? ਅਸੀਂ ਤਾਂ ਪਿੰਡ ਵੀ ਜਾ ਆਈਆਂ ਤੇਰੇ।'

'ਕਿਉਂ ਪਿੰਡ ਕੀ ਕਰਨ ਗਈਆਂ ਸੀ?'

'ਤੈਨੂੰ ਮਿਲਣ, ਤੂੰ ਤਾਂ ਜਿਉਂ ਇਮਤਿਹਾਨ ਦਿੱਤਾ ਤੇ ਬੱਸ ਮੁੜਕੇ ਕੋਈ ਉੱਘ ਨਾ ਸੁੱਘ।' ਮਾਂ ਨੇ ਆਖਿਆ।

'ਮਖਿਆ, ਕਲਕੱਤਾ ਦੇਖ ਆਈਏ। ਰਿਜ਼ਲਟ ਪਿੱਛੋਂ ਤਾਂ ਫੇਰ ਓਹੀ ਸਿੜ੍ਹੀ ਸਿਆਪਾ ਛਿੜ ਪੈਣੈ ਪੜ੍ਹਾਈ ਦਾ।'

'ਰਿਜ਼ਲਟ ਦਾ ਕਿਵੇਂ ਪਤਾ ਲੱਗਿਆ ਓਥੇ?' ਆਸ਼ਾ ਨੇ ਪੁੱਛਿਆ।

'ਪੰਜਾਬ ਦੇ ਸਾਰੇ ਅਖ਼ਬਾਰ ਪਹੁੰਚਦੇ ਨੇ। ਕਲਕੱਤਾ ਤਾਂ ਪੰਜਾਬ ਐ ਇੱਕ ਤਰ੍ਹਾਂ ਦਾ। ਰਿਜ਼ਲਟ ਦੇਖਿਆ ਤੇ ਭੱਜ ਆਏ ਜੁਆਨ।'

'ਬੜਾ ਬੋਲਣ ਲੱਗ ਪਿਐ।'' ਆਸ਼ਾ ਤਿੜਕ ਉੱਠੀ। ਏਸ ਤੜਕਾਹਟ ਵਿੱਚ ਨਖ਼ਰਾ ਤਾਂ ਸੀ, ਪਰ ਮੋਹ ਵੀ ਅੰਤਾਂ ਦਾ ਸੀ।

'ਕਿਉਂ?'

'ਕਲਕੱਤੇ ਦਾ ਪਾਹ ਲੱਗ ਗਿਆ ਦਿਸਦੈ।'

'ਕਦੋਂ ਆਇਐ, ਕਲਕੱਤਿਓਂ?' ਮਾਂ ਨੇ ਪੁੱਛਿਆ।

'ਬੱਸ, ਆ ਹੀ ਰਹਿਆਂ ਏਸ ਗੱਡੀ। ਪਿੰਡ ਤਾਂ ਹਾਲੇ ਗਿਆ ਵੀ ਨ੍ਹੀ, ਮੰਮੀ।'

'ਸਾਮਾਨ ਤੇਰਾ?' ਆਸ਼ਾ ਪੁੱਛਣ ਲੱਗੀ।

'ਸਾਮਾਨ ਹੋਰ ਕਿਹੜਾ? ਬੱਸ ਆਹੀ ਇੱਕ ਏਅਰ ਬੈਗ ਐ। ਇਹਦੇ ਵਿੱਚ ਈ ਐ, ਸਾਰੀ ਸ੍ਰਿਸ਼ਟੀ।' ਉਹਨੇ ਲਾਚੜ ਕੇ ਜਵਾਬ ਦਿੱਤਾ।

'ਦੱਸ ਕੇ ਤਾਂ ਜਾਂਦਾ। ਜਾਂ ਓਥੇ ਜਾ ਕੇ ਕੋਈ ਚਿੱਠੀ-ਚੀਰਾ ਈ ਲਿਖਿਆ ਹੁੰਦਾ। ਅਸੀਂ ਤਾਂ ਨਿੱਤ ਫ਼ਿਕਰ ਕਰਦੀਆਂ ਸੀ ਤੇਰਾ। ਸ਼ੇਖਰ, ਤੂੰ ਇਉਂ ਕਿਉਂ ਕੀਤਾ ਭਾਈ?' ਮਾਂ ਨੇ ਨਿਹੋਰਾ ਮਾਰਿਆ।

'ਮਖਿਆ, ਦੇਖੀਏ! ਕੋਈ ਕਿੰਨਾ ਕੁ ਯਾਦ ਕਰਦੈ ਸਾਨੂੰ।' ਕਹਿ ਕੇ ਸ਼ੇਖਰ ਅੱਖਾਂ ਵਿੱਚ ਮੁਸਕਰਾਇਆ ਤੇ ਆਸ਼ਾ ਵੱਲ ਦੇਖ ਗਿਆ।

ਆਸ਼ਾ ਕਪਾਹ ਦੇ ਫੁੱਟ ਵਾਂਗ ਖਿੜ ਉੱਠੀ। ਮਾਂ ਵੀ ਹੱਸਣ ਲੱਗੀ ਤੇ ਫੇਰ ਕਹਿੰਦੀ, 'ਚੰਗਾ, ਮੈਂ ਚਾਹ ਬਣੌਨੀ ਆਂ ਪਹਿਲਾਂ। ਫੇਰ ਤੂੰ ਨ੍ਹਾ ਲੈ। ਐਨੇ ਨੂੰ ਰੋਟੀ ਬਣ ਜੂ। ਪਿੰਡ ਨੂੰ ਤਾਂ ਹੁਣ ਆਥਣੇ ਜਾਈ।'

ਮਾਂ ਰਸੋਈ ਵਿੱਚ ਗਈ 'ਤੇ ਉਹ ਬੈਠੇ-ਬੈਠੇ ਅਗਲੀ ਕਲਾਸ ਵਿੱਚ ਦਾਖ਼ਲ ਹੋਣ ਦੀਆਂ ਗੱਲਾਂ ਕਰਨ ਲੱਗੇ।

ਦੂਰ ਦੇ ਇੱਕ ਸ਼ਹਿਰ ਵਿੱਚ ਆਸ਼ਾ ਦੀ ਭੂਆ ਦੇ ਮੁੰਡੇ ਨਾਲ ਐਫ. ਸੀ. ਆਈ. ਵਿੱਚ ਹੇਮ ਚੰਦ ਨਾਂ ਦਾ ਇੱਕ ਮੁੰਡਾ ਇੰਸਪੈਕਟਰ ਸੀ। ਦੋਵਾਂ ਨੂੰ ਅੰਨ੍ਹੀ ਆਮਦਨ। ਪਰ ਸੀ ਹੇਮ ਚੰਦ ਗ਼ਰੀਬ ਘਰ ਦਾ ਮੁੰਡਾ। ਭੂਆ ਦੇ ਮੁੰਡੇ ਨੇ ਇੱਕ ਦਿਨ ਉਹਦੇ ਨਾਲ ਗੱਲ ਕੀਤੀ। ਉਹ ਮੰਨ ਗਿਆ। ਭੂਆ ਉਸ ਸ਼ਹਿਰ ਆਈ ਤੇ ਆਸ਼ਾ ਦੀ ਮਾਂ ਨੂੰ ਸਾਰੀ ਗੱਲ ਦੱਸੀ। ਉਹ ਕਹਿੰਦੀ, ਇਸ ਨਾਲੋਂ ਕੀ ਚੰਗਾ ਹੈ। ਨਣਦ ਦੇ ਨਾਲ ਹੀ ਉਹ ਦੂਰ ਸ਼ਹਿਰ ਨੂੰ ਚੱਲ ਪਈ। ਮੁੰਡਾ ਦੇਖਿਆ, ਘਰ-ਬਾਰ ਦੇਖਿਆ, ਗੱਲਾਂ ਕੀਤੀਆਂ, ਮੁੰਡਾ ਪਸੰਦ ਆ ਗਿਆ। ਸਵੇਰੇ ਸਾਢੇ ਪੰਜ ਵਜੇ ਦੀ ਪਹਿਲੀ ਬੱਸ ਉਹ ਗਈ ਸੀ। ਸ਼ਾਮ ਨੂੰ ਸੱਤ-ਅੱਠ ਵਜੇ ਵਾਪਸ ਆ ਗਈ।

ਆਸ਼ਾ ਨੂੰ ਦੱਸਿਆ ਤਾਂ ਉਹ ਚੁੱਪ ਦੀ ਚੁੱਪ ਰਹਿ ਗਈ। ਨਾ ਹਾਂ, ਨਾ ਨਾਂਹ।

ਉਨ੍ਹਾਂ ਦਿਨਾਂ ਵਿੱਚ ਬੀ. ਏ. ਫਾਈਨਲ ਦਾ ਇਮਤਿਹਾਨ ਹੋ ਚੁੱਕਿਆ ਸੀ। ਸ਼ੇਖਰ ਕਦੇ ਉਨ੍ਹਾਂ ਦੇ ਘਰ ਨਹੀਂ ਆਇਆ। ਆਸ਼ਾ ਉਸ ਨੂੰ ਉਡੀਕਦੀ ਰਹਿੰਦੀ। ਚਾਹੁੰਦੀ ਸੀ, ਉਹ ਸ਼ੇਖਰ ਨੂੰ ਦੱਸੇ। ਕਦੇ-ਕਦੇ ਉਹ ਢੇਰੀ ਢਾਹ ਦਿੰਦੀ ਤੇ ਸ਼ੇਖਰ ਦੇ ਆਉਣ ਦੀ ਆਸ ਮੁਕਾ ਬੈਠਦੀ। ਕੀ ਪਤਾ ਉਹਦਾ। ਪਿੰਡ ਹੋਵੇ ਜਾਂ ਨਾ। ਪਿਛਲੇ ਸਾਲ ਵਾਂਗ ਫੇਰ ਨਾ ਕਿਤੇ ਕਲਕੱਤੇ ਨੂੰ ਚਲਿਆ ਗਿਆ ਹੋਵੇ।

ਵੀਹ ਦਿਨ ਮਸਾਂ ਲੰਘੇ ਹੋਣਗੇ ਕਿ ਭੂਆ ਦਾ ਮੁੰਡਾ ਹੇਮ ਚੰਦ ਨੂੰ ਨਾਲ ਲੈ ਕੇ ਓਥੇ ਆ ਗਿਆ। ਘਰ ਬੈਠ ਕੇ ਚਾਰਾਂ ਨੇ ਚਾਹ ਪੀਤੀ 'ਤੇ ਏਧਰ-ਓਧਰ ਦੀਆਂ ਗੱਲਾਂ ਕੀਤੀਆਂ। ਹੇਮ ਚੰਦ ਨੂੰ ਕੁੜੀ ਪਸੰਦ ਆ ਗਈ।

ਆਸ਼ਾ ਦੀ ਫੇਰ ਵੀ ਨਾ ਹਾਂ ਨਾ ਨਾਂਹ।

ਬੀ. ਏ. ਦਾ ਨਤੀਜਾ ਨਿੱਕਲਣ ਤੋਂ ਪਹਿਲਾਂ ਹੀ ਵਿਆਹ ਧਰ ਦਿੱਤਾ ਗਿਆ। ਦੋਵੇਂ ਪਾਸੇ ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ। ਬਾਰਾਂ ਦਿਨ ਬਾਕੀ ਸਨ ਕਿ ਬੀ.ਏ. ਦਾ ਨਤੀਜਾ ਨਿੱਕਲ ਗਿਆ। ਆਸ਼ਾ ਤੇ ਸ਼ੇਖਰ ਦੋਵੇਂ ਪਹਿਲਾਂ ਵਾਂਗ ਹੀ ਵਧੀਆ ਨੰਬਰ ਲੈ ਕੇ ਪਾਸ ਹੋਏ। ਸੱਚੀ ਗੱਲ ਸੀ, ਪਹਿਲਾਂ ਵਾਂਗ ਹੀ ਉਹ ਕਲਕੱਤੇ ਨੂੰ ਬਿਨਾਂ ਦੱਸੇ ਚਲਿਆ ਗਿਆ ਸੀ। ਪਹਿਲਾਂ ਵਾਂਗ ਹੀ ਲੱਡੂਆਂ ਦਾ ਲਿਫ਼ਾਫ਼ਾ ਲੈ ਕੇ ਘਰ ਆਇਆ।

ਘਰ ਵਿੱਚ ਵਿਆਹ ਤਾਂ ਸੀ, ਪਰ ਆਸ਼ਾ ਲਈ ਇਹ ਕੁਝ ਵੀ ਨਹੀਂ ਸੀ। ਬੀ. ਏ. ਵਿਚੋਂ ਪਾਸ ਹੋਣ ਦੀ ਵੀ ਉਹਨੂੰ ਕੋਈ ਖ਼ੁਸ਼ੀ ਨਹੀਂ ਸੀ। ਲੱਡੂਆਂ ਦਾ ਲਿਫ਼ਾਫ਼ਾ ਫੜਕੇ ਮਾਂ ਨੇ ਪਰ੍ਹੇ ਮੇਜ਼ ਉੱਤੇ ਧਰ ਦਿੱਤਾ ਤੇ ਸ਼ੇਖਰ ਨੂੰ ਪਾਸ ਹੋਣ ਦੀਆਂ ਮੁਬਾਰਕਾਂ ਦੇਣ ਲੱਗੀ ਤੇ ਫੇਰ ਮੁੰਡੇ ਬਾਰੇ ਦੱਸ ਕੇ ਉਹ ਉਹਦੀਆਂ ਗੱਲਾਂ ਕਰਨ ਲੱਗੀ। ਸ਼ੇਖਰ ਹੁੰਗਾਰਾ ਭਰਦਾ, ਪਰ ਚੁੱਪ-ਚਾਪ ਰਹਿੰਦਾ। ਮਾਂ ਬਹੁਤ ਖ਼ੁਸ਼ ਸੀ। ਸ਼ੇਖਰ ਨੂੰ ਕਹਿੰਦੀ 'ਜਿੰਨੇ ਦਿਨ ਵਿਆਹ ਐ, ਤੂੰ ਐਥੇ ਈ ਰਹਿ। ਸੌ ਕੰਮ ਨੇ ਤੇਰੇ ਕਰਨ ਵਾਲੇ। ਇੱਕ ਦਿਨ ਪਹਿਲਾਂ ਮੁੰਡੇ ਨੂੰ ਸ਼ਗਨ ਪੌਣ ਜਾਣੈ, ਨਾਲ ਜਾਈਂ।'

ਮਾਂ ਏਧਰ-ਓਧਰ ਕਿਧਰੇ ਹੋਈ ਤਾਂ ਆਸ਼ਾ ਸ਼ੇਖਰ ਨੂੰ ਅੰਦਰ ਕਮਰੇ ਵਿੱਚ ਲੈ ਕੇ ਬੈਠ ਗਈ। ਬਹੁਤ ਗੱਲਾਂ ਕੀਤੀਆਂ ਪਰ ਸਥਿਤੀ ਵਿੱਚ ਕੋਈ ਫ਼ਰਕ ਨਹੀਂ ਸੀ।

ਉਹ ਰਾਤ ਸ਼ੇਖਰ ਉਨ੍ਹਾਂ ਦੇ ਘਰ ਹੀ ਠਹਿਰ ਗਿਆ ਤੇ ਫੇਰ ਰਾਤ ਆਪਣੇ ਪਿੰਡ ਰਹਿ ਕੇ ਓਥੇ ਹੀ ਆ ਗਿਆ।

ਮਾਂ ਤੋਂ ਦੂਰ-ਦੂਰ ਉਹ ਪਤਾ ਨਹੀਂ ਕੀ ਮਸ਼ਵਰਾ ਜਿਹਾ ਕਰਦੇ ਰਹਿੰਦੇ। ਪਤਾ ਨਹੀਂ ਕੀ ਲੜਾਈ ਝਗੜਾ ਜਿਹਾ ਛੇੜੀ ਰੱਖਦੇ। ਕਦੇ-ਕਦੇ ਦੋਵਾਂ ਦਾ ਮੂੰਹ ਹੀ ਰੋਣ ਵਰਗਾ ਹੁੰਦਾ। ਕਦੇ-ਕਦੇ ਦੋਵੇਂ ਹੀ ਉੱਚੀ-ਉੱਚੀ ਹੱਸ ਕੇ ਗੱਲਾਂ ਕਰਦੇ। ਊਟ-ਪਟਾਂਗ ਜਿਹੇ ਸਵਾਲ ਜਵਾਬ। ਮਾਂ ਨੂੰ ਉਨ੍ਹਾਂ ਦਾ ਕੋਈ ਪਤਾ ਨਾ ਲੱਗਦਾ। ਉਹ ਝਿੜਕ-ਝਿੜਕ ਪੈਂਦੀ, 'ਕਿਸੇ ਕੰਮ ਨੂੰ ਵੀ ਹੱਥ ਪਾ ਲਿਆ ਕਰੋ। ਸਾਰਾ ਦਿਨ ਹਿੜ-ਹਿੜ ਦੰਦ ਕੱਢਦੇ ਰਹਿੰਦੇ ਓ।'

ਵਿਆਹ ਤੋਂ ਇੱਕ ਦਿਨ ਪਹਿਲਾਂ ਸ਼ੇਖਰ ਘਰੋਂ ਚਲਿਆ ਗਿਆ। ਮਾਂ-ਧੀ ਨੂੰ ਦੱਸੇ ਬਗੈਰ ਹੀ।

ਦੂਰ ਸ਼ਹਿਰ ਆਸ਼ਾ ਸਹੁਰੇ ਘਰ ਗਈ। ਦੂਜੇ ਦਿਨ ਸ਼ਗਨ-ਵਿਹਾਰ ਕੀਤੇ ਗਏ। ਹੇਮ ਚੰਦ ਸ਼ਾਮ ਨੂੰ ਹੀ ਟੈਕਸੀ ਲੈ ਕੇ ਉਨ੍ਹਾਂ ਦੇ ਸ਼ਹਿਰ ਆਇਆ। ਰਾਤ ਸਮੇਂ ਰਿਸ਼ਤੇਦਾਰਾਂ ਵਿੱਚ ਬੈਠ ਕੇ ਹੱਸ-ਹੱਸ ਗੱਲਾ ਕੀਤੀਆਂ। ਸਾਲ਼ੀਆਂ ਨੇ ਮਹਿੰਦੀ ਲਾਈ। ਅਗਲੇ ਦਿਨ ਹੀ ਟੈਕਸੀ ਵਿੱਚ ਬਿਠਾ ਕੇ ਉਹ ਆਸ਼ਾ ਨੂੰ ਲੈ ਗਿਆ।

ਪਹਿਲੀ ਰਾਤ ਹੀ ਹਫ਼ੜਾ-ਦਫ਼ੜੀ ਪੈ ਗਈ। ਹੇਮ ਚੰਦ ਵੱਡੀ ਭਰਜਾਈ ਕੋਲੋਂ ਪੱਲੇ ਵਿੱਚ ਖੋਪੇ ਦਾ ਗੁੱਟ, ਲੱਡੂ-ਪਤਾਸੇ ਤੇ ਗਿਆਰਾਂ ਰੁਪਏ ਪਵਾ ਕੇ ਸੁਹਾਗ-ਕਮਰੇ ਵਿੱਚ ਗਿਆ। ਆਸ਼ਾ ਦੀ ਨਿਗਾਹ ਓਪਰੀ-ਓਪਰੀ ਲੱਗੀ। ਉਹਨੇ ਉਹਦੇ ਡੌਲ਼ੇ ਨੂੰ ਛੋਹਿਆ ਤਾਂ ਉਹ ਚੀਕ ਮਾਰ ਕੇ ਮੰਜੇ ਤੋਂ ਥੱਲੇ ਡਿੱਗ ਪਈ। ਡਿੱਗੀ ਪਈ ਕੰਬੀ ਜਾਵੇ ਤੇ ਰੋਈ ਜਾਵੇ। ਹੇਮ ਚੰਦ ਨੂੰ ਲੱਗਾ ਜਿਵੇਂ ਉਹ ਕੋਈ ਚੁੜੇਲ ਹੋਵੇ। ਉਹਨੀਂ ਪੈਰੀਂ ਉਹ ਕਮਰੇ ਵਿਚੋਂ ਬਾਹਰ ਆ ਗਿਆ। ਸਾਰਾ ਨਿੱਕ-ਸੁੱਕ ਮੋੜ ਕੇ ਵੱਡੀ ਭਰਜਾਈ ਨੂੰ ਫੜਾ ਦਿੱਤਾ ਤੇ ਉਹਨੂੰ ਓਸ ਵੇਲੇ ਸੁਹਾਗ-ਕਮਰੇ ਵਿੱਚ ਜਾਣ ਲਈ ਆਖਿਆ। ਵੱਡੀ ਭਰਜਾਈ ਭੱਜੀ-ਭੱਜੀ ਗਈ। ਉਹ ਫ਼ਰਸ਼ ਉੱਤੇ ਬੇਹੋਸ਼ ਪਈ ਸੀ। ਭਰਜਾਈ ਨੇ ਕਿਸੇ ਕੁੜੀ ਦਾ ਨਾਉਂ ਲੈ ਕੇ ਉੱਚੀ ਹਾਕ ਮਾਰੀ। ਬਿੰਦ ਦੀ ਬਿੰਦ ਸਾਰਾ ਟੱਬਰ ਕਮਰੇ ਵਿੱਚ ਇਕੱਠਾ ਹੋ ਗਿਆ। ਮੂੰਹ ਵਿੱਚ ਪਾਣੀ ਦੇ ਚਮਚੇ ਪਾ-ਪਾ ਉਹਦੀ ਦੰਦਲ ਭੰਨਣ ਲੱਗੇ। ਉਹਨੂੰ ਹੋਸ਼ ਆਈ ਤੇ ਉਹ ਡਰੀ-ਡਰੀ ਜਿਹੀ ਕੁੜੀਆਂ-ਬੁੜ੍ਹੀਆਂ ਵੱਲ ਝਾਕਣ ਲੱਗੀ। ਉਹਨੂੰ ਮੰਜੇ

ਉੱਤੇ ਸਿੱਧੀ ਪਾ ਦਿੱਤਾ ਗਿਆ। ਕੋਈ ਜਣਾ ਭੱਜ ਕੇ ਕਿਸੇ ਡਾਕਟਰ ਤੋਂ ਦਵਾਈ ਲੈ ਕੇ ਆਇਆ। ਦਵਾਈ ਉਹਨੂੰ ਪਿਆਈ ਗਈ। ਉਹਨੂੰ ਸੁਰਤ ਤਾਂ ਸੀ ਪਰ ਉਹ ਸ਼ਰਮ ਦੀ ਮਾਰੀ ਆਪਣੇ ਸਾਹਾਂ ਨੂੰ ਵੀ ਘੁੱਟ-ਘੁੱਟ ਰੱਖਦੀ। ਉਹ ਕਿੰਨੀ ਨਮੋਸ਼ੀ ਮੰਨ ਗਈ ਸੀ।

ਹੇਮ ਚੰਦ ਮੁੜ ਕੇ ਉਹਦੇ ਕਮਰੇ ਵਿੱਚ ਨਹੀਂ ਆਇਆ। ਉਹਦੀਆਂ ਦੋਵੇਂ ਭੈਣਾਂ ਹੀ ਉਸ ਰਾਤ ਆਸ਼ਾ ਕੋਲ ਸੁੱਤੀਆਂ। ਉਹ ਸਾਰੀ ਅਹਿਲ ਪਈ ਰਹੀ। ਨਾ ਕੁਝ ਬੋਲੀ। ਨਾ ਉੱਠੀ-ਬੈਠੀ।

ਸਾਰੇ ਰਿਸ਼ਤੇਦਾਰ, ਸਭ ਕੁੜੀਆਂ-ਕੱਤਰੀਆਂ ਦੋ-ਦੋ, ਚਾਰ ਚਾਰ ਦਿਨ ਲਾ ਕੇ ਆਪੋ ਆਪਣੇ ਘਰ ਨੂੰ ਚਲੀਆਂ ਗਈਆਂ। ਵੱਡੀ ਭਰਜਾਈ ਨੇ ਇੱਕ ਦਿਨ ਹੇਮ ਚੰਦ ਨੂੰ ਆਖਿਆ ਕਿ ਉਹ ਅੱਜ ਰਾਤ ਆਸ਼ਾ ਕੋਲ ਮੰਜਾ ਡਾਹ ਕੇ ਪਵੇ।

ਸੁਹਾਗ-ਰਾਤ ਤੋਂ ਦੂਜੀ ਰਾਤ ਹੇਮ ਚੰਦ ਘਰ ਨਹੀਂ ਆਇਆ ਸੀ। ਜਿੱਥੇ ਉਹਦੀ ਪੋਸਟਿੰਗ ਸੀ, ਓਥੇ ਨੂੰ ਸਕੂਟਰ ਲੈ ਕੇ ਚਲਿਆ ਗਿਆ। ਉਹਨੇ ਪਹਿਲਾਂ ਸ਼ਰਾਬ ਕਦੇ ਨਹੀਂ ਪੀਤੀ ਸੀ। ਪੋਸਟਿੰਗ ਵਾਲੇ ਸ਼ਹਿਰ ਜਾ ਕੇ ਉਸ ਰਾਤ ਨੂੰ ਉਹਨੇ ਪਹਿਲੀ ਵਾਰ ਸ਼ਰਾਬ ਪੀਤੀ ਤੇ ਰੱਜ ਕੇ ਰੋਇਆ। ਉਹਦੇ ਸਾਥੀ ਸਾਰੀ ਰਾਤ ਉਹਨੂੰ ਪੁੱਛਦੇ ਰਹੇ, ਪਰ ਉਹਨੇ ਕੁਝ ਨਹੀਂ ਦੱਸਿਆ। ਰੋਂਦਾ ਰਿਹਾ ਤੇ ਮਨ-ਆਈਆਂ ਊਲ-ਜਲੂਲ ਗੱਲਾਂ ਬੋਲੀ ਗਿਆ।

ਇੱਕ ਹਫ਼ਤੇ ਬਾਅਦ ਉਹ ਘਰ ਆਇਆ। ਉਹ ਵੀ ਤਦ ਜੇ ਉਹਦਾ ਵੱਡਾ ਭਾਈ ਉਹਨੂੰ ਲੈ ਕੇ ਆਇਆ। ਹਫ਼ਤਾ ਭਰ ਉਹ ਹਰ ਰੋਜ਼ ਸ਼ਰਾਬ ਪੀਂਦਾ ਰਿਹਾ ਸੀ। ਡਿਊਟੀ ਉੱਤੇ ਵੀ ਕਿਸੇ-ਕਿਸੇ ਦਿਨ ਨਹੀਂ ਗਿਆ ਸੀ।

ਵੱਡੀ ਭਰਜਾਈ ਦੇ ਕਹਿਣ ਉੱਤੇ ਉਹ ਮੰਨ ਗਿਆ। ਉਸ ਦਿਨ ਉਸ ਨੇ ਸ਼ਰਾਬ ਨਹੀਂ ਪੀਤੀ ਸੀ। ਪਰ ਜਿਉਂ ਹੀ ਉਹ ਅੰਦਰ ਕਮਰੇ ਵਿੱਚ ਗਿਆ। ਆਸ਼ਾ ਚੀਕ ਮਾਰ ਕੇ ਮੰਜੇ ਤੋਂ ਥੱਲੇ ਡਿੱਗ ਪਈ। ਕੰਬੀ ਜਾਵੇ ਤੇ ਰੋਈ ਜਾਵੇ। ਹੇਮ ਚੰਦ ਓਸੇ ਵੇਲੇ ਘਰੋਂ ਬਾਹਰ ਹੋ ਗਿਆ। ਆਸ਼ਾ ਨੂੰ ਵੱਡੀ ਭਰਜਾਈ ਨੇ ਸੰਭਾਲਿਆ।

ਅੱਧੀ ਰਾਤ ਹੇਮ ਚੰਦ ਘਰ ਆਇਆ। ਸ਼ਰਾਬ ਦੇ ਨਸ਼ੇ ਵਿੱਚ ਉਹਨੂੰ ਕੋਈ ਹੋਸ਼ ਨਹੀਂ ਸੀ। ਆਇਆ, ਬੂਟ ਲਾਹ ਕੇ ਸਣੇ ਪੈਂਟ-ਬੁਰਸ਼ਟ ਵਿਹੜੇ ਵਿੱਚ ਅਣਵਿਛੇ ਮੰਜੇ ਉੱਤੇ ਲੇਟ ਗਿਆ ਤੇ ਸੌਂ ਗਿਆ। ਰੋਟੀ ਪਤਾ ਨਹੀਂ ਖਾਧੀ ਸੀ ਜਾਂ ਨਹੀਂ।

ਵੱਡੀ ਭਰਜਾਈ ਆਸ਼ਾ ਕੋਲ ਅੰਦਰ ਕਮਰੇ ਵਿੱਚ ਜਾ ਸੁੱਤੀ।

ਦੂਜੇ ਦਿਨ ਹੇਮ ਚੰਦ ਡਿਊਟੀ ਉੱਤੇ ਨਹੀਂ ਗਿਆ। ਅੱਠ ਵਜੇ ਤੱਕ ਸੁੱਤਾ ਹੀ ਪਿਆ ਰਿਹਾ। ਫੇਰ ਉੱਠਿਆ, ਬੁਰਸ਼ ਕੀਤਾ, ਚਾਹ ਪੀਤੀ ਤੇ ਲੈਟਰਿਨ ਜਾ ਕੇ ਬਾਥਰੂਮ ਵਿੱਚ ਨਹਾਉਣ ਬੈਠ ਗਿਆ। ਅੱਧਾ ਘੰਟਾ ਨਹਾਉਂਦਾ ਹੀ ਰਿਹਾ।

ਬਣ ਸੰਵਰ ਕੇ ਤੇ ਨਵੇਂ ਕੱਪੜੇ ਪਾ ਕੇ ਉਹ ਸ਼ਹਿਰ ਵਿੱਚ ਘੁੰਮਣ-ਫਿਰਨ, ਤੁਰ ਪਿਆ। ਸ਼ਰਾਬ ਨਹੀਂ ਪੀਤੀ। ਦੁਪਹਿਰ ਦੀ ਰੋਟੀ ਸਾਰੇ ਟੱਬਰ ਵਿੱਚ ਬੈਠ ਕੇ ਖਾਧੀ। ਆਸ਼ਾ ਨੇ ਵੀ। ਤੇ ਫੇਰ ਸਭ ਖਾਣੇ ਦੇ ਮੇਜ਼ ਤੋਂ ਉੱਠ ਕੇ ਚਲੇ ਗਏ। ਜਿਵੇ ਜਾਣ-ਬੁਝ ਕੇ ਹੀ ਦੂਰ ਹੋ ਗਏ ਹੋਣ। ਆਸ਼ਾ ਚੁੱਪ ਕੀਤੀ ਨੀਵੀਂ ਪਾ ਕੇ ਕੁਰਸੀ ਉੱਤੇ ਬੈਠੀ ਹੋਈ ਸੀ। ਏਧਰ-ਓਧਰ ਝਾਕ ਕੇ ਤੇ ਉਹਨੂੰ ਇਕੱਲੀ ਬੈਠੀ ਦੇਖ ਕੇ ਹੇਮ ਚੰਦ ਨੇ ਉਹਦੀ ਠੋਡੀ

ਫ਼ੜੀ ਤੇ ਉਹਦਾ ਚਿਹਰਾ ਆਪਣੇ ਸਾਹਮਣੇ ਕਰ ਲਿਆ। ਪੁੱਛਣ ਲੱਗਿਆ, 'ਤੇਰਾ ਜੀ ਨ੍ਹੀ ਲੱਗਦਾ, ਐਥੇ, ਅਸ਼ੂ?'

ਆਸ਼ਾ ਨੇ ਪਰਲ-ਪਰਲ ਹੰਝੂਆਂ ਦੀਆਂ ਧਾਰਾਂ ਵਗਾ ਦਿੱਤੀਆਂ।

ਉਹਦੀਆਂ ਅੱਖਾਂ ਦਾ ਸਾਰਾ ਪਾਣੀ ਜਦ ਮੁੱਕ ਗਿਆ ਤਾਂ ਉਹ ਆਪਣੇ ਆਪ ਹੀ ਬੋਲ ਉੱਠੀ, 'ਥੋਡੇ ਵਰਗਾ ਹਸਬੈਂਡ ਮਸਾਂ ਮਿਲਦੈ ਕਿਸੇ ਨੂੰ। ਮੈਂ ਤਾਂ ਇੱਕ ਲਾਹਨਤ ਆਂ, ਥੋਨੂੰ ਆ ਚਿੰਬੜੀ। ਜਦੋਂ ਤੁਸੀਂ ਮੇਰੇ ਨੇੜੇ ਔਨੇ ਓਂ, ਮੈਨੂੰ ਪਤਾ ਨ੍ਹੀ ਕੀ ਹੋ ਜਾਂਦੈ। ਮੈਨੂੰ ਤਾਂ ਆਪ ਕੁੱਛ ਪਤਾ ਨ੍ਹੀ ਲੱਗਦਾ, ਮੈਂ ਕੀ ਕਰਾਂ?'

'ਦਿਲ ਦੀ ਘੁੰਡੀ ਦੱਸ। ਤੇਰੇ ਮਨ 'ਚ ਕੋਈ ਗੱਲ ਹੋਣੀ ਐ?'

'ਮਨ 'ਚ ਤਾਂ ਕੋਈ ਗੱਲ ਨ੍ਹੀ।'

'ਫੇਰ?'

'ਮੈਨੂੰ ਤਾਂ ਆਪ ਪਤਾ ਨ੍ਹੀ।'

ਓਸੇ ਸ਼ਾਮ ਉਹਨੇ ਆਸ਼ਾ ਨੂੰ ਸਕੂਟਰ ਦੇ ਮਗਰ ਬਿਠਾਇਆ ਤੇ ਉਹਨੂੰ ਇੱਕ ਲੇਡੀ ਡਾਕਟਰ ਕੋਲ ਲੈ ਗਿਆ। ਆਪ ਤਾਂ ਉਹ ਬਾਹਰ ਬੈਂਚ ਉੱਤੇ ਬੈਠਾ ਰਿਹਾ। ਲੇਡੀ ਡਾਕਟਰ ਪਰਦੇ ਅੰਦਰ ਉਹਨੂੰ ਪਤਾ ਨਹੀਂ ਕੀ ਪੁੱਛਦੀ-ਵੇਖਦੀ ਰਹੀ। ਤੇ ਫੇਰ ਵਾਪਸ ਆ ਕੇ ਲੇਡੀ ਡਾਕਟਰ ਨੇ ਹੇਮ ਚੰਦ ਨੂੰ ਆਖਿਆ ਕਿ ਉਹ ਅੱਧਾ ਘੰਟਾ ਸ਼ਹਿਰ ਵਿੱਚ ਫਿਰ ਤੁਰ ਆਵੇ। ਓਦੋਂ ਤੱਕ ਉਹ ਉਸ ਨੂੰ ਹੋਰ ਦੇਖ ਪੁੱਛ ਲਵੇਗੀ।

ਉਹ ਵਾਪਸ ਕਲੀਨਿਕ ਆਇਆ ਤਾਂ ਆਸ਼ਾ ਬਾਹਰ ਬੈਂਚ ਉੱਤੇ ਬੈਠੀ ਸੀ ਤੇ ਬਹੁਤ ਖ਼ੁਸ਼ ਸੀ। ਹੇਮ ਚੰਦ ਨੇ ਲੇਡੀ ਡਾਕਟਰ ਨੂੰ ਮੂੰਹ ਮੰਗੀ ਫੀਸ ਦਿੱਤੀ। ਉਹ ਕਹਿੰਦੀ, 'ਜਾਓ ਮਿਸਟਰ, ਅੱਜ ਤੋਂ ਇਹ ਬਿਲਕੁਲ ਠੀਕ ਐ। ਓ. ਕੇ।' ਆਸ਼ਾ ਨੂੰ ਮਨੋਵਿਗਿਆਨਕ ਤੌਰ ਉੱਤੇ ਤਿਆਰ ਕੀਤਾ ਗਿਆ ਸੀ। ਲੇਡੀ ਡਾਕਟਰ ਨੇ ਉਹਨੂੰ ਹਮਦਰਦੀ ਅਤੇ ਉਤਸ਼ਾਹ ਹੀ ਦਿੱਤਾ।

ਸ਼ਰਾਬ ਪੀਣੀ ਤਾਂ ਜਿਵੇਂ ਉਸ ਨੂੰ ਯਾਦ ਹੀ ਨਾ ਰਹਿ ਗਈ ਹੋਵੇ। ਆਸ਼ਾ ਨੂੰ ਖ਼ੁਸ਼-ਖ਼ੁਸ਼ ਦੇਖ ਕੇ ਵੱਡੀ ਭਰਜਾਈ ਨੂੰ ਸਿਖ਼ਰ ਦਾ ਚਾਅ ਚੜ੍ਹ ਗਿਆ। ਇਸ ਤਰ੍ਹਾਂ ਦਾ ਖਿੜਿਆ ਚਿਹਰਾ ਤਾਂ ਉਹਨੇ ਪਿਛਲੇ ਸਾਰੇ ਦਿਨਾਂ ਵਿੱਚ ਆਸ਼ਾ ਦਾ ਕਦੇ ਦੇਖਿਆ ਨਹੀਂ ਸੀ। ਵੱਡਾ ਭਾਈ ਬਿਨ ਪੀਤਿਆਂ ਹੀ ਖੀਵਾ ਹੋਇਆ ਫ਼ਿਰਦਾ ਸੀ। ਉਸ ਸ਼ਾਮ ਘਰ ਵਿੱਚ ਚੰਗੇ-ਚੰਗੇ ਪਕਵਾਨ ਪੱਕੇ। ਸਭ ਨੇ ਇਕੱਠੇ ਬੈਠ ਕੇ ਰੋਟੀ ਖਾਧੀ। ਵੱਡੀ ਭਰਜਾਈ ਆਸ਼ਾ ਨੂੰ ਛੇੜਦੀ ਤਾਂ ਉਹ ਅੱਗੋਂ ਬਣਦਾ-ਫਬਦਾ ਜਵਾਬ ਕਰਦੀ। ਹੇਮ ਚੰਦ ਦੇ ਨਿੱਕੇ-ਨਿੱਕੇ ਭਤੀਜਿਆਂ ਭਤੀਜੇ ਵਾਰੀ-ਵਾਰੀ ਆਸ਼ਾ ਦੀ ਗੋਦੀ ਵਿੱਚ ਬੈਠਣ ਦਾ ਦਾਅ ਲਾ ਜਾਂਦੇ। ਉਹ ਸਭ ਨੂੰ ਇਕੋ ਜਿਹਾ ਪਿਆਰ ਦਿੰਦੀ।

ਤੇ ਫਿਰ ਰੋਟੀ ਟੁੱਕ ਦਾ ਸਾਰਾ ਕੰਮ ਮੁੱਕ ਗਿਆ। ਭਰਜਾਈ ਨੇ ਸੋਚਿਆ, ਬਰਤਨ ਹੁਣ ਤੜਕੇ ਹੀ ਮਾਂਜ ਧੋ ਲਏ ਜਾਣਗੇ। ਦੁੱਧ ਗਰਮ ਹੋਇਆ, ਸਭ ਨੇ ਪੀ ਲਿਆ। ਹੇਮ ਚੰਦ ਪਾਨ ਖਾਣ ਦੇ ਬਹਾਨੇ ਬਾਹਰ ਗਿਆ। ਸੋਚਿਆ ਹੋਵੇਗਾ, ਮੁੜਦੇ ਨੂੰ ਜਵਾਕ ਸੌਂ ਜਾਣਗੇ।

ਇੱਕ ਘੰਟੇ ਬਾਅਦ ਘਰ ਵਿੱਚ ਇੱਕ ਉੱਚੀ ਭਿਆਨਕ ਚੀਕ ਸੁਣਾਈ ਦਿੱਤੀ। ਭਰਾ ਭਰਜਾਈ ਬੁੜ੍ਹਕ ਕੇ ਉੱਠੇ। ਜਵਾਕ ਵੀ ਜਾਗ ਪਏ। ਭਰਜਾਈ ਭੱਜ ਕੇ ਉਨ੍ਹਾਂ ਦੇ

ਕਮਰੇ ਵਿੱਚ ਗਈ। ਆਸ਼ਾ ਦਾ ਓਹੀ ਹਾਲ। ਉਹਨੂੰ ਲੱਗਿਆ ਜਿਵੇਂ ਹੇਮ ਚੰਦ ਵੀ ਖੜ੍ਹਾ ਖੜ੍ਹਾ ਡਿੱਗ ਪਵੇਗਾ।

ਹੇਮ ਚੰਦ ਬਾਹਰ ਵਿਹੜੇ ਵਿੱਚ ਆਇਆ ਤੇ ਹੁੱਬਕੀਂ-ਹੁੱਬਕੀ ਰੋਣ ਲੱਗਿਆ।

ਭਰਜਾਈ ਨੇ ਆਸ਼ਾ ਨੂੰ ਹੋਸ਼ ਵਿੱਚ ਲਿਆਂਦਾ ਤੇ ਉਹਦੇ ਕੋਲ ਹੀ ਦੂਜੇ ਮੰਜੇ ਉੱਤੇ ਪੈ ਗਈ।

ਹੇਮ ਚੰਦ ਘਰੋਂ ਬਾਹਰ ਹੋ ਗਿਆ। ਭਾਈ ਨੇ ਪਿੱਛੋਂ ਹਾਕ ਮਾਰੀ ਤਾਂ ਉਹ ਬਣਾ-ਸੰਵਾਰ ਕੇ ਕਹਿੰਦਾ-'ਨਹੀਂ ਵੀਰ, ਮੈਂ ਜਾਂਦਾ ਨ੍ਹੀ ਕਿਧਰੇ। ਹੁਣੇ ਆ ਜਾਨਾਂ।'

ਵਿਸਕੀ ਦੀ ਬੋਤਲ ਵਿੱਚ ਪਊਆ ਬੱਚਦੀ ਸ਼ਰਾਬ ਉਹਨੇ ਸਕੂਟਰ ਦੀ ਟੋਕਰੀ ਵਿੱਚ ਰੱਖ ਕੇ ਕਿੱਕ ਮਾਰਕੇ ਸਕੂਟਰ ਨੂੰ ਸਟਾਰਟ ਕਰ ਲਿਆ। ਵੱਡੇ ਭਾਈ ਨੇ ਲੱਖ ਜਤਨ ਕੀਤਾ, ਪਰ ਉਹ ਠਹਿਰਿਆ ਨਹੀਂ। ਬੱਸ ਇਹੀ ਕਹਿੰਦਾ ਰਿਹਾ-'ਨਹੀਂ ਵੀਰ, ਮੈਂ ਕਿਧਰੇ ਨ੍ਹੀ ਜਾਂਦਾ, ਹੁਣੇ ਆ ਜਾਨਾਂ।'

ਸ਼ਹਿਰੋਂ ਬਾਹਰ ਉਹ ਵੱਡੀ ਸੜਕ ਪਿਆ ਹੀ ਸੀ ਕਿ ਇੱਕ ਲੋਹੇ ਦੇ ਭਰੇ ਟਰੱਕ ਨਾਲ ਉਹਦੀ ਟੱਕਰ ਹੋ ਗਈ। ਹਨੇਰੀ ਰਾਤ ਸੀ। ਕਿਸੇ ਨੂੰ ਪਤਾ ਲੱਗਦਾ। ਕਿਸੇ ਨੂੰ ਕੌਣ ਪਛਾਣਦਾ ਹੈ ਤੇ ਫੇਰ ਕੌਣ ਕਿਸੇ ਨੂੰ ਚੁੱਕਦਾ ਹੈ, ਸੰਭਾਲਦਾ ਹੈ। ਦੂਜੇ ਦਿਨ ਦੁਪਹਿਰੇ ਜਾ ਕੇ ਉਨ੍ਹਾਂ ਦੇ ਘਰ ਖ਼ਬਰ ਹੋਈ। ਭਰਾ-ਭਰਜਾਈ ਨੰਗੇ ਪੈਰੀਂ ਉੱਠ ਭੱਜੇ।

ਪੋਸਟ ਮਾਰਟਮ ਤੋਂ ਬਾਅਦ ਹਸਪਤਾਲ ਵਾਲਿਆਂ ਨੇ ਹੇਮ ਚੰਦ ਦੀ ਲਾਸ਼ ਦਿੱਤੀ ਤਾਂ ਵੱਡਾ ਭਾਈ ਉਹਨੂੰ ਇੱਕ ਟੈਂਪੂ-ਗੱਡੀ ਵਿੱਚ ਪਾ ਕੇ ਘਰ ਲੈ ਆਇਆ। ਸਮਾਜਿਕ ਰਸਮ-ਰਿਵਾਜ ਨਿਭਾਏ ਤੇ ਫਿਰ ਆਂਢੀਆਂ-ਗੁਆਂਢੀਆਂ ਤੇ ਉਸ ਸ਼ਹਿਰ ਵਿੱਚ ਵੱਸਦੇ ਸਕੇ-ਸੰਬੰਧੀਆਂ ਨੇ ਉਹਨੂੰ ਰਾਮ ਬਾਗ ਵਿੱਚ ਲਿਜਾ ਕੇ ਫੂਕ ਦਿੱਤਾ।

ਭਰਾ-ਭਰਜਾਈ ਹੈਰਾਨ ਇਸ ਗੱਲ ਉੱਤੇ ਸਨ ਕਿ ਆਸ਼ਾ ਨੂੰ ਹੁਣ ਦੰਦਲਾਂ ਕਾਹਦੀਆਂ ਪੈ ਰਹੀਆਂ ਹਨ? ਵੱਡੇ ਭਾਈ ਨੂੰ ਉਹ ਜ਼ਹਿਰ ਲੱਗਦੀ। ਉਹਨੇ ਇਸ ਘਰ ਵਿੱਚ ਪੈਰ ਧਰਿਆ ਤਾਂ ਉਹਦੇ ਸੋਨੇ ਵਰਗਾ ਭਰਾ ਅਣਆਈ ਮੌਤ ਦੇ ਰਾਹ ਤੁਰ ਪਿਆ।

ਖ਼ਬਰ ਸੁਣ ਕੇ ਜਦੋਂ ਭਰਾ-ਭਰਜਾਈ ਹਸਪਤਾਲ ਨੂੰ ਭੱਜ ਉੱਠੇ ਤਾਂ ਉਧਰ ਆਸ਼ਾ ਨੂੰ ਦੰਦਲ ਪੈ ਗਈ। ਜੁਆਕਾਂ ਨੇ ਦੰਦਲ ਭੰਨਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਦੰਦਲ ਤਾਂ ਟੁੱਟਦੀ ਨਹੀਂ ਸੀ ਤੇ ਫੇਰ ਗੁਆਂਢੀ ਬੁੜ੍ਹੀਆਂ ਆ ਗਈਆਂ। ਉਹਦੀ ਦੰਦਲ ਭੰਨੀ। ਘੰਟਾ-ਅੱਧਾ ਘੰਟਾ ਉਹ ਸੁਰਤ ਵਿੱਚ ਰਹਿੰਦੀ। ਫੇਰ ਅੱਖਾਂ ਚੜ੍ਹਾਂ ਜਾਂਦੀ। ਲਾਸ਼ ਘਰ ਆਉਣ ਤੱਕ ਗੁਆਂਢੀ ਬੁੜ੍ਹੀਆਂ ਹੀ ਉਹਨੂੰ ਸੰਭਾਲਦੀਆਂ ਰਹੀਆਂ।

ਤੇ ਫੇਰ ਭੋਗ ਵਾਲੇ ਦਿਨ ਤੱਕ ਵੀ ਹਰ ਰੋਜ਼ ਹੀ ਇੱਕ ਵਾਰੀ ਜਾਂ ਦੋ ਵਾਰੀ ਆਸ਼ਾ ਬੇਹੋਸ਼ ਹੋ ਜਾਂਦੀ। ਹਰ ਕੋਈ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ। ਪਰ ਆਸ਼ਾ ਦਾ ਦਿਲ ਖੜ੍ਹਦਾ ਨਹੀਂ ਸੀ। ਉਹਦੀ ਮਾਂ ਆਈ ਤਾਂ ਘਰ ਨੂੰ ਜਿੰਦਾ ਲਾ ਕੇ ਆਈ। ਭੋਗ ਤੱਕ ਉਹਦੇ ਕੋਲ ਰਹੀ। ਉਹਨੂੰ ਸੰਭਾਲਦੀ ਰਹੀ, ਉਹਨੂੰ ਅਜਿਹੀ ਹਾਲਤ ਵਿੱਚ ਛੱਡ ਕੇ ਉਹ ਕਿਉਂ ਜਾਂਦੀ।

ਭੋਗ ਤੋਂ ਬਾਅਦ ਉਹ ਆਸ਼ਾ ਨੂੰ ਆਪਣੇ ਨਾਲ ਲੈ ਆਈ। ਦੋ ਦਿਨ ਆਪਣੇ ਕੋਲ ਰੱਖਿਆ। ਦੋਵੇਂ ਦਿਨ ਆਸ਼ਾ ਨੂੰ ਦੰਦਲ ਨਹੀਂ ਪਈ। ਪਰ ਉਹ ਗੁੰਮ-ਸੁੰਮ ਜਿਹੀ ਜ਼ਰੂਰ

ਰਹੀ। ਨਾ ਬੋਲਦੀ, ਨਾ ਰੋਂਦੀ। ਇਸ ਦੌਰਾਨ ਸ਼ੇਖਰ ਇੱਕ ਵਾਰੀ ਵੀ ਉਨ੍ਹਾਂ ਦੇ ਘਰ ਨਹੀਂ ਆਇਆ। ਮਾਂ ਹੈਰਾਨ ਸੀ। ਉਹ ਆਇਆ ਕਿਉਂ ਨਹੀਂ? ਉਹਦਾ ਤਾਂ ਇਸ ਘਰ ਨਾਲ ਮੋਹ ਹੀ ਬੜਾ ਸੀ, ਅਜਿਹੇ ਮੌਕੇ 'ਤੇ ਉਹਨੂੰ ਆਉਣਾ ਚਾਹੀਦਾ ਸੀ। ਹੇਮ ਚੰਦ ਦੀ ਮੌਤ ਦਾ ਪਤਾ ਲੱਗ ਹੀ ਗਿਆ ਹੋਵੇਗਾ ਉਹਨੂੰ, ਹੁਣ ਨਹੀਂ ਆਵੇਗਾ ਤਾਂ ਕਦੋਂ ਆਵੇਗਾ? ਚੰਦਰਾ, ਦੋ ਲਫ਼ਜਾਂ ਦਾ ਦੁੱਖ-ਸੁੱਖ ਤਾਂ ਕਰ ਜਾਂਦਾ।

ਤੀਜੇ ਦਿਨ ਆਸ਼ਾ ਨੇ ਮਾਂ ਨੂੰ ਕਿਹਾ ਕਿ ਉਹ ਉਸ ਨੂੰ ਉਹਦੀ ਮਾਸੀ ਦੇ ਪਿੰਡ ਛੱਡ ਆਵੇ, ਏਥੇ ਉਹਦਾ ਦਿਲ ਨਹੀਂ ਲੱਗਦਾ। ਉਹਦਾ ਚਿੱਤ ਕੁਝ ਠੀਕ ਹੋਇਆ ਤਾਂ ਉਹ ਮਹੀਨਾ-ਵੀਹ ਦਿਨ ਲਾ ਕੇ ਆ ਜਾਵੇਗੀ।

ਮਾਸੀ ਦਾ ਪਿੰਡ ਉਸ ਸ਼ਹਿਰ ਤੋਂ ਪੰਜਾਹ-ਸੱਠ ਮੀਲ ਦੂਰ ਸੀ। ਮਾਂ-ਧੀ ਨੇ ਘਰ ਨੂੰ ਜਿੰਦਾ ਲਾਇਆ 'ਤੇ ਦੁਪਹਿਰੇ ਜਿਹੇ ਬੱਸ ਫ਼ੜ ਲਈ। ਦੋ ਦਿਨ ਮਾਂ ਵੀ ਉੱਥੇ ਹੀ ਰਹੀ। ਸਾਰੀ-ਸਾਰੀ ਰਾਤ ਬੈਠੀਆਂ ਦੋਵੇਂ ਭੈਣਾਂ ਦੁੱਖ-ਸੁੱਖ ਕਰਦੀਆਂ ਰਹਿੰਦੀਆਂ, ਆਸ਼ਾ ਦੇ ਭਵਿੱਖ ਬਾਰੇ ਸੋਚਦੀਆਂ।

ਇੱਕ ਮਹੀਨੇ ਬਾਅਦ ਆਸ਼ਾ ਮਾਂ ਕੋਲ ਵਾਪਸ ਆ ਗਈ। ਉਦੋਂ ਤੱਕ ਲੋਕ ਅਫ਼ਸੋਸ ਲਈ ਸਭ ਆ ਚੁੱਕੇ ਸਨ। ਮਾਂ ਨੇ ਦੱਸਿਆ, ਸ਼ੇਖਰ ਦੋ ਵਾਰੀ ਆ ਕੇ ਮੁੜ ਗਿਆ ਹੈ, ਰੋਂਦਾ ਸੀ।

ਹਫ਼ਤੇ ਕੁ ਬਾਅਦ ਇੱਕ ਦਿਨ ਸ਼ੇਖਰ ਘਰ ਆਇਆ। ਆਸ਼ਾ ਕੋਈ ਨਾਵਲ ਪੜ੍ਹ ਰਹੀ ਸੀ। ਸ਼ੇਖਰ ਨੂੰ ਦੇਖ ਕੇ ਮੁਸਕਰਾਈ। ਉਹ ਝੂਠਾ ਜਿਹਾ ਪੈ ਗਿਆ। ਉਹ ਉਹਦੇ ਕੋਲ ਕੁਰਸੀ ਉੱਤੇ ਦਸ ਮਿੰਟ ਚੁੱਪ ਚਾਪ ਬੈਠਾ ਰਿਹਾ। ਮਾਂ ਨੇ ਚਾਹ ਬਣਾਈ, ਤਿੰਨਾਂ ਨੇ ਚਾਹ ਪੀ ਲਈ। ਆਸ਼ਾ ਨੇ ਇਸ ਦੌਰਾਨ ਸ਼ੇਖਰ ਨਾਲ ਕੋਈ ਗੱਲ ਨਹੀਂ ਕੀਤੀ। ਚਾਹ ਦੀਆਂ ਨਿੱਕੀਆਂ-ਨਿੱਕੀਆਂ ਘੁੱਟਾਂ ਭਰਦੀ ਵੀ ਉਹ ਨਾਵਲ ਪੜ੍ਹਦੀ ਰਹੀ। ਤੇ ਫੇਰ ਮਾਂ ਉੱਥੋਂ ਉੱਠ ਖੜ੍ਹੀ। ਰਸੋਈ ਵਿੱਚ ਜਾ ਕੇ ਕੋਈ ਕੰਮ ਧੰਦਾ ਕਰਨ ਲੱਗੀ। ਸ਼ੇਖਰ ਨੇ ਆਸ਼ਾ ਦੇ ਹੱਥਾਂ ਵਿਚੋਂ ਨਾਵਲ ਫ਼ੜਿਆ ਤੇ ਉਹਨੂੰ ਨਿੱਕੇ ਮੇਜ਼ ਉੱਤੇ ਉਵੇਂ ਜਿਵੇਂ ਮੂਧਾ ਧਰ ਦਿੱਤਾ। ਸਫ਼ਾ ਖੁੱਲ੍ਹੇ ਦਾ ਖੁੱਲ੍ਹਾ। ਉਹਨੇ ਅੱਖਾਂ ਵਿੱਚ ਪਾਣੀ ਭਰ ਲਿਆ। ਆਸ਼ਾ ਉਹਦੇ ਵੱਲ ਇੱਕ ਟਕ ਤੱਕ ਰਹੀ ਸੀ।

ਉਹ ਬੋਲਿਆ-'ਆਸ਼ੂ, ਮੈਂ ਗੁਨਾਹਗਾਰ ਆਂ। ਪਰ ਮੈਂ ਤੈਨੂੰ ਹੁਣ ਵੀ ਅਪਣਾ ਸਕਦਾ।'

'ਨਹੀਂ!' ਉਹ ਚੀਕ ਮਾਰਨ ਵਾਂਗ ਬੋਲੀ।

'ਕਿਉਂ?' ਸ਼ੇਖਰ ਜਿਵੇਂ ਕੰਬ ਰਿਹਾ ਹੋਵੇ।

'ਮੇਰਾ ਹਸਬੈਂਡ ਕਿੰਨਾ ਚੰਗਾ ਸੀ। ਤੇਰੇ ਇੱਕ ਮਨਹੂਸ ਖ਼ਿਆਲ ਨੇ ਉਹਨੂੰ ਮੇਰੇ ਨੇੜੇ ਨਾ ਔਣ ਦਿੱਤਾ। ਉਹ ਏਸੇ ਨਮੋਸ਼ੀ ਦਾ ਮਾਰਿਆ ਸ਼ਰਾਬ ਪੀਣ ਲੱਗਿਆ ਤੇ ਜਾਨ ਮੁਕਾ ਲੀ। ਤੇਰੇ ਇੱਕ ਮਨਹੂਸ ਖ਼ਿਆਲ ਨੇ ਇਹ ਸਭ ਕਰਵਾਇਐ।' ਉਹ ਦਮ ਰੱਖ ਕੇ ਬੋਲ ਰਹੀ ਸੀ।

ਧੀ ਦੀ ਐਨੀ ਤਿੱਖੀ ਆਵਾਜ਼ ਸੁਣ ਕੇ ਮਾਂ ਉਨ੍ਹਾਂ ਕੋਲ ਆ ਖੜ੍ਹੀ।

ਸ਼ੇਖਰ ਗਿੜਗਿੜਾਇਆ-'ਉਹ ਤਾਂ ਜੋ ਹੋਣਾ ਸੀ, ਮਿੱਟੀ ਪਾ ਦੇ। ਮੈਂ ਤੈਨੂੰ ਹੁਣ ਅਪਣਾ ਲੈਨਾਂ।'

'ਨਹੀਂ!' ਉਹ ਫੇਰ ਚੀਕੀ।

'ਤੇਰਾ ਕੁਛ ਨੀ ਵਿਗੜਿਆ, ਆਸ਼ੂ।'

'ਮੇਰਾ ਰਹਿਆ ਈ ਕੱਖ ਨੀ। ਤੂੰ ਓਦੋਂ ਕਿੱਥੇ ਸੀ, ਜਦੋਂ ਵਿਆਹ ਤੋਂ ਪਹਿਲਾਂ ਮੈਂ ਤੇਰੀਆਂ ਮਿੰਨਤਾ ਕਰਦੀ ਰਹੀ। ਤੇਰੇ ਪੈਰੀਂ ਹੱਥ ਲਾਏ ਸੀ ਮੈਂ। ਤੂੰ ਓਦੋਂ ਕਿੱਥੇ ਸੀ? ਓਦੋਂ ਮੇਰੀ ਖਾਤਰ ਉਹ ਮਨਹੂਸ ਸੀ, ਹੁਣ ਮੇਰੀ ਖਾਤਰ ਤੂੰ ਮਨਹੂਸ ਐਂ। ਤੂੰ ਬੁਜ਼ਦਿਲ ਆਦਮੀ ਐਂ।

'ਆਸ਼ੂ, ਓਦੋਂ ਮੇਰੇ 'ਚ ਹਿੰਮਤ ਨ੍ਹੀ ਸੀ। ਤੇਰੀ ਸਿਰੇ ਲੱਗੀ ਖੇਡ ਮੈਂ ਕਿਵੇਂ ਵਿਗਾੜ ਸਕਦਾ?'

'ਤੇਰੀ ਹੁਣ ਦੀ ਹਿੰਮਤ ਦਾ ਵੀ ਕੀ ਵਿਸ਼ਵਾਸ? ਬੁਜ਼ਦਿਲ ਲੋਕਾਂ ਦੀ ਕੋਈ ਹਿੰਮਤ ਨ੍ਹੀ ਹੁੰਦੀ। ਕੋਈ ਵਿਸ਼ਵਾਸ ਨਹੀਂ ਹੁੰਦਾ।'

ਸ਼ੇਖਰ ਬੇਹੱਦ ਹੱਤਕ ਮੰਨ ਗਿਆ। ਉਹ ਹੌਲੀ-ਹੌਲੀ ਉੱਥੋਂ ਉੱਠਿਆ ਤੇ ਘਰੋਂ ਬਾਹਰ ਹੋ ਗਿਆ।

ਆਸ਼ਾ ਨੇ ਉੱਠ ਕੇ ਠੰਢੇ ਪਾਣੀ ਦਾ ਗਿਲਾਸ ਪੀਤਾ ਤੇ ਸ਼ਾਂਤ ਚਿਤ ਹੋ ਕੇ ਮਾਂ ਨੂੰ ਕਹਿਣ ਲੱਗੀ-'ਮੰਮੀ, ਮੈਂ ਨੌਕਰੀ ਕਰੂੰਗੀ। ਵਿਆਹ ਨਾ ਕਰਵਾਵਾਂ ਤਾਂ ਵੀ ਕੀ ਐ? ਪਰ ਜੇ ਕਰਵਾਇਆ ਵੀ ਤਾਂ ਐਹੋ-ਜੇ੍ਹ ਕਿਸੇ ਸ਼ੇਖਰ ਹਰਾਮਜ਼ਾਦੇ ਨਾਲ ਨਹੀਂ।' ♦

# ਮੁੱਲ

ਚਮੜੇ ਦੇ ਨਿੱਕੇ ਬੈਗ ਨੂੰ ਬੜੇ ਧਿਆਨ ਨਾਲ ਉਹਨੇ ਆਪਣੇ ਪੱਟਾਂ ਉੱਤੇ ਰੱਖਿਆ ਹੋਇਆ ਸੀ। ਬੈਗ ਦੀ ਬੱਧਰੀ ਪੌਂਚੇ ਵਿੱਚ ਪਾ ਕੇ ਹੱਥ ਨਾਲ ਉਹਨੂੰ ਘੁੱਟ ਕੇ ਫੜ ਲਿਆ ਸੀ। ਬੱਸ ਸਵਾਰੀਆਂ ਨਾਲ ਤੂੜੀ ਦੇ ਕੋਠੇ ਵਾਂਗ ਭਰੀ ਹੋਈ ਸੀ। ਆਖ਼ਰੀ ਬੱਸ ਸੀ। ਸੀਟਾਂ ਵਿਚਕਾਰ ਬੰਦੇ ਇੱਕ ਦੂਜੇ ਉੱਤੇ ਚੜ੍ਹੇ ਹੋਏ ਖੜ੍ਹੇ ਸਨ। ਹਰ ਕੋਈ ਦੂਜੇ ਨੂੰ ਦੋਸ਼ ਦੇ ਰਿਹਾ ਸੀ। ਕੋਈ ਉੱਚਾ ਬੋਲਦਾ ਤਾਂ ਤੀਜੀ ਥਾਂ ਖੜ੍ਹਾ ਬੰਦਾ ਠੰਢਾ ਛਿੜਕਦਾ–'ਓਏ ਖੜ੍ਹਾ ਰਹਿ ਭਾਈ, ਏਵੇਂ ਜਿਵੇਂ ਨਰਬਾਹ ਈ ਕਰ ਲੈਣੇ ਨਾ।' ਇੱਕ ਲੱਤ ਦੇ ਭਾਰ ਕੋਈ ਬਹੁਤ ਤੰਗ ਖੜ੍ਹਾ ਬੁੜ੍ਹਕ ਪੈਂਦਾ–'ਤੂੰ ਕੀ ਡੂਢਾ ਦਿੱਤਾ ਵਿਐ।' ਅੰਦਰ ਭਾਵੇਂ ਤਿਲ ਸੁੱਟਣ ਲਈ ਥਾਂ ਨਹੀਂ ਸੀ, ਫੇਰ ਵੀ ਹੋਰ ਸਵਾਰੀਆਂ ਚੜ੍ਹਦੀਆਂ ਆ ਰਹੀਆਂ ਸਨ। ਬੱਸ ਚੱਲਣ ਵਿੱਚ ਅਜੇ ਦਸ ਮਿੰਟ ਬਾਕੀ ਸਨ। ਦਸ ਮਿੰਟ ਦਸ ਘੰਟਿਆਂ ਵਰਗੇ। ਸ਼ੁਕਰ ਸੀ ਕਿ ਉਹ ਅੱਡੇ ਵਿੱਚ ਬੱਸ ਦੇ ਆਉਂਦਿਆਂ ਹੀ ਡਰਾਈਵਰ ਵਾਲੀ ਬਾਰੀ ਵਿੱਚ ਦੀ ਧੁੱਸ ਦੇ ਕੇ ਚੜ੍ਹ ਆਇਆ ਤੇ ਇਹ ਸੀਟ ਲੈ ਲਈ, ਨਹੀਂ ਤਾਂ ਉਹਨੂੰ ਵੀ ਦੂਜਿਆ ਵਾਂਗ ਖੜ੍ਹਨਾ ਪੈਂਦਾ ਤੇ ਵੱਖੀਆਂ ਭੰਨਾਉਣੀਆਂ ਪੈਂਦੀਆਂ। ਉਹਦਾ ਧਿਆਨ ਭੀੜ ਵੱਲੋਂ ਹਟ ਕੇ ਝੱਟ ਪੱਟਾਂ ਵਿਚਕਾਰ ਰੱਖੇ ਆਪਣੇ ਨਿੱਕੇ ਬੈਗ ਉੱਤੇ ਆ ਟਿਕਦਾ ਤੇ ਉਹ ਬੈਗ ਦੀ ਬੱਧਰੀ ਨੂੰ ਘੁੱਟ ਕੇ ਫੜ ਲੈਂਦਾ। ਉਹ ਖਿੜਕੀ ਵਿੱਚ ਦੀ ਬਾਹਰ ਖੜ੍ਹੇ ਲੋਕਾਂ ਨੂੰ ਦੇਖਣ ਲੱਗਦਾ ਤਾਂ ਦੋ ਬੰਦੇ ਉਹਨੂੰ ਲਗਾਤਾਰ ਘੂਰ ਘੂਰ ਤਾੜ ਰਹੇ ਹੁੰਦੇ। ਉਹ ਸੋਚਦਾ, ਉਹ ਕਿਉਂ ਝਾਕ ਰਹੇ ਹਨ ਇਸ ਤਰ੍ਹਾਂ ਉਹਦੇ ਵੱਲ? ਉਹ ਤਾਂ ਉਨ੍ਹਾਂ ਨੂੰ ਜਾਣਦਾ ਹੀ ਨਹੀਂ। ਉਹਨੇ ਤਾਂ ਉਹਨਾਂ ਨੂੰ ਪਹਿਲਾਂ ਕਦੇ ਦੇਖਿਆ ਹੀ ਨਹੀਂ। ਤੇ ਫੇਰ ਇੱਕ ਦਮ ਉਸ ਨੂੰ ਯਾਦ ਆਇਆ ਕਿ ਜਦ ਉਹ 'ਜਨਤਾ ਟਰੈਕਟਰਜ਼' ਵਾਲਿਆਂ ਦੇ ਦਫ਼ਤਰ ਵਿੱਚ ਬੈਠਾ ਸੀ ਤਾਂ ਉਹ ਉਥੇ ਆਏ ਸਨ। ਉਨ੍ਹਾਂ ਨੇ ਮਾਲਕ ਨਾਲ ਨਵਾਂ ਟਰੈਕਟਰ ਖਰੀਦਣ ਬਾਰੇ ਗੱਲਾਂ ਕੀਤੀਆਂ ਸਨ। ਮਾਲਕ ਨੇ ਦੱਸਿਆ ਸੀ ਕਿ ਚਾਰ ਟਰੈਕਟਰ ਅੱਜ ਆਉਣ ਵਾਲੇ ਹਨ। ਜਿਨ੍ਹਾਂ ਨੇ ਬਿਆਨਾ ਫੜਾਇਆ ਹੋਇਆ ਹੈ, ਉਹ ਚਾਰੇ ਟਰੈਕਟਰ ਉਨ੍ਹਾਂ ਨੂੰ ਹੀ ਦਿੱਤੇ ਜਾਣਗੇ। ਉਹ ਆਪਣਾ ਬਿਆਨਾ ਅੱਜ ਫੜਾ ਜਾਣ ਤਾਂ ਅਗਲੀ ਵਾਰੀ ਨੂੰ ਉਨ੍ਹਾਂ ਨੂੰ ਟਰੈਕਟਰ ਮਿਲ ਜਾਵੇਗਾ। ਮਾਲਕ ਨੇ ਉਹਦੇ ਵੱਲ ਇਸ਼ਾਰਾ ਕਰਕੇ ਤੇ ਜ਼ਰਾ ਮੁਸਕਰਾ ਕੇ ਦੱਸਿਆ–'ਇਹ ਦੇਖੋ, ਕਾਕਾ ਜੀ ਰਕਮ ਵੀ ਲਈ ਬੈਠੇ ਨੇ ਤੇ ਟਰੈਕਟਰ ਉਡੀਕ ਰਹੇ ਨੇ। ਪਰ ਟਰੈਕਟਰ ਚੱਲੇ ਹੋਏ ਤਾਂ ਸਵੇਰ ਦੇ ਨੇ। ਪਹੁੰਚੇ ਈ ਨ੍ਹੀਂ। ਪਤਾ ਨ੍ਹੀ ਰਸਤੇ 'ਚ ਕੀ ਹੋ ਗਿਆ। ਕਿਤੇ ਕੋਈ ਐਕਸੀਡੈਂਟ ਈ ਨਾ ਹੋ ਗਿਆ ਹੋਵੇ।' ਰਕਮ ਦਾ

ਨਾਉਂ ਲੈਣ 'ਤੇ ਉਹ ਦੋਵੇਂ ਉਹਦੇ ਵੱਲ ਇੱਕ ਬਿੰਦ ਗਹੁ ਨਾਲ ਝਾਕੇ। ਸਿਰ ਜਿਹਾ ਹਿਲਾਇਆ। ਬੋਲੇ ਕੁਝ ਨਹੀਂ। ਉਸ ਵੇਲੇ ਉਹ ਉਥੋਂ ਉੱਠ ਖੜ੍ਹੇ। ਤੇ ਚਲੇ ਗਏ। ਹਾਂ, ਇਹ ਉਹੀ ਸਨ। ਪਰ ਇਹ ਉਹਦੇ ਵੱਲ ਇੰਜ ਸ਼ੱਕ ਭਰੀਆਂ ਨਿਗਾਹਾਂ ਨਾਲ ਕਿਉਂ ਦੇਖ ਰਹੇ ਹਨ? ਇਨ੍ਹਾਂ ਦੀਆਂ ਅੱਖਾਂ ਵਿੱਚ ਭੇਤ ਜਿਹਾ ਕਿਉਂ ਹੈ? ਉਹ ਸਮਝ ਨਾ ਸਕਿਆ।

ਦਸ ਮਿੰਟ ਲੰਘੇ ਤਾਂ ਲੋਕਾਂ ਵਿੱਚ ਗੱਲਾਂ ਹੋਣ ਲੱਗੀਆਂ-'ਟੈਮ ਤਾਂ ਭਾਈ ਹੋ ਗਿਆ, ਤੋਰੋ ਹੁਣ।'

ਕੋਈ ਕਹਿ ਰਿਹਾ ਸੀ, 'ਦਾਰੂ ਦੂਰੂ ਪੀ ਕੇ ਚੱਲਣਗੇ। ਨਸ਼ਾ-ਪਾਣੀ ਕਰਕੇ। ਇਉਂ ਕਿਵੇਂ ਪੈਰ ਪਟਦੇ ਨੇ ਏਹੇ।'

ਕੋਈ ਹੋਰ ਉੱਚੀ ਆਵਾਜ਼ ਵਿੱਚ ਬੋਲਿਆ-'ਆਖ਼ਰੀ ਬੱਸ ਐ, ਜਿੰਨੀ ਮਰਜ਼ੀ ਭਰ ਲੈਣ, ਇਨ੍ਹਾਂ ਦੇ ਫੈਦੇ 'ਚ ਈ ਐ। ਕਿਹੜਾ ਟਿਕਟ ਕੱਟਣੈ ਕਿਸੇ ਦਾ। ਪੈਸੇ ਫੜ ਫੜ ਝੋਲੇ 'ਚ ਸਿੱਟੀ ਜਾਣਗੇ। ਮਾਲਕਾਂ ਨੂੰ ਕੁਸ ਨੀ ਸਮਝਦੇ ਏਹੇ।'

'ਪਰ ਤੋਰਨ ਤਾਂ ਸਹੀ। ਆਪਾਂ ਨੂੰ ਕੀ, ਟਿਕਟ ਕੱਟਣ ਨਾ ਕੱਟਣ।' ਇੱਕ ਬਜ਼ੁਰਗ ਹੌਲੀ ਦੇ ਕੇ ਬੋਲਿਆ।

ਇੱਕ ਤੀਵੀਂ ਨੇ ਕੋਲ ਦੀ ਲੰਘੇ ਜਾਂਦੇ ਡਰਾਈਵਰ ਨੂੰ ਬੋਲ ਮਾਰਿਆ-'ਵੇ ਭਾਈ, ਹੱਕ ਲੈ ਹੁਣ ਮਾਂ ਮੇਰੀ ਨੂੰ। ਜਵਾਕ ਤਾਂ ਅੱਕਲਕਾਣ ਹੋਇਆ ਪਿਐ ਮੇਰਾ। ਤੋਰੇਂਗਾ ਤਾਂ ਚੁੱਪ ਕਰੂ।'

ਐਨੇ ਨੂੰ ਕੰਡਕਟਰ ਨੇ ਸੀਟੀ ਵਜਾਈ। ਡਰਾਈਵਰ ਸਟੇਅਰਿੰਗ ਉੱਤੇ ਆ ਬੈਠਾ। ਉਹਨੇ ਦੇਖਿਆ, ਬਾਹਰ ਖੜ੍ਹੇ ਦੋਵੇਂ ਬੰਦੇ ਪਿਛਲੀ ਬਾਰੀ ਵੱਲ ਅਹੁਲੇ ਤੇ ਚਲਦੀ ਬੱਸ ਨਾਲ ਲਟਕ ਗਏ।

ਪਹਿਲੇ ਅੱਡੇ ਉੱਤੇ ਬੱਸ ਰੁਕੀ ਤਾਂ ਉਥੇ ਚੌਦਾਂ ਪੰਦਰਾਂ ਸਵਾਰੀਆਂ ਉੱਤਰ ਗਈਆਂ। ਖੜ੍ਹੇ ਬੰਦਿਆਂ ਨੂੰ ਸਾਹ ਜਿਹਾ ਆ ਗਿਆ। ਉਹ ਦੋਵੇਂ ਬੰਦੇ ਰਾਹ ਜਿਹਾ ਬਣਾਉਂਦੇ ਉਹਦੀ ਸੀਟ ਕੋਲ ਆ ਖੜ੍ਹੇ। ਉਹਨੇ ਦੇਖਿਆ, ਉਹ ਬਿੰਦੇ-ਝੱਟੇ ਉਹਦੇ ਬੈਗ ਵੱਲ ਕਣੱਖਾ ਜਿਹਾ ਝਾਕ ਜਾਂਦੇ।

ਕੰਡਕਟਰ ਨੇ ਸਭ ਦੇ ਟਿਕਟ ਕੱਟੇ। ਦੂਰ ਦੀਆਂ ਸਵਾਰੀਆਂ ਦੇ ਉਹ ਹੁਣ ਟਿਕਟ ਕੱਟ ਰਿਹਾ ਸੀ। ਉਹਨੇ ਆਪਣਾ ਟਿਕਟ ਖਾਨਪੁਰ ਦਾ ਕਟਵਾਇਆ ਤਾਂ ਉਹਦੇ ਸਿਰ ਉੱਤੇ ਖੜ੍ਹੇ ਦੋਵੇਂ ਬੰਦੇ ਪਿਛਾਂਹ ਹਟ ਗਏ ਤੇ ਦੂਜੀਆਂ ਸਵਾਰੀਆਂ ਵਿੱਚ ਥਾਂ ਬਣਾ ਕੇ ਬੈਠ ਗਏ। ਉਹਨੇ ਪਿਛਾਂਹ ਮੁੜ ਕੇ ਦੇਖਿਆ, ਉਨ੍ਹਾਂ ਨੇ ਵੀ ਖਾਨਪੁਰ ਦੇ ਟਿਕਟ ਹੀ ਕਟਵਾਏ ਸਨ। ਉਹਨੇ ਇਹ ਵੀ ਦੇਖਿਆ, ਖਾਨਪੁਰ ਦੀ ਹੋਰ ਸਵਾਰੀ ਕੋਈ ਨਹੀਂ ਸੀ। ਹੁੰਦੀ ਤਾਂ ਖਾਨਪੁਰ ਦਾ ਨਾਉਂ ਲੈ ਕੇ ਟਿਕਟ ਨਾ ਕਟਵਾਉਂਦਾ।

ਖਾਨਪੁਰ ਦੇ ਬੱਸ-ਅੱਡੇ ਤੋਂ ਖਾਨਪੁਰ ਅੱਧੀ ਮੀਲ ਉੱਤੇ ਸੀ। ਜਦੋਂ ਨੂੰ ਬੱਸ ਉਥੇ ਪਹੁੰਚਣੀ ਸੀ, ਕਾਫ਼ੀ ਹਨੇਰਾ ਹੋ ਜਾਣਾ ਸੀ। ਉਹਦੇ ਬੈਗ ਵਿੱਚ ਸੱਠ ਹਜ਼ਾਰ ਰੁਪਏ ਦੇ ਨੋਟ ਸਨ। ਅੱਧ ਮੀਲ ਵਿੱਚ ਤਾਂ ਭਾਵੇਂ ਉਹਨੂੰ ਕੋਈ ਟੁਕੜੇ ਕਰ ਕੇ ਸੁੱਟ ਜਾਵੇ। ਕੌਣ ਪੁੱਛੇਗਾ ਫੇਰ? ਉਹਦੇ ਮਨ ਵਿੱਚ ਇਹ ਗੱਲ ਪੱਕੀ ਬੈਠ ਗਈ ਕਿ ਉਹ ਦੋਵੇਂ ਬੰਦੇ ਉਹਦੇ ਮਗਰ ਲੱਗੇ ਹੋਏ ਹਨ। ਖਾਨਪੁਰ ਦੇ ਰਾਹ ਵਿੱਚ ਉਹ ਉਹਨੂੰ ਛੱਡਣਗੇ ਨਹੀਂ।

ਉਹ 'ਜਨਤਾ ਟਰੈਕਟਰਜ਼' ਦੇ ਮਾਲਕ ਨੂੰ ਮਨ ਵਿੱਚ ਗਾਲ੍ਹਾਂ ਕੱਢਣ ਲੱਗਦਾ–ਕੰਜਰ ਦੇ ਕਰਿਆੜ ਨੇ ਚੰਗੀ ਕੀਤੀ ਮੇਰੇ ਨਾਲ? ਬੰਦਾ ਭੇਜ ਕੇ ਰਕਮ ਕਾਹਨੂੰ ਮੰਗਵੌਣੀ ਸੀ। ਟਰੈਕਟਰ ਤਾਂ ਆਏ ਨ੍ਹੀ, ਬੰਦਾ ਪਹਿਲਾਂ ਈ ਡੱਕਰ ਤਾ ਕੁੱਤੀ ਜਾਤ ਨੇ।'

ਟਰੈਕਟਰ ਡੀਲਰ ਦਾ ਵੀ ਕਸੂਰ ਨਹੀਂ ਸੀ। ਫੋਨ ਆਇਆ ਸੀ। ਟਰੈਕਟਰ ਸਵੇਰ ਦੇ ਚੱਲੇ ਹੋਏ ਸਨ, ਦੁਪਹਿਰ ਤੱਕ ਉਨ੍ਹਾਂ ਨੇ ਪਹੁੰਚ ਜਾਣਾ ਸੀ। ਏਸੇ ਕਰਕੇ ਤਾਂ ਉਹਨੇ ਚਾਰੇ ਥਾਈਂ ਬੰਦਾ ਭੇਜਿਆ ਸੀ ਕਿ ਰਕਮ ਲੈ ਆਓ ਤੇ ਆਪਣੇ ਆਪਣੇ ਟਰੈਕਟਰ ਲੈ ਜਾਓ। ਰਸਤੇ ਵਿੱਚ ਜ਼ਰੂਰ ਕੋਈ ਦੁਰਘਟਨਾ ਵਾਪਰ ਗਈ ਹੋਵੇਗੀ।

ਸੁਰਜੀਤ ਨੇ ਪੰਜ ਵਜੇ ਤੱਕ ਟਰੈਕਟਰਾਂ ਦੀ ਉਡੀਕ ਕੀਤੀ। ਬਾਕੀ ਤਿੰਨ ਗਾਹਕ ਤਾਂ ਆਏ ਹੀ ਨਹੀਂ ਸਨ। ਰਕਮ ਤਿਆਰ ਨਹੀਂ ਕਰ ਸਕੇ ਹੋਣਗੇ। ਜਾਂ ਸ਼ਾਇਦ ਉਂਜ ਹੀ ਨਾ ਆਏ ਹੋਣ। ਕੋਈ ਸਿਆਣਪ ਸੋਚ ਲਈ ਹੋਵੇਗੀ। ਉਹਨੇ ਆਪਣੇ ਉੱਤੇ ਲਾਹਣਤਾਂ ਪਾਈਆਂ ਕਿ ਉਹ ਕਿਉਂ ਆਇਆ ਐਨੀ ਰਕਮ ਲੈ ਕੇ।

ਉਹ ਬੱਸ ਅੱਡੇ ਉੱਤੇ ਆਇਆ। ਉਹਦੇ ਪਿੰਡ ਨੂੰ ਜਾਣ ਵਾਲੀ ਆਖ਼ਰੀ ਬੱਸ ਜਾ ਚੁੱਕੀ ਸੀ। ਉਸ ਸ਼ਹਿਰ ਵਿੱਚ ਉਹਦੀ ਕੋਈ ਠਾਹਰ ਨਹੀਂ ਸੀ। ਮਾੜੀ–ਮੋਟੀ ਸਿਆਣ–ਗਿਆਣ ਸੀ। ਉਹਦੇ ਕੋਲ ਸੱਠ ਹਜ਼ਾਰ ਦੀ ਰਕਮ ਸੀ। ਖ਼ਤਰਾ ਪੂਰਾ ਸੀ। ਉਹਨੇ ਸੋਚਿਆ, ਉਹ ਆਪਣੀ ਮਾਸੀ ਦੇ ਪਿੰਡ ਖਾਨਪੁਰ ਚਲਿਆ ਜਾਵੇ। ਦੂਜੇ ਦਿਨ ਮੁੜ ਆਵੇਗਾ ਹੋ ਸਕਦਾ ਹੈ, ਕੱਲ੍ਹ ਤੱਕ ਟਰੈਕਟਰ ਵੀ ਆ ਜਾਣ। ਖਾਨਪੁਰ ਨੂੰ ਜਾਣ ਵਾਲੀ ਬੱਸ ਅਜੇ ਚੱਲਣੀ ਸੀ। ਪਰ ਕੀ ਪਤਾ ਸੀ ਉਹਨੂੰ ਕਿ ਉਸ ਨੇ ਆਪਣੀ ਜਾਨ ਚਮੜੇ ਦੇ ਬੈਗ ਵਿੱਚ ਬੰਦ ਕਰਕੇ ਆਪਣੀ ਮੁੱਠੀ ਵਿੱਚ ਰੱਖੀ ਹੋਈ ਹੈ। ਸੱਠ ਹਜ਼ਾਰ ਰੁਪਿਆ ਉਹਦੀ ਜਾਨ ਸੀ ਜਿਸ ਉਤੇ ਦੋ ਖੂੰਖਾਰ ਬਘਿਆੜ ਲੰਬੀਆ ਜੀਭਾਂ ਕੱਢੀ ਲਗਾਤਾਰ ਲਪਕ ਰਹੇ ਸਨ।

ਦੂਜੇ ਅੱਡੇ ਉਤੇ ਬੱਸ ਰੁਕੀ ਤਾਂ ਬਹੁਤ ਸਾਰੀਆ ਸਵਾਰੀਆਂ ਉਤਰ ਗਈਆਂ। ਦੋ–ਤਿੰਨ ਸਵਾਰੀਆਂ ਹੀ ਚੜ੍ਹੀਆਂ ਸਨ। ਇਸ ਅੱਡੇ ਉੱਤੇ ਸ਼ਰਾਬ ਦਾ ਠੇਕਾ ਸੀ। ਸ਼ਰਾਬ ਖਰੀ ਮਿਲ ਜਾਂਦੀ। ਖਾਸ ਕਰਕੇ ਬੱਸਾਂ ਵਾਲਿਆਂ ਨੂੰ ਤਾਂ ਉਹ ਅਣਲੱਗ ਹੀ ਦੇ ਦਿੰਦੇ। ਬੱਸ ਵਾਲੇ ਬੋਤਲ ਲੈਣ ਲੱਗਦੇ ਤਾਂ ਬੱਸ ਵਿੱਚ ਬੈਠੀਆਂ ਹੋਰ ਸਵਾਰੀਆਂ ਵੀ ਉਤਰ ਜਾਂਦੀਆਂ ਤੇ ਬੋਤਲਾਂ ਖਰੀਦ ਲੈਂਦੀਆਂ। ਠੇਕੇ ਵਾਲਿਆਂ ਨੂੰ ਕੀ ਮਾੜਾ ਸੀ। ਕੰਡਕਟਰ ਨੂੰ ਉਹ ਇੱਕ ਬੋਤਲ ਅਣਲੱਗ ਦੇ ਕੇ ਚਾਰ–ਪੰਜ ਬੋਤਲਾਂ ਨਿਰਾ ਪਾਣੀ ਵੇਚ ਲੈਂਦੇ। ਕੰਡਕਟਰ ਤੇ ਡਰਾਈਵਰ ਬੋਤਲ ਲੈਣ ਗਏ ਤਾਂ ਸੁਰਜੀਤ ਵੀ ਉਨ੍ਹਾਂ ਦੇ ਪਿੱਛੇ ਉਤਰ ਗਿਆ। ਉਹਦੇ ਮਗਰ ਲੱਗੇ ਆਦਮੀਆਂ ਨੇ ਸੋਚਿਆ ਹੋਵੇਗਾ ਕਿ ਉਹ ਵੀ ਬੋਤਲ ਲੈਣ ਗਿਆ ਹੈ। ਜਿਸ ਲਈ ਉਹ ਬੱਸ ਵਿੱਚ ਹੀ ਨੀਵੀਂ ਪਾ ਕੇ ਬੈਠੇ ਰਹੇ।

ਡਰਾਈਵਰ ਨੂੰ ਥੋੜ੍ਹਾ ਪਰ੍ਹੇ ਲਿਜਾ ਕੇ ਸੁਰਜੀਤ ਨੇ ਆਪਣਾ ਦੁੱਖ ਦੱਸਿਆ। ਧੌਲ–ਦਾੜੀਆ ਡਰਾਈਵਰ ਕੋਈ ਭਲਾ ਲੋਕ ਸੀ। ਉਸ ਨੇ ਸੁਰਜੀਤ ਨੂੰ ਸਲਾਹ ਦਿੱਤੀ ਕਿ ਉਹ ਖਾਨਪੁਰ ਤੋਂ ਪਹਿਲਾਂ ਹੀ ਕਿਸੇ ਅੱਡੇ ਉਤੇ ਉੱਤਰ ਜਾਵੇ। ਉਸ ਅੱਡੇ ਦੀਆਂ ਸਾਰੀਆਂ ਸਵਾਰੀਆਂ ਉਤਰਨ ਤੋਂ ਬਾਅਦ ਉਹ ਇਕਦਮ ਉਤਰੇ। ਨਾਲ ਹੀ ਨਾਲ ਉਹ ਬੱਸ ਭਜਾ ਕੇ ਲੈ ਜਾਵੇਗਾ। ਉਹਦੇ ਮਗਰ ਲੱਗੇ ਬੰਦੇ ਮੂੰਹ ਦੇਖਦੇ ਰਹਿ ਜਾਣਗੇ। ਉਹ

ਬੱਸ ਨੂੰ ਖੜ੍ਹਾਵੇਗਾ ਨਹੀਂ, ਚਾਹੇ ਕੋਈ ਜ਼ੋਰ ਲਾ ਲਵੇ। ਹੁਣ ਉਹਦੇ ਸਾਹਮਣੇ ਸਵਾਲ ਇਹ ਸੀ ਕਿ ਉਹ ਉਤਰੇ ਕਿਹੜੇ ਅੱਡੇ ਉੱਤੇ? ਕਿਸ ਦੇ ਘਰ ਜਾਵੇਗਾ? ਖਾਨਪੁਰ ਤੋਂ ਪਹਿਲਾਂ ਤਿੰਨ ਅੱਡੇ ਹੋਰ ਆਉਣੇ ਸਨ। ਤਿੰਨਾਂ ਅੱਡਿਆਂ ਨੂੰ ਲੱਗਦੇ ਪਿੰਡਾਂ ਵਿੱਚ ਉਹਦੀ ਕੋਈ ਰਿਸ਼ਤੇਦਾਰੀ ਨਹੀਂ ਸੀ ਤੇ ਨਾ ਹੀ ਕੋਈ ਦੋਸਤ-ਮਿੱਤਰ ਜਿਸ ਕੋਲ ਉਹ ਬੇਫ਼ਿਕਰ ਹੋ ਕੇ ਰਾਤ ਕੱਟ ਸਕੇ। ਤੇ ਫੇਰ ਉਹਨੇ ਇੱਕ ਦਮ ਫ਼ੈਸਲਾ ਕਰ ਲਿਆ ਕਿ ਉਹ ਅਗਲੇ ਅੱਡੇ ਉੱਤੇ ਹੀ ਉਤਰ ਜਾਵੇਗਾ। ਉਥੋਂ ਧੂਰਕੋਟ ਨੇੜੇ ਹੀ ਹੈ। ਵੱਧ ਤੋਂ ਵੱਧ ਅੱਧੇ ਘੰਟੇ ਦਾ ਰਾਹ ਹੋਵੇਗਾ। ਧੂਰਕੋਟ ਉਹ ਕਦੇ ਵੀ ਨਹੀਂ ਗਿਆ ਸੀ। ਪਰ ਉਥੇ ਉਹਦੀ ਠਹਿਰ ਪੱਕੀ ਸੀ। ਉਥੇ ਤਾਂ ਉਹਦੀ ਪੂਰੀ ਸੇਵਾ ਹੋਵੇਗੀ। ਉਥੇ ਜਾ ਕੇ ਉਹਨੂੰ ਫ਼ਿਕਰ ਵੀ ਕੋਈ ਨਹੀਂ ਰਹੇਗਾ। ਉਹਨੇ ਡਰਾਈਵਰ ਨੂੰ ਕਿਹਾ ਕਿ ਉਹ ਅਗਲੇ ਅੱਡੇ ਉਤੇ ਹੀ ਉਹਨੂੰ ਉਤਾਰ ਦੇਵੇ।

ਬੱਸ ਚੱਲੀ। ਅਗਲੇ ਅੱਡੇ ਉੱਤੇ ਅੱਧੀਆਂ ਕੁ ਸਵਾਰੀਆਂ ਰਹਿ ਗਈਆਂ। ਅੱਧੀਆਂ ਸੀਟਾਂ ਖਾਲੀ ਪਈਆਂ ਸਨ। ਉਹ ਆਪਣੀ ਸੀਟ ਤੋਂ ਉੱਠ ਕੇ ਮੂਹਰਲੀ ਬਾਰੀ ਦੇ ਨਾਲ ਲੱਗਦੀ ਸੀਟ ਉਤੇ ਜਾ ਬੈਠਾ। ਬੱਸ ਦਾ ਇੰਜਣ ਚੱਲ ਰਿਹਾ ਸੀ। ਸਾਰੀਆਂ ਸਵਾਰੀਆਂ ਜਦੋਂ ਉੱਤਰ ਗਈਆਂ, ਡਰਾਈਵਰ ਨੇ ਬੱਸ ਹੌਲੀ ਦੇ ਕੇ ਤੋਰ ਲਈ। ਤੇ ਫੇਰ ਡਰਾਈਵਰ ਅੱਖਾਂ ਦੀ ਗੰਭੀਰ ਤੱਕਣੀ ਵਿੱਚ ਗਰਦਨ ਭੰਵਾ ਕੇ ਸੁਰਜੀਤ ਵੱਲ ਝਾਕਿਆ। ਉਹ ਅੱਖ ਦੇ ਫੋਰ ਵਿੱਚ ਥੱਲੇ ਉੱਤਰ ਗਿਆ। ਡਰਾਈਵਰ ਨੇ ਐਕਸੀਲੇਟਰ ਪੂਰਾ ਦੱਬ ਦਿੱਤਾ। ਬੱਸ ਵਿੱਚ ਮਚਲੇ ਜਿਹੇ ਬਣ ਕੇ ਬੈਠੇ ਦੋਵੇਂ ਬੰਦੇ ਕਰੰਟ ਲੱਗਣ ਵਾਂਗ ਖੜ੍ਹੇ ਹੋ ਗਏ ਤੇ ਸੰਘ ਪਾਟਵੀਂ ਆਵਾਜ਼ ਵਿੱਚ ਰੌਲਾ ਪਾਉਣ ਲੱਗੇ। ਡਰਾਈਵਰ ਬੋਲਾ ਬਣਿਆ ਹੋਇਆ ਸੀ। ਉਹ ਉੱਠੇ ਤੇ ਡਰਾਈਵਰ ਦੇ ਕੋਲ ਆ ਖੜ੍ਹੇ। ਉਹਦਾ ਮੋਢਾ ਝੰਜੋੜਿਆ।

ਡਰਾਈਵਰ ਕੜਕਿਆ-'ਕੀ ਗੱਲ ਐ?'

'ਅਸੀਂ ਉੱਤਰਨਾ ਸੀ ਯਾਰ। ਤੂੰ ਤਾਂ ਮੀਲ ਭਰ ਗਾਹਾਂ ਦੱਬ ਲਿਆਇਆ।' ਇੱਕ ਬੋਲਿਆ।

'ਥੋਡੇ ਕੋਲ ਟਿਕਟ ਕਿੱਥੋਂ ਦਾ ਐ? ਡਰਾਈਵਰ ਨੇ ਪੁੱਛਿਆ।

'ਟਿਕਟ ਤਾਂ ਖਾਨਪੁਰ ਦਾ ਐ। ਪਰ ਅਸੀਂ ਐਥੇ ਈ ਉਤਰਨਾ ਸੀ।'

'ਫੇਰ ਸੁਪਨਾ ਔਂਦੈ ਸਾਨੂੰ ਕੋਈ। ਪਹਿਲਾਂ ਕਹਿਣਾ ਸੀ ਕੰਡਕਟਰ ਨੂੰ।'

ਗੱਲਾਂ ਵਿੱਚ ਹੀ ਡਰਾਈਵਰ ਦੋ ਮੀਲ ਨਿਕਲ ਆਇਆ। ਦੋਵੇਂ ਬੰਦੇ ਕਚੀਚੀਆਂ ਵੱਟਦੇ ਤੇ ਦੰਦ ਪੀਂਹਦੇ ਮੁੜ ਆਪਣੀਆਂ ਸੀਟਾਂ ਉੱਤੇ ਆ ਬੈਠੇ।

ਪਿੰਡ ਵੜਨ ਤੋਂ ਪਹਿਲਾਂ ਹੀ ਬਾਹਰਵਾਰ ਘੁਲਾੜੇ ਉੱਤੇ ਤੁਰਦੇ-ਫਿਰਦੇ ਬੰਦਿਆਂ 'ਚੋਂ ਇੱਕ ਤੋਂ ਉਹਨੇ ਹੌਲੀ ਦੇ ਕੇ ਪੁੱਛਿਆ। ਉਹਨੇ ਦੱਸਿਆ ਕਿ ਉਹਨਾਂ ਦਾ ਅੰਦਰਲਾ ਘਰ ਤਾਂ ਖਾਸੀ ਦੂਰ ਜਾ ਕੇ ਪਿੰਡ ਵਿੱਚ ਹੈ, ਬਾਹਰਲਾ ਘਰ ਔਹ ਸਾਹਮਣਾ ਹੈ-ਜਿੱਥੇ ਕਿੱਕਰ ਖੜ੍ਹੀ ਹੈ। ਹਨੇਰਾ ਹੋ ਚੁੱਕਿਆ ਸੀ। ਪਰ ਚੰਦ ਦੇ ਚਾਨਣ ਵਿੱਚ ਦਰਖ਼ਤਾਂ ਦੇ ਆਕਾਰ ਜਿਹੇ ਦਿਸਦੇ। ਉਹ ਛੇਤੀ ਹੀ ਉਨ੍ਹਾਂ ਦੇ ਬਾਹਰਲੇ ਘਰ ਅੱਗੇ ਜਾ ਖੜ੍ਹਾ। ਲੱਕੜ ਦਾ ਫਾਟਕ ਖੁੱਲ੍ਹਾ ਸੀ। ਇੱਕ ਕੋਈ ਪਸ਼ੂਆਂ ਨੂੰ ਕੱਖ-ਕੰਡਾ ਪਾ ਕੇ ਹਟਿਆ ਸੀ ਤੇ ਕੁੱਤਾ-ਪੰਪ ਉੱਤੇ ਆਪਣੇ ਹੱਥ ਧੋ ਰਿਹਾ ਸੀ। ਸੁਰਜੀਤ ਨੇ ਖੰਘੂਰ ਮਾਰੀ ਤਾਂ ਉਹ ਉਹਦੇ ਵੱਲ

ਚੱਲ ਕੇ ਆਇਆ ਤੇ ਉਹਦੇ ਚਿਹਰੇ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਨ ਲੱਗਿਆ। 'ਆਓ ਭਾਈ ਸਾਅਬ' ਕਹਿ ਕੇ ਉਹਨੂੰ ਬੈਠਕ ਵਿੱਚ ਲੈ ਗਿਆ। ਬਿਜਲੀ ਦਾ ਚਾਨਣ ਕੀਤਾ ਤਾਂ ਉਹਦਾ ਹਾਲ-ਚਾਲ ਪੁੱਛਣ ਲੱਗਿਆ। ਇਹ ਮੁੰਡਾ ਉਹਨੇ ਪਹਿਲਾਂ ਕਦੇ ਨਹੀਂ ਦੇਖਿਆ ਸੀ।-'ਕਿੱਥੇ ਘਰ ਨੇ ਚੋਬਰ ਦੇ?' ਗਿੰਦਰ ਨੇ ਅਖ਼ੀਰ ਪੁੱਛ ਹੀ ਲਿਆ।

'ਘਰ ਤਾਂ ਮੇਰੇ ਧਰਮਗੜ੍ਹ ਨੇ। ਮੈਂ ਹੌਲਦਾਰ ਨਿੱਕਾ ਸੂੰ ਦਾ ਮੁੰਡਾ ਆਂ।' ਸੁਰਜੀਤ ਨੇ ਦੱਸਿਆ ਤੇ ਫੇਰ ਸ਼ਰਮਾਉਣ ਜਿਹਾ ਲੱਗਿਆ।

ਗਿੰਦਰ ਹੈਰਾਨ ਸੀ ਕਿ ਉਹ ਕੰਵਾਰੇ-ਨਾਤੇ ਹੀ ਉੱਥੇ ਕਿਉਂ ਆ ਗਿਆ ਹੈ?

ਗਿੰਦਰ ਹੋਰੀਂ ਦੋ ਭਰਾ ਸਨ। ਦੂਜਾ ਭਰਾ ਸੁਖਦੇਵ ਉਹਤੋਂ ਦਸ ਸਾਲ ਛੋਟਾ ਸੀ। ਸੁਖਦੇਵ ਤੋਂ ਅਗਾਂਹ ਦਸ ਸਾਲ ਛੋਟੀ ਉਨ੍ਹਾਂ ਦੀ ਭੈਣ ਸੀ। ਭੈਣ ਹਮੀਰੋ ਇਸ ਮੁੰਡੇ ਸੁਰਜੀਤ ਨੂੰ ਮੰਗੀ ਹੋਈ ਸੀ। ਉਹ ਵੀਹ-ਸਾਲ ਦੀ ਸੀ। ਦਸਵੀਂ ਜਮਾਤ ਪਾਸ ਕਰ ਲਈ ਸੀ। ਹੁਣ ਉਹ ਦਰੀਆਂ-ਖੇਸ ਬੁਣਦੀ ਤੇ ਚਾਦਰਾਂ-ਸਰ੍ਹਾਣੇ ਕੱਢਦੀ। ਉਹ ਦਸ ਸਾਲ ਦੀ ਸੀ ਜਦੋਂ ਉਨ੍ਹਾਂ ਦਾ ਪਿਓ ਧਰਮਗੜ੍ਹ ਜਾ ਕੇ ਉਹਨੂੰ ਮੰਗ ਆਇਆ। ਮੁੰਡਾ ਇਕੱਲਾ ਤੇ ਜ਼ਮੀਨ ਤੱਕੜੀ ਸੀ। ਸੱਤਵੀਂ ਅੱਠਵੀਂ ਵਿੱਚ ਪੜ੍ਹਦਾ ਸੀ ਅਜੇ। ਹੁਣ ਉਹ ਬੀ. ਏ. ਕਰ ਚੁੱਕਿਆ ਸੀ। ਨੌਕਰੀ ਨਾਲੋਂ ਘਰ ਦਾ ਕੰਮ ਚੰਗਾ ਸਮਝਿਆ। ਗਿੰਦਰ ਹੋਰਾਂ ਦਾ ਪਿਓ ਦੋ-ਤਿੰਨ ਸਾਲ ਪਹਿਲਾਂ ਗੁਜ਼ਰ ਗਿਆ ਸੀ। ਉਨ੍ਹਾਂ ਦੀ ਮਾਂ ਝੁਰਦੀ ਸੀ ਕਿ ਪਿਓ ਦੇ ਜਿਉਂਦੇ-ਜਿਉਂਦੇ ਜੇ ਹਮੀਰੋ ਦੇ ਹੱਥ ਪੀਲੇ ਹੋ ਜਾਂਦੇ ਤਾਂ ਚੰਗਾ ਸੀ। ਗਿੰਦਰ ਨੂੰ ਉਹ ਕਿੰਨੀ ਵਾਰੀ ਕਹਿ ਚੁੱਕੀ ਸੀ ਕਿ ਕੁੜੀ ਜਵਾਨ-ਜਹਾਨ ਹੈ, ਵਿਆਹ ਕਰੋ ਤੇ ਉਹ ਆਪਣੇ ਘਰ ਜਾਵੇ। ਪਰ ਗਿੰਦਰ ਉੱਤਾ ਨਹੀਂ ਵਾਚਦਾ ਸੀ। ਦੋਵੇਂ ਭਰਾ ਖੇਤੀ ਦਾ ਕੰਮ ਜ਼ੋਰ-ਸ਼ੋਰ ਨਾਲ ਕਰਦੇ। ਇੱਕ ਸੀਰੀ ਰੱਖਦੇ। ਕਮਾਈ ਵੱਲ ਬਹੁਤਾ ਧਿਆਨ ਸੀ। ਕੁੜੀ ਦੇ ਵਿਆਹ ਦਾ ਤਾਂ ਕੋਈ ਨਾਉਂ ਹੀ ਨਹੀਂ ਲੈਂਦਾ ਸੀ। ਹਰ ਸਾਲ ਉਹ ਕਿੱਲਾ-ਦੋ ਕਿੱਲੇ ਜ਼ਮੀਨ ਗਹਿਣੇ ਲੈ ਲੈਂਦੇ। ਗਿੰਦਰ ਨੂੰ ਆਪਣੀ ਜਾਇਦਾਦ ਬਣਾਉਣ ਤੇ ਵਧਾਉਣ ਦਾ ਨਸ਼ਾ ਬਹੁਤਾ ਰਹਿੰਦਾ।

'ਤੂੰ ਬਾਈ ਕਿਵੇਂ ਫੇਰ ਐਸ ਵੇਲੇ?' ਗਿੰਦਰ ਨੇ ਸਿੱਧਾ ਹੀ ਸਵਾਲ ਕਰ ਦਿੱਤਾ।

'ਮੈਨੂੰ ਤਾਂ ਬਾਈ ਜੀ ਭੀੜ ਪੈ 'ਗੀ। ਮੈਂ ਤਾਂ ਟਰੈਕਟਰ ਲੈਣ ਆਇਆ ਸੀ ਸ਼ਹਿਰ। ਅਹਿ ਸੱਠ ਹਜ਼ਾਰ ਦੀ ਰਕਮ ਕੋਲੇ ਸੀ। ਟਰੈਕਟਰ ਮਿਲਿਆ ਨ੍ਹੀ। ਸਾਰੇ ਦਿਨ ਦੀ ਭਕਾਈ ਐਵੇਂ ਗਈ। ਬੱਸ 'ਚ ਬਦਮਾਸ਼ ਮੇਰੇ ਮਗਰ ਲੱਗ ਲੇ। ਜਾਣਾ ਤਾਂ ਮੈਂ ਖਾਨਪੁਰ ਸੀ ਅਗਾਂਹ ਮਾਸੀ ਦੇ ਪਿੰਡ ਪਰ ਐਥੇ ਆ ਗਿਆ। ਖਾਨਪੁਰ ਦੇ ਅੱਡੇ 'ਤੇ ਉੱਤਰਦਾ ਤਾਂ ਮੇਰੀ ਖ਼ੈਰ ਨ੍ਹੀ ਸੀ।' ਸੁਰਜੀਤ ਨੇ ਸਾਰੀ ਗੱਲ ਖੋਲ੍ਹ ਕੇ ਦੱਸੀ।

ਸੱਠ ਹਜ਼ਾਰ ਦਾ ਨਾਉਂ ਸੁਣ ਕੇ ਗਿੰਦਰ ਦੀਆਂ ਅੱਖਾਂ ਟੱਡੀਆਂ ਗਈਆਂ। ਉਹਨੇ ਸੁਰਜੀਤ ਨੂੰ ਧੀਰਜ਼ ਦਿੱਤਾ ਤੇ ਬੈਠਕ ਦੀ ਬੱਤੀ ਬੁਝਾ ਦਿੱਤੀ। ਕਿਹਾ-'ਤੂੰ ਭਾਈ ਐਥੇ ਈ ਬੈਠਾ ਰਹਿ ਚੁੱਪ ਕਰਕੇ। ਮੈਂ ਰੋਟੀ ਲੈ ਕੇ ਔਨਾਂ। ਕਿਸੇ ਕੋਲ ਗੱਲ ਨਾ ਕਰੀਂ। ਕੱਚਾ ਰਿਸ਼ਤਾ ਐ। ਸਾਡੀ ਬਦਨਾਮੀ ਹੋਊ। ਰੋਟੀ ਖਾ ਕੇ ਐਥੇ ਈ ਪੈ ਜੀਂ। ਤੜਕੇ ਸਦੇਹਾਂ ਉੱਠ ਕੇ ਵਗ ਜੀਂ।'

ਸੁਰਜੀਤ ਦਾ ਸਾਹ ਟਿਕਾਣੇ ਸਿਰ ਆ ਗਿਆ।

ਗਿੰਦਰ ਨੇ ਪਹਿਲਾਂ ਤਾਂ ਚਾਹ ਲਿਆਂਦੀ। ਤੱਤੇ ਪਾਣੀ ਦਾ ਡੋਲੂ ਲਿਆ ਕੇ ਉਹਦਾ ਹੱਥ-ਮੂੰਹ ਧੁਆਇਆ। ਤੇ ਫੇਰ ਰੋਟੀ ਲੈ ਆਇਆ। ਬੈਠਕ ਦੀ ਬਿਜਲੀ ਬੱਤੀ ਨਹੀਂ ਜਗਾਈ। ਇੱਕ ਨਿੱਕੀ ਜਿਹੀ ਮੋਮਬੱਤੀ ਹੀ ਬਾਲ ਛੱਡੀ।

ਰੋਟੀ ਖਾ ਕੇ ਸੁਰਜੀਤ ਪ੍ਰਸੰਨ-ਚਿੱਤ ਹੋ ਗਿਆ। ਫੱਗਣ-ਚੇਤ ਦੀ ਰੁੱਤ ਸੀ। ਠੰਢ ਘਟ ਚੱਲੀ ਸੀ। ਬੈਠਕ ਵਿੱਚ ਪਿਆ ਇੱਕ ਬਿਸਤਰਾ ਗਿੰਦਰ ਨੇ ਖੋਲ੍ਹਿਆ ਤੇ ਮੰਜੇ ਉੱਤੇ ਵਿਛਾ ਦਿੱਤਾ। ਰਜ਼ਾਈ ਪਰ੍ਹਾਂ ਕੁਰਸੀ ਉਤੇ ਰੱਖ ਕੇ ਇੱਕ ਘਸਮੈਲਾ ਜਿਹਾ ਕੰਬਲ ਉਹਨੂੰ ਦੇ ਦਿੱਤਾ। 'ਲੈ ਭਾਈ, ਠੰਢ ਲੱਗੀ ਤਾਂ ਇਹ ਰਜ਼ਾਈ ਕੁਰਸੀ 'ਤੇ ਪਈ ਐ। ਬੈਠਕ ਦਾ ਬਾਰ ਭੇੜ ਲੀਂ। ਅੰਦਰੋਂ ਕੁੰਡਾ ਨਾ ਲਾਈਂ। ਮੈਂ ਖੇਤ ਨੂੰ ਚੱਲਿਆਂ। ਪਾਣੀ ਥਿਉਣੈ ਮੋਘੇ ਦਾ। ਅੱਧੀ ਰਾਤ ਤੋਂ ਪਿੱਛੋਂ ਮੈਂ ਆਊਂ। ਤੂੰ ਬੇਫ਼ਿਕਰ ਹੋ ਕੇ ਸੌਂ ਜਾ। ਪਰ ਕੋਈ ਆਵੇ ਤਾਂ ਗੱਲ ਨਾ ਕਰੀਂ ਕੋਈ ਉਹਦੇ ਨਾਲ।' ਗਿੰਦਰ ਚਲਿਆ ਗਿਆ।

ਉਹ ਖੇਤ ਗਿਆ। ਉਹਦੇ ਦਿਮਾਗ਼ ਵਿੱਚ ਸੱਠ ਹਜ਼ਾਰ ਰੁਪਿਆ ਘੁੰਮ ਰਿਹਾ ਸੀ। ਮੋਘੇ ਦਾ ਪਾਣੀ ਮਰਿਆ-ਮਰਿਆ ਸੀ। ਸੀਰੀ ਤੇ ਉਹਨੇ ਕਣਕ ਰਮਾ ਲਈ। ਸਾਰੇ ਖੇਤ ਵਿੱਚ ਪਤਲਾ ਪਤਲਾ ਪਾਣੀ ਫੇਰ ਲਿਆ। ਬਹੁਤੇ ਪਾਣੀ ਦੀ ਹੁਣ ਲੋੜ ਨਹੀਂ ਸੀ। ਉਹ ਪੰਦਰਾਂ ਕੁ ਦਿਨ ਪਹਿਲਾਂ ਡੱਕਵਾਂ ਪਾਣੀ ਲਾ ਕੇ ਹਟੇ ਸਨ। ਗਿੰਦਰ ਸੋਚ ਰਿਹਾ ਸੀ- 'ਕੁੜੀ ਦਾ ਕੀ ਐ, ਕਿਸੇ ਹੋਰ ਥਾਂ ਮੰਗ ਦਿਆਂਗੇ। ਸੱਠ ਹਜ਼ਾਰ ਕਿਤੇ ਨ੍ਹੀਂ ਬਣਦਾ।' ਉਸ ਨੇ ਕੋਈ ਫ਼ੈਸਲਾ ਕਰ ਲਿਆ।

ਸੀਰੀ ਨੂੰ ਭੇਜ ਕੇ ਉਹ ਪੋਲੇ ਪੈਰੀਂ ਆਪਣੇ ਬਾਹਰਲੇ ਘਰ ਆਇਆ ਤੇ ਕਹੀ ਲੈ ਕੇ ਪਰ੍ਹਾਂ ਕਿੱਕਰ ਥੱਲੇ ਇੱਕ ਖੂੰਜੇ ਵਿੱਚ ਹੌਲੀ-ਹੌਲੀ, ਟੋਆ ਪੁੱਟਣ ਲੱਗਿਆ। ਦੂਜੇ ਘਰ ਟੱਕ ਦੀ ਆਵਾਜ਼ ਨਹੀਂ ਜਾ ਰਹੀ ਸੀ। ਲੱਕ ਜਿੱਡਾ ਡੂੰਘਾ ਟੋਆ ਪੁੱਟ ਲਿਆ। ਪੰਜ-ਛੇ ਫੁੱਟ ਲੰਬਾ, ਦੋ ਫੁੱਟ ਚੌੜਾ। ਪਾਣੀ ਲਾ ਕੇ ਭਾਵੇਂ ਉਹਦਾ ਸਰੀਰ ਪਹਿਲਾਂ ਹੀ ਥੱਕਿਆ ਟੁੱਟਿਆ ਸੀ, ਪਰ ਉਸਨੇ ਕਿਸੇ ਨਸ਼ੇ ਜਿਹੇ ਵਿੱਚ ਇਹ ਟੋਆ ਅੱਧੇ-ਪੌਣੇ ਘੰਟੇ ਵਿੱਚ ਹੀ ਪੁੱਟ ਲਿਆ। ਮਿੱਟੀ ਪੋਲੀ ਸੀ। ਚੇਪਾ ਭਰਦਾ ਤੇ ਬਾਹਰ ਸੁੱਟੀ ਜਾਂਦਾ। ਤੇ ਫੇਰ ਉਹ ਹੌਲੀ-ਹੌਲੀ ਬੈਠਕ ਵੱਲ ਵਧਿਆ। ਹੌਲੀ ਦੇ ਕੇ ਬੈਠਕ ਦਾ ਬਾਰ ਖੋਲ੍ਹਿਆ। ਬੰਦਾ ਕੰਬਲ ਲੈ ਕੇ ਓਵੇਂ ਜਿਵੇਂ ਸੁੱਤਾ ਪਿਆ ਸੀ। ਬੈਠਕ ਵਿੱਚ ਚੰਦ ਦਾ ਚਾਨਣ ਸੀ। ਉਹਨੇ ਕਿੱਲੇ ਉਤੇ ਲਟਕਦੀ ਕਿਰਪਾਨ ਲਾਹੀ। ਮਿਆਨ ਵਿਚੋਂ ਕੱਢ ਕੇ ਤੇ ਰੱਬ ਦਾ ਨਾਉਂ ਲੈ ਕੇ ਇਕੋ ਵਾਰ ਨਾਲ ਬੰਦੇ ਦਾ ਸਿਰ ਕੱਟ ਕੇ ਔਹ ਮਾਰਿਆ। ਧੜ ਡੱਡੂ ਵਾਂਗ ਤੜਫਣ ਲੱਗਿਆ। ਉਹ ਖੜ੍ਹਾ ਦੇਖਦਾ ਰਿਹਾ। ਟੱਪ ਟੱਪ ਕੇ ਧੜ ਸ਼ਾਂਤ ਹੋ ਗਿਆ। ਤਾਂ ਉਹਨੇ ਕੰਬਲ ਪਰ੍ਹਾਂ ਕੀਤਾ। ਉਹਦੇ ਤਾਂ ਹੋਸ਼ ਹੀ ਮਾਰੇ ਗਏ। ਇਹ ਉਹ ਮੁੰਡਾ ਤਾਂ ਨਹੀਂ ਹੈ। ਉਹਦੇ ਤਾਂ ਚਿੱਟੀ ਬੁਰਸ਼ਟ ਪਹਿਨੀ ਹੋਈ ਸੀ। ਆਸਮਾਨੀ ਰੰਗ ਦਾ ਸਵੈਟਰ ਸੀ। ਉਹਨੇ ਬਿਜਲੀ-ਬੱਤੀ ਜਗਾਈ। ਮੰਜੇ ਦੇ ਸਿਰਹਾਣੇ ਕੋਲ ਪਿਆ ਸਿਰ ਉਲਟਾ ਕੇ ਦੇਖਿਆ, ਇਹ ਤਾਂ ਸੁਖਦੇਵ ਐ। ਉਹਦਾ ਆਪਣਾ ਛੋਟਾ ਭਾਈ। ਉਹ ਥਾਂ ਦੀ ਥਾਂ ਡਿੱਗ ਪਿਆ। ਉਹਨੂੰ ਚੱਕਰ ਆ ਗਿਆ ਸੀ। ਉਹ ਬੋਲ ਨਹੀਂ ਸਕਦਾ ਸੀ। ਉਹ ਹੌਲੀ-ਹੌਲੀ ਬੈਠਕ ਤੋਂ ਬਾਹਰ ਹੋਇਆ। ਤੇ ਆਪਣਾ ਅੰਗਾਂ ਵਿੱਚ ਪੂਰਾ ਤਾਣ ਲਿਆਕੇ ਬਹੁਤ ਉੱਚੀ ਚੀਕ ਮਾਰੀ। ਬੋਲਿਆ- 'ਪੱਟੇ ਗਏ ਓਏ ਜਹਾਨਾ। ਹਾਏ ਓਏ, ਮਰ 'ਗੇ ਓਏ, ਕੋਈ ਬਹੁੜੋ ਓਏ।'

ਸੁਰਜੀਤ ਨੂੰ ਰੋਟੀ ਖਵਾ ਕੇ ਗਿੰਦਰ ਜਦੋਂ ਖੇਤ ਨੂੰ ਚਲਿਆ ਗਿਆ ਸੀ ਤਾਂ ਬਾਅਦ ਵਿੱਚ ਉਹਦੀ ਮਾਂ ਬਾਹਰਲੇ ਘਰ ਬੈਠਕ ਵਿੱਚ ਆਈ ਸੀ। ਆਈ ਤਾਂ ਉਹ ਸੁਭਾਇਕੀ ਹੀ ਕਿਸੇ ਹੋਰ ਕੰਮ ਸੀ, ਪਰ ਜਿਵੇਂ ਕਿ ਬੁੜ੍ਹੀਆਂ ਨੂੰ ਵਾਣ ਹੁੰਦੀ ਹੈ, ਉਹ ਬੈਠਕ ਵਿੱਚ ਪਏ ਮੁੰਡੇ ਨਾਲ ਗੱਲਾਂ ਕਰਨ ਲੱਗੀ। ਕਿੱਥੇ ਨੇ ਭਾਈ ਘਰ ਤੇਰੇ? ਕੌਣ ਐ ਤੂੰ? ਜਦ ਉਹਨੂੰ ਪਤਾ ਲੱਗਿਆ ਤਾਂ ਉਹ ਖਿੜ ਉੱਠੀ। ਹੈਰਾਨ ਵੀ ਹੋਈ। ਫੇਰ ਫਿਕਰ ਕਰਨ ਲੱਗੀ। ਗਿੰਦਰ ਉੱਤੇ ਗੁੱਸਾ ਕੀਤਾ, ਲੈ ਚੰਦਰੇ ਨੇ ਮੈਨੂੰ ਤਾਂ ਦੱਸਿਆ ਹੀ ਨਾ। ਭੋਰਾ ਵੀ ਗੱਲ ਨਹੀਂ ਕੀਤੀ ਘਰੇ। ਅਖ਼ੀਰ ਬੁੜ੍ਹੀ ਨੇ ਸਿਆਣਪ ਸੋਚੀ 'ਤੂੰ ਭਾਈ ਐਥੇ ਨਾ ਪੈ। ਬਾਹਰਵਾਰ ਘਰ ਐ। ਐਨੀ ਰਕਮ ਤੇਰੇ ਕੋਲ। ਨਾ ਜਾਣੀਏ ਕੋਈ ਗੱਲ ਹੋ ਜੇ।'

'ਲਓ ਮਾਂ ਜੀ, ਕੀ ਡਰ ਐ। ਠੀਕ ਐ ਬੱਸ।' ਸੁਰਜੀਤ ਨੇ ਆਖਿਆ।

'ਜੇ ਤੈਨੂੰ ਅੰਦਰਲੇ ਘਰ ਲੈ ਕੇ ਜਾਨੀਂ ਆਂ ਤਾਂ ਲੋਕ ਗੱਲਾਂ ਬਣੌਣਗੇ। ਕੰਵਾਰਾ-ਨਾਤੈ ਭਾਈ। ਤੂੰ ਉਠ, ਤੈਨੂੰ ਸਰਪੰਚ ਦੇ ਘਰ ਛੱਡ ਔਨੀ ਆਂ। ਸਰਪੰਚ ਸਾਡਾ ਘਰ ਦਾ ਬੰਦੈ। ਦੇਵਤਾ ਆਦਮੀ ਐ ਵਚਾਰਾ, ਚੁਬਾਰੇ 'ਚ ਪਿਆ ਹੁੰਦੈ 'ਕੱਲਾ ਈ। ਤੂੰ ਉਹਦੇ ਕੋਲ ਪੈ ਜੀਂ। ਤੜਕੇ ਤੂੰ ਚਾਹ ਪੀ ਕੇ 'ਰਾਮ ਨਾਲ ਵਗ ਜੀਂ ਭਾਈ।' ਉਹ ਲਗਾਤਾਰ ਬੋਲੀ ਜਾ ਰਹੀ ਸੀ।

ਸੁਰਜੀਤ ਨੇ ਦੇਖਿਆ, ਬੁੜ੍ਹੀ ਖਹਿੜਾ ਨਹੀਂ ਛੱਡਦੀ। ਉਠਾ ਕੇ ਦਮ ਲਵੇਗੀ। ਉਹ ਖੜ੍ਹਾ ਹੋ ਗਿਆ। ਆਪਣਾ ਬੈਗ ਸੰਭਾਲਿਆ। ਬੁੜ੍ਹੀ ਦੇ ਮਗਰ ਲੱਗ ਪਿਆ। ਚੁੱਪ ਕੀਤੇ ਹੀ ਉਹ ਸਰਪੰਚ ਦੇ ਚੁਬਾਰੇ ਜਾ ਚੜ੍ਹੇ। ਬੁੜ੍ਹੀ ਨੇ ਸਰਪੰਚ ਨੂੰ ਹੌਲੀ-ਹੌਲੀ ਸਾਰੀ ਗੱਲ ਸਮਝਾਈ ਤੇ ਫੇਰ ਚੁੱਪ ਕੀਤੀ ਉਹ ਚੁਬਾਰੇ ਦੀਆਂ ਪੌੜੀਆਂ ਉੱਤਰ ਆਈ। ਸਰਪੰਚ ਨੇ ਸੁਰਜੀਤ ਦਾ ਪੂਰਾ ਸੁਆਗਤ ਕੀਤਾ। ਥੱਲੇ ਜਾ ਕੇ ਉਹਦੇ ਵਾਸਤੇ ਦੁੱਧ ਤੱਤਾ ਕਰਵਾ ਕੇ ਲਿਆਇਆ।

ਓਧਰ ਸੁਖਦੇਵ ਡੀਜ਼ਲ ਦੇ ਢੋਲ ਦਾ ਪਤਾ ਕਰਨ ਸਵੇਰ ਦਾ ਹੀ ਸ਼ਹਿਰ ਗਿਆ ਹੋਇਆ ਸੀ। ਆਥਣ ਤੱਕ ਮੁੜਿਆ ਨਹੀਂ ਸੀ। ਸ਼ਹਿਰ ਵਿੱਚ ਉਹ ਸਾਰਾ ਦਿਨ ਕੁੱਤੇ-ਝਾਕ 'ਚ ਪਟਰੌਲ ਪੰਪ ਉੱਤੇ ਬੈਠਾ ਰਿਹਾ। ਢੋਲ ਦਾ ਕੋਈ ਪ੍ਰਬੰਧ ਨਹੀਂ ਬਣਿਆ। ਦਿਨ ਛਿਪਣ ਉੱਤੇ ਆਇਆ ਤਾਂ ਉਹਨੂੰ ਪਿੰਡ ਦੀ ਟਰਾਲੀ ਮਿਲ ਗਈ। ਉਹਨੇ ਸੋਚਿਆ, ਬੱਸ ਉਤੇ ਕੀ ਜਾਵਾਂਗੇ, ਟਰਾਲੀ ਉਤੇ ਹੁਣ ਜਾ ਵੜਦੇ ਹਾਂ ਪਿੰਡ। ਪਰ ਉਹ ਸ਼ਹਿਰੋਂ ਚੱਲੇ ਤਾਂ ਅੱਧ ਮੀਲ ਉਤੇ ਆ ਕੇ ਟਰੈਕਟਰ ਖਰਾਬ ਹੋ ਗਿਆ। ਦੋ ਤਿੰਨ ਘੰਟੇ ਉਹ ਮੱਥਾ ਮਾਰਦੇ ਰਹੇ, ਇੰਜਣ ਸੂਤ ਹੀ ਨਾ ਆਵੇ, ਅਖ਼ੀਰ ਇੱਕ ਬੰਦਾ ਮੁੜ ਕੇ ਸ਼ਹਿਰ ਗਿਆ ਤੇ ਸਾਈਕਲ ਉਤੇ ਮਕੈਨਿਕ ਨੂੰ ਲੈ ਕੇ ਆਇਆ। ਮਕੈਨਿਕ ਨੇ ਵੀ ਇੱਕ ਘੰਟਾ ਲਾ ਦਿੱਤਾ। ਉਨ੍ਹਾਂ ਨੂੰ ਤਾਂ ਓਥੇ ਹੀ ਬਹੁਤ ਹਨੇਰਾ ਹੋ ਗਿਆ। ਪਿੰਡ ਉਹ ਬਹੁਤ ਕੁਵੇਲੇ ਪਹੁੰਚੇ। ਪਿੰਡ ਦੇ ਬੱਸ ਅੱਡੇ ਉਤੇ ਆ ਕੇ ਟਰਾਲੀ ਵਾਲੇ ਮੁੰਡੇ ਨੇ ਬੋਤਲ ਲੈ ਲਈ। ਕਹਿੰਦਾ-'ਅੱਜ ਤਾਂ ਹੱਡ ਟੱਸ-ਟੱਸ ਕਰੀ ਜਾਂਦੇ ਨੇ, ਜਿਵੇਂ ਪੁਲਸ ਦੇ ਕੁੱਟੇ ਹੋਈਏ। ਦਾਰੂ ਪੀਤੇ ਬਗੈਰ ਅੱਜ ਨ੍ਹੀ ਨਰਬਾਹ।' ਉਹ ਤਿੰਨ ਜਣੇ ਸਨ। ਅੱਡੇ ਉਤੇ ਹੀ ਅੱਧੀ ਬੋਤਲ ਖਤਮ ਕੀਤੀ ਤੇ ਫੇਰ ਘਰ ਨੂੰ ਚੱਲ ਪਏ। ਟਰਾਲੀ ਵਾਲਾ ਮੁੰਡਾ ਮੱਲੋਮੱਲੀ ਸੁਖਦੇਵ ਨੂੰ ਆਪਣੇ ਘਰ ਲੈ ਗਿਆ। ਰੋਟੀ ਖਵਾ ਕੇ ਖਹਿੜਾ ਛੱਡਿਆ। ਅੱਧੀ ਰਾਤ ਹੋ ਚੁੱਕੀ ਸੀ।

ਸੁਖਦੇਵ ਨੇ ਸੋਚਿਆ, ਹੁਣ ਅੰਦਰਲੇ ਘਰ ਕੀ ਜਾਵਾਂਗੇ। ਮਾਂ ਨੂੰ ਦੁਖੀ ਕਰਾਂਗੇ। ਬਾਹਰਲੇ ਘਰ ਹੀ ਜਾ ਸੌਂਨੇ ਆਂ। ਉਹਨੂੰ ਪਾਣੀ ਦੀ ਵਾਰੀ ਦਾ ਪਤਾ ਸੀ। ਪਾਲੀ ਚਾਰ-ਪੰਜ ਦਿਨਾਂ ਦੀ ਛੁੱਟੀ ਲੈ ਕੇ ਮਾਸੀ ਦੀ ਕੁੜੀ ਦੇ ਵਿਆਹ ਗਿਆ ਹੋਇਆ ਸੀ। ਸੋ ਬਾਹਰਲੇ ਘਰ ਕੋਈ ਨਹੀਂ ਸੀ। ਸੁਖਦੇਵ ਦਾ ਨਵਾਂ ਨਵਾਂ ਵਿਆਹ ਹੋਇਆ ਸੀ। ਉਹਦੀ ਘਰ ਵਾਲੀ ਪਹਿਲਾ ਜਵਾਕ ਜੰਮਣ ਪੇਕੀਂ ਗਈ ਹੋਈ ਸੀ। ਜਦ ਤੋਂ ਉਹਦਾ ਵਿਆਹ ਹੋਇਆ ਸੀ, ਉਹ ਬਾਹਰਲੇ ਘਰ ਕਦੇ ਨਹੀਂ ਪਿਆ ਸੀ। ਹੁਣ ਬਹੂ ਪੇਕੀਂ ਚਲੀ ਗਈ ਸੀ, ਉਹ ਫੇਰ ਵੀ ਅੰਦਰਲੇ ਘਰ ਹੀ ਪੈਂਦਾ। ਉਸ ਰਾਤ ਉਹ ਬਾਹਰਲੇ ਘਰ ਆਇਆ। ਲੱਕੜ ਦਾ ਫਾਟਕ ਖੋਲ੍ਹਿਆ। ਸਿੱਧਾ ਹੀ ਬੈਠਕ ਵਿੱਚ ਗਿਆ ਤੇ ਖਾਲੀ ਮੰਜਾ ਦੇਖ ਕੇ ਪੈ ਗਿਆ। ਸ਼ਰਾਬ ਦਾ ਨਸ਼ਾ ਪੂਰਾ ਸੀ। ਰੋਟੀ ਖਾਧੀ ਹੋਈ ਸੀ। ਉਹਨੂੰ ਪੈਣ ਸਾਰ ਹੀ ਨੀਂਦ ਆ ਗਈ।

ਗਿੰਦਰ ਦੀਆਂ ਚਾਂਗਾ ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਸਭ ਨੇ ਭਾਣਾ ਦੇਖਿਆ। ਗਿੰਦਰ ਨੂੰ ਦੰਦਲਾਂ ਪੈ ਰਹੀਆਂ ਸਨ। ਉਹ ਵਿਹੜੇ ਵਿੱਚ ਭੁੰਜੇ ਲੇਟਿਆ ਪਿਆ ਸੀ। ਲੋਕ ਉਹਦੀ ਦੰਦਲ ਭੰਨਦੇ, ਉਹ ਫੇਰ ਬੇਹੋਸ਼ ਹੋ ਜਾਂਦਾ। ਅੰਦਰਲੇ ਘਰੋਂ ਬੁੜ੍ਹੀ ਆਈ ਤਾਂ ਗੁੰਮ-ਸੁੰਮ ਹੋ ਕੇ ਬੈਠ ਗਈ। ਉਹਦੇ ਕੋਲੋਂ ਰੋਇਆ ਨਹੀਂ ਜਾ ਰਿਹਾ ਸੀ। ਇੱਕ ਤਿੱਖੀ ਕੌੜੀ ਗੱਲ ਉਹਦੀ ਸਮਝ ਵਿੱਚ ਆਉਂਦੀ, ਪਰ ਉਹਦਾ ਮਨ ਕਿਤੇ ਵੀ ਨਾ ਠਹਿਰਦਾ। ਰੋਂਦਿਆ-ਪਿੱਟਦਿਆਂ ਨੂੰ ਪਹੁ ਫਟਣ ਲੱਗੀ। ਗਿੰਦਰ ਦੀ ਘਰ ਵਾਲੀ ਨਾ ਰੋਂਦੀ ਤੇ ਨਾ ਕੋਈ ਗੱਲ ਕਰਦੀ। ਉਹ ਤਾਂ ਗਿੰਦਰ ਨੂੰ ਸੰਭਾਲਣ ਉਤੇ ਸੀ।

ਹਮੀਰੋ ਨੂੰ ਉਹਦੀ ਮਾਂ ਨੇ ਰਾਤ ਹੀ ਘਰ ਜਾ ਕੇ ਸਭ ਕੁਝ ਦੱਸ ਦਿੱਤਾ ਸੀ। ਬੁੜ੍ਹੀ ਦੀ ਗੱਲ ਹਮੀਰੋ ਦੀ ਭਰਜਾਈ ਨੇ ਵੀ ਸੁਣੀ ਸੀ। ਹਮੀਰੋ ਸਿਆਣੀ ਸੀ। ਉਹ ਸਭ ਕੁਝ ਸਮਝ ਬੈਠੀ ਸੀ। ਉਹ ਗਿੰਦਰ ਦੇ ਲਾਲਚੀ ਤੇ ਕਮੀਨੇ ਸੁਭਾਅ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਇੱਕ ਪਲ ਸੁਖਦੇਵ ਲਈ ਉਹਦੀਆਂ ਅੱਖਾਂ ਗਿੱਲੀਆਂ ਹੁੰਦੀਆਂ, ਪਰ ਦੂਜੇ ਪਲ ਹੀ ਉਹਦੀਆਂ ਅੱਖਾਂ ਦਾ ਪਾਣੀ ਸੁੱਕ ਜਾਂਦਾ। ਉਹਦੀਆਂ ਅੱਖਾਂ ਵਿਚ ਚੰਗਿਆੜੇ ਬਲਣ ਲੱਗਦੇ। ਉਹਦਾ ਜੀਅ ਕਰਦਾ ਕਿ ਉਹੀ ਕਿਰਪਾਨ ਲੈ ਕੇ ਉਹ ਆਪਣੇ ਭਾਈ ਗਿੰਦਰ ਦੀ ਗਰਦਨ ਵੱਢ ਦੇਵੇ। ਉਹ ਖਿੱਝਦੀ, ਹੁਣ ਦੇਖ ਕਿਵੇਂ ਖੇਖਣ ਕਰਦਾ ਐ।

ਸਰਪੰਚ ਵੀ ਆ ਗਿਆ। ਚੁੱਪ ਕੀਤਾ ਜਿਹਾ ਉਨ੍ਹਾਂ ਦੇ ਬਾਹਰਲੇ ਘਰ ਵਿੱਚ ਏਧਰ-ਓਧਰ ਫਿਰ-ਤੁਰ ਰਿਹਾ ਸੀ। ਕਿੱਕਰ ਥੱਲੇ ਇੱਕ ਖੂੰਜੇ ਵਿੱਚ ਉਹਨੇ ਟੋਆ ਪੁੱਟਿਆ ਹੋਇਆ ਦੇਖਿਆ ਤਾਂ ਉਹਦੀ ਸਮਝ ਵਿੱਚ ਸਾਰੀ ਗੱਲ ਆ ਗਈ। ਉਹਨੇ ਅੱਡ ਹੋ ਕੇ ਸ਼ਰੀਕੇ ਦੇ ਚਾਰ-ਪੰਜ ਬੰਦਿਆਂ ਨੂੰ ਕੋਈ ਗੱਲ ਆਖੀ ਤਾਂ ਉਹ ਫਟਾ ਫਟ ਉਥੋਂ ਤੁਰ ਗਏ। ਸੂਰਜ ਦੇ ਉਭਾਰ ਨਾਲ ਸੁਖਦੇਵ ਦੀ ਲੋਥ ਸਿਵਿਆਂ ਵਿੱਚ ਪਹੁੰਚਾ ਦਿੱਤੀ ਗਈ।

ਗਿੰਦਰ ਵਾਰ ਵਾਰ ਪੁਲਿਸ ਦਾ ਨਾਉਂ ਲੈਂਦਾ। ਉਹਦੀ ਕੋਈ ਗੱਲ ਨਹੀਂ ਸੁਣਦਾ ਸੀ ਤਾਂ ਉਹ ਉੱਚੀ ਉੱਚੀ ਰੋਣ ਲੱਗਦਾ। ਅਖ਼ੀਰ ਸਰਪੰਚ ਨੇ ਉਹਦੇ ਜੁੰਡੇ ਖਿੱਚੇ ਤੇ ਦਾਹੜੀ ਨੂੰ ਹੱਥ ਪਾ ਕੇ ਆਖਿਆ-'ਕਿਉਂ ਪਖੰਡ ਕਰਦੈਂ ਪਾਪੀਆਂ, ਸਭ ਨੂੰ ਪਤੈ ਤੇਰੀ ਕਰਤੂਤ ਦਾ। ਮੁੰਡੇ ਦੀ ਮਿੱਟੀ ਕਿਉਂਟੀ ਗਈ। ਸੁੱਖ ਰਹਿ 'ਗੀ। ਭਰਾ ਦੀ ਜਾਨ ਤਾਂ ਗਈ, ਹੁਣ ਘਰ ਵੀ ਪੱਟਣੈ?'

ਗਿੰਦਰ ਫੇਰ ਨਹੀਂ ਬੋਲਿਆ।

ਸੁਰਜੀਤ ਚੁਬਾਰੇ ਵਿਚੋਂ ਅਜੇ ਗਿਆ ਨਹੀਂ ਸੀ। ਸਰਪੰਚ ਨੇ ਘਰ ਆ ਕੇ ਉਹਨੂੰ ਸਾਰੀ ਗੱਲ ਦੱਸੀ ਤਾਂ ਉਹ ਚੁੱਪ ਕੀਤਾ ਹੀ ਰਹਿ ਗਿਆ। ਉਹਦੇ ਤਾਂ ਜਿਵੇਂ ਹੋਸ਼ ਹੀ ਮਾਰੇ ਗਏ ਹੋਣ। ਉਹ ਸੋਚਣ ਲੱਗਿਆ, ਰਾਤ ਪਿੰਡ ਵਿੱਚ ਰੌਲਾ ਏਸੇ ਕਰਕੇ ਪੈਂਦਾ ਹੋਵੇਗਾ। ਰਾਤ ਸਰਪੰਚ ਉਹਨੂੰ ਬਿਨਾਂ ਦੱਸੇ ਹੀ ਪੌੜੀਆਂ ਉੱਤਰ ਗਿਆ ਸੀ।

ਹਮੀਰੋ ਦੀਆਂ ਅੱਖਾਂ ਲਾਲ ਝਰੰਗ ਸਨ। ਉਹਦੀਆਂ ਅੱਖਾਂ ਵਿਚੋਂ ਲਹੂ ਚਿਉਂਦਾ ਸੀ। ਉਹ ਰੋ ਵੀ ਨਹੀਂ ਰਹੀ ਸੀ। ਸਰਪੰਚ ਦੇ ਘਰ ਆ ਕੇ ਉਹ ਚੁਬਾਰੇ ਦੀਆਂ ਪੌੜੀਆਂ ਚੜ੍ਹੀ। ਸੁਰਜੀਤ ਦੇ ਮੰਜੇ ਕੋਲ ਭੁੰਜੇ ਬੈਠ ਕੇ ਉਹਨੇ ਦੋ ਗੱਲਾਂ ਹੀ ਕੀਤੀਆਂ। ਸਰਪੰਚ ਨੇ ਅੱਧੇ-ਪੌਣੇ ਘੰਟੇ ਵਿੱਚ ਹੀ ਉਨ੍ਹਾਂ ਦੇ ਜਾਣ ਦਾ ਪ੍ਰਬੰਧ ਕਰ ਦਿੱਤਾ।

ਟਰੈਕਟਰ ਦੇ ਇੱਕ ਮੱਡ-ਗਾਰਡ ਉਤੇ ਸੁਰਜੀਤ ਆਪਣਾ ਬੈਗ ਸੰਭਾਲੀ ਬੈਠਾ ਸੀ, ਦੂਜੇ ਮੱਡ-ਗਾਰਡ ਉੱਤੇ ਹਮੀਰੋ। ਸਰਪੰਚ ਦਾ ਮੁੰਡਾ ਸਟੇਅਰਿੰਗ ਉੱਤੇ ਸੀ। ਟਰੈਕਟਰ ਫਰਾਟੇ ਛੱਡਦਾ ਪਿੰਡ ਦੀ ਫਿਰਨੀ ਪੈ ਕੇ ਪੱਕੀ ਸੜਕ ਉੱਤੇ ਜਾ ਚੜ੍ਹਿਆ। ♦

# ਕਿੱਧਰ ਜਾਵਾਂ?

ਅੰਮ੍ਰਿਤਸਰ ਲਿਆ ਕੇ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਉਹ ਪੰਜ ਸਨ। ਪੰਜਾਬ ਦੇ ਵੱਖ-ਵੱਖ ਪੰਜ ਜ਼ਿਲ੍ਹਿਆਂ ਦੇ। ਕਿਰਪਾਲ ਨੂੰ ਲੱਗਿਆ, ਜਿਵੇਂ ਉਹ ਅੰਮ੍ਰਿਤਸਰ ਪਹੁੰਚ ਗਿਆ ਤੇ ਬੱਸ ਆਪਣੇ ਘਰ ਹੀ ਪਹੁੰਚ ਗਿਆ। ਉਨ੍ਹਾਂ ਨੂੰ ਕੁਝ ਪੈਸੇ ਵੀ ਦਿੱਤੇ ਗਏ ਸਨ-ਘਰ ਪਹੁੰਚਣ ਦੇ ਖਰਚ ਲਈ। ਸਿਵਲੀਅਨ ਕੱਪੜੇ ਵੀ। ਰੇਲਵੇ-ਸਟੇਸ਼ਨ ਦੇ ਕੋਲ ਹੀ ਇੱਕ ਹੋਟਲ ਵਿੱਚ ਜਾ ਕੇ ਉਹਨੇ ਪਹਿਲਾਂ ਤਾਂ ਚਾਹ ਪੀਤੀ। ਚਾਹ ਪੀਂਦਾ ਉਹ ਸੋਚਦਾ ਰਿਹਾ ਕਿ ਬੱਸ ਵਿਚੋਂ ਉੱਤਰ ਕੇ ਜਦੋਂ ਉਹ ਆਪਣੇ ਪਿੰਡ ਵਿੱਚ ਦੀ ਲੰਘੇਗਾ ਤਾਂ ਲੋਕ ਉਹਨੂੰ ਖੜ੍ਹਾ ਖੜ੍ਹਾ ਕਿਵੇਂ ਉਹਦਾ ਹਾਲ-ਚਾਲ ਪੁੱਛਣਗੇ। ਉਹਨੂੰ ਆਪਣੇ ਘਰ ਪਹੁੰਚਣ ਦੀ ਕਾਹਲ ਹੋਵੇਗੀ। ਪਰ ਲੋਕਾਂ ਦਾ ਮੋਹ ਉਹਦੇ ਪੈਰਾਂ ਵਿੱਚ ਬੇੜੀਆਂ ਪਾ ਕੇ ਉਹਨੂੰ ਥਾਂ ਦੀ ਥਾਂ ਖੜ੍ਹਾਈ ਰੱਖੇਗਾ।

ਬੱਸ-ਸਟੈਂਡ ਤੇ ਜਾਣ ਤੋਂ ਪਹਿਲਾਂ ਉਸ ਨੇ ਸੋਚਿਆ, ਕੋਈ ਇੱਕ ਖਿਡੌਣਾ ਲੈ ਲਿਆ ਜਾਵੇ। ਆਖ਼ਰੀ ਛੁੱਟੀ ਕੱਟ ਕੇ ਜਦੋਂ ਉਹ ਵਾਪਸ ਆਇਆ ਸੀ, ਉਹਦਾ ਮੁੰਡਾ ਜਰਨੈਲ ਸਿਰਫ਼ ਇੱਕ ਸਾਲ ਦਾ ਸੀ। ਹੁਣ ਉਹ ਕਾਫ਼ੀ ਉਡਾਰ ਹੋ ਗਿਆ ਹੋਵੇਗਾ। ਉਹ ਉਹਨੂੰ ਆਪਣੀ ਹਿੱਕ ਨਾਲ ਘੁੱਟ ਲਵੇਗਾ। ਉਨਾ ਚਿਰ ਨਹੀਂ ਛੱਡੇਗਾ, ਜਦੋਂ ਤੱਕ ਉਹਦੀਆਂ ਚਾਂਗਾਂ ਨਾ ਨਿਕਲ ਜਾਣ। ਇੰਜ ਮੁੰਡੇ ਦੇ ਰੋਣ ਨਾਲ ਉਹਨੂੰ ਸੁਖ ਮਿਲੇਗਾ।

ਬਾਜ਼ਾਰ ਖੁੱਲ੍ਹਣ ਵਿੱਚ ਅਜੇ ਦੇਰ ਸੀ। ਉਹ ਹੋਟਲ ਤੋਂ ਬਾਹਰ ਹੋਇਆ, ਉਹਦੇ ਪੈਰ ਦਰਬਾਰ ਸਾਹਿਬ ਵੱਲ ਚੱਲ ਪਏ। ਦੁਕਾਨਾਂ ਖੁੱਲ੍ਹਣ ਤੱਕ, ਉਹਨੇ ਫ਼ੈਸਲਾ ਕੀਤਾ ਕਿ ਸਰਾਂ ਵਿੱਚ ਜਾ ਕੇ ਇਸ਼ਨਾਨ ਕੀਤਾ ਜਾਵੇ ਤੇ ਫੇਰ ਹਰਿਮੰਦਰ ਸਾਹਿਬ ਜਾਣਾ ਚਾਹੀਦਾ ਹੈ। ਸਬੱਬ ਨਾਲ ਆਇਆ ਹਾਂ, ਕਿਉਂ ਨਾ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਜਾਣ। ਸਵਾ ਪੰਜਾ ਰੁਪਏ ਦੀ ਦੇਗ ਵੀ ਕਰਵਾ ਦੇਵੇ। ਕੋਈ ਬਾਰ੍ਹਾਂ-ਤੇਰਾਂ ਸਾਲ ਪਹਿਲਾਂ ਅੰਮ੍ਰਿਤਸਰ ਆਪਣੇ ਮਾਮੇ ਨਾਲ ਆਇਆ ਸੀ। ਮਾਮੀ ਵੀ ਸੀ। ਉਹਨਾਂ ਦੇ ਦੋਵੇਂ ਮੁੰਡੇ ਸਨ। ਉਹ ਦੋ ਰਾਤਾਂ ਗੁਰੂ ਰਾਮਦਾਸ ਸਰਾਂ ਵਿੱਚ ਰਹੇ। ਘੁੰਮ ਫਿਰ ਕੇ ਸਾਰਾ ਅੰਮ੍ਰਿਤਸਰ ਦੇਖਿਆ। ਜਲ੍ਹਿਆਂਵਾਲਾ ਬਾਗ, ਦੁਰਗਿਆਣਾ ਮੰਦਰ, ਬਾਬਾ ਅੱਟਲ, ਭਗਤ ਪੂਰਨ ਸਿੰਘ ਦਾ ਪਿੰਗਲਵਾੜਾ ਵੀ। ਸੋ ਹੁਣ ਅੰਮ੍ਰਿਤਸਰ ਉਹਨੂੰ ਆਪਣਾ-ਆਪਣਾ ਲੱਗ ਰਿਹਾ ਸੀ। ਉੱਧਰ ਪਾਕਿਸਤਾਨ ਦੀ ਧਰਤੀ ਤਾਂ ਉਹਨੂੰ ਓਪਰੀ-ਓਪਰੀ ਲੱਗੀ ਸੀ। ਚੰਦ-ਸੂਰਜ ਵੀ ਜਿਵੇਂ ਬਿਗਾਨੇ ਹੋਣ। ਆਸਮਾਨ ਵਿੱਚ ਖਿੜੇ ਤਾਰੇ ਬਨੌਟੀ ਲੱਗਦੇ। ਪਸ਼ੂ-ਪੰਛੀ ਉਹ ਨਹੀਂ ਸਨ। ਬੰਦੇ, ਬੰਦੇ ਹੋਰ ਦੇਸ਼ ਦੇ ਸਨ। ਆਪਣੇ, ਉਹ ਕਦੋਂ ਸਨ।

ਕਦੇ ਉਹਨੂੰ ਲੱਗਦਾ, ਇਹ ਤਾਂ ਦੋ ਮੁਲਕਾਂ ਦੀਆਂ ਸਰਕਾਰਾਂ ਦੀ ਲੜਾਈ ਸੀ, ਨਹੀਂ ਤਾਂ ਉਸ ਦੇਸ਼ ਤੇ ਇਸ ਦੇਸ਼ ਦੇ ਲੋਕਾਂ ਵਿੱਚ ਕੀ ਫ਼ਰਕ ਹੈ? ਉਹੀ ਬੰਦੇ, ਉਹੀ ਪਹਿਰਾਵਾਂ, ਉਹੀ ਬੋਲੀ। ਚੰਦ ਸੂਰਜ ਤਾਂ ਸਾਰੀ ਦੁਨੀਆਂ ਦੇ ਸਾਂਝੇ ਨੇ। ਤਾਰੇ ਦੂਰ ਬੈਠੇ ਸੱਜਣਾਂ-ਮਿੱਤਰਾਂ ਦੀ ਯਾਦ ਦਿਵਾਉਂਦੇ ਹਨ। ਪਸ਼ੂ-ਪੰਛੀਆਂ ਦਾ ਵੀ ਕਦੇ ਕੋਈ ਇੱਕ ਮੁਲਕ ਹੁੰਦੈ?

ਦਰਬਾਰ ਸਾਹਿਬ ਤੋਂ ਉਹ ਬਾਹਰ ਆਇਆ ਤਾਂ ਬਾਜ਼ਾਰ ਵਿੱਚ ਪੂਰੀ ਗਹਿਮਾ-ਗਹਿਮੀ ਸੀ। ਜਰਨੈਲ ਵਾਸਤੇ ਉਹਨੇ ਇੱਕ ਛੋਟੀ ਹਾਕੀ ਖਰੀਦੀ ਤੇ ਇੱਕ ਗੇਂਦ। ਹਾਕੀ ਸੱਤ ਰੁਪਏ ਦੀ ਤੇ ਗੇਂਦ ਤਿੰਨ ਦੀ। ਬਾਕੀ ਹੁਣ ਉਹਦੇ ਕੋਲ ਬਹੁਤੇ ਪੈਸੇ ਨਹੀਂ ਸਨ। ਇਹਨਾਂ ਨਾਲ ਤਾਂ ਪਿੰਡ ਮਸਾਂ ਪਹੁੰਚਿਆ ਜਾ ਸਕੇਗਾ। ਕੀ ਪਤਾ, ਬੱਸਾਂ ਦੇ ਕਿਰਾਏ ਕੀ ਹਨ।

ਉਹਦਾ ਬਹੁਤ ਦਿਲ ਕਰਦਾ ਸੀ ਕਿ ਉਹ ਆਪਣੀ ਘਰ ਵਾਲੀ ਵਾਸਤੇ ਇੱਕ ਸੂਟ ਲੈ ਕੇ ਜਾਵੇ। ਪਰ ਇਹ ਬਿਲਕੁਲ ਨਾਮੁਮਕਿਨ ਸੀ। ਗੱਲ ਤਾਂ ਸਾਰੀ ਪੈਸਿਆਂ ਦੀ ਸੀ। ਉਹਦੇ ਕੋਲ ਬਾਫ਼ਰ ਪੈਸੇ ਹੁੰਦੇ ਤਾਂ ਸੂਟ ਕੀ, ਉਹਨੇ ਹੋਰ ਕਿੰਨਾ ਕੁਝ ਲੈ ਕੇ ਜਾਣਾ ਸੀ, ਆਪਣੀ ਨਾਜੋ ਨਾਰ ਲਈ।

ਪਹਿਲਾਂ ਜਦੋਂ ਵੀ ਉਹ ਛੁੱਟੀ ਜਾਂਦਾ, ਸੂਟ ਲੈ ਕੇ ਪਿੰਡ ਵੜਦਾ। ਹਾਰ ਸ਼ਿੰਗਾਰ ਦੀਆਂ ਕਿੰਨੀਆਂ ਸਾਰੀਆਂ ਚੀਜ਼ਾਂ। ਵਿਆਹ ਨੂੰ ਬਹੁਤੇ ਸਾਲ ਨਹੀਂ ਹੋਏ ਸਨ। ਇੱਕ ਕੁੜੀ ਹੋ ਕੇ ਮਰ ਗਈ ਸੀ। ਇਹ ਮੁੰਡਾ ਫੇਰ ਤਿੰਨ ਸਾਲਾਂ ਬਾਅਦ ਹੋਇਆ।

ਬੱਸ-ਸਟੈਂਡ ਵੱਲ ਤੁਰਿਆ ਜਾ ਰਿਹਾ, ਉਹ ਖ਼ੁਸ਼ ਸੀ ਤੇ ਉਦਾਸ ਵੀ। ਖ਼ੁਸ਼ ਤਾਂ ਇਸ ਕਰਕੇ ਕਿ ਉਹ ਸੱਤਾਂ ਸਾਲਾਂ ਬਾਅਦ ਜਿਉਂਦਾ-ਜਾਗਦਾ ਘਰ ਵਾਪਸ ਜਾ ਰਿਹਾ ਸੀ। ਉਦਾਸ ਇਸ ਕਰਕੇ ਕਿ ਇਸ ਵਾਰ ਉਹਦੀ ਫੌਜੀਆਂ ਵਾਲੀ ਉਹ ਮੜਕ ਨਹੀਂ ਹੈ। ਪਹਿਲਾਂ ਜਦੋਂ ਉਹ ਛੁੱਟੀ ਆਉਂਦਾ, ਟਰੰਕ ਵਿੱਚ ਹੋਰ ਕਿੰਨੇ ਕੁਝ ਦੇ ਨਾਲ ਨਾਲ ਰੰਮ ਦੀਆਂ ਦੋ ਬੋਤਲਾਂ ਜ਼ਰੂਰ ਹੁੰਦੀਆਂ। ਗੱਡੀਓਂ ਉੱਤਰਦੇ ਹੀ ਪਲੇਟ ਫਾਰਮ ਦੇ ਨਲਕੇ ਉੱਤੇ ਪਹਿਲਾਂ ਉਹ ਹੱਥ-ਮੂੰਹ ਧੋਂਦਾ। ਸ਼ੀਸ਼ੇ ਵਿੱਚ ਮੂੰਹ ਦੇਖਕੇ ਦਾੜ੍ਹੀ-ਮੁੱਛਾਂ ਠੀਕ ਕਰਦਾ। ਫੌਜੀ ਵਰਦੀ ਉੱਤੇ ਤੌਲੀਆਂ ਮਾਰਕੇ ਗੱਡੀ ਦੀ ਗਰਦ ਝਾੜਦਾ। ਐਨ ਟਿਚਨ ਹੋ ਕੇ, ਰੰਮ ਦਾ ਪੈੱਗ ਮਾਰ ਲੈਂਦਾ। ਇੱਕ ਪੈੱਗ ਹੋਰ ਲੈਂਦਾ। ਮੁੱਛਾਂ ਨੂੰ ਵੱਟ ਦੇ ਕੇ ਉਤਾਂਹ ਆਕਾਸ਼ ਵੱਲ ਝਾਕਦਾ। ਸੂਰਜ ਦੀ ਧੁੱਪ ਜਿਵੇਂ ਬੱਦਲਾਂ ਵਿੱਚ ਦੀ ਲੰਘ ਕੇ ਧਰਤੀ ਉੱਤੇ ਉੱਤਰ ਰਹੀ ਹੋਵੇ। ਵਰਖਾ ਤੋਂ ਪਹਿਲਾਂ ਜਿਹਾ ਮੌਸਮ। ਰਿਕਸ਼ਾ ਲੈ ਕੇ ਮੰਡੀ ਦੇ ਬੱਸ-ਅੱਡੇ ਪਹੁੰਚਦਾ। ਜਾਂਦੇ ਨੂੰ ਹੀ ਬੱਸ ਮਿਲ ਜਾਂਦੀ। ਉਹਦਾ ਪਿੰਡ ਮੰਡੀ ਤੋਂ ਦਸ ਮੀਲ ਦੂਰ ਸੀ। ਪਿੰਡ ਦੇ ਬੱਸ-ਅੱਡੇ ਤੇ ਉੱਤਰ ਕੇ ਜਿੰਦਰਾ ਲੱਗੇ ਟਰੰਕ ਨੂੰ ਉਹ ਚਾਹ ਦੀ ਦੁਕਾਨ ਵਿੱਚ ਰੱਖਦਾ ਤੇ ਕਿਸੇ ਹੱਥ ਘਰ ਨੂੰ ਸੁਨੇਹਾ ਭੇਜ ਦਿੰਦਾ। ਘਰ ਦਾ ਕੋਈ ਆਉਂਦਾ, ਨਹੀਂ ਤਾਂ ਕੋਈ ਗੁਆਂਢੀ ਹੀ, ਉਹਦਾ ਟਰੰਕ ਚੁੱਕ ਕੇ ਉਹਦੇ ਪਿੱਛੇ-ਪਿੱਛੇ ਤੁਰਨ ਲੱਗਦਾ। ਪਿੰਡ ਦੀਆਂ ਗਲੀਆਂ ਵਿੱਚ ਤੁਰਦਾ ਕਿਰਪਾਲ ਆਪਣੇ ਆਪ ਨੂੰ 'ਸਾਹਿਬ' ਸਮਝਦਾ। ਕੋਈ ਵੀ ਸਾਹਮਣੇ ਟੱਕਰਦਾ, ਹਰ ਕਿਸੇ ਨੂੰ ਉਹ 'ਸਤਿ ਸ੍ਰੀ ਅਕਾਲ' ਬੁਲਾਉਂਦਾ। ਹਾਣੀ-ਮੁੰਡੇ ਉਹਦੇ ਨਾਲ ਹੱਥ ਮਿਲਾਉਂਦੇ। ਉਹ ਸਿਆਣੂ-ਬੁੜ੍ਹੀਆਂ ਨੂੰ ਮੱਥਾ ਟੇਕਦਾ। ਉਹ ਉਹਦਾ ਸਿਰ ਪਲੋਸਦੀਆਂ। ਪੁੱਛਦੀਆਂ 'ਰਾਜੀ ਐਂ ਭਾਈ ਕਿਰਪਾਲ?'

ਉਹਨੂੰ ਅਫ਼ਸੋਸ ਸੀ, ਅੱਜ ਉਹਦੀ ਉਹ ਟੌਰ੍ਹ ਨਹੀਂ ਹੋਣੀ। ਜੇਲ੍ਹੋ ਛੁੱਟਕੇ ਆਏ ਕੈਦੀਆਂ ਵਾਂਗ ਉਹ ਘਰ ਵੜੇਗਾ। ਉਹ ਕੈਦੀ ਹੀ ਤਾਂ ਸੀ-ਜੰਗੀ ਕੈਦੀ।

ਪਿਛਲੀ ਹਿੰਦ-ਪਾਕਿ ਲੜਾਈ ਵਿੱਚ ਉਹਨਾਂ ਦੀ ਫੌਜੀ-ਟੁਕੜੀ ਦੇ ਬਹੁਤੇ ਸਿਪਾਹੀ ਮਾਰੇ ਗਏ, ਕੁਝ ਫਰਾਰ ਹੋ ਗਏ। ਉਹ ਤਿੰਨ ਜਣੇ ਸਨ। ਦੋਂਹ ਨੂੰ ਭਾਰਤੀ-ਫੌਜ ਚੁੱਕ ਕੇ ਲੈ ਗਈ। ਬਾਅਦ ਵਿੱਚ ਹਸਪਤਾਲ ਜਾ ਕੇ ਉਹ ਦਮ ਤੋੜ ਗਏ ਜਾਂ ਬਚ ਰਹੇ, ਉਹਨੂੰ ਕੋਈ ਪਤਾ ਨਹੀਂ ਸੀ। ਉਹਦੇ ਤੱਕ ਕੋਈ ਨਹੀਂ ਪਹੁੰਚਿਆ। ਕੀ ਪਤਾ, ਉਹ ਉਹਨੂੰ ਮਰਿਆ ਪਿਆ ਸਮਝਕੇ ਛੱਡ ਗਏ ਜਾਂ ਕੀ ਪਤਾ, ਉਹ ਕਿਸੇ ਦੀ ਨਿਗਾਹ ਹੀ ਨਾ ਚੜ੍ਹਿਆ ਹੋਵੇ। ਖਬਰੈ, ਕਿਹੜੀ ਖੱਡ ਵਿੱਚ ਛੁਪਿਆ ਰਹਿ ਗਿਆ ਹੋਵੇਗਾ। ਉਹਦੀ ਲੱਤ ਵਿੱਚ ਗੋਲ਼ੀ ਲੱਗੀ ਸੀ। ਮੋਢੇ ਉੱਤੇ ਵੀ ਨਿਸ਼ਾਨ ਸਨ। ਉਹਨੂੰ ਕੋਈ ਪਤਾ ਨਹੀਂ, ਉਹ ਕਦੋਂ ਬੇਹੋਸ਼ ਹੋਇਆ। ਉਹਦੀ ਸੁਰਤ ਪਰਤੀ ਤਾਂ ਉਹ ਦੁਸ਼ਮਣ ਦੇ ਕਬਜ਼ੇ ਵਿੱਚ ਸੀ। ਮਿਲਟਰੀ ਹਸਪਤਾਲ ਲਿਜਾਕੇ ਉਹਦਾ ਆਪਰੇਸ਼ਨ ਕੀਤਾ ਗਿਆ। ਤੇ ਫੇਰ ਕਈ ਦਿਨ ਉਹਨੂੰ ਏਸੇ ਹਸਪਤਾਲ ਵਿੱਚ ਰੱਖਿਆ ਗਿਆ।

ਉਹਨਾਂ ਦੇ ਫੌਜੀ ਅਫ਼ਸਰਾਂ ਨੇ ਉਹਦੀ ਪੂਰੀ ਪੁੱਛ-ਗਿੱਛ ਕੀਤੀ। ਭਾਰਤੀ-ਫੌਜ ਦੇ ਇਲਾਕਿਆਂ ਬਾਰੇ ਜੋ ਉਹ ਪੁੱਛ ਰਹੇ ਸਨ, ਉਹਨੂੰ ਪਤਾ ਨਹੀਂ ਸੀ। ਫੇਰ ਉਹਨੂੰ ਜੇਲ੍ਹ ਭੇਜ ਦਿੱਤਾ ਗਿਆ। ਉਥੇ ਹੋਰ ਭਾਰਤੀ ਫੌਜੀ ਵੀ ਸਨ। ਲੜਾਈ ਖ਼ਤਮ ਹੋਣ ਉਪਰੰਤ ਉਹਨਾਂ ਨੂੰ ਕਈ ਕਈ ਸਾਲਾਂ ਬਾਅਦ ਦੋ-ਦੋ, ਚਾਰ-ਚਾਰ ਕਰਕੇ ਛੱਡਿਆ ਜਾਂਦਾ ਰਿਹਾ ਸੀ। ਸਰਕਾਰਾਂ ਦਾ ਲੈਣ-ਦੇਣ ਜੰਗੀ-ਕੈਦੀਆਂ ਦੀ ਕਿਸਮਤ ਬਣਕੇ ਰਹਿ ਗਿਆ। ਤੁਸੀਂ ਸਾਡੇ ਐਨੇ ਛੱਡ ਦਿਉ। ਅਸੀਂ ਤੁਹਾਡੇ ਐਨੇ ਛੱਡ ਦਿਆਂਗੇ।

ਬੱਸ ਵਿੱਚ ਬੈਠਾ ਉਹ ਆਪਣੇ ਘਰ ਦੇ ਜੀਆਂ ਬਾਰੇ ਹੀ ਸੋਚਦਾ ਜਾ ਰਿਹਾ ਸੀ। ਆਪਣੀ ਮਾਂ ਬਾਰੇ, ਆਪਣੇ ਬਾਪ ਬਾਰੇ, ਆਪਣੇ ਛੋਟੇ ਭਾਈ ਬਾਰੇ ਤੇ ਸਭ ਤੋਂ ਵੱਧ ਆਪਣੀ ਪਤਨੀ ਪ੍ਰੀਤਮ ਕੌਰ ਬਾਰੇ। ਪ੍ਰੀਤਮ ਕੌਰ ਦਾ ਖ਼ਿਆਲ ਬਾਰ ਬਾਰ ਉਹਦੇ ਮੱਥੇ ਨਾਲ ਆ ਕੇ ਵੱਜਦਾ। ਨਾਲ ਦੀ ਨਾਲ ਉਹਦਾ ਪੁੱਤਰ ਜਰਨੈਲ ਉਹਨੂੰ ਯਾਦ ਆਉਂਦਾ। ਉਹ ਸੋਚ ਰਿਹਾ ਸੀ ਕਿ ਪ੍ਰੀਤਮ ਕੌਰ ਇਹਨਾਂ ਸੱਤਾਂ ਵਰ੍ਹਿਆਂ ਦੌਰਾਨ ਪਤਾ ਨਹੀਂ ਕਿਹੋ-ਜਿਹੀ ਹੋ ਗਈ ਹੋਵੇਗੀ। ਉਹਦੀ ਸ਼ਕਲ-ਸੂਰਤ ਕੀ ਪਤਾ ਖਾਸੀ ਬਦਲ ਚੁੱਕੀ ਹੋਵੇ। ਕੀ ਪਤਾ, ਉਹ ਉਹਨੂੰ ਸਿਆਣ ਸਕੇਗਾ ਕਿ ਨਹੀਂ। ਇਹ ਵੀ ਹੋ ਸਕਦਾ ਹੈ ਉਹ ਉਹੋ-ਜਿਹੀ ਪਈ ਹੋਵੇ। ਜਵਾਨ ਦੀ ਜਵਾਨ। ਕੀ ਢਲ ਗਿਆ ਹੋਵੇਗਾ ਐਡੀ ਛੇਤੀ ਉਹਦਾ। ਦੋ ਤਾਂ ਜੁਆਕ ਜੰਮੇ ਨੇ। ਤੇ ਫੇਰ ਸੱਤ ਵਰ੍ਹੇ ਕੋਈ ਬਹੁਤਾ ਸਮਾਂ ਨਹੀਂ ਹੁੰਦਾ। ਆਪਣੀ ਜੇਬ੍ਹ ਵਿਚੋਂ ਉਹ ਬਾਲੋ ਵਾਲਾ ਨਿੱਕਾ ਗੋਲ ਸ਼ੀਸ਼ੇ ਕੱਢਦਾ ਤੇ ਉਹਨੂੰ ਆਪਣੀਆਂ ਅੱਖਾਂ ਅੱਗੇ ਕਰਕੇ ਚਿਹਰੇ ਦੇ ਨਕਸ਼ ਦੇਖਣ ਲੱਗਦਾ, ਉਹਨੂੰ ਲੱਗਦਾ, ਜਿਵੇਂ ਉਹਦਾ ਚਿਹਰਾ ਪਹਿਲਾਂ ਨਾਲੋਂ ਕਾਫ਼ੀ ਉੱਤਰ ਗਿਆ ਹੋਵੇ। ਦਾੜ੍ਹੀ ਵਿੱਚ ਚਿੱਟੇ ਵਾਲ ਦਿਸਣ ਲੱਗੇ ਸਨ। ਗੱਲ੍ਹਾਂ ਦੀਆਂ ਹੱਡੀਆਂ ਨੀਵੀਂਆਂ ਹੋ ਗਈਆ ਸਨ। ਪਰ ਅੱਖਾਂ ਵਿੱਚ ਉਹੀ ਚਮਕ ਸੀ। ਮੱਥੇ ਉੱਤੇ ਇੱਕ ਮਾਮੂਲੀ ਜਿਹਾ ਵੱਟ ਪੈਂਦਾ। ਉਹ ਵੀ ਉਦੋਂ, ਜਦੋਂ ਉਹ ਡੂੰਘਾ ਸੋਚਦਾ ਹੋਵੇ। ਇਹ ਬਾਲੋ ਵਾਲਾ ਗੋਲ ਸ਼ੀਸ਼ਾ ਉਹਨੇ ਅੰਮ੍ਰਿਤਸਰ ਹਾਕੀ-ਗੇਂਦ ਖਰੀਦਣ ਵੇਲੇ ਹੀ ਖਰੀਦ ਲਿਆ ਸੀ।

ਉਹਦਾ ਚਿੱਤ ਭੈੜਾ ਪੈ ਜਾਂਦਾ ਜਦੋਂ ਉਹਨੂੰ ਇੱਟ ਵਰਗਾ ਪੱਕਾ ਵਿਸ਼ਵਾਸ ਹੋਣ ਲੱਗਦਾ ਕਿ ਪ੍ਰੀਤਮ ਕੌਰ ਇਸ ਹਾਲਤ ਵਿੱਚ ਉਹਨੂੰ ਬਿਲਕੁਲ ਨਹੀਂ ਪਹਿਚਾਣ ਸਕੇਗੀ। ਉਹ ਤਾਂ ਕਿੰਨਾ ਬਦਲ ਗਿਆ ਹੈ। ਕਿੰਨਾ ਢਲ ਗਿਆ ਹੈ।

ਉਹਦਾ ਛੋਟਾ ਭਾਈ ਉਸ ਤੋਂ ਚਾਰ ਸਾਲ ਛੋਟਾ ਸੀ। ਜਦੋਂ ਉਹ ਆਖ਼ਰੀ ਛੁੱਟੀ ਆਇਆ ਸੀ, ਉਹਦਾ ਮੰਗਣਾ ਹੋ ਗਿਆ ਸੀ। ਹੁਣ ਉਹਦਾ ਵਿਆਹ ਹੋ ਚੁੱਕਿਆ ਹੋਵੇਗਾ। ਵਿਆਹ ਕੀ, ਉਹਦੀ ਬਹੂ ਕੋਲ ਇੱਕ-ਦੋ ਜੁਆਕ ਵੀ ਹੋਣਗੇ। ਕਿਰਪਾਲ ਸੋਚ ਰਿਹਾ ਸੀ, ਛੋਟਾ ਭਾਈ ਜੋਗਿੰਦਰ ਅੱਡ ਨਹੀਂ ਹੋਇਆ ਹੋਵੇਗਾ। ਪ੍ਰੀਤਮ ਕੌਰ ਨੂੰ ਉਹਦਾ ਪੂਰਾ ਸਹਾਰਾ ਹੋਵੇਗਾ। ਜੋਗਿੰਦਰ ਬਹੁਤ ਨਰਮ ਮੁੰਡਾ ਹੈ। ਆਪਣੇ ਫ਼ਰਜ਼ ਦੀ ਪੂਰੀ ਪਹਿਚਾਣ ਹੈ ਉਹਨੂੰ। ਕਿਰਪਾਲ ਮਨ ਨੂੰ ਧਰਵਾਸ ਦਿੰਦਾ-'ਭਾਈ ਤਾਂ ਮੇਰਾ ਈ ਐ ਨਾ। ਉਹ ਭਰਜਾਈ ਨੂੰ ਧੱਕਾ ਨ੍ਹੀ ਦੇ ਸਕਦਾ।' ਤੇ ਫਿਰ ਇਹ ਤਸੱਲੀ ਵੀ-'ਜਿੰਨੇ ਚਿਰ ਮਾਂ-ਪਿਓ ਬੈਠੇ ਨੇ, ਉਹ ਕਿਵੇਂ ਅੱਡ ਹੋ ਸਕਦੈ?'

ਦਿਲ ਦੀ ਤਾਰ ਤੜੱਕ ਦੇ ਕੇ ਟੁੱਟ ਜਾਂਦੀ, ਜਦੋਂ ਉਹਨੂੰ ਇਹ ਖ਼ਿਆਲ ਆਉਂਦਾ 'ਕੀ ਪਤਾ, ਮਾਂ-ਪਿਓ ਜਿਉਂਦੇ ਵੀ ਨੇ ਜਾਂ ਨਹੀਂ?' ਬਾਪੂ ਤਾਂ ਜੇ ਈ ਹੋਵੇ, ਖੰਘ ਕਿੰਨੀ ਸੀ। ਬੈਠੇ-ਬੈਠੇ ਦਾ ਦਮ ਉੱਖੜ ਜਾਂਦਾ। ਏਸ ਬੀਮਾਰੀ ਵਾਲੇ ਦਾ ਕੀ ਹੁੰਦੈ, ਸਾਹ ਆਇਆ ਨਾ ਆਇਆ।'

ਮੰਡੀ ਉਹਨੂੰ ਆਪਣੀ-ਆਪਣੀ ਲੱਗ ਰਹੀ ਸੀ। ਪਰ ਇਹ ਕੀ, ਕੋਈ ਵੀ ਜਾਣਕਾਰ ਬੰਦਾ ਅਜੇ ਤੱਕ ਉਹਨੂੰ ਨਹੀਂ ਮਿਲਿਆ। ਬੱਸ-ਅੱਡਾ ਉਹੀ ਸੀ। ਹੋਟਲ ਵਧ ਗਏ ਸਨ। ਰਿਕਸ਼ਿਆਂ ਵਾਲੇ ਵੀ। ਬੱਸ-ਅੱਡੇ ਦੇ ਇੱਕ ਪਾਸੇ ਨਵੀਆਂ ਦੁਕਾਨਾਂ ਪੈ ਗਈਆਂ। ਜਿਹਨਾਂ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਵਰਕਸ਼ਾਪਾਂ ਸਨ। ਉਹਦੇ ਪਿੰਡ ਨੂੰ ਜਾਣ ਵਾਲੀ ਬੱਸ ਤਿਆਰ ਖੜ੍ਹੀ ਸੀ। ਇੱਕ ਅਮਲੀ ਜਿਹਾ ਅੱਧਖੜ ਉਮਰ ਦਾ ਬੰਦਾ ਸਵਾਰੀਆਂ ਨੂੰ ਹੋਕਰੇ ਮਾਰ ਰਿਹਾ ਸੀ। ਬਿੰਦੇ-ਬਿੰਦੇ ਉਹ ਥੁੱਕਦਾ ਤੇ ਮੁੱਛਾਂ ਨੂੰ ਉਤਾਂਹ ਚੜ੍ਹਾਉਂਦਾ। ਕਿਰਪਾਲ ਬੱਸ ਵਿੱਚ ਬੈਠ ਗਿਆ। ਸਾਰੀਆਂ ਸੀਟਾਂ ਭਰ ਚੁੱਕੀਆਂ ਸਨ। ਹੋਰ ਸਵਾਰੀਆਂ ਆ ਰਹੀਆਂ ਸਨ। ਹੁਣ ਉਹ ਸੀਟਾਂ ਵਿਚਕਾਰ ਖੜ੍ਹੀਆਂ ਸਨ। ਬੱਸ ਤੂੜੀ ਦੇ ਕੋਠੇ ਵਾਂਗ ਭਰਦੀ ਜਾ ਰਹੀ ਸੀ। ਫਿਰ ਵੀ ਅਮਲੀ ਦੇ ਹੋਕਰੇ ਬੰਦ ਨਹੀਂ ਹੋਏ।

ਬੱਸ ਚੱਲ ਪਈ। ਉਹ ਉਦਾਸ ਸੀ। ਉਹਦੇ ਪਿੰਡ ਦਾ ਇੱਕ ਬੰਦਾ ਵੀ ਬੱਸ ਵਿੱਚ ਨਹੀਂ ਸੀ। ਨਵੇਂ ਮੁੰਡੇ ਉਹਦੀ ਸਿਆਣ ਵਿੱਚ ਨਹੀਂ ਆ ਰਹੇ ਸਨ। ਸੱਤ ਸਾਲਾਂ ਵਿੱਚ ਬਹੁਤ ਫ਼ਰਕ ਪੈ ਜਾਂਦਾ ਹੈ। ਦਾੜ੍ਹੀ-ਮੁੱਛਾਂ ਆ ਕੇ ਮੁੰਡੇ ਦਾ ਚਿਹਰਾ ਹੀ ਬਦਲ ਜਾਂਦਾ ਹੈ। ਆਵਾਜ਼ ਉਹ ਨਹੀਂ ਰਹਿੰਦੀ। ਖੜ੍ਹਨ ਬੋਲਣ ਦੇ ਤੌਰ-ਤਰੀਕੇ ਹੋਰ ਹੋ ਜਾਂਦੇ ਨੇ। ਉਹ ਆਪ ਵੀ ਤਾਂ ਬਦਲ ਗਿਆ ਹੈ। ਉਹਨਾਂ ਦੇ ਪਿੰਡ ਦਾ ਕੋਈ ਬੰਦਾ ਉਹਦੀ ਨਿਗਾਹ ਵਿੱਚ ਹਾਲੇ ਵੀ ਨਹੀਂ ਆਇਆ। ਪਿੰਡ ਦੇ ਕਿਸੇ ਬੰਦੇ ਨੇ ਜੇ ਉਹਨੂੰ ਦੇਖਿਆ ਵੀ ਹੋਇਆ ਤਾਂ ਉਹਨੂੰ ਪਹਿਚਾਣਿਆ ਨਹੀਂ ਹੋਵੇਗਾ। ਉਹਨੂੰ ਸ਼ਿੱਦਤ ਨਾਲ ਮਹਿਸੂਸ ਹੋ ਰਿਹਾ ਸੀ, ਉਹ ਸੱਚਮੁੱਚ ਹੀ ਬਦਲ ਗਿਆ ਹੈ। ਬੱਸ ਦੀ ਭੀੜ ਵਿੱਚ ਉਹ ਇਕੱਲਾ ਸੀ। ਸਭ ਇੱਕ ਦੂਜੇ ਨਾਲ ਗੱਲਾਂ ਕਰ ਰਹੇ ਸਨ। ਪਰ ਉਹ ਜਿਵੇਂ ਕੋਈ ਪ੍ਰਦੇਸੀ ਹੋਵੇ। ਚੁੱਪ ਬੈਠਾ, ਚਿਹਰਿਆਂ ਵੱਲ ਗਹੁ ਨਾਲ ਦੇਖ ਰਿਹਾ। ਇੱਕ ਅਜਨਬੀ, ਅਜਨਬੀ ਵੱਲ ਕੌਣ ਝਾਕਦਾ ਹੈ।

ਉਹ ਪਿੰਡ ਦੇ ਬੱਸ ਅੱਡੇ ’ਤੇ ਚੋਰਾਂ ਵਾਂਗ ਉੱਤਰਿਆ। ਮੋਢੇ ਲਟਕਦੇ ਥੈਲੇ ਵਿੱਚ ਪਤਾ ਨਹੀਂ ਕੀ ਕੁਝ ਸੀ, ਹਾਕੀ ਦਾ ਸਿਰਾ ਬਾਹਰ ਜ਼ਰੂਰ ਦਿਸ ਰਿਹਾ ਸੀ। ਅੱਡੇ ਉੱਤੇ ਖੜ੍ਹੇ ਬੰਦਿਆਂ ਨੇ ਗਹੁ ਨਾਲ ਦੇਖਿਆ, ਜਿਵੇਂ ਇਕੱਲੇ-ਇਕੱਲੇ ਦੀ ਨਿਰਖ-ਪਰਖ਼ ਕਰ ਰਹੇ ਹੋਣ, ਪਰ ਉਹਨੂੰ ਬੁਲਾਇਆ ਕਿਸੇ ਨੇ ਨਹੀਂ। ਉਹਨੂੰ ਆਪਣੇ ਆਪ ਨਾਲ ਹੀ ਗਿਲਾਨੀ ਹੋਈ, ਉਹਨੂੰ ਕਿਸੇ ਨੇ ਵੀ ਨਹੀਂ ਬੁਲਾਇਆ। ਨਹੀਂ ਤਾਂ ਪਹਿਲਾਂ ਜਦੋਂ ਕਦੇ ਵੀ ਉਹ ਛੁੱਟੀ ਆਉਂਦਾ, ਅੱਡੇ ਦੇ ਬੰਦੇ ਉਹਨੂੰ ਭੱਜ ਕੇ ਆਕੇ ਮਿਲਦੇ, ਉਹਦੀ ਸਾਰੀ ਸੁੱਖ-ਸਾਂਦ ਪੁੱਛਦੇ। ਹੁਣ ਉਹਨੇ ਨੀਵੀਂ ਪਾ ਕੇ ਸਿੱਧਾ ਘਰ ਨੂੰ ਜਾਣਾ ਹੀ ਠੀਕ ਸਮਝਿਆ। ਅੱਡੇ ਦੇ ਬੰਦਿਆਂ ਦਾ ਕੀਹ ਐ, ਉਹਨੂੰ ਬਹੁਤੀ ਖਿੱਚ ਤਾਂ ਘਰ ਜਾ ਕੇ ਆਪਣੇ ਪਰਿਵਾਰ ਨੂੰ ਮਿਲਣ ਦੀ ਹੋਣੀ ਚਾਹੀਦੀ ਹੈ। ਅੱਡੇ ਤੋਂ ਉਹ ਸਿੱਧੇ ਰਾਹ ਨਹੀਂ ਪਿਆ, ਨਿਆਈਆਂ ਵਿੱਚ ਦੀ ਹੋ ਲਿਆ। ਬੱਸ-ਅੱਡਾ ਪਿੰਡ ਤੋਂ ਬਾਹਰ-ਵਾਰ ਸੀ, ਕਈ ਖੇਤ ਛੱਡਕੇ। ਅੱਡੇ ਤੋਂ ਪਿੰਡ ਤੱਕ ਲਿੰਕ ਸੜਕ ਬਣੀ ਹੋਈ ਸੀ। ਅੱਧ ਮੀਲ ਤੋਂ ਵੀ ਘੱਟ। ਉਹਨਾਂ ਦਾ ਘਰ ਪਿੰਡ ਦੇ ਪਰਲੇ ਪਾਸੇ ਸੀ। ਲਿੰਕ-ਸੜਕ ਪੈ ਕੇ ਤਾਂ ਪਿੰਡ ਦੇ ਵਿੱਚ ਦੀ ਲੰਘਣਾ ਪੈਂਦਾ। ਘਰ ਤੱਕ ਪਹੁੰਚਦੇ-ਪਹੁੰਚਦੇ ਉਹਨੇ ਰਾਹ ਵਿੱਚ ਟੱਕਰੇ ਕਈਆਂ ਨੂੰ ਸਿਆਣ ਲਿਆ, ਪਰ ਉਹਨੂੰ ਕਿਸੇ ਨੇ ਨਹੀਂ ਬੁਲਾਇਆ। ਸੋਚ ਰਿਹਾ ਸੀ, ਪਤਾ ਨਹੀਂ ਕੀ ਗੱਲ, ਉਹ ਐਨਾ ਤਾਂ ਨਹੀਂ ਬਦਲ ਗਿਆ ਕਿ ਪਹਿਚਾਣ ਵਿੱਚ ਹੀ ਨਾ ਆ ਰਿਹਾ ਹੋਵੇ। ਲੋਕ ਉਹਦੇ ਵੱਲ ਝਾਕਦੇ ਤੇ ਓਪਰਾ ਸਮਝਕੇ ਪਰ੍ਹਾਂ ਮੂੰਹ ਭੰਵਾ ਲੈਂਦੇ।

ਘਰ ਦੇ ਬਾਰ ਮੂਹਰੇ ਅੱਠ-ਦਸ ਸਾਲ ਦਾ ਇੱਕ ਮੁੰਡਾ ਡੱਕਿਆਂ ਦਾ ਹਲ਼ ਬਣਾ ਕੇ ਮਿੱਟੀ ਵਿੱਚ ਖੇਡ ਰਿਹਾ ਸੀ। ਉਹਦੇ ਕੋਲ ਹੀ ਦੂਜਾ ਇੱਕ ਮੁੰਡਾ ਚਲਦੇ ਹਲ਼ ਵੱਲ ਝਾਕ ਝਾਕ ਖ਼ੁਸ਼ ਹੋ ਰਿਹਾ ਸੀ। ਉਹ ਹਲ਼ ਵੱਲ ਹੱਥ ਵਧਾਉਂਦਾ ਪਰ ਵੱਡਾ ਮੁੰਡਾ ਉਹਨੂੰ ਝਿੜਕ ਦਿੰਦਾ। ਦੂਜਾ ਮੁੰਡਾ ਉਹਤੋਂ ਛੋਟਾ ਸੀ। ਚਾਰ ਕੁ ਸਾਲ ਦਾ ਹੋਵੇਗਾ। ਕਿਰਪਾਲ ਨੇ ਉਹਨਾਂ ਨੂੰ ਬੁਲਾਇਆ ਨਹੀਂ। ਸੋਚਿਆ, ਗੁਆਂਢੀਆਂ ਦੇ ਜੁਆਕ ਹੋਣਗੇ। ਖੇਡਣ ਏਥੇ ਆ ਗਏ।

ਉਹ ਦੇਲ੍ਹੀਓਂ ਅੰਦਰ ਹੋਇਆ, ਦਰਵਾਜ਼ੇ ਦੇ ਇੱਕ ਖੂੰਜੇ ਮੰਜੇ ਉੱਤੇ ਪਿਆ ਉਹਦਾ ਬਾਪ ਸੁੱਕੀ ਖੰਘ ਨਾਲ ਔਖਾ ਸੀ। ਉਹਨੇ ਬਾਪੂ ਨੂੰ ਮੱਥਾ ਟੇਕਿਆ। ਖੰਘ ਕਰਕੇ ਅੱਖਾਂ ਵਿੱਚ ਇਕੱਠੇ ਹੋਏ ਪਾਣੀ ਨਾਲ ਬੁੜ੍ਹੇ ਦੀ ਨਜ਼ਰ ਧੁੰਦਲੀ ਪਈ ਹੋਈ ਸੀ। ਉਹਨੂੰ ਪਤਾ ਹੀ ਨਹੀਂ ਲੱਗਿਆ ਕਿ ਮੱਥਾ ਟੇਕਣ ਵਾਲਾ ਇਹ ਕਿਹੜਾ ਜੁਆਨ ਹੈ। ਐਨੇ ਨੂੰ ਸਬ੍ਹਾਤ ਵਿਚੋਂ ਨਿੱਕਲ ਕੇ ਵਿਹੜੇ ਵਿੱਚ ਆਈ ਪ੍ਰੀਤਮ ਕੌਰ ਉਹਨੂੰ ਦਿਸੀ। ਬਾਪੂ ਤੋਂ ਸਿਰ ਪਲਸਾਉਣ ਦੀ ਥਾਂ ਉਹ ਵਿਹੜੇ ਵੱਲ ਹੋ ਗਿਆ। ਬੁੜ੍ਹਾ ਉੱਠਦਾ ਉੱਠਦਾ ਫੇਰ ਪੈ ਗਿਆ। ਆਵਾਜ਼ ਸੁਣਕੇ ਉਹਨੂੰ ਕੋਈ ਭੁਲੇਖਾ ਜ਼ਰੂਰ ਪਿਆ ਹੋਵੇਗਾ। ਏਸ ਕਰਕੇ ਉਹ ਦੂਜੀ ਵਾਰ ਫੇਰ ਬੈਠਾ ਹੋ ਗਿਆ। ਪ੍ਰੀਤਮ ਕੌਰ ਨੇ ਉੱਚੀ ਚੀਕ ਮਾਰੀ। ਜਿਵੇਂ ਉਹਨੂੰ ਕਿਸੇ ਜ਼ਹਿਰੀ ਨਾਗ਼ ਨੇ ਡੱਸ ਲਿਆ ਹੋਵੇ। ਬੁੜ੍ਹਾ ਵਿਹੜੇ ਵਿੱਚ ਆਇਆ ਤਾਂ ਉਹ ਮੂਧੇ ਮੂੰਹ ਡਿੱਗੀ ਪਈ ਸੀ। ਉਹਦੀ ਦੇਹ ਬੁਰੀ ਤਰ੍ਹਾਂ ਕੰਬ ਰਹੀ ਸੀ। ਬਹੂ ਦੀ ਇਹ ਹਾਲਤ ਦੇਖ ਕੇ ਬੁੜ੍ਹੇ ਦੀ ਹੋਸ਼ ਜਿਵੇਂ ਗੁੰਮ ਹੀ ਹੋ ਗਈ ਹੋਵੇ। ਕਿਰਪਾਲ ਨੇ ਪ੍ਰੀਤਮ ਕੌਰ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਹੀ ਉਹ ਉਹਨੂੰ ਹੱਥ ਲਾਉਣ ਲੱਗਿਆ, ਉਹ ਇਸ ਤਰ੍ਹਾਂ ਤੜਫ਼ ਕੇ ਪਰ੍ਹਾਂ ਹੋ ਗਈ ਜਿਵੇਂ ਕਿਰਪਾਲ ਕੋਈ ਭੂਤ-ਪ੍ਰੇਤ ਹੋਵੇ। ਬੁਢਾ ਬਾਹਰੋਂ ਆਏ

ਬੰਦੇ ਦੇ ਮੂੰਹ ਵੱਲ ਝਾਕਿਆ ਤੇ ਝਾਕਦਾ ਹੀ ਰਹਿ ਗਿਆ। ਹੁਣ ਬੁੜ੍ਹੇ ਦੀ ਦੇਹ ਕੰਬਣ ਲੱਗੀ। ਇਹ ਕੌਣ ਹੋਇਆ? ਕਿਰਪਾਲ ਨੇ ਬੁੜ੍ਹੇ ਦੀ ਬਾਂਹ ਫ਼ੜ ਲਈ ਤੇ ਬੋਲਿਆ– 'ਬਾਪੂ, ਮੈਨੂੰ ਪਛਾਣਿਆ ਨ੍ਹੀ? ਮੈਂ ਕਿਰਪਾਲ ਆਂ।'

'ਹੈਂ? ਕਿਰਪਾਲ? ਤੂੰ ਕਿਰਪਾਲ ਐਂ? ਤੂੰ ਤਾਂ ਭਾਈ....

ਪ੍ਰੀਤਮ ਕੌਰ ਬਿਜਲੀ ਦੀ ਤਾਰ ਲੱਗਣ ਵਾਂਗ ਝੰਜੋੜੀ ਗਈ। ਉਹ ਬੜੀ ਫ਼ੁਰਤੀ ਨਾਲ ਉੱਠੀ ਤੇ ਸਬ੍ਹਾਤ ਅੰਦਰ ਜਾ ਵੜੀ। ਅੰਦਰਲਾ ਕੁੰਡਾ ਲਾ ਲਿਆ। ਸਬ੍ਹਾਤ ਅੰਦਰ ਰਜ਼ਾਈ-ਗਦੈਲਿਆਂ ਵਾਲੇ ਵੱਡੇ ਪਲੰਘ ਦੇ ਇੱਕ ਪਾਸੇ ਟੇਢੀ ਜਿਹੀ ਹੋਕੇ ਉਹ ਇੰਜ ਬੈਠ ਗਈ ਜਿਵੇਂ ਉਹਨੇ ਕਿਸੇ ਖ਼ੂੰਖਾਰ ਜਾਨਵਰ ਤੋਂ ਆਪਣੇ ਆਪ ਨੂੰ ਬਚਾ ਲਿਆ ਹੋਵੇ।

ਬਾਪੂ ਦੀ ਦੇਹ ਖਿੰਡ ਰਹੀ ਸੀ। ਕਿਰਪਾਲ ਨੇ ਉਹਦਾ ਡੌਲ਼ਾ ਫ਼ੜਿਆ ਤੇ ਉਹਨੂੰ ਵਿਹੜੇ ਵਿੱਚ ਹੀ ਚੌਂਤਰੇ ਉੱਤੇ ਬਿਠਾ ਲਿਆ। ਬੁੜ੍ਹਾਂ ਉਹਦੇ ਵੱਲ ਝਾਕਦਾ ਤੇ ਨੀਵੀਂ ਪਾ ਲੈਂਦਾ। ਉਹਦੇ ਸੰਘ ਦੀਆਂ ਰਗ਼ਾਂ ਬੈਠ ਗਈਆਂ। ਉਹ ਰੋ ਕੇ ਬੋਲਿਆ-'ਤੂੰ ਸੱਚੀਂ ਕਿਰਪਾਲ ਐਂ?'

ਜੋਗਿੰਦਰ ਉਸ ਦਿਨ ਖੇਤ ਨਹੀਂ ਗਿਆ। ਉਹ ਪਿੰਡ ਵਿੱਚ ਡਾਕਟਰ ਕੋਲ ਆਪਣੀ ਦੋ ਕੁ ਸਾਲਾਂ ਦੀ ਕੁੜੀ ਨੂੰ ਲੈ ਕੇ ਗਿਆ ਹੋਇਆ ਸੀ। ਕੁੜੀ ਨੂੰ ਕਈ ਦਿਨਾਂ ਤੋਂ ਬੁਖ਼ਾਰ ਸੀ। ਦੁੱਧ ਨਹੀਂ ਪਚਦਾ ਸੀ। ਉਹ ਕੁੜੀ ਲੈ ਕੇ ਵਿਹੜੇ ਵਿੱਚ ਆਇਆ ਤਾਂ ਪਿਓ-ਪੁੱਤ ਦੋਵੇਂ ਗੱਲਾਂ ਕਰ ਰਹੇ ਸਨ। ਬੁੜ੍ਹਾ ਬੇਹੱਦ ਪ੍ਰਸੰਨ ਦਿਸ ਰਿਹਾ ਸੀ, ਪਰ ਉਹਦੀਆਂ ਅੱਖਾਂ ਵਿੱਚ ਪਾਣੀ ਵੀ ਵਗਦਾ। ਜੋਗਿੰਦਰ ਨੇ ਕਿਰਪਾਲ ਨੂੰ ਪਹਿਚਾਣ ਲਿਆ। ਗੋਦੀ ਚੁੱਕੀ ਕੁੜੀ ਸਮੇਤ ਉਹਨੇ ਖੜ੍ਹੇ ਹੋਏ ਕਿਰਪਾਲ ਨੂੰ ਜੱਫ਼ੀ ਪਾ ਲਈ। ਦੋਵਾਂ ਦੇ ਮਨ ਉੱਛਲ ਆਏ। ਵਰ੍ਹਾਂਢੇ ਵਿਚੋਂ ਲਿਆਕੇ ਜੋਗਿੰਦਰ ਨੇ ਮੰਜਾ ਡਾਹ ਦਿੱਤਾ। ਜੋਗਿੰਦਰ ਦੀ ਦੇਹ ਵੀ ਜਿਵੇਂ ਸੁੰਨ ਹੋ ਗਈ ਹੋਵੇ। ਉਹਨੇ ਕੁੜੀ ਬਾਪੂ ਨੂੰ ਫ਼ੜਾ ਦਿੱਤੀ। ਦੇਖਿਆ, ਪ੍ਰੀਤਮ ਕੌਰ ਕਿਧਰੇ ਨਹੀਂ ਸੀ। ਸਬ੍ਹਾਤ ਦਾ ਅੜਿਆ ਬਾਰ ਦੇਖਕੇ ਜੋਗਿੰਦਰ ਹਾਕਾਂ ਮਾਰਨ ਲੱਗਿਆ। ਬੁੜ੍ਹਾ ਵੀ ਉੱਠਿਆ। ਉਹ ਅੰਦਰੋਂ ਬੋਲਦੀ ਨਹੀਂ ਸੀ। ਜੋਗਿੰਦਰ ਤਕੜਾ ਸੀ। ਚੋਬਰ ਤੇ ਪੂਰਾ ਜੁਆਨ। ਸਬ੍ਹਾਤ ਨੂੰ ਚੂਲਾਂ ਵਾਲੇ ਤਖ਼ਤੇ ਸਨ। ਮੰਜੇ ਦੀ ਇੱਕ ਪੁਰਾਣੀ ਬਾਹੀ ਵਰਾਂਢੇ ਦੇ ਖੂੰਜੇ ਖੜ੍ਹੀ ਉਹਦੀ ਨਿਗਾਹ ਪੈ ਗਈ। ਉਹਨੇ ਇੱਕ ਤਖ਼ਤੇ ਦੀ ਚੂਲ ਕੱਢ ਲਈ। ਤਿੰਨੇ ਪਿਓ-ਪੁੱਤ ਸਬ੍ਹਾਤ ਅੰਦਰ ਜਾ ਵੜੇ। ਪ੍ਰੀਤਮ ਕੌਰ ਬੇਹੋਸ਼ ਹੋਈ ਧਰਤੀ ਉੱਤੇ ਡਿੱਗੀ ਪਈ ਸੀ। ਜੋਗਿੰਦਰ ਨੇ ਉਹਦੇ ਮੂੰਹ ਉੱਤੇ ਪਾਣੀ ਦੇ ਛਿੱਟੇ ਮਾਰੇ। ਖ਼ੁਰਚਣਾ ਲੈ ਕੇ ਉਹਦੀ ਦੰਦਲ ਭੰਨੀ। ਉਹਨੂੰ ਬਾਹੋਂ ਫ਼ੜ ਕੇ ਵਿਹੜੇ ਵਿੱਚ ਲੈ ਆਇਆ। ਮੰਜੇ ਉੱਤੇ ਪਾ ਦਿੱਤਾ।

ਤਿੰਨਾਂ ਜੀਆਂ ਦਾ ਐਨਾ ਬੁਰਾ ਹਾਲ ਦੇਖਕੇ ਹੁਣ ਕਿਰਪਾਲ ਨੂੰ ਵੀ ਚੱਕਰ ਆਉਣ ਲੱਗੇ। ਉਹਦੇ ਖਾਨੇ ਵਿੱਚ ਕੋਈ ਵੀ ਗੱਲ ਨਹੀਂ ਵੜ ਰਹੀ ਸੀ। ਜਿਵੇਂ ਉਹਦੇ ਮੱਥੇ ਦੀ ਠੀਕਰੀ ਹੁਣ ਫੁੱਟੀ, ਹੁਣ ਫੁੱਟੀ।

ਕਿਰਪਾਲ ਦੇ ਬਾਪ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ। ਜ਼ਮੀਨ ਥੋੜੀ ਸੀ। ਉਹਨੂੰ ਜੁਆਨੀ-ਪਹਿਰੇ ਤੋਂ ਹੀ ਦਮੇ ਦੀ ਬੀਮਾਰੀ ਸੀ। ਦੋ ਮੁੰਡੇ ਸਨ। ਵੱਡਾ ਕਿਰਪਾਲ

ਬਥੇਰੀ ਦੇਹ ਤੋੜਦਾ, ਪਰ ਪੱਲਾ ਪੂਰਾ ਨਾ ਪੈਂਦਾ। ਉਹ ਹਮੇਸ਼ਾ ਕਰਜ਼ਾਈ ਰਹਿੰਦੇ। ਜੋਗਿੰਦਰ ਤਾਂ ਹਾਲੇ ਛੋਟਾ ਹੀ ਸੀ। ਦੋਵਾਂ ਨੂੰ ਰਿਸ਼ਤਾ ਹੋਣ ਦੀ ਕੋਈ ਆਸ ਨਹੀਂ ਸੀ। ਉਹਨਾਂ ਦੇ ਪਿੰਡ ਦਾ ਹੌਲਦਾਰ ਨਿੱਕਾ ਸਿੰਘ ਛੁੱਟੀ ਆਉਂਦਾ ਤਾਂ ਕਿਰਪਾਲ ਉਹਦੇ ਕੋਲ ਹੀ ਬੈਠਾ ਰਹਿੰਦਾ। ਸਵੇਰੇ ਵੀ ਤੇ ਆਥਣੇ ਖੇਤੋਂ ਆਕੇ ਵੀ। ਨਿੱਕਾ ਸਿੰਘ ਦੀਆਂ ਗੱਲਾਂ ਉਹਨੂੰ ਚੰਗੀਆਂ ਲੱਗਦੀਆਂ। ਫੌਜੀਆਂ ਕੋਲ ਗੱਲਾਂ ਹੁੰਦੀਆਂ ਵੀ ਬਹੁਤ ਨੇ। ਮੁੱਕਣ ਵਿੱਚ ਹੀ ਨਹੀਂ ਆਉਂਦੀਆਂ। ਢਾਈ ਨਾਲ ਢਾਈ ਜੋੜੀ ਜਾਣਗੇ। ਕੁਝ ਵਧਾ-ਚੜ੍ਹਾ ਕੇ ਗੱਲਾਂ ਵੀ ਉਹਨਾਂ ਤੋਂ ਹੋ ਜਾਂਦੀਆਂ ਨੇ। ਵਧਾ-ਚੜ੍ਹਾ ਕੇ ਕੀਤੀਆਂ ਗੱਲਾਂ ਹੀ ਦਿਲਚਸਪ ਬਣਦੀਆਂ ਹਨ। ਤੇ ਨਾਲੇ ਉਹਨਾਂ ਨੇ ਆਪਣੀ ਜ਼ਿੰਦਗੀ ਨੂੰ ਰੁਮਾਂਟਕ ਬਣਾ ਕੇ ਵੀ ਤਾਂ ਪੇਸ਼ ਕਰਨਾ ਹੁੰਦਾ ਹੈ। ਢਿੱਡ ਵਿੱਚ ਚਾਹੇ ਬਹੁਤ ਕੁਝ ਰਹਿ ਜਾਂਦਾ ਹੋਵੇ। ਮਾਨਸਿਕ ਪੀੜ ਚਿਹਰੇ ਉੱਤੇ ਆਉਣ ਹੀ ਨਹੀਂ ਦਿੰਦੇ। ਦੋ ਮਹੀਨੇ ਦੀ ਛੁੱਟੀ ਘਰ ਆ ਕੇ ਜੇ ਉਹ ਅਜੇ ਵੀ ਚਿੰਤਾ ਦਾ ਪਿੱਠੂ ਮੋਢਿਆਂ ਉੱਤੇ ਚੁੱਕੀ ਫਿਰਨ ਤਾਂ ਫੇਰ ਤਾਜ਼ੀ ਹਵਾ ਫੇਫੜਿਆਂ ਤੱਕ ਕਦੋਂ ਪਹੁੰਚੇਗੀ। ਕਿਰਪਾਲ ਦਾ ਜੀਅ ਕਰਦਾ ਰਹਿੰਦਾ ਕਿ ਉਹ ਵੀ ਨਿੱਕਾ ਸਿੰਘ ਫੌਜੀ ਬਣ ਜਾਵੇ ਤੇ ਵਧੀਆ ਜ਼ਿੰਦਗੀ ਬਤੀਤ ਕਰੇ। ਖੇਤ ਦੇ ਕੰਮ ਵਿੱਚ ਤਾਂ ਮਿੱਟੀ ਹੋ ਕੇ ਰਹਿਣ ਵਾਲੀ ਜੂਨ ਹੈ। ਤੇ ਫੇਰ ਇੱਕ ਵਾਰ ਜਦੋਂ ਨਿੱਕਾ ਸਿੰਘ ਛੁੱਟੀ ਖ਼ਤਮ ਕਰਕੇ ਛਾਉਣੀ ਗਿਆ ਤਾਂ ਕਿਰਪਾਲ ਵੀ ਉਹਦੇ ਨਾਲ ਸੀ। ਉਹ ਸਿਪਾਹੀ ਭਰਤੀ ਹੋ ਗਿਆ। ਉਸ ਵੇਲੇ ਉਹਦੀ ਉਮਰ ਮਸਾਂ ਵੀਹ ਸਾਲ ਸੀ।

ਇੱਕ ਸਾਲ ਬਾਅਦ ਉਹ ਆਪਣੇ ਪਿਉ ਨੂੰ ਹਰ ਮਹੀਨੇ ਮਨੀਆਰਡਰ ਭੇਜਣ ਲੱਗ ਪਿਆ। ਇਹਨਾਂ ਪੈਸਿਆਂ ਨਾਲ ਉਹਦੀ ਕਬੀਲਦਾਰੀ ਸੰਢੀ ਜਾ ਰਹੀ ਸੀ। ਉਹ ਸੁਖਾਲਾ-ਸੁਖਾਲਾ ਰਹਿਣ ਲੱਗਿਆ। ਪਿਓ ਨੂੰ ਇੱਕ ਖ਼ੁਸ਼ੀ ਇਹ ਵੀ ਕਿ ਚਲੋ ਉਹ ਜੇਠ-ਹਾੜ੍ਹ ਦੀਆਂ ਧੁੱਪਾਂ ਤੇ ਪੋਹ ਮਾਘ ਦੇ ਪਾਲ਼ੇ ਤੋਂ ਤਾਂ ਬਚਿਆ। ਚੰਗਾ ਖਾਂਦਾ-ਪੀਂਦਾ ਹੋਵੇਗਾ, ਚੰਗਾ ਪਹਿਨਦਾ ਹੋਵੇਗਾ, ਛਾਂ ਵਿੱਚ ਬੈਠਦਾ ਹੋਵੇਗਾ। ਉਹ ਛੁੱਟੀ ਆਇਆ ਤਾਂ ਉਹਦੀ ਸਿਹਤ ਜੰਗਲੀ ਬਿੱਲੇ ਜਿਹੀ ਬਣੀ ਹੋਈ ਸੀ। ਛੁੱਟੀ ਆਇਆ, ਉਹ ਰੰਮ ਵੀ ਲੈ ਕੇ ਆਇਆ। ਬਾਪੂ ਨੇ ਐਨੀ ਵਧੀਆ ਦਾਰੂ ਪਹਿਲਾਂ ਕਦੇ ਨਹੀਂ ਪੀਤੀ ਸੀ।

ਤੀਹ-ਬੱਤੀ ਸਾਲ ਦੀ ਉਮਰ ਵਿੱਚ ਉਹਨੂੰ ਸਾਕ ਵੀ ਹੋ ਗਿਆ। ਵਿਆਹ ਵੇਲੇ ਉਹ ਦੋ ਮਹੀਨਿਆਂ ਦੀ ਛੁੱਟੀ ਲੈ ਕੇ ਆਇਆ। ਪ੍ਰੀਤਮ ਕੌਰ ਸੁਹਣੀ ਬੜੀ ਸੀ। ਫੌਜੀ ਦੇ ਪਿਆਰ ਨੇ ਉਹਨੂੰ ਹੋਰ ਵੀ ਸੁਹਣੀ ਬਣਾ ਦਿੱਤਾ। ਉਹ ਛੁੱਟੀ ਕੱਟ ਕੇ ਜਾਂਦਾ ਤਾਂ ਕਿਰਪਾਲ ਦੀ ਮਾਂ ਬਹੂ ਨੂੰ ਫੁੱਲਾਂ-ਪਾਨਾਂ ਵਾਂਗ ਰੱਖਦੀ। ਉਹਦਾ ਦਿਲ ਲਵਾਈ ਰੱਖਦੀ। ਜਦੋਂ ਉਹ ਛਾਉਣੀ ਸੀ, ਇੱਕ ਵਾਰ ਪ੍ਰੀਤਮ ਕੌਰ ਨੂੰ ਨਾਲ ਵੀ ਲੈ ਗਿਆ। ਤੀਵੀਂ ਵਾਲੇ ਫੌਜੀ ਨੂੰ ਛਾਉਣੀ ਵਿੱਚ 'ਘਰਈਆ' ਆਖਦੇ। ਰਹਿਣ ਵਾਸਤੇ ਕੁਆਰਟ ਮਿਲ ਜਾਂਦਾ।

ਜਦੋਂ ਉਹ ਆਖ਼ਰੀ ਛੁੱਟੀ ਕੱਟ ਕੇ ਗਿਆ ਸੀ, ਜੋਗਿੰਦਰ ਨੂੰ ਸਾਕ ਵੀ ਹੋ ਗਿਆ ਸੀ। ਸਾਲ ਕੁ ਬਾਅਦ ਉਹਦਾ ਵਿਆਹ ਵੀ ਹੋ ਗਿਆ। ਪਰ ਉਹਦੀ ਬਹੂ ਪਹਿਲਾ ਜੁਆਕ ਜੰਮਣ ਵੇਲੇ ਹੀ ਪੂਰੀ ਹੋ ਗਈ। ਕਿਰਪਾਲ ਨਾ ਤਾਂ ਜੋਗਿੰਦਰ ਦੇ ਵਿਆਹ 'ਤੇ ਆ ਸਕਿਆ ਤੇ ਨਾ ਹੀ ਉਹਤੋਂ ਬਹੂ ਮਰੀ ਤੋਂ ਆਇਆ ਗਿਆ। ਪਾਕਿਸਤਾਨ ਨਾਲ ਖਟ-ਪਟੀ ਚੱਲ ਰਹੀ ਸੀ। ਉਹਨਾਂ ਦਿਨਾਂ ਵਿੱਚ ਉਹਦੀ ਡਿਊਟੀ ਬਾਰਡਰ ਉੱਤੇ ਸੀ।

ਜਦੋਂ ਉਹ ਆਖ਼ਰੀ ਛੁੱਟੀ ਕੱਟ ਕੇ ਗਿਆ ਸੀ, ਜੋਗਿੰਦਰ ਨੂੰ ਸਾਕ ਵੀ ਹੋ ਗਿਆ ਸੀ। ਸਾਲ ਕੁ ਬਾਅਦ ਉਹਦਾ ਵਿਆਹ ਵੀ ਹੋ ਗਿਆ। ਪਰ ਉਹਦੀ ਬਹੂ ਪਹਿਲਾ ਜੁਆਕ ਜੰਮਣ ਵੇਲੇ ਹੀ ਪੂਰੀ ਹੋ ਗਈ। ਕਿਰਪਾਲ ਨਾ ਤਾਂ ਜੋਗਿਦਰ ਦੇ ਵਿਆਹ ਤੇ ਆ ਸਕਿਆ ਤੇ ਨਾ ਉਹਤੋਂ ਬਹੂ ਮਰੀ ਤੋਂ ਆਇਆ ਗਿਆ। ਪਾਕਿਸਤਾਨ ਨਾਲ ਖਟ-ਪਟੀ ਚੱਲ ਰਹੀ ਸੀ। ਉਹਨਾਂ ਦਿਨਾਂ ਵਿੱਚ ਉਹਦੀ ਡਿਊਟੀ ਬਾਰਡਰ ਉੱਤੇ ਸੀ।

ਫੇਰ ਲੜਾਈ ਲੱਗ ਪਈ। ਉਹਨੂੰ ਛੁੱਟੀ ਨਹੀਂ ਮਿਲੀ ਸੀ। ਫੇਰ ਤਾਂ ਉਹਦਾ ਚਿੱਠੀ ਪੱਤਰ ਆਉਣਾ ਵੀ ਬੰਦ ਹੋ ਗਿਆ। ਪ੍ਰੀਤਮ ਕੌਰ ਚਿੱਠੀ ਲਿਖਵਾ ਕੇ ਭੇਜਦੀ, ਕੋਈ ਜਵਾਬ ਨਾ ਆਉਂਦਾ। ਜੋਗਿੰਦਰ ਚਿੱਠੀ ਲਿਖਵਾਉਂਦਾ, ਉਹਦਾ ਵੀ ਕੋਈ ਜਵਾਬ ਨਹੀਂ। ਜੋਗਿੰਦਰ ਨੇ ਮੰਡੀ ਜਾ ਕੇ ਤਾਰ ਵੀ ਦਿੱਤੀ। ਉਹਦਾ ਵੀ ਕੋਈ ਜਵਾਬ ਨਹੀਂ। ਸਾਰਾ ਟੱਬਰ ਹੈਰਾਨ, ਇਹ ਕੀ-ਪਹਿਲਾਂ ਤਾਂ ਉਹਦੀ ਚਿੱਠੀ ਦੋ ਮਹੀਨਿਆਂ ਬਾਅਦ ਹੀ ਆ ਜਾਂਦੀ।

ਤੇ ਫੇਰ ਇੱਕ ਦਿਨ ਉਹਦਾ ਬਿਸਤਰਾ ਪਿੰਡ ਆ ਗਿਆ। ਉਹਦੀ ਬਕਾਇਆ ਰਕਮ ਵੀ ਪ੍ਰੀਤਮ ਕੌਰ ਦੇ ਨਾਂ। ਲੜਾਈ ਮੁੱਕ ਚੁੱਕੀ ਸੀ। ਮੰਡੀ ਬੁਲਾ ਕੇ ਲੜਾਈ ਵਿੱਚ ਸ਼ਹੀਦ ਹੋਏ ਸੈਨਿਕਾਂ ਦੀਆਂ ਵਿਧਵਾ-ਪਤਨੀਆਂ ਨੂੰ ਸਿਲਾਈ-ਮਸ਼ੀਨਾਂ ਭੇਟ ਕੀਤੀਆਂ ਗਈਆਂ। ਪੈਨਸ਼ਨਾਂ ਦੀਆਂ ਕਾਪੀਆਂ ਦਿੱਤੀਆਂ ਗਈਆਂ।

ਇੱਕ ਦੁੱਖ ਛੋਟੀ ਨੂੰਹ ਦਾ, ਦੂਜਾ ਵੱਡਾ ਦੁੱਖ ਵੱਡੇ ਪੁੱਤ ਦਾ, ਬੁੜ੍ਹੀ ਤੋਂ ਇਹ ਪੰਡ ਚੁੱਕੀ ਨਾ ਗਈ। ਉਹ ਵੀ ਉਸੇ ਰਾਹ ਤੁਰ ਪਈ।

ਪ੍ਰੀਤਮ ਕੌਰ ਲਈ ਨਾ ਹੁਣ ਹਮਦਰਦਣ ਸੱਸ ਸੀ ਤੇ ਨਾ ਸੱਸ ਦਾ ਪੁੱਤ, ਉਹਦੇ ਸਿਰ ਦਾ ਸਾਈਂ। ਘਰ ਦੀਆਂ ਕੰਧਾਂ ਦੀ ਛਾਂ ਉਹਨੂੰ ਮੌਤ ਵਰਗੀ ਲੱਗਦੀ।

ਪ੍ਰੀਤਮ ਕੌਰ ਦੇ ਮਾਪੇ ਆਏ ਤੇ 'ਚਾਦਰ' ਦੀ ਰਸਮ ਅਦਾ ਕਰ ਗਏ। ਜੋਗਿੰਦਰ ਰੋ ਰਿਹਾ ਸੀ। ਪ੍ਰੀਤਮ ਕੌਰ ਰੋ ਰਹੀ ਸੀ। ਵਾਹਿਗੁਰੂ ਨੂੰ ਇਹੀ ਮੰਨਜ਼ੂਰ ਸੀ। ਘਰ ਮੁੜਕੇ ਤੁਰਨ ਲੱਗ ਪਿਆ। ਬਾਪੂ ਦੀ ਉਮਰ ਦੇ ਹੋਰ ਸਾਲ ਵਧ ਗਏ। ਪ੍ਰੀਤਮ ਕੌਰ ਦੇ ਦੋ ਜੁਆਕ ਹੋਰ ਹੋਏ-ਇੱਕ ਮੁੰਡਾ ਤੇ ਇੱਕ ਕੁੜੀ। ਮੁੰਡੇ ਦਾ ਨਾਉਂ ਉਹਨੇ ਕਰਨੈਲ ਰੱਖਿਆ। ਵੱਡਾ ਜਰਨੈਲ ਛੋਟਾ ਕਰਨੈਲ। ਕੁੜੀ ਦਾ ਨਾਉਂ ਸਤਿਨਾਮ ਕੌਰ ਬਾਪੂ ਨੇ ਰੱਖਿਆ। ਆਖਦਾ-'ਸਤਿਨਾਮ ਕਹੇ ਤੋਂ ਰੱਬ ਯਾਦ ਰਹਿੰਦੈ। ਰੱਬ ਜਿੱਥੇ ਰੱਖੇ ਸੱਚਾ ਪਾਤਸ਼ਾਹ, ਸ਼ੁਕਰ-ਸ਼ੁਕਰ ਕਰਕੇ ਮੰਨੇ ਭਾਈ। ਉਹਦੀ ਰਜ਼ਾ ਵਿੱਚ ਰਾਜ਼ੀ ਰਹੇ ਬੰਦਾ।'

ਜੋਗਿੰਦਰ ਸਾਊ ਬੜਾ ਸੀ ਤੇ ਕੰਮ ਦਾ ਪੂਰਾ। ਹਰ ਵੇਲੇ ਖੇਤਾਂ ਵਿੱਚ ਧਿਆਨ। ਪ੍ਰੀਤਮ ਕੌਰ ਮੂਹਰੇ ਉਹ ਨੜੇ ਵਾਂਗ ਉੱਧੜਦਾ ਫਿਰਦਾ। ਉਹਦੀ ਹਰ ਖਾਹਸ਼ ਪੂਰੀ ਕਰਦਾ। ਉਹਦੀ ਕੋਸ਼ਿਸ਼ ਹੁੰਦੀ, ਉਹ ਕਿਰਪਾਲ ਨੂੰ ਭੁੱਲੀ ਰਹੇ। ਇੱਕ ਤਰ੍ਹਾਂ ਨਾਲ ਉਹ ਆਪਣੇ ਵੱਡੇ ਵੀਰ ਕਿਰਪਾਲ ਦਾ ਹੀ ਕੋਈ ਕਰਜ਼ ਉਤਾਰ ਰਿਹਾ ਹੁੰਦਾ।

ਕੁਝ ਜ਼ਮੀਨ ਉਹ ਠੇਕੇ ਉੱਤੇ ਲੈ ਲੈਂਦਾ। ਇੱਕ ਸੀਰੀ ਰੱਖਦਾ। ਇੱਕ ਪਾਲ਼ੀ। ਇੱਕ ਹੱਲ ਦੀ ਖੇਤੀ ਸੋਹਣੀ ਰੋੜ੍ਹ ਰਿਹਾ ਸੀ। ਹਰ ਸਾਲ ਉਹ ਕਿਰਪਾਲ ਦੀ ਬਰਸੀ ਮਨਾਉਂਦੇ ਤੇ ਉਹਦੇ ਨਾਉਂ ਦਾ ਦਾਨ-ਪੁੰਨ ਕਰਦੇ।

ਪਰ ਦਿਲ ਉੱਤੇ ਚੜ੍ਹਕੇ ਬੈਠੇ ਜੀਅ ਦੀ ਯਾਦ ਕਦੋਂ ਪੁਰਾਣੀ ਹੁੰਦੀ ਹੈ। ਕਿਰਪਾਲ ਕਿਧਰੇ ਨਹੀਂ ਗਿਆ, ਪ੍ਰੀਤਮ ਕੌਰ ਸੋਚਦੀ ਰਹਿੰਦੀ, ਏਥੇ ਕਿਤੇ ਹੀ ਹੈ, ਸਦਾ ਉਹਦੇ

ਅੰਗ-ਸੰਗ। ਜੋਗਿੰਦਰ ਦੀ ਦੇਹ ਉਹਨੂੰ ਕਿਰਪਾਲ ਦੀ ਦੇਹ ਲੱਗਦੀ। ਉਹ ਉਹਦਾ ਭਾਈ ਹੀ ਤਾਂ ਸੀ, ਹੋਰ ਕੋਈ ਦੂਜਾ ਨਹੀਂ ਸੀ। ਉਹਨੂੰ ਕਿਰਪਾਲ ਤੇ ਜੋਗਿੰਦਰ ਇੱਕ-ਦੂਜੇ ਵਿੱਚ ਅਭੇਦ ਹੋ ਗਏ ਲੱਗਦੇ।

ਤੇ ਉਸ ਦਿਨ ਜਿਵੇਂ ਟਿਕੇ-ਨਿੱਤਰੇ ਪਾਣੀਆਂ ਉੱਤੇ ਚਾਣਚੱਕ ਗਾਰੇ ਲਿੱਬੜੇ ਇੱਟਾਂ-ਰੋੜਿਆਂ ਦੀ ਬਾਰਸ਼ ਹੋਣ ਲੱਗ ਪਈ ਹੋਵੇ।

ਤਿੰਨੇ ਜਣੇ ਅਜੀਬ ਮਾਨਸਿਕ ਤਣਾਓ ਵਿੱਚ ਦੀ ਲੰਘ ਰਹੇ ਸਨ। ਪ੍ਰੀਤਮ ਕੌਰ ਨਾ ਮਰਦੀ ਸੀ, ਨਾ ਜਿਉਂਦੀ। ਉਹ ਕੀਹਨੂੰ ਛੱਡੇ, ਕੀਹਨੂੰ ਰੱਖੇ। ਕਿਰਪਾਲ ਜਿਵੇਂ ਉਹਨੂੰ ਅਗਲਾ ਜਨਮ ਧਾਰ ਕੇ ਮਿਲ ਪਿਆ ਹੋਵੇ। ਜੇ ਉਹਦਾ ਬਿਸਤਰਾ ਘਰ ਆ ਗਿਆ ਸੀ ਤਾਂ ਇਸ ਵਿੱਚ ਉਹਦਾ ਕੀ ਕਸੂਰ ਸੀ! ਓਧਰ ਜੋਗਿੰਦਰ ਉਹਦੇ ਲਈ ਉਨਾ ਹੀ ਪਿਆਰਾ ਸੀ। ਉਹਨੇ ਉਹਨੂੰ ਆਪਣਾ ਪਤੀ ਮੰਨਿਆ ਹੋਇਆ ਸੀ। ਉਹਦੇ ਜੁਆਕ ਜੰਮੇ ਸਨ। ਇਸ ਹਾਲਤ ਵਿੱਚ ਉਹਨੂੰ ਕਿਵੇਂ ਧੱਕਾ ਦੇ ਸਕਦੀ?

ਕਿਰਪਾਲ ਗੁੰਮ-ਸੁੰਮ ਬਣਿਆ ਰਹਿੰਦਾ। ਉਹ ਸੋਚਦਾ, ਇਸ ਨਾਲੋਂ ਤਾਂ ਉਹ ਮਰਿਆ ਹੀ ਚੰਗਾ ਸੀ। ਕਾਹਨੂੰ ਆਇਆ ਉਹ ਆਪਣੀ ਲੋਥ ਲੈਕੇ ਆਪਣੇ ਦੇਸ਼ ਵਿੱਚ, ਆਪਣੇ ਪਿੰਡ, ਆਪਣੇ ਘਰ। ਇਹ ਘਰ ਹੁਣ ਉਹਦਾ ਆਪਣਾ ਕਿੱਥੇ ਰਹਿ ਗਿਆ। ਮੁਲਕਾਂ ਨੇ ਤਾਂ ਇੱਕ-ਦੂਜੇ ਦੇ ਇਲਾਕੇ ਜਿੱਤ ਕੇ ਫੇਰ ਮੋੜ ਦਿੱਤੇ ਤੇ ਸਮਝੌਤਾ ਕਰ ਲਿਆ, ਪਰ ਉਹ ਆਪਣੀ ਜ਼ਿੰਦਗੀ ਦੀ ਬਾਜ਼ੀ ਸਦਾ ਲਈ ਹਾਰ ਗਿਆ। ਕੀ ਕਰੇ ਉਹ ਹੁਣ? ਕਿੱਧਰ ਜਾਵੇ? ਉਹਦੀ ਔਰਤ, ਉਹਦਾ ਇਲਾਕਾ ਸੀ। ਇਸ ਉੱਤੇ ਕਬਜ਼ਾ ਕਰਨ ਵਾਲਾ ਵੀ ਉਹਦਾ ਆਪਣਾ ਸੀ। ਉਹਦਾ ਸਕਾ ਛੋਟਾ ਭਾਈ।

ਰਾਤ ਨੂੰ ਪ੍ਰੀਤਮ ਕੌਰ ਕਿਰਪਾਲ ਕੋਲ ਮੰਜਾ ਡਾਹੁੰਦੀ। ਹਨੇਰੇ ਦੀ ਬੁੱਕਲ ਵਿੱਚ ਗੱਲਾਂ ਕਰਦਿਆਂ ਕਿਰਪਾਲ ਨੂੰ ਲੱਗਦਾ ਜਿਵੇਂ ਹਨੇਰੇ ਨਾਲ ਹੀ ਗੱਲ ਕਰਦਾ ਹੋਵੇ। ਕਈ ਵਾਰ ਕੰਧਾਂ ਵੀ ਹੁੰਗਾਰਾ ਭਰ ਦਿੰਦੀਆਂ ਨੇ ਪਰ ਪ੍ਰੀਤਮ ਕੌਰ ਕੰਧ ਤੋਂ ਵੀ ਦੂਰ ਦੀ ਕੋਈ ਚੀਜ਼ ਸੀ। ਉਹ ਗੱਲਾਂ ਦੇ ਪੁੱਠੇ-ਸਿੱਧੇ ਜਵਾਬ ਦਿੰਦੀ। ਉਹਨੂੰ ਕੋਈ ਪਤਾ ਨਾ ਹੁੰਦਾ ਕਿ ਉਹਨੂੰ ਕੀ ਪੁੱਛਿਆ ਜਾ ਰਿਹਾ ਹੈ ਤੇ ਉਹ ਕੀ ਜਵਾਬ ਦੇ ਰਹੀ ਹੈ।

ਜੋਗਿੰਦਰ ਨੂੰ ਵੱਡੇ ਭਾਈ ਦੀ ਖ਼ੁਸ਼ੀ ਅੰਤਾਂ ਦੀ ਸੀ ਕਿ ਉਹ ਜਿਉਂਦਾ-ਜਾਗਦਾ ਘਰ ਵਾਪਸ ਆ ਗਿਆ ਹੈ। ਪਰ ਉਹਨੂੰ ਅਜੀਬ ਕਿਸਮ ਦਾ ਅਫ਼ਸੋਸ ਵੀ ਬਹੁਤ ਸੀ। ਇਹ ਕੀ ਹੋ ਗਿਆ ਹੈ? ਉਹ ਕੀ ਕਰ ਬੈਠਾ? ਉਹ ਸੋਚਦਾ ਤੇ ਮੱਥੇ ਦੀ ਠੀਕਰੀ ਨੂੰ ਹੱਥ ਵਿੱਚ ਘੁੱਟ ਕੇ ਸੋਚਦਾ ਹੀ ਰਹਿ ਜਾਂਦਾ। ਇਸ ਨਾਲ ਤਾਂ ਚੰਗਾ ਸੀ, ਉਹ ਪ੍ਰੀਤਮ ਕੌਰ ਨਾਲ ਪਤੀ-ਪਤਨੀ ਵਾਲੇ ਸਬੰਧ ਪੈਦਾ ਹੀ ਨਾ ਕਰਦਾ। ਜੁਆਕ ਕਾਹਨੂੰ ਜੰਮਣੇ ਸੀ। ਵੱਡੀ ਭਰਜਾਈ ਨੂੰ ਮਾਂ ਸਮਝਕੇ ਉਹਦੀ ਸੇਵਾ ਕਰਦਾ, ਭਤੀਜੇ ਨੂੰ ਪਾਲ਼ਦਾ ਤੇ ਆਪ ਦੂਜਾ ਵਿਆਹ ਵੀ ਚਾਹੇ ਨਾ ਕਰਾਉਂਦਾ। ਜੇ ਵਿਆਹ ਜ਼ਰੂਰੀ ਸੀ ਤਾਂ ਭਰਜਾਈ ਨੂੰ ਆਪਣੇ ਚੁੱਲ੍ਹੇ ਉੱਤੇ ਰੱਖਦਾ। ਕੀ ਪਤਾ ਸੀ ਉਹਨੂੰ ਕਿ ਇਹ ਸਭ ਕੁਝ ਇੰਜ ਹੋ ਜਾਏਗਾ। ਉਹ ਖੇਤ ਜਾਂਦਾ ਤੇ ਪਹਿਲਾਂ ਵਾਂਗ ਹੀ ਕੰਮ-ਧੰਦੇ ਕਰਦਾ ਫਿਰਦਾ। ਘਰ ਹੁੰਦਾ ਤਾਂ ਚੁੱਪ-ਚਾਪ ਰਹਿੰਦਾ। ਉਹਨੂੰ ਲੱਗਦਾ ਜਿਵੇਂ ਸੁੰਨੇ-ਉਜਾੜ ਘਰ ਵਿੱਚ ਉਹ ਕੋਈ ਭੂਤ-ਪ੍ਰੇਤ ਹੋਵੇ। ਚਿਹਰੇ ਤੋਂ ਉਹ ਭੂਤ-ਪ੍ਰੇਤ ਹੀ ਤਾਂ ਲੱਗਦਾ। ਚਿਹਰੇ ਉੱਤੇ ਆਦਮੀਅਤ

ਕਿੱਥੇ ਰਹਿ ਗਈ ਸੀ। ਉਹਦਾ ਜੀਅ ਕਰਦਾ, ਉਹ ਘਰ ਛੱਡਕੇ ਭੱਜ ਜਾਵੇ। ਪਰ ਕਰਨੈਲ ਤੇ ਸਤਿਨਾਮ ਉਹਦੇ ਪੈਰਾਂ ਵਿੱਚ ਬੇੜੀਆਂ ਸਨ। ਉਹ ਕਿਧਰੇ ਨਹੀਂ ਜਾ ਸਕਦਾ ਸੀ। ਬੁੜ੍ਹਾ ਪਤਾ ਨਹੀਂ ਕਿੱਥੋਂ ਤੱਕ ਸੋਚਦਾ ਹੋਵੇਗਾ। ਪਰ ਵਾਹਿਗੁਰੂ-ਵਾਹਿਗੁਰੂ ਕਰ ਛੱਡਦਾ। ਕਦੇ-ਕਦੇ ਹਵਾ ਨੂੰ ਆਖਦਾ-'ਹੁਣ ਤਾਂ ਭਾਈ ਹਾਰ-ਨਿਵਾਰ ਕਰੋ ਆਵਦਾ।'

ਪ੍ਰੀਤਮ ਕੌਰ ਦੀ ਤਵੇ ਉੱਤੇ ਪਈ ਰੋਟੀ ਮੱਚ ਜਾਂਦੀ। ਉਹ ਕੱਪੜੇ ਵਿਚੋਂ ਸਾਬਣ ਕੱਢਣਾ ਭੁੱਲ ਜਾਂਦੀ। ਉਹਨੂੰ ਕੋਈ ਪਤਾ ਨਾ ਰਹਿੰਦਾ, ਘਰ ਵਿੱਚ ਕੀਹਨੇ ਰੋਟੀ ਖਾ ਲਈ, ਕੀਹਨੇ ਨਹੀਂ ਖਾਧੀ। ਉਹ ਆਪਣੇ ਜੁਆਕਾਂ ਨੂੰ ਘੂਰਨਾ ਭੁੱਲ ਗਈ। ਜਿਵੇਂ ਕੋਈ ਪਰਛਾਵਾਂ ਤੁਰਿਆ ਫ਼ਿਰਦਾ ਹੋਵੇ। ਤੀਵੀਆਂ ਉਹਦੇ ਵੱਲ ਝਾਕਦੀਆਂ ਤੇ ਝਾਕਦੀਆਂ ਹੀ ਰਹਿ ਜਾਂਦੀਆਂ। ਉਹਨੂੰ ਕੋਈ ਕੁਝ ਨਹੀਂ ਆਖਦੀ ਸੀ, ਕੋਈ ਕੁਝ ਨਹੀਂ ਪੁੱਛਦੀ ਸੀ। ਦੂਜੇ-ਚੌਥੇ ਦਿਨ ਹੀ ਉਹਨੂੰ ਦੌਰਾ ਪੈ ਜਾਂਦਾ। ਬੈਠੀ-ਬੈਠੀ ਦੀ ਦੰਦਬੀੜ ਜੁੜ ਜਾਂਦੀ। ਦਿਨੋ-ਦਿਨ ਉਹ ਪੀਲ਼ੀ ਪੈਂਦੀ ਜਾਂਦੀ ਸੀ। ਦਿਨੋ-ਦਿਨ ਉਹ ਸੁਕਦੀ ਜਾਂਦੀ। ਜਿਵੇਂ ਉਹਦੀਆਂ ਨਾੜਾਂ ਦਾ ਖ਼ੂਨ ਪਾਣੀ ਬਣਦਾ ਜਾ ਰਿਹਾ ਹੋਵੇ।

ਤਿੰਨੇ ਜੁਆਕ ਜੋਗਿੰਦਰ ਦੀ ਗੋਦੀ ਵਿੱਚ ਆ ਕੇ ਬੈਠਦੇ ਜਾਂ ਬੁੜ੍ਹੇ ਨਾਲ ਨਿੱਕੀਆਂ-ਨਿੱਕੀਆ ਗੱਲਾਂ ਮਾਰਦੇ ਰਹਿੰਦੇ। ਕਿਰਪਾਲ ਉਹਨਾਂ ਲਈ ਇਉਂ ਸੀ ਜਿਵੇਂ ਕੋਈ ਚੰਦ ਦਿਨਾਂ ਲਈ ਘਰ ਵਿੱਚ ਮਹਿਮਾਨ ਆਇਆ ਹੋਵੇ। ਉਹ ਤਿੰਨਾ ਲਈ ਬਹੁਤ ਓਪਰਾ ਸੀ। ਜਰਨੈਲ ਉਹਦੇ ਕੋਲ ਜਾ ਕੇ ਬੈਠਦਾ ਹੀ ਨਾ। ਕਿਰਪਾਲ ਉਹਨੂੰ ਬਾਹੋਂ ਫੜਕੇ ਬੁੱਕਲ ਵਿੱਚ ਲੈਣ ਦੀ ਕੋਸ਼ਿਸ਼ ਕਰਦਾ। ਪਰ ਅੱਖਾਂ ਵਿੱਚ ਉਦਰੇਵੇਂ ਦਾ ਪਾਣੀ ਲੈ ਕੇ ਰਹਿ ਜਾਂਦਾ। ਮੁੰਡਾ ਤਾਂ ਉਹਦੇ ਵੱਲ ਝਾਕਦਾ ਤੱਕ ਨਹੀਂ ਸੀ। ਹਾਕੀ ਤੇ ਗੇਂਦ ਉੱਤੇ ਉਵੇਂ ਦੀਆਂ ਉਵੇਂ ਟਾਂਡ ਉੱਤੇ ਰੱਖੀਆਂ ਪਈਆ ਸਨ। ਉਹਨਾਂ ਉੱਤੇ ਧੂੜ ਜੰਮ ਰਹੀ ਸੀ। ਕਿਰਪਾਲ ਨੂੰ ਚਿੱਟੇ ਦਿਨ ਦੇ ਚਾਨਣ ਜਿਹਾ ਸੱਚ ਮਹਿਸੂਸ ਹੁੰਦਾ ਜਿਵੇਂ ਇਸ ਘਰ ਵਿੱਚ ਉਹਦਾ ਕੁਝ ਵੀ ਨਹੀਂ ਹੈ।

ਉਹ ਜਿਸ ਦਿਨ ਦਾ ਆਇਆ ਸੀ, ਕਦੇ ਹਥਾਈ ਦੀ ਸੱਥ ਵਿੱਚ ਜਾ ਕੇ ਨਹੀਂ ਬੈਠਾ। ਦੋ ਵਾਰ ਖੇਤ ਜ਼ਰੂਰ ਜਾ ਆਇਆ। ਜਿਵੇਂ ਖੇਤ ਵੀ ਉਹਦੇ ਨਾਲ ਰੁੱਸ ਗਏ ਹੋਣ। ਬੱਸ, ਉਹ ਘਰ ਵਿੱਚ ਰਹਿੰਦਾ। ਕਦੇ-ਕਦੇ ਬਾਪੂ ਨਾਲ ਕੋਈ ਹੋਰ ਗੱਲ ਕਰਦਾ। ਅਗਵਾੜ ਦੇ ਬੰਦੇ ਉਹਨੂੰ ਘਰ ਆ ਕੇ ਮਿਲ ਗਏ। ਉਹਦੇ ਆਉਣ ਦੀ ਖ਼ੁਸ਼ੀ ਜ਼ਾਹਰ ਕੀਤੀ। ਉਹਦੀ ਸੁੱਖ-ਸਾਂਦ ਪੁੱਛੀ। ਇਹ ਵੀ ਕਿ ਉਧਰ ਪਾਕਿਸਤਾਨ ਵਿੱਚ ਉਹਦੇ ਨਾਲ ਕੀ-ਕੀ ਬੀਤਿਆ। ਪ੍ਰੀਤਮ ਕੌਰ ਦੀ ਗੱਲ ਕਿਸੇ ਇੱਕ ਨੇ ਵੀ ਨਹੀਂ ਛੇੜੀ। ਫੇਰ ਤਾਂ ਉਹਦੇ ਕੋਲ ਕੋਈ ਆਉਂਦਾ ਵੀ ਨਹੀਂ ਸੀ। ਜਿਵੇਂ ਅਗਵਾੜ ਦੇ ਬੰਦਿਆਂ ਨੇ ਉਹਦੇ ਬਾਰੇ ਸਭ ਕੁਝ ਜਾਣ ਲਿਆ ਹੋਵੇ। ਜਿਵੇਂ ਉਹਦੇ ਕੋਲ ਦੱਸਣ ਲਈ ਕੁਝ ਬਾਕੀ ਰਹਿ ਹੀ ਨਾ ਗਿਆ ਹੋਵੇ। ਪਰ ਇੱਕ ਗੱਲ ਉਹਤੋਂ ਕਦੇ ਕੋਈ ਪੁੱਛਣ ਨਹੀਂ ਆਇਆ। ਇਹ ਗੱਲ ਉਹ ਕੀਹਨੂੰ ਦੱਸੇ? ਕੀਹਦੇ ਕੋਲ ਕਰੇ? ਉਹਨੂੰ ਲੱਗਦਾ, ਕਦੇ ਆਸਮਾਨ ਉਹਦੇ ਉੱਤੇ ਟੱਪ ਵਾਂਗ ਡਿੱਗ ਪਵੇਗਾ। ਉਹਨੂੰ ਲੱਗਦਾ, ਕਦੇ ਧਰਤੀ ਫਟ ਜਾਵੇਗੀ ਤੇ ਉਹਨੂੰ ਆਪਣੇ ਵਿੱਚ ਸਮਾ ਲਵੇਗੀ। ਪਰ ਅਜਿਹਾ ਕੁਝ ਹੁੰਦਾ ਵੀ ਤਾਂ ਨਹੀਂ ਦਿੱਸਦਾ ਸੀ।

ਅੰਮ੍ਰਿਤਸਰੋਂ ਖਰੀਦ ਕੇ ਲਿਆਂਦਾ ਬਾਲੋ ਵਾਲਾ ਸ਼ੀਸ਼ਾ ਪਤਾ ਨਹੀਂ ਕਿੱਥੇ ਸੀ।

ਵੱਡਿਆ ਦਾ ਇਹ ਹਾਲ ਦੇਖਕੇ ਘਰ ਵਿੱਚ ਜੁਆਕਾਂ ਦਾ ਸ਼ੋਰ ਮੁੱਕ ਗਿਆ।

ਪੰਦਰਾਂ–ਵੀਹ ਦਿਨ ਘਰ ਦਾ ਮਾਹੌਲ ਸਿਵਿਆਂ ਵਰਗਾ ਬਣਿਆ ਰਿਹਾ। ਤੇ ਫੇਰ ਇੱਕ ਦਿਨ ਸਵੇਰੇ–ਸਵੇਰੇ ਤਿਆਰ ਹੋ ਕੇ ਕਿਰਪਾਲ ਬਾਪੂ ਨੂੰ ਕਹਿਣ ਲੱਗਿਆ ਕਿ ਉਹ ਜ਼ਿਲ੍ਹਾ ਸੋਲਜ਼ਰ ਬੋਰਡ ਦੇ ਦਫ਼ਤਰ ਜਾ ਰਿਹਾ ਹੈ। ਆਥਣ ਨੂੰ ਮੁੜ ਆਵੇਗਾ।

ਆਥਣ ਡੂੰਘੀ ਹੋ ਚੁੱਕੀ ਸੀ। ਪਰ ਉਹ ਤਾਂ ਆਇਆ ਹੀ ਨਾ। ਮੰਡੀ ਤੋਂ ਆਖ਼ਰੀ ਬੱਸ ਦੀਆਂ ਸਵਾਰੀਆਂ ਕਦੋਂ ਦੀਆਂ ਆ ਚੁੱਕੀਆਂ ਸਨ। ਰੋਟੀ ਸਭ ਨੇ ਖਾ ਲਈ। ਪ੍ਰੀਤਮ ਕੌਰ ਉਹਦੀ ਉਡੀਕ ਵਿੱਚ ਬੈਠੀ ਸੀ। ਉਹ ਨਹੀਂ ਆਇਆ।

ਅਗਲਾ ਦਿਨ ਵੀ ਬੀਤ ਗਿਆ। ਹਰ ਰੋਜ਼ ਉਹ ਡੂੰਘੀ ਆਥਣ ਤੱਕ ਉਹਨੂੰ ਉਡੀਕਦੇ ਤੇ ਫੇਰ ਬਿਨਾਂ ਕੋਈ ਗੱਲ ਕੀਤੇ ਸੌਂ ਜਾਂਦੇ। ਪੰਜ ਦਿਨ, ਦਸ ਦਿਨ, ਵੀਹ ਦਿਨ, ਮਹੀਨਾ ਨਿੱਕਲ ਗਿਆ। ਉਹ ਕਿਧਰੋਂ ਨਹੀਂ ਮੁੜਿਆ।

'ਖ਼ਬਰੈ, ਦਿਲ 'ਚ ਕੀ ਲੈ ਕੇ ਨਿਕਲ ਗਿਐ ਘਰੋਂ?' ਤਿੰਨਾਂ ਦੀ ਸਮਝ ਵਿੱਚ ਕੁਝ ਨਹੀਂ ਆ ਰਿਹਾ ਸੀ। ♦

# ਲਗਾਓ

ਤੇ ਫਿਰ ਇੱਕ ਦਿਨ ਉਹ ਮੇਰੇ ਸ਼ਹਿਰ ਆ ਗਿਆ।

ਉਹੀ ਪਹਿਲਾਂ ਵਾਲੇ ਢੰਗ ਦੇ ਲੰਬੇ-ਲੰਬੇ ਵਾਲ਼, ਪਿੱਛੇ ਨੂੰ ਸਿੱਧੇ ਵਾਹੇ ਹੋਏ। ਕੋਈ ਕੋਈ ਚਿੱਟਾ ਵਾਲ਼ ਵੀ ਨਿੱਕਲ ਆਇਆ ਸੀ। ਦਾਹੜੀ ਸ਼ੇਵ ਕੀਤੀ ਹੋਈ, ਮੁੱਛਾਂ ਨਿੱਕੀਆਂ ਨਿੱਕੀਆਂ। ਸਿਗਰਟ ਦੇ ਕਸ਼ ਲੈਂਦਾ, ਮੁੱਛਾਂ ਦੇ ਨਿੱਕੇ-ਨਿੱਕੇ ਸਿਰਿਆਂ ਨੂੰ ਮਰੋੜਾ ਦਿੰਦਾ ਰਹਿੰਦਾ, ਕਾਲ਼ੀ ਗੁਰਗਾਬੀ ਤੇ ਚਿੱਟੀ ਪੈਂਟ ਬੁਸ਼ਰਟ, ਸੱਜੇ ਹੱਥ ਵਿੱਚ ਲੋਹੇ ਦਾ ਮੋਟਾ ਕੜਾ ਤੇ ਖੱਬੇ ਹੱਥ ਦੀ ਚੀਚੀ ਨਾਲ ਲੱਗਦੀ ਉਂਗਲ ਵਿੱਚ ਵੀਰ-ਵਹੁਟੀ ਰੰਗ ਦੀ ਨਗ ਵਾਲੀ ਸੋਨੇ ਦੀ ਛਾਪ, ਖੱਬੇ ਗੁਟ ਉੱਤੇ ਮਹਿੰਗੇ ਮੁੱਲ ਦੀ ਘੜੀ। ਘੜੀ ਤਾਂ ਉਹ ਦੂਜੇ-ਤੀਜੇ ਸਾਲ ਹੀ ਬਦਲ ਲੈਂਦਾ। ਉਹ ਹੱਸਦਾ ਤਾਂ ਹੱਸੀ ਜਾਂਦਾ ਤੇ ਜੇ ਗੰਭੀਰ ਹੋਵੇ ਤਾਂ ਇੱਕ ਲਫ਼ਜ਼ ਵੀ ਮੂੰਹੋਂ ਨਹੀਂ ਕੱਢਣਾ, ਅੱਖਾਂ ਦੇ ਇਸ਼ਾਰਿਆਂ ਨਾਲ ਹੀ ਗੱਲ ਕਰਦਾ।

ਪਹਿਲਾਂ ਉਹ ਜਦ ਵੀ ਕਦੇ ਮੇਰੇ ਕੋਲ ਆਇਆ ਸੀ, ਬੂ-ਮਾਣਸ, ਬੂ-ਮਾਣਸ ਕਰਦਾ ਆਉਂਦਾ ਤੇ ਸਕੂਲ ਵੜਦਿਆਂ ਹੀ ਚਪੜਾਸੀ ਤੋਂ ਮੇਰੇ ਬਾਰੇ ਪੁੱਛਦਾ, ਜਿੱਥੇ ਵੀ ਮੈਂ ਹੁੰਦਾ ਉਹ ਸਿੱਧਾ ਮੇਰੇ ਕੋਲ ਪਹੁੰਚਦਾ। ਕਲਾਸ ਰੂਮ ਵਿੱਚ ਹੋਵਾਂ, ਸਟਾਫ਼-ਕਮਰੇ ਵਿੱਚ ਜਾਂ ਕਲਰਕ ਕੋਲ ਬੈਠਾ। ਆਉਣਸਾਰ ਹੁਕਮ ਚਾੜ੍ਹ ਦਿੰਦਾ-'ਛੁੱਟੀ ਦੇ ਦੇ, ਬੱਸ ਉੱਠ ਖੜ੍ਹ।' ਤੁਰੰਤ ਹੀ ਮੇਰੇ ਹੱਥ ਕਾਗ਼ਜ਼ ਲੱਭਣ ਲੱਗਦੇ। ਮਿੰਟਾਂ-ਸਕਿੰਟਾਂ ਵਿੱਚ ਹੀ ਉਹ ਮੈਨੂੰ ਸਕੂਲੋਂ ਉਖਾੜ ਕੇ ਇਉਂ ਲੈ ਜਾਂਦਾ ਜਿਵੇਂ ਕੋਈ ਕਿਸੇ ਨੂੰ ਅਗਵਾ ਕਰਕੇ ਲੈ ਗਿਆ ਹੋਵੇ। ਅਸੀਂ ਕਿਤੇ ਵੀ ਜਾ ਬੈਠਦੇ ਤੇ ਸ਼ਰਾਬ ਪੀਂਦੇ। ਮੈਨੂੰ ਉਹ ਨਵੀਂ ਕੁੜੀ ਦੀਆਂ ਗੱਲਾਂ ਸੁਣਾਉਣ ਲੱਗਦਾ। ਤੇ ਫੇਰ ਜਾਣ ਵੇਲੇ ਉਹ ਮੈਨੂੰ ਇੱਕ ਦਮ ਹੀ ਛੱਡ ਜਾਂਦਾ। ਜੇ ਰਾਤ ਰਹਿੰਦਾ ਤਾਂ ਤੜਕੇ ਸੂਰਜ ਚੜ੍ਹਨ ਤੋਂ ਪਹਿਲਾਂ ਅੱਗ ਲੱਗੀ ਵਾਲਿਆਂ ਵਾਂਗ ਫਟਾ-ਫਟ ਤਿਆਰ ਹੁੰਦਾ। ਨਾ ਲੈਟਰਿਨ, ਨਾ ਚਾਹ, ਬੁਰਸ਼ ਕਰਨ ਜਾਂ ਨ੍ਹਾਉਣ-ਧੋਣ ਦਾ ਸਵਾਲ ਹੀ ਨਹੀਂ, 'ਅੱਛਾ ਬਈ' ਕਹਿ ਕੇ ਘਰੋਂ ਨਿੱਕਲ ਤੁਰਦਾ। ਗਰਮੀ ਦੀ ਰੁੱਤ ਵਿੱਚ ਇੱਕ ਤੇਜ਼ ਠੰਢੇ ਹਵਾ ਦੇ ਬੁੱਲ੍ਹੇ ਵਰਗਾ ਉਹਦਾ ਅਹਿਸਾਸ ਹੀ ਮੇਰੇ ਕੋਲ ਰਹਿ ਜਾਂਦਾ।

ਇਸ ਵਾਰ ਵੀ ਉਹ ਮੇਰੇ ਕੋਲ ਆਪਣੇ ਮਖ਼ਸੂਸ ਅੰਦਾਜ਼ ਵਿੱਚ ਆਇਆ। ਮੈਨੂੰ ਛੁੱਟੀ ਦਿਵਾਈ ਤੇ ਲੈ ਤੁਰਿਆ।

ਇਸ ਸ਼ਹਿਰ ਵਿੱਚ ਉਹ ਮੇਰੇ ਕੋਲ ਪਹਿਲੀ ਵਾਰ ਆਇਆ ਸੀ। ਇਸ ਤੋਂ ਸੱਤ ਸਾਲ ਪਹਿਲਾਂ ਉਹ ਮੇਰੇ ਕੋਲ ਆਇਆ ਸੀ। ਉਨ੍ਹਾਂ ਦਿਨਾਂ ਵਿੱਚ ਮੈਂ ਇੱਕ ਪਿੰਡ ਦੇ

ਸਕੂਲ ਵਿੱਚ ਪੜ੍ਹਾਉਂਦਾ ਸਾਂ ਤੇ ਇੱਕ ਖੌਫ਼ਨਾਕ ਹਾਦਸੇ ਵਿੱਚ ਦੀ ਲੰਘ ਰਿਹਾ ਸਾਂ। ਓਦੋਂ ਉਹ ਆਇਆ ਸੀ ਤਾਂ ਦਿਨ ਦੇ ਦਿਨ ਮੈਨੂੰ ਮੇਰਾ ਦੁੱਖ ਭੁੱਲ ਗਿਆ। ਲੱਗਿਆ ਜਿਵੇਂ ਨਰਕ ਵਿਚੋਂ ਕੱਢ ਕੇ ਕਿਸੇ ਨੇ ਮੈਨੂੰ ਸ਼ੀਸ਼ ਮਹਿਲਾਂ ਵਿੱਚ ਬਿਠਾ ਦਿੱਤਾ ਹੋਵੇ।

ਸਕੂਲੋਂ ਬਾਹਰ ਆ ਕੇ ਮੈਂ ਉਹਨੂੰ ਆਖਿਆ–'ਪਹਿਲਾਂ ਆਪਾਂ ਡਾਕਖਾਨੇ ਚਲਦੇ ਆਂ। ਮੈਂ ਆਪਣੀ ਡਾਕ ਲੈ ਲਵਾਂ। ਫੇਰ ਕਿਤੇ ਬੈਠਾਂਗੇ।'

ਡਾਕਖਾਨਿਓਂ ਨਿੱਕਲ ਕੇ ਮੈਂ ਉਹਨੂੰ ਭਾਈਆਂ ਦੀ ਦੁਕਾਨ ਵਿੱਚ ਲੈ ਗਿਆ। ਕਾਊਂਟਰ ਤੇ ਖੜ੍ਹੇ ਮੁੰਡੇ ਨੂੰ ਆਖਿਆ ਕਿ ਉਹ ਦੋ ਗਿਲਾਸ ਗਾਜਰ ਦਾ ਰਸ ਬਣਾ ਦੇਵੇ। ਸੋਚਿਆ ਤਾਂ ਸੀ ਕਿ ਸੰਗਤਰਾ ਹੀ ਕਿਉਂ ਨਾ ਲਈਏ। ਗਾਜਰ ਦਾ ਰਸ ਸਸਤਾ ਸਮਝਕੇ ਗੁਰੂ ਕਿਤੇ ਬੁਰਾ ਮਹਿਸੂਸ ਨਾ ਕਰ ਜਾਵੇ। ਪਰ ਮੈਂ ਆਪਣੀ ਚੋਣ ਹੀ ਠੀਕ ਸਮਝੀ। ਗਾਜਰ ਦਾ ਰਸ ਉਹ ਬਣਾਉਂਦਾ ਵੀ ਪ੍ਰੇਮ ਨਾਲ ਸੀ, ਵਿੱਚ ਨਿੰਬੂ ਤੇ ਪੁਦੀਨਾ ਵੀ ਪਾ ਦਿੰਦਾ। ਇੱਕ ਟੁਕੜਾ ਚੁਕੰਦਰ ਦਾ ਕੱਟ ਕੇ ਵੀ, ਡੀਜ਼ਾਈਨਦਾਰ ਕੱਚ ਦੇ ਮੱਗਾਂ ਵਿੱਚ ਗਾਜਰ ਦਾ ਰਸ ਪੀਂਦਿਆਂ ਇੰਜ ਮਹਿਸੂਸ ਹੁੰਦਾ ਜਿਵੇਂ ਨਿਰਾ ਖ਼ੂਨ ਪੀ ਰਹੇ ਹੋਈਏ।

ਗਾਜਰ ਦੇ ਰਸ ਨੂੰ ਖ਼ੂਨ ਕਹਿਣ ਵਾਲੀ ਗੱਲ ਜਦੋਂ ਮੈਂ ਉਹਨੂੰ ਸੁਣਾਈ ਤਾਂ ਉਹ ਖਿੜਖਿੜਾ ਕੇ ਹੱਸਿਆ। ਮੇਰੇ ਕੋਲ ਸਕੂਲ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਉਹ ਚੁੱਪ–ਚਾਪ ਹੀ ਰਿਹਾ ਸੀ। ਉਹ ਉਹਦਾ ਪਹਿਲਾਂ ਠਹਾਕਾ ਸੀ, ਉਹਦੇ ਚਿਹਰੇ ਉੱਤੇ ਗੁਲਾਬ ਖਿੜੇ ਹੋਏ ਸਨ। ਪਰ ਮੈਂ ਦੇਖਿਆ, ਉਹਦੀਆਂ ਅੱਖਾਂ ਵਿਚਲੀ ਤਰਲ ਰੇਖਾ ਨੇ, ਉਹਦੇ ਠਹਾਕੇ ਨਾਲੋਂ ਕੋਈ ਇੱਕ ਚਿੱਪਰ ਝਾੜ ਕੇ ਰੱਖ ਲਈ, ਜਿਸ ਕਰਕੇ ਉਹਦਾ ਹਾਸਾ ਮੈਨੂੰ ਨਾਮੁਕੰਮਲ ਜਿਹਾ ਹੀ ਲੱਗਿਆ। ਪਰ ਮੈਂ ਉਹਤੋਂ ਪੁੱਛਿਆ ਕੁਝ ਨਹੀਂ। ਸੋਚਿਆ, ਹੋ ਸਕਦਾ ਹੈ ਕਿ ਇਹ ਮੇਰਾ ਭਰਮ ਹੋਵੇ।

ਰਸ ਦੇ ਮੱਗ ਮੇਜ਼ ਉੱਤੇ ਆ ਟਿਕੇ ਤਾਂ ਮੈਂ ਉਹਨੂੰ ਪੁੱਛਿਆ–'ਇੱਕ ਅਧੀਆ ਫੜ ਨਾ ਲਿਆਵਾਂ, ਅੰਗ੍ਰੇਜ਼ੀ ਦਾ। ਮੱਗਾਂ ਵਿੱਚ ਪਾ ਲਵਾਂਗੇ, ਥੋੜ੍ਹੀ ਥੋੜ੍ਹੀ। ਜ਼ਾਇਕਾ ਦੇਖੀ।'

ਪਰ ਉਹਨੇ ਮੈਨੂੰ ਇੱਕ ਦਮ ਰੋਕ ਦਿੱਤਾ–'ਲਹੂ ਵਿੱਚ ਸ਼ਰਾਬ ਦਾ ਕੀ ਕੰਮ? ਅੱਜ ਤੇਰੇ ਲਹੂ ਦਾ ਨਸ਼ਾ ਈ ਦੇਖਾਂਗੇ।' ਉਹ ਫੇਰ ਹੱਸਿਆ ਤੇ ਰਸ ਪੀਣ ਲੱਗਿਆ।

ਓਥੋਂ ਉੱਠ ਕੇ ਮੈਂ ਉਹਨੂੰ ਛੱਤਾ ਖੂਹ ਚੌਂਕ ਵੱਲ ਲੈ ਗਿਆ। ਦੱਸਿਆ–ਰੋਟੀ ਅਜੇ ਮੈਂ ਵੀ ਨੀ ਖਾਧੀ। ਕੋਈ ਸਬਜ਼ੀ ਲੈ ਕੇ ਤੇਰੀ ਭਰਜਾਈ ਨੂੰ ਦੇ ਆਈਏ।'

'ਥੋੜ੍ਹੀ ਦੂਰ ਜਾ ਕੇ ਉਹ ਤਿੜਕ ਉੱਠਿਆ–'ਯਾਰ, ਰੋਟੀ ਦੇ ਮਾਰ ਗੋਲ਼ੀ। ਰੋਟੀ ਖਾ ਲਾਂਗੇ। ਕੋਈ ਰਿਕਸ਼ਾ ਲੈ, ਅੱਡੇ ਤੇ ਚਲਦੇ ਆਂ।'

'ਕਿਉਂ, ਅੱਡੇ ਤੇ ਕੀਹ ਐ?' ਮੈਂ ਵੀ ਖੜ੍ਹ ਕੇ ਉਹਨੂੰ ਪੁੱਛਿਆ।

'ਤੂੰ ਚੱਲ ਤਾਂ ਸਹੀ।' ਕਹਿ ਕੇ ਉਹਨੇ ਕੋਲ ਦੀ ਜਾਂਦੇ ਇੱਕ ਖਾਲੀ ਰਿਕਸ਼ੇ ਨੂੰ ਰੋਕ ਲਿਆ ਤੇ ਛਾਲ ਮਾਰ ਕੇ ਬੈਠ ਗਿਆ। ਮੈਨੂੰ ਵੀ ਬਿਠਾ ਲਿਆ। ਰਾਹ ਵਿੱਚ ਅਸੀਂ ਇੱਕ ਦੂਜੇ ਨਾਲ ਕੋਈ ਖ਼ਾਸ ਗੱਲ ਨਾ ਕੀਤੀ। ਆਉਂਦੇ ਜਾਂਦੇ ਲੋਕਾਂ ਦੇ ਚਿਹਰਿਆਂ ਨੂੰ ਤੱਕਦੇ। ਉਹ ਵੀ ਤੇ ਮੈਂ ਵੀ। ਕਦੇ–ਕਦੇ ਉਹ ਕਿਸੇ ਜਨਾਨੀ ਨੂੰ ਦੇਖਦਾ ਤੇ ਹੌਲੀ ਦੇ ਕੇ ਕੋਈ ਰਿਮਾਰਕ ਛੱਡ ਦਿੰਦਾ। ਸਿਰਫ਼ ਮੈਨੂੰ ਸੁਣਾਉਣ ਲਈ ਹੀ। ਮੈਂ ਪੋਲਾ ਜਿਹਾ ਮੁਸਕਰਾਉਂਦਾ ਤੇ ਚੁੱਪ ਰਹਿੰਦਾ।

ਬੱਸ ਅੱਡੇ ਉੱਤੇ ਜਾ ਕੇ ਅਸੀਂ ਰਿਕਸ਼ਾ ਵਿੱਚੋਂ ਉਤਰੇ। ਮੈਂ ਰਿਕਸ਼ਾ ਵਾਲੇ ਨੂੰ ਪੈਸੇ ਦੇਣ ਲੱਗਿਆ ਤਾਂ ਗੁਰੂ ਟੈਕਸੀਆਂ ਵੱਲ ਚਲਿਆ ਗਿਆ। ਜਾਂਦੇ ਹੀ ਇੱਕ ਟੈਕਸੀ ਡਰਾਈਵਰ ਨਾਲ ਦੋ ਚਾਰ ਗੱਲਾਂ ਕੀਤੀਆਂ ਤੇ ਤਾਕੀ ਖੋਲ੍ਹ ਕੇ ਕਾਰ ਵਿੱਚ ਬੈਠ ਗਿਆ। ਓਦੋਂ ਤੱਕ ਮੈਂ ਵੀ ਉਹਦੇ ਕੋਲ ਜਾ ਖੜ੍ਹਾ ਸਾਂ। ਕਿਸੇ ਜਾਦੂ ਦੇ ਅਸਰ ਵਾਂਗ ਮੈਂ ਕਾਰ ਵਿੱਚ ਉਹਦੇ ਨਾਲ ਜਾ ਬੈਠਾ। ਸੋਚਿਆ, ਟੈਕਸੀ ਵਾਲਾ ਇਹਦਾ ਕੋਈ ਜਾਣੂ ਪਛਾਣੂ ਹੋਵੇਗਾ। ਮਿਲਿਆ ਹੈ ਤੇ ਕਾਰ ਵਿੱਚ ਬੈਠ ਗਿਆ ਹੈ।

ਸ਼ਹਿਰ ਵਿਚੋਂ ਦੋ ਮੀਲ ਬਾਹਰ ਨਿਕਲ ਕੇ ਮੈਂ ਉਹਨੂੰ ਪੁੱਛਿਆ–'ਗੁਰੂ, ਦੱਸ ਤਾਂ ਦੇਹ ਆਪਾਂ ਜਾ ਕਿੱਥੇ ਰਹੇ ਹਾਂ?'

ਉਹਨਾਂ ਮੇਰੇ ਪੱਟ ਉੱਤੇ ਜ਼ੋਰ ਦਾ ਧੱਫਾ ਮਾਰਿਆ ਤੇ ਕਹਿੰਦਾ–'ਤੇਰਾ ਲਹੂ ਤਾਂ ਪੀ ਲਿਆ, ਅੱਜ ਤੇਰੀ ਜਾਨ ਵੀ ਖਾਵਾਂਗਾ।' ਉਹਦੇ ਜਵਾਬ ਦੀ ਦਿਲਚਸਪੀ ਮੈਨੂੰ ਵਿਸਰ ਗਈ ਤੇ ਮੈਂ ਆਪਣਾ ਪੱਟ ਘੁੱਟਣ ਲਗਿਆ। ਉਹ ਹੱਸ ਰਿਹਾ ਸੀ।

ਦਸ ਮੀਲ ਉੱਤੇ ਜਾ ਕੇ ਇੱਕ ਪਿੰਡ ਆਇਆ। ਟੈਕਸੀ ਪਿੰਡ ਦੀ ਲਿੰਕ ਰੋਡ ਉੱਤੇ ਚੱਲਣ ਲੱਗੀ। ਗੁਰੂ ਡਰਾਈਵਰ ਦੇ ਕੰਨ ਕੋਲ ਹੋ ਕੇ ਕੁਝ ਦੱਸੀ ਜਾ ਰਿਹਾ ਸੀ ਤੇ ਟੈਕਸੀ ਪਿੰਡ ਦੀਆਂ ਪੱਕੀਆਂ ਗਲ਼ੀਆਂ ਉੱਤੇ ਏਧਰ–ਓਧਰ ਡੋਲਦੀ ਖੜਕਦੀ ਧੂੜ ਉਡਾਉਂਦੀ ਤੁਰੀ ਜਾ ਰਹੀ ਸੀ। ਪਿੰਡ ਦੇ ਪਰਲੇ ਪਾਸੇ ਇੱਕ ਚੌੜੇ ਜਿਹੇ ਦਰਵਾਜ਼ੇ ਅੱਗੇ ਟੈਕਸੀ ਜਾ ਰੁਕੀ। ਉਹ ਮੁਸਕਰਾਇਆ ਤੇ ਮੈਨੂੰ ਕਹਿੰਦਾ–'ਉਠ ਹੁਣ।'

ਦਰਵਾਜ਼ੇ ਵਿੱਚ ਇੱਕ ਬੁੜ੍ਹੀ ਮੰਜੇ ਉੱਤੇ ਬੈਠੀ ਸੂਤ ਅਟੇਰ ਰਹੀ ਸੀ। ਗੁਰੂ ਨੇ ਉਹਨੂੰ ਮੱਥਾ ਟੇਕਿਆ ਤੇ ਉਹਦੇ ਕੋਲ ਹੀ ਮੰਜੇ ਉੱਤੇ ਬੈਠ ਗਿਆ। ਬੁੜ੍ਹੀ ਨੇ ਉਹਨੂੰ ਸਿਆਣ ਲਿਆ। ਉਹ ਅਸੀਸਾਂ ਦੇਣ ਲੱਗੀ। ਮੈਂ ਦੂਜੇ ਮੰਜੇ ਉੱਤੇ ਬੈਠ ਗਿਆ। ਡਰਾਈਵਰ ਟੈਕਸੀ ਵਿੱਚ ਮਗਰਲੀ ਸੀਟ ਉੱਤੇ ਲੰਮਾ ਪੈ ਗਿਆ ਸੀ। ਮੈਂ ਅੰਦਾਜ਼ਾ ਲਾਇਆ ਕਿ ਗੁਰੂ ਨੇ ਛੇਤੀ ਹੀ ਵਾਪਸ ਏਸੇ ਟੈਕਸੀ ਵਿੱਚ ਮੁੜਨਾ ਹੋਵੇਗਾ।

ਬੁੜ੍ਹੀ ਉੱਠ ਕੇ ਵਿਹੜੇ ਵਿੱਚ ਗਈ ਤਾਂ ਉਹ ਮੇਰੇ ਮੰਜੇ ਉੱਤੇ ਆ ਬੈਠਾ। ਹੌਲੀ ਦੇ ਕੇ ਮੈਨੂੰ ਸਮਝਾਉਣ ਲੱਗਿਆ–'ਬੁੜ੍ਹੀ ਹੁਣ ਮੁੜ ਕੇ ਆ ਕੇ ਤੇਰੇ ਕੋਲ ਦਰਵਾਜ਼ੇ 'ਚ ਬੈਠੂਗੀ, ਤੂੰ ਇਹਦੇ ਨਾਲ ਇਹਦੇ ਮੁੰਡੇ ਦੀਆਂ ਗੱਲਾਂ ਕਰੀਂ, ਉਹ ਬਿਜਲੀ ਬੋਰਡ ਵਿੱਚ ਕਲਰਕ ਐ। ਦਾਰੂ ਬਹੁਤ ਪੀਂਦੈ, ਤੂੰ ਉਹਦੀ ਦਾਰੂ ਦੀ ਨਿੰਦਿਆਂ ਕਰੀਂ। ਫੇਰ ਨੀ ਬੁੜ੍ਹੀ ਤੇਰੇ ਕੋਲੋਂ ਉਠਦੀ।'

ਬੁੜ੍ਹੀ ਦੀ ਨੂੰਹ ਕਾਹਲੇ ਕਦਮੀਂ ਸਾਡੇ ਕੋਲ ਦਰਵਾਜ਼ੇ ਵਿੱਚ ਆਈ ਤੇ ਮੰਜੇ ਉੱਤੇ ਬੈਠ ਕੇ ਗੁਰੂ ਦਾ ਹਾਲ–ਚਾਲ ਪੁੱਛਣ ਲੱਗੀ। ਲਗਦੇ ਹੱਥ ਗੁਰੂ ਨੇ ਮੇਰੀ ਜਾਣਕਾਰੀ ਵੀ ਉਹਨੂੰ ਦੇ ਦਿੱਤੀ। ਮਗਰ ਦੀ ਮਗਰ ਬੁੜ੍ਹੀ ਵੀ ਦਰਵਾਜ਼ੇ ਵਿੱਚ ਆ ਬੈਠੀ।

ਅਸੀਂ ਚਾਰੇ ਏਧਰ ਓਧਰ ਦੀਆਂ ਗੱਲਾਂ ਕਰਨ ਲੱਗੇ। ਬਾਰ ਵਿੱਚ ਖੜ੍ਹੀ ਟੈਕਸੀ ਦੇਖ ਕੇ ਦੋ ਤਿੰਨ ਗਵਾਂਢੀ ਬੁੜ੍ਹੀਆਂ ਸਾਨੂੰ ਦੇਖਣ ਆਈਆਂ ਤੇ ਗੁਰੂ ਨੂੰ ਪਛਾਣ ਕੇ ਮੁੜ ਗਈਆਂ। ਗੁਰੂ ਪਹਿਲਾਂ ਵੀ ਓਥੇ ਕਈ ਵਾਰ ਆਇਆ ਹੋਵੇਗਾ। ਬਹੂ ਦੇ ਤਾਏ ਚਾਚੇ ਦਾ ਮੁੰਡਾ ਸਮਝ ਕੇ ਉਨ੍ਹਾਂ ਬੁੜ੍ਹੀਆਂ ਦੀ ਤਸੱਲੀ ਹੋ ਗਈ ਹੋਵੇਗੀ। ਨਿੱਕੇ ਨਿੱਕੇ ਮੁੰਡੇ ਕੁੜੀਆਂ ਟੈਕਸੀ ਦੇ ਆਲੇ–ਦੁਆਲੇ ਫਿਰ ਰਹੇ ਸਨ। ਇੱਕ ਦੂਜੇ ਨਾਲ ਛੇੜ ਛਾੜ ਕਰ ਰਹੇ ਸਨ।

ਬੁੜ੍ਹੀ ਦੀ ਨੂੰਹ ਅੰਦਰ ਰਸੋਈ ਵਿੱਚ ਚਾਹ ਧਰਨ ਗਈ ਤਾਂ ਗੁਰੂ ਵੀ ਥੋੜ੍ਹੀ ਦੇਰ ਬਾਅਦ ਦਰਵਾਜ਼ੇ ਵਿਚੋਂ ਉਠ ਕੇ ਉਹਦੇ ਮਗਰ ਚਲਿਆ ਗਿਆ। ਮੈਂ ਬੁੜ੍ਹੀ ਨਾਲ ਉਹਦੇ ਮੁੰਡੇ ਦੀਆਂ ਗੱਲਾਂ ਛੇੜ ਲਈਆਂ।

ਕਦੇ-ਕਦੇ ਗੁਰੂ ਦੇ ਚੀਕ ਮਾਰਨ ਵਾਂਗ ਹੱਸਣ ਦੀ ਆਵਾਜ਼ ਦਰਵਾਜ਼ੇ ਤੱਕ ਪਹੁੰਚ ਜਾਂਦੀ। ਉਨ੍ਹਾਂ ਦੀਆਂ ਗੱਲਾਂ ਦੀ ਗੁਣ-ਗੁਣ ਤਾਂ ਲਗਾਤਾਰ ਹੀ ਮੇਰੇ ਕੰਨਾਂ ਵਿੱਚ ਪੈ ਰਹੀ ਸੀ। ਅਸਲ ਵਿੱਚ ਮੇਰੇ ਕੰਨ ਤਾਂ ਰਸੋਈ ਵੱਲ ਹੀ ਲੱਗੇ ਹੋਏ ਸਨ। ਬੁੜ੍ਹੀ ਦੀ ਗੱਲ ਦਾ ਹੁੰਗਾਰਾ ਤਾਂ ਮੈ ਹੂੰ-ਹਾਂ ਕਰਕੇ ਹੀ ਭਰ ਰਿਹਾ ਸਾਂ। ਇੱਕ ਗੱਲ ਉਹ ਖ਼ਤਮ ਕਰਦੀ ਤਾਂ ਮੈਂ ਨਾਲ ਲੱਗਦਾ ਦੂਜਾ ਸਵਾਲ ਕਰ ਦਿੰਦਾ। ਬੁੜ੍ਹੀ ਬੋਲਦੀ ਰਹਿੰਦੀ।

ਬੁੜ੍ਹੀ ਦੀ ਨੂੰਹ ਮੇਰੇ ਤੇ ਬੁੜ੍ਹੀ ਵਾਸਤੇ ਚਾਹ ਦੇ ਦੋ ਗਲਾਸ ਲੈ ਆਈ। ਗੁਰੂ ਆਪਣਾ ਗਿਲਾਸ ਆਪ ਚੁੱਕ ਲਿਆਇਆ। ਅਸੀਂ ਚਾਹ ਪੀਣ ਲੱਗੇ। ਨੂੰਹ ਅੰਦਰ ਕਮਰੇ ਵਿੱਚ ਚਲੀ ਗਈ। ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ ਸੀ। ਬੱਚਾ ਸੁੱਤਾ ਪਿਆ ਜਾਗ ਉੱਠਿਆ ਹੋਵੇਗਾ। ਉਹ ਓਸੇ ਨੂੰ ਸੰਭਾਲਣ ਗਈ ਹੋਵੇਗੀ।

ਗੁਰੂ ਨੇ ਆਪਣੇ ਗਿਲਾਸ ਵਿਚੋਂ ਇੱਕ ਘੁੱਟ ਭਰੀ। ਉਹ ਅੰਦਰ ਰਸੋਈ ਵਿੱਚ ਗਿਆ ਤੇ ਇੱਕ ਗਿਲਾਸ ਹੋਰ ਲਿਆ ਕੇ ਬਾਹਰ ਡਰਾਈਵਰ ਨੂੰ ਦੇ ਆਇਆ। ਪਹਿਲਾਂ ਉਹ ਭੁੱਲ ਗਿਆ ਹੋਵੇਗਾ।

ਏਸ ਦੌਰਾਨ ਬੁੜ੍ਹੀ ਨੇ ਮੈਨੂੰ ਦੱਸਿਆ-'ਸਵੇਰ ਦਾ ਈ ਸੁੱਤਾ ਪਿਐ ਜਿਉਣ ਜੋਗਾ। ਪਤਾ ਨ੍ਹੀ, ਢਿੱਲੇ ਕੁੱਛ, ਭਾਈ।' ਤੇ ਫੇਰ ਬੁੜ੍ਹੀ ਦਰਵਾਜ਼ੇ ਵਿਚੋਂ ਹੀ ਉੱਚਾ ਬੋਲੀ-'ਕੁੜੇ ਬਹੂ, ਇਹਨੂੰ ਦੁੱਧ ਚੁੰਘਾ ਦੇ। ਹੁਣ ਉੱਠ ਖੜ੍ਹਨ ਦੇ। ਐਂ ਨ੍ਹੀ ਟਿਕਦਾ ਹੁਣ ਏਹ। ਨਹੀਂ ਲਿਆ ਮੈਨੂੰ ਦੇ ਜਾ।'

ਬੱਚਾ ਅਜੇ ਵੀ ਰੋਈ ਜਾ ਰਿਹਾ ਸੀ।

ਅਸੀਂ ਚਾਹ ਖ਼ਤਮ ਕੀਤੀ ਤੇ ਬਾਹਰੋਂ ਪੰਜ-ਛੇ ਸਾਲ ਦੀ ਇੱਕ ਕੁੜੀ ਆਈ ਤੇ ਬੁੜ੍ਹੀ ਦੀ ਗੋਦੀ ਵਿੱਚ ਲਿਟ ਗਈ। ਗੁਰੂ ਨੇ ਉਹਨੂੰ ਆਪਣੀ ਬੁੱਕਲ ਵਿੱਚ ਖਿੱਚ ਲਿਆ। ਪਿਆਰ ਕਰਨ ਲੱਗਿਆ।

ਹੁਣ ਬੱਚਾ ਚੁੱਪ ਹੋ ਚੁੱਕਿਆ ਸੀ। ਗੁਰੂ ਨੇ ਕੁੜੀ ਨੂੰ ਮੇਰੇ ਕੋਲ ਬਿਠਾਇਆ ਤੇ ਅੱਖਾਂ ਵਿੱਚ ਹੀ ਕੁਝ ਸਮਝਾ ਕੇ ਉਹ ਅੰਦਰ ਕਮਰੇ ਵਿੱਚ ਚਲਿਆ ਗਿਆ। ਮੈਂ ਹੁਣ ਕੁੜੀ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗਿਆ। ਬੁੜ੍ਹੀ ਨੇ ਆਪਣਾ ਅਟੇਰਨ ਚੁੱਕ ਲਿਆ। ਬੁੜ੍ਹੀ ਦੀ ਨੂੰਹ ਅੰਦਰੋਂ ਆਈ ਤੇ ਚਾਹ ਦਾ ਗਿਲਾਸ ਕੁੜੀ ਨੂੰ ਦੇ ਗਈ। ਉਸਨੇ ਖ਼ੁਦ ਸ਼ਾਇਦ ਚਾਹ ਨਹੀਂ ਪੀਤੀ ਹੋਵੇਗੀ। ਗੁਰੂ ਇੱਕ ਵਾਰ ਮੁੰਡੇ ਨੂੰ ਹੱਥਾਂ ਵਿੱਚ ਚੁੱਕੀ ਦਰਵਾਜ਼ੇ ਵਿੱਚ ਆਇਆ ਤੇ ਉਹਨੂੰ ਪਿਆਰ ਕਰਦਾ ਕਰਦਾ ਫੇਰ ਅੰਦਰ ਕਮਰੇ ਵਿੱਚ ਚਲਿਆ ਗਿਆ।

ਮੈਂ ਕੁੜੀ ਨਾਲ ਲਗਾਤਾਰ ਹੀ ਬੇ-ਸਿਰ ਪੈਰੀਆਂ ਜਿਹੀਆਂ ਗੱਲਾਂ ਕਰਦਾ ਜਾ ਰਿਹਾ ਸਾਂ। ਉਹ ਮੇਰੇ ਨਾਲ ਪੂਰਾ ਪਰਚ ਗਈ। ਮੇਰਾ ਕੰਨ ਅੰਦਰ ਕਮਰੇ ਵੱਲ ਸੀ। ਮੁੰਡਾ ਚੁੱਪ ਸੀ। ਗੁਰੂ ਤੇ ਬੁੜ੍ਹੀ ਦੀ ਨੂੰਹ ਦੀ ਵੀ ਕੋਈ ਆਵਾਜ਼ ਨਹੀਂ ਆ ਰਹੀ ਸੀ।

ਥੋੜ੍ਹੀ ਦੇਰ ਬਾਅਦ ਗੁਰੂ ਓਵੇਂ ਜਿਵੇਂ ਹੱਥਾਂ ਵਿੱਚ ਮੁੰਡੇ ਨੂੰ ਚੁੱਕੀ ਸਾਡੇ ਕੋਲ ਦਰਵਾਜ਼ੇ ਵਿੱਚ ਆਇਆ ਤੇ ਮੁੰਡੇ ਨੂੰ ਬੁੜ੍ਹੀ ਦੀ ਗੋਦੀ ਵਿੱਚ ਬਿਠਾ ਕੇ ਮੈਨੂੰ ਇੱਕ ਦਮ ਹੁਕਮ ਜਿਹਾ ਕੀਤਾ-ਚੱਲ ਬਈ। ਖੜ੍ਹਾ ਹੋਜਾ।'

ਅਸੀਂ ਟੈਕਸੀ ਵਿੱਚ ਬੈਠੇ ਤਾਂ ਬੁੜ੍ਹੀ ਦੀ ਨੂੰਹ ਮੈਨੂੰ ਦਰਵਾਜ਼ੇ ਵਿੱਚ ਆਈ ਖੜ੍ਹੀ ਦਿਸੀ। ਉਹ ਬੁੜ੍ਹੀ ਤੋਂ ਮੁੰਡਾ ਲੈ ਕੇ ਉਦਾਸ ਜਿਹਾ ਮੁਸਕਰਾ ਰਹੀ ਸੀ। ਮੁੰਡੇ ਨੂੰ ਟੈਕਸੀ ਵੱਲ ਝਕਾਅ ਕੇ ਉਸ ਨੇ ਸਾਡੇ ਕੰਨੀਂ ਉਂਗਲ ਦਾ ਇਸ਼ਾਰਾ ਵੀ ਕੀਤਾ।

ਮੁੜ ਕੇ ਅਸੀਂ ਸ਼ਹਿਰ ਦੇ ਬੱਸ ਅੱਡੇ ਉੱਤੇ ਆਏ ਤਾਂ ਉਹਨੇ ਟੈਕਸੀ ਵਾਲੇ ਨੂੰ ਕਿਹਾ ਕਿ ਰੇਲਵੇ ਸਟੇਸ਼ਨ ਤੱਕ ਸਾਨੂੰ ਛੱਡ ਆਵੇ।

ਟੈਕਸੀ ਡਰਾਈਵਰ ਨੂੰ ਉਹਨੇ ਆਪਣੇ ਪਰਸ ਵਿਚੋਂ ਸੱਠ ਰੁਪਏ ਕੱਢ ਕੇ ਦਿੱਤੇ ਤੇ ਉਹਨੂੰ ਤੁਰਦਾ ਕੀਤਾ। ਸ਼ਾਮ ਦੀ ਗੱਡੀ ਆਉਣ ਵਿੱਚ ਇੱਕ ਘੰਟਾ ਬਾਕੀ ਸੀ। ਗੁਰੂ ਨੇ ਏਸੇ ਗੱਡੀ ਵਾਪਸ ਆਪਣੇ ਸ਼ਹਿਰ ਮੁੜਨ ਦਾ ਪ੍ਰੋਗਰਾਮ ਬਣਾ ਲਿਆ।

ਗੱਡੀ ਆਉਣ ਤੱਕ ਮੈਂ ਉਹਦੇ ਨਾਲ ਰਿਹਾ। ਅਸੀਂ ਰੇਲਵੇ ਕੰਟੀਨ ਉੱਤੇ ਚਾਹ ਪੀਤੀ ਤੇ ਪਲੇਟ-ਫਾਰਮ ਦੇ ਸਿਰੇ ਵਾਲੇ ਬੈਂਚ ਉੱਤੇ ਬੈਠ ਕੇ ਏਧਰ-ਓਧਰ ਦੀਆਂ ਗੱਲਾਂ ਕਰਨ ਲੱਗੇ। ਉਹ ਖੁੱਲ੍ਹ-ਖੁੱਲ੍ਹ ਕੇ ਹੱਸ ਰਿਹਾ ਸੀ, ਹੱਸਣ ਵਾਲੀਆਂ ਹੀ ਗੱਲਾਂ ਸੁਣਾ ਰਿਹਾ ਸੀ। ਮੈਂ ਕੋਈ ਗੱਲ ਕਰਦਾ ਤਾਂ ਉਹ ਪੂਰੇ ਧਿਆਨ ਨਾਲ ਸੁਣਦਾ। ਵੀਹ ਕੁ ਮਿੰਟ ਜਦੋਂ ਏਦਾਂ ਲੰਘ ਗਏ ਤਾਂ ਮੈਂ ਉਹਦੇ ਅੱਗੇ ਹੱਥ ਜੋੜ ਦਿੱਤੇ-'ਸ਼ਿਵਾ ਦੀ ਸਮਾਧੀ ਹੁਣ ਤਾਂ ਖੋਲ੍ਹ ਦੇ ਗੁਰੂ, ਉਹ ਕੌਣ ਸੀ? ਪਹਿਲਾਂ ਤਾਂ ਤੂੰ ਕਦੇ ਉਹਨੂੰ ਮਿਲਾਇਆ ਨ੍ਹੀ।'

ਮੇਰੀਆਂ ਅੱਖਾਂ ਵਿੱਚ ਉਹਨੇ ਆਪਣੀਆਂ ਅੱਖਾਂ ਪੂਰੀ ਤਰ੍ਹਾਂ ਗੱਡ ਦਿੱਤੀਆਂ ਤੇ ਏਦਾਂ ਹੀ ਅੱਧਾ ਮਿੰਟ ਪਾਗਲਾਂ ਵਾਂਗ ਦੇਖਦਾ ਰਿਹਾ। ਇਹ ਅੱਧਾ ਮਿੰਟ ਜਿਵੇਂ ਮੇਰੇ ਲਈ ਕੋਈ ਤਲਵਾਰ ਦਾ ਫੱਟ ਹੋਵੇ। ਮੈਂ ਕਤਲ ਹੋ ਕੇ ਰਹਿ ਗਿਆ ਤੇ ਫੇਰ ਉਹਦੇ ਬੁੱਲ੍ਹ ਫਰਕੇ-ਦੱਸਾਂ?'

ਮੈਂ ਸਿਰ ਝੁਕਾਇਆ।

'ਇਹ ਸਿਮ੍ਰਿਤੀ ਸੀ।' ਕਹਿ ਕੇ ਉਹਨੇ ਆਪਣਾ ਮੂੰਹ ਪਰ੍ਹਾਂ ਕਰ ਲਿਆ ਤੇ ਚੁੱਪ ਹੋ ਗਿਆ। ਉਹ ਕੁਝ ਵੀ ਨਹੀਂ ਬੋਲ ਰਿਹਾ ਸੀ। ਲੱਗਿਆ, ਜਿਵੇਂ ਉਹ ਮੇਰੇ ਕੋਲ ਬੈਠਾ ਹੀ ਨਾ ਹੋਵੇ। ਹੁਣ ਮੈਨੂੰ ਉਹਦੀ ਇਹ ਚੁੱਪ ਮਾਰ ਰਹੀ ਸੀ।

ਸਿਮ੍ਰਿਤੀ ਬਾਰੇ ਮੈਂ ਕਾਫ਼ੀ ਸਾਰਾ ਜਾਣਦਾ ਸੀ ਪਰ ਮੈਂ ਉਹਨੂੰ ਕਦੇ ਦੇਖਿਆ ਨਹੀਂ ਸੀ।

ਜਦੋਂ ਮੈਂ ਗੁਰੂ ਦੇ ਸ਼ਹਿਰ ਐਮ. ਏ. ਦਾ ਇਮਤਿਹਾਨ ਦੇਣ ਗਿਆ ਤਾਂ ਸਬੱਬ ਨਾਲ ਹੀ ਮੈਨੂੰ ਉਹਦੇ ਨਾਲ ਲੱਗਦਾ ਇੱਕ ਚੁਬਾਰਾ ਕਿਰਾਏ ਉੱਤੇ ਮਿਲ ਗਿਆ ਸੀ। ਦੂਜੇ ਚੁਬਾਰੇ ਵਿੱਚ ਉਹ ਆਪਣੇ ਬਾਲ-ਬੱਚੇ ਸਮੇਤ ਖ਼ੁਦ ਰਹਿੰਦਾ ਸੀ। ਉਹਦੇ ਕੋਲ ਵੀ ਇਹ ਚੁਬਾਰਾ ਕਿਰਾਏ ਉੱਤੇ ਸੀ। ਦੋਵਾਂ ਚੁਬਾਰਿਆਂ ਲਈ ਪੌੜੀਆਂ ਹੀ ਸਾਂਝੀਆਂ ਸਨ। ਨਹੀਂ ਤਾਂ ਸਭ ਕੁਝ ਵੱਖਰਾ ਵੱਖਰਾ ਸੀ। ਰਸੋਈ, ਗੁਸਲਖਾਨਾ ਤੇ ਲੈਟਰਿਨ। ਦੋਵੇਂ ਚੁਬਾਰਿਆਂ ਦੇ ਵਿਹੜੇ ਵਿਚਕਾਰਲੀ ਕੰਧ ਆਦਮੀ ਤੋਂ ਉੱਚੀ ਸੀ।

ਗੁਰੂ ਦੀ ਵਹੁਟੀ ਕੋਲ ਇੱਕ ਕੁੜੀ ਸੀ। ਇੱਕ ਕੁੜੀ ਉਸ ਤੋਂ ਵੱਡੀ ਹੋਰ ਵੀ ਸੀ ਜਿਹੜੀ ਨਾਨੀ ਕੋਲ ਰਹਿੰਦੀ ਸੀ। ਗੁਰੂ ਦੇ ਹੱਸਣ ਖੇਡਣ ਵਾਲੇ ਸੁਭਾਉ ਨੇ ਮੈਨੂੰ ਉਹਦੇ ਬਹੁਤ ਨੇੜੇ ਕਰ ਦਿੱਤਾ। ਸਵੇਰੇ ਸਵੇਰੇ ਜਦੋਂ ਮੈਂ ਰਾਤ ਦੀ ਪੜ੍ਹਾਈ ਦਾ ਭੰਨਿਆ ਨਹਾ ਧੋ ਕੇ ਚਾਹ ਪੀ ਰਿਹਾ ਹੁੰਦਾ ਤਾਂ ਉਹ ਮੇਰੇ ਕੋਲ ਆ ਬੈਠਦਾ। ਚਾਹ ਨਾ ਪੀਂਦਾ, ਬੱਸ ਗੱਲਾਂ

ਹੀ ਸੁਣਾਉਂਦਾ। ਭੰਨਿਆ ਉਹ ਵੀ ਹੁੰਦਾ ਪਰ ਸ਼ਰਾਬ ਦਾ। ਮੈਨੂੰ ਉਹ ਕੁੜੀਆਂ ਦੀਆਂ ਗੱਲਾਂ ਹੀ ਸੁਣਾਉਂਦਾ ਪਰ ਉਹਨੂੰ ਮੇਰੀ ਪੜ੍ਹਾਈ ਦਾ ਖ਼ਿਆਲ ਵੀ ਰਹਿੰਦਾ। ਮੇਰੇ ਕੋਲ ਉਹ ਅੱਧੇ ਘੰਟੇ ਤੋਂ ਵੱਧ ਨਾ ਬੈਠਦਾ। ਰਾਤ ਨੂੰ ਨੌਂ ਦਸ ਵਜੇ ਮੁੜਦਾ ਤਾਂ ਮੇਰੇ ਕੋਲ ਆਉਂਦਾ ਹੀ ਨਾ। ਮੈਨੂੰ ਤਾਂ ਦੂਜੇ ਚੁਬਾਰੇ ਵਿਚੋਂ ਉਹਦੇ ਬੋਲਣ ਤੋਂ ਪਤਾ ਲੱਗਦਾ ਕਿ ਉਹ ਆ ਗਿਆ ਹੈ। ਉਹਨੂੰ ਰੋਟੀ ਖਵਾਣ ਦੇ ਆਹਰ ਵਿੱਚ ਘਰ ਦੇ ਭਾਂਡੇ ਖੜਕਦੇ।

ਇਮਤਿਹਾਨ ਦੀ ਤਿਆਰੀ ਲਈ ਇੱਕ ਮਹੀਨਾ ਪਹਿਲਾਂ ਹੀ ਮੈਂ ਓਥੇ ਜਾ ਠਹਿਰਿਆ ਸਾਂ। ਮੇਰਾ ਸੈਂਟਰ ਗੁਰੂ ਦੀ ਵਰਕਸ਼ਾਪ ਦੇ ਨੇੜੇ ਹੀ ਸੀ। ਓਥੇ ਉਹ ਕਾਰਾਂ ਦੀ ਮੁਰੰਮਤ ਦਾ ਹੈੱਡ ਮਿਸਤਰੀ ਸੀ। ਜਿਨ੍ਹਾਂ ਦਿਨਾਂ ਵਿੱਚ ਮੇਰੇ ਪਰਚੇ ਸਨ, ਪਰਚਾ ਦੇਣ ਤੋਂ ਬਾਅਦ ਮੈਂ ਗੁਰੂ ਕੋਲ ਵਰਕਸ਼ਾਪ ਵਿੱਚ ਜਾ ਬੈਠਦਾ। ਇੱਕ ਘੰਟਾ ਅੱਧਾ ਘੰਟਾ ਬੈਠ ਕੇ ਓਥੇ ਮਕੈਨਿਕਾਂ ਦੀਆਂ ਗੱਲਾਂ ਸੁਣਦਾ ਤੇ ਆਪਣੇ ਆਪ ਨੂੰ ਹੌਲਾ ਕਰ ਲੈਂਦਾ। ਗੁਰੂ ਦਾ ਅਸਲੀ ਨਾਉਂ ਤਾਂ ਰਾਜ ਕੁਮਾਰ ਸੀ ਪਰ ਉਹਨੂੰ ਵਰਕਸ਼ਾਪ ਦੇ ਸਾਰੇ ਲੋਕ ਗੁਰੂ ਕਹਿੰਦੇ ਸਨ, ਵਰਕਸ਼ਾਪ ਦਾ ਮਾਲਕ ਵੀ। ਸ਼ਹਿਰ ਦੀ ਇਹ ਇੱਕ ਵੱਡੀ ਵਰਕਸ਼ਾਪ ਸੀ। ਵੱਡੇ-ਵੱਡੇ ਲੋਕਾਂ ਦੀਆਂ ਕਾਰਾਂ ਆਉਂਦੀਆਂ। ਮਕੈਨਿਕ ਮੁੰਡੇ ਬਹੁਤਾ ਕਰਕੇ ਔਰਤਾਂ ਦੀਆਂ ਗੱਲਾਂ ਕਰਦੇ। ਅਜੀਬ ਕਿਸਮ ਦੀਆਂ ਗੱਲਾਂ, ਮੈਂ ਸੁਣਦਾ ਤੇ ਹੈਰਾਨ ਹੁੰਦਾ। ਪੈਸੇ ਦੀ ਖ਼ਾਤਰ ਚੰਗੇ ਚੰਗੇ ਖਾਨਦਾਨਾਂ ਦੀਆਂ ਕੁੜੀਆਂ ਕਿੰਨਾ ਗਿਰ ਜਾਂਦੀਆਂ ਹਨ, ਫੈਸ਼ਨ ਪੂਰਾ ਕਰਨ ਲਈ ਹੀ ਜਾਂ ਗ਼ਰੀਬ ਘਰਾਂ ਦੀਆਂ ਕੁੜੀਆਂ ਨੂੰ ਪੈਸੇ ਲਈ ਕਿੱਥੇ ਤੱਕ ਥੱਲੇ ਉੱਤਰ ਜਾਣਾ ਪੈਂਦਾ ਹੈ।

ਗੁਰੂ ਮਕੈਨਿਕ ਮੁੰਡਿਆਂ ਦਾ ਹਰ ਗੱਲ ਵਿੱਚ ਗੁਰੂ ਸੀ। ਹਰ ਕੋਈ ਆ ਕੇ ਆਪਣਾ ਕਿੱਸਾ ਸੁਣਾਉਂਦਾ ਤੇ ਉਹਦੇ ਕੋਲੋਂ ਸਲਾਹਾਂ ਲੈਂਦਾ। ਗੁਰੂ ਉਨ੍ਹਾਂ ਮੁੰਡਿਆਂ ਦੇ ਘਰਾਂ ਤੱਕ ਵੀ ਪਹੁੰਚਿਆ ਹੋਇਆ ਸੀ। ਉਨ੍ਹਾਂ ਦੀਆਂ ਆਰਥਿਕ ਔਕੜਾਂ ਨੂੰ ਵੀ ਜਾਣਦਾ। ਉਹਨੂੰ ਪਤਾ ਸੀ, ਕਿਸ ਦੇ ਘਰ ਵਿੱਚ ਕੀ ਲੋੜ ਹੈ ਤੇ ਉਹ ਕਿਵੇਂ ਪੂਰੀ ਹੋਵੇਗੀ। ਮੁੰਡੇ ਨੂੰ ਗਾਲ੍ਹਾਂ ਦੇਣ ਲੱਗਦਾ-'ਸਾਲ਼ਿਆ, ਇੱਕ ਰਾਤ ਦੇ ਪੰਜਾਹ ਪੰਜਾਹ ਚੱਬ ਦਿੰਨੈ, ਲਾਲੇ ਤੋਂ ਸੌ ਰੁਪਈਆ ਐਡਵਾਂਸ ਲੈ ਅੱਜ ਈ ਤੇ ਬੁੜ੍ਹੀ ਨੂੰ ਦੇ ਕੇ ਆ।'

ਐਮ. ਏ. ਦੇ ਚਾਰ ਪਰਚੇ ਸਨ। ਚਾਰਾਂ ਪਰਚਿਆਂ ਵਿਚਕਾਰ ਤਿੰਨ ਤਿੰਨ, ਚਾਰ ਚਾਰ ਦਿਨਾਂ ਦੀਆਂ ਛੁੱਟੀਆਂ ਸਨ। ਸੋ ਮੈਂ ਲਗਭਗ ਡੇਢ ਮਹੀਨਾ ਉਸ ਚੁਬਾਰੇ ਵਿੱਚ ਠਹਿਰਿਆ ਸਾਂ।

ਗੁਰੂ ਦੀ ਵਰਕਸ਼ਾਪ ਦੇ ਸਾਹਮਣੇ ਵਾਲਾ ਮਕਾਨ ਇੱਕ ਰਿਟਾਇਰਡ ਖ਼ਜ਼ਾਨਚੀ ਦਾ ਸੀ। ਸਿਮ੍ਰਿਤੀ ਏਸੇ ਖ਼ਜ਼ਾਨਚੀ ਦੀ ਕੁੜੀ ਸੀ।

ਜਿਸ ਦਿਨ ਮੇਰਾ ਚੌਥਾ ਪਰਚਾ ਸੀ, ਗੁਰੂ ਬੋਤਲ ਲੈ ਕੇ ਮੇਰੇ ਚੁਬਾਰੇ ਵਿੱਚ ਆਇਆ ਤੇ ਅਸੀਂ ਇਕੱਠੇ ਬੈਠਕੇ ਸ਼ਰਾਬ ਪੀਤੀ। ਉਸ ਦਿਨ ਉਹਨੇ ਸਿਮ੍ਰਿਤੀ ਦੀ ਕਥਾ ਮੈਨੂੰ ਸੁਣਾਈ ਸੀ।

ਸਿਮ੍ਰਿਤੀ ਤੇ ਉਹ ਕਾਲਜ ਵਿੱਚ ਇਕੱਠੇ ਪੜ੍ਹਦੇ ਸਨ। ਗੁਰੂ ਦਾ ਜੱਦੀ ਘਰ ਵੀ ਸਿਮ੍ਰਿਤੀ ਦੇ ਗਵਾਂਢ ਵਿੱਚ ਸੀ। ਦੋਵਾਂ ਵਿੱਚ ਪਿਆਰ ਦੀ ਗੰਢ ਬਹੁਤ ਕਸੀ ਜਾ ਚੁੱਕੀ ਸੀ। ਕਾਲਜ ਵਿੱਚ ਤਾਂ ਉਹ ਘੱਟ ਮਿਲਦੇ ਪਰ ਰਾਤ ਨੂੰ ਗੁਰੂ ਸਿਮ੍ਰਿਤੀ ਕੋਲ ਹਮੇਸ਼ਾਂ ਜਾਂਦਾ। ਉਹ ਅੱਡ ਹੀ ਇੱਕ ਕਮਰੇ ਵਿੱਚ ਇਕੱਲੀ ਪੜ੍ਹਦੀ ਤੇ ਓਥੇ ਹੀ ਸੌਂ ਜਾਂਦੀ। ਅੱਧੀ

ਰਾਤ ਗੁਰੂ ਕਮਰੇ ਵਿੱਚ ਜਾਂਦਾ ਤੇ ਉਹ ਪੰਜ ਵਜੇ ਤੱਕ ਜਾਗਦੇ ਰਹਿੰਦੇ ਤੇ ਫੇਰ ਘਰਦਿਆਂ ਦੇ ਉੱਠਣ ਤੋਂ ਪਹਿਲਾਂ ਉਹ ਮਲਕੜੇ ਜਿਹੇ ਕਮਰੇ ਤੋਂ ਬਾਹਰ ਹੋ ਜਾਂਦਾ।

ਇੱਕ ਵਾਰ ਦੀ ਉਹਨੇ ਗੱਲ ਸੁਣਾਈ। ਕਮਰੇ ਦਾ ਖੜਕਾ ਸੁਣਕੇ ਖ਼ਜ਼ਾਨਚੀ ਜਾਗ ਉੱਠਿਆ। ਕਮਰੇ ਦਾ ਬਾਰ ਖੁਲ੍ਹਵਾਇਆ ਤਾਂ ਗੁਰੂ ਅੰਦਰ ਸੀ। ਖ਼ਜ਼ਾਨਚੀ ਨੇ ਪਛਾਣ ਲਿਆ ਪਰ ਬੋਲਿਆ ਕੁਝ ਨਾ। ਸੁੰਨ ਦਾ ਸੁੰਨ ਬਣਿਆ ਖੜ੍ਹਾ ਰਿਹਾ। ਗੁਰੂ ਨੇ ਧੀਰਜ ਨਾਲ ਕਮਰੇ ਦਾ ਗਲੀ ਵਾਲਾ ਬਾਰ ਖੋਲ੍ਹਿਆ ਤੇ ਬਾਹਰ ਹੋ ਗਿਆ। ਖ਼ਜ਼ਾਨਚੀ ਨੇ ਗਲੀ ਵਿੱਚ ਆ ਕੇ ਰੌਲਾ ਪਾ ਦਿੱਤਾ-ਚੋਰ....ਚੋਰ....ਸਾਰਾ ਮੁਹੱਲਾ ਇਕੱਠਾ ਹੋ ਗਿਆ। ਕਿਸੇ ਕੋਲ ਹਾਕੀ, ਕਿਸੇ ਕੋਲ ਬੰਦੂਕ, ਬਹੁਤੇ ਖ਼ਾਲੀ ਹੱਥ ਹੀ ਕੰਬਲਾਂ ਦੀਆਂ ਬੁੱਕਲਾਂ ਮਾਰੀ ਖ਼ਜ਼ਾਨਚੀ ਦੇ ਦਰਵਾਜ਼ੇ ਅੱਗੇ ਆ ਖੜ੍ਹੇ ਤੇ ਉਹਦੇ ਕੋਲੋਂ ਚੋਰ ਬਾਰੇ ਪੁੱਛਣ ਲੱਗੇ। ਲੋਕ ਜੋਸ਼ ਵਿੱਚ ਸਨ, 'ਦੱਸ ਕਿੱਧਰ ਨੂੰ ਗਿਐ ਚੋਰ? ਕਿੱਥੋਂ ਦੀ ਆਇਆ? ਕੁਛ ਲੈ ਤਾਂ ਨ੍ਹੀ ਗਿਆ? 'ਬੋਲਣ ਵਾਲਿਆਂ ਵਿੱਚ ਗੁਰੂ ਵੀ ਗੰਡਾਸਾ ਲਈ ਖੜ੍ਹਾ ਸੀ। ਖ਼ਜ਼ਾਨਚੀ ਇੰਜ ਸਾਰੀ ਕਹਾਣੀ ਬਿਆਨ ਕਰ ਰਿਹਾ ਸੀ ਜਿਵੇਂ ਹੁਣੇ ਚੋਰ ਗਿਆ ਹੋਵੇ। ਦਰਵਾਜ਼ੇ ਅੱਗੇ ਖਲੋਤੇ ਲੋਕਾਂ ਦੇ ਮਨਾਂ ਉੱਤੇ ਚੋਰ ਦਾ ਪ੍ਰਛਾਵਾਂ ਪ੍ਰਤੱਖ ਦਿਸ ਰਿਹਾ ਸੀ। ਗੁਰੂ ਜਾਣਦਾ ਸੀ, ਬੁੜ੍ਹਾ ਕਿਸੇ ਨਾਟਕ ਪਾਰਟੀ ਵਿੱਚ ਕੰਮ ਕਰਦਾ ਰਿਹਾ ਹੋਵੇਗਾ ਪਰ ਗੁਰੂ ਵੱਲ ਉਂਗਲ ਕਰਨ ਦੀ ਉਹਦੇ ਵਿੱਚ ਹਿੰਮਤ ਨਹੀਂ ਸੀ।

ਤੇ ਫੇਰ ਦੋ ਮਹੀਨਿਆਂ ਦੇ ਅੰਦਰ ਅੰਦਰ ਖ਼ਜ਼ਾਨਚੀ ਨੇ ਇੱਕ ਮੁੰਡਾ ਲੱਭਿਆ ਤੇ ਸਿਮ੍ਰਿਤੀ ਨੂੰ ਕਾਲਜੋ ਹਟਾ ਕੇ ਵਿਆਹ ਦਿੱਤਾ। ਉਹ ਵਿਆਹੀ ਗਈ ਤਾਂ ਗੁਰੂ ਵੀ ਕਾਲਜੋਂ ਹਟ ਗਿਆ। ਅਵਾਰਾ ਫਿਰਨ ਲੱਗਿਆ।

ਸਿਮ੍ਰਿਤੀ ਦੇ ਵਿਆਹ ਤੋਂ ਪਹਿਲਾਂ ਗੁਰੂ ਨੇ ਬਹੁਤ ਕੋਸ਼ਿਸ਼ ਕੀਤੀ ਕਿ ਉਹਦੇ ਨਾਲ ਹੀ ਉਸ ਦਾ ਵਿਆਹ ਹੋ ਜਾਵੇ ਪਰ ਗੱਲ ਤੁਰ ਹੀ ਨਹੀਂ ਸਕੀ ਸੀ। ਸਿਮ੍ਰਿਤੀ ਦੇ ਬਾਪ ਨੇ ਤਾਂ ਮੰਨਣਾ ਕੀ ਸੀ, ਗੁਰੂ ਦਾ ਬਾਪ ਵੀ ਡੰਡਾ ਲੈ ਕੇ ਦੌੜਿਆ ਸੀ। ਅਸਲ ਰੁਕਾਵਟ ਜ਼ਾਤ ਬਰਾਦਰੀ ਦਾ ਫ਼ਰਕ ਸੀ। ਸਿਮ੍ਰਿਤੀ ਬਾਪ ਦੀ ਮਰਜ਼ੀ ਦੇ ਉਲਟ ਨਹੀਂ ਜਾ ਸਕਦੀ ਸੀ।

ਉਸ ਆਖ਼ਰੀ ਦਿਨ ਜਦੋਂ ਅਸੀਂ ਚੁਬਾਰੇ ਵਿੱਚ ਬੈਠੇ ਪੀ ਰਹੇ ਸਾਂ ਤਾਂ ਉਹਨੇ ਮੈਨੂੰ ਦੱਸਿਆ ਕਿ ਉਹ ਸਿਮ੍ਰਿਤੀ ਨਾਲ ਪਵਿੱਤਰ ਰਿਹਾ ਸੀ। ਉਹਦੇ ਲਈ ਉਹ ਸਦਾ ਹੀ ਦੇਵੀ ਬਣੀ ਰਹੀ। ਉਹਨੇ ਤਾਂ ਬੱਸ ਉਹਦੀ ਪੂਜਾ ਹੀ ਕੀਤੀ।

ਮੈਂ ਤਿੜਕ ਕੇ ਕਿਹਾ-'ਆਂ, ਦੇਵੀ ਤੂੰ ਉਹਨੂੰ ਕਿਹੜਾ ਸਮਝਿਆ ਹੋਣੈ? ਕੁੜੀਆਂ ਨਾਲ ਤੇਰੇ ਸੰਬੰਧ ਰਹੇ, ਉਹਦੇ ਨਾਲ ਫੇਰ ਏਸ ਤਰ੍ਹਾਂ ਕਿਉਂ?'

'ਨਾ, ਸਿਮ੍ਰਿਤੀ ਪਹਿਲੀ ਕੁੜੀ ਸੀ ਜਿਸ ਨੂੰ ਮੈਂ ਪਾਕ ਮੁਹੱਬਤ ਕੀਤੀ। ਵਿਆਹ ਪਿੱਛੋਂ ਮਨ ਭੜਕ ਉੱਠਿਆ। ਸੋਚਿਆ, ਜਿਸਨੂੰ ਚਾਹਿਆ, ਉਹ ਮਿਲੀ ਨਾ, ਹੁਣ ਕੀ ਐ। ਤੇ ਫਿਰ ਮੇਰੇ ਵਾਸਤੇ ਹੋਰ ਕੋਈ ਵੀ ਕੁੜੀ ਪਵਿੱਤਰ ਨਾ ਰਹੀ।' ਤੇ ਫੇਰ ਉਹਨੇ ਦੱਸਿਆ ਕਿ ਉਸਦੇ ਵਿਆਹ ਪਿੱਛੋਂ ਵੀ ਉਹ ਉਹਨੂੰ ਮਿਲਦਾ ਰਿਹਾ। ਜਦੋਂ ਵੀ ਉਹ ਉਸ ਸ਼ਹਿਰ ਬਾਪ ਦੇ ਘਰ ਆਈ ਹੁੰਦੀ, ਉਹ ਮਿਲਦੇ। ਸਿਮ੍ਰਿਤੀ ਦੇ ਸਹੁਰੇ ਪਿੰਡ ਵੀ ਉਹ ਦੋ ਵਾਰੀ ਜਾ ਕੇ ਆਇਆ ਸੀ। ਉਹ ਮਿਲਦੇ ਤਾਂ ਗੱਲਾਂ ਹੀ ਕਰਦੇ। ਗੁਰੂ ਨੇ ਕਦੇ ਉਹਦਾ ਹੱਥ ਫੜ ਕੇ ਵੀ ਨਹੀਂ ਦੇਖਿਆ। ਗੱਲਾਂ ਕਰਨ ਨਾਲ ਹੀ ਇੱਕ ਰੱਜ ਜਿਹਾ ਆ ਜਾਂਦਾ।

ਉਸ ਦਿਨ ਗੁਰੂ ਨੇ ਮੈਨੂੰ ਸਿਮ੍ਰਿਤੀ ਦੇ ਪਿੰਡ ਦਾ ਨਾਉਂ ਨਹੀਂ ਦੱਸਿਆ ਸੀ। ਮੈਂ ਵੀ ਉਚੇਚ ਨਾਲ ਨਹੀਂ ਪੁੱਛਿਆ ਹੋਵੇਗਾ। ਉਹ ਤਾਂ ਆਪ-ਮੁਹਾਰਾ ਹੀ ਬੋਲਦਾ ਜਾ ਰਿਹਾ ਸੀ ਤੇ ਮੈਂ ਸੁਣਦਾ ਰਿਹਾ। ਇੱਕ ਆਮ ਕਿੱਸੇ ਵਾਂਗ ਹੀ , ਜਿਸ ਤਰ੍ਹਾਂ ਦੇ ਕਿੱਸੇ ਉਹ ਹੋਰ ਕੁੜੀਆਂ ਦੇ ਸੁਣਾਇਆ ਕਰਦਾ ਤੇ ਮੈਂ ਸਿਰ ਸੁੱਟ ਕੇ ਸੁਣ ਲੈਂਦਾ। ਉਹਨੇ ਦੱਸਿਆ ਕਿ ਉਹ ਫੇਰ ਜਦੋਂ ਵੀ ਸਿਮ੍ਰਿਤੀ ਨੂੰ ਮਿਲਦਾ ਤਾਂ ਇੱਕ ਅਜੀਬ ਜਿਹਾ ਪਵਿੱਤਰਤਾ ਦਾ ਜਾਦੂ ਅਸਰ ਉਹਦੇ ਉੱਤੇ ਹੋਣ ਲਗਦਾ ਤੇ ਉਹ ਉਹਦੇ ਨਾਲ ਊਟ-ਪਟਾਂਗ ਜਿਹੀਆਂ ਗੱਲਾਂ ਹੀ ਕਰਦਾ। ਗੱਲਾਂ ਜਿਹੜੀਆਂ ਬਾਅਦ ਵਿੱਚ ਉਹਨੂੰ ਯਾਦ ਤੱਕ ਵੀ ਨਹੀਂ ਰਹਿ ਜਾਂਦੀਆਂ ਸਨ। ਤੇ ਜਿਨ੍ਹਾਂ ਗੱਲਾਂ ਦਾ ਉਸਨੂੰ ਖੁਰਾ ਵੀ ਨਹੀਂ ਲੱਭਦਾ ਸੀ। ਕਿੱਥੋਂ ਸ਼ੁਰੂ ਹੋਈਆਂ ਕਿੱਥੇ ਮੁੱਕ ਗਈਆਂ। ਫੇਰ ਵੀ ਸਿਮ੍ਰਿਤੀ ਨੂੰ ਦੁਬਾਰਾ ਮਿਲਣ ਦੀ ਇੱਕ ਤਲਬ ਜਿਹੀ ਹਮੇਸ਼ਾ ਹੀ ਲੱਗੀ ਰਹਿੰਦੀ।

ਉਸ ਦਿਨ ਸ਼ਾਮ ਦੀ ਗੱਡੀ ਜਦ ਉਹ ਮੇਰੇ ਸ਼ਹਿਰੋਂ ਮੇਰੇ ਕੋਲੋਂ ਜਾ ਰਿਹਾ ਸੀ ਤੇ ਬਿਲਕੁਲ ਖ਼ਾਮੋਸ਼ ਬੈਠਾ ਹੋਇਆ ਸੀ। ਮੈਂ ਉਹਨੂੰ ਹੌਲੀ ਦੇ ਕੇ ਪੁੱਛਿਆ, 'ਤੂੰ ਹੁਣ ਐਨੇ ਵਰ੍ਹਿਆਂ ਮਗਰੋਂ ਸਿਮ੍ਰਿਤੀ ਕੋਲ ਕੀ ਲੈਣ ਆਇਆ ਸੀ?'

'ਬੱਸ, ਉਹਨੂੰ ਦੇਖਣ।' ਅਗਾਂਹ ਜਿਵੇਂ ਉਹਦੇ ਬੁੱਲ੍ਹ ਹੀ ਸੀਉਂਤੇ ਗਏ ਹੋਣ। ਉਹ ਭੁੱਬਾਂ ਮਾਰ ਮਾਰ ਕੇ ਰੋਣ ਲੱਗਿਆ। ਬੱਚਿਆਂ ਵਾਂਗ ਉਹਦੀ ਹਿਚਕੀ ਬੱਝ ਗਈ। ਮੈਂ ਉਹਨੂੰ ਆਪਣੀ ਬੁੱਕਲ ਵਿੱਚ ਲੈ ਲਿਆ ਤੇ ਉਹਦੇ ਸਿਰ ਦੇ ਵਾਲ਼ਾਂ ਨੂੰ ਸਹਿਲਾਉਣ ਲੱਗਿਆ।

ਗੱਡੀ ਆਉਣ ਦਾ ਵਕਤ ਹੋ ਗਿਆ। ਅਸੀਂ ਉਸ ਬੈਂਚ ਤੋਂ ਉੱਠੇ ਤੇ ਟਿਕਟ ਲੈ ਆਏ। ਤੇ ਫੇਰ ਓਸੇ ਬੈਂਚ ਉੱਤੇ ਆ ਕੇ ਬੈਠ ਗਏ। ਹੁਣ ਸਾਡੇ ਵਿਚਕਾਰ ਕੋਈ ਵੀ ਗੱਲ ਨਹੀਂ ਹੋ ਰਹੀ ਸੀ। ਇੱਕ ਬੋਝਲ ਚੁੱਪ। ਮੈਂ ਉਹਨੂੰ ਸਮਝਾਉਣਾ ਚਾਹੁੰਦਾ ਸਾਂ ਕਿ ਉਹ ਸਿਮ੍ਰਿਤੀ ਦਾ ਖ਼ਿਆਲ ਹੁਣ ਛੱਡ ਦੇਵੇ। ਇਹ ਜ਼ਿੰਦਗੀ ਹੈ। ਜ਼ਿੰਦਗੀ ਵਿੱਚ ਪਰਛਾਵਿਆਂ ਦੀ ਪਕੜ ਕੌਣ ਕਰ ਸਕਿਆ ਹੈ। ਸੁਪਨਿਆਂ ਦਾ ਵਜੂਦ ਕੋਈ ਨਹੀਂ ਹੁੰਦਾ। ਤੇ ਫੇਰ ਉਹਨੇ ਖ਼ੁਦ ਹੀ ਚੁੱਪ ਤੋੜੀ-'ਇੱਕ ਲਗਾਓ ਐ, ਯਾਰ। ਇਹ ਟੁੱਟਦਾ ਨਹੀਂ। ਮੈਂ ਇਹਦੇ ਨਾਲ ਹੁਣ ਵੀ ਵਿਆਹ ਕਰਵੌਣ ਨੂੰ ਤਿਆਰ ਆਂ। ਮੈਂ ਸਾਰੀ ਦੁਨੀਆਂ ਛੱਡ ਦਿਆਂ ਜੇ ਮੈਨੂੰ ਸਿਮ੍ਰਿਤੀ ਮਿਲ ਜਾਵੇ।'

ਪਲੇਟਫਾਰਮ ਉੱਤੇ ਸਵਾਰੀਆਂ ਦੀ ਭੀੜ ਸੰਘਣੀ ਹੋਣ ਲੱਗੀ। ਗੱਡੀ ਆਉਣ ਦੇ ਸਮੇਂ ਨੂੰ ਪਲ਼-ਪਲ਼ ਕਰਕੇ ਉਡੀਕਿਆ ਜਾ ਰਿਹਾ ਸੀ। ਗੁਰੂ ਨੇ ਮੇਰੇ ਮੋਢੇ ਉੱਤੇ ਜ਼ੋਰ ਦਾ ਧੱਫਾ ਜਮਾਇਆ ਤੇ ਆਪਣਾ ਮਖਸੂਸ ਠਹਾਕਾ ਮਾਰ ਕੇ ਬਹੁਤ ਉੱਚਾ ਹੱਸਣ ਲੱਗਿਆ, ਸਿਗਰਟ ਸੁਲਗਾ ਲਈ। ਸਿਰ ਦੇ ਵਾਲ਼ਾਂ ਨੂੰ ਪਿਛਾਂਹ ਵੱਲ ਛੱਡਿਆ। ਪੁੱਛਣ ਲੱਗਿਆ- 'ਤੂੰ ਸੁਣਾ ਯਾਰ, ਤੇਰਾ ਕੀ ਹਾਲ ਐ?'

ਮੈਂ ਕੀ ਦੱਸਦਾ। ਮੈਂ ਤਾਂ ਹੁਣ ਤੱਕ ਉਸਦੇ ਇਸ ਨਾਟਕੀ ਜਿਹੇ ਮਾਹੌਲ ਵਿੱਚ ਬੌਂਦਲਿਆ ਹੋਇਆ ਸਾਂ। ਗੱਡੀ ਆਈ ਤਾਂ ਉਹਨੇ ਮੈਨੂੰ ਘੁੱਟ ਕੇ ਜੱਫੀ ਵਿੱਚ ਲੈ ਲਿਆ। ਤੁਰੀ ਜਾ ਰਹੀ ਗੱਡੀ ਵਿਚੋਂ ਉਹਦਾ ਹੱਥ ਦੂਰ ਤੱਕ ਉਤਾਂਹ ਉਠਿਆ ਰਿਹਾ। ਮੇਰੇ ਜ਼ਿਹਨ ਵਿੱਚ ਉਹਦਾ ਠਹਾਕਾ ਤੇ ਉਹਦੀਆਂ ਅੱਖਾਂ ਵਿਚਲੀ ਉਦਾਸ ਤਰਲ ਰੇਖਾ ਕਈ ਦਿਨਾਂ ਤੱਕ ਅਟਕੀ ਰਹੀ। ♦

# ਤੀਰਥ

ਬੱਸ ਵਿਚੋਂ ਉੱਤਰ ਕੇ ਮੈਂ ਲੋਕਾਂ ਦੇ ਇੱਕ ਵਿਸ਼ਾਲ ਸਮੂਹ ਵਿੱਚ ਗੁਆਚ ਗਿਆ। ਬੱਸ-ਅੱਡੇ ਦੀ ਕੁਰਬਲ-ਕੁਰਬਲ, ਕੀਹਨੂੰ ਪੁੱਛਾਂ ਕਿ ਤੀਰਥ ਨੂੰ ਕਿਵੇਂ ਜਾਇਆ ਜਾਵੇ। ਇੱਕ ਵੀ ਜਾਣਕਾਰ ਚਿਹਰਾ ਨਹੀਂ ਲੱਭ ਰਿਹਾ ਸੀ। ਪਰ ਇਸ ਪ੍ਰਦੇਸ ਵਿੱਚ ਮੇਰਾ ਕੌਣ ਜਾਣਕਾਰ ਹੋ ਸਕਦਾ ਸੀ? ਸਭ ਅਜਨਬੀ ਚਿਹਰੇ ਸਨ। ਕਹਿੰਦੇ ਨੇ-ਧਰਤੀ ਦੇ ਕਿਸੇ ਵੀ ਖੂੰਜੇ ਚਲੇ ਜਾਓ, ਕਿਸੇ ਪੰਜਾਬੀ ਭਰਾ ਦੇ ਦਰਸ਼ਨ ਜ਼ਰੂਰ ਹੋ ਜਾਣਗੇ। ਪੰਜਾਬ ਦੁਨੀਆ ਦੀ ਨਾੜ-ਨਾੜ ਵਿੱਚ ਫ਼ੈਲ ਗਿਆ ਹੈ। ਪਰ ਮੈਂ ਹੈਰਾਨ-ਐਨੇ ਇਕੱਠ ਵਿੱਚ ਇੱਕ ਬੰਦਾ ਵੀ ਕੋਈ ਪਗੜੀ ਵਾਲਾ ਨਹੀਂ। ਪੰਜਾਬੀ ਪਗੜੀ ਵਾਲਾ। ਉਂਜ ਟੇਢੀਆਂ-ਵਿੰਗੀਆਂ ਰੱਸੇ ਵਾਂਗ ਮਰੋੜੀ ਦੇ ਕੇ ਬੰਨ੍ਹੀਆਂ ਪਗੜੀਆਂ ਵਾਲੇ ਕਈ ਨਜ਼ਰੀਂ ਪੈ ਰਹੇ ਸਨ। ਪੰਜਾਬੀ ਪਗੜੀ ਦੀ ਤਾਂ ਪਹਿਚਾਣ ਹੀ ਅਲੱਗ ਹੁੰਦੀ ਹੈ। ਹਿੰਦੂ ਹੋਵੇ, ਸਿੱਖ ਹੋਵੇ ਤੇ ਚਾਹੇ ਮੁਸਲਮਾਨ ਪਗੜੀ ਬੰਨ੍ਹਣ ਦਾ ਰੰਗ-ਢੰਗ ਪੰਜਾਬੀ ਹੋਵੇਗਾ ਤੇ ਉਸ ਦਿਨ ਪ੍ਰਦੇਸ ਦੇ ਉਸ ਬੱਸ-ਅੱਡੇ ਵਿੱਚ ਮੈਂ ਹੀ ਇਕੱਲਾ ਪੰਜਾਬੀ ਸਾਂ। ਉਂਜ ਮੈਂ ਸੁਣਿਆ ਹੋਇਆ ਸੀ ਕਿ ਜੇ ਪੈਰੀਂ ਤੁਰ ਕੇ ਵੀ ਤੀਰਥ ਪਹੁੰਚਣਾ ਹੋਵੇ ਤਾਂ ਪੰਦਰਾਂ-ਵੀਹ ਮਿੰਟ ਤੋਂ ਵੱਧ ਦਾ ਪੈਂਡਾ ਨਹੀਂ। ਪੱਕੀ ਸੜਕ ਜਾਂਦੀ ਹੈ। ਉਂਜ ਤਾਂਗੇ ਤੇ ਰਿਕਸ਼ੇ ਵੀ ਚਲਦੇ ਹਨ। ਥਿਰੀ-ਵ੍ਹੀਲਰ ਵੀ ਹੋਣਗੇ। ਬੱਸ-ਅੱਡੇ ਵਿਚੋਂ ਨਿਕਲ ਕੇ ਛੋਟਾ ਜਿਹਾ ਬਾਜ਼ਾਰ ਆਇਆ, ਬਾਜ਼ਾਰ ਤੋਂ ਅੱਗੇ ਬਸਤੀ ਦੇ ਨਾਲ ਨਾਲ ਤੀਰਥ ਨੂੰ ਸੜਕ ਜਾਂਦੀ ਸੀ। ਮੈਂ ਪੈਦਲ ਹੀ ਤੁਰਿਆ ਜਾ ਰਿਹਾ ਸੀ। ਮੋਢੇ ਏਅਰ-ਬੈਗ ਲਟਕਾਇਆ ਹੋਇਆ, ਬਸ ਜਾ ਰਿਹਾ ਸਾਂ, ਮੂੰਹ ਦੀਆਂ ਵਿਸਲਾਂ ਵਜਾਉਂਦਾ...।

'ਮਾਸਟਰ ਜੀ.... ' ਕਿਧਰੋਂ ਕੋਈ ਆਵਾਜ਼ ਆਈ।

ਮੈਂ ਸੜਕ ਉੱਤੇ ਹੀ ਖੜ੍ਹਾ ਰਹਿ ਗਿਆ। ਜਿਵੇਂ ਕੋਈ ਜਾਣਿਆ-ਪਛਾਣਿਆ ਬੋਲ ਹੋਵੇ। ਤੇ ਜਿਵੇਂ ਮੈਨੂੰ ਹੀ ਬੁਲਾਇਆ ਗਿਆ ਹੋਵੇ। ਪਰ ਇਸ ਪ੍ਰਦੇਸ ਵਿੱਚ, ਇਹ ਕਿਵੇਂ ਹੋ ਸਕਦਾ ਹੈ? ਮੈਂ ਏਧਰ ਓਧਰ ਅੱਖਾਂ ਪਾੜ ਪਾੜ ਝਾਕਣ ਲੱਗਿਆ। ਕੋਈ ਨਹੀਂ ਦਿਸ ਰਿਹਾ ਸੀ, ਜਿਸ ਨੇ ਮੈਨੂੰ ਆਵਾਜ਼ ਦਿੱਤੀ ਹੋਵੇ। ਲੱਗਿਆ, ਐਵੇਂ ਕੰਨ ਬੋਲੇ ਹੋਣਗੇ। 'ਮਾਸਟਰ ਜੀ' ਕਹਿ ਕੇ ਬੁਲਾਉਣ ਵਾਲਾ ਏਥੇ ਕਿੱਥੇ ਹੈ। ਮੈਂ ਫੇਰ ਤੁਰ ਪਿਆ। ਤਾਹੀਏਂ ਇੱਕ ਦਸ-ਬਾਰਾਂ ਸਾਲ ਦੀ ਨਿੱਕੀ ਕੁੜੀ ਨੇ ਪਿੱਛੋਂ ਆ ਕੇ ਮੇਰੀ ਬਾਂਹ ਫ਼ੜ ਲਈ। ਬੋਲੀ-'ਆਪ ਕੋ ਬੁਲਾਇਆ ਹੈ।'

ਮੈਂ ਪਿਛਾਂਹ ਮੁੜ ਕੇ ਦੇਖਿਆ, ਬਸਤੀ ਦੇ ਘਰਾਂ ਵਿੱਚ ਇੱਕ ਬਾਰ ਮੂਹਰੇ ਖੜ੍ਹੀ ਔਰਤ ਨੇ ਮੇਰੇ ਵੱਲ ਹੱਥ ਖੜ੍ਹਾ ਕੀਤਾ। ਉਹਨੇ ਸਾੜ੍ਹੀ ਪਹਿਣ ਰੱਖੀ ਸੀ। ਮੇਰਾ ਦਿਮਾਗ਼ ਚਕਰਾ ਕੇ ਰਹਿ ਗਿਆ-'ਇਹ ਕੌਣ ਹੋਈ?'

ਨੇੜੇ ਜਾ ਕੇ ਵੀ ਮੈਂ ਉਹਨੂੰ ਪਹਿਚਾਣ ਨਾ ਸਕਿਆ। ਪਰ ਉਹ ਤਾਂ ਮੁਸਕਰਾ ਰਹੀ ਸੀ। ਮੈਨੂੰ ਅੰਦਰ ਲੰਘ ਆਉਣ ਲਈ ਕਹਿ ਰਹੀ ਸੀ।

ਘਰ ਦੇ ਛੋਟੇ-ਛੋਟੇ ਕਮਰੇ ਸਨ। ਇੱਕ ਕਮਰੇ ਪਿੱਛੇ, ਫੇਰ ਛੋਟਾ ਜਿਹਾ ਵਿਹੜਾ। ਫੇਰ ਇੱਕ ਕਮਰਾ। ਇਸ ਕਮਰੇ ਅੱਗੇ ਨਿੱਕੀ ਜਿਹੀ ਥਾਂ ਛੱਡ ਕੇ ਦਰਵਾਜ਼ੇ ਦੀ ਕੰਧ। ਕਮਰੇ ਤੋਂ ਦਰਵਾਜ਼ੇ ਦੀ ਕੰਧ ਤੱਕ ਛੱਪਰ ਸੀ। ਬਾਂਸਾਂ ਤੇ ਸਿਰਕੀ ਦਾ ਛੱਪਰ। ਇਸ ਛੱਪਰ ਥੱਲੇ ਸਾਈਕਲ ਸੰਵਾਰਨ ਦਾ ਸਾਮਾਨ ਪਿਆ ਸੀ। ਬੰਦਾ ਕੋਈ ਘਰ ਵਿੱਚ ਨਹੀਂ ਦਿਸਦਾ ਸੀ। ਇੱਕ ਛੋਟੀ ਕੁੜੀ ਹੋਰ ਸੀ। ਜਾਂ ਬੱਸ ਉਹ ਔਰਤ। ਕੋਈ ਬੁੜ੍ਹੀ-ਠੇਰੀ ਵੀ ਨਹੀਂ ਸੀ। ਉਹਨੇ ਮੈਨੂੰ ਕਮਰੇ ਵਿੱਚ ਬਿਠਾ ਲਿਆ। ਕਮਰੇ ਵਿੱਚ ਦੋ ਕੁਰਸੀਆਂ ਸਨ। ਲੱਕੜ ਦਾ ਤਖਤਪੋਸ਼, ਉੱਤੇ ਘਸਮੈਲ਼ੀ ਜਿਹੀ ਚਾਦਰ ਵਿਛੀ ਹੋਈ ਤੇ ਸਿਰਹਾਣਾ। ਮੈਂ ਕੁਰਸੀ ਉੱਤੇ ਬੈਠ ਗਿਆ। ਉਹ ਤਖ਼ਤਪੋਸ਼ ਉੱਤੇ ਸੀ। ਮੈਂ ਉਹਨੂੰ ਅਜੇ ਵੀ ਨਹੀਂ ਪਛਾਣਿਆ ਸੀ। ਹੁਣ ਉਹ ਮੁਸਕਰਾ ਨਹੀਂ ਰਹੀ ਸੀ। ਚੁੱਪ ਸੀ। ਫੇਰ ਬੋਲੀ-'ਤੁਸੀਂ ਮਾਸਟਰ ਜੀ, ਪਛਾਣਿਆ ਨ੍ਹੀ ਮੈਨੂੰ?' ਬੋਲਣ ਤੋਂ ਉਹ ਮੈਨੂੰ ਪੰਜਾਬਣ ਲੱਗੀ। ਕੁੱਝ ਵੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਉਹ ਕੌਣ ਹੈ। ਪ੍ਰਦੇਸਾਂ ਵਿੱਚ ਸਾੜ੍ਹੀ ਵਾਲੀ ਔਰਤ ਪੰਜਾਬੀ ਬੋਲ ਰਹੀ ਸੀ। ਮੈਂ ਉਹਦੇ ਵੱਲ ਮੂਰਖ਼ਾਂ ਵਾਂਗ ਝਾਕ ਰਿਹਾ ਸਾਂ। ਫੇਰ ਉਹ ਆਪ ਬੋਲੀ-'ਮੈਂ, ਮਾਸਟਰ ਜੀ, ਸੀਬੋ ਆਂ।'

'ਕਿਹੜੀ ਸੀਬੋ?' ਮੈਂ ਆਪਣਾ ਮੱਥਾ ਛੋਟਾ ਕੀਤਾ।

'ਤੁਸੀਂ ਸਾਡੇ ਪਿੰਡ ਮਾਸਟਰ ਹੁੰਦੇ ਸੀ, ਦਿਆਲਪੁਰੇ।'

'ਅੱਛਾ!' ਇੱਕ ਦਮ ਮੇਰੇ ਕੰਨ ਖੁੱਲ੍ਹ ਗਏ। ਨਾਲ ਦੀ ਨਾਲ ਮੈਂ ਸ਼ਰਮਸਾਰ ਵੀ ਹੋਇਆ। ਮੇਰੀ ਜ਼ੁਬਾਨ ਥਿੜਕ ਰਹੀ ਸੀ-ਸੱਚੀ ਗੱਲ ਐ, ਮੈਂ ਤਾਂ ਭਾਈ, ਪਛਾਣਿਆ ਨ੍ਹੀ ਸੀ, ਤੈਨੂੰ।' ਫੇਰ ਕਿਹਾ-'ਤੂੰ ਤਾਂ ਭਾਈ ਬਹੁਤ ਬਦਲ 'ਗੀ।'

'ਬਦਲ' ਗੀ ਛੱਡ, ਮਾਸਟਰ ਜੀ, ਪਹਿਲਾਂ ਵਾਲੀ ਸੀਬੋ ਦਾ ਮੇਰੇ 'ਚ ਹੈ ਈ ਕੀ?'

'ਐਥੇ, ਭਾਈ, ਕਿਵੇਂ ਤੂੰ?' ਮੈਂ ਆਪਣਾ ਏਅਰ ਬੈਗ ਮੋਢਿਓਂ ਉਤਾਰ ਕੇ ਕੁਰਸੀ ਦੀ ਲੱਤ ਕੋਲ ਰੱਖ ਲਿਆ ਤੇ ਨਿਸ਼ਚਿੰਤ ਹੋ ਕੇ ਬੈਠ ਗਿਆ।

'ਬੱਸ, ਮਾਸਟਰ ਜੀ, ਹੁਣ ਤਾਂ ਇਹੀ ਘਰ ਐ ਮੇਰਾ।' ਉਹਨਾਂ ਤਸੱਲੀ ਨਾਲ ਦੱਸਿਆ। ਫੇਰ ਕਹਿਣ ਲੱਗੀ-'ਇਹ ਦੋ ਕੁੜੀਆਂ ਮੇਰੀਆਂ ਈ ਨੇ। ਇਹਨਾਂ ਦਾ ਪਿਓ ਏਧਰ ਦਾ ਐ। ਇਹ ਪਹਿਲਾਂ ਟਰੱਕਾਂ ਦੀ ਕਲੀਨਰੀ ਕਰਦਾ ਹੁੰਦਾ ਸੀ। ਕਦੇ ਕਿਤੇ ਹੁੰਦਾ ਤੇ ਕਦੇ ਕਿਤੇ। ਏਹੇ ਮੈਨੂੰ ਲੈ ਆਇਆ। ਏਥੇ ਹੁਣ ਸਾਈਕਲ ਸੰਵਾਰਨ ਦੀ ਦੁਕਾਨ ਐ ਇਹਦੀ। ਸਾਡੇ ਕੋਲ ਚਾਰ ਰਿਕਸ਼ੇ ਵੀ ਨੇ। ਉਹਨਾਂ ਦੀ ਕਮਾਹੀ ਐ। ਸੁਹਣਾ ਗੁਜ਼ਾਰਾ ਹੋਈ ਜਾਂਦੈ। ਮਾਸਟਰ ਜੀ। ' ਫੇਰ ਪੁੱਛਿਆ-'ਤੁਸੀਂ ਐਡੀ ਦੂਰ ਏਥੇ ਕਿਵੇਂ ਆ 'ਗੇ?'

ਮੈਂ ਦੱਸਣ ਲੱਗਿਆ-'ਮੈਂ ਨੌਕਰੀ ਤੋਂ ਤਾਂ ਰਿਟਾਇਰ ਹੋ ਗਿਆ, ਭਾਈ।'

'ਅੱਛਾ, ਰਿਟਾਇਰ ਵੀ ਹੋ 'ਗੇ? ਲੱਗਦਾ ਤਾਂ ਹੈਨ੍ਹੀ। ਓਹੋ-ਜੇ ਈ ਪਏ ਓਂ। ਮਾਸਟਰ ਜੀ। ਤੁਸੀਂ ਤਾਂ।' ਉਹ ਮੇਰੀ ਗੱਲ ਨੂੰ ਕੱਟ ਕੇ ਬੋਲ ਗਈ।

'ਹੁਣ ਵਿਹਲਾ ਆਂ ਜਮ੍ਹਾਂ। ਘਰ ਦੀ ਕਬੀਲਦਾਰੀ ਮੁੰਡਿਆਂ ਨੇ ਸਾਂਭ 'ਲੀ। ਦੋਵੇਂ ਵਿਆਹੇ-ਵਰ੍ਹੇ ਨੇ। ਮਾਂ ਉਹਨਾਂ ਦੀ, ਚਾਰ-ਪੰਜ ਸਾਲ ਹੋ 'ਗੇ, ਗੁਜ਼ਰ 'ਗੀ ਸੀ, ਦੇਖ ਲੈ।

ਮਖਿਆ ਦੁਨੀਆਂ ਦੇਖ ਲੀਏ, ਤੁਰ-ਫਿਰ ਕੇ। ਐਥੇ ਏਸ ਤੀਰਥ ਦੀ ਬੜੀ ਮਹਿਮਾ ਸੁਣੀ ਸੀ ਮੈਂ।'

'ਹਾਂ ਜੀ, ਏਥੇ ਤਾਂ ਬੜੀ ਦੁਨੀਆਂ ਆਉਂਦੀ ਐ? ਦੂਰ-ਦੂਰ ਤੋਂ ਚੱਲ ਕੇ।'

'ਸੁਣਿਐ, ਇਹ ਸਰੋਵਰ ਸ੍ਰਿਸ਼ਟੀ ਸਾਜਣ ਤੋਂ ਪਹਿਲਾਂ ਦਾ ਐ। ਬ੍ਰਹਮਾ ਦਾ ਮੰਦਰ ਐ ਏਥੇ। ਬੱਸ, ਇਹ ਇਕੋ ਐ। ਸੰਸਾਰ 'ਚ ਬ੍ਰਹਮਾ ਦਾ ਮੰਦਰ ਹੋਰ ਕਿਤੇ ਨ੍ਹੀ।'

'ਐਂ ਈ ਸੁਣਦੇ ਆਂ, ਮਾਸਟਰ ਜੀ। ਅਸੀਂ ਤਾਂ ਕਈ ਵਾਰੀ ਜਾ ਆਏ ਆਂ, ਜੁਆਕਾਂ ਨੂੰ ਨਾਲ ਲੈ ਕੇ।'

'ਲੈ, ਥੋਡੇ ਤਾਂ ਘਰ 'ਚ ਤੀਰਥ ਐ, ਭਾਈ।' ਮੈਂ ਹੱਸਣ ਲੱਗਿਆ।

'ਚਾਹ ਬਣਾਵਾਂ, ਮਾਸਟਰ ਜੀ, ਜਾਂ ਦੁੱਧ ਪੀਣੈ?' ਜਿਵੇਂ ਉਹਨੂੰ ਇੱਕਦਮ ਯਾਦ ਆਇਆ ਹੋਵੇ।

'ਦੁੱਧ ਨੂੰ ਕੀ ਏਥੇ ਮੈਸ ਬੰਨ੍ਹੀ ਹੋਈ ਐ ਤੇਰੀ, ਕੁੜੀਏ, ਚਾਹ ਦੀ ਘੁੱਟ ਕਰ ਲੈ, ਪੀ ਲਾਂਗੇ।' ਮੈ ਫੇਰ ਹੱਸਿਆ।

'ਨਹੀਂ, ਇਹ ਗੱਲ ਨ੍ਹੀ। ਘਰੇ ਪਿਐ ਦੁੱਧ। ਅਸੀਂ ਤਾਂ ਸਵੇਰੇ ਈ 'ਕੱਠਾ ਲੈ ਲੈਨੇ ਆਂ, ਤਿੰਨ ਕਿਲੋ। ਸਾਰਾ ਦਿਨ ਚਾਹ ਬਣਦੀ ਰਹਿੰਦੀ ਐ। ਇਹਦਾ ਚਾਹ ਪੀਣ ਦਾ ਬਹੁਤ ਸੁਭਾਅ ਐ। ਅੱਜ ਤੜਕੇ ਦਾ ਗਿਐ ਕਿਧਰੇ। ਦੁੱਧ ਦਾ ਪਤੀਲਾ, ਤੱਤਾ ਕੀਤਾ, ਓਵੇਂ-ਜਿਵੇਂ ਪਿਐ, ਭਰੇ ਦਾ ਭਰਿਆ।' ਜਿਵੇਂ ਉਹਨੇ ਇਸ ਖਾਂਦੇ-ਪੀਂਦੇ ਘਰ ਦੀ ਫੜ੍ਹ ਮਾਰੀ ਹੋਵੇ।

'ਚਾਹ ਈ ਠੀਕ ਹੈ।' ਮੈਂ ਕਹਿ ਦਿੱਤਾ।

ਦੋਵੇਂ ਕੁੜੀਆਂ ਉਹਦੇ ਕੋਲ ਬੈਠੀਆਂ ਹੋਈਆਂ ਸਨ। ਮੇਰੇ ਵੱਲ ਉਹ ਬਹੁਤ ਗ਼ੌਰ ਨਾਲ ਝਾਕ ਰਹੀਆਂ ਸਨ। ਸਾਡੀਆਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀਆਂ ਹੋਣਗੀਆਂ। ਜਦੋਂ ਉਹ ਚਾਹ ਬਣਾਉਣ ਲਈ ਉੱਠੀ ਤਾਂ ਵੱਡੀ ਕੁੜੀ ਉਹਦੇ ਮਗਰ ਹੀ ਉਹਦੀ ਸਾੜ੍ਹੀ ਦਾ ਪੱਲਾ ਫ਼ੜ ਕੇ ਤੁਰਨ ਲੱਗੀ। ਪੁੱਛ ਰਹੀ ਸੀ-'ਕੌਣ ਹੈਂ ਯੇਹ? ਕਯਾ ਬੋਲ ਰਹੇ ਹੈਂ?'

ਜਾਂਦੇ ਜਾਂਦੇ ਸੀਬੋ ਨੇ ਹਿੰਦੀ ਵਿੱਚ ਬੋਲ ਕੇ ਹੀ ਕੁੜੀ ਨੂੰ ਕੁਝ ਸਮਝਾਇਆ।

ਦਿਆਲਪੁਰੇ ਉਹਨਾਂ ਦੇ ਪਿੰਡ ਮੈਂ ਨਵਾਂ-ਨਵਾਂ ਬਦਲ ਕੇ ਗਿਆ ਸਾਂ। ਪ੍ਰਾਇਮਰੀ ਸਕੂਲ ਸੀ। ਮੈਂ ਇਕੱਲਾ ਹੀ ਸੀ ਉਸ ਸਕੂਲ ਵਿੱਚ। ਇਮਾਰਤ ਕੋਈ ਨਹੀਂ ਸੀ। ਪਿੰਡ ਦੀ ਇੱਕ ਹਥਾਈ ਵਿੱਚ ਸਕੂਲ ਲੱਗਦਾ। ਹਥਾਈ ਦੇ ਦੋ ਕਮਰੇ ਸਨ। ਕਮਰਿਆਂ ਅੱਗੇ ਇੱਕ ਵੱਡਾ ਸਾਰਾ ਲੰਬਾ-ਚੌੜਾ ਵਰ੍ਹਾਂਡਾ। ਵਰ੍ਹਾਂਡੇ ਤੋਂ ਬਾਹਰ ਚੌੜਾ ਵਿਹੜਾ ਸੀ। ਇੱਕ ਕਮਰੇ ਵਿੱਚ ਮੇਰੀ ਰਿਹਾਇਸ਼ ਸੀ। ਦੂਜੇ ਕਮਰੇ ਵਿੱਚ ਸਕੂਲ ਦਾ ਸਾਮਾਨ ਪਿਆ ਰਹਿੰਦਾ। ਮੁੰਡੇ-ਕੁੜੀਆਂ ਵਰ੍ਹਾਂਡੇ ਵਿੱਚ ਪੱਕੇ ਫਰਸ਼ ਉੱਤੇ ਬੈਠਦੇ। ਸਿਆਲ ਦੇ ਦਿਨਾਂ ਲਈ ਵਿਹੜਾ ਸੀ।

ਮੇਰੇ ਕੋਲ ਮਿੱਟੀ ਦੇ ਤੇਲ ਵਾਲਾ ਸਟੋਵ ਸੀ। ਚਾਹ-ਰੋਟੀ ਖ਼ੁਦ ਹੀ ਬਣਾਉਂਦਾ। ਸਕੂਲ ਸਮੇਂ ਪਿੱਛੋਂ ਪਿੰਡ ਦੇ ਮੁੰਡੇ ਮੇਰੇ ਕੋਲ ਆ ਕੇ ਬੈਠੇ ਰਹਿੰਦੇ ਤੇ ਗੱਲਾਂ ਮਾਰਦੇ। ਜਿਹੜੇ ਕੁਝ ਪੜ੍ਹੇ ਹੋਏ ਸਨ, ਮੇਰਾ ਅਖ਼ਬਾਰ ਪੜ੍ਹ ਜਾਂਦੇ। ਹਨੇਰਾ ਹੋਣ ਤੱਕ ਬੈਠੇ ਰਹਿੰਦੇ। ਉਹ ਕਈ ਸਨ। ਦੋ ਆ ਗਏ, ਦੋ ਚਲੇ ਗਏ।

ਇੱਕ ਮੁੰਡਾ ਸੀ–ਬੱਲਾ। ਉਹ ਨਵਾਂ ਹੀ ਆਉਣ ਲੱਗਿਆ ਸੀ। ਉਹ ਦਿਨ–ਛਿਪੇ ਆਉਂਦਾ ਤੇ ਸਭ ਤੋਂ ਮਗਰੋਂ ਜਾਂਦਾ। ਉਹ ਤਾਂ ਮੇਰੇ ਨਿੱਕੇ–ਮੋਟੇ ਕੰਮ ਧੰਦੇ ਵੀ ਕਰਦਾ ਰਹਿੰਦਾ। ਮੇਰੀ ਦਾਲ–ਸਬਜ਼ੀ ਬਣਾ ਦਿੰਦਾ। ਕਦੇ–ਕਦੇ ਓਥੇ ਹੀ ਰੋਟੀ ਖਾ ਲੈਂਦਾ। ਫੇਰ ਤਾਂ ਉਹ ਮੇਰੇ ਜੂਠੇ ਭਾਂਡੇ ਨਿੱਤ ਮਾਂਜ ਕੇ ਜਾਂਦਾ।

ਇੱਕ ਰਾਤ ਉਹ ਕਾਫ਼ੀ ਦੇਰ ਤੱਕ ਬੈਠਾ ਰਿਹਾ। ਘਰ ਨੂੰ ਜਾਵੇ ਨਾ। ਸਿਆਲ ਦੀਆਂ ਰਾਤਾਂ ਸਨ। ਮੈਂ ਬਿਸਤਰਾ ਵਿਛਾ ਕੇ ਰਜ਼ਾਈ ਵੀ ਖੋਲ੍ਹ ਲਈ। ਪਰ ਉਹ ਕੁਰਸੀ ਉੱਤੇ ਬੈਠੇ ਦਾ ਬੈਠਾ। ਉਸ ਦਿਨ ਉਹ ਬਹੁਤ ਘੱਟ ਬੋਲ ਰਿਹਾ ਸੀ। ਜਿਵੇਂ ਆਪਣੇ ਅੰਦਰ ਕੁਝ ਲਈ ਬੈਠਾ ਹੋਵੇ।

'ਬੱਲਿਆ, ਕੀ ਗੱਲ ਓਏ? ਅੱਜ ਜਾਂਦਾ ਨੀ?' ਮੈਂ ਇਸ ਢੰਗ ਨਾਲ ਪੁੱਛਿਆ ਜਿਵੇਂ ਉਹਨੂੰ ਮੱਲੋ ਮੱਲੀ ਕਮਰੇ ਵਿਚੋਂ ਬਾਹਰ ਕੱਢ ਦੇਣਾ ਹੋਵੇ।

'ਆਹ ਇੱਕ ਕਾਗ਼ਜ਼ ਪੜ੍ਹ ਕੇ ਦੱਸਿਓ, ਕੀ ਲਿਖਿਆ ਹੋਇਐ?' ਉਹਨੇ ਆਪਣੇ ਗੀਝੇ ਵਿਚੋਂ ਚਾਰ ਤਹਿਆਂ ਕੀਤਾ ਸਕੂਲੀ ਕਾਪੀ ਦਾ ਇੱਕ ਵਰਕਾ ਕੱਢਿਆ।

ਲੈਂਪ ਕੋਲ ਜਾ ਕੇ ਮੈਂ ਇਹ ਪੜ੍ਹ ਲਿਆ। ਕਿਸੇ ਕੁੜੀ ਦੀ ਚਿੱਠੀ ਸੀ, ਬੱਲੇ ਦੇ ਨਾਉਂ।

'ਇਹ ਕੌਣ ਐਂ ਓਏ?' ਮੈਂ ਉਹਦੇ ਵੱਲ ਝਾਕਿਆ ਤੇ ਝਾਕਦਾ ਹੀ ਰਿਹਾ। ਉਹ ਸ਼ਰਮਾ ਰਿਹਾ ਸੀ।

'ਇਹੀ ਪੜ੍ਹੌਣ ਨੂੰ ਬੈਠਾ ਸੀ ਐਨੇ ਚਿਰ ਦਾ।' ਮੈਂ ਸ਼ੱਕੀ ਨਿਗਾਹਾਂ ਨਾਲ ਉਹਦੇ ਵੱਲ ਕਣੱਖਾ ਜਿਹਾ ਦੇਖ ਰਿਹਾ ਸਾਂ। ਫੇਰ ਪੁੱਛਿਆ–'ਕੌਣ ਐਂ ਇਹ ਕੁੜੀ?'

'ਪੈਲੇ 'ਗਵਾੜੋਂ ਐਂ। ਬਾਬੇ ਕੇ ਵਜਦੇ ਨੇ ਓਹੋ। ਦੋ ਭਾਈ ਨੇ ਉਹ–ਜੰਗਾ ਤੇ ਮੋਦਨ। ਉਹਨਾਂ ਦਾ ਇੱਕ ਮੁੰਡਾ ਵੀ ਪੜ੍ਹਦੈ ਥੋਡੇ ਕੋਲ।' ਉਹ ਦੱਸ ਰਿਹਾ ਸੀ।

'ਪੜ੍ਹੀ ਵਈ ਐ?'

'ਹੋਰ ਫੇਰ। ਤਾਂ ਹੀ ਲਿਖੀ ਐ ਚਿੱਠੀ ਉਹਨੇ।'

'ਉਹਨੂੰ ਤੇਰੀ ਨ੍ਹੀ ਪਤਾ, ਬਈ ਤੂੰ ਅਣਪੜ੍ਹ ਐਂ?'

'ਕੀ ਪਤੈ ਜੀ। ਉਹ ਮੈਨੂੰ ਪੜ੍ਹਿਆ ਵਿਆ ਈ ਸਮਝਦੀ ਹੋਊ। ਨਹੀਂ ਤਾਂ ਸਿੱਧੇ ਮੂੰਹ ਕਰਦੀ ਗੱਲ। ਲਿਖ ਕੇ ਕਾਹਨੂੰ ਦਿੰਦੀ।'

ਤੇ ਫੇਰ ਬੱਲੇ ਨੇ ਮੈਨੂੰ ਦੱਸਿਆ ਕਿ ਇਹ ਕੁੜੀ ਤੀਆਂ ਵਾਲੇ ਖੂਹ ਵੱਲ ਆਪਣੇ ਵਾੜੇ ਵਿੱਚ ਗੋਹਾ ਸੁੱਟਣ ਆਉਂਦੀ ਹੈ। ਕਿੰਨਾ–ਕਿੰਨਾ ਚਿਰ ਓਥੇ ਪਾਥੀਆਂ ਪਥਦੀ ਰਹਿੰਦੀ ਹੈ। ਸੁੱਕੀਆਂ ਪਾਥੀਆਂ ਗੁਹਾਰੇ ਉੱਤੇ ਚਿਣਦੀ ਹੈ। ਕੰਮ ਘੱਟ ਕਰਦੀ ਹੈ, ਏਧਰ–ਓਧਰ ਦੇਖਦੀ ਬਹੁਤ ਹੈ। ਜਿਵੇਂ ਕਿਸੇ ਨੂੰ ਉਡੀਕਦੀ ਹੋਵੇ। ਜਿਵੇਂ ਕੁਝ ਲੱਭਦੀ ਹੋਵੇ। ਜਿਵੇਂ ਉਹਦਾ ਕੰਮ ਕਰਨ ਨੂੰ ਜੀਅ ਨਾ ਕਰਦਾ ਹੋਵੇ। ਜਿਵੇਂ ਉਹ ਘਰ ਨੂੰ ਵਾਪਸ ਜਾਣਾ ਚਾਹੁੰਦੀ ਨਾ ਹੋਵੇ।

ਉਹ ਕਹਿੰਦਾ–'ਮੈਂ ਓਥੇ ਦੀ, ਉਹਨਾਂ ਦੇ ਵਾੜੇ ਮੂਹਰ ਦੀ ਲੰਘਦਾ ਹੁੰਨਾ–ਡੇਰੇ ਵਾਲੀ ਹਲਟੀ 'ਤੇ ਨ੍ਹਾਉਣ ਜਾਨਾਂ ਨਾ, ਦਿਨ–ਚੜ੍ਹੇ ਜੇ। ਬੱਸ ਮਾਸਟਰ ਜੀ, ਪਹਿਲਾਂ ਤਾਂ ਝਾਕ–ਝਕਈਆਂ ਜ੍ਹਾ ਸੀ। ਇੱਕ ਦਿਨ ਉਹਨੇ ਖੰਘੂਰ ਮਾਰੀ ਤੇ ਮੈਨੂੰ ਇੱਕ ਕਾਗ਼ਜ਼ ਜ੍ਹਾ

ਦਖਾ ਕੇ ਪਾਥੀ ਥੱਲੇ ਦੇ 'ਤਾ। ਮੈਂ ਹਲਟੀ ਤੋਂ ਮੁੜ ਕੇ ਆਇਆ ਤਾਂ ਦੇਖਿਆ, ਆਪ ਉਹ ਓਥੇ ਨਹੀਂ ਸੀ। ਇੱਕ ਪਾਥੀ 'ਤੇ ਕਾਨਾ ਗੱਡਿਆ ਪਿਆ। ਮੈਂ ਉਹ ਕਾਨੇ ਆਲੀ ਪਾਥੀ ਉਲਟਾ ਕੇ ਦੇਖੀ, ਥੱਲੇ ਇਹ ਕਾਗ਼ਜ਼। ਮੈਂ ਤਾਂ, ਮਾਸਟਰ ਜੀ, ਕਈ ਦਿਨਾਂ ਤੋਂ ਇਹ ਕਾਗ਼ਜ਼ ਗੀਝੇ 'ਚ ਪਾਈ ਫ਼ਿਰਦਾ। ਹਿੰਮਤ ਨ੍ਹੀ ਪਈ ਕਿਸੇ ਨੂੰ ਦਖੌਣ ਦੀ। ਬੱਸ ਅੱਜ...।'

ਮੈਂ ਉਹਦੀ ਕੁਰਸੀ ਕੋਲ ਹੀ ਦੂਜੇ ਮੰਜੇ ਉੱਤੇ ਬੈਠ ਗਿਆ ਤੇ ਸਾਰੀ ਚਿੱਠੀ ਉਹਨੂੰ ਪੜ੍ਹ ਕੇ ਸੁਣਾਈ। ਉਹ ਮੁਸਕਰਾ ਰਿਹਾ ਸੀ, ਹੈਰਾਨ ਸੀ ਤੇ ਕੁਝ ਸ਼ਰਮਾਉਂਦਾ ਵੀ ਸੀ। ਕੁੜੀ ਨੇ ਉਹਨੂੰ ਬਹੁਤ ਪਿਆਰੀਆਂ ਗੱਲਾਂ ਲਿਖੀਆਂ ਸਨ। ਨਿੱਕੀ-ਨਿੱਕੀ ਲਿਖਾਈ ਸੀ। ਵਿੱਚ ਦੋ ਟੱਪੇ ਵੀ ਸਨ। ਇੱਕ ਟੱਪਾ-'ਤੇਰਾ ਪਿੱਛਾ ਨਹੀਂ ਛੱਡਣਾ, ਭਾਵੇਂ ਲੱਗ ਜਾਣ ਹੱਥਕੜੀਆਂ।'

ਓਦੋਂ ਉਸ ਚਿੱਠੀ ਨੂੰ ਮੈਂ ਕੋਈ ਬਹੁਤੀ ਮਹੱਤਤਾ ਨਹੀਂ ਦਿੱਤੀ ਸੀ। ਇਹ ਐਵੇਂ ਬੱਸ ਮੁੰਡੇ-ਕੁੜੀਆਂ ਦੇ ਭਾਵੁਕ ਜਿਹੇ ਇਸ਼ਕ-ਮੁਸ਼ਕ ਵਾਲੀ ਗੱਲ ਸੀ। ਕੁੜੀ ਨਾਲ ਨਫ਼ਰਤ ਵੀ ਹੋਈ ਸੀ-ਹਾਸੇ ਭਰੀ ਨਫ਼ਰਤ। ਮਨ ਵਿੱਚ ਕਿਹਾ-'ਅਣਪੜ੍ਹ ਮੁੰਡਾ ਐ। ਤੇਰੀ ਭਾਵੁਕ ਸਾਂਝ ਨਾਲ ਕਿਵੇਂ ਪੂਰਾ ਪੈ ਸਕੂਗਾ, ਸਹੁਰੀਏ। ਫੇਰ ਪਿੰਡ ਦਾ ਮੁੰਡਾ। ਤੂੰ ਖਾਂਦੇ ਪੀਂਦੇ ਘਰ ਦੀ, ਇਹ ਨੰਗ-ਮਲੰਗ। ਜ਼ਿੰਦਗੀ ਦੀ ਆਖ਼ਰੀ ਮੰਜ਼ਲ ਤੱਕ ਕਿਵੇਂ ਤੁਰ ਸਕੇਂਗੀ ਤੂੰ ਇਹਦੇ ਨਾਲ।'

ਫੇਰ ਵੀ ਮੈਂ ਉਹਨੂੰ ਪੁੱਛਿਆ-ਕਿਵੇਂ ਕਰਨੈ?'

ਉਹ ਕਹਿੰਦਾ-'ਇੱਕ ਵਧੀਆਂ ਜ੍ਹੀ ਚਿੱਠੀ ਲਿਖ ਦਿਓ, ਮੇਰੇ ਵੰਨੀਓ। ਬੱਸ, ਏਸ ਚਿੱਠੀ ਨਾਲੋਂ ਉਤੋਂ ਦੀ ਹੋਵੇ ਚਿੱਠੀ।'

ਮੈਂ ਕਿਹਾ-'ਚੰਗਾ, ਤੂੰ ਚਾਹ ਧਰ ਸਟੋਵ 'ਤੇ। ਠੰਢ ਜ੍ਹੀ ਐ। ਨਾਲੇ ਚਾਹ ਪੀ ਕੇ ਲਿਖਦੇ ਆਂ ਤੇਰੀ ਚਿੱਠੀ। ਚੰਗੀਆਂ ਗੱਲਾਂ ਔੜਨਗੀਆਂ। ਮੈਂ ਐਧਰ ਰੂੜੀਆਂ 'ਤੇ ਜਾ ਆਵਾ। ਅੱਜ ਪੇਟ 'ਚ ਕੁੱਛ ਗੜਬੜ ਜ੍ਹੀ ਲੱਗਦੀ ਹੈ।'

ਪਾਣੀ ਦੀ ਗੜਵੀ ਭਰ ਕੇ ਮੈਂ ਹਥਾਈ ਤੋਂ ਬਾਹਰ ਹੋ ਗਿਆ। ਸਾਰਾ ਸਮਾਂ ਮੈਂ ਇਹੀ ਸੋਚਦਾ ਰਿਹਾ ਕਿ ਕੁੜੀ ਨੂੰ ਚਿੱਠੀ ਵਿੱਚ ਕੀ ਲਿਖਿਆ ਜਾਵੇ।

ਹਥਾਈ ਵਿੱਚ ਵਾਪਸ ਆਇਆ ਤਾਂ ਉਹ ਦੋ ਗਿਲਾਸ ਵਿੱਚ ਚਾਹ ਪਾਈ ਬੈਠਾ ਮੇਰੀ ਉਡੀਕ ਕਰ ਰਿਹਾ ਸੀ। ਚਾਹ ਪੀਤੀ ਤੇ ਫੇਰ ਮੈਂ ਥੋੜ੍ਹਾ ਚਿਰ ਲਾ ਕੇ ਵਧੀਆ-ਵਧੀਆ ਅੱਖਰਾਂ ਵਿੱਚ ਭਾਵੁਕ ਜਿਹੇ ਫਿਕਰੇ ਲਿਖ ਦਿੱਤੇ। ਖਾਸੀ ਲੰਬੀ ਚਿੱਠੀ ਲਿਖੀ। ਉਹਨੂੰ ਪੜ੍ਹ ਕੇ ਸੁਣਾਈ ਤਾਂ ਉਹ ਪੂਰਾ ਖ਼ੁਸ਼ ਹੋਇਆ। ਉਹਨੇ ਦੋਵੇਂ ਚਿੱਠੀਆਂ ਜੇਬ ਵਿੱਚ ਪਾ ਲਈਆਂ।

ਉਹ ਕੁੜੀ ਦੇ ਵਾੜੇ ਵਿੱਚ ਜਾਂਦਾ ਤੇ ਕਾਨੇ ਵਾਲੀ ਪਾਥੀ ਥੱਲਿਓਂ ਚਿੱਠੀ ਕੱਢ ਲਿਆਉਂਦਾ। ਮੇਰੇ ਕੋਲ ਆ ਕੇ ਉਹ ਉਸ ਚਿੱਠੀ ਨੂੰ ਸੁਣਦਾ ਤੇ ਫੇਰ ਮੈਨੂੰ ਨਵੀਂ ਚਿੱਠੀ ਲਿਖਣ ਲਈ ਆਖਦਾ। ਮੈਂ ਉਹਦੀ ਚਿੱਠੀ ਲਿਖ ਦਿੰਦਾ। ਉਹ ਆਥਣੇ ਦਿਨ-ਛਿਪੇ ਜਿਹੇ ਵਾੜੇ ਵਿੱਚ ਜਾ ਕੇ ਓਸੇ ਕਾਨੇ ਵਾਲੀ ਪਾਥੀ ਥੱਲੇ ਆਪਣੀ ਚਿੱਠੀ ਰੱਖ ਆਉਂਦਾ।

ਚਿੱਠੀਆਂ ਦਾ ਸਿਲਸਿਲਾ ਇੱਕ ਮਹੀਨਾ ਚੱਲਦਾ ਰਿਹਾ। ਇਸ ਦੌਰਾਨ ਬੱਲਾ ਮੇਰੇ ਕੋਲ ਆ ਕੇ ਪੜ੍ਹਨ ਵੀ ਲੱਗ ਪਿਆ। ਘੰਟਾ-ਘੰਟਾ, ਦੋ-ਦੋ ਘੰਟੇ ਰਾਤ ਨੂੰ ਬੈਠਾ ਸਲੇਟ ਉੱਤੇ ਅੱਖਰ ਪਾਉਂਦਾ

ਰਹਿੰਦਾ। ਪੈਂਤੀ ਸਿੱਖ ਲਈ ਤੇ ਫੇਰਨ ਲਗਾਂ-ਮਾਤਰਾਂ ਸਿੱਖ ਕੇ ਅੱਖਰ ਜੋੜ ਜੋੜ ਸ਼ਬਦ ਲਿਖਣ ਲੱਗਿਆ। ਦੋ ਅੱਖਰੇ, ਤਿੰਨ ਅੱਖਰੇ ਤੇ ਫੇਰ ਚਾਰ ਅੱਖਰੇ ਸ਼ਬਦ ਵੀ।

ਗੱਲ ਏਥੋਂ ਤੱਕ ਪਹੁੰਚ ਗਈ, ਉਹ ਫੇਰ ਦਾਨੋ ਬੁੜ੍ਹੀ ਦੇ ਘਰ ਮਿਲਣ ਲੱਗੀ। ਚਿੱਠੀਆਂ ਰਾਹੀਂ ਮਿਲਣ ਦ ਪ੍ਰੋਗਰਾਮ ਬਣਾ ਲੈਂਦੇ। ਹੁਣ ਬੱਲਾ ਆਪ ਚਿੱਠੀ ਲਿਖ ਲੈਂਦਾ, ਕੁੜੀ ਦੀ ਚਿੱਠੀ ਪੜ੍ਹ ਵੀ ਲੈਂਦਾ। ਉਹ ਛੋਟੀ ਚਿੱਠੀ ਲਿਖਦਾ। ਕੁੜੀ ਲੰਬੀ ਚਿੱਠੀ ਲਿਖਦੀ ਸੀ। ਪਾਥੀਆਂ ਦੇ ਵਾੜੇ ਵਿੱਚ ਕਾਨੇ ਵਾਲੀ ਪਾਥੀ ਮੁੰਡੇ-ਕੁੜੀ ਦਾ ਪੱਤਰ-ਵਿਹਾਰ ਦਫ਼ਤਰ ਬਣਿਆ ਹੋਇਆ ਸੀ।

ਦਾਨੋ ਇਕੱਲੀ ਸੀ। ਉਹਦਾ ਇੱਕ ਮੁੰਡਾ ਸੀ ਬੱਸ। ਉਹ ਫੌਜ ਵਿੱਚ ਸੀ। ਇੱਕ ਕੁੜੀ ਵੀ ਸੀ, ਉਹ ਵਿਆਹ-ਵਰ ਦਿੱਤੀ ਸੀ। ਕਦੇ-ਕਦੇ ਆਉਂਦੀ। ਕੁੜੀ ਦੇ ਅਗਾਂਹ ਕੋਈ ਔਲਾਦ ਨਹੀਂ ਸੀ। ਦਾਨੋ ਦਾ ਘਰ ਵਾਲਾ ਕਈ ਵਰ੍ਹੇ ਹੋਏ ਮਰ ਗਿਆ ਸੀ। ਥੋੜ੍ਹੀ ਜਿੰਨੀ ਜ਼ਮੀਨ ਸੀ। ਬੁੜ੍ਹੀ ਦੇ ਖਾਣ ਜੋਗਾ ਦਾਣਾ-ਫੱਕਾ ਆਈ ਜਾਂਦਾ। ਘਰ ਵਿੱਚ ਉਹ ਇੱਕ ਮੱਝ ਰੱਖਦੀ। ਇੱਕ ਪਾਲ਼ੀ ਵੀ। ਪਾਲ਼ੀ ਹੀ ਮੱਝ ਦਾ ਸਭ ਕਰਦਾ। ਜੁਆਨੀ-ਪਹਿਰੇ ਦਾਨੋ ਦੇ ਆਪਣੇ ਚਾਲੇ ਵੀ ਠੀਕ ਨਹੀਂ ਰਹੇ ਸਨ। ਹੁਣ ਉਹ ਖਾਣ ਦੀ ਕੁੱਤੀ ਸੀ। ਬੱਲਾ ਉਹਨੂੰ ਲਾਲਚ ਦਿੰਦਾ ਰਹਿੰਦਾ। ਕੁੜੀ ਬੱਲੇ ਨੂੰ ਖਵਾਉਂਦੀ ਸੀ।

ਇਸ਼ਕ ਛੁਪਾਇਆ ਛੁਪਦਾ ਨਹੀਂ,
ਭਾਹ ਨਾ ਛੁਪਦੀ ਕੱਖੀਂ।
ਓੜਕ ਇੱਕ ਦਿਨ ਜ਼ਾਹਰ ਹੋਵੇ,
ਨਸ਼ਰ ਹੋਵੇ ਵਿੱਚ ਲੱਖੀਂ।

ਕੁੜੀ ਦੇ ਭਰਾਵਾਂ ਨੇ ਕੁੜੀ ਨੂੰ ਘਰ ਲਿਜਾ ਕੇ ਮੱਕੀ ਦੀਆਂ ਛੱਲੀਆਂ ਵਾਂਗ ਕੁੱਟ ਦਿੱਤਾ। ਉਹਦੇ ਗਲ਼ ਵਿੱਚ ਰੱਸਾ ਪਾ ਕੇ ਉਹਨੂੰ ਲਟੈਣ ਨਾਲ ਫਾਹਾ ਦੇਣ ਲੱਗੇ ਸਨ, ਪਰ ਭਰਜਾਈਆਂ ਨੇ ਉਹਨੂੰ ਬਚਾ ਲਿਆ।

ਬੱਲਾ ਪਿੰਡ ਛੱਡ ਕੇ ਕਿਧਰੇ ਭੱਜ ਗਿਆ। ਕਈ ਦਿਨ ਨਾ ਮੁੜਿਆ। ਕੁੜੀ ਦੇ ਭਰਾਵਾਂ ਨੇ ਮਿਥੀ ਹੋਈ ਸੀ ਕਿ ਜਿੱਥੇ-ਕਿਤੇ ਵੀ ਉਹ ਮਿਲ ਗਿਆ, ਉਹ ਉਹਨੂੰ ਜਾਨੋਂ ਮਾਰ ਦੇਣਗੇ। ਪਹਿਲਾਂ ਉਹਦੀ ਲੱਤ ਵੱਢਣਗੇ। ਫੇਰ ਅੱਖਾਂ ਕੱਢ ਕੇ ਉਹਨੂੰ ਜਿਉਂਦੇ ਨੂੰ ਕਿਸੇ ਖੂਹ ਵਿੱਚ ਸੁੱਟਣਗੇ।

ਪੰਦਰਾਂ ਦਿਨ, ਵੀਹ ਦਿਨ ਤੇ ਫੇਰ ਮਹੀਨਾ ਲੰਘ ਗਿਆ। ਬੱਲਾ ਪਿੰਡ ਨਹੀਂ ਵੜਿਆ। ਕੁੜੀ ਨੂੰ ਬਾਰ ਦੀ ਦੇਹਲੀ ਟੱਪਣ ਦਾ ਹੁਕਮ ਨਹੀਂ ਸੀ। ਉਹ ਕੱਚੀਆਂ ਕੰਧਾਂ ਦੀ ਵਲਗਣ ਵਿੱਚ ਘਰ ਦੇ ਨਿੱਕੇ-ਮੋਟੇ ਕੰਮ ਕਰਦੀ ਰਹਿੰਦੀ। ਮਨ ਨਾਲ ਝੇੜਾ ਕਰਦੀ। ਦਿਨ ਚੜ੍ਹਦਾ ਸੀ, ਲਹਿ ਜਾਂਦਾ ਸੀ। ਰਾਤਾਂ ਮੁੱਕਣ ਵਿੱਚ ਨਾ ਆਉਂਦੀਆਂ।

ਦਾਨੋ ਬਘਿਆੜੀ ਬਣ ਬੈਠੀ-'ਜੀਹਨੇ ਮੈਨੂੰ ਕੁਛ ਆਖਿਐ, ਮੈਂ ਤਾਂ ਪਾੜ ਕੇ ਦੋ ਬਣਾ ਦੂੰਗੀ। ਮੈਂ ਕੋਈ ਨ੍ਹੀ ਕਿਸੇ ਤੋਂ ਡਰਦੀ-ਝਿਪਦੀ। ਮੈਂ ਕਿਹੜਾ ਉਹਨੂੰ ਕੰਜਰੀ ਨੂੰ ਘਰੋਂ ਸੱਦ ਕੇ ਲਿਆਉਂਦੀ ਸੀ? ਆਵਦੀ ਨੂੰ ਸਮਝਾ ਕੇ ਰੱਖਦੇ। ਅੰਨ੍ਹੇ ਤਾਂ ਨ੍ਹੀ ਸੀ ਓਦੋਂ?'

ਤੇ ਫੇਰ ਇੱਕ ਦਿਨ ਗ਼ਜ਼ਬ ਹੋ ਗਿਆ। ਸੂਰਜ ਚੜ੍ਹਦੇ ਨਾਲ ਹੀ ਹਵਾ ਨੂੰ ਗੰਢਾਂ ਪੈ ਗਈਆਂ। ਕੰਧਾਂ-ਕੌਲੇ ਚੁਗ਼ਲੀਆਂ ਕਰਨ ਲੱਗੇ। ਕੁੜੀ ਗਈ ਤਾਂ ਗਈ ਕਿਵੇਂ? ਇਹ

ਤਾਂ ਹੱਦ ਹੋ ਗਈ। ਘੋਰ-ਮਸੋਰਾ ਇਹ ਵੀ ਕਿ ਕੱਲ੍ਹ ਆਥਣ ਦੇ ਘੁਸ-ਮੁਸੇ ਵਿੱਚ ਕਿਸੇ ਨੇ ਬੱਲੇ ਨੂੰ ਪਿੰਡ ਵਿੱਚ ਦੇਖਿਆ ਸੀ।

ਛੇ ਮਹੀਨੇ ਕੋਈ ਪਤਾ ਨਹੀਂ ਲੱਗਿਆ। ਜਿਵੇਂ ਮੁੰਡਾ-ਕੁੜੀ ਉਈਂ ਕਿਧਰੇ ਖਪਨ ਹੋ ਗਏ ਹੋਣ। ਜਿਵੇਂ ਧਰਤੀ ਉਤੋਂ ਲਕੀਰ ਮਿਟ ਜਾਂਦੀ ਹੈ।

ਸੱਥ ਵਿੱਚ ਦੱਬੀ ਸੁਰ ਵਾਲੀਆਂ ਗੱਲਾਂ ਹੁੰਦੀਆਂ-'ਬਾਬੇ ਕਿਆਂ ਨੇ ਦੋਵਾਂ ਨੂੰ ਵੱਢ-ਟੁੱਕ ਕੇ ਕਿਸੇ ਖੂਹ-ਖਾਤੇ 'ਚ ਸਿੱਟ 'ਤਾ। ਜੰਗਾ ਤੇ ਮੋਦਨ ਬੜੇ ਜ਼ਹਿਰੀ ਬੰਦੇ ਨੇ। ਐਵੇਂ ਲੱਗਦੇ ਨੇ, ਚੁੱਪ ਕੀਤੇ ਜੇ। ਇਹ ਦਾਨੋ ਨਾਲ ਵੀ ਖ਼ੈਰ ਨ੍ਹੀ ਗੁਜ਼ਾਰਨਗੇ। ਦੇਖ ਲਿਓ, ਇਹ ਵੈਂਗਣੀ ਵੀ ਉੱਘੜੀ ਲੈ। ਜੀਹਨੇ ਕੁਛ ਕਰਨਾ ਹੁੰਦੈ, ਉਹ ਬੋਲਦਾ ਨ੍ਹੀ ਹੁੰਦਾ। ਬਾਂ-ਬਾਂ ਕਰਨ ਆਲੇਤਾਂ ਨਖੱਟੂ ਹੁੰਦੇ ਨੇ।'

ਤੇ ਫੇਰ ਦੋ ਕੁ ਮਹੀਨੇ ਹੋਏ ਬੱਲਾ ਪਿੰਡ ਮੁੜ ਆਇਆ। ਇਕੱਲਾ। ਆਖਦਾ ਫਿਰੇ- 'ਮੈਨੂੰ ਕਿਸੇ ਦੀ ਕੁੜੀ ਦਾ ਕੀ ਪਤੈ, ਮੈਂ ਤਾਂ 'ਕੱਲਾ ਗਿਆ ਸੀ, 'ਕੱਲਾ ਆ ਗਿਆ।' ਮੈਂ ਤਾਂ ਕੰਮ 'ਤੇ ਗਿਆ ਸੀ।

'ਕੰਮ ਕਿਹੜੇ ਬਈ?' ਲੋਕ ਮੁਸਕੜੀਏਂ ਹੱਸਦੇ।

'ਟਰੱਕਾਂ ਦਾ ਕੰਮ ਸੀ।'

'ਕੀ ਕੰਮ?'

'ਪਹਿਲਾਂ ਮੈਂ ਕਲੀਨਰ ਰਿਹਾ। ਫੇਰ ਡਰੈਵਰੀ ਮੇਰੀ ਤੱਕ 'ਚ ਨ੍ਹੀ ਆਈ। ਹਾਨੀਸਰ ਨੂੰ ਮੈਨੂੰ ਘਰ ਭੇਜ 'ਤਾ ਉਹਨਾਂ ਨੇ। ਅਖੇ-ਜਾਹ, ਤੇਰੇ ਸਿੱਖਣ ਦਾ ਕੰਮ ਨ੍ਹੀ ਏਹੇ। ਮਖਿਆ-ਚੰਗਾ ਭਾਈ। ਆ ਗਿਆ ਫੇਰ ਮੈਂ।'

ਉਹਦਾ ਬੋਲਣ-ਢੰਗ ਤੋਂ ਲੱਗਦਾ, ਜਿਵੇਂ ਉਹ ਕੋਈ ਗੱਲ ਲੁਕੋਂਦਾ ਹੋਵੇ। ਜਿਵੇਂ ਕੋਈ ਪਰਦਾ ਪਾਉਂਦਾ ਹੋਵੇ। ਸਭ ਨੂੰ ਇਹੀ ਸ਼ੱਕ, ਓਹੀ ਕੁੜੀ ਨੂੰ ਲੈ ਕੇ ਗਿਆ ਸੀ। ਲੱਖਣ ਲਾਉਂਦੇ-'ਇਹ ਕਿਧਰੇ ਬਿਠਾ ਆਇਆ ਉਹਨੂੰ। ਪਿੰਡ ਦੀ ਖ਼ਬਰ-ਸਾਰ ਲੈਣ ਆਇਐ, ਫੇਰ ਜਾਊ ਓਥੇ ਈ।'

ਜੰਗੇ ਤੇ ਮੋਦਨ ਨੂੰ ਪੱਕਾ ਵਿਸ਼ਵਾਸ 'ਇਹੀ ਲੈ ਕੇ ਗਿਐ ਕੁੜੀ ਨੂੰ। ਇਹਤੋਂ ਬਗ਼ੈਰ ਹੋਰ ਕੋਈ ਹੋ ਈ ਨ੍ਹੀ ਸਕਦਾ।'

ਉਹ ਚਾਹ ਲੈ ਕੇ ਆਈ ਤਾਂ ਮੇਰੇ ਦਿਮਾਗ਼ ਦੀ ਕਥਾ-ਲੜੀ ਟੁੱਟ ਗਈ। ਦੋਵੇਂ ਕੁੜੀਆਂ ਨੂੰ ਉਹ ਅੰਦਰ ਹੀ ਛੱਡ ਆਈ ਸੀ। ਸ਼ਾਇਦ ਉਹ ਚਾਹ ਪੀ ਰਹੀਆਂ ਹੋਣਗੀਆਂ। ਚਾਹ ਨਾਲ ਕੁਝ ਖਾ ਵੀ ਰਹੀਆਂ ਹੋਣਗੀਆਂ। ਉਹ ਮੇਰੇ ਵਾਸਤੇ ਖਾਸਾ ਕੁਝ ਖਾਣ ਨੂੰ ਲੈ ਕੇ ਆਈ। ਇੱਕ ਪਲੇਟ ਵਿੱਚ ਬਰਫ਼ੀ, ਇੱਕ ਪਲੇਟ ਵਿੱਚ ਰਸਗੁੱਲੇ ਤੇ ਗੁਲਾਬ ਜਾਮਣਾਂ, ਇੱਕ ਹੋਰ ਪਲੇਟ ਵਿੱਚ ਨਮਕੀਨ। ਇਹ ਸਭ ਉਹਨੇ ਪਤਾ ਨਹੀਂ ਕਦੋਂ ਮੰਗਵਾ ਲਿਆ। ਮੈਂ ਹੱਸਿਆ-'ਭਾਈ ਸੀਬੋ, ਏਥੇ ਵੀ ਚਾਹ ਦਾ ਤਾਂ ਪਿੰਡ ਆਲਾ ਕੰਮ ਕਰ ਲਿਆ। ਐਨੀ ਚਾਹ!'

ਉਹ ਕਹਿੰਦੀ-'ਮੈਨੂੰ ਤਾਂ, ਮਾਸਟਰ ਜੀ, ਥੋੜੀ ਚਾਹ ਨਾਲ ਜਾਣੀ ਰੱਜ ਜ੍ਹਾ ਨ੍ਹੀ ਆਉਂਦਾ। ਤੁਸੀਂ ਵੀ ਤਾਂ ਪਿੰਡਾਂ ਦੇ ਓਂ। ਗੜਵੀ ਭਰ ਕੇ ਪੀਨੇ ਆਂ, ਆਪਾਂ ਪਿੰਡਾਂ ਦੇ ਲੋਕ ਤਾਂ।'

ਉਹ ਸਿਰਫ਼ ਚਾਹ ਪੀ ਰਹੀ ਸੀ। ਖਾਣਾ ਜਿਵੇਂ ਮੈਂ ਹੀ ਹੋਵੇ ਐਨਾ ਕੁਝ। ਉਹ ਪੁੱਛਣ ਲੱਗੀ-'ਸਾਡੇ ਪਿੰਡ ਕਿੰਨੇ ਸਾਲ ਰਹੇ ਤੁਸੀਂ?'

'ਓਥੇ ਮੈਂ ਪੰਦਰਾਂ ਸਾਲ ਲਾਏ ਹੋਣਗੇ, ਭਾਈ। ਫੇਰ ਮੈਂ ਆਪਣੇ ਪਿੰਡ ਬਦਲੀ ਕਰਵਾ ਲੀ ਸੀ। ਸਰਵਿਸ ਦੇ ਵੀ ਦੋ-ਚਾਰ ਸਾਲ ਈ ਰਹਿੰਦੇ ਸੀ।'

'ਹੁਣ ਵੀ ਕਦੇ ਗਏ ਓਂ, ਦਿਆਲਪੁਰੇ?'

'ਹਾਂ ਭਾਈ, ਮੈਂ ਤਾਂ ਜਾਂਦਾ ਈ ਰਹਿਨਾਂ! ਕਈ ਘਰਾਂ ਨਾਲ ਓਥੇ ਮੇਰੀ ਖ਼ੁਸ਼ੀ-ਗ਼ਮੀ ਦੀ ਸਾਂਝ ਐ। ਜਾਈਂ ਦੈ। ਕਦੇ ਵਿਆਹ, ਕਦੇ ਭੋਗ 'ਤੇ।'

'ਉਹਨਾਂ ਦਾ ਕੀ ਹਾਲ ਐ, ਸਾਡਿਆਂ ਦਾ?' ਉਹ ਜੰਗੇ ਤੇ ਮੋਦਨ ਬਾਰੇ ਪੁੱਛ ਰਹੀ ਸੀ।

'ਉਹ ਠੀਕ ਨੇ, ਭਾਈ। ਮੌਜਾਂ 'ਚ ਨੇ। ਹੁਣ ਤਾਂ ਖੇਤੀ ਦਾ ਕੰਮ ਖਾਸਾ ਵਧਾਈ ਬੈਠੇ ਨੇ। ਪਰ ਅੱਡ ਹੋ 'ਗੇ।' ਆਪਣੇ ਭਰਾਵਾਂ ਬਾਰੇ ਸੁਣ ਰਹੀ ਉਹ ਅੱਧ ਕੁ ਦੀ ਹੋ ਕੇ ਬੈਠੀ ਹੋਈ ਸੀ।

'ਜਵਾਕ-ਜੱਲੇ ਕੀਹ ਨੇ, ਦੋਵਾਂ ਦੇ?'

'ਐਨਾ ਤਾਂ, ਭਾਈ ਮੈਨੂੰ ਪਤਾ ਨ੍ਹੀ। ਊਂ ਜੁਆਕ ਹੈਗੇ ਦੋਹਾਂ ਦੇ। ਉਹ ਤਾਂ ਤੇਰੇ ਹੁੰਦੇ ਵੀ ਸੀ, ਮੈਂ ਕਹਿਨਾਂ। ਉਹਨਾਂ ਦਾ ਇੱਕ ਮੁੰਡਾ ਸਕੂਲ ਵੀ ਆਉਂਦਾ ਹੁੰਦਾ।'

'ਨਹੀਂ ਛੋਟੀ ਬਹੂ ਦੇ ਹਾਲੇ ਕੋਈ ਜੁਆਕ ਨ੍ਹੀ ਸੀ। ਵੱਡੀ ਦੇ ਸੀ-ਇੱਕ ਮੁੰਡਾ, ਇੱਕ ਕੁੜੀ। ਮੁੰਡਾ ਜੱਸੀ ਥੋਡੇ ਕੋਲੇ ਪੜ੍ਹਦਾ ਹੁੰਦਾ ਸੀ।

ਇੱਕ ਗੱਲ ਜਿਹੜੀ-ਮੇਰੇ ਬੁੱਲ੍ਹਾਂ 'ਤੇ ਵਾਰ-ਵਾਰ ਆ ਕੇ ਰੁਕ ਜਾਂਦੀ, ਉਹ ਮੈਂ ਪੁੱਛ ਹੀ ਲਈ-'ਤੂੰ ਭਾਈ ਸੀਬੋ, ਐਥੇ ਕਿਵੇਂ ਪਹੁੰਚੀ ਫੇਰ?'

'ਕਿਸਮਤ ਮੇਰੀ ਚੱਕ ਲਿਆਈ, ਮਾਸਟਰ ਜੀ।' ਉਹਦੀਆਂ ਅੱਖਾਂ ਦੇ ਕੋਏ ਗਿੱਲੇ ਸਨ। ਸਾੜ੍ਹੀ ਦੇ ਪੱਲੇ ਨਾਲ ਉਹਨੇ ਆਪਣਾ ਨੱਕ ਘੁੱਟਿਆ।

ਚਾਹ ਅਸੀਂ ਪੀ ਚੁੱਕੇ ਸਾਂ। ਉਹਦੀਆਂ ਕੁੜੀਆਂ ਅੰਦਰ ਸਨ। ਮੈਂ ਉਹਦੇ ਨਾਲ ਭੇਤ ਭਰੀਆਂ ਗੱਲਾਂ ਕਰਨ ਲੱਗਿਆ-'ਬੱਲਾ ਪਿੰਡੋਂ ਤੈਨੂੰ ਕਿੱਥੇ ਲੈ ਗਿਆ ਸੀ?'

'ਪਿੰਡੋਂ ਨਿਕਲ ਕੇ ਅਸੀਂ ਤੜਕੇ ਦੀ ਗੱਡੀ ਚੜ੍ਹੇ ਸੀ। ਖਾਸਾ ਨ੍ਹੇਰਾ ਸੀ। ਟੇਸ਼ਣ ਤੱਕ ਤੁਰ ਕੇ ਆਏ।

'ਐਨੀ ਵਾਟ?'

'ਹੋਰ..... ਬੱਸ ਤੁਰੇ ਆਏ।'

'ਗੱਡੀ ਚੜ੍ਹਕੇ ਕਿੱਥੇ ਪਹੁੰਚੇ?'

'ਬਠਿੰਡੇ।'

'ਓਥੋਂ ਫੇਰ?'

'ਬਠਿੰਡਿਓਂ ਫੇਰ ਗੱਡੀ ਫ਼ੜ 'ਲੀ। ਦਿੱਲੀ ਜਾ ਪਹੁੰਚੇ। ਦਿੱਲੀ ਬੱਲਾ ਮੈਨੂੰ ਆਪਣੀ ਭੂਆ ਦੇ ਮੁੰਡੇ ਕੋਲ ਲੈ ਗਿਆ। ਉਹ ਪਹਿਲਾਂ ਉਹਦੇ ਨਾਲ ਗੱਲ ਕਰਕੇ ਗਿਆ ਸੀ। ਉਹ ਓਥੇ ਟੈਕਸੀ ਚਲਾਉਂਦਾ ਸੀ। ਦਿੱਲੀਓਂ ਉਹਨੇ ਸਾਨੂੰ ਕਲਕੱਤੇ ਦੀ ਗੱਡੀ ਚੜ੍ਹਾ ਤਾ।'

'ਓਥੇ ਜਾ ਕੇ ਕਿੱਥੇ ਰਹੇ?'

'ਬੱਲਾ ਦਿੱਲੀਓਂ ਭੂਆ ਦੇ ਮੁੰਡੇ ਤੋਂ ਚਿੱਠੀ ਲੈ ਕੇ ਗਿਆ ਸੀ। ਕਲਕੱਤੇ ਉਹਦਾ ਇੱਕ ਬੰਦਾ ਸੀ। ਉਹਦੇ ਕੋਲ ਟਰੱਕ ਸੀ ਕਈ। ਅਸੀਂ ਇੱਕ ਕਮਰਾ ਲੈ ਕੇ ਰਹਿਣ ਲੱਗੇ। ਬੱਲਾ ਟਰੱਕ 'ਤੇ ਲੱਗ ਗਿਆ। ਰਾਤ ਨੂੰ ਘਰ ਆ ਜਾਂਦਾ। ਕਦੇ ਨਾ ਵੀ ਆਉਂਦਾ। ਮੈਂ 'ਕੱਲੀ ਡਰਦੀ ਨ੍ਹੀ ਸੀ।'

'ਫੇਰ ਜਾ ਕੇ ਕਿੱਥੇ ਰਹੇ?'

'ਉਹਦੇ ਨਾਲ ਹੋਰ ਡਰੈਵਰ ਵੀ ਆਉਣ ਲੱਗੇ। ਬੈਠ ਕੇ ਸ਼ਰਾਬ ਪੀਂਦੇ। ਪਿੰਡਾਂ ਦੇ ਮੋਹ-ਪਿਆਰ ਵਾਲੀਆਂ ਗੱਲਾਂ ਕਰਦੇ ਰਹਿੰਦੇ। ਕਦੇ-ਕਦੇ ਓਥੇ ਸਾਡੇ ਕਮਰੇ 'ਚ ਈ ਸੌਂ ਜਾਂਦਾ।

'ਇਉਂ ਕਿਉਂ ਕਰਦਾ ਸੀ ਬੱਲਾ।'

'ਪੁੱਛੋਂ ਨਾ, ਮਾਸਟਰ ਜੀ, ਓਥੇ ਜਾ ਕੇ ਉਹ ਬੱਲਾਂ ਨ੍ਹੀ ਰਿਹਾ ਸੀ ਉਹ। ਦਿਨੋਂ-ਦਿਨ ਉਹਦੀਆਂ ਆਦਤਾਂ ਵਿਗੜਦੀਆਂ ਜਾ ਰਹੀਆਂ ਸੀ। ਮੈਂ ਬਥੇਰਾ ਸਮਝਾਉਂਦੀ, ਬਈ ਮੈਂ ਤੇਰੇ ਮਗਰ ਲੱਗ ਕੇ ਆਈ ਆਂ। ਇਹ ਮੁਸ਼ਟੰਡੇ ਮੇਰੇ ਕੀ ਲੱਗਦੇ ਨੇ? ਤੂੰ ਸੁਰਤ ਕਰ ਕੁੱਛ। ਪਰ ਨਾ, ਉਹਦਾ ਓਹੀ ਹਾਲ। ਤੜਕੇ ਉੱਠਕੇ ਮਾਫ਼ੀਆਂ ਮੰਗਣ ਲੱਗਦਾ।'

'ਇਹ ਤਾਂ ਬਹੁਤ ਮਾੜੀ ਗੱਲ ਸੀ ਉਹਦੀ।' ਮੈਂ ਬੱਲੇ ਨੂੰ ਗਾਲ੍ਹਾਂ ਕੱਢੀਆਂ।

ਉਹਨੇ ਨੀਵੀਂ ਪਾ ਲਈ। ਮੱਥਾਂ ਬਾਂਹ ਉੱਤੇ ਧਰ ਲਿਆ। ਉਹਦੀਆਂ ਹੁੱਬਕੀਆਂ ਨਿਕਲ ਆਈਆਂ। ਦੇਹ ਕੰਬ ਰਹੀ ਸੀ। ਮੇਰਾ ਜੀਅ ਭੈੜਾ ਪੈ ਗਿਆ। ਮੈਂ ਉੱਠਕੇ ਉਹਨੂੰ ਧੀਰਜ ਦੇਣ ਲੱਗਿਆ। ਜਿਵੇਂ ਉਹ ਮੇਰੇ ਪਿੰਡ ਦੀ ਹੀ ਧੀ-ਭੈਣ ਹੋਵੇ। ਮੇਰੀ ਆਪਣੀ ਕੋਈ ਸਕੀ ਰਿਸ਼ਤੇਦਾਰ।

ਅੱਖਾਂ ਪੂੰਝ ਕੇ ਫੇਰ ਉਹ ਬੋਲੀ-'ਫੇਰ ਤਾਂ, ਮਾਸਟਰ ਜੀ, ਮੇਰੇ ਤੇ ਕੋਠੇ ਵਾਲੀਆਂ 'ਚ ਕੋਈ ਫਰਕ ਨ੍ਹੀ ਸੀ। ਉਹਨਾਂ 'ਚ ਇੱਕ ਡਰੈਵਰ ਸੀ ਰਾਮਾ। ਉਹ ਰੋਪੜ ਕੰਨੀ ਦਾ ਸੀ। ਤਰਸ ਖਾ ਕੇ ਉਹ ਮੈਨੂੰ ਆਪਣੇ ਕੋਲ ਲੈ ਗਿਆ। ਉਹ ਵੀ 'ਕੱਲਾ ਰਹਿੰਦਾ ਸੀ। ਬੱਲਾ ਪਤਾ ਨ੍ਹੀ ਕਿਧਰ ਭੱਜ ਗਿਆ। ਮੁੜਕੇ ਮੈਨੂੰ ਉਹਦਾ ਕੋਈ ਪਤਾ ਨਾ ਲੱਗਿਆ। ਰਾਮੇ ਨੇ ਹੀ ਮੈਨੂੰ ਦੱਸਿਆ ਸੀ ਕਿ ਉਹ ਮੈਨੂੰ ਸੱਤ ਸੌ ਰੁਪਈਆਂ 'ਚ ਉਹਦੇ ਕੋਲ ਵੇਚ ਗਿਐ। ਫੇਰ ਰਾਮੇ ਦਾ ਜਦੋਂ ਜੀਅ ਭਰ ਗਿਆ, ਉਹਨੇ ਮੈਨੂੰ ਗਾਹਾਂ ਏਸ ਬੰਦੇ ਨਾਲ ਤੋਰ 'ਤਾ। ਇਹ ਚੰਗਾ ਸੀ। ਐਥੇ ਲੈ ਆਇਆ ਮੈਨੂੰ। ਇਹ ਏਧਰ ਦਾ ਈ ਐ। ਬੱਸ, ਠੀਕ ਐ ਹੁਣ, ਜਿੱਥੇ ਰੱਬ ਰੱਖੇ।' ਗੱਲ ਮੁਕਾ ਕੇ ਉਹ ਸਿਰ ਖੁਰਕਣ ਲੱਗੀ।

'ਬੱਲਾ ਤਾਂ ਭਾਈ ਪਿੰਡ ਆ ਗਿਆ ਸੀ ਫੇਰ।'

'ਅੱਛਾ, ਹੁਣ ਕੀ ਹਾਲ ਐ ਉਹਦਾ?' ਸੀਬੋ ਦੀ ਸਿੱਥਲ ਦੇਹ ਨੂੰ ਜਿਵੇਂ ਬਿਜਲੀ ਦਾ ਕਰੰਟ ਵੱਜਿਆ ਹੋਵੇ। ਉਹ ਅੱਖਾਂ ਝਮਕਣ ਲੱਗੀ। ਮੇਰੇ ਵੱਲ ਉਹਦਾ ਪੂਰਾ ਧਿਆਨ ਸੀ।

'ਉਹ ਥੋੜ੍ਹੇ ਦਿਨ ਈ ਪਿੰਡ ਰਿਹਾ।' ਮੈਂ ਸਹਿਜ ਸੁਭਾਅ ਦੱਸ ਰਿਹਾ ਸਾਂ।

'ਫੇਰ?' ਸੀਬੋ ਜਿਵੇਂ ਇਕਦਮ ਉਹਦੇ ਬਾਰੇ ਸਭ ਕੁਝ ਜਾਣਨਾ ਚਾਹੁੰਦੀ ਹੋਵੇ।

'ਫੇਰ ਉਹਦਾ ਕਤਲ ਕਰ 'ਤਾ ਜੰਗੇ ਤੇ ਮੈਦਾਨ ਨੇ।'

'ਬੂਹ! ਹਾਏ ਵੇ ਟੁੱਟ-ਜਾਣਿਓਂ, ਇਹ ਕੀ ਕੀਤਾ?' ਸੀਬੋ ਨੇ ਮੱਥੇ ਉੱਤੇ ਦੋਵੇਂ ਹੱਥ ਰੱਖ ਲਏ। ਅੱਖਾਂ ਧਰਤੀ ਉੱਤੇ ਸਨ। ਗੁੰਮ-ਸੁੰਮ ਹੋ ਗਈ। ਜਿਵੇਂ ਮੈਂ ਉਹਦੇ ਕੋਲ ਬੈਠਾ ਹੀ ਨਾ ਹੋਵਾਂ। ਜਿਵੇਂ ਸਾਰੀਆਂ ਗੱਲਾਂ ਮੁੱਕ ਗਈਆਂ ਹੋਣ। ਮੈਂ ਆਪਣਾ ਏਅਰ-ਬੈਗ ਸੰਭਾਲਣ ਲੱਗਿਆ। ਖੜ੍ਹਾ ਹੋਇਆ ਤਾਂ ਉਹ ਕਹਿੰਦੀ-'ਚੰਗਾ, ਮਾਸਟਰ ਜੀ, ਤੁਸੀਂ ਤੀਰਥ ਹੋ ਆਓ। ਅੱਜ ਦੀ ਰਾਤ ਐਥੇ ਸਾਡੇ ਕੋਲ ਰਹਿਓ।'

'ਚੰਗਾ, ਦੇਖਦਾ ਭਾਈ।' ਸੀਬੋ ਮੇਰੇ ਲਈ ਕਿਤੇ ਵੱਡਾ ਤੀਰਥ ਸੀ। ਉਹਦੇ ਘਰ ਰਾਤ ਕੱਟਣ ਦੀ ਮੇਰੇ ਵਿੱਚ ਕਿੱਥੇ ਹਿੰਮਤ ਸੀ। ਜਿਵੇਂ ਮਰਗ ਵਾਲੇ ਘਰ ਅਫ਼ਸੋਸ ਕਰਨ ਗਏ ਰਾਤ ਨਹੀਂ ਰਹਿੰਦੇ ਹੁੰਦੇ। ♦

# ਸਭ ਤੋਂ ਵੱਡੀ ਛਾਲ

'ਸੰਦ ਤੇਰੇ?'

'ਸੰਦ, ਬੱਸ ਆਹ ਇੱਕ.......। ਇਹੀ ਸਭ ਕੁਛ ਐ।'

ਉਹਨੇ ਇੱਕ ਭਾਰੀ ਸੱਬਲ ਮੋਢਿਓਂ ਲਾਹੀ ਤੇ ਉਹਨੂੰ ਕੰਧ ਨਾਲ ਖੜ੍ਹੀ ਕਰ ਦਿੱਤਾ। ਨਲਕੇ ਕੋਲ ਪਈ ਪੀੜ੍ਹੀ ਆਪਣੇ ਵੱਲ ਖਿਸਕਾ ਕੇ ਉੱਠ ਬੈਠ ਗਿਆ। ਪੁੱਛਣ ਲੱਗਿਆ–'ਨਿੱਕੀ ਜਿਹੀ ਬਾਲਟੀ ਹੈਗੀ ਕੋਈ? ਇੱਕ ਰੱਸਾ ਚਾਹੀਦਾ ਹੈ।'

'ਬਾਲਟੀ ਹੈਗੀ। ਰੱਸਾ ਕਿੱਡਾ ਕੁ?' ਮੈਂ ਪੁੱਛਿਆ।

'ਬੋਰ ਪਾਣੀ ਤੱਕ ਲੈਕੇ ਜਾਣੈ ਕਿ ਪੰਦਰਾਂ–ਵੀਹ ਫੁੱਟ ਕਰਕੇ ਛੱਡ ਦੇਣੈ?'

'ਵੀਹ ਫੁੱਟ ਬਹੁਤ ਐ। ਉਂ ਪਾਣੀ ਐਥੇ ਪੱਚੀ–ਵੀਹ ਫੁੱਟ 'ਤੇ ਜਾ ਕੇ ਨਿੱਕਲ ਔਂਦੈ।'

'ਤਾਂ ਫੇਰ ਰੱਸਾ ਪੱਚੀ–ਛੱਬੀ ਫੁੱਟ ਮੰਗਾ ਲੈ। ਇੱਕ ਮਜ਼ਦੂਰ ਚਾਹੀਦੈ।'

'ਮਜ਼ਦੂਰ ਤਾਂ ਜ਼ਰੂਰ ਚਾਹੀਦੈ। ਜਾਂ ਫੇਰ ਆਪ ਕਰ ਲੀਂ ਕੰਮ?'

'ਕੰਮ ਕਿਹੜਾ ਐ?'

'ਉਤੋਂ ਮਿੱਟੀ ਆਲੀ ਬਾਲਟੀ ਖਿੱਚਣੀ ਐ ਬੱਸ?'

'ਉਹ ਤਾਂ ਮੈਂ ਕਰੀਂ ਜਾਊਂ।'

'ਨਹੀਂ ਮਾਸਟਰ ਤੈਥੋਂ ਨ੍ਹੀ ਹੋਣਾ ਇਹ ਕੰਮ।'

'ਕਿਉਂ?'

'ਮੈਨੂੰ ਤੇਰਾ ਸਰੀਰ ਦੱਸੀ ਜਾਂਦੈ। ਅੱਜ ਦੀ ਸਾਰੀ ਦਿਹਾੜੀ ਲੱਗ ਜਾਣੀ ਐ। ਸ਼ੈਦ ਅੱਧਾ ਦਿਨ ਕੱਲ੍ਹ ਦਾ ਵੀ ਲੱਗੇ। ਮਿੱਟੀ ਦੀਆਂ ਬਾਲਟੀਆਂ ਖਿੱਚ–ਖਿੱਚ ਮੋਢੇ ਰਹਿ ਜਾਣਗੇ। ਫੇਰ ਨਾ ਆਖੀ ਮੈਨੂੰ।'

'ਹੱਛਿਆ।'

'ਹਾਂ ਤੇਰੇ ਕਰਨ ਦਾ ਕੰਮ ਨ੍ਹੀ ਏਹੇ। ਗੋਡਿਆਂ 'ਤੇ ਹੱਥ ਧਰ ਕੇ ਤਾਂ ਖੜ੍ਹਾ ਹੁੰਨੈ ਤੂੰ।'

'ਚੰਗਾ, ਮਜ਼ਦੂਰ ਲੈ ਔਨੇ ਆਂ।

ਘਰ ਵਾਲੀ ਨੇ ਚਾਹ ਧਰ ਦਿੱਤੀ ਸੀ।

ਉੱਠ ਕੇ ਉਹ ਮੈਨੂੰ ਪਰਲੇ ਵਿਹੜੇ ਵਿੱਚ ਲੈ ਗਿਆ। ਕਹਿੰਦਾ–'ਖੜ੍ਹਾ ਹੋ, ਮਾਸਟਰ ਜਿੱਥੇ ਬੋਰ ਲੌਣੇ।'

ਮੈਂ ਇੱਕ ਖੂੰਜੇ ਵਿੱਚ ਜਾ ਕੇ ਉਹਨੂੰ ਦੱਸਿਆ ਕਿ ਇਸ ਥਾਂ 'ਤੇ ਪੁੱਟ ਲੈ। ਉਹ ਉੱਥੇ ਬੈਠ ਗਿਆ ਤੇ ਧਰਤੀ ਉੱਤੇ ਉਂਗਲ ਨਾਲ ਇੱਕ ਕੁੰਡਲ ਵਗਲ ਲਿਆ। ਕਹਿਣ ਲੱਗਿਆ–'ਸਰ੍ਹੋਂ ਦੇ ਤੇਲ ਦੀ ਸ਼ੀਸ਼ੀ ਲੈ ਕੇ ਆ। ਥੋੜ੍ਹਾ ਜਾ ਗੁੜ ਵੀ ਲਿਆਈਂ।'

ਮੈਂ ਤੇਲ ਤੇ ਗੁੜ ਲੈਣ ਆਇਆ। ਚਾਹ ਬਣ ਚੁੱਕੀ ਸੀ।

ਕੁੰਡਲ ਵਾਲੀ ਥਾਂ ਉੱਤੇ ਉਹਨੇ ਤੇਲ ਚੋਇਆ ਤੇ ਗੁੜ ਦੀ ਰੋੜੀ ਰੱਖ ਕੇ ਮੱਥਾ ਟੇਕਿਆ। ਇੱਕ ਰੋੜੀ ਮੂੰਹ ਵਿੱਚ ਪਾ ਲਈ ਤੇ ਫੇਰ ਦੋਵੇਂ ਕੰਨਾਂ ਨੂੰ ਛੂਹ ਕੇ ਖੁਆਜਾ ਪੀਰ ਧਿਆਇਆ। ਦੂਜੇ ਬਿੰਦ ਹੀ ਉਹ ਸੱਬਲ ਨਾਲ ਮਿੱਟੀ ਪੁੱਟਣ ਲੱਗਿਆ। ਪਿੱਤਲ ਦੀ ਬਾਟੀ ਨਾਲ ਮਿੱਟੀ ਬਾਹਰ ਕੱਢਦਾ।

ਚਾਹ ਦਾ ਗਿਲਾਸ ਲਿਆ ਕੇ ਫੜਾਇਆ ਤਾਂ ਉਹ ਮੈਨੂੰ ਕਹਿੰਦਾ, 'ਲੈ ਮਾਸਟਰ, ਛੋਟੇ ਮੁੰਡੇ ਨੂੰ ਤਾਂ ਬਿਠਾ ਮੇਰੇ ਕੋਲ। ਕੋਈ ਜ਼ਰੂਰਤ ਪੈ ਜਾਂਦੀ ਐ। ਚਾਹ ਪੀ ਕੇ ਤੂੰ ਆਪ ਮਜ਼ਦੂਰ ਲਿਆ ਇੱਕ ਝੱਟ ਦੇ ਕੇ। ਰੱਸੇ ਦਾ ਬੰਦੋਬਸਤ ਵੀ ਕਰ ਦੇ।'

ਸਵੇਰ ਦੇ ਅੱਠ ਅਜੇ ਵਜੇ ਨਹੀਂ ਸਨ। ਮੈਂ ਸਾਈਕਲ ਲੈ ਕੇ ਦਬਾ ਸੱਟ ਛੱਤੇ ਖੂਹ ਕੋਲ ਮਜ਼ਦੂਰ-ਮੰਡੀ ਵਿੱਚ ਗਿਆ, ਤੇ ਇੱਕ ਨਰੋਆ ਜਿਹਾ ਮਜ਼ਦੂਰ-ਮੁੰਡਾ ਆਪਣੇ ਸਾਈਕਲ ਮਗਰ ਬਿਠਾ ਲਿਆਇਆ। ਮੇਰੇ ਆਉਂਦੇ ਨੂੰ ਉਹ ਆਪਣਾ ਕੁੜਤਾ-ਚਾਦਰਾ ਉਤਾਰ ਕੇ ਟੋਏ ਵਿੱਚ ਬੈਠਾ ਹੋਇਆ ਸੀ। ਸਿਰ ਦਾ ਸਾਫਾ ਨਹੀਂ ਲਾਹਿਆ ਸੀ। ਤੇੜ ਇਕੱਲੀ ਨਿੱਕਰ ਸੀ। ਸੱਬਲ ਨਾਲ ਮਿੱਟੀ ਪੁੱਟ-ਪੁੱਟ ਕੇ ਉਹ ਬਾਟੀ ਭਰਦਾ ਤੇ ਆਪਣੇ ਸਿਰ ਉੱਤੇ ਦੀ ਮਿੱਟੀ ਟੋਏ 'ਚੋਂ ਬਾਹਰ ਵਗਾਹ ਮਾਰਦਾ। ਮੈਨੂੰ ਉਹ ਉਸ ਜਾਨਵਰ ਵਰਗਾ ਲੱਗਿਆ ਜੋ ਆਪਣੀ ਖੁੱਡ ਵਿੱਚ ਵੜ ਕੇ ਆਪਣੇ ਪਿਛਲੇ ਪੈਰਾਂ ਨਾਲ ਮਿੱਟੀ ਬਾਹਰ ਕੱਢਦਾ ਤੁਰਿਆ ਜਾਂਦਾ ਹੈ। ਮੂਹਰਲੇ ਪੈਰਾਂ ਨਾਲ ਖੁਰਚਦਾ ਤੇ ਮਗਰਲੇ ਪੈਰਾਂ ਨਾਲ ਬਾਹਰ ਕੱਢਦਾ ਹੈ। ਇੰਜ ਹੀ ਖੁੱਡ ਨੂੰ ਡੂੰਘੀ ਕਰਦਾ ਤੁਰਿਆ ਜਾਂਦਾ ਹੈ।

ਵਿਹੜੇ ਵਿੱਚ ਪੰਜ ਫੁੱਟ ਭਰਤ ਪਾਈ ਹੋਈ ਸੀ। ਮੈਂ ਉਹਨੂੰ ਪੁੱਛਿਆ ਕਿ ਪੱਕੀ ਮਿੱਟੀ ਸ਼ੁਰੂ ਹੋ ਗਈ ਹੈ ਜਾਂ ਅਜੇ ਨਹੀਂ। ਉਹਨੇ ਟੋਏ ਵਿਚੋਂ ਹੀ ਜਵਾਬ ਦਿੱਤਾ ਕਿ ਅਜੇ ਤਾਂ ਓਪਰੀ ਮਿੱਟੀ ਹੀ ਚੱਲ ਰਹੀ ਹੈ।

'ਭਰਤ ਕਿੰਨੇ ਫੁੱਟ ਐ ਐਥੇ?' ਉਹਨੇ ਪੁੱਛਿਆ। ਮੈਂ ਉਹਨੂੰ ਦੱਸ ਦਿੱਤਾ।

ਉਹ ਕਹਿੰਦਾ-'ਫੇਰ ਤਾਂ ਬੱਸ...।' ਤੇ ਫੇਰ ਸੱਬਲ ਮਾਰ ਕੇ ਬੋਲਿਆ-'ਆਹਾ, ਹੁਣ ਲੱਗੀ ਐ ਪੱਕੀ ਮਿੱਟੀ 'ਚ।

ਜਦੋਂ ਮੈਂ ਇਹ ਮਕਾਨ ਬਣਵਾਇਆ ਸੀ ਤਾਂ ਦੀਵਾਰਾਂ ਦੀਆਂ ਨੀਹਾਂ ਨਹੀਂ ਪੁੱਟੀਆਂ ਗਈਆਂ ਸਨ। ਉੱਤੋਂ ਹੀ ਕੰਧਾਂ ਚੁੱਕ ਲਈਆਂ। ਰੋੜਾਂ ਵਾਲੀ ਧਰਤ ਸੀ। ਰੋੜਾਂ ਦਾ ਜੱਕ ਬਹੁਤ ਮਜ਼ਬੂਤ ਸੀ। ਸਵਾਲ ਹੀ ਪੈਦਾ ਨਹੀਂ ਹੁੰਦਾ ਸੀ ਕਿ ਕਦੇ ਨੀਹਾਂ ਦੱਬ ਜਾਣਗੀਆਂ। ਰੋੜਾਂ ਵਾਲੀ ਨਿੱਗਰ ਤਹਿ ਦਾ ਪਤਾ ਮੈਨੂੰ ਓਦੋਂ ਹੀ ਲੱਗ ਗਿਆ ਸੀ ਜਦੋਂ ਮਕਾਨ-ਉਸਾਰੀ ਤੋਂ ਪਹਿਲਾਂ ਨਲਕਾ ਲਗਵਾਇਆ ਸੀ। ਰੋੜਾਂ ਤੋਂ ਥੱਲੇ ਚਿਕਣੀ ਮਿੱਟੀ ਤੇ ਫੇਰ ਸਖ਼ਤ ਪਾਂਡੂ ਦਾ ਵੀ ਮੈਨੂੰ ਪਤਾ ਸੀ। ਨਲਕਾ ਲਾਉਣ ਵਾਲਾ ਮਿਸਤਰੀ ਕਿੰਨਾਂ ਬੁੜਬੁੜ ਕਰਦਾ ਰਿਹਾ। ਉਹਦੀਆਂ ਦੋ ਦਿਹਾੜੀਆਂ ਲੱਗ ਗਈਆਂ। ਨਹੀਂ ਤਾਂ ਉਹ ਆਪ ਹੀ ਦੱਸਦਾ ਸੀ, ਅੱਧੇ ਦਿਨ ਵਿੱਚ ਨਲਕਾ ਚੱਲਦਾ ਕਰਕੇ ਔਹ ਮਾਰੀਦਾ ਹੈ। ਸੋ ਮੇਰੇ ਮਨ ਵਿੱਚ ਪਹਿਲਾਂ ਹੀ ਡਰ ਸੀ ਕਿ ਬੋਰ-ਟੱਟੀ ਬਣਾਉਣ ਵਾਲਾ ਇਹ ਆਦਮੀ ਜ਼ਰੂਰ ਪੈਸਿਆਂ ਪਿੱਛੇ ਝਗੜਾ ਪਾਵੇਗਾ। ਇਹਦੇ ਨਾਲ ਪੈਸਿਆਂ ਵਾਲੀ ਗੱਲ ਹੁਣੇ ਖੋਲ੍ਹ ਲੈਣੀ ਚਾਹੀਦੀ ਹੈ। ਮੈਂ ਉਹਦਾ ਨਾਉਂ ਨਹੀਂ ਜਾਣਦਾ ਸਾਂ। ਨਾ ਹੀ ਮੈਨੂੰ ਇਹ ਪਤਾ ਸੀ

ਕਿ ਉਹਦਾ ਪਿੰਡ ਕਿਹੜਾ ਹੈ। ਇਹ ਬੋਰ-ਟੱਟੀ ਲਾਉਂਦਾ ਕਦੇ ਕੋਈ ਮੈਂ ਦੇਖਿਆ ਵੀ ਨਹੀਂ ਸੀ। ਉਸ ਨੂੰ ਮੇਰੇ ਕੋਲ ਮੇਰੇ ਇੱਕ ਮਿੱਤਰ ਨੇ ਭੇਜਿਆ ਸੀ। ਉਸਨੇ ਇਹਨੂੰ ਦੱਸਿਆ ਹੋਵੇਗਾ ਕਿ ਮੈਂ ਮਾਸਟਰ ਹਾਂ। ਨਹੀਂ ਤਾਂ, ਮੇਰੇ ਕੀ ਮੂੰਹ ਉੱਤੇ ਲਿਖਿਆ ਹੋਇਆ ਸੀ ਕਿ ਮੈਂ ਮਾਸਟਰ ਹਾਂ। ਫਲੱਸ਼-ਟੱਟੀ ਦਾ ਅਜੇ ਪ੍ਰਬੰਧ ਨਹੀਂ ਹੋ ਸਕਿਆ ਸੀ। ਉਸ ਉੱਤੇ ਤਾਂ ਖਰਚ ਵੀ ਬਹੁਤ ਆਉਣਾ ਸੀ। ਨਾ ਹੀ ਕੰਮ-ਸਾਰੂ ਜਿਹੀ ਟੱਟੀ ਦਾ ਕੋਈ ਮਜ਼ਾ ਸੀ। ਵਿਹੜੇ ਵਿੱਚ ਮੁਸ਼ਕ ਉੱਭਰਿਆ ਰਹਿੰਦਾ। ਚਾਰ-ਚਾਰ ਦਿਨ ਸਫ਼ਾਈ ਵਾਲੀ ਆਉਂਦੀ ਹੀ ਨਾ। ਇਸ ਲਈ ਇਹ ਬੋਰ-ਟੱਟੀ ਬਣਵਾਉਣ ਲਈ ਮੈਂ ਆਪਣੇ ਕਈ ਰਿਸ਼ਤੇਦਾਰਾਂ-ਮਿੱਤਰਾਂ ਨੂੰ ਕਹਿ ਛੱਡਿਆ ਹੋਇਆ ਸੀ ਕਿ ਉਹ ਇਸ ਤਰ੍ਹਾਂ ਦਾ ਕੋਈ ਬੰਦਾ, ਜਦੋਂ ਵੀ ਮਿਲੇ, ਮੇਰੇ ਕੋਲ ਭੇਜ ਦੇਣ। ਬੋਰ-ਟੱਟੀ ਬਣਾਉਣ ਵਾਲਾ ਕਿਤੇ-ਕਿਤੇ ਕਦੇ-ਕਦੇ ਹੀ ਏਧਰ ਕੋਈ ਮਿਲਦਾ ਹੈ। ਇਹ ਕੰਮ ਹਰ ਕਿਸੇ ਦੇ ਕਰਨ ਦਾ ਨਹੀਂ। ਪੈਸੇ ਤਹਿ ਕਰਨ ਦੀ ਗਰਜ਼ ਨਾਲ ਮੈਂ ਉਹਦੇ ਨਾਲ ਪਹਿਲਾਂ ਏਧਰ-ਓਧਰ ਦੀਆਂ ਗੱਲਾਂ ਮਾਰਨ ਲੱਗਿਆ। ਪੁੱਛਿਆ-'ਬਾਈ ਸਿਆਂ, ਤੇਰਾ ਪਿੰਡ ਕਿਹੜਾ ਐ?'

'ਪਿੰਡ ਤਾਂ ਐਧਰ ਮਾਨਸਾ ਕੰਨੀ ਐ ਮੇਰਾ।' ਉਹ ਬੋਲਿਆ।

'ਫੇਰ ਵੀ, ਪਿੰਡ ਦਾ ਨਾਉਂ ਕੀ ਐ।'

'ਮੌੜ ਮੰਡੀ ਤੋਂ ਉਰੇ ਜੇ ਬੱਸ।'

'ਕਿੱਥੇ ਮੌੜ ਮੰਡੀ, ਕਿੱਥੇ ਮਾਨਸਾ। ਫੇਰ ਵੀ?'

ਮਾਈਸਰ ਖਾਨੇ ਕੋਲ।'

'ਕੁੱਤੀਵਾਲ।'

ਪਿੰਡ ਦਾ ਨਾਉਂ ਸੁਣ ਕੇ ਅਸੀਂ ਸਾਰੇ ਹੱਸ ਪਏ। ਮਜ਼ਦੂਰ ਮੁੰਡਾ ਕਹਿੰਦਾ-'ਤਾਂ ਈ ਨ੍ਹੀ ਸੀ ਦੱਸਦਾ।'

'ਜਿਹੜਾ ਨੌਂ ਧਰ 'ਤਾ ਅਗਲਿਆਂ ਨੇ, ਧਰ 'ਤਾ। ਹੁਣ ਬਦਲਿਆ ਥੋੜ੍ਹਾ ਜਾਂਦਾ।' ਉਹਨੇ ਤਰਕ ਦਿੱਤਾ।

ਹੁਣ ਉਨ੍ਹਾਂ ਨੇ ਬਾਲਟੀ ਨਾਲ ਰੱਸਾ ਬੰਨ੍ਹ ਲਿਆ। ਥੱਲਿਓਂ ਉਹ ਮਿੱਟੀ ਦੀ ਬਾਲਟੀ ਭਰਦਾ ਤੇ ਮਜ਼ਦੂਰ ਮੁੰਡਾ ਬਾਲਟੀ ਨੂੰ ਉਤਾਂਹ ਖਿੱਚ ਕੇ ਇਕ ਪਾਸੇ ਢੇਰੀ ਕਰ ਦਿੰਦਾ।

'ਤੇਰਾ ਨਾਂ ਕੀ ਐ?' ਮੈਂ ਪੁੱਛਿਆ।

'ਕਰਨੈਲ ਵੀ ਕਹਿ ਦਿੰਦੇ ਐ, ਜਮਾਲੂ ਵੀ ਕਹਿ ਦਿੰਦੇ ਐ।' ਉਹਨੇ ਸਹਿਜ-ਭਾਅ ਜਵਾਬ ਦਿੱਤਾ।

'ਇਹ ਦੋ ਨਾਉਂ ਕਿਵੇ?'

'ਮਾਪਿਆਂ ਨੇ ਜਮਾਲੂ ਰੱਖਿਆ ਸੀ। ਵੱਢਾ-ਟੁੱਕੀ ਵੇਲੇ ਅਸੀਂ ਐਧਰ ਈ ਰਹਿ ਪੇ। ਫੇਰ ਮੇਰਾ ਨਾਉਂ ਕਰਨੈਲ ਧਰ ਲਿਆ। ਜੈਸਾ ਦੇਸ, ਵੈਸਾ ਭੇਸ। ਪਿੰਡ ਦੇ ਲੋਕ ਮੈਨੂੰ ਕਰਨੈਲ ਈ ਕਹਿੰਦੇ ਐ। ਮੇਰੀ ਮਾਂ ਮੈਨੂੰ ਜਮਾਲੂ ਆਖਦੀ ਐ।' ਉਹ ਗੱਲਾਂ ਕਰਨ ਲੱਗਿਆ ਜਿਵੇਂ ਕੋਈ ਪਰੀ-ਕਹਾਣੀ ਸੁਣਾ ਰਿਹਾ ਹੋਵੇ।

'ਪਿਓ ਹੈਗਾ?'

'ਨਾ ਜੀ, ਉਹ ਤਾਂ ਕਦੋਂ ਦਾ ਗੁਜ਼ਰ ਗਿਆ। ਮਾਂ ਐ ਬੱਸ। ਹੋਰ ਕੋਈ ਨਾ ਭੈਣ, ਨਾ ਭਾਈ।'

'ਮਾਂ ਦੀ ਉਮਰ ਖਾਸੀ ਹੋਣੀ ਐ?'

'ਹਾਂ, ਚਾਲੀ ਸਾਲ ਦਾ ਤਾਂ ਮੈਂ ਹੋ ਚੱਲਿਆਂ। ਮਾਂ ਸੱਠ ਤੋਂ ਉੱਤੇ ਦੀ ਐ। ਊਂ ਤਕੜੀ ਐ। ਰੋਟੀ-ਟੁੱਕ ਦਾ ਸਾਰਾ ਕਰ ਲੈਂਦੀ ਐ?'

'ਤੂੰ ਵਿਆਹ ਨ੍ਹੀ ਕਰਵਾਇਆ ਫੇਰ?'

'ਵਿਆਹ ਨ੍ਹੀ ਹੋਇਆ ਮੇਰਾ। ਸਾਡੀ ਜਾਤ-ਬਰਾਦਰੀ ਦਾ ਘਰ ਕਿਸੇ ਪਿੰਡ ਈ ਐ।'

'ਫੇਰ ਤਾਂ ਮੇਰੇ ਵਰਗਾ ਈ ਨੰਗ-ਮਲੰਗ ਐਂ।' ਮਜ਼ਦੂਰ ਮੁੰਡੇ ਨੇ ਕਿਹਾ।

'ਤੂੰ ਤਾਂ ਕਿਉਂ ਨੰਗ-ਮਲੰਗ ਐਂ ਭਾਈ। ਤੇਰੀ ਉਮਰ ਤਾਂ ਮਸਾਂ ਬਾਈ-ਤੇਈ ਸਾਲ ਹੋਣੀ ਐ। ਤੇਰੀ ਤਾਂ ਕਿਹੜੀ ਉਮਰ ਐ ਅਜੇ ਭਾਈ? ਕਰਨੈਲ ਨੇ ਉਹਦੀ ਟਿੱਚਰ ਦਾ ਗੁੱਸਾ ਨਹੀਂ ਮੰਨਿਆ।

ਰੋੜਾਂ ਵਾਲੀ ਮਿੱਟੀ ਪੁੱਟਣੀ ਬਹੁਤ ਔਖੀ ਲੱਗ ਰਹੀ ਹੋਵੇਗੀ। ਉਹ ਬਾਹਰ ਨਿਕਲਿਆ ਤੇ ਬੀੜੀ ਲਾ ਕੇ ਬੈਠ ਗਿਆ। ਗਰਮੀ ਦਾ ਮੌਸਮ ਸੀ। ਮੈਂ ਉਹਨੂੰ ਪੁੱਛਿਆ- 'ਥੱਲੇ ਹਵਾ ਤਾਂ ਭੋਰਾ ਵੀ ਨ੍ਹੀ ਜਾਂਦੀ। ਸਾਹ ਘੁੱਟਦਾ ਹੋਣੈ ਤੇਰਾ?'

'ਨਹੀਂ, ਗਰਮੀ ਤਾਂ ਉੱਤੇ ਈ ਐ। ਥੱਲੇ ਤਾਂ ਠੰਢ ਰਹਿੰਦੀ ਐ। ਉੱਤੇ ਨਾਲੋਂ 'ਰਾਮ ਐ ਸਗਾਂ ਦੀ।' ਬੀੜੀ ਪੀ ਰਿਹਾ ਉਹ ਮੈਨੂੰ ਬਾਂਦਰ ਜਿਹਾ ਲੱਗ ਰਿਹਾ ਸੀ। ਕਾਲਾ ਬਾਂਦਰ। ਉਹਦਾ ਸਰੀਰ ਛੀਂਟਕਾ ਸੀ। ਅੱਖਾਂ ਨਿੱਕੀਆਂ ਨਿੱਕੀਆਂ। ਮਿੱਟੀ ਪੁੱਟਦੇ ਦਾ ਜ਼ੋਰ ਲੱਗਣ ਕਰਕੇ ਉਹਦੀਆਂ ਅੱਖਾਂ ਗਹਿਰੀਆਂ ਹੋ ਚੁੱਕੀਆਂ ਸਨ। ਮੇਰੇ ਮਨ ਵਿੱਚ ਇੱਕ ਤੌਖ਼ਲਾ ਜਿਹਾ ਬੈਠਾ ਹੋਇਆ ਸੀ ਕਿ ਮਿੱਟੀ ਰੋੜਾਂ ਵਾਲੀ ਹੈ ਤੇ ਸਖ਼ਤ ਹੈ। ਰੋੜਾਂ ਤੋਂ ਅੱਗੇ ਜੋ ਚਿੱਕਣੀ ਮਿੱਟੀ ਆਵੇਗੀ ਤੇ ਫੇਰ ਪਾਂਡੂ ਦਾ ਜੱਕ। ਇਹਨੂੰ ਦੋ ਦਿਨ ਤਾਂ ਸੋਬਤੀ ਲੱਗ ਜਾਣਗੇ। ਤੇ ਫੇਰ ਪਤਾ ਨਹੀਂ, ਕਿੰਨੇ ਕੁ ਪੈਸੇ ਮੰਗ ਬੈਠੇ। ਬੀੜੀ ਮੁਕਾ ਕੇ ਉਹ ਮਜ਼ਦੂਰ ਮੁੰਡੇ ਵੱਲ ਝਾਕਿਆ, 'ਤੇ ਚੱਲ ਬਈ' ਕਹਿ ਕੇ ਬੋਰ ਵਿੱਚ ਉਤਰ ਗਿਆ। ਮੈਂ ਮਲਵੀ ਜਿਹੀ ਜੀਭ ਨਾਲ ਪੁੱਛਣ ਲੱਗਿਆ-'ਕਿਉਂ ਬਈ ਕਰਨੈਲ......'

'ਹਾਂ ਜੀ।' ਉਹ ਬੋਰ ਵਿਚੋਂ ਬੋਲਿਆ।

'ਤੂੰ ਦਿਹਾੜੀ ਦੇ ਪੈਸੇ ਲੈਨਾ ਐ ਕਿ ਠੇਕਾ ਹੁੰਦੈ ਤੇਰਾ?'

'ਨਾ ਜੀ, ਠੇਕਾ ਹੁੰਦੈ।'

'ਕਿੰਨੇ ਰੁਪਏ?' ਮੈਂ ਝੱਟ ਦੇ ਕੇ ਪੁੱਛ ਲਿਆ।

'ਚਾਲੀ ਰੁਪਈਏ।'

'ਦਿਨ ਚਾਹੇ ਕਿੰਨੇ ਲੱਗ ਜਾਣ?'

'ਹਾਂ, ਦਿਨ ਤਾਂ ਚਾਹੇ ਇੱਕ ਲੱਗੇ, ਦੋ ਲੱਗਣ, ਪਰ ਪਾਣੀ-ਹਾਂਡੇ ਕਰਨ ਦੀ ਸ਼ਰਤ ਐ। ਪਾਣੀ ਨਾ ਨਿਕਲੇ ਤਾਂ ਪੱਚੀ ਫੁੱਟ 'ਤੇ ਛੱਡ ਦੇਈਦੀ ਐ।'

ਮੈਨੂੰ ਪਤਾ ਸੀ, ਪਾਣੀ ਐਡੀ ਛੇਤੀ ਨਹੀਂ ਨਿਕਲੇਗਾ। ਮੈਂ ਪੁੱਛਿਆ-'ਪਾਣੀ ਨਾ ਨਿੱਕਲੇ ਤਾਂ ਪੱਚੀ ਫੁੱਟ ਬੋਰ ਬਹੁਤ ਹੁੰਦੈ?'

'ਹਾਂ ਜੀ, ਪੱਚੀ ਫੁੱਟ ਤਾਂ ਵਾਧੂ ਐ। ਦਸ ਸਾਲ ਦੀ ਗਰੰਟੀ ਐ। ਵੱਧ ਵੀ ਚੱਲ ਜਾਂਦੀ ਐ।'

ਮੇਰਾ ਸੰਸਾ ਮੁੱਕ ਗਿਆ। ਚੱਲ, ਪੱਚੀ ਫੁੱਟ ਤਾਂ ਕਰੇਗਾ ਹੀ। ਪਾਣੀ ਨਹੀਂ ਨਿਕਲਦਾ, ਨਾ ਨਿਕਲੇ। ਦਿਨ ਇੱਕ ਲਾਵੇ। ਦੋ ਲਾਵੇ। ਪਰ ਨਾਲ ਦੀ ਨਾਲ ਸੋਚਿਆ, ਦਿਹਾੜੀ ਜੇ ਦੂਜੀ ਵੀ ਲੱਗ ਗਈ ਤਾਂ ਮਜ਼ਦੂਰ ਤਾਂ ਰੱਖਣਾ ਹੀ ਪਵੇਗਾ।

ਦਸ ਵਜੇ ਦੀ ਚਾਹ ਦਾ ਵੇਲਾ ਹੋ ਗਿਆ। ਚਾਹ ਬਣਵਾ ਕੇ ਤੇ ਗਿਲਾਸਾਂ ਵਿੱਚ ਪਾ ਕੇ ਮੈਂ ਓਧਰ ਲੈ ਗਿਆ। ਮੈਂ ਖ਼ੁਦ ਵੀ ਇੱਕ ਗਿਲਾਸ ਲੈ ਕੇ ਉਨ੍ਹਾਂ ਕੋਲ ਬੈਠ ਗਿਆ। ਕਰਨੈਲ ਨੇ ਗੱਲ ਛੇੜੀ–'ਮਾਸਟਰ, ਸੋਭਾ ਤਾਂ ਬੜੀ ਸੁਣੀ ਐ ਤੇਰੀ।'

'ਕਿਵੇਂ?' ਮੈਂ ਪੁੱਛਿਆ।'

'ਕਹਿੰਦੇ, ਖ਼ਬਰਾਂ 'ਚ ਬੜੇ ਲੇਖ ਛਪਦੇ ਨੇ ਤੇਰੇ। ਕਿਤਾਬਾਂ ਵੀ ਲਿਖਦੈਂ ਤੂੰ।'

'ਹਾਂ ਤੈਨੂੰ ਕੀਹਨੇ ਦੱਸਿਐ?'

'ਨਾਮਾਜਾਦੀ ਕਿਤੇ ਲੁਕੀ–ਛਿਪੀ ਰਹਿੰਦੀ ਐ ਭਰਾਵਾ? ਤੇਰਾ ਨਾਂ ਤਾਂ ਸਾਰੇ ਉੱਘਾ ਐ। ਆਪ ਨ੍ਹੀ ਪੜ੍ਹਨਾ ਔਂਦਾ ਤਾਂ ਲੋਕਾਂ ਕੋਲੋਂ ਸੁਣ ਲਈਂਦੈ ਖ਼ਬਾਰ।'

ਮੈਂ ਅੰਦਾਜ਼ਾ ਲਾਇਆ ਕਿ ਮੇਰੇ ਦੋਸਤ ਨੇ ਇਹਦੇ ਕੋਲ ਮੇਰੀ ਠੁੱਕ ਬੰਨ੍ਹੀ ਹੋਵੇਗੀ।

ਉਹ ਫਿਰ ਪੁੱਛਣ ਲੱਗਿਆ–'ਫੇਰ ਤਾਂ ਸਾਰੇ ਅਫ਼ਸਰ ਜਾਣਦੇ ਹੋਣਗੇ ਤੈਨੂੰ?' ਆਪ ਹੀ ਜਵਾਬ ਵੀ ਦੇ ਲਿਆ–'ਕਿਵੇਂ ਨਾ ਜਾਣਦੇ ਹੋਣ, ਜਦੋਂ ਐਨੀ ਪਰਸਿੱਧੀ ਐ।'

ਮੈਂ ਚੁੱਪ ਕੀਤਾ ਚਾਹ ਪੀਂਦਾ ਰਿਹਾ। ਬੋਲਿਆ ਕੁਝ ਨਾ।

ਚਾਹ ਪੀ ਕੇ ਉਹਨੇ ਬੀੜੀ ਲਾ ਲਈ। ਮੈਂ ਖਾਲੀ ਗਿਲਾਸ ਚੁੱਕੇ ਤੇ ਏਧਰ ਆ ਗਿਆ। ਉਹ ਆਪਣੇ ਕੰਮ ਵਿੱਚ ਜੁੱਟ ਗਏ।

ਬਾਰਾਂ ਵਜੇ ਮਜ਼ਦੂਰ ਦੋ ਘੰਟਿਆਂ ਦੀ ਛੁੱਟੀ ਕਰਕੇ ਚਲਿਆ ਗਿਆ ਤਾਂ ਮੈਂ ਕਰਨੈਲ ਨੂੰ ਰੋਟੀ ਖਵਾ ਦਿੱਤੀ। ਰੋਟੀ ਖਾ ਕੇ ਉਹਨੇ ਬੀੜੀ ਪੀਤੀ ਤੇ ਫੇਰ ਓਧਰ ਹੀ ਵਿਹੜੇ ਵਿੱਚ ਕੰਧ ਦੀ ਛਾਂ ਹੇਠ ਆਪਣਾ ਚਾਦਰਾ ਵਿਛਾ ਕੇ ਪੈ ਗਿਆ। ਮੈਂ ਚੋਰ ਅੱਖ ਨਾਲ ਮਿੱਟੀ ਦਾ ਢੇਰ ਦੇਖਿਆ, ਮਿੱਟੀ ਅਜੇ ਵੀ ਰੋੜਾਂ ਵਾਲੀ ਸੀ। ਮੈਂ ਉਸ ਪਤਲੇ ਸੀਖ ਜਿਹੇ ਬੰਦੇ ਵੱਲ ਦੇਖਕੇ ਹੈਰਾਨ ਹੋਇਆ। ਬੰਦਾ ਕਾਹਦਾ, ਇਹ ਤਾਂ ਲੋਹੇ ਦੀ ਵਰਮੀ ਹੈ। ਕਿਵੇਂ ਲੋਹੇ ਵਰਗੀ ਰੋੜਾਂ ਵਾਲੀ ਧਰਤੀ ਨੂੰ ਚੀਰਦਾ ਤੁਰਿਆ ਜਾ ਰਿਹਾ ਹੈ। ਰੱਸਾ ਲੈ ਕੇ ਮੈਂ ਬੋਰ ਵਿੱਚ ਵਗਾਇਆ ਤੇ ਫੇਰ ਉਸਨੂੰ ਬਾਹਰ ਕੱਢ ਕੇ ਮਿਣਿਆ। ਬੋਰ ਤਾਂ ਅਜੇ ਮਸਾਂ ਨੌਂ ਫੁੱਟ ਹੀ ਪੁੱਟਿਆ ਗਿਆ ਸੀ।

ਕਰਨੈਲ ਡੇਢ ਕੁ ਵਜੇ ਹੀ ਉੱਠ ਬੈਠਾ। ਪਾਣੀ ਮੰਗਿਆ ਤੇ ਫੇਰ ਬੀੜੀ ਲਾ ਲਈ। ਮੈਂ ਉਹਦੇ ਕੋਲ ਜਾ ਬੈਠਾ। ਪੁੱਛਣ ਲੱਗਿਆ–'ਕਿਉਂ ਕਰਨੈਲ, ਮਹੀਨੇ 'ਚ ਕਿੰਨੀਆਂ ਟੱਟੀਆਂ ਬਣਾ ਦਿੰਨੈ?'

'ਕੰਮ ਮਿਲਦਾ ਰਹੇ, ਤਾਂ ਦਸ–ਦਸ, ਬਾਰਾਂ–ਬਾਰਾਂ ਬਣਾ ਲਈਦੀਆਂ ਨੇ। ਮੌਕਾ ਲੱਗੇ ਦੀ ਗੱਲ ਐ, ਭਰਾਵਾ। ਕਦੇ–ਕਦੇ ਤਿੰਨ ਤਿੰਨ ਮਹੀਨੇ ਵਿਹਲਾ ਈ ਰਹੀਦੈ। ਇੱਕ ਵੀ ਬੋਰ ਨ੍ਹੀ ਮਿਲਦਾ।'

'ਕੰਮ ਇਹ ਔਖਾ ਬਹੁਤ ਐ।' ਮੈਂ ਕਿਹਾ।

'ਇਹ ਕੱਚੀ–ਕੁਹਾਰ ਹੁੰਦੀ ਹੈ। ਜਦੋਂ ਖਾਸੀ ਡੂੰਘੀ ਚਲੀ ਜਾਂਦੀ ਐ, ਥੋਨੂੰ ਡਰ ਨ੍ਹੀ ਲੱਗਦਾ?'

'ਡਰ ਕਿਵੇਂ?'

'ਜੇ ਢਿੱਗ ਡਿੱਗ ਪਏ, ਫੇਰ?'

'ਅੱਜ ਤਾਈ ਤਾਂ ਡਿੱਗੀ ਨ੍ਹੀ ਢਿੱਗ, ਕੱਲ੍ਹ ਦਾ ਪਤਾ ਨ੍ਹੀ। ਐਧਰ ਰਾਜਸਥਾਨ 'ਚ ਗੰਗਾਨਗਰ ਕੰਨੀ ਜਿੱਥੇ ਰੇਤਾ ਈ ਰੇਤਾ ਐ, ਓਧਰ ਤਾਂ ਢਿੱਗਾਂ ਡਿੱਗਣ ਦਾ ਖ਼ਤਰਾ ਰਹਿੰਦੈ। ਪਰ ਨਹੀਂ, ਥੱਲੇ ਗਿੱਲੀ ਮਿੱਟੀ ਹੁੰਦੀ ਐ। ਛੇਤੀ-ਛੇਤੀ ਢਿੱਗ ਡਿੱਗਦੀ ਨ੍ਹੀ।'

'ਊਂ 'ਜੇ ਡਿੱਗ ਪਵੇ, ਬੰਦਾ ਬਚਦਾ ਤਾਂ ਨ੍ਹੀ।'

'ਬਚਣਾ, ਕਾਹਦਾ ਜੀ।'

'ਤੂੰ ਸੁਣਿਐ ਕੋਈ, ਇਉਂ ਮਰਿਆ?'

'ਹਾਂ, ਕਦੇ ਕਦੇ, ਹੋ ਜਾਂਦੀ ਐ ਕੁਦਰਤ।' ਉਹ ਉਦਾਸ ਹੋ ਗਿਆ।

ਅਸੀਂ ਗੱਲਾਂ ਕਰ ਰਹੇ ਸਾਂ ਕਿ ਮਜ਼ਦੂਰ ਆ ਗਿਆ। ਉਹ ਕੰਮ ਕਰਨ ਲੱਗੇ ਤੇ ਮੈਂ ਕਮਰੇ ਵਿੱਚ ਪੱਖਾਂ ਛੱਡ ਕੇ ਪੈ ਗਿਆ। ਮੇਰੇ ਸੁੱਤੇ ਪਏ ਹੀ ਤਿੰਨ ਕੁ ਵਜੇ ਘਰ ਵਾਲੀ ਨੇ ਚਾਹ ਬਣਾਈ। ਛੋਟੇ ਮੁੰਡੇ ਨੇ ਉਨ੍ਹਾਂ ਦੋਵਾਂ ਨੂੰ ਚਾਹ ਪਿਆ ਦਿੱਤੀ। ਮੈਂ ਅਚਾਨਕ ਹੀ ਉੱਠਿਆ। ਚਾਹ ਬਣੀ ਦੇਖ ਕੇ, ਚਾਹ ਪੀ ਲਈ। ਬੋਰ ਵੱਲ ਗੇੜਾ ਮਾਰਿਆ ਤੇ ਕਮਰੇ ਵਿੱਚ ਆ ਕੇ ਦੁਬਾਰਾ ਪੱਖਾ ਛੱਡ ਲਿਆ। ਆਲਸ ਜਿਹੀ ਚੜ੍ਹੀ ਹੋਈ ਸੀ। ਅੱਖ ਲੱਗਦੀ ਸੀ, ਨਹੀਂ ਵੀ ਲੱਗਦੀ ਸੀ। ਆਲਸ ਬੇਚੈਨੀ ਵਿੱਚ ਬਦਲਣ ਲੱਗੀ। ਮੰਜੇ ਉੱਤੇ ਪਏ-ਪਏ ਮੇਰੇ ਮਨ ਵਿੱਚ ਇੱਕ ਡਰ ਜਿਹਾ ਜਾਗਣ ਲੱਗਿਆ। ਕਿਤੇ ਕਰਨੈਲ ਉੱਤੇ ਕੋਈ ਢਿੱਗ ਨਾ ਡਿੱਗ ਪਏ। ਮੈਂ ਕਮਰੇ ਵਿਚੋਂ ਬਾਹਰ ਹੋਇਆ ਤੇ ਏਧਰ ਓਧਰ ਵਿਹੜੇ ਵਿੱਚ ਜਾ ਕੇ ਬੋਰ ਵਿੱਚ ਨਿਗਾਹ ਮਾਰੀ। ਸੱਬਲ ਦੀ ਆਵਾਜ਼ ਬਾਹਰ ਤੱਕ ਆ ਰਹੀ ਸੀ। ਕਰਨੈਲ ਕਿਧਰੇ ਨਹੀਂ ਦਿਸ ਰਿਹਾ ਸੀ। ਅੱਖਾਂ ਉੱਤੇ ਹੱਥ ਦਾ ਛੱਪਰ ਬਣਾ ਕੇ ਮੈਂ ਗਹੁ ਨਾਲ ਦੇਖਿਆ, ਉਹ ਬਹੁਤ ਦੂਰ ਥੱਲੇ ਹਿੱਲ ਜਿਹਾ ਰਿਹਾ ਸੀ। ਮੈਂ ਪੁੱਛਿਆ-ਕਿੰਨੇ ਕੁ ਫੁੱਟ ਹੋ ਗਿਆ?'

'ਮਿਣ ਲੈਨੇ ਆ। ਥੱਲਿਓਂ ਉਹਦਾ ਹਫਦਾ ਹੋਇਆ ਬੋਲ ਆਇਆ ਤੇ ਫੇਰ ਬੋਰ ਵਿਚੋਂ ਹੀ ਡੇਢ-ਡੇਢ, ਦੋ-ਦੋ ਫੁੱਟ ਦੀ ਵਿਥ ਉੱਤੇ ਬਣਾਏ ਫੌਂਢਿਆਂ ਵਿੱਚ ਪੈਰ ਅੜਾ ਕੇ ਉਤਾਂਹ ਚੜ੍ਹਦਾ ਉਹ ਬਾਹਰ ਆ ਗਿਆ। ਰੱਸਾ ਲੈ ਕੇ ਥੱਲੇ ਵਗਾਇਆ ਤੇ ਫੇਰ ਨਿਸ਼ਾਨੀ ਰੱਖ ਕੇ ਕੁਹਣੀ ਤੋਂ ਹਿੱਕ ਤੱਕ ਦੇ ਪੈਮਾਨੇ ਨਾਲ ਰੱਸੇ ਨੂੰ ਮਿਣਨ ਲੱਗਿਆ। ਉਹਦੇ ਹਿਸਾਬ ਨਾਲ ਸੋਲਾਂ ਫੁੱਟ ਬੋਰ ਹੋ ਗਿਆ ਸੀ।

'ਫੇਰ ਤਾਂ ਮਾਰ ਲਿਆ ਮੋਰਚਾ!' ਮੈਂ ਉਸਦਾ ਹੌਂਸਲਾ ਵਧਾਇਆ।

ਉਹਨੇ ਪਾਣੀ ਦਾ ਗਿਲਾਸ ਮੰਗਿਆ। ਪਾਣੀ ਪੀ ਕੇ ਬੀੜੀ ਸੁਲਗਾ ਲਈ। ਮਿੱਟੀ ਵਿਚੋਂ ਇੱਕ ਡਲੀ ਚੁੱਕ ਕੇ ਕਹਿਣ ਲੱਗਿਆ-'ਬੱਸ ਹੁਣ ਪਾਂਡੂ ਔਣ ਵਾਲੈ। ਪਾਂਡੂ ਤੋਂ ਬਾਅਦ ਬਰੇਤੀ ਆਊ ਫੇਰ। ਬਰੇਤੀ ਪਿੱਛੋਂ ਪਾਣੀ।'

ਮੈਂ ਦੇਖਿਆ, ਉਹਦੀਆਂ ਅੱਖਾਂ ਹੁਣ ਲਾਲ-ਝਰੰਗ ਸਨ। ਉਹਦੇ ਚੇਹਰੇ ਦਾ ਲਹੂ ਜਿਵੇਂ ਸੂਤਿਆ ਗਿਆ ਹੋਵੇ। ਡੱਡੂ ਵਰਗਾ ਪੀਲਾ ਨਿੱਕਲ ਆਇਆ ਸੀ। ਬੋਰ ਮਸਾਂ ਡੇਢ ਫੁੱਟ ਚੌੜਾ ਹੋਵੇਗਾ। ਮੈਂ ਉਹਨੂੰ ਪੁੱਛਿਆ-'ਕਰਨੈਲ, ਐਨੇ ਕੁ ਥਾਂ 'ਚ ਤਾਂ ਤੂੰ ਥੱਲੇ ਬੈਠਦਾ ਮਸਾਂ ਹੋਵੇਂਗਾ। ਸੱਬਲ ਕਿੱਥੇ ਦੀ ਚਲੌਂਨੇ ਤੇ ਫੇਰ ਬਾਲਟੀ ਕਿਵੇਂ ਭਰਦੈ?'

'ਅਹਿ ਗੋਡਿਆਂ ਨੂੰ ਹਿੱਕ ਨਾਲ ਜੋੜ ਲਈਦੈ। ਪੈਰਾਂ ਵਿੱਚ ਸੱਬਲ ਮਾਰੀਂ ਜਾਨਾਂ, ਨਾਲ ਦੀ ਨਾਲ ਘੁੰਮਦੇ ਵੀ ਰਹੀਦੈ। ਖੂੰਜਿਆਂ 'ਚੋਂ ਵੀ ਮਿੱਟੀ ਖੁਰਚੀਂ ਦੀ ਐ। ਫੇਰ ਪੱਟਾਂ ਵਿਚਾਲੇ ਬਾਲਟੀ ਲੈ ਕੇ ਤੇ ਘੁੰਮ ਘੁੰਮ ਕੇ ਬਾਟੀ ਨਾਲ ਮਿੱਟੀ ਚੱਕ ਚੱਕ ਪੌਂਦਾ ਜਾਨਾਂ।'

ਉਹਦੀ ਕਠਨ-ਤਪੱਸਿਆ ਵਾਲੀ ਇਸ ਕਮਾਈ ਨੂੰ ਦੇਖ ਕੇ ਮੈਂ ਹੈਰਾਨ ਸਾਂ। ਢਿੱਡ ਦੀ ਖ਼ਾਤਰ ਬੰਦੇ ਨੂੰ ਕੀ ਕੁਝ ਕਰਨਾ ਪੈਂਦਾ ਹੈ।

ਸ਼ਾਮ ਦੇ ਛੇ ਵਜੇ ਤੱਕ ਉਹ ਬਾਈ ਫੁੱਟ ਬੋਰ ਕਰ ਚੁੱਕਿਆ ਸੀ। ਮਜ਼ਦੂਰ ਮੁੰਡਾ ਛੁੱਟੀ ਕਰ ਗਿਆ। ਕਰਨੈਲ ਨੇ ਅੱਗੇ ਵਰਗਾ ਪਾਣੀ ਤੱਤਾ ਕਰਵਾਇਆ। ਵੱਡੀ ਬਾਲਟੀ ਭਰ ਕੇ ਵਿੱਚ ਲੂਣ ਸੁੱਟ ਲਿਆ। ਗੁਸਲਖਾਨੇ ਵਿੱਚ ਵੜ ਕੇ ਮਲ-ਮਲ ਕੇ ਨ੍ਹਾਤਾ। ਤੇ ਫੇਰ ਸਾਰੇ ਪਿੰਡੇ ਉੱਤੇ ਸਰੋਂ ਦਾ ਤੇਲ ਮਲਿਆ। ਸਿਰ ਨੂੰ ਤੇਲ ਲਾ ਕੇ ਇੱਕ-ਇੱਕ ਉਂਗਲ ਕੰਨਾਂ ਵਿੱਚ ਵੀ ਲਾ ਲਈ। ਰੋਟੀ ਬਣ ਚੁੱਕੀ ਸੀ। ਰੋਟੀ ਖਾ ਕੇ ਉਹਨੇ ਕੁੜਤਾ ਝਾੜਿਆ ਤੇ ਗਲ ਪਾ ਲਿਆ। ਚਾਦਰਾ ਪਹਿਲਾਂ ਹੀ ਬੰਨ੍ਹਿਆ ਹੋਇਆ ਸੀ। ਝਾੜ-ਸੰਵਾਰ ਕੇ ਸਾਫਾ ਵੀ ਬੰਨ੍ਹ ਲਿਆ। ਬੀੜੀ ਲਾਈ ਤੇ ਪੈਰੀਂ ਜੋੜੇ ਪਾ ਕੇ ਬਾਹਰ ਹੋ ਗਿਆ।

'ਬੋਰ ਨੇੜੇ ਕਿਸੇ ਜਵਾਕ ਨੂੰ ਨਾ ਜਾਣ ਦਈਂ ਮਾਸਟਰ' ਜਾਂਦਾ ਜਾਂਦਾ ਉਹ ਮੈਨੂੰ ਕਹਿ ਗਿਆ।

ਦੋ ਘੰਟੇ ਲਾ ਕੇ ਉਹ ਮੁੜਿਆ ਤਾਂ ਮੈਂ ਪੁੱਛਿਆ-'ਕਿਧਰ ਗੇੜਾ ਮਾਰ ਆਇਆ?'

'ਬੱਸ ਐਮੇਂ, ਮਖਿਆ, ਬਾਜ਼ਾਰ ਦੀ ਸੈਰ ਕਰ ਲੀਏ।'

'ਕੀ ਕੀ ਦੇਖਿਆ, ਫੇਰ?'

'ਬੱਸ' ਟੇਸ਼ਨ ਤੇ ਬੈਠਾ ਰਹਿਆ ਮੈਂ ਤਾਂ। ਗੱਡੀ ਦੀਆਂ ਸਵਾਰੀਆਂ ਦੇਖ ਲੀਆਂ।'

ਉਹਦੀਆਂ ਗੱਲਾਂ ਸੁਣ ਕੇ ਮੈਂ ਹੱਸਣ ਲੱਗਿਆ। ਓਧਰ ਵਿਹੜੇ ਵਿੱਚ ਹੀ ਉਹਦਾ ਮੰਜਾ-ਬਿਸਤਰਾ ਸੀ। ਉਹਨੂੰ ਮੈਂ ਦੁੱਧ ਦਾ ਅੱਧਾ ਗਿਲਾਸ ਫੜਾਇਆ ਤਾਂ ਉਹ ਕਹਿੰਦਾ-'ਐਨੀ ਖੇਚਲ ਕਾਹਨੂੰ ਕਰਨੀ ਸੀ, ਮਾਸਟਰ?'

ਉਹਦੇ ਕੋਲੋਂ ਖ਼ਾਲੀ ਗਿਲਾਸ ਲੈ ਕੇ ਮੈਂ ਆਉਣ ਲੱਗਿਆ ਤਾਂ ਉਹ ਕਹਿੰਦਾ-'ਕੱਲ ਨੂੰ ਮਜ਼ਦੂਰ ਤਾਂ ਕੀ ਕਰਨੈ, ਮਾਸਟਰ। ਪਾਂਡੂ 'ਚ ਬਰੇਤੀ ਦੀ ਅਣਸ ਔਣ ਲੱਗ ਪੀ। ਪਾਣੀ ਨਾ ਥਿਆਇਆ ਤਾਂ ਪੱਚੀ ਫੁੱਟ 'ਤੇ ਬੰਦ ਕਰ ਦਿਆਂਗੇ। ਤਿੰਨ ਕੁ ਫੁੱਟ ਹੋਰ ਐ। ਤੂੰ ਈ ਕਰ ਲਈਂ ਖੇਚਲ। ਐਡਾ ਔਖਾ ਕੰਮ ਨੀ। ਛੋਟਾ ਕਾਕਾ ਹੈਗਾ। ਇਹ ਵੀ ਪਵਾਊ ਹੱਥ। ਅੱਡਾ ਵੀ ਆਪਾਂ ਈ ਬਣਾ ਲਾਂਗੇ। ਤੈਨੂੰ ਬਹੁਤਾ ਔਖਾ ਨ੍ਹੀ ਕਰਦੇ।'

ਦੂਜੇ ਦਿਨ ਦੁਪਹਿਰ ਤੱਕ ਅਸੀਂ ਸਾਰਾ ਕੰਮ ਨਿਬੇੜ ਲਿਆ। ਉਹ ਨਹਾ ਲਿਆ। ਮੈਂ ਰੋਟੀ ਪਾ ਦਿੱਤੀ। ਰੋਟੀ ਖਾ ਕੇ ਪੈਸੇ ਲੈਣ ਤੋਂ ਪਹਿਲਾਂ ਉਹਨੇ ਗੱਲ ਛੇੜੀ।

'ਮਾਸਟਰ' ਖਬਾਰਾਂ 'ਚ ਤੇਰੇ ਲੇਖ ਛਪਦੇ ਨੇ। ਸਾਰੇ ਅਬਸਰ ਤੈਨੂੰ ਜਾਣਦੇ ਨੇ। ਇੱਕ ਸਾਡਾ ਵੀ ਕੰਮ ਕਰ ਦੇ। ਲਾ ਦੇ ਦਮਰਦਾ।'

'ਕੀ ਦੱਸ?' ਮੈਂ ਪੁੱਛਿਆ।

'ਜੇ ਮੈਂ ਕਿਸੇ ਸਕੂਲ 'ਚ ਮਾਲੀ ਲੱਗ ਜਾਂ ਤਾਂ ਵਧੀਆ ਰਹੇ। ਸਾਡੇ ਪਿੰਡ ਬਜ਼ੀਰ ਆਇਆ ਸੀ, ਮੈਂ ਉਹਨੂੰ ਵੀ ਅਰਜ ਕੀਤੀ ਸੀ। ਸਾਡੇ ਲਾਕੇ ਦੇ ਐਮ. ਐਲੇ ਨੂੰ ਤਾਂ ਕਈ ਵਾਰੀ ਮਿਲਿਆ ਮੈਂ। ਰੋਜ਼ਗਾਰ ਦਫ਼ਤਰ ਨੂੰ ਵੀ ਨਾ ਦਿੱਤਾ ਵਿਐ। ਤੂੰ ਜੇ ਮੇਰਾ

ਇਹ ਕੰਮ ਕਰਵਾਦੇਂ ਤਾਂ ਇਹ ਸਭ ਤੋਂ ਵੱਡੀ ਛਾਲ ਐ। ਦਿਨ ਸੁਖਾਲੇ ਨਿੱਕਲ ਜਾਣ। ਮੈਥੋਂ ਹੁਣ ਸੱਬਲ ਚਲਦੀ ਨ੍ਹੀ। ਅਣ-ਸਰਦੇ ਨੂੰ ਕਰੀਦੈ।'

ਪੈਸੇ ਦੇ ਕੇ ਮੈਂ ਉਹਦੇ ਦਿਲ ਧਰਾਇਆ-'ਚੰਗਾ, ਮੈਂ ਪੁੱਛੂੰਗਾ ਕਿਸੇ ਨੂੰ। ਕਿਸੇ ਹੈਡ ਮਾਸਟਰ ਨਾਲ ਗੱਲ ਕਰੂੰਗਾ। ਕੰਮ ਬਣਦਾ ਦਿੱਸਿਆ ਤਾਂ ਤੈਨੂੰ ਪਤਾ ਕਰ ਦੂੰ।'

ਪੈਸੇ ਗਿਣਕੇ ਉਹਨੇ ਪਲਾਸਟਿਕ ਦੇ ਇੱਕ ਨਿੱਕੇ ਲਿਫ਼ਾਫ਼ੇ ਵਿੱਚ ਪਾਏ। ਲਿਫ਼ਾਫ਼ੇ ਦੀ ਦੂਹਰੀ ਤਹਿ ਕੀਤੀ ਤੇ ਉਹਨੂੰ ਜੇਬ ਵਿੱਚ ਪਾ ਲਿਆ। ਉੱਤੇ ਬਕਸੂਆ ਲਾ ਲਿਆ।

ਅਗਲੇ ਪਲ ਹੀ ਉਹ ਆਪਣੀ ਮੋਟੀ-ਭਾਰੀ ਸੱਬਲ ਮੋਢੇ ਧਰੀ ਸਾਡੇ ਘਰੋਂ ਬਾਹਰ ਜਾ ਰਿਹਾ ਸੀ। ਬਾਰ ਵਿੱਚ ਖੜ੍ਹ ਕੇ ਦੂਰ ਤੱਕ ਉਹਨੂੰ ਤੁਰੇ ਜਾਂਦੇ ਨੂੰ ਮੈਂ ਦੇਖਦਾ ਰਿਹਾ। ♦

# ਕੜਬ ਦੇ ਟਾਂਡੇ

ਅੱਖਾਂ ਦੇ ਹੇਠਲੇ ਪਾਸੇ ਅਰਧ-ਚੰਦ ਆਕਾਰ ਦੇ ਕਾਲੇ ਨਿਸ਼ਾਨ, ਸੁੱਕੀਆਂ ਜਾਭਾਂ, ਦੰਦਾਂ ਦਾ ਮਾਸ ਖੁਰਿਆ ਹੋਇਆ ਤੇ ਉਨ੍ਹਾਂ ਦੀਆਂ ਵਿਰਲਾਂ ਵਿੱਚ ਪੀਲਕ ਜੰਮੀ ਹੋਈ। ਛਾਤੀ ਢਿਲਕੀ ਹੋਈ, ਅੱਖਾਂ ਦੀ ਝਾਕਣੀ ਵਿੱਚ ਘੋਰ-ਉਦਾਸੀ, ਤੋਰ ਵਿੱਚ ਕੋਈ ਖਿੱਚ ਨਹੀਂ। ਗੱਲ ਕਰਦੀ, ਜਿਵੇਂ ਘਰੋਂ ਹੀ ਅੱਕੀ ਅਕਾਈ ਆਈ ਹੋਵੇ। ਡਰਾਈਵਰ-ਕੱਟ ਦਾੜ੍ਹੀ-ਮੁੱਛਾਂ ਵਾਲੇ ਇੱਕ ਮਾਸਟਰ ਨੇ ਮਲਕੀਤ ਕੌਰ ਦਾ ਨਾਉਂ ਬਾਲਣ ਕੌਰ ਧਰ ਦਿੱਤਾ।

ਸੁੱਕੀ ਸੜੀ, ਮਰੀ ਖਪੀ, ਵਾਧੂ ਜਿਹੀ ਤੀਵੀਂ, ਨਿਰਾ ਚੁੱਲੇ ਦਾ ਬਾਲਣ-ਹੁਣ ਮੱਚੀ, ਹੁਣ ਮੱਚੀ।

ਓਦਣ ਉਹ ਵਿਆਹ ਕਰਵਾ ਕੇ ਪਹਿਲੇ ਦਿਨ ਸਕੂਲ ਆਈ ਸੀ। ਸਾਂਝੀ-ਵਿਦਿਆ ਦੇ ਸਕੂਲ ਵਿੱਚ ਹੋਰ ਵੀ ਕਈ ਅਧਿਆਪਕਾਵਾਂ ਸਨ ਤੇ ਉਹ ਸਾਰੀਆਂ ਖ਼ੁਸ਼ ਹੀ ਨਹੀਂ, ਸਗੋਂ ਚਾਂਭੜਾਂ ਪਾਉਂਦੀਆਂ ਕਿ ਮਲਕੀਤ ਕੌਰ ਦਾ ਵਿਆਹ ਹੋ ਗਿਆ ਹੈ। ਮਾਸਟਰ ਉਹਦੇ ਵਿਆਹ ਦੀਆਂ ਗੱਲਾਂ ਕਰਦੇ।

'ਮੂੰਹ ਦੇਖ ਬਾਲਣ ਕੁਰ ਦਾ, ਜਿਵੇਂ ਹੱਡਾ-ਰੋੜੀ 'ਚੋਂ ਕੁੱਤੀ ਨਿੱਕਲ ਕੇ ਆਈ ਹੁੰਦੀ ਐ!' ਉਸ ਦੇ ਬੁੱਲ੍ਹਾਂ ਉੱਤੇ ਲੱਗੀ ਗੂੜ੍ਹੀ ਸੁਰਖੀ ਨੂੰ ਦੇਖ ਕੇ, ਤਿੱਖੀਆਂ ਅੱਖਾਂ ਤੇ ਕੱਟੀ ਹੋਈ ਦਾੜ੍ਹੀ ਵਾਲੇ ਸ਼ੂਕੇ ਜਿਹੇ ਮਾਸਟਰ ਨੇ ਤਨਜ਼ ਕਸੀ। ਮਾਸਟਰਾਂ ਦੀ ਢਾਣੀ ਵਿੱਚ ਹਾਸਾ ਅਸਮਾਨ ਜਾ ਚੜ੍ਹਿਆ।

'ਓਏ ਚੱਲ ਇਹਦਾ ਵੀ ਬਚਾਰੀ ਦਾ ਜੱਗ 'ਚ ਸੀਰ ਹੋ ਗਿਐ।' ਖੁੱਲ੍ਹੀ ਦਾੜ੍ਹੀ ਤੇ ਢਿਲਕੀ ਪੱਗ ਵਾਲੇ ਗਿਆਨੀ ਨੇ ਹਮਦਰਦੀ ਪ੍ਰਗਟ ਕੀਤੀ।

'ਏਦੂੰ ਤਾਂ ਸਾਲਾ ਬੱਕਰੀ ਨਾਲ ਵਿਆਹ ਕਰਵਾ ਲੈਂਦਾ। ਦੋ ਸੇਰ ਧਾਰਾਂ ਤਾਂ ਦਿੰਦੀ!' ਓਸੇ ਡਰਾਈਵਰ-ਕੱਟ ਦਾੜ੍ਹੀ-ਮੁੱਛਾਂ ਵਾਲੇ ਮਾਸਟਰ ਨੇ ਉਸਦੀਆਂ ਢਿਲਕੀਆਂ ਛਾਤੀਆਂ ਉੱਤੇ ਚੋਟ ਕੀਤੀ।

'ਫੇਰ ਕੀ ਲੂਲ੍ਹਾਂ ਆਲੇ ਖੇਡਣਗੇ? ਬੱਤੀ-ਤੇਤੀ ਸਾਲ ਮਗਰੋਂ ਕੌਲ ਇਹਦਾ ਮੱਚ ਨੀ ਗਿਆ ਹੋਊ?' ਉਹੀ ਸ਼ੂਕਾ ਮਾਸਟਰ ਬੁੜ੍ਹਕ ਬੁੜ੍ਹਕ ਹੱਸਿਆ।

ਓਧਰ ਉਹਦੀਆਂ ਸਾਥੀ-ਅਧਿਆਪਕਾਵਾਂ-ਕੋਈ ਉਹਦੇ ਕੰਨਾਂ ਦੀਆਂ ਬਾਲੀਆਂ ਨੂੰ ਦੇਖਦੀ, ਕੋਈ ਉਸਦੀਆਂ ਚਿੱਟੀਆਂ ਚਪਲੀਆਂ ਨੂੰ ਉਸਦੇ ਪੈਰਾ ਵਿਚੋਂ ਲੁਹਾ ਕੇ ਆਪਣੇ ਪੈਰਾਂ ਵਿੱਚ ਪਾ-ਪਾ। ਕੋਈ ਉਸਦੇ ਸੂਟ ਦਾ ਕੱਪੜਾ ਉਂਗਲਾਂ ਵਿੱਚ ਮਲ-ਮਲ ਦੇਖਦੀ ਸੀ, ਤੇ ਕਿਸੇ ਦੀ ਨਿਗਾਅ ਉਸਦੇ ਮੂੰਹ ਉੱਤੇ ਫਿਰ ਰਹੀ ਸੀ।

ਮਲਕੀਤ ਕੌਰ ਰਾਣੀ ਬਣੀ ਬਾਹਾਂ ਵਾਲੀ ਕੁਰਸੀ ਉੱਤੇ ਜਚੀ ਬੈਠੀ ਸੀ। ਕੋਈ ਅਧਿਆਪਕਾ ਉਸ ਤੋਂ ਕੋਈ ਗੱਲ ਪੁੱਛਦੀ ਤਾਂ ਉਹ ਸਿਆਣੀ ਜਿਹੀ ਬਣਕੇ, ਧੋਲਾ ਜਿਹਾ ਬੋਲ ਕੇ ਜਵਾਬ ਦਿੰਦੀ। ਚੁੰਨੀ ਦੀ ਬੁੱਕਲ ਮਾਰੀ ਓਦਣ ਉਹ ਬੜੀ ਹੀ ਸਾਊ ਲੱਗ ਰਹੀ ਸੀ, ਬੜੀ ਹੀ ਚੰਗੀ।

ਉਸਦਾ ਪਿਓ ਇੱਕ ਰਿਟਾਇਰਡ ਫੌਜੀ ਸੀ। ਉਸਦੇ ਦੋ ਮੁੰਡੇ ਤੇ ਦੋ ਕੁੜੀਆਂ ਸਨ। ਮੁੰਡੇ ਦੋਵੇਂ ਵੱਡੇ ਸਨ। ਦੋਵੇਂ ਮੁੰਡੇ ਵਿਆਹੇ ਹੋਏ ਸਨ ਤੇ ਪਿਓ ਦੇ ਫੌਜੀ-ਰੋਹਬ ਤੋਂ ਤੰਗ ਆ ਕੇ ਅੱਡ ਹੋ ਗਏ। ਵੱਡੀ ਕੁੜੀ ਅਣਪੜ੍ਹ ਰਹਿ ਗਈ ਤੇ ਉਹ ਉਸਨੇ ਮੁੰਡਿਆਂ ਦੇ ਅੱਡ ਹੋਣ ਤੋਂ ਪਹਿਲਾਂ ਕਦੋਂ ਦੀ ਵਿਆਹ ਦਿੱਤੀ। ਮਲਕੀਤ ਜਦ ਉਡਾਰ ਹੋਈ ਤਾਂ ਉਸਨੂੰ ਪੜ੍ਹਨ ਲਾ ਦਿੱਤਾ ਤੇ ਉਹ ਦਸਵੀਂ ਪਾਸ ਕਰਕੇ ਵੀਹ ਬਾਈ ਸਾਲ ਦੀ ਉਮਰ ਵਿੱਚ ਜੇ.ਬੀ.ਟੀ. ਕਰ ਗਈ। ਉਸ ਤੋਂ ਪਿੱਛੋਂ ਅਧਿਆਪਕਾ ਵੀ ਲੱਗ ਗਈ। ਜਦ ਉਸਦਾ ਵਿਆਹ ਹੋਇਆ, ਉਸਦੀ ਸਰਵਿਸ ਸੱਤ-ਅੱਠ ਸਾਲ ਹੋ ਚੁੱਕੀ ਸੀ।

ਉਹਦਾ ਪਿਓ ਚਾਹੁੰਦਾ ਸੀ ਕਿ ਉਹ ਉਸਨੂੰ ਕਿਸੇ ਵੱਡੇ ਘਰ ਵਿਆਹੇਗਾ ਅਤੇ ਚੰਗਾ ਮੁੰਡਾ ਭਾਲੇਗਾ। ਉਹ ਜਦ ਜੇ.ਬੀ.ਟੀ. ਕਰ ਗਈ ਤੇ ਫਿਰ ਨੌਕਰ ਹੋ ਕੇ ਤਨਖ਼ਾਹ ਪਾਉਣ ਲੱਗ ਪਈ, ਫਿਰ ਤਾਂ ਉਸਦੇ ਪਿਓ ਨੂੰ ਹੌਸਲਾ ਹੋ ਗਿਆ ਕਿ ਉਹ ਕਮਾਊ ਵੀ ਹੋ ਗਈ ਹੈ। ਹੁਣ ਤਾਂ ਵੀਹ ਜੱਟਾਂ ਦੇ ਪੁੱਤ ਉਸ ਵੱਲ ਹੱਥ ਅੱਡਣਗੇ।

ਉਹ ਕਈ ਥਾਂ ਮੁੰਡਾ ਦੇਖਣ ਗਿਆ। ਜ਼ਮੀਨ ਚੰਗੀ ਹੁੰਦੀ ਤਾਂ ਮੁੰਡਾ ਪਸੰਦ ਨਹੀਂ ਸੀ ਆਉਂਦਾ। ਜ਼ਮੀਨ ਵੀ ਚੰਗੀ ਹੁੰਦੀ, ਮੁੰਡਾ ਵੀ ਪਸੰਦ ਆ ਜਾਂਦਾ ਤਾਂ ਮੁੰਡਾ ਅਣਪੜ੍ਹ ਨਿੱਕਲ ਜਾਂਦਾ। ਮੁੰਡਾ ਪਸੰਦ ਵੀ ਆ ਜਾਂਦਾ ਤੇ ਪੜ੍ਹਿਆ ਲਿਖਿਆ ਵੀ ਹੁੰਦਾ ਤਾਂ ਜ਼ਮੀਨ ਦਾ ਖੁੱਡ ਨਾ ਹੁੰਦਾ। ਕਈ ਥਾਂ ਸਭ ਕੁਝ ਜਚ ਜਾਂਦਾ, ਪਰ ਫੌਜੀ ਪੱਧਰ ਗੱਲਾਂ ਕਰਨ ਲੱਗ ਪੈਂਦਾ, 'ਸਾਡੀ ਕੁੜੀ ਨੇ ਗੋਹਾ ਕੂੜਾ ਤਾਂ ਸਿੱਟਣਾ ਨੀ! ਸਾਡੀ ਕੁੜੀ ਨੇ ਸੱਸ ਦਾ ਮੰਦਾ ਬੋਲ ਨੀ ਸਹਾਰਾਨਾ! ਸਾਡੀ ਕੁੜੀ ਨੇ ਨੌਕਰੀ ਤਾਂ ਛੱਡਣੀ ਨੀ! ਸਾਡੀ ਕੁੜੀ ਮਨ ਭੌਂਦਾ ਹੰਢਾਊ, ਮਨ ਭਾਉਂਦਾ ਖਾਊ! ਸਾਡੀ ਕੁੜੀ....।' ਇਸ ਤਰ੍ਹਾਂ ਹੀ ਉਸਦੇ ਪਿਓ ਨੇ ਚਾਰ ਪੰਜ ਸਾਲ ਲੰਘਾ ਦਿੱਤੇ।

ਹਰ ਮਹੀਨੇ ਤਨਖ਼ਾਹ ਲਿਆ ਕੇ ਮਲਕੀਤ ਆਪਣੇ ਪਿਓ ਨੂੰ ਫੜਾ ਦਿੰਦੀ। ਹਰ ਮਹੀਨੇ ਉਹਦਾ ਪਿਓ ਡਾਕਖ਼ਾਨੇ ਦੀ ਕਾਪੀ ਵਿੱਚ ਇੱਕ ਸੌ ਰੁਪਈਆ ਮਲਕੀਤ ਦੇ ਨਾਉਂ ਜਮ੍ਹਾ ਕਰਵਾ ਦਿੰਦਾ। ਇਸ ਤਰ੍ਹਾਂ ਪੰਜ ਹਜ਼ਾਰ ਰੁਪਏ ਤੋਂ ਉੱਤੇ ਨਾਮਾ ਉਸਦੀ ਕਾਪੀ ਵਿੱਚ ਜਮ੍ਹਾ ਹੋ ਚੁੱਕਿਆ ਸੀ।

ਮਲਕੀਤ ਕੁੜੀਆਂ ਵਰਗੀ ਕੁੜੀ ਨਹੀਂ ਸੀ। ਉਹ ਹਮੇਸ਼ਾ ਆਪਣੇ ਪਿਓ ਦੀ ਆਗਿਆ ਵਿੱਚ ਰਹਿੰਦੀ। ਜਿੱਥੇ ਕਹਿੰਦਾ ਬੈਠਦੀ ਉਠਦੀ। ਜਿਹੜਾ ਕੱਪੜਾ ਦਿੰਦਾ ਪਹਿਨਦੀ ਤੇ ਜਿਹੜਾ ਕੰਮ ਆਖਦਾ ਕਰਦੀ। ਬਹੁਤ ਨਰਮ। ਮੂੰਹ ਵਿੱਚ ਬੋਲ ਨਹੀਂ ਸੀ। ਉਹ ਦਿਨੋ ਦਿਨ ਵੱਡੀ ਹੋ ਰਹੀ ਸੀ। ਉਹਦੇ ਪਿਓ ਨੂੰ ਮੁੰਡਾ ਨਹੀਂ ਸੀ ਲੱਭਦਾ। ਕੋਈ ਕਣ ਵਾਲੀ ਕੁੜੀ ਹੁੰਦੀ ਤਾਂ ਕਿਸੇ ਹਾਣੀ ਨਾਲ ਸਬੰਧ ਪੈਦਾ ਕਰ ਲੈਂਦੀ ਤੇ ਆ ਕੇ ਪਿਓ ਨੂੰ ਕਹਿ ਦਿੰਦੀ-'ਬਾਪੂ ਜੀ ਮੈਂ ਆਪਣਾ ਸਾਥੀ ਭਾਲ ਲਿਆਂਦਾ।' ਪਰ ਉਹ ਇਸ ਤਰ੍ਹਾਂ ਦੀ ਕੁੜੀ ਨਹੀਂ ਸੀ। ਉਹ ਤਾਂ ਗਊ ਸੀ ਤੇ ਸਮਝਦੀ ਸੀ ਕਿ ਉਹਦਾ ਪਿਓ ਉਹਦਾ ਰੱਸਾ

ਲਾਹ ਕੇ ਕਿਸੇ ਨੂੰ ਵੀ ਇੱਕ ਦਿਨ ਫੜਾ ਦੇਵੇਗਾ। ਜਿਸ ਕਿਸੇ ਦੇ ਹੱਥ ਉਸਦਾ ਰੱਸਾ ਹੋਵੇਗਾ, ਉਹੀ ਉਹਦਾ ਮਾਲਕ ਹੋਵੇਗਾ।

ਦਿਨੋ-ਦਿਨ ਉਹਦੀ ਜੁਆਨੀ ਢਲਦੀ ਗਈ। ਦਿਨੋ-ਦਿਨ ਉਹਦੇ ਸੁਪਨੇ ਮਾਂਦ ਪੈਂਦੇ ਗਏ। ਦਿਨੋ-ਦਿਨ ਉਹ ਮਰਦੀ ਗਈ। ਦਿਨੋ-ਦਿਨ ਉਹਦਾ ਕਣ ਮਚਦਾ ਗਿਆ। ਦਿਨੋ-ਦਿਨ ਉਹਦਾ ਪਿੱਤਾ ਸੜਦਾ ਗਿਆ।

ਉਸਦੀ ਡਾਕਖ਼ਾਨੇ ਦੀ ਕਾਪੀ ਵਿੱਚ ਛੀ ਹਜ਼ਾਰ ਰੁਪਈਆ ਜਮ੍ਹਾ ਹੋ ਚੁੱਕਿਆ ਸੀ। ਕਦੇ-ਕਦੇ ਮਲਕੀਤ ਦਾ ਜੀਅ ਕਰਦਾ ਕਿ ਉਹ ਡਾਕਖ਼ਾਨੇ ਦੀ ਕਾਪੀ ਨੂੰ ਅੱਗ ਲਾ ਦੇਵੇ, ਬੂ ਕਰਕੇ ਘਰੋਂ ਬਾਹਰ ਹੋ ਜਾਵੇ, ਝਿਉਰਾਂ ਦੇ ਕਿਸੇ ਮੁੰਡੇ ਨਾਲ ਭਾਵੇਂ ਉੱਧਲ ਜਾਵੇ ਤੇ ਆਪਣੇ ਪਿਓ ਕੰਜਰ ਦੀ ਦਾੜ੍ਹੀ ਫੂਕ ਦੇਵੇ। ਪਰ ਉਹ ਐਸੀ ਕੁੜੀ ਨਹੀਂ ਸੀ। ਉਹ ਤਾਂ ਆਪਣੇ ਪਿਓ ਦੀ ਸਾਊ ਧੀ ਸੀ।

ਛੀ ਹਜ਼ਾਰ ਦੇ ਲਾਲਚ ਵਿੱਚ ਆ ਕੇ ਤੇ ਕੁੜੀ ਦੀ ਤਨਖ਼ਾਹ ਪੈਂਦੀ ਦੇਖ ਕੇ ਆਖ਼ਰ ਇੱਕ ਗਰਾਮ ਸੇਵਕ ਮੁੰਡਾ ਫੌਜੀ ਦੇ ਅੜਿੱਕੇ ਆ ਗਿਆ।

ਮੁੰਡੇ ਦੀ ਉਮਰ ਸਾਰੀ ਤੇਈ ਸਾਲ। ਜ਼ਮੀਨ ਵੀ ਥੋੜੀ ਮੋਟੀ ਸੀ ਉਹਦੇ ਹਿੱਸੇ ਦੀ। ਮੁੰਡਾ ਸੀ ਵੀ ਸੋਹਣਾ ਤੇ ਪੜ੍ਹਿਆ ਲਿਖਿਆ ਵੀ। ਮਲਕੀਤ ਦੀ ਮਾਂ ਖ਼ੁਸ਼ ਤੇ ਫੌਜੀ ਵੀ। ਮਲਕੀਤ ਆਪ ਬੜੀ ਖ਼ੁਸ਼। ਸਭ ਖ਼ੁਸ਼ ਸਨ।

ਹਾਂ, ਓਦਣ ਮਲਕੀਤ ਵਿਆਹ ਕਰਵਾ ਕੇ ਪਹਿਲੇ ਦਿਨ ਸਕੂਲ ਆਈ। ਸਭ ਖ਼ੁਸ਼ ਸਨ। ਸਭ ਚਾਂਭੜਾਂ ਪਾਉਂਦੇ ਸਨ। ਓਦਣ ਤਾਂ ਉਹ ਸਦੇਹਾਂ ਹੀ ਸਕੂਲ ਆ ਗਈ ਸੀ। ਸਵੇਰੇ-ਸਵੇਰੇ ਸਕੂਲ ਦੇ ਗੇਟ ਉੱਤੇ ਲੱਗਿਆ ਲੋਹੇ ਦਾ ਫਾਟਕ ਅਜੇ ਲੰਗੜੇ ਚਪੜਾਸੀ ਨੇ ਖੋਲ੍ਹਿਆ ਹੀ ਸੀ ਕਿ ਉਹ ਅੰਦਰ ਲੰਘ ਆਈ। ਚਪੜਾਸੀ ਨੇ ਉਸਨੂੰ ਵਧਾਈ ਦਿੱਤੀ, ਤਾਂ ਮਲਕੀਤ ਨੇ ਚੋਰੀ ਹਾਸਾ ਹੱਸ ਕੇ ਆਪਣਾ ਮੂੰਹ ਆਪਣੇ ਮੋਢੇ ਨਾਲ ਜੋੜ ਲਿਆ। ਜਦ ਉਹ ਸਕੂਲ ਆ ਕੇ ਵੜੀ ਤਾਂ ਸਕੂਲ ਦੀ ਹਲਟੀ ਉੱਤੇ ਪਾਣੀ ਪੀਂਦੀਆਂ ਸੱਤਵੀਂ ਅੱਠਵੀਂ ਜਮਾਤ ਦੀਆਂ ਕੁੜੀਆਂ ਭੱਜ ਕੇ ਉਸ ਕੋਲ ਆ ਗਈਆਂ ਤੇ ਉਸਦੇ ਚੁੱਪ-ਚਿਹਰੇ ਨੂੰ ਗਹੁ ਨਾਲ ਦੇਖਣ ਲੱਗ ਪਈਆਂ। ਨਵੀਂ ਵਿਆਹੀ ਕੁੜੀ ਨੂੰ ਹਰ ਕੋਈ ਗਹੁ ਨਾਲ ਦੇਖਦੀ ਹੈ।

ਗਰਾਮ-ਸੇਵਕ ਮੁੰਡਾ ਬੜਾ ਖ਼ੁਸ਼ ਸੀ ਕਿ ਉਸਦੀ ਵਹੁਟੀ ਉਸ ਨਾਲੋਂ ਵੱਧ ਤਨਖ਼ਾਹ ਪਾਉਂਦੀ ਹੈ। ਡਾਕਖ਼ਾਨੇ ਦੀ ਕਾਪੀ ਵਾਲਾ ਛੀ ਹਜ਼ਾਰ ਪੂਰੇ ਦਾ ਪੂਰਾ ਮਲਕੀਤ ਦੇ ਕਬਜ਼ੇ ਵਿੱਚ ਸੀ। ਮਲਕੀਤ ਦੇ ਕਬਜ਼ੇ ਵਿੱਚ ਸਮਝੋ ਗਰਾਮ-ਸੇਵਕ ਮੁੰਡੇ ਦੇ ਕਬਜ਼ੇ ਵਿੱਚ ਸੀ।

ਗਰਾਮ-ਸੇਵਕ ਦਾ ਪਿਓ ਖ਼ੁਸ਼ ਸੀ। ਗਰਾਮ-ਸੇਵਕ ਦੀ ਮਾਂ ਖ਼ੁਸ਼ ਸੀ। ਰਿਸ਼ਤੇਦਾਰ ਖ਼ੁਸ਼ ਸਨ। ਸਾਰਾ ਮੁਹੈਣ ਖ਼ੁਸ਼ ਸੀ ਕਿ ਮੁੰਡੇ ਨੂੰ ਵਹੁਟੀ ਕਾਹਦੀ ਮਿਲੀ, ਬਾਰਾਂ-ਮਾਸੀਆ ਅੰਡੇ ਦੇਣ ਵਾਲੀ ਮੁਰਗੀ ਮਿਲ ਗਈ। ਉਸ ਦੀ ਇਕੱਲੀ ਦੀ ਤਨਖ਼ਾਹ ਉੱਤੇ ਹੀ ਸਾਰੇ ਟੱਬਰ ਦਾ ਗੁਜ਼ਾਰਾ ਹੋ ਸਕਦਾ ਸੀ।

ਇੱਕ ਦਿਨ ਬਲਾਕ ਦੇ ਸਾਰੇ ਗਰਾਮ-ਸੇਵਕਾਂ ਦੀ ਮੀਟਿੰਗ ਸੀ। ਮੀਟਿੰਗ ਉੱਤੇ ਉਹ ਗਰਾਮ-ਸੇਵਕ ਆਇਆ ਤਾਂ ਮਲਕੀਤ ਨੂੰ ਵੀ ਨਾਲ ਲੈ ਆਇਆ। ਮਲਕੀਤ ਨੇ

ਬਾਜ਼ਾਰ ਵਿਚੋਂ ਕੁਝ ਕੱਪੜੇ ਤੇ ਹੋਰ ਸਮਾਨ ਖਰੀਦਣਾ ਸੀ। ਜਿੰਨਾ ਚਿਰ ਉਹ ਮੀਟਿੰਗ ਵਿੱਚ ਰਿਹਾ, ਓਨਾ ਚਿਰ ਉਹ ਆਪਣੀ ਕਿਸੇ ਸਹੇਲੀ ਦੇ ਘਰ ਬੈਠੀ ਰਹੀ। ਮੀਟਿੰਗ ਖ਼ਤਮ ਹੋਈ ਤਾਂ ਉਹ ਦੋਵੇਂ ਬਾਜ਼ਾਰ ਵਿੱਚ ਲੋੜੀਂਦੀਆਂ ਚੀਜ਼ਾਂ ਖਰੀਦਣ ਲਈ ਆ ਗਏ। ਤਨਖ਼ਾਹ ਤਾਜ਼ੀ-ਤਾਜ਼ੀ ਮਿਲੀ ਸੀ। ਬਾਜ਼ਾਰ ਵਿੱਚ ਦੂਜੇ ਗਰਾਮ-ਸੇਵਕਾਂ ਦੀ ਜੁੰਡਲੀ ਵੀ ਨਿੱਕ-ਸੁੱਕ ਖਰੀਦਦੀ ਫਿਰਦੀ ਸੀ। ਉਸ ਗਰਾਮ-ਸੇਵਕ ਦੀ ਵਹੁਟੀ ਨੂੰ ਜਦ ਉਨ੍ਹਾਂ ਨੇ ਦੇਖਿਆ, ਤਾਂ ਉਨ੍ਹਾਂ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਢਿਲਕੇ ਸਰੀਰ ਤੇ ਲਹੇ ਹੋਏ ਚਿਹਰੇ ਵਾਲੀ ਮਲਕੀਤ ਵੱਲ ਦੇਖ ਕੇ ਪਹਿਲਾਂ ਤਾਂ ਉਹ ਸਾਰੇ ਹੈਰਾਨ ਹੋਏ ਤੇ ਫੇਰ ਤਾੜੀ ਮਾਰ ਕੇ ਹੱਸ ਪਏ।

ਅਗਲੀ ਮੀਟਿੰਗ ਉੱਤੇ ਜਦ ਉਹ ਫੇਰ ਇਕੱਠੇ ਹੋਏ, ਤਾਂ ਗਰਾਮ-ਸੇਵਕ ਮੁੰਡੇ ਦੀ ਸਮਝੋ ਸ਼ਾਮਤ ਹੀ ਆ ਗਈ।

'ਓਏ ਤੇਰੀ ਤਾਂ ਉਹ 'ਮਾਂ' ਜੀ ਲੱਗਦੀ ਸੀ।' ਇੱਕ ਗਰਾਮ-ਸੇਵਕ ਨੇ ਉਸਦੇ ਮੂੰਹ ਉੱਤੇ ਹੀ ਇੱਟ ਵਾਂਗ ਗੱਲ ਕੱਢ ਮਾਰੀ।

'ਓਏ ਤੂੰ ਉਹਦੀ ਤਨਖ਼ਾਹ ਈ ਦੇਖ ਲੀ, ਹੋਰ ਕੁਸ਼ ਤਾਂ ਨਾ ਦੇਖਿਆ।' ਇੱਕ ਹੋਰ ਗਰਾਮ-ਸੇਵਕ ਨੇ ਉਸ ਦਾ ਮੋਢਾ ਫੜਕੇ ਪੁੱਛਿਆ।

'ਆਹ ਜਿਹੜਾ ਗੇਲੀ ਅਰਗਾ ਸਰੀਰ ਲਈ ਫਿਰਦੈਂ, ਦਿਨਾਂ 'ਚ ਈ ਨੇਂਬੂ ਆਂਗੂੰ ਨਚੋੜ ਦੂ। ਤੂੰ ਵੀ ਉਹਦੇ ਅਰਗਾ ਫਿੜਕਾ ਜਾ ਬਣ ਜੇਂਗਾ ਇੱਕ ਦਿਨ।' ਇੱਕ ਬਜ਼ੁਰਗ ਜਿਹੇ ਗਰਾਮ-ਸੇਵਕ ਨੇ ਉਨ੍ਹਾਂ ਦੀ ਉਮਰ ਦੇ ਫ਼ਰਕ ਉੱਤੇ ਝੋਰਾ ਪ੍ਰਗਟ ਕੀਤਾ।

ਸਾਰੀਆਂ ਗੱਲਾਂ ਉੱਤੇ ਨੀਵੀਂ ਪਾ ਕੇ ਸੁਣਦਾ ਰਿਹਾ ਤੇ ਗਿਣ-ਮਿਣ ਕਰਦਾ ਰਿਹਾ। ਇੱਕ ਮੌਕੇ ਤਾਂ ਉਸ ਨੂੰ ਤ੍ਰੇਲੀ ਆ ਗਈ, ਜਦ ਖਚਰੀਆਂ ਅੱਖਾਂ ਵਾਲਾ ਇੱਕ ਗਰਾਮ-ਸੇਵਕ ਉਸਨੂੰ ਪੁੱਛ ਬੈਠਾ-'ਬਾਈ ਸਿਆਂ, ਉਹ ਕੜਬ ਦੇ ਟਾਂਡੇ ਕਿੱਥੋਂ ਖ਼ਰੀਦ ਕੇ ਲਿਆਂਦੇ ਨੇ?'

ਗਰਾਮ-ਸੇਵਕ ਮੁੰਡਾ ਉਸ ਦਿਨ ਘਰ ਆਇਆ ਤਾਂ ਮਲਕੀਤ ਦੇ ਸਰੀਰ ਵਿਚੋਂ ਉਸ ਨੂੰ ਸੜੇਹਾਣ ਮਾਰਨ ਲੱਗ ਪਈ। ਉਸ ਦੇ ਹੱਥ ਉਸ ਦੀਆਂ ਬਾਹਾਂ ਉਸਨੂੰ ਬਿਲਕੁਲ ਹੀ ਬੁੜ੍ਹੀ ਤੀਵੀਂ ਵਰਗੀਆਂ ਲੱਗਦੀਆਂ। ਉਸ ਦੇ ਢਿਲਕੇ ਤੇ ਸੁੱਕੇ ਚਿੱਬੇ ਚਿਹਰੇ ਨੂੰ ਦੇਖ ਕੇ ਲੱਗਦਾ ਜਿਵੇਂ ਉਹ ਉਸ ਦੀ ਮਾਂ ਹੋਵੇ। ਉਸ ਰਾਤ ਉਸ ਨੇ ਉਸ ਦੇ ਕੋਲ ਮੰਜੀ ਨਾ ਡਾਹੀ ਤੇ ਬਾਹਰਲੇ ਘਰ ਜਾ ਸੁੱਤਾ।

ਦਿਨ ਲੰਘ ਰਹੇ ਸਨ।

ਮਲਕੀਤ ਨੂੰ ਆਪਣੇ ਵਿਚੋਂ ਮਰੇ ਚੂਹੇ ਵਰਗਾ ਮੁਸ਼ਕ ਆਉਂਦਾ। ਉਸਨੂੰ ਅਹਿਸਾਸ ਹੁੰਦਾ, ਜਿਵੇਂ ਉਸਦਾ ਸਰੀਰ ਕਿਸੇ ਮੱਝ ਦਾ ਸੁੱਕਿਆ ਖੱਲੜ ਹੋਵੇ। ਉਸ ਦਾ ਮਨ ਗਵਾਹੀ ਦਿੰਦਾ ਕਿ ਉਸ ਦੇ ਪਤੀ ਨੇ ਉਸ ਦੇ ਸਰੀਰ ਨਾਲ ਵਿਆਹ ਨਹੀਂ ਕਰਵਾਇਆ, ਉਸ ਦੀ ਡਾਕਖ਼ਾਨੇ ਵਾਲੀ ਕਾਪੀ ਨਾਲ ਵਿਆਹ ਕਰਵਾਇਆ ਹੋਇਆ ਹੈ ਤੇ ਹਰ ਮਹੀਨੇ ਆਉਂਦੀ ਤਨਖ਼ਾਹ ਨਾਲ ਵਿਆਹ ਕਰਵਾਇਆ ਹੋਇਆ ਹੈ।

ਉਹ ਆਪਣੇ ਸਹੁਰੇ-ਪਿੰਡੋਂ ਹਰ ਰੋਜ਼ ਸਾਈਕਲ ਉੱਤੇ ਸਕੂਲ ਆਉਂਦੀ ਤੇ ਮੱਚੀ ਬੁਝੀ ਮੁੜ ਜਾਂਦੀ। ਨਵੇਂ-ਨਵੇਂ ਵਿਆਹ ਵਾਲੀ ਤਾਂ ਉਸ ਵਿੱਚ ਹੁਣ ਮੜਕ ਹੀ ਨਹੀਂ

ਰਹੀ। ਉਸ ਦਾ ਪਤੀ ਪੰਜਵੇਂ ਸੱਤਵੇਂ ਦਿਨ ਪਿੰਡ ਆਉਂਦਾ। ਬਹੁਤੀਆਂ ਰਾਤਾਂ ਬਾਹਰ ਕੱਟਦਾ। ਜਦ ਆਉਂਦਾ ਤਾਂ ਸਿੱਧੇ ਮੂੰਹ ਗੱਲ ਨਹੀਂ ਸੀ ਕਰਦਾ। ਮਲਕੀਤ ਨੂੰ ਪੱਕਾ ਨਿਸ਼ਚਾ ਹੋ ਗਿਆ ਕਿ ਉਸ ਦੇ ਪੇਕੇ-ਘਰ ਤੇ ਸਹੁਰੇ-ਘਰ ਵਿੱਚ ਕੋਈ ਫ਼ਰਕ ਨਹੀਂ। ਉਥੇ ਤਨਖ਼ਾਹ ਉਹਦਾ ਪਿਓ ਫੜ ਲੈਂਦਾ ਸੀ ਤੇ ਏਥੇ ਉਹਦਾ ਪਤੀ ਫੜ ਲੈਂਦਾ ਹੈ।

ਡਾਕਖ਼ਾਨੇ ਦੀ ਕਾਪੀ ਵਿੱਚ ਵੀ ਦੋ ਹਜ਼ਾਰ ਰਹਿ ਗਿਆ। ਕਦੇ ਦੋ ਸੌ ਕਢਾ ਲਿਆ ਕਦੇ ਪੰਜ ਸੌ ਕਢਾ ਲਿਆ। ਉਹਦੇ ਪਤੀ ਨੇ ਮਹਿੰਗੀਆਂ-ਮਹਿੰਗੀਆਂ ਪੈਂਟਾਂ ਸਿਲਾਈਆਂ ਤੇ ਮਹਿੰਗੇ ਮਹਿੰਗੇ ਸੂਟ ਬਣਵਾ ਲਏ। ਚਾਰ-ਚਾਰ ਜੋੜੀਆਂ ਬੂਟਾਂ ਦੀਆਂ ਤੇ ਛੀ-ਛੀ ਪੱਗਾਂ। ਦੋਸਤਾਂ ਦੀਆਂ ਢਾਣੀਆਂ ਵਿੱਚ ਬਹਿ ਕੇ ਸ਼ਰਾਬ ਮੂੰਹੋਂ ਮੁਸਲੀ ਅੰਨ੍ਹੀ ਕਰ ਰੱਖੀ ਸੀ। ਜਦ ਉਹ ਪਿੰਡ ਆਉਂਦਾ, ਉਹਦੀ ਜੇਬ ਖਾਲੀ ਹੁੰਦੀ। ਉਹਦੇ ਭਾਣਜੇ ਦਾ ਵਿਆਹ ਸੀ। ਉਹ ਹਜ਼ਾਰ ਰੁਪਈਆ ਉਸ ਦੇ ਵਿਆਹ ਉੱਤੇ ਚੱਬ ਆਇਆ।

ਉਹ ਜਦ ਜੇ.ਬੀ.ਟੀ. ਵਿੱਚ ਪੜ੍ਹਦੀ ਹੁੰਦੀ, ਉਹਦੀ ਜਮਾਤਣ ਸੀ, ਸ਼ਰਨਪਾਲ। ਸ਼ਰਨਪਾਲ ਪੁੱਜ ਕੇ ਬਹੁਤੀ ਸੋਹਣੀ ਤਾਂ ਨਹੀਂ ਸੀ, ਪਰ ਦੇਖਣ ਨੂੰ ਚੰਗੀ ਲੱਗਦੀ ਸੀ। ਉਨ੍ਹਾਂ ਦੇ ਨਾਲ ਹੀ ਪੜ੍ਹਦਾ ਇੱਕ ਮੁੰਡਾ ਜਿਹੜਾ ਘਰੋਂ ਬੜਾ ਚੰਗਾ ਸੀ, ਤੇ ਸੋਹਣਾ ਵੀ, ਸ਼ਰਨਪਾਲ ਨੂੰ ਛੇੜਦਾ ਰਹਿੰਦਾ। ਉਹ ਇੱਕ ਦਿਨ ਜੁੱਤੀ ਕੱਢ ਕੇ ਉਸ ਨੂੰ ਕਹਿੰਦੀ- 'ਵੱਡਾ ਬਣਿਆ ਫਿਰਦੈਂ, ਆਵਦੇ ਪਿਓ ਦੇ ਘਰ ਹੋਏਂਗਾ। ਬਿਗਾਨੇ ਘਰਾਂ ਦੀ ਇੱਜ਼ਤ ਨੂੰ ਤੂੰ ਕੀ ਸਮਝਦੈਂ ਵੇ?'

'ਨਾ ਮੈਂ ਵੱਡਾ ਆਂ, ਨਾ ਵੱਡੇ ਪਿਓ ਦਾ ਪੁੱਤ ਆਂ। ਨਾ ਤੂੰ ਮੇਰੇ ਵਾਸਤੇ ਬਿਗਾਨੇ ਘਰ ਦੀ ਇੱਜ਼ਤ ਐਂ। ਤੈਨੂੰ ਮੇਰੀ ਸ਼ਰਾਰਤ ਨਹੀਂ ਛੇੜਦੀ, ਮੇਰੀ ਮਜਬੂਰੀ ਛੇੜਦੀ ਐ।' ਉਸ ਮੁੰਡੇ ਦੇ ਬੋਲਾਂ ਵਿੱਚ ਨਰਮੀ ਸੀ, ਤੇ ਤਰਲਾ ਸੀ। ਗੱਲ ਵਧਦੀ ਗਈ ਤੇ ਜੇ.ਬੀ.ਟੀ. ਦੇ ਇਮਤਿਹਾਨ ਪਿਛੋਂ ਸ਼ਰਨਪਾਲ ਦੀ ਉਸ ਮੁੰਡੇ ਨਾਲ ਮੰਗਣੀ ਹੋ ਗਈ।

ਮਲਕੀਤ ਜਦ ਕਦੇ ਹੁਣ ਸ਼ਰਨਪਾਲ ਨੂੰ ਆਪਣੇ ਧਿਆਨ ਵਿੱਚ ਲਿਆਉਂਦੀ, ਤਾਂ ਉਸ ਦੇ ਅੰਦਰੋਂ ਇੱਕ ਵੱਡਾ ਸਾਰਾ ਹਉਕਾ ਨਿਕਲ ਕੇ ਉਸ ਦੀ ਹਿੱਕ ਉੱਤੇ ਪਰਬਤ ਧਰ ਜਾਂਦਾ।

ਓਦੋਂ ਹੀ ਜੇ.ਬੀ.ਟੀ. ਵਿੱਚ ਜਦ ਉਹ ਪੜ੍ਹਾਈ ਹੁੰਦੀ, ਤਾਂ ਇੱਕ ਮੁੰਡਾ ਉਸ ਵੱਲ ਵੀ ਅੱਖ ਰੱਖਦਾ ਸੀ। ਮੁੰਡਾ ਉਹ ਸੀ ਬੜਾ ਸਾਊ। ਇੱਕ ਦਿਨ ਮਲਕੀਤ ਦੀ ਇੱਕ ਕਾਪੀ ਚੁੱਕ ਕੇ ਉਸ ਮੁੰਡੇ ਨੇ ਉਸ ਉੱਤੇ ਆਪਣਾ ਨਾਉਂ ਲਿਖ ਦਿੱਤਾ। ਮਲਕੀਤ ਨੇ ਜਦੋਂ ਦੇਖਿਆ, ਤਾਂ ਸਾਰੀਆਂ ਕੁੜੀਆਂ ਵਿੱਚ ਰੌਲਾ ਪਾ ਦਿੱਤਾ। ਡੁਸਕਣ ਲੱਗ ਪਈ ਤੇ ਹੈਡਮਾਸਟਰ ਕੋਲ ਜਾ ਕੇ ਸ਼ਕਾਇਤ ਲਾ ਦਿੱਤੀ। ਹੈਡਮਾਸਟਰ ਨੇ ਉਸ ਮੁੰਡੇ ਨੂੰ ਝਿੜਕਿਆ, ਧਮਕਾਇਆ ਤੇ ਦੋ ਰੁਪਈਏ ਜੁਰਮਾਨਾ ਕਰ ਦਿੱਤਾ। ਕਸੂਰ ਭਾਵੇਂ ਵੱਡਾ ਨਹੀਂ ਸੀ ਤੇ ਸਜ਼ਾ ਵੀ ਵੱਡੀ ਨਹੀਂ ਸੀ ਮਿਲੀ, ਪਰ ਮੁੰਡਾ ਬਹੁਤ ਵੱਡੀ ਨਮੋਸ਼ੀ ਮੰਨ ਗਿਆ ਤੇ ਜੇ.ਬੀ.ਟੀ. ਵਿੱਚੇ ਛੱਡ ਕੇ ਕਿਸੇ ਬੱਸ ਦਾ ਕੰਡਕਟਰ ਜਾ ਲੱਗਿਆ।

ਸ਼ਰਨਪਾਲ ਜਦ ਵੀ ਮਲਕੀਤ ਦੇ ਧਿਆਨ ਵਿੱਚ ਆ ਜਾਂਦੀ, ਤਾਂ ਉਹ ਮੁੰਡਾ ਵੀ ਮਲਕੀਤ ਦੇ ਖ਼ਿਆਲਾਂ ਵਿੱਚ ਆ ਉਤਰਦਾ। ਜੇ ਉਸ ਨੂੰ ਜੁਰਮਾਨਾ ਨਾ ਹੁੰਦਾ ਤੇ ਉਹ ਐਡੀ ਵੱਡੀ ਨਮੋਸ਼ੀ ਨਾ ਮੰਨਦਾ, ਤਾਂ ਸ਼ਾਇਦ ਸਕੂਲ ਨਾ ਹੀ ਛੱਡਦਾ। ਜੇ ਉਹ ਉਸ ਦੀ

ਸ਼ਕਾਇਤ ਨਾ ਲਾਉਂਦੀ, ਤਾਂ ਉਹ ਵੀ ਸ਼ਾਇਦ ਉਸ ਦੇ ਨੇੜੇ ਹੋ ਜਾਂਦਾ। ਸ਼ਰਨਪਾਲ ਵਾਂਗ ਉਹ ਵੀ ਸ਼ਾਇਦ ਉਸ ਮੁੰਡੇ ਨਾਲ ਮੰਗੀ ਜਾਂਦੀ। ਜੇ ਮੰਗੀ ਜਾਂਦੀ, ਤਾਂ ਉਸ ਉਮਰ ਵਿੱਚ ਉਹਦੇ ਨਾਲ ਵਿਆਹ ਕਰਵਾਉਣ ਦਾ ਸੁਆਦ ਆ ਜਾਂਦਾ।

ਹੁਣ ਜਦੋਂ ਮਲਕੀਤ ਦਾ ਵਿਆਹ ਹੋਇਆ, ਤਾਂ ਓਧਰ ਸ਼ਰਨਪਾਲ ਦੀ ਗੋਦੀ ਗਲ੍ਹੋਟ ਵਰਗਾ ਮੁੰਡਾ ਸੀ। ਇੱਕ ਕੁੜੀ ਵੀ ਮੁੰਡੇ ਤੋਂ ਵੱਡੀ ਸੀ।

ਮਲਕੀਤ ਨੂੰ ਸਾਰੀਆਂ ਗੱਲਾਂ ਯਾਦ ਆਉਂਦੀਆਂ ਤਾਂ ਉਹ ਸੁੰਨ ਜਿਹੀ ਹੋ ਜਾਂਦੀ। ਉਸ ਨੂੰ ਮਹਿਸੂਸ ਹੁੰਦਾ ਕਿ ਉਸ ਦਾ ਸਰੀਰ ਵਿਆਹ ਕਰਵਾਉਣ ਤੋਂ ਪਿੱਛੋਂ ਇੱਕ ਸਾਲ ਵਿੱਚ ਹੀ ਜਿਵੇਂ ਦਸ ਸਾਲਾਂ ਜਿੰਨਾ ਪੁਰਾਣਾ ਹੋ ਗਿਆ ਹੈ। ਉਹ ਆਪਣੇ ਬੁਲ੍ਹਾਂ ਉੱਤੇ ਉਂਗਲ ਫੇਰ ਕੇ ਦੇਖਦੀ, ਸਿੱਕਰੀ ਜੰਮੀ ਪਈ ਹੁੰਦੀ। ਆਪਣੇ ਮੱਥੇ ਉੱਤੇ ਹੱਥ ਫੇਰਦੀ, ਡੂੰਘੀਆਂ ਦੋ ਤਿੰਨ ਵੱਟਾਂ ਉਸਨੂੰ ਰੜਕਦੀਆਂ। ਉਹ ਆਪਣੇ ਹੱਥਾਂ ਦੀਆਂ ਉਂਗਲਾਂ ਮਰੋੜ ਕੇ ਦੇਖਦੀ, ਉਨ੍ਹਾਂ ਵਿੱਚ ਲਚਕ ਕਿਤੇ ਵੀ ਨਹੀਂ। ਉਸ ਦੀਆਂ ਪਿੰਜਣੀਆਂ ਦਾ ਮਾਸ ਢਿਲਕ ਗਿਆ ਸੀ।

ਹੁਣ ਉਹ ਇੱਕ ਹਫ਼ਤਾ ਸਹੁਰੇ-ਘਰ ਰਹਿੰਦੀ ਤੇ ਦੋ ਹਫ਼ਤੇ ਪਿਓ ਦੇ ਘਰ। ਉਹਦਾ ਸਕੂਲ ਉਹਦੇ ਪੇਕੇ ਤੇ ਸਹੁਰਿਆਂ ਤੋਂ ਇਕੋ ਜਿੰਨੀ ਦੂਰ ਸੀ। ਦੋਵੇਂ ਪਿੰਡਾਂ ਤੋਂ ਉਹ ਸ਼ਾਮ ਨੂੰ ਜਦ ਆਪਣੇ ਪੇਕੀਂ ਆਈ, ਤਾਂ ਸਾਰੀ ਦੀ ਸਾਰੀ ਤਨਖ਼ਾਹ ਲਿਆ ਕੇ ਉਸ ਨੇ ਆਪਣੇ ਪਿਉਂ ਦੇ ਪੈਰਾਂ ਵਿੱਚ ਮਾਰੀ। ਉਸ ਦਾ ਰੋਣ ਥੰਮਦਾ ਨਹੀਂ ਸੀ। ਉਸ ਨੇ ਟੁੱਟੇ ਜਿਹੇ ਸ਼ਬਦਾਂ ਵਿੱਚ ਆਖਿਆ, 'ਬਾਪੂ ਜੀ, ਮੈਂ ਥੋਡੀ ਕਮਾਊ ਧੀ ਆਂ। ਮੇਰੀ ਕਮਾਈ ਹੁਣ ਸਾਰੀ ਉਮਰ ਥੋੜ੍ਹੀ ਐ।' ਐਨੀ ਗੱਲ ਕਹਿ ਕੇ ਮਲਕੀਤ ਪੀਹੜੀ ਉੱਤੇ ਬੈਠ ਕੇ ਪਿਓ ਦੇ ਗੋਡਿਆਂ ਨਾਲ ਚਿੰਬੜ ਗਈ। ♦

# ਬਹੁਤਾ ਬੋਲਣ ਵਾਲੀ

ਉਸ ਦਿਨ ਆਪਣੇ ਇੱਕ ਦੋਸਤ ਨੂੰ ਦੁਪਹਿਰ ਦੀ ਗੱਡੀ ਚੜ੍ਹਾਉਣ ਗਿਆ ਹੋਇਆ ਸਾਂ। ਗੱਡੀ ਆਉਣ ਤੋਂ ਅੱਧਾਂ ਘੰਟਾ ਪਹਿਲਾਂ ਅਸੀਂ ਓਥੇ ਪਹੁੰਚ ਗਏ। ਟਿਕਟ ਲਈ ਤੇ ਪਲੇਟ ਫਾਰਮ 'ਤੇ ਏਧਰੋਂ ਓਧਰ ਤੇ ਓਧਰੋਂ ਏਧਰ ਗੇੜੇ ਕੱਢ ਰਹੇ ਸਾਂ। ਨਾਲ ਦੀ ਨਾਲ ਗੱਲਾਂ ਵੀ ਚੱਲ ਰਹੀਆਂ ਸਨ। ਇੱਕ ਗੇੜਾ ਲਾਉਂਦੇ ਤਾਂ ਦੂਜੇ ਨੂੰ ਪਲੇਟਫਾਰਮ 'ਤੇ ਨਵੇਂ ਚਿਹਰਿਆਂ ਦਾ ਵਾਧਾ ਹੋ ਜਾਂਦਾ।

ਗੋਡੇ ਉੱਤੋਂ ਦੀ ਲੱਤ ਕੱਢ ਕੇ ਉਹ ਲੱਕੜ ਦੇ ਬੈਂਚ 'ਤੇ ਢੋਹ ਲਾਈ ਬੈਠੀ ਸੀ ਤੇ ਉਤਲੀ ਲੱਤ ਵਾਲੇ ਪੈਰ ਦੀ ਜੁੱਤੀ ਨੂੰ ਬੇ-ਫ਼ਾਇਦਾ ਜਿਹਾ ਹਿਲਾ ਰਹੀ ਸੀ। ਜੁੱਤੀ ਵੱਲ ਕਦੇ ਕਦੇ ਗਹੁ ਨਾਲ ਵੇਖਦੀ ਸੀ। ਮੈਂ ਉਸ ਵੱਲ ਝਾਕਿਆ ਤਾਂ ਉਹ ਖੜ੍ਹੀ ਹੋ ਗਈ। ਮੈਨੂੰ ਭੁਲੇਖਾ ਪਿਆ ਜਿਵੇਂ ਉਹ ਮੈਨੂੰ ਜਾਣਦੀ ਹੋਵੇ। ਦੂਜੀ ਵਾਰ ਮੈਂ ਪਲਕਾਂ ਉਠਾਈਆਂ ਤਾਂ ਮੈਨੂੰ ਲੱਗਿਆ ਜਿਵੇਂ ਮੈਂ ਉਸਨੂੰ ਪਹਿਲਾਂ ਵੀ ਕਦੇ ਦੇਖਿਆ ਹੋਵੇ। ਇੱਕ ਛਿਣ ਮੈਂ ਸੋਚਿਆ, ਕੌਣ ਹੋਈ ਇਹ ਕੁੜੀ? ਮੇਰੇ ਦਿਮਾਗ਼ ਨੇ ਕੋਈ ਵੀ ਗਵਾਹੀ ਨਾ ਦਿੱਤੀ। ਐਨੇ ਚਿਰ ਨੂੰ ਅਸੀਂ ਉਸ ਦੇ ਕੁਝ ਨਜ਼ਦੀਕ ਚਲੇ ਗਏ। ਉਹ ਵੀ ਬੈਂਚ ਤੋਂ ਇੱਕ ਦੋ ਕਦਮ ਅਗਾਂਹ ਹੋ ਕੇ ਸਾਡੇ ਵੱਲ ਹੀ ਅਹੁਲੀ ਹੋਈ ਸੀ। ਉਸ ਵੱਲ ਫਿਰ ਦੇਖਿਆ ਤਾਂ ਉਸ ਨੇ ਮੁਸਕਰਾ ਕੇ ਮੈਨੂੰ 'ਸਤਿ ਸ੍ਰੀ ਅਕਾਲ' ਕਹੀ। ਮੇਰੇ ਦੋਸਤ ਨੂੰ ਵੀ। 'ਸਤਿ ਸ੍ਰੀ ਅਕਾਲ' ਮੰਨ ਕੇ ਮੈਂ ਥਾਏਂ ਖੜ੍ਹ ਗਿਆ ਤੇ ਉਸ ਵੱਲ ਗਹੁ ਨਾਲ ਵੇਖਣ ਲੱਗਿਆ। ਮੈਥੋਂ ਤਾਂ ਕੁਝ ਵੀ ਨਹੀਂ ਸੀ ਬੋਲਿਆ ਜਾ ਰਿਹਾ। ਉਹ ਸ਼ਾਇਦ ਭਾਂਪ ਵੀ ਗਈ ਕਿ ਮੈਂ ਉਸ ਨੂੰ ਪਹਿਚਾਣ ਨਹੀਂ ਸਕਿਆ।

'ਸਿਆਣਿਆ ਨੀ, ਮਾਸਟਰ ਜੀ ਮੈਨੂੰ?'

'ਕੁੜੀਏ, ਸਿਆਣਦਾ ਤਾਂ ਹਾਂ, ਪਰ ਨਾਂਅ ਭੁੱਲ ਗਿਆ ਤੇਰਾ।' ਮੈਂ ਕਿਹਾ ਤੇ ਬਨਾਵਟੀ ਜਿਹੀ ਮੁਸਕਰਾਹਟ ਚਿਹਰੇ 'ਤੇ ਲਿਆਂਦੀ।

'ਨਹੀਂ, ਮਾਸਟਰ ਜੀ, ਸਿਆਣਿਆ ਵੀ ਨੀ।' ਚੁੰਨੀ ਦੇ ਲੜ ਨੂੰ ਮੋਢੇ ਉੱਤੋਂ ਦੀ ਪਿੱਠ ਵੱਲ ਸੁੱਟ ਕੇ ਉਹ ਖੁੱਲ੍ਹ ਕੇ ਹੱਸੀ। ਉਸ ਦੀ ਇਸ ਤਰ੍ਹਾਂ ਦੀ ਹਾਸੀ ਤੋਂ ਮੈਨੂੰ ਥੋੜ੍ਹੀ ਜਿਹੀ ਕੋਈ ਸਮਝ ਪਈ, ਪਰ ਮੇਰੇ ਦਿਲ ਉੱਤੇ ਫਿਰਦੀ ਕਿਸੇ ਕੁੜੀ ਦੀ ਨੁਹਾਰ ਫਿਰ ਉੱਤਰ ਗਈ। ਕੁਝ ਪਤਾ ਨਾ ਲੱਗੇ।

'ਦੇਖਿਆ ਤਾਂ ਹੈ...ਕਿਤੇ.... ਉਂ। ਮੈਂ ਆਪਣੀ ਦਾੜ੍ਹੀ ਨੂੰ ਖੁਰਚਣਾ ਸ਼ੁਰੂ ਕੀਤਾ। ਮੈਨੂੰ ਕੋਈ ਸਮਝ ਨਹੀਂ ਸੀ ਆ ਰਹੀ ਕਿ ਉਹ ਕੁੜੀ ਕੌਣ ਹੈ। ਐਨਾ ਕੁ ਹੀ ਅਹਿਸਾਸ ਸੀ ਕਿ ਮੈਂ ਉਸ ਨੂੰ

ਕਿਤੇ ਦੇਖਿਆ ਹੋਇਆ ਜ਼ਰੂਰ ਹੈ। ਉਸ ਦੇ 'ਮਾਸਟਰ ਜੀ' ਕਹਿ ਕੇ ਬੁਲਾਉਣ ਤੋਂ ਇਹ ਤਾਂ ਸ਼ਾਇਦ ਸਾਫ਼ ਹੀ ਸੀ ਕਿ ਉਹ ਕਿਸੇ ਸਕੂਲ ਵਿੱਚ ਮੇਰੀ ਸਟੂਡੈਂਟ ਰਹੀ ਹੋਵੇਗੀ। ਮੇਰਾ ਦੋਸਤ ਕਦੇ ਮੇਰੇ ਵੱਲ ਤੇ ਕਦੇ ਉਸ ਕੁੜੀ ਵੱਲ ਤੱਕ ਰਿਹਾ ਸੀ। ਮੇਰੇ ਵੱਲ ਦੇਖ ਕੇ ਉਹ ਦੋ ਵਾਰੀ ਹੱਸਿਆ ਵੀ।

'ਬੱਸ ਮਾਸਟਰ ਜੀ, ਐਡੀ ਛੇਤੀ ਭੁੱਲ 'ਗੇ?' ਕਹਿ ਕੇ ਉਸ ਨੇ ਮੈਨੂੰ ਨਿੰਮੋਝੂਣਾ ਕਰ ਦਿੱਤਾ। ਕਦੇ ਮੈਂ ਉਹਦੇ ਚਿਹਰੇ ਵੱਲ ਝਾਕ ਲੈਂਦਾ, ਕਦੇ ਧਰਤੀ ਵੱਲ ਤੇ ਕਦੇ ਆਪਦੇ ਦੋਸਤ ਵੱਲ। ਪਰ ਬਹੁਤੀ ਨਿਗਾਹ ਮੇਰੀ ਧਰਤੀ ਉੱਤੇ ਹੀ ਗੱਡੀ ਹੋਈ ਸੀ। ਦਿਮਾਗ਼ ਉੱਤੇ ਜ਼ੋਰ ਪੈ ਰਿਹਾ ਸੀ।

'ਮੈਂ ਕਰਨੈਲ ਆਂ, ਮਾਸਟਰ ਜੀ, ਕੈਲੋ।' ਤੇ ਫਿਰ ਉਸ ਨੇ ਪਿੰਡ ਦਾ ਨਾਉਂ ਲਿਆ ਜਿੱਥੋਂ ਦੇ ਹਾਈ ਸਕੂਲ ਵਿੱਚ ਉਹ ਮੇਰੀ ਸਟੂਡੈਂਟ ਰਹੀ ਸੀ।

'ਅੱਛਾ, ਅੱਛਾ' ਕਹਿ ਕੇ ਮੈਂ ਉਸ ਵੱਲ ਵਧਿਆ ਤੇ ਪਿਆਰ ਨਾਲ ਉਸ ਦੇ ਸਿਰ ਉੱਤੇ ਹੱਥ ਧਰਿਆ। ਪਰ੍ਹੇ ਖੇਡਦਾ ਢਾਈ ਕੁ ਸਾਲ ਦਾ ਉਹਦਾ ਮੁੰਡਾ ਉਹਦੀਆਂ ਲੱਤਾਂ ਨੂੰ ਆ ਚਿੰਬੜਿਆ। ਮੁੰਡੇ ਨੂੰ ਗੋਦੀ ਚੁੱਕ ਕੇ ਮੈਂ ਚੁੰਮਿਆ। ਅਸੀਂ ਉਸੇ ਬੈਂਚ ਉੱਤੇ ਬੈਠ ਗਏ।

ਉਸ ਪਿੰਡ ਜਦ ਮੈਂ ਬਦਲ ਕੇ ਗਿਆ ਸਾਂ, ਕੈਲੋ ਅੱਠਵੀਂ ਜਮਾਤ ਵਿੱਚ ਪੜ੍ਹਦੀ ਸੀ। ਅੱਠਵੀਂ ਦਾ ਇੱਕ ਸਬਜੈਕਟ ਮੈਂ ਵੀ ਪੜ੍ਹਾਉਂਦਾ ਸਾਂ। ਹਾਈ ਸਕੂਲ ਕਈ ਸਾਲਾਂ ਤੋਂ ਉਹ ਬਣਿਆ ਹੋਇਆ ਸੀ। ਪਿੰਡ ਵੀ ਕਾਫ਼ੀ ਵੱਡਾ ਸੀ। ਆਲੇ-ਦੁਆਲੇ ਦੇ ਕਈ ਪਿੰਡਾਂ ਦੇ ਮੁੰਡੇ ਕੁੜੀਆਂ ਵੀ ਓਥੇ ਪੜ੍ਹਦੇ ਸਨ। ਸੋ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਕਾਫ਼ੀ ਜ਼ਿਆਦਾ ਸੀ। ਮੁੰਡਿਆਂ ਦੀ ਵੀ, ਕੁੜੀਆਂ ਦੀ ਵੀ। ਹਰ ਜਮਾਤ ਵਿੱਚ ਹੀ ਜਿੰਨੇ ਮੁੰਡੇ ਪੜ੍ਹਦੇ ਸਨ, ਉਨੀਆਂ ਹੀ ਕੁੜੀਆਂ। ਇਸ ਲਈ ਨਿਰੋਲ ਮੁੰਡੇ ਤੇ ਨਿਰੋਲ ਕੁੜੀਆਂ ਦੀਆਂ ਸੈਕਸ਼ਨਾਂ ਅਲੱਗ-ਅਲੱਗ ਸਨ। ਮੈਂ ਅੱਠਵੀਂ ਜਮਾਤ ਦੀਆਂ ਕੁੜੀਆਂ ਦੀ ਸੈਕਸ਼ਨ ਨੂੰ ਪੜ੍ਹਾਉਂਦਾ। ਕੈਲੋ ਬਹੁਤ ਸ਼ਰਾਰਤੀ ਲੜਕੀ ਸੀ। ਸਾਰੀਆਂ ਕੁੜੀਆਂ ਨਾਲੋਂ ਹੀ ਵੱਧ ਸ਼ਰਾਰਤਣ। ਦਿਨ ਵਿੱਚ ਦੋ ਦੋ ਵਾਰੀ ਤਿੰਨ ਤਿੰਨ ਵਾਰੀ ਉਹ ਕੁੜੀਆਂ ਨਾਲ ਲੜਦੀ। ਜਮਾਤ ਵਿੱਚ ਟੀਚਰ ਵੀ ਜੇ ਬੈਠਾ ਹੁੰਦਾ ਤਾਂ ਵੀ ਉਹ ਟੱਪਦੀ ਰਹਿੰਦੀ। ਇੱਕ ਥਾਂ ਟਿਕ ਕੇ ਹੀ ਨਾ ਬੈਠਦੀ। ਕਦੇ ਔਸ ਕੁੜੀ ਕੋਲ, ਕਦੇ ਔਸ ਕੋਲ। ਕਦੀ ਇਸ ਖੂੰਜੇ, ਕਦੀ ਉਸ ਖੂੰਜੇ। ਪਰ ਪੜ੍ਹਨ 'ਚ ਬੜੀ ਹੁਸ਼ਿਆਰ। ਇਮਿਤਿਹਾਨ ਹੋਇਆ, ਨਤੀਜਾ ਨਿੱਕਲਿਆ, ਕੈਲੋ ਸਾਰੀ ਜਮਾਤ ਵਿਚੋਂ ਫਸਟ ਆਈ।

ਉਨ੍ਹਾਂ ਦਿਨਾਂ ਵਿੱਚ ਵਿਦਿਆਰਥੀਆਂ ਨੂੰ 'ਬੱਚੂ' ਕਹਿ ਕੇ ਬੁਲਾਉਣ ਦੀ ਮੈਨੂੰ ਆਦਤ ਸੀ। 'ਬੱਚੂ' ਸ਼ਬਦ ਮੇਰੇ ਮੂੰਹ ਚੜ੍ਹਿਆ ਹੋਇਆ ਸੀ। ਕੋਈ ਹੋਵੇ, ਮੁੰਡਾ ਹੋਵੇ ਕੁੜੀ ਹੋਵੇ, ਮੇਰੀ ਜ਼ਬਾਨੋਂ 'ਬੱਚੂ' ਹੀ ਨਿੱਕਲਦਾ। ਓਦੋਂ ਤਾਂ ਮੇਰੀ ਉਮਰ ਵੀ ਤੀਹਾਂ ਤੋਂ ਥੱਲੇ ਸੀ। ਸੋ ਜਦ ਮੈਂ ਕਿਸੇ ਵੱਡੇ ਮੁੰਡੇ ਜਾਂ ਕੁੜੀ ਨੂੰ 'ਬੱਚੂ' ਕਹਿੰਦਾ ਤਾਂ ਉਹਨਾਂ ਦਾ ਹਾਸਾ ਨਿਕਲ ਜਾਂਦਾ। ਕੈਲੋ ਆਕੜਦੀ 'ਮੈਨੂੰ ਨਾ ਕਹਿਆ ਕਰੋਂ ਬੱਚੂ ਬੱਚੂ, ਬੱਸ ਸਿੱਧਾ ਨਾ ਲਿਆ ਕਰੋ।'

'ਚੰਗਾ ਪੁੱਤ, ਆਪ ਦੇ ਨੰਬਰ 'ਤੇ ਜਾ ਕੇ ਬੈਠ।' ਮੈਂ ਸਗੋਂ ਹੋਰ ਚਿੜ੍ਹਾਉਂਦਾ।

'ਹਾਏ ਰੱਬਾ' ਕਹਿ ਕੇ ਉਹ ਰੋਣ ਵਰਗਾ ਮੂੰਹ ਬਣਾਉਂਦੀ ਤੇ ਆਪਣੀ ਸੀਟ 'ਤੇ ਜਾ ਕੇ ਗੋਡਿਆਂ ਵਿਚਾਲੇ ਸਿਰ ਦੇ ਬੈਠ ਜਾਂਦੀ। ਫਿਰ ਤਾਂ ਉਹ ਬੋਲੇ ਕੰਧ ਬੋਲੇ। ਪਰ ਚਾਣਚੱਕ ਹੀ ਉਹ ਫਿਰ ਖੜ੍ਹੀ ਹੋ ਜਾਂਦੀ ਤੇ ਕਹਿੰਦੀ-'ਜੇ ਥੋਨੂੰ ਕਹੇ ਕੋਈ ਪੁੱਤ?'

ਇਸ ਵੇਲੇ ਮੈਨੂੰ ਗੁੱਸਾ ਆਉਂਦਾ। ਮੈਂ ਕੜਕ ਕੇ ਬੋਲਦਾ–'ਚੁੱਪ ਕਰਕੇ ਬੈਠੀ ਰਹਿ, ਵੱਡੀ ਆਗੀ ਇਹ ਬਹੁਤਾ ਬੋਲਣ ਵਾਲੀ ਤੇ ਫਿਰ ਸ਼ਾਂਤੀ ਬੀਤ ਜਾਂਦੀ। ਨਿੱਤ ਦੀ ਤਰ੍ਹਾਂ ਜਮਾਤ ਦਾ ਕੰਮ ਹੋਣ ਲੱਗਦਾ।

ਇੱਕ ਦਿਨ ਮੈਂ ਜਮਾਤ ਵਿੱਚ ਦੇਰ ਨਾਲ ਪਹੁੰਚਿਆ। ਕੈਲੋ ਕੁਰਸੀ ਉੱਤੇ ਬੈਠੀ ਸਾਰੀਆਂ ਕੁੜੀਆਂ ਨੂੰ ਡੰਡਾ ਦਿਖਾ ਕੇ ਡਾਂਟ ਰਹੀ ਸੀ। ਮੈਨੂੰ ਦੇਖਣ ਸਾਰ ਉਹ ਕੁਰਸੀ ਤੋਂ ਉੱਠ ਕੇ ਆਪਣੀ ਸੀਟ ਵੱਲ ਭੱਜੀ। ਕੁੜੀਆਂ ਹੱਸਣ ਲੱਗੀਆਂ।

'ਕੁਰਸੀ 'ਤੇ ਬੈਠਣ ਦਾ ਕੀ ਮਤਲਬ ਸੀ ਤੇਰਾ?' ਮੈਂ ਤਾੜ ਕੇ ਪੁੱਛਿਆ।

'ਫੇਰ ਕੀ ਹੋ ਗਿਆ, ਮਾਸਟਰ ਜੀ, ਕੁਰਸੀ ਨੀ ਦੇਖੀ ਕਦੇ।' ਉਹ ਭੱਜ ਕੇ ਪਈ। ਮੈਂ ਚੁੱਪ ਕਰ ਗਿਆ। ਪਰ ਕੈਲੋ ਨੂੰ ਮੈਂ ਫਿਰ ਪੰਦਰਾਂ ਦਿਨ ਉੱਕਾ ਹੀ ਨਾ ਬੁਲਾਇਆ। ਉਸ ਨੇ ਵੀ ਮੈਨੂੰ ਨਹੀਂ ਬੁਲਾਇਆ। ਇੱਕ ਦਿਨ ਫਿਰ ਉਹ ਇੱਕ ਪੀਚੀ ਜਿਹੀ ਕੁੜੀ ਨੂੰ ਨਾਲ ਲੈ ਕੇ ਮੇਰੇ ਕੋਲ ਆਈ ਤੇ ਅੱਖਾਂ ਵਿੱਚ ਪਾਣੀ ਭਰਕੇ ਆਖਿਆ 'ਮਾਸਟਰ ਜੀ, ਮਾਫ਼ ਕਰ ਦਿਓ ਮੈਨੂੰ।' ਮੇਰੀ ਹਾਸੀ ਨਿਕਲ ਗਈ। ਉਹ ਹੱਸ ਕੇ ਦੌੜ ਗਈ।

ਉਸ ਪਿੰਡ, ਜਿਸ ਮਕਾਨ ਵਿੱਚ ਅਸੀਂ ਕਿਰਾਏ 'ਤੇ ਰਹਿੰਦੇ ਹੁੰਦੇ, ਸਾਡੇ ਨੇੜੇ ਹੀ ਕੈਲੋ ਦਾ ਘਰ ਸੀ। ਉਹ ਤੇ ਹੋਰ ਕੁੜੀਆਂ, ਮੇਰੀ ਘਰ ਵਾਲੀ ਕੋਲ ਆਉਣ ਲੱਗ ਪਈਆਂ। ਉਦੋਂ ਆਉਂਦੀਆਂ, ਜਦ ਮੈਂ ਘਰ ਨਹੀਂ ਸੀ ਹੁੰਦਾ। ਉਹਨਾਂ ਦੇ ਬੈਠੀਆਂ ਅਤੇ ਮੜ੍ਹੱਕ ਮੜ੍ਹੱਕ ਗੱਲਾਂ ਮਾਰਦੀਆਂ 'ਤੇ ਜੇ ਕਦੇ ਮੈਂ ਆ ਜਾਂਦਾ ਤਾਂ ਉਹ ਓਸੇ ਵੇਲੇ ਭੱਜ ਜਾਂਦੀਆ। ਮੈਂ ਹੈਰਾਨ ਸਾਂ ਕਿ ਉਹ ਮੇਰੇ ਹੁੰਦੇ ਸਾਡੇ ਘਰ ਕਿਉਂ ਨਹੀਂ ਆਉਂਦੀਆਂ? ਤੇ ਜਦ ਮੈਂ ਆਉਂਦਾ ਹਾਂ, ਉਹ ਭੱਜ ਕਿਉਂ ਜਾਂਦੀਆਂ ਨੇ? ਸਕੂਲ ਵਿੱਚ ਤਾਂ ਉਹ ਮੇਰੇ ਨਾਲ ਬਥੇਰਾ ਮਗਜ਼ ਮਾਰ ਲੈਂਦੀਆਂ ਨੇ, ਮੇਰੀ ਘਰ ਵਾਲੀ ਦੇ ਸਾਹਮਣੇ ਮੈਥੋਂ ਪਾਸਾ ਵੱਟਦੀਆਂ ਨੇ? ਆਪਣੀ ਘਰ ਵਾਲੀ ਤੋਂ ਵੀ ਕਦੇ ਕਦੇ ਮੈਂ ਪੁੱਛਦਾ ਕਿ ਉਹ ਮੈਥੋਂ ਐਨਾ ਕਿਉਂ ਸੰਗਦੀਆਂ ਨੇ? ਘਰ ਵਾਲੀ ਇਹ ਕਹਿ ਕੇ ਮੈਨੂੰ ਚੁੱਪ ਕਰਾ ਦਿੰਦੀ–'ਸ਼ਰਮ ਹਜ਼ੂਰ ਨੇ।' ਜਿੰਨੀਆਂ ਗੱਲਾਂ ਵੀ ਉਹ ਕਰਕੇ ਜਾਂਦੀਆਂ ਇੱਕ ਇੱਕ ਕਰਕੇ ਸਾਰੀਆ ਘਰ ਵਾਲੀ ਮੈਨੂੰ ਦੱਸ ਦਿੰਦੀ। ਸਕੂਲ ਦੀਆਂ ਗੱਲਾਂ, ਪਿੰਡ ਦੀਆਂ ਗੱਲਾਂ, ਮੁੰਡਿਆਂ ਦੀਆਂ ਗੱਲਾਂ, ਕੁੜੀਆਂ ਦੀਆਂ ਗੱਲਾਂ।

ਇੱਕ ਦਿਨ ਮੈਨੂੰ ਪਤਾ ਲੱਗਿਆ ਕਿ ਕੈਲੋ ਮੰਗੀ ਹੋਈ ਹੈ। ਕੈਲੋ ਦੀ ਭੂਆ ਆਪਣੇ ਦਿਉਰ ਨੂੰ ਕੈਲੋ ਦੀ ਵੱਡੀ ਭੈਣ ਦਾ ਸਾਕ ਲੈ ਗਈ ਸੀ। ਤੇ ਫਿਰ ਉਸ ਦੀ ਵੱਡੀ ਭੈਣ ਨੇ ਆਪਣੇ ਪ੍ਰਾਹੁਣੇ ਤੋਂ ਛੋਟੇ ਮੁੰਡੇ ਲਈ ਕੈਲੋ ਦਾ ਸਾਕ ਮੰਗ ਲਿਆ। ਕੈਲੋ ਜਦੋਂ ਮੰਗੀ ਗਈ ਉਦੋਂ ਉਹ ਦੂਜੀ ਜਾਂ ਤੀਜੀ ਜਮਾਤ ਵਿੱਚ ਪੜ੍ਹਦੀ ਸੀ। ਉਹਨਾਂ ਦੇ ਘਰ ਵਿੱਚ ਹੋਰ ਕੋਈ ਪੜ੍ਹਿਆ ਹੋਇਆ ਨਹੀਂ ਸੀ। ਹੁਣ ਜਦ ਉਹ ਨੌਵੀਂ ਜਮਾਤ 'ਚ ਪੜ੍ਹਦੀ ਸੀ ਤੇ ਖਾਸੀ ਉਡਾਰ ਸੀ, ਉਸ ਦੀਆਂ ਸਹੇਲੀਆਂ ਉਸ ਨੂੰ ਖਿਝਾਉਂਦੀਆਂ ਸਨ–'ਤੇਰਾ ਤਾਂ ਅਣਪੜ੍ਹ ਐ ਕੁੜੇ।'

ਘਰ ਵਾਲੀ ਨੇ ਮੈਨੂੰ ਦੱਸਿਆ, ਕੈਲੋ ਉਸ ਮੁੰਡੇ ਨਾਲ ਵਿਆਹ ਕਰਵਾ ਕੇ ਰਾਜ਼ੀ ਨਹੀਂ। ਕੀ ਹੋਇਆ ਜੇ ਚਾਰ ਡਲੇ ਵਾਹਣ ਦੇ ਨੇ ਕੋਲ, ਹੈ ਤਾਂ ਅਨਪੜ੍ਹ ਡੰਗਰ। ਆਪਣੀ ਮਾਂ ਨਾਲ ਲੜਦੀ ਰਹਿੰਦੀ ਹੈ। ਵੱਡੀ ਭੈਣ ਜਦ ਕਦੇ ਏਥੇ ਆਉਂਦੀ ਹੈ, ਕੈਲੋ ਉਸ ਨੂੰ ਤੇਰ੍ਹਵੀਆਂ ਸੁਣਾਉਂਦੀ ਹੈ। ਕਹਿੰਦੀ ਹੈ, 'ਅਨਪੜ੍ਹ ਫੂਕਣੈ ਮੈਂ।

ਮੇਰੇ ਮਨ ਵਿੱਚ ਇੱਕ ਦਿਨ ਖਾਹਸ਼ ਉੱਠੀ, ਕੈਲੋ ਇਕੱਲੀ ਨੂੰ ਘਰ ਸੱਦਾਂ। ਥੋੜ੍ਹਾ ਜਿਹਾ ਉਸ ਨਾਲ ਖੁਲ੍ਹ ਕੇ, ਉਸਨੂੰ ਪੁੱਛਾਂ-'ਕੀ ਤੂੰ ਸੱਚੀਂ ਪੜ੍ਹੇ ਹੋਏ ਮੁੰਡੇ ਨਾਲ ਵਿਆਹ ਕਰਾਏਂਗੀ?' ਘਰ ਵਾਲੀ ਨੂੰ ਮੈਂ ਦੱਸਿਆ ਕਿ ਮੇਰੇ ਹੱਥ ਵਿੱਚ ਇੱਕ ਪੜ੍ਹਿਆ ਹੋਇਆ ਮੁੰਡਾ ਹੈ। ਪੱਕੀ ਸਰਕਾਰੀ ਨੌਕਰੀ 'ਤੇ ਲੱਗਿਆ ਹੋਇਆ ਹੈ। ਸੋਹਣਾ ਸੁਣੱਖਾ ਹੈ। ਚਾਹੁੰਦਾ ਹੈ, ਕੁੜੀ ਪੜ੍ਹੀ ਹੋਈ ਹੋਵੇ, ਪਰ ਹੋਵੇ ਸੁੰਦਰ। ਦੇਵੇ ਲਵੇ ਭਾਵੇਂ ਕੋਈ ਕੱਖ ਵੀ ਨਾ।

ਘਰ ਵਾਲੀ ਨੇ ਕੈਲੋ ਕੋਲ ਗੱਲ ਛੇੜੀ ਤੇ ਉਹ ਸਾਡੇ ਘਰ ਵੀ ਆ ਗਈ। ਮੈਂ ਹੈਰਾਨ ਸਾਂ ਕਿ ਨੌਂਵੀਂ ਜਮਾਤ ਵਿੱਚ ਪੜ੍ਹਦੀ ਕੁੜੀ ਕਿੰਨੀ ਦਲੇਰ ਹੈ। ਆਪਣੇ ਜੀਵਨ ਦਾ ਉਸ ਨੂੰ ਕਿੰਨਾ ਖ਼ਿਆਲ ਹੈ। ਉਸ ਦਿਨ ਤਾਂ ਉਹ ਬੜੀ ਹੀ ਸਾਊ ਜਿਹੀ ਲੱਗ ਰਹੀ ਸੀ। ਗੰਭੀਰ ਬਣੀ ਬੈਠੀ ਸੀ। ਸਕੂਲ ਵਾਲੀ ਕੈਲੋ ਤਾਂ ਉਹ ਹੈ ਹੀ ਨਹੀਂ ਸੀ। ਮੰਜੇ ਉੱਤੇ ਬੈਠੇ ਨੇ, ਅੰਦਰਲੇ ਕਮਰੇ ਦੀ ਦੇਹਲੀ ਉੱਤੇ ਬੈਠੀ ਕੈਲੋ ਵੱਲ ਝਾਕ ਕੇ ਮੈਂ ਕਿਹਾ-'ਆ 'ਗੀ ਕੈਲੋ?' ਉਸ ਨੇ ਪਰਲੇ ਪਾਸੇ ਮੂੰਹ ਫੇਰ ਲਿਆ। ਨਿੰਮ੍ਹਾ ਜਿਹਾ ਹੱਸੀ ਵੀ ਜਾਂ ਸ਼ਾਇਦ ਮੁਸਕਰਾਈ ਹੀ ਹੋਵੇ। ਪਰ ਮੈਨੂੰ ਚਾਂਦੀ ਦੇ ਨਿੱਕੇ-ਨਿੱਕੇ ਘੁੰਗਰੂ ਛਣਕਣ ਜਿਹੀ ਆਵਾਜ਼ ਸੁਣਾਈ ਜ਼ਰੂਰ ਦਿੱਤੀ। ਮੈਨੂੰ ਮੇਰਾ ਅੰਦਰਲਾ ਪਾਲਾ ਮਾਰ ਰਿਹਾ ਸੀ। ਮੈਂ ਸੋਚ ਰਿਹਾ ਸੀ ਕਿ ਗੱਲ ਕਿਵੇਂ ਛੇੜਾਂ?

ਕੈਲੋ ਕੁਝ ਵੀ ਨਹੀਂ ਬੋਲੀ। ਮੇਰੀ ਘਰ ਵਾਲੀ ਗੱਲ ਕਹਿੰਦੀ ਤੇ ਮੈਂ ਹੁੰਗਾਰਾ ਭਰਦਾ। ਜਿਵੇਂ ਕੈਲੋ ਗੱਲ ਕਹਿੰਦੀ ਹੋਵੇ ਤੇ ਮੈਂ ਹੁੰਗਾਰਾ ਭਰਦਾ ਹੋਵਾਂ। ਮੈਂ ਕੋਈ ਗੱਲ ਕਹਿੰਦਾ ਤਾਂ ਮੇਰੀ ਘਰ ਵਾਲੀ ਹੁੰਗਾਰਾ ਭਰਦੀ ਜਿਵੇਂ ਮੈਂ ਕੋਈ ਗੱਲ ਕਹਿੰਦਾ ਹੋਵਾਂ ਤੇ ਕੈਲੋ ਹੁੰਗਾਰਾ ਭਰਦੀ ਹੋਵੇ। ਇਸ ਤਰ੍ਹਾਂ ਹੀ ਅਸੀਂ ਸਾਰੀਆਂ ਗੱਲਾਂ ਕਰ ਲਈਆਂ। ਜਦ ਮੈਂ ਬੋਲ ਰਿਹਾ ਹੁੰਦਾ, ਕੈਲੋ ਘਰ ਵਾਲੀ ਵੱਲ ਝਾਕ ਰਹੀ ਹੁੰਦੀ। ਜਦ ਮੇਰੀ ਘਰ ਵਾਲੀ ਬੋਲ ਰਹੀ ਹੁੰਦੀ ਤਾਂ ਕੈਲੋ ਮੇਰੇ ਵੱਲ ਝਾਕ ਰਹੀ ਹੁੰਦੀ।

'ਚੰਗਾ ਫੇਰ ਮੈਂ ਉਸ ਮੁੰਡੇ ਨਾਲ ਗੱਲ ਕਰੂੰਗਾ' ਅੰਤ ਵਿੱਚ ਮੈਂ ਕਿਹਾ। ਕੈਲੋ ਸਿਆਣੀ ਜਿਹੀ ਬਣੀ ਆਪਣੇ ਘਰ ਨੂੰ ਚਲੀ ਗਈ। ਉਸ ਦੇ ਜਾਣ ਪਿੱਛੋਂ ਅਸੀਂ ਡਰੇ, ਕਿਤੇ ਕੈਲੋ ਦੇ ਮਾਂ-ਪਿਓ ਇਸ ਗੱਲ ਨੂੰ ਬੁਰਾ ਨਾ ਮਨਾਉਣ।

ਇਸ ਤੋਂ ਬਾਅਦ ਕੈਲੋ ਸਾਡੇ ਘਰ ਨਹੀਂ ਸੀ ਆਉਂਦੀ। ਕਦੇ-ਕਦੇ ਆਉਂਦੀ। ਮੇਰੀ ਘਰ ਵਾਲੀ ਕੋਲ ਇਹੋ ਗੱਲ ਛੇੜਦੀ-'ਵਿਆਹ ਕਰੌਣੈ ਤਾਂ ਪੜ੍ਹੇ ਹੋਏ ਮੁੰਡੇ ਨਾਲ ਕਰੌਣੈ, ਨਹੀਂ ਤਾਂ ਕਰੌਣਾ ਨਹੀਂ। ਖੂਹ 'ਚ ਛਾਲ ਮਾਰਨੀ ਮੰਨਜ਼ੂਰ, ਅਣਪੜ੍ਹ ਦੇ ਮਗਰ ਨੀ ਲੱਗਣਾ।'

ਸਕੂਲ ਵਿੱਚ ਉਹ ਚੁੱਪ ਕੀਤੀ ਰਹਿੰਦੀ। ਹੁਣ ਮੈਂ ਹੈਰਾਨ ਇਸ ਗੱਲ ਤੋਂ ਹੁੰਦਾ ਕਿ ਪਹਿਲਾਂ ਵਾਲੀ ਕੈਲੋ ਉਹ ਕਿਉਂ ਨਹੀਂ ਰਹੀ। ਨਾ ਕਿਸੇ ਕੁੜੀ ਨਾਲ ਆਕੜਦੀ, ਨਾ ਚੂੰਢੀ ਵੱਢਦੀ। ਮੈਂ ਜਦ ਉਹਨਾਂ ਦੀ ਜਮਾਤ ਵਿੱਚ ਪੜ੍ਹਾਉਣ ਜਾਂਦਾ ਤਾਂ ਉਹ ਹੋਰ ਪਿਚਕ ਜਾਂਦੀ। ਸਕੂਲ 'ਚ ਉਹ ਮੇਰੇ ਨਾਲ ਗੱਲ ਵੀ ਕੋਈ ਨਾ ਕਰਦੀ, ਮੇਰੀ ਘਰ ਵਾਲੀ ਕੋਲ ਹੀ ਉਹ ਕਦੇ ਕਦੇ ਆਉਂਦੀ। ਜੋ ਕੁਝ ਉਹ ਕਹਿੰਦੀ ਮੇਰੀ ਘਰ ਵਾਲੀ ਮੈਨੂੰ ਦੱਸ ਦਿੰਦੀ। ਜੋ ਕੁਝ ਮੈਂ ਕਹਿੰਦਾ, ਮੇਰੀ ਘਰ ਵਾਲੀ ਕੈਲੋ ਨੂੰ ਦੱਸ ਦਿੰਦੀ।

ਕੈਲੋ ਨੇ ਜਿਸ ਸਾਲ ਦਸਵੀਂ ਪਾਸ ਕੀਤੀ, ਮੇਰੀ ਬਦਲੀ ਕਿਸੇ ਹੋਰ ਪਿੰਡ ਦੀ ਹੋ ਗਈ।

ਅੱਜ ਉਹ ਦਸ ਜਾਂ ਸ਼ਾਇਦ ਗਿਆਰਾਂ ਸਾਲਾਂ ਬਾਅਦ ਮੈਨੂੰ ਮਿਲੀ ਸੀ।

ਉਹ ਕੈਲੋ ਤਾਂ ਇਹ ਹੈ ਹੀ ਨਹੀਂ ਸੀ। ਓਦੋਂ ਤਾਂ ਉਸ ਦਾ ਸਰੀਰ ਪਤਲਾ ਜਿਹਾ ਸੀ-ਨਿਰੀ ਛੱਮਕ ਦੀ ਛੱਮਕ। ਹੁਣ ਤਾਂ ਲੱਗਦਾ ਹੀ ਨਹੀਂ ਸੀ ਕਿ ਇਹ ਓਹੀ ਕੈਲੋ ਹੈ। ਇਸ ਦੀਆਂ ਤਾਂ ਭਾਵੇਂ ਤਿੰਨ ਕੈਲੋਆਂ ਬਣਾ ਲਵੇ ਕੋਈ। ਭਰਵਾਂ ਗੁੰਦਵਾਂ ਸਰੀਰ। ਗੱਲ੍ਹਾਂ 'ਤੇ ਚੜ੍ਹਿਆ ਹੋਇਆ ਮਾਸ। ਅੱਖਾਂ ਦੀ ਚਮਕ ਦਿਲ ਚੀਰਵੀਂ, ਕੱਦ ਵੀ ਜਿਵੇਂ ਓਦੋਂ ਨਾਲੋਂ ਗਿੱਠ ਉੱਚੀ ਹੋਵੇ। ਬੈਂਚ ਉੱਤੇ ਉਸ ਕੋਲ ਬੈਠਾ ਮੈਂ ਕਿੰਨਾ ਕੁਝ ਸੋਚ ਰਿਹਾ ਸਾਂ।

'ਅੱਜ ਭਾਈ, ਕਿਧਰੋਂ ਆਈ ਐਂ ਤੂੰ?' ਮੈਂ ਉਸਨੂੰ ਪੁੱਛਿਆ। ਨਾਲ ਦੀ ਨਾਲ ਮੈਂ ਸੋਚਿਆ, 'ਭਾਈ' ਦੀ ਥਾਂ 'ਬੱਚੂ' ਕਹਿ ਦਿੰਦਾ-ਫਿਰ? ਪਰ ਨਹੀਂ। ਉਹ ਸਮਾਂ ਤਾਂ ਬਹੁਤ ਦੂਰ ਲੰਘ ਗਿਆ ਸੀ।

'ਪਿੰਡੋਂ, ਮਾਸਟਰ ਜੀ। ' ਉਹਨੇ ਕਿਹਾ ਤੇ ਮੇਰੀ ਦਾੜ੍ਹੀ ਨੂੰ ਹੱਥ ਪਾ ਰਹੇ ਆਪਣੇ ਮੁੰਡੇ ਨੂੰ ਮੇਰੀ ਗੋਦੀ 'ਚੋਂ ਚੁੱਕ ਲਿਆ।

'ਹੁਣ?' ਮੇਰਾ ਭਾਵ ਸੀ ਕਿ ਉਹ ਗੱਡੀ ਚੜ੍ਹ ਕੇ ਕਿੱਥੇ ਨੂੰ ਜਾਵੇਗੀ?

'ਪਟਿਆਲੇ, ਮਾਸਟਰ ਜੀ।'

ਫਿਰ ਉਸ ਨੇ ਮੇਰੀ ਘਰ ਵਾਲੀ ਦਾ ਹਾਲ ਚਾਲ ਪੁੱਛਿਆ ਤੇ ਫਿਰ ਸਾਡੇ ਮੁੰਡੇ ਦਾ ਤੇ ਉਸ ਤੋਂ ਛੋਟੀ ਕੁੜੀ ਦਾ। ਮੈਂ ਪੁੱਛਣਾ ਚਾਹਿਆ ਕਿ ਉਹ ਪਟਿਆਲੇ ਕਿਉਂ ਜਾ ਰਹੀ ਹੈ? ਮੇਰੇ ਮਨ ਵਿੱਚ ਆਪ ਹੀ ਜਵਾਬ ਆਇਆ ਕਿ ਪਟਿਆਲੇ ਉਹ ਵਿਆਹੀ ਹੋਈ ਹੋਵੇਗੀ। ਨਹੀਂ ਤਾਂ ਉਸ ਦਾ ਹਸਬੈਂਡ ਉੱਥੇ ਰਹਿੰਦਾ ਹੋਵੇਗਾ।

'ਨਾਲ ਕੌਣ ਐ?' ਮੈਂ ਪੁੱਛਿਆ।

'ਟਿਕਟ ਲੈਣ ਗਏ ਨੇ। ਰਸ਼ ਈ ਬੜਾ ਲੱਗਦੈ।'

ਮੈਂ ਉੱਠ ਕੇ ਦੇਖਿਆ, ਸਿਗਨਲ ਡਾਊਨ ਹੋ ਚੁੱਕਿਆ ਸੀ। ਮੇਰਾ ਦੋਸਤ ਤਾਂ ਮੁੱਢ ਤੋਂ ਹੀ ਨਹੀਂ ਸੀ ਬੋਲ ਰਿਹਾ। ਸ਼ਾਇਦ ਉਹ ਬੋਰ ਹੋ ਗਿਆ ਹੋਵੇ।

ਚਾਹ ਦੀ ਰੇੜ੍ਹੀ ਕੋਲ ਹੀ ਸੀ। ਨੇੜੇ ਜਾ ਕੇ ਰੇੜ੍ਹੀ ਵਾਲੇ ਨੂੰ ਮੈਂ ਹੌਲੀ ਦੇ ਕੇ ਸਮਝਾਇਆ ਕਿ ਉਹ ਚਾਰ ਕੱਪ ਚਾਹ ਕੇ ਵਧੀਆ ਜਿਹੇ-ਥੋੜ੍ਹੇ ਥੋੜ੍ਹੇ ਪਾਣੀ ਵਾਲੇ, ਹੁਣੇ ਬਣਾ ਕੇ ਦੇਵੇ। ਰੇੜ੍ਹੀ ਵਾਲੇ ਕੋਲ ਮੈਂ ਅਜੇ ਖੜ੍ਹਾ ਹੀ ਸਾਂ ਕਿ ਜਸਵੰਤ ਨੇ ਮੇਰੇ ਗੋਡੇ ਨੂੰ ਹੱਥ ਲਾ ਕੇ ਸਤਿ ਸ੍ਰੀ ਅਕਾਲ ਕਹੀ। ਮੈਂ ਉਸਨੂੰ ਜੱਫੀ ਪਾ ਲਈ। ਪੁੱਛਿਆ-ਕਿਥੇ ਹੁੰਨੈ ਬੱਚੂ ਹੁਣ?

'ਪਟਿਆਲੇ ਆਂ, ਗੁਰੂ ਜੀ, ਸਪੋਰਟਸ ਆਫੀਸਰ। ਆਓ ਕਦੇ, ਉਸਨੇ ਬੜੇ ਆਦਰ ਭਾਵ ਨਾਲ ਕਿਹਾ ਤੇ ਆਪਣੀ ਪੁਰਾਣੀ ਆਦਤ ਅਨੁਸਾਰ ਹੱਥ ਜੋੜੇ।

'ਹੱਛਾ ਜ਼ਰੂਰ ਆਵਾਂਗਾ।' ਮੈਂ ਕਿਹਾ, ਜਿਵੇਂ ਉਹਨੂੰ ਗਲੋਂ ਲਾਹੁਣਾ ਹੋਵੇ।

ਜਸਵੰਤ ਮੇਰਾ ਸਟੂਡੈਂਟ ਸੀ। ਦਸਵੀਂ ਪਾਸ ਕਰੀ ਨੂੰ ਤਾਂ ਉਸ ਨੂੰ ਦਸ ਬਾਰਾਂ ਸਾਲ ਹੋ ਗਏ ਸਨ। ਹੁਣ ਵੀ ਉਹ ਮੈਨੂੰ ਚਾਰ ਪੰਜ ਸਾਲਾਂ ਬਾਅਦ ਮਿਲਿਆ ਸੀ। ਇਸ ਤੋਂ ਪਹਿਲਾਂ ਉਹ ਉਦੋਂ ਮਿਲਿਆ ਜਦੋਂ ਉਹ ਮਦਰਾਸੋਂ ਡੀ.ਪੀ.ਈ. ਦਾ ਕੋਰਸ ਕਰ ਕੇ ਆਇਆ ਸੀ।

'ਆਓ, ਥੋਡੀ ਇੱਕ ਸਟੂਡੈਂਟ ਨੂੰ ਮਿਲਾਵਾਂ।' ਉਸ ਨੇ ਬੈਂਚ ਕੋਲ ਖੜ੍ਹੀ ਕੈਲੋ ਵੱਲ ਇਸ਼ਾਰਾ ਕੀਤਾ।

ਚਾਹ ਪੀਣ ਦੇ ਨਾਲ-ਨਾਲ ਗੱਲਾਂ ਵੀ ਕਰਦੇ ਰਹੇ। ਜਸਵੰਤ ਤੇ ਕੈਲੋ ਬਹੁਤ ਖ਼ੁਸ਼ ਸਨ। ਗੱਲ ਗੱਲ 'ਤੇ ਹੱਸਦੇ ਸਨ। ਹੱਸਣ ਵਾਲੀਆਂ ਗੱਲਾਂ ਕਰਕੇ ਮੈਨੂੰ ਤੇ ਮੇਰੇ ਦੋਸਤ ਨੂੰ ਵੀ ਹਸਾ ਰਹੇ ਸਨ। ਜਸਵੰਤ ਇੱਕ ਗੱਲ ਮੁਕਾਉਂਦਾ ਤਾਂ ਕੈਲੋ ਦੂਜੀ ਗੱਲ ਸ਼ੁਰੂ ਕਰ ਦਿੰਦੀ। ਮੈਨੂੰ ਤਾਂ ਉਹਨਾਂ ਨੇ ਬੋਲਣ ਦਾ ਮੌਕਾ ਬਹੁਤ ਹੀ ਘੱਟ ਦਿੱਤਾ।

ਆ ਰਹੀ ਗੱਡੀ ਦੀ ਆਵਾਜ਼ ਸੁਣ ਕੇ ਮੈਂ ਉਹਨਾਂ ਦੋਵਾਂ ਦੇ ਮੋਢਿਆਂ 'ਤੇ ਹੱਥ ਧਰੇ ਤੇ ਉਹਨਾਂ ਦੀ ਸੁੰਦਰ ਜੋੜੀ ਲਈ ਉਹਨੂੰ ਨੂੰ ਵਧਾਈ ਦਿੱਤੀ।

ਗੱਡੀ ਆਈ ਤਾਂ ਮੇਰਾ ਦੋਸਤ ਵੀ ਉਹਨਾਂ ਵਾਲੇ ਡੱਬੇ ਵਿੱਚ ਹੀ ਚੜ੍ਹ ਗਿਆ। ♦

# ਬਾਕੀ ਭੁੱਖ

ਸਕੂਲ ਦੇ ਪਿਛਲੇ ਗੇਟ ਵੱਲ ਕਾਹਲ ਨਾਲ ਜਾ ਰਿਹਾ ਸਾਂ, ਲੱਗਿਆ ਜਿਵੇਂ ਪਿੱਛੋਂ ਕਿਸੇ ਨੇ ਹਾਕ ਮਾਰੀ ਹੋਵੇ-'ਮਾਸਟਰ ਜੀ' ਕਹਿਕੇ। ਆਵਾਜ਼ ਉੱਚੀ ਸੀ, ਨਹੀਂ ਤਾਂ ਜੁਆਕਾਂ ਦੇ ਰੌਲੇ ਵਿੱਚ ਮੈਨੂੰ ਉਹਦੀ ਹਾਕ ਸੁਣਨੀ ਹੀ ਨਹੀਂ ਸੀ।

ਇਸ ਤਿਕੋਨੀ ਸੜਕ ਉੱਤੇ ਤਿੰਨ ਸਕੂਲਾਂ ਦੇ ਬੱਚਿਆਂ ਦਾ ਇਕੱਠ ਹਮੇਸ਼ਾਂ ਰਹਿੰਦਾ ਹੈ। ਸਵੇਰੇ-ਸਵੇਰੇ ਸ਼ੁਰੂ ਹੋਣ ਵੇਲੇ ਤੋਂ ਲੈ ਕੇ ਸ਼ਾਮ ਸਕੂਲਾਂ ਦੇ ਬੰਦ ਹੋਣ ਤੱਕ। ਇੱਕ ਸਾਡਾ ਸਰਕਾਰੀ ਸਕੂਲ ਤੇ ਦੋ ਮਾਡਲ ਸਕੂਲ। ਤਿਕੋਨੀ ਉੱਤੇ ਸਕੂਲੀ-ਬੱਚਿਆਂ ਦੀ ਗਾਹਕੀ ਭੁਗਤਾਉਂਦੀਆਂ ਛੇ-ਸੱਤ ਦੁਕਾਨਾਂ ਹਨ। ਇਹਨਾਂ ਦੁਕਾਨਾਂ ਤੋਂ ਕਾਪੀਆਂ-ਕਿਤਾਬਾਂ ਤੇ ਹੋਰ ਕਾਗ਼ਜ਼ਾਂ-ਪੈਨਸਿਲਾਂ ਤੋਂ ਇਲਾਵਾ ਟਾਫੀਆਂ, ਬਿਸਕੁਟ, ਇਮਲੀ ਆਦਿ ਸਭ ਮਿਲਦਾ ਹੈ। ਸਰਕਾਰੀ ਸਕੂਲ ਦੇ ਗੇਟ ਅੱਗੇ ਰੇੜ੍ਹੀਆਂ ਖੜ੍ਹਦੀਆਂ ਹਨ, ਜਿਨ੍ਹਾਂ ਤੋਂ ਮੂੰਗਫ਼ਲੀਆਂ, ਨਮਕੀਨ ਤੇ ਮਿੱਠੀਆਂ ਚੀਜ਼ਾਂ ਬੱਚੇ ਖਰੀਦਦੇ ਹਨ। ਇੱਕ ਪਾਸੇ ਝਾੜੀਆਂ ਦੇ ਬੇਰਾਂ ਦੀ ਰੇੜ੍ਹੀ ਹੈ। ਸੜਕ ਉੱਤੇ ਭੁੰਜੇ ਹੀ ਦੋ ਔਰਤਾਂ ਬੇਰੀ ਦੇ ਕੱਚੇ ਬੇਰਾਂ ਦੀਆਂ ਢੇਰੀਆਂ ਲਾਈ ਬੈਠੀਆਂ ਹਨ-ਬੱਚੇ ਖੱਟੇ ਬੇਰਾਂ ਨੂੰ ਜ਼ਿਆਦਾ ਪਸੰਦ ਕਰਦੇ ਹਨ। ਕਾਰਕ ਦੀ ਗੋਲੀ ਵਾਲੇ ਪਿਸਤੌਲ ਦਾ ਨਿਸ਼ਾਨਾ ਲਵਾਉਣ ਵਾਲਾ ਬੁੱਢਾ ਫੌਜੀ ਵੀ ਖੜ੍ਹਾ ਹੈ। ਇੱਕ ਹੋਰ ਹੈ, ਨਕਸ਼ਾ ਜਿਹਾ ਵਿਛਾਕੇ ਬੈਠਾ ਹੋਇਆ, ਮੁੰਡੇ ਇੱਥੋਂ ਪੁੜੀਆਂ ਖਿੱਚ ਕੇ ਆਪਣੀ ਕਿਸਮਤ ਅਜ਼ਮਾਈ ਕਰਦੇ ਹਨ।

ਇਹ ਨਹੀਂ ਕਿ ਸਕੂਲ ਲੱਗਣ ਵਾਲੇ, ਅੱਧੀ ਛੁੱਟੀ ਵਕਤ ਜਾਂ ਸਾਰੀ ਛੁੱਟੀ ਹੋਣ 'ਤੇ ਤਿਕੋਨੀ ਦਾ ਕਾਰੋਬਾਰ ਚੱਲਦਾ ਹੋਵੇ। ਤਿੰਨਾਂ ਸਕੂਲਾਂ ਦੇ ਬੱਚੇ ਹਰ ਵੇਲੇ ਹੀ ਆਉਂਦੇ-ਜਾਂਦੇ ਰਹਿੰਦੇ ਹਨ। ਉਹ ਤਾਂ ਇੱਕ ਨੰਬਰ, ਦੋ ਨੰਬਰ ਦੀ ਛੁੱਟੀ ਲੈ ਕੇ ਏਧਰ ਆ ਵੜਦੇ ਹਨ ਜਾਂ ਉਂਜ ਹੀ ਕਲਾਸਾਂ ਛੱਡ ਕੇ ਭੱਜੇ ਜੀਭ ਦੇ ਚਟੂਰੇ।

ਉਹ ਕਿਤਾਬਾਂ ਦੀ ਦੁਕਾਨ ਅੱਗੇ ਰਿਕਸ਼ਾ ਵਿੱਚ ਬੈਠਾ ਸੀ। ਪਿਛਾਂਹ ਮੁੜਕੇ ਮੈਂ ਝਾਕਿਆ ਤਾਂ ਉਹਨੇ ਆਪਣੀ ਬਾਂਹ ਖੜ੍ਹੀ ਕਰ ਦਿੱਤੀ। ਇਹ ਤਾਂ ਵਿਦਿਆ ਚਰਨ ਹੈ। ਮੈਂ ਉਹਨੂੰ ਝੱਟ ਪਹਿਚਾਣ ਲਿਆ ਤੇ ਆਪਣਾ ਸਾਈਕਲ ਮੋੜ ਕੇ ਉਹਦੇ ਕੋਲ ਚਲਿਆ ਗਿਆ। ਉਹਨੇ ਮੈਨੂੰ ਨਮਸਕਾਰ ਕੀਤਾ। ਉਹ ਮੂੰਹੋਂ ਨਹੀਂ ਬੋਲਿਆ, ਬੱਸ ਆਪਣਾ ਹੱਥ ਤੇਜ਼ੀ ਨਾਲ ਮੱਥੇ ਨੂੰ ਲਾਇਆ। ਨਮਸਕਾਰ ਕਰਨ ਦਾ ਉਹਦਾ ਇਹ ਪੁਰਾਣਾ ਅੰਦਾਜ਼ ਸੀ।

ਉਹਨਾਂ ਦੇ ਪਿੰਡ ਜਦੋਂ ਮੈਂ ਸਕੂਲ-ਮਾਸਟਰ ਸਾਂ, ਸਕੂਲ ਸਾਹਮਣੇ ਹੀ ਉਹਦੀ ਦੁਕਾਨ ਸੀ। ਨਿੱਕੀ ਜਿਹੀ ਦੁਕਾਨ, ਉਸ ਵਿੱਚ ਬਹੁਤ ਥੋੜ੍ਹਾ ਸੌਦਾ ਹੁੰਦਾ। ਸਸਤੀ

ਕਿਸਮ ਦੀਆਂ ਮਿੱਠੀਆਂ ਗੋਲੀਆਂ, ਨਮਕੀਨ ਪਕੌੜੀਆਂ, ਕਾਲੀ ਸਿਆਹੀ ਦੀਆਂ ਪੁੜੀਆਂ, ਖਟ-ਮਿੱਠਾ ਚੂਰਨ ਤੇ ਅਜਿਹੀਆਂ ਹੀ ਪੰਜ-ਚਾਰ ਹੋਰ ਚੀਜ਼ਾਂ। ਵਿਦਿਆ ਚਰਨ ਦੇ ਕੰਨ ਖਰਾਬ ਸਨ, ਉਹਨੂੰ ਉੱਚਾ ਸੁਣਦਾ। ਇਸ ਕਰਕੇ ਉਹ ਇਸ਼ਾਰਿਆਂ ਨਾਲ ਗੱਲ ਕਰਦਾ। ਉਹਦੀ ਪਿੱਠ ਦਾ ਕੁੱਬ ਨਿਕਲਿਆ ਹੋਇਆ ਸੀ। ਤੁਰਦਾ ਤਾਂ ਲੱਗਦਾ ਜਿਵੇਂ ਉਹਦੀ ਇੱਕ ਲੱਤ ਛੋਟੀ ਹੋਵੇ। ਉਹਦੀ ਦੁਕਾਨ 'ਤੇ ਕੋਈ ਕੋਈ ਸੌਦਾ ਲੈਣ ਜਾਂਦਾ। ਉਹ ਸੱਤ-ਅੱਠ ਜਮਾਤਾਂ ਪੜ੍ਹਿਆ ਹੋਇਆ ਸੀ। ਉਹਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਕਿਤੇ ਉਹਨੂੰ ਪਤਾ ਲੱਗ ਗਿਆ ਕਿ ਮੈਂ ਲੇਖਕ ਹਾਂ ਤੇ ਕਿਤਾਬਾਂ ਛਾਪਦਾ ਹਾਂ। ਉਹਦੀ ਦੁਕਾਨ 'ਤੇ ਜਾਣ ਵਾਲੇ ਮੁੰਡਿਆਂ ਨੇ ਦੱਸਿਆ ਹੋਵੇਗਾ ਜਾਂ ਸ਼ਾਇਦ ਮੇਰੇ ਕਿਸੇ ਸਾਥੀ-ਅਧਿਆਪਕ ਨੇ ਉਹਦੇ ਕੋਲ ਗੱਲ ਕਰ ਦਿੱਤੀ ਹੋਵੇ। ਜਦੋਂ ਕਦੇ ਮੈਂ ਉਹਦੀ ਨਿਗਾਹ ਪੈ ਜਾਂਦਾ ਤੇ ਸਾਡੀ ਅੱਖ ਲੜਦੀ ਤਾਂ ਉਹ ਮੈਨੂੰ ਨਮਸਕਾਰ ਕਰਦਾ। ਮੂੰਹੋਂ ਨਾ ਬੋਲਦਾ, ਬੱਸ ਮੱਥੇ ਨੂੰ ਹੱਥ ਲਾਉਂਦਾ, ਝਟਕਾ ਜਿਹਾ ਮਾਰ ਕੇ। ਤੇ ਫੇਰ ਮੇਰੇ ਵੱਲ ਝਾਕਦਾ ਰਹਿੰਦਾ। ਜਿਵੇਂ ਉਹਨੇ ਮੈਨੂੰ ਕੁਝ ਕਹਿਣਾ ਹੋਵੇ। ਇੱਕ ਦਿਨ ਮੈਂ ਉਹਦੇ ਕੋਲ ਜਾ ਕੇ ਉਹਦੀ ਗੱਲ ਸੁਣੀ। ਉਹਨੇ ਪੁੱਛਿਆ-ਤੁਸੀਂ ਮਾਸਟਰ ਜੀ, ਕਿਤਾਬਾਂ ਛਾਪਦੇ ਓ?'

'ਨਹੀਂ, ਮੈਂ ਲਿਖਦਾਂ ਕਿਤਾਬਾਂ। ਛਾਪਦਾ ਤਾਂ ਕੋਈ ਹੋਰ ਐ।'

'ਅੱਛਾ ਜੀ, ਤੁਸੀਂ ਆਪ ਲਿਖਦੇ ਓ, ਕਿਤਾਬ?' ਉਹਦੇ ਚਿਹਰੇ ਉੱਤੇ ਮੁਸਕਰਾਹਟ ਦਾ ਰੰਗ ਉੱਘੜਿਆ। ਉਂਜ ਇਹ ਚਿਹਰੇ ਵਰਗਾ ਕੋਈ ਚਿਹਰਾ ਨਹੀਂ ਸੀ ਮੁਸਕਰਾਹਟ ਵਰਗੀ ਕੋਈ ਮੁਸਕਰਾਹਟ ਨਹੀਂ ਸੀ। ਉਹਦਾ ਮੱਥਾ ਛੋਟਾ, ਅੱਖਾਂ ਗੀਠੇ ਜਿਹੀਆਂ, ਗੱਲ੍ਹਾਂ ਪਿਚਕੀਆਂ ਹੋਈਆਂ, ਠੋਡੀ ਲੰਮੀ ਤੇ ਨੱਕ ਦੀ ਕੁੰਬਲੀ ਬੈਠਵੀਂ ਸੀ। ਦੇਖਣ ਵਿੱਚ ਬੈਠਾ ਉਹ ਬਾਂਦਰ ਜਿਹਾ ਲੱਗਦਾ। ਦੰਦਾਂ ਤੋਂ ਬੁੱਲ੍ਹ ਪਰ੍ਹੇ ਹਟਾ ਲੈਂਦਾ ਤਾਂ ਲੱਗਦਾ ਜਿਵੇਂ ਹੱਸ ਰਿਹਾ ਹੈ, ਬੁੱਲ੍ਹ ਮੀਚ ਲੈਂਦਾ ਤਾਂ ਲੱਗਦਾ ਜਿਵੇਂ ਰੋ ਪਵੇਗਾ। ਹੁਣ ਜਦੋਂ ਉਹ ਮੁਸਕਰਾਇਆ ਤਾਂ ਬੱਸ ਬੁੱਲ੍ਹਾਂ ਨੂੰ ਦੰਦਾਂ ਤੋਂ ਥੋੜ੍ਹਾ ਪਰ੍ਹੇ ਹਟਾ ਦਿੱਤਾ।

'ਤੂੰ ਪੜ੍ਹੀ ਐ ਕਦੀ ਕੋਈ ਕਿਤਾਬ?' ਮੈਂ ਸਵਾਲ ਕੀਤਾ।

'ਹਾਂ ਜੀ, ਮੈਂ ਤਾਂ ਬਹੁਤ ਪੜ੍ਹਦਾਂ ਕਿਤਾਬਾਂ। ਆਹ ਦੇਖੋ।' ਉਹਨੇ ਮੈਨੂੰ ਬੰਦ ਅਲਮਾਰੀ ਵਿਚੋਂ ਕੱਢ ਕੇ ਇੱਕ ਪੇਪਰ-ਬੈਕ ਕਿਤਾਬ ਦਿਖਾਈ। ਇਹ ਹਿੰਦੀ ਦਾ ਇੱਕ ਜਾਸੂਸੀ ਨਾਵਲ ਸੀ। ਵਿਦਿਆ ਚਰਨ ਉੱਤੇ ਮੈਨੂੰ ਹਾਸਾ ਆਇਆ ਤੇ ਤਰਸ ਵੀ। ਦੁਕਾਨ ਦਾ ਸੌਦਾ ਇਹ ਕੀ ਵੇਚਦਾ ਹੋਵੇਗਾ, ਇਸ ਕਿਸਮ ਦੇ ਨਾਵਲ ਪੜ੍ਹਦਾ ਰਹਿੰਦਾ ਹੈ। ਮੈਂ ਉਹਨੂੰ ਸੁਝਾਓ ਦਿੱਤਾ-'ਤੂੰ ਚੰਗੀਆਂ ਕਿਤਾਬਾਂ ਪੜ੍ਹਿਆ ਕਰ, ਜਿਨ੍ਹਾਂ ਦਾ ਆਮ ਸਮਾਜਿਕ ਜੀਵਨ ਨਾਲ ਸੰਬੰਧ ਹੋਵੇ।'

'ਕਿਵੇਂ ਜੀ?' ਮੇਰੀ ਗੱਲ ਉਹਦੇ ਦਿਮਾਗ਼ ਵਿੱਚ ਨਹੀਂ ਬੈਠੀ ਹੋਵੇਗੀ। ਮੈਂ ਕਿਹਾ- 'ਤੈਨੂੰ ਮੈਂ ਲਿਆ ਕੇ ਦੇਊਂਗਾ ਕੋਈ ਕਿਤਾਬ। ਉਹ ਪੜ੍ਹੀਂ। ਮੇਰੀ ਇਸ ਗੱਲ ਉੱਤੇ ਉਹਨੇ ਫੇਰ ਆਪਣੇ ਬੁੱਲ੍ਹ ਦੰਦਾਂ ਤੋਂ ਪਰ੍ਹੇ ਹਟਾਏ।

ਤੇ ਫਿਰ ਮੈਂ ਉਹਨੂੰ ਸਕੂਲ-ਲਾਇਬਰੇਰੀ ਵਿਚੋਂ ਕਢਵਾ ਕੇ ਕੁਲਵੰਤ ਸਿੰਘ ਵਿਰਕ ਦਾ ਇੱਕ ਕਹਾਣੀ-ਸੰਗ੍ਰਹਿ ਦਿੱਤਾ। ਦੂਜੇ ਦਿਨ ਉਹ ਕਹਿੰਦਾ-ਇਹ ਤਾਂ ਛੇਤੀ ਮੁੱਕ ਜਾਂਦੀਆਂ ਨੇ। ਕੋਈ ਲੰਮੀ ਚੀਜ਼ ਹੋਵੇ।' ਮੈਂ ਸਮਝ ਗਿਆ ਉਹਨੂੰ ਨਾਵਲ ਪੜ੍ਹਨ ਦੀ

ਆਦਤ ਹੈ। ਮੈਂ ਉਹਨੂੰ ਨਾਨਕ ਸਿੰਘ ਦਾ ਇੱਕ ਨਾਵਲ ਲਿਆ ਦਿੱਤਾ। ਉਹ ਉਹਨੇ ਪੜ੍ਹ ਲਿਆ। ਫੇਰ ਮੈਂ ਉਹਨੂੰ ਜਸਵੰਤ ਸਿੰਘ ਕੰਵਲ, ਸੁਖਬੀਰ ਤੇ ਗੁਰਦਿਆਲ ਸਿੰਘ ਦੇ ਤਿੰਨ ਨਾਵਲ ਇਕੱਠੇ ਹੀ ਕਢਵਾ ਕੇ ਦੇ ਦਿੱਤੇ। ਉਹ ਪੜ੍ਹਦਾ ਰਹਿੰਦਾ। ਮੈਨੂੰ ਖ਼ੁਸ਼ੀ ਹੋ ਰਹੀ ਸੀ ਕਿ ਉਹ ਸਾਹਿਤਕ ਪੁਸਤਕਾਂ ਪੜ੍ਹਦਾ ਹੈ। ਸਕੂਲ ਦੇ ਸੜਾਂਦ ਭਰੇ ਮਾਹੌਲ ਵਿੱਚ ਇੱਕ ਪਾਠਕ ਤਾਂ ਮਿਲਿਆ। ਮੈਨੂੰ ਉਹਦੇ ਨਾਲ ਉਣਸ ਹੋ ਗਈ। ਸਕੂਲ ਦੇ ਮੁੰਡੇ-ਕੁੜੀਆਂ ਨੂੰ ਮੈਂ ਸੁਝਾਓ ਦਿੰਦਾ ਕਿ ਉਹ ਵਿਦਿਆ ਚਰਨ ਦੀ ਦੁਕਾਨ ਤੋਂ ਚੀਜ਼ਾਂ ਲੈ ਕੇ ਆਇਆ ਕਰਨ। ਉਹ ਠੀਕ ਰੇਟ ਲਾਉਂਦਾ ਹੈ ਤੇ ਉਹਦੀਆਂ ਚੀਜ਼ਾਂ ਦੂਜੇ ਦੁਕਾਨਦਾਰਾਂ ਨਾਲੋਂ ਖਰੀਆਂ ਹੁੰਦੀਆਂ ਹਨ। ਦਿਨਾਂ ਵਿੱਚ ਹੀ ਉਹਦਾ ਸੌਦਾ ਵਿਕਣ ਲੱਗ ਪਿਆ। ਬਾਣੀਆ-ਪੁੱਤ ਤਾਂ ਉਹ ਸੀ ਹੀ। ਉਹਨੇ ਆਪਣੀ ਦੁਕਾਨ ਦਾ ਕੰਮ ਵਧਾ ਲਿਆ।

ਜਿਹੜੇ ਨਾਵਲ ਮੈਂ ਉਹਨੂੰ ਦਿੱਤੇ ਸਨ, ਉਹਨੇ ਉਹ ਤਿੰਨੇ ਪੜ੍ਹ ਲਏ। ਪਰ ਕਹਿਣ ਲੱਗਿਆ 'ਕਿਤਾਬਾਂ ਤਾਂ ਇਹ ਚੰਗੀਆਂ ਨੇ, ਮਾਸਟਰ ਜੀ, ਪਰ ਹੌਲੀ-ਹੌਲੀ ਤੁਰਦੀਆਂ ਨੇ। ਦਸ ਦਿਨ ਲਾ ਕੇ ਮਸਾਂ ਪੜ੍ਹੀਆਂ ਮੈਂ ਤਾਂ! ਨਹੀਂ ਤਾਂ ਐਡੇ-ਐਡੇ ਤਿੰਨ ਨਾਵਲ ਮੇਰੀ ਦੋ ਦਿਨਾਂ ਦੀ ਮਾਰ ਹੁੰਦੇ ਨੇ।'

'ਤੈਨੂੰ ਪੰਜਾਬੀ ਘੱਟ ਪੜ੍ਹਨੀ ਆਉਂਦੀ ਹੋਊਗੀ?'

'ਨਹੀਂ ਜੀ, ਇਹ ਗੱਲ ਨ੍ਹੀ। ਹਿੰਦੀ-ਪੰਜਾਬੀ ਇੱਕੋ ਜਿੰਨੀ ਆਉਂਦੀ ਐ ਮੈਨੂੰ। ਪਰ ਇਹ ਨਾਵਲ... ਨਾਲੇ ਇਹਨਾਂ ਵਿੱਚ ਤਾਂ ਆਮ ਜ੍ਹੀਆਂ ਈ ਗੱਲਾਂ ਸੀ। ਇਹ ਤਾਂ ਆਪਾਂ ਨਿੱਤ ਹੁੰਦਾ ਦੇਖਦੇ ਆਂ।'

'ਬੱਸ ਬੱਸ, ਇਹੀ ਜ਼ਿੰਦਗੀ ਐ, ਅਸਲੀ ਜ਼ਿੰਦਗੀ। ਤੂੰ ਜਿਹੜੇ ਪਹਿਲਾਂ ਨਾਵਲ ਪੜ੍ਹਦਾ ਰਿਹਾ ਐ ਨਾ, ਉਹ ਤਾਂ ਹਵਾਈ ਕਿਲ੍ਹੇ ਹੁੰਦੇ ਐ। ਜ਼ਿੰਦਗੀ ਤੋਂ ਦੂਰ ਦੀ ਚੀਜ਼, ਬੱਸਾਂ-ਗੱਡੀਆਂ ਵਿੱਚ ਸਫ਼ਰ-ਕਟੀ ਦਾ ਸਸਤਾ ਮਨੋਰੰਜਣ। ਉਹ ਛੱਡ ਕੇ ਹੁਣ ਇਹ ਕਿਤਾਬਾਂ ਪੜ੍ਹਿਆ ਕਰ, ਜਿਹੜੀਆਂ ਮੈਂ ਦਿੱਤੀਆਂ ਤੈਨੂੰ।'

ਉਹ ਚੁੱਪ ਹੋ ਗਿਆ। ਮੈਂ ਦੇਖਿਆ, ਇਸ ਵਾਰ ਵੀ ਉਹਨੇ ਦੰਦਾਂ ਤੋਂ ਬੁੱਲ੍ਹ ਹਟਾਏ। ਉਹਦੇ ਇਸ ਹੰਗਾਰੇ 'ਤੇ ਮੈਨੂੰ ਬਹੁਤ ਖ਼ੁਸ਼ੀ ਹੋਈ।

ਮੈਂ ਉਹਨੂੰ ਸਕੂਲ-ਲਾਇਬਰੇਰੀ ਵਿਚੋਂ ਨਾਵਲ ਕਢਵਾਕੇ ਦੇ ਦਿੰਦਾ, ਉਹ ਪੜ੍ਹਦਾ ਰਹਿੰਦਾ। ਮੋੜ ਦਿੰਦਾ ਤੇ ਹੋਰ ਨਾਵਲ ਮੰਗਦਾ। ਉਹਦੀ ਦੁਕਾਨ ਵੀ ਚੰਗੀ ਚੱਲ ਨਿੱਕਲੀ।

ਫੇਰ ਇੱਕ ਸਾਲ ਬਾਅਦ ਮੇਰੀ ਓਥੋਂ ਬਦਲੀ ਹੋ ਗਈ।

ਕੋਈ ਦੋ ਕੁ ਸਾਲਾਂ ਬਾਅਦ ਮੈਂ ਓਸ ਪਿੰਡ ਗਿਆ ਤਾਂ ਸੁਣਿਆ ਕਿ ਵਿਦਿਆ ਚਰਨ ਤੋਂ ਸਕੂਲ ਅੱਗੇ ਪੁਰਾਣੀ ਦੁਕਾਨ ਛੱਡ ਕੇ ਇੱਕ ਵੱਡੀ ਦੁਕਾਨ ਲੈ ਲਈ ਹੈ। ਹੁਣ ਉਹਦੀ ਦੁਕਾਨ ਪੂਰੇ ਜ਼ੋਰ-ਸ਼ੋਰ ਨਾਲ ਚਲਦੀ ਹੈ। ਉਹ ਕੋਰਸ ਦੀਆਂ ਕਿਤਾਬਾਂ ਤੇ ਕੁੰਜੀਆਂ ਵੀ ਰੱਖਦਾ ਹੈ। ਵਿਦਿਆਰਥੀਆਂ ਨੂੰ ਸ਼ਹਿਰ ਜਾਣ ਦੀ ਲੋੜ ਨਹੀਂ। ਉਹਦੀ ਦੁਕਾਨ ਤੋਂ ਸਭ ਮਿਲ ਜਾਂਦਾ ਹੈ। ਸਾਥੀ-ਅਧਿਆਪਕਾਂ ਨਾਲ ਗੱਪ-ਸ਼ੱਪ ਮਾਰ ਕੇ ਮੈਂ ਵਿਦਿਆ ਚਰਨ ਦੀ ਦੁਕਾਨ ਅੱਗੇ ਜਾ ਖੜ੍ਹਾ। ਉਹ ਖਿੜ ਉੱਠਿਆ ਤੇ ਕਾਹਲ ਨਾਲ ਤੁਰ ਕੇ ਮੇਰੇ ਕੋਲ ਆ ਗਿਆ। ਮੱਥੇ ਨੂੰ ਝਟਕੇ ਨਾਲ ਹੱਥ ਲਾਉਣ ਦਾ ਕੰਮ ਉਹਨੇ ਪਹਿਲਾਂ ਹੀ ਮੁਕਾ ਦਿੱਤਾ ਸੀ। ਉਹਨੇ ਮੇਰੀ ਬਾਂਹ ਫੜੀ ਤੇ ਦੁਕਾਨ ਅੰਦਰ ਲੈ ਵੜਿਆ।

ਮੈਨੂੰ ਕੁਰਸੀ ਉੱਤੇ ਬਿਠਾ ਲਿਆ। ਆਪ ਇੱਕ ਸਟੂਲ 'ਤੇ ਬੈਠ ਗਿਆ। ਕਾਊਂਟਰ ਦੇ ਦਰਾਜ਼ ਵਿਚੋਂ ਉਹਨੇ ਇੱਕ ਮਸ਼ੀਨ ਜਿਹੀ ਕੱਢੀ, ਫੇਰ ਉਹਦੇ ਵਿੱਚ ਦੋ ਬੈਟਰੀ-ਸੈੱਲ ਪਾਏ ਤੇ ਮਸ਼ੀਨ ਦੀਆਂ ਟੂਟੀਆਂ ਕੰਨਾਂ ਨੂੰ ਲਾ ਲਈਆਂ। ਕਹਿੰਦਾ-'ਹੁਣ ਕਰੋ ਗੱਲ। ਮੈਨੂੰ ਪੂਰਾ ਸੁਣਦੈ ਹੁਣ।' ਫੇਰ ਪੁੱਛਣ ਲੱਗਿਆ-'ਕੀ ਪੀਓਗੇ? ਚਾਹ ਜਾਂ ਠੰਡਾ?'

ਉਹਦੀ ਦੁਕਾਨ ਵਿੱਚ ਚਾਰ ਖੁੱਲ੍ਹੀਆਂ ਅਲਮਾਰੀਆਂ ਸਨ-ਸ਼ੈਲਫ਼ਾਂ ਵਾਲੀਆਂ। ਕਿਤਾਬਾਂ ਤੇ ਕਾਪੀਆਂ ਨਾਲ ਭਰੀਆਂ ਹੋਈਆਂ। ਕਈ ਮੇਜ਼ਾਂ ਤੇ ਬੈਂਚਾਂ ਉੱਤੇ ਹੋਰ ਬਹੁਤ ਸਾਮਾਨ ਪਿਆ ਸੀ।

ਮੈਨੂੰ ਪ੍ਰਸੰਨਤਾ ਹੋਈ ਕਿ ਵਿਦਿਆ ਚਰਨ ਐਨੀ ਤਰੱਕੀ ਕਰ ਗਿਆ ਹੈ। ਮੈਂ ਕਿਹਾ-'ਹੁਣ ਤਾਂ ਪੂਰੀ ਚੜ੍ਹਤ ਐ ਵਿਦਿਆ ਚਰਨ ਤੇਰੀ।'

ਹਾਂ ਜੀ, ਥੋਡੀ ਕਿਰਪਾ ਐ, ਮਾਸਟਰ ਜੀ।'

ਹੁਣ ਮੈਂ ਉਸ ਨਾਲ ਬਹੁਤ ਗੱਲਾਂ ਕਰ ਸਕਦਾ ਸਾਂ। ਨਹੀਂ ਤਾਂ ਪਹਿਲਾਂ ਜਦੋਂ ਮੈਂ ਏਥੇ ਹੁੰਦਾ, ਉਹਦੇ ਕੋਲ ਉਹ ਸੁਣਨ ਵਾਲਾ ਯੰਤਰ ਨਹੀਂ ਸੀ, ਮੈਨੂੰ ਬਹੁਤ ਉੱਚੀ ਬੋਲਣਾ ਪੈਂਦਾ। ਇਸ਼ਾਰਿਆਂ ਨਾਲ, ਕਿੰਨੀਆਂ ਕੁ ਤੇ ਕੀ ਗੱਲਾਂ ਕੀਤੀਆਂ ਜਾ ਸਕਦੀਆਂ ਸਨ। ਉੱਚਾ ਬੋਲ-ਬੋਲ ਮੈਂ ਥੱਕ ਜਾਂਦਾ।

ਦੁਕਾਨ ਦੀਆਂ ਗੱਲਾਂ ਮੁਕਾ ਕੇ ਫੇਰ ਮੈਂ ਉਹਨੂੰ ਕਿਤਾਬਾਂ ਪੜ੍ਹਨ ਬਾਰੇ ਪੁੱਛਿਆ। ਉਹ ਕਹਿੰਦਾ-'ਥੋਡੇ ਵੇਲੇ ਤਾਂ ਇਹ ਸਕੂਲ ਵਾਲੇ ਕਿਤਾਬਾਂ ਦੇ ਦਿੰਦੇ ਸੀ, ਹੁਣ ਮੇਰੀ ਕੁਝ ਨਫ਼ਰਤ ਜੀ ਮੰਨਦੇ ਐ, ਮਾਸਟਰ ਜੀ। ਭੈਣ ਜੀ, ਜੀਹਦੇ ਕੋਲ ਲਾਇਬਰੇਰੀ ਐ, ਆਖੂਗੀ-ਮੈਂ ਤਾਂ ਚਾਬੀਆਂ ਘਰੇ ਭੁੱਲ ਆਈ ਅਲਮਾਰੀ ਦੀਆਂ। ਕਦੇ ਕਹੂਗੀ-ਕੱਲ੍ਹ ਨੂੰ ਆਈਂ। ਇੱਕ ਦਿਨ ਕਹਿੰਦੀ-ਤੈਨੂੰ ਨ੍ਹੀ ਮਿਲ ਸਕਦੀਆਂ ਇਹ ਕਿਤਾਬਾਂ, ਤੂੰ ਕਿਹੜਾ ਸਕੂਲ ਦਾ ਆਦਮੀ ਐਂ।'

ਮੈਨੂੰ ਸਕੂਲ ਲਾਇਬ੍ਰੇਰੀਅਨ ਉੱਤੇ ਹਾਸਾ ਆਇਆ। ਮਾਸਟਰ ਤੇ ਮੁੰਡੇ-ਕੁੜੀਆਂ ਕਿਤਾਬਾਂ ਪੜ੍ਹਦੇ ਨਹੀਂ, ਜਿਹੜਾ ਕੋਈ ਪੜ੍ਹਦੈ, ਉਹਦੇ ਵਾਸਤੇ ਕਾਨੂੰਨ ਸਾਹਮਣੇ ਅੜ ਗਿਆ। ਕਿਤਾਬਾਂ ਨਾਲ ਸਿਉਂਕ ਦਾ ਰਿਸ਼ਤਾ ਪੱਕਾ।

ਮੈਂ ਉਹਨੂੰ ਪੁੱਛਿਆ-ਫੇਰ ਕਿਵੇਂ ਕਰਦੈਂ ਤੂੰ? ਕਿਤਾਬਾਂ ਕਿੱਥੋਂ ਲੈਨੈਂ ਹੁਣ?'

'ਮੈਂ ਹੁਣ ਮੁੱਲ ਮੰਗਵਾ ਲੈਨਾਂ, ਮਾਸਟਰ ਜੀ, ਸ਼ਹਿਰੋਂ, ਕੋਈ ਆਉਂਦਾ-ਜਾਂਦਾ ਲਿਆ ਦਿੰਦੈ। ਮੈਂ ਆਪ ਵੀ ਜਾਂਦਾ ਰਹਿਨਾਂ। ਸ਼ਹਿਰੋਂ ਮਿਲ ਜਾਂਦੀਆਂ ਨੇ। ਪਰ ਮੈਂ ਹੁਣ ਪੜ੍ਹਨਾ ਘੱਟ ਕਰ 'ਤਾ। ਦੁਕਾਨ ਦਾ ਕੰਮ ਬਹੁਤ ਰਹਿੰਦੈ, ਮ੍ਹੀਨੇ 'ਚ ਇੱਕ ਕਿਤਾਬ ਪੜ੍ਹਦਾਂ। ਇੱਕ ਕਿਤਾਬ ਦੇ ਹਿੱਸੇ ਦੀ ਰਕਮ ਮੈਂ ਅੱਡ ਕਰਕੇ ਰੱਖ ਲੈਨਾਂ, ਹਰ ਮ੍ਹੀਨੇ।'

'ਇੱਕ ਕਿਤਾਬ ਤੈਨੂੰ ਹੁਣ ਥੋੜ੍ਹੀ ਨ੍ਹੀ ਲੱਗਦੀ?'

'ਇਹ ਕਿਤਾਬਾਂ ਤਾਂ, ਮਾਸਟਰ ਜੀ, ਕਈ ਕਈ ਪੜ੍ਹਦਾਂ ਮੈਂ। ਪੁਰਾਣੀਆਂ ਸਭ ਮੇਰੇ ਕੋਲ ਪਈਆਂ ਨੇ। ਹੁਣ ਤਾਂ ਘਰੇ ਈ ਲਾਇਲਰੇਰੀ ਬਣਦੀ ਜਾਂਦੀ ਐ।'

ਉਸ ਦਿਨ ਬਹੁਤ ਵਧੀਆ ਅਹਿਸਾਸ ਲੈ ਕੇ ਮੈਂ ਉੱਥੋਂ ਆਇਆ। ਵਿਦਿਆ ਚਰਨ ਦੀ ਦੁਕਾਨ ਵੀ ਸਿਰੇ ਦੀ ਚੱਲ ਪਈ ਤੇ ਇਹ ਕਿ ਉਹ ਸਾਹਿਤ ਪੜ੍ਹਨ ਦੇ ਅਸਲ ਰਾਹ 'ਤੇ ਤੁਰਿਆ ਹੋਇਆ ਹੈ।

ਇਸ ਵਾਰ ਵਿਦਿਆ ਚਰਨ ਹੁਣ ਮੈਨੂੰ ਦਸ-ਬਾਰਾਂ ਸਾਲਾਂ ਬਾਅਦ ਮਿਲਿਆ ਸੀ। ਇਸ ਦੌਰਾਨ ਉਹਨਾਂ ਦੇ ਪਿੰਡ ਜਾਣ ਦਾ ਕੋਈ ਮੌਕਾ ਨਹੀਂ ਬਣਿਆ ਤੇ ਨਾ ਕੋਈ ਬਹਾਨਾ। ਵਿਦਿਆ ਚਰਨ ਸਾਡੇ ਸ਼ਹਿਰ ਆਉਂਦਾ ਤਾਂ ਹੋਵੇਗਾ ਪਰ ਉਹਦੇ ਨਾਲ ਕਦੇ ਵੀ ਮੇਲ ਨਾ ਹੋਇਆ। ਉਹ ਆਪਣੀ ਦੁਕਾਨ ਦਾ ਸਾਮਾਨ ਇੱਥੋਂ ਲਿਜਾਂਦਾ ਸੀ। ਉਸਨੂੰ ਸਿਨਮਾ ਦੇਖਣ ਦਾ ਸ਼ੌਕ ਸੀ। ਸਿਨਮਾ ਬਗ਼ੈਰ ਤਾਂ ਉਹ ਰਹਿ ਨਹੀਂ ਸਕਦਾ ਸੀ। ਸ਼ਾਇਦ ਉਹਨੂੰ ਇਹ ਪਤਾ ਨਾ ਹੋਵੇ ਕਿ ਮੈਂ ਹੁਣ ਏਥੇ ਹਾਂ। ਨਹੀਂ ਤਾਂ ਉਹ ਕਦੇ ਨਾ ਕਦੇ ਜ਼ਰੂਰ ਮੈਨੂੰ ਸਕੂਲ ਵਿੱਚ ਮਿਲਣ ਆਉਂਦਾ। ਉਹਨਾਂ ਦੇ ਪਿੰਡੋਂ ਮੇਰੀ ਬਦਲੀ ਕਿਸੇ ਹੋਰ ਸਕੂਲ ਵਿੱਚ ਹੋਈ ਸੀ। ਉਥੇ ਵੀ ਮੈਂ ਛੇ-ਸੱਤ ਸਾਲ ਰਹਿ ਆਇਆ ਸਾਂ।

ਇਸ ਦੌਰਾਨ ਮੇਰੇ ਉੱਤੇ ਕਈ ਆਫ਼ਤਾਂ ਆ ਚੁੱਕੀਆਂ ਸਨ। ਮੇਰੀ ਪਹਿਲੀ ਪਤਨੀ ਮਰ ਗਈ। ਉਸ ਤੋਂ ਬਾਅਦ ਮੈਂ ਹੋਰ ਵਿਆਹ ਕਰਵਾ ਲਿਆ। ਮੇਰੀ ਮੌਜੂਦਾ ਪਤਨੀ ਕਿਸੇ ਦੂਜੇ ਸੂਬੇ ਦੀ ਹੈ। ਬੜੇ ਦੂਰ ਦੇ ਸੂਬੇ ਦੀ। ਖ਼ੈਰ... ਹੁਣ ਤਾਂ ਸਭ ਬੀਤ ਗਿਆ ਹੈ। ਸਾਡਾ ਵਿਆਹ ਇੱਕ ਅਚਾਨਕ ਘਟਨਾ ਸੀ। ਨਾ ਤਾਂ ਇਹ ਪਿਆਰ-ਵਿਆਹ ਸੀ ਤੇ ਨਾ ਕੋਈ ਪਰੰਪਰਾ ਵਾਲਾ ਪ੍ਰਬੰਧਿਤ-ਵਿਆਹ। ਪਰ ਇਹਨਾਂ ਦੋਵਾਂ ਦਾ ਕੁੱਝ ਵਿਚ-ਵਿਚਾਲਾ ਜਿਹਾ। ਇਸ ਨੂੰ ਪਰਸਪਰ ਸਮਝ ਵਾਲਾ ਵਿਆਹ ਕਹਿ ਸਕਦੇ ਹਾਂ। ਪਰ ਉਹਨੀ ਦਿਨੀਂ ਮੇਰੇ ਆਲੇ-ਦੁਆਲੇ ਵਿੱਚ ਬੜੀਆਂ ਅਫ਼ਵਾਹਾਂ ਉੱਡੀਆਂ ਸਨ। ਕੋਈ ਕਹਿੰਦਾ ਸੀ-'ਕਿਧਰੋਂ ਇਹ ਕਿਸੇ ਕੁੜੀ ਨੂੰ ਭਜਾ ਕੇ ਲੈ ਆਇਐ।' ਕੋਈ ਆਖਦਾ-'ਇਹਨੇ ਇਹ ਮੁੱਲ ਦੀ ਲਿਆਂਦੀ ਐ।' ਕੋਈ ਅੰਦਾਜ਼ਾ ਲਾਉਂਦਾ ਤੇ ਐਲਾਨ ਕਰ ਦਿੰਦਾ-'ਛੁੱਟੜ ਜਾਂ ਵਿਧਵਾ ਹੋਣੀ ਐ, ਇਹਨੂੰ ਮਿਲ 'ਗੀ।'

ਉਹ ਦੁਖੀ ਹੁੰਦੀ ਆਖਦੀ-'ਸ਼ਾਇਦ ਆਪਾਂ ਤੋਂ ਕਿਧਰੇ ਗਲਤੀ ਹੋ ਗਈ। ਮੇਰੇ ਮਾਂ-ਬਾਪ ਨਜ਼ਦੀਕ ਹੁੰਦੇ ਤਾਂ ਸਾਡੇ ਘਰ ਦਾ ਕੋਈ ਨਾ ਕੋਈ ਕਦੇ ਮੈਨੂੰ ਮਿਲਣ ਆਉਂਦਾ। ਮੇਰੀਆਂ ਛੋਟੀਆਂ ਭੈਣਾਂ, ਮੇਰੇ ਭਾਈ, ਤਾਏ-ਚਾਚਿਆਂ ਦੇ ਮੁੰਡੇ ਆਉਂਦੇ। ਮਾਂ ਗੇੜਾ ਮਾਰਦੀ, ਬਾਪ ਕਦੇ ਆਉਂਦਾ ਤਾਂ ਮੈਨੂੰ ਕਾਹਨੂੰ ਸੁਣਨੀਆਂ ਪੈਂਦੀਆਂ ਇਹ ਗੱਲਾਂ।'

ਵਿਦਿਆ ਚਰਨ ਨਾਲ ਮੈਂ ਹੱਥ ਮਿਲਾਇਆ ਤੇ ਉਹਨੂੰ ਮਖ਼ੌਲ ਜਿਹੇ ਕਰਨ ਲੱਗਿਆ। ਮੈਂ ਉਹਨੂੰ ਕਹਿਣ ਹੀ ਲੱਗਿਆ ਸਾਂ ਕਿ ਉਹ ਰਿਕਸ਼ੇ ਤੋਂ ਥੱਲੇ ਉਤਰ ਆਵੇ ਤੇ ਮੇਰੇ ਨਾਲ ਸਕੂਲ ਚੱਲੇ, ਓਥੇ ਜਾ ਕੇ ਚਾਹ ਪੀਵਾਂਗੇ। ਪਰ ਰਿਕਸ਼ਾ ਵਿੱਚ ਉਹਦੇ ਇੱਕ ਪਾਸੇ ਬਸਾਖੀਆਂ ਪਈਆਂ ਦੇਖਕੇ ਮੈਂ ਚੁੱਪ ਹੋ ਗਿਆ। ਮੈਂ ਬਸਾਖੀਆਂ ਨੂੰ ਹੀ ਹੱਥ ਲਾਇਆ। ਉਹਨੇ ਆਪਣਾ ਯੰਤਰ ਕੰਨਾਂ ਨੂੰ ਲਾ ਲਿਆ। ਦੱਸਣ ਲੱਗਿਆ-'ਮੇਰੀਆਂ ਦੋਵੇਂ ਲੱਤਾਂ ਕੰਮ ਨ੍ਹੀਂ ਕਰਦੀਆਂ। ਇੱਕ ਤਾਂ ਜਮ੍ਹਾਂ ਈ ਖੜਗੀ। ਇਹ ਦੂਜੀ ਕੁੱਛ ਠੀਕ ਐ-ਬੱਸ ਧਰਤੀ 'ਤੇ ਲੱਗ ਜਾਂਦੀ ਐ। ਪਰ ਬਸਾਖੀਆਂ ਪੂਰਾ ਕੰਮ ਦਿੰਦੀਆਂ ਨੇ।' ਉਹਦੇ ਵੱਲ ਝਾਕ ਕੇ ਅੱਖਾਂ ਹੀ ਅੱਖਾਂ ਵਿੱਚ ਮੈਂ ਅਫ਼ਸੋਸ ਜ਼ਾਹਰ ਕੀਤਾ। ਫੇਰ ਪੁੱਛਿਆ-'ਕਾਰੋਬਾਰ ਦਾ ਕੀ ਹਾਲ ਐ?'

'ਦੁਕਾਨ ਦਾ ਕੰਮ ਬਹੁਤ ਵਧਾ ਲਿਆ ਸੀ ਮੈਂ। ਸਟੇਸ਼ਨਰੀ ਦੇ ਨਾਲ ਬਿਜਲੀ ਦਾ ਸਾਮਾਨ ਵੀ ਪਾ ਲਿਆ। ਦੁਕਾਨ 'ਤੇ ਹੁਣ ਦੋ ਨੌਕਰ ਕੰਮ ਕਰਦੇ ਨੇ। ਹੁਣ ਤਾਂ ਚੰਗੀ ਕਮਾਈ ਐ, ਮਾਸਟਰ ਜੀ।' 'ਚੰਗੀ ਸ਼ਬਦ ਉਹਨੇ ਜ਼ੋਰ ਦੇ ਕੇ ਬੋਲਿਆ। ਉਹ ਕਿਸੇ

ਚਾਲਾਕ ਬਿੱਲੀ ਵਾਂਗ ਮੇਰੇ ਵੱਲ ਝਾਕ ਰਿਹਾ ਸੀ। ਉਹਦੀ ਨਜ਼ਰ ਵਿੱਚ ਥੋੜ੍ਹੀ ਗੁਸਤਾਖੀ ਵੀ ਦਿਸੀ ਮੈਨੂੰ। 'ਮੈਂ ਤਾਂ ਥੋਡੇ ਕੋਲ ਈ ਆਇਆਂ।' ਉਹਨੇ ਅਧੀਨਗੀ ਜਿਹੀ ਦਿਖਾਈ।

'ਹਾਂ, ਸੇਵਾ ਦੱਸ।' ਮੈਂ ਕਿਹਾ।

'ਤੁਸੀਂ ਹੋਰ ਸ਼ਾਦੀ ਕਰਵਾ ਲੀ?' ਉਹਨੇ ਕਿਰਸ਼ੇ ਵਿੱਚ ਬੈਠੇ ਹੀ ਗੱਲ ਛੇੜੀ।

'ਹਾਂ, ਉਹ ਤਾਂ ਕਈ ਸਾਲ ਹੋਗੇ। ਹੁਣ ਤਾਂ ਇੱਕ ਬੱਚਾ ਵੀ ਐ। ਉਹਦੇ ਕੋਲ। ਮੇਰੀ ਪਹਿਲੀ ਘਰ ਵਾਲੀ ਮਰ 'ਗੀ ਸੀ ਨਾ। ਫੇਰ ਇਹ ਸ਼ਾਦੀ ਕਰਾ ਲੀ ਸੀ। ਰੋਟੀ-ਟੁੱਕ ਦਾ ਬੜਾ ਔਖਾ ਸੀ।'

'ਮੈਂ ਸੁਣਿਆ, ਤੁਸੀਂ ਉਹਨੂੰ ਕਿਸੇ ਯਤੀਮ ਖਾਨਿਓਂ ਲਿਆਂਦਾ ਸੀ। ਵਿਦਿਆ ਚਰਨ ਦੀ ਗੱਲ ਉੱਤੇ ਪਹਿਲਾਂ ਤਾਂ ਮੈਨੂੰ ਹਾਸੀ ਆਈ, ਫੇਰ ਗੁੱਸਾ। ਤੇ ਮੈਂ ਤਿੜਕ ਕੇ ਉਹਨੂੰ ਕਿਹਾ-'ਤੈਨੂੰ ਕੀਹਨੇ ਦੱਸਿਐ?'

'ਮੈਨੂੰ ਕਿਤੋਂ ਪਤਾ ਲੱਗਿਆ, ਏਸੇ ਕਰਕੇ ਤਾਂ ਮੈਂ ਆਇਆ ਥੋਡੇ ਕੋਲ, ਮਾਸਟਰ ਜੀ।' ਉਹ ਮੁਸਕਰਾ ਰਿਹਾ ਸੀ।

'ਨਾ, ਇਹ ਗੱਲ ਤੈਨੂੰ ਕਹੀ ਕੀਹਨੇ?' ਮੇਰੇ ਤਨ-ਬਦਨ ਨੂੰ ਅੱਗ ਲੱਗੀ ਹੋਈ ਸੀ। 'ਸਾਰੇ ਲੋਕ-ਪਹਿਲਾਂ ਤਾਂ ਕੋਈ ਮੁੱਲ ਦੀ ਕਹਿੰਦਾ ਸੀ, ਕੋਈ ਛੁੱਟੜ ਤੇ ਕੋਈ ਵਿਧਵਾ, ਹੁਣ ਇਹ ਕਿਸੇ ਨੂੰ ਯਤੀਮ ਖਾਨੇ ਦੀ ਬਣਾ ਧਰੀ, ਧੀ ਦੇ ਯਾਰ ਨੇ।'

ਖ਼ੈਰ.... ਮੈਨੂੰ ਵਿਦਿਆ ਚਰਨ ਦੀ ਅਗਲੀ ਗੱਲ ਜਾਣਨ ਦੀ ਉਤਸੁਕਤਾ ਸੀ।

'ਮੈਨੂੰ ਤਾਂ ਜੀ ਇੱਕ ਪੱਕੇ ਬੰਦੇ ਨੇ ਥੋਡੇ ਕੋਲ ਭੇਜਿਐ। ਮੈਂ ਕਿਹਾ-ਲਓ, ਉਹ ਮਾਸਟਰ ਜੀ ਤਾਂ ਆਪਣੇ ਮਿੱਤਰ-ਬੇਲੀ ਨੇ। ਸੱਚ ਪੁੱਛੇਂ, ਮੇਰੀ ਦੁਕਾਨ ਤਾਂ ਉਹਨਾਂ ਨੇ ਈ ਚਲਾਵਾਈ ਸੀ। ਮੈਨੂੰ ਐਨੀਆਂ ਚੰਗੀਆਂ-ਚੰਗੀਆਂ ਕਿਤਾਬਾਂ ਪੜ੍ਹਨ ਨੂੰ ਦਿੰਦੇ ਹੁੰਦੇ। ਮੈਂ ਤਾਂ ਉਹਨਾਂ ਦਾ ਗੁਣ ਨ੍ਹੀ ਭੁਲਾ ਸਕਦਾ। ਹੈਂ ਜੀ। ਉਹਦਾ ਸਾਰਾ ਸਰੀਰ ਜਿਵੇਂ ਪੰਘਰਿਆਂ ਪਿਆ ਹੋਵੇ। ਫੇਰ ਉਹ ਅੱਧ ਕੁ ਦਾ ਹੋ ਕੇ ਕਹਿਣ ਲੱਗਿਆ-'ਓਥੇ ਮੈਨੂੰ ਲੈ ਚੱਲੋ, ਮਾਸਟਰ ਜੀ।'

'ਕਿੱਥੇ?'

'ਓਸ ਯਤੀਮ ਖਾਨੇ। ਤੁਸੀਂ ਤਾਂ ਸਭ ਵਾਕਫ ਓਂ। ਮੈਂ ਪੈਸੇ ਖਰਚ ਕਰ ਸਕਦਾਂ। ਮੇਰੇ ਕੋਲ ਦਸ ਹਜ਼ਾਰ ਰੁਪਈਆਂ ਤਾਂ ਜਮ੍ਹਾਂ ਕੀਤਾ ਹੋਇਐ, ਬੈਂਕ 'ਚ ਪਿਐ। ਆਪਾਂ ਪੂਰਾ ਖਰਚ ਕਰ ਸਕਦੇ ਆਂ, ਮਾਸਟਰ ਜੀ। ਐਸੀ ਗੱਲ ਨ੍ਹੀ।'

ਵਿਦਿਆ ਚਰਨ ਦੀ ਉਮਰ ਮੈਂ ਕਦੇ ਪੁੱਛੀ ਨਹੀਂ ਸੀ। ਪਰ ਦੇਖਣ ਤੋਂ ਹੁਣ ਉਹ ਮੈਨੂੰ ਲੱਗਦਾ ਸੀ, ਪੰਤਾਲੀ ਤੋਂ ਪੰਜਾਹ ਦੇ ਵਿਚਕਾਰ ਜ਼ਰੂਰ ਹੋਵੇਗਾ। ਉਹਦੇ ਕੰਨ ਬੰਦ ਸਨ। ਲੱਤਾਂ ਖੜ੍ਹ ਚੁੱਕੀਆਂ ਸਨ। ਬੰਦਾ ਨਾ ਬੰਦੇ ਦੀ ਸ਼ਕਲ। ਬਾਂਦਰ ਨਿਰਾ। ਪਹਿਲਾਂ ਮੈਨੂੰ ਉਹਦੀ ਏਸ ਗੱਲ ਉੱਤੇ ਗੁੱਸਾ ਆਇਆ-ਸਾਲਾ ਦੇਖ, ਇਹ ਵੀ ਹੁਣ ਤੀਮੀਂ ਭਾਲਦੈ।' ਫੇਰ ਤਰਸ-'ਇੱਕ ਬੱਸ ਤੀਮੀਂ ਦੀ ਭੁੱਖ ਬਾਕੀ ਰਹਿ 'ਗੀ ਵਿਚਾਰੇ ਨੂੰ।'

ਮੈਂ ਉਹਨੂੰ ਪਿਆਰ ਨਾਲ ਸਮਝਾਇਆ-'ਵਿਦਿਆ ਚਰਨ ਸੇਠ, 'ਤੈਨੂੰ ਕਿਸੇ ਨੇ ਗਲਤ ਆਖਿਐ। ਕਿਸੇ ਨੇ ਮਜ਼ਾਕ ਕੀਤਾ ਹੋਣੈ। ਮੈਂ ਕਿਸੇ ਯਤੀਮਖਾਨੇ ਨੂੰ ਨ੍ਹੀ ਜਾਣਦਾ, ਮੇਰੀ ਇਸ ਘਰ ਵਾਲੀ ਦੇ ਮਾਂ-ਬਾਪ, ਭੈਣ-ਭਰਾ ਰਿਸ਼ਤੇਦਾਰ ਸਭ ਨੇ।' ਮੈਂ ਉਹਨੂੰ

ਕਹਿਣਾ ਚਾਹੁੰਦਾ ਸਾਂ–'ਤੀਮੀਂ ਜਿਹੜੀ ਕੋਈ ਤੂੰ ਲਿਆਉਣ ਚਾਹੁਨੈ, ਕੀ ਕਰੂਗੀ ਉਹ ਤੇਰਾ?' ਪਰ ਇਹ ਮੈਂ ਆਖਿਆ ਨਹੀਂ। ਮੈਂ ਉਹਨੂੰ ਚਾਹ ਦੀ ਫੋਕੀ ਸੁਲਾਹ ਮਾਰੀ।

'ਨਹੀਂ ਮਾਸਟਰ ਜੀ, ਮਿਹਰਬਾਨੀ।'

ਮੇਰੇ ਵੱਲ ਝਾਕੇ ਬਗ਼ੈਰ ਉਹਨੇ ਰਿਕਸ਼ੇ ਵਾਲੇ ਨੂੰ ਕਿਹਾ ਕਿ ਉਹ ਰਿਕਸ਼ਾ ਪਿਛਾਂਹ ਮੋੜ ਲਵੇ। ♦

# ਸ਼ਿਕਨ

ਸਵੇਰੇ ਪਹਿਲੀ ਬੱਸ ਹੀ ਲੁਧਿਆਣੇ ਗਿਆ ਸਾਂ। ਕੰਮ ਤਾਂ ਇੱਕ ਘੰਟੇ ਦਾ ਸੀ, ਪਰ ਜਾਣਾ ਜ਼ਰੂਰੀ ਸੀ। ਵਾਪਸ ਵੀ ਮੁੜਨਾ ਸੀ। ਗਰਮੀਆਂ ਦੇ ਦਿਨ ਸਨ। ਜੇਠ-ਹਾੜ੍ਹ ਦਾ ਮਹੀਨਾ। ਛੇਤੀ-ਛੇਤੀ ਮੈਂ ਆਪਣਾ ਕੰਮ ਮੁਕਾਇਆ ਤੇ ਬੱਸ ਸਟੈਂਡ ਉੱਤੇ ਆ ਗਿਆ। ਚਾਹੁੰਦਾ ਸਾਂ, ਦੁਪਹਿਰ ਤੋਂ ਪਹਿਲਾਂ-ਪਹਿਲਾਂ ਵਾਪਸ ਬਰਨਾਲੇ ਪਹੁੰਚ ਜਾਵਾਂ, ਨਹੀਂ ਤਾਂ ਫੇਰ ਦੁਪਹਿਰ ਦੀ ਭੱਠੀ ਵਿਚੋਂ ਨਿਕਲੀ ਗਰਮ ਹਵਾ ਪਿੰਡਾ ਸਾੜ ਕੇ ਰੱਖ ਦੇਵੇਗੀ।

ਬੱਸ ਆਪਣੇ ਅੱਡੇ ਉੱਤੇ ਲੱਗੀ ਖੜ੍ਹੀ ਸੀ। ਪੁੱਛਿਆ, ਧੁਰ ਬਰਨਾਲੇ ਤੱਕ ਜਾਣੀ ਹੈ। ਬੱਸ ਵਿੱਚ ਇੱਕ ਸਵਾਰੀ ਬੈਠੀ ਹੋਈ ਸੀ। ਕੋਈ ਕੁੜੀ ਸੀ। ਕਾਉਂਟਰ ਉੱਤੇ ਕੰਡਕਟਰ ਵਿਹਲਾ ਖੜ੍ਹਾ ਸੀ। ਮੈਂ ਉਹਦੇ ਕੋਲੋਂ ਬੱਸ ਤੁਰਨ ਦਾ ਵਕਤ ਪੁੱਛਿਆ। ਦਸ ਮਿੰਟ ਰਹਿੰਦੇ ਸਨ। ਟਿਕਟ ਲੈ ਕੇ ਮੈਂ ਯੂਰੀਨਲ ਚਲਿਆ ਗਿਆ। ਅੰਦਰ ਗਿਆ ਤਾਂ ਪਿਸ਼ਾਬ ਕਰਨ ਨੂੰ ਜੀਅ ਨਾ ਕਰੇ। ਬਦਬੂ ਹੀ ਬਦਬੂ। ਫਰਸ਼ ਉੱਤੇ ਚਿੱਕੜ। ਲੋਕਾਂ ਦੀ ਭੀੜ। ਕਿਵੇਂ ਵੀ ਮੈਂ ਸਾਹ ਰੋਕ ਕੇ ਪਿਸ਼ਾਬ ਕੀਤਾ ਤੇ ਛੇਤੀ ਤੋਂ ਛੇਤੀ ਵਾਸ਼ਬੇਸਿਨ ਉੱਤੇ ਹੱਥ ਧੋਣ ਲੱਗਿਆ। ਸਾਹਮਣੇ ਸ਼ੀਸ਼ੇ ਵਿੱਚ ਮੇਰੀ ਨਿਗਾਹ ਪੈ ਗਈ। ਚੇਹਰੇ ਉੱਤੇ ਹੱਥ ਫੇਰਿਆ। ਦਾਹੜੀ ਵਿੱਚ ਕੋਈ ਚਿੱਟਾ ਵਾਲ਼ ਨਹੀਂ ਸੀ। ਜਵਾਨ ਲੱਗਦਾ ਸਾਂ। ਗੱਲ੍ਹਾਂ ਦੇ ਉਤਲੇ ਭਾਗ ਉੱਤੇ ਅੱਖਾਂ ਥੱਲੇ ਜੋ ਸ਼ਿਕਨ ਪੈ ਰਹੇ ਸਨ, ਉਨ੍ਹਾਂ ਨੂੰ ਉਂਗਲਾਂ ਦੇ ਪੋਟਿਆਂ ਨਾਲ ਨੱਪ ਕੇ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ। ਚੇਹਰੇ ਉੱਤੇ ਮੁਸਕਰਾਹਟ ਦੇ ਫੁੱਲ ਖਿੜ ਉਠੇ। ਚੁਤਾਲੀ ਸਾਲ ਦੀ ਉਮਰ ਵਿੱਚ ਮੈਂ ਕਿੰਨਾ ਜਵਾਨ ਲੱਗਦਾ ਸਾਂ। ਕਿੰਨਾ ਕਮਾਲ ਹੈ ਖਿਜ਼ਾਬ ਦਾ ਵੀ, ਬੁੱਢੇ ਆਦਮੀ ਨੂੰ ਛੱਬੀ ਸਾਲ ਦਾ ਬਣਾ ਦਿੰਦਾ ਹੈ। ਕਿਸੇ ਨੂੰ ਕੀ ਪਤਾ ਹੈ ਕਿ ਦਾਹੜੀ ਵਿੱਚ ਕਾਲ਼ਾ ਵਾਲ਼ ਤਾਂ ਕੋਈ-ਕੋਈ ਹੀ ਹੈ। ਇਹ ਕਮਾਲ ਤਾਂ ਹੈ ਹੀ ਖਿਜ਼ਾਬ ਦਾ। ਮੇਰੇ ਵਾਲਾ ਖਿਜ਼ਾਬ ਹੈ ਵੀ ਕਿੰਨਾ ਨੈਚੁਰਲ। ਦੇਖਣ ਵਾਲੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਦਾਹੜੀ ਉੱਤੇ ਕੁਝ ਲਾਇਆ ਹੈ ਜਾਂ ਨਹੀਂ। ਪਿੱਛੇ ਜਿਹੇ ਅਖ਼ਬਾਰਾਂ ਵਿੱਚ ਪੜ੍ਹਿਆ ਸੀ ਕਿ ਖਿਜ਼ਾਬ ਲਾਉਣ ਵਾਲੇ ਲੋਕ ਛੇਤੀ ਅੰਨ੍ਹੇ ਹੋ ਜਾਂਦੇ ਹਨ। ਇੱਕ ਵਾਰ ਤਾਂ ਦਿਲ ਦਹਿਲ ਉੱਠਿਆ। ਬਨਾਵਟੀ ਜਵਾਨੀ ਦਾ ਕੀ ਐ, ਅੰਨ੍ਹੇ ਹੋ ਗਏ ਤਾਂ ਕੰਧਾਂ ਵਿੱਚ ਵਜਦੇ ਫਿਰਾਂਗੇ। ਇੱਕ ਹਫ਼ਤਾ ਖਿਜ਼ਾਬ ਨਹੀਂ ਲਾਇਆ। ਅਗਲੇ ਹਫ਼ਤੇ ਸ਼ੀਸ਼ਾ ਮੂੰਹ ਚਿੜਾਉਣ ਲੱਗ ਪਿਆ। ਜੀਅ ਜਿਹਾ ਹੀ ਨਾ ਲੱਗਿਆ ਕਰੇ। ਫੇਰ ਸ਼ੁਰੂ ਕਰ ਦਿੱਤਾ ਖਿਜ਼ਾਬ।

ਬੱਸ ਦੀ ਪਿਛਲੀ ਬਾਰੀ ਚੜ੍ਹ ਕੇ ਕੁੜੀ ਦੇ ਕੋਲ ਦੀ ਲੰਘਦਾ ਮੈਂ ਅਗਲੀਆਂ ਸੀਟਾਂ ਉੱਤੇ ਜਾ ਬੈਠਾ। ਨਿਗਾਹ ਮਾਰੀ, ਕੁੜੀ ਕੋਲ ਪਲਾਸਟਿਕ ਦੀ ਟੋਕਰੀ ਸੀ, ਜਿਸ ਵਿੱਚ

ਕੁਝ ਨਿੱਕ-ਸੁੱਕ ਜਿਹਾ ਤੁੰਨਿਆ ਹੋਇਆ ਸੀ। ਇੱਕ ਛੋਟਾ ਜਿਹਾ ਅਟੈਚੀ, ਜਿਸ ਉੱਤੇ ਖਾਕੀ ਜੀਨ ਦਾ ਕੱਪੜਾ ਚੜ੍ਹਿਆ ਹੋਇਆ ਸੀ।

ਉਸ ਦਿਨ, ਪਤਾ ਨਹੀਂ ਕੀ ਗੱਲ, ਸਵਾਰੀਆਂ ਬਹੁਤ ਘੱਟ ਚੜ੍ਹੀਆਂ। ਸ਼ਾਇਦ ਦਿਨ ਦਾ ਵਕਤ ਹੋਣ ਕਰਕੇ। ਨਹੀਂ ਸਵੇਰੇ ਸ਼ਾਮ ਤਾਂ ਬੱਸਾਂ ਵਿੱਚ ਬੜੀ ਭੀੜ ਹੁੰਦੀ ਹੈ। ਸਵੇਰੇ-ਸਵੇਰੇ ਪਿੰਡਾਂ ਦੇ ਲੋਕ ਸ਼ਹਿਰਾਂ ਵੱਲ ਆਉਂਦੇ ਹਨ ਤੇ ਓਨੇ ਹੀ ਸ਼ਾਮ ਨੂੰ ਆਪਣੇ-ਆਪਣੇ ਘਰਾਂ ਨੂੰ ਮੁੜਦੇ ਹਨ, ਪਹਿਲਾਂ ਕਦੇ ਜਦ ਵੀ ਮੈਂ ਲੁਧਿਆਣੇ ਆਇਆ ਸਾਂ ਤਾਂ ਸਵੇਰੇ-ਸਵੇਰੇ ਤੇ ਮੁੜਿਆ ਸਾਂ ਤਾਂ ਸ਼ਾਮ ਨੂੰ ਹੀ। ਮੈਂ ਤਾਂ ਭੀੜ ਹੀ ਦੇਖੀ ਹੋਈ ਸੀ। ਕਦੇ-ਕਦੇ ਤਾਂ ਸਾਰੇ ਸਫ਼ਰ ਬੰਦੇ ਮਗਰਲੀਆਂ ਸੀਟਾਂ ਉੱਤੇ ਇੱਕ ਬੁੜ੍ਹੀ ਤੇ ਦੋ ਤਿੰਨ ਬੰਦੇ ਹੋਰ ਬੈਠੇ ਹੋਏ ਸਨ। ਬੱਸ ਚੱਲ ਪਈ। ਭਾਰਤ ਚੌਕ ਤੋਂ ਦੋ ਸਵਾਰੀਆਂ ਹੋਰ ਚੜ੍ਹ ਗਈਆਂ। ਉਹ ਦੋਵੇਂ ਮੁੰਡੇ ਜਿਹੇ ਸਨ। ਸਿਰ ਉੱਤੇ ਲੰਬੇ-ਲੰਬੇ ਵਾਲ਼ ! ਗੱਲ੍ਹਾਂ ਦੇ ਅੱਧ ਤੱਕ ਦਾਹੜੀ ਦੀਆਂ ਕਲਮਾਂ ਛੱਡੀਆਂ ਹੋਈਆਂ ਸਨ। ਹੱਥਾਂ ਵਿੱਚ ਮੋਟੇ-ਮੋਟੇ ਲੋਹੇ ਦੇ ਕੜੇ। ਕੁੜਤਿਆਂ ਦੀਆਂ ਸਾਬਤ ਬਾਹਾਂ, ਖੁਲ੍ਹੀਆਂ ਕਫਾਂ ਆਪਣੀਆਂ ਹਿੱਪ-ਪਾਕਿਟਾਂ ਵਿਚੋਂ ਬਿੰਦੇ-ਬਿੰਦੇ ਕੰਘੀਆਂ ਕੱਢਦੇ ਤੇ ਸਿਰ ਦੇ ਵਾਲ਼ਾਂ ਵਿੱਚ ਨਿਗਾਹ ਜਿਹੀ ਮਾਰ ਕੇ ਉਹ ਉਸ ਟੋਕਰੀ ਵਾਲੀ ਕੁੜੀ ਦੀ ਮੂਹਰਲੀ ਸੀਟ ਉੱਤੇ ਬੈਠ ਗਏ। ਬੱਸ ਯੂਨੀਵਰਸਿਟੀ ਲੰਘੀ ਤਾਂ ਉਹ ਮੁੰਡੇ ਅਜੀਬ ਹਰਕਤਾਂ ਕਰਨ ਲੱਗੇ। ਕੰਡਕਟਰ ਮੂਹਰਲੀ ਬਾਰੀ ਵਿੱਚ ਖੜ੍ਹਾ ਪਿੱਛੇ ਵੱਲ ਝਾਕ ਰਿਹਾ ਸੀ। ਉਹ ਵਿੱਚ-ਵਿੱਚ ਦੀ ਮੁਸਕਰਾਉਂਦਾ ਤਾਂ ਮੇਰੀ ਨਿਗਾਹ ਪਿਛਾਂਹ ਵੱਲ ਮੁੜ ਜਾਂਦੀ। ਮੁੰਡੇ ਕੋਈ ਨਾ ਕੋਈ ਹਰਕਤ ਕਰ ਰਹੇ ਹੁੰਦੇ। ਉਨ੍ਹਾਂ ਨੂੰ ਦੇਖ ਕੇ ਸ਼ਰਮ ਆਉਣ ਲੱਗਦੀ। ਉਨ੍ਹਾਂ ਉੱਤੇ ਗੁੱਸਾ ਵੀ। ਕੁੜੀ ਆਪਣੀ ਸੀਟ ਉੱਤੇ ਦੁਬਕ ਕੇ ਬੈਠੀ ਹੋਈ ਸੀ। ਉਹ ਨਿਗਾਹ ਉਠਾ ਕੇ ਝਾਕਦੀ ਤਾਂ ਉਹਦੀਆਂ ਅੱਖਾਂ ਵਿੱਚ ਬੇਬਸੀ ਤੇ ਨਫ਼ਰਤ ਦਾ ਮਿਲਿਆ ਜੁਲਿਆ ਪ੍ਰਭਾਵ ਮੈਨੂੰ ਦਿਸਦਾ। ਅਖ਼ੀਰ ਮੈਂ ਉਨ੍ਹਾਂ ਵਲੋਂ ਧਿਆਨ ਹਟਾ ਕੇ ਆਪਣੇ ਬੈਗ ਵਿਚੋਂ ਇੱਕ ਮੈਗਜ਼ੀਨ ਕੱਢਿਆ ਤੇ ਉਹਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ।

ਮੁੱਲਾਂਪੁਰ ਦਾ ਅੱਡਾ ਆਇਆ ਤਾਂ ਉਹ ਕੁੜੀ ਆਪਣਾ ਅਟੈਚੀ ਚੁੱਕ ਕੇ ਦੂਜੇ ਪਾਸੇ ਮੇਰੇ ਬਰਾਬਰ ਦੀ ਸੀਟ ਉੱਤੇ ਆ ਬੈਠੀ। ਮੁੰਡੇ ਬੜੇ ਹਰਾਮੀ ਸਨ। ਬੱਸ ਚੱਲੀ ਤਾਂ ਉਹ ਫੇਰ ਉਹਦੇ ਮੂਹਰੇ ਸੀਟ ਉੱਤੇ ਆ ਬੈਠੇ। ਮੁੱਲਾਂਪੁਰ ਤੋਂ ਵੀ ਦੋ-ਤਿੰਨ ਸਵਾਰੀਆਂ ਹੀ ਚੜ੍ਹੀਆਂ। ਬੱਸ ਰੇਲਵੇ-ਫਾਟਕ ਲੰਘੀ ਤਾਂ ਇੱਕ ਮੁੰਡੇ ਨੇ ਦੂਜੇ ਮੁੰਡੇ ਦੀ ਇੱਕ ਲੱਤ ਚੁੱਕ ਕੇ ਆਪਣੇ ਗੋਡੇ ਉੱਤੇ ਰੱਖ ਲਈ ਤੇ ਉਹਦੀ ਗਰਦਨ ਨਾਲ ਆਪਣੀ ਗਰਦਨ ਲਾ ਕੇ ਹਾਏ ਹਾਏ ਕਰਨ ਲੱਗਿਆ। ਸਾਰੀਆਂ ਸਵਾਰੀਆਂ ਉਹਨਾਂ ਨੂੰ ਦੇਖ ਰਹੀਆਂ ਸਨ। ਪਰ ਬੋਲਦਾ ਕੋਈ ਕੁਝ ਨਹੀਂ ਸੀ। ਕੰਡਕਟਰ ਵੀ ਕੁਝ ਕਹਿ ਨਹੀਂ ਰਿਹਾ ਸੀ। ਕੰਡਕਟਰ ਤਾਂ ਸਗੋਂ ਮੁਸਕਰਾ ਮੁਸਕਰਾ ਸਵਾਦ ਲੈ ਰਿਹਾ ਸੀ। ਡਰਾਈਵਰ ਨੇ ਆਪਣੇ ਸ਼ੀਸ਼ੇ ਵਿੱਚ ਦੀ ਉਨ੍ਹਾਂ ਨੂੰ ਦੇਖਿਆ ਹੋਵੇਗਾ ਤੇ ਕੁੜੀ ਨੂੰ ਤਾਂ ਜ਼ਰੂਰ ਹੀ। ਦੋ ਵਾਰੀ ਡਰਾਈਵਰ ਗੁੱਸੇ ਭਰੀਆਂ ਅੱਖਾਂ ਨਾਲ ਉਨ੍ਹਾਂ ਵੱਲ ਝਾਕਿਆ। ਮੂੰਹ ਵਿੱਚ ਕੁਝ ਬੁੜਬੁੜਾਇਆ ਵੀ। ਪਰ ਆਖਿਆ ਕੁਝ ਨਹੀਂ। ਕੁੜੀ ਜਿੱਚ ਹੋਈ ਬੈਠੀ ਰਹੀ।

ਸੋਚ ਰਿਹਾ ਸਾਂ-ਇਨ੍ਹਾਂ ਲੌਂਡਿਆਂ ਜਿਹਿਆਂ ਉੱਤੇ ਨਵੀਂ ਜਵਾਨੀ ਚੜ੍ਹੀ ਐ ਕੋਈ? ਅਸੀਂ ਕਿਹੜਾ ਕਦੇ ਜਵਾਨ ਨਹੀਂ ਸਾਂ। ਸਾਲ਼ੇ ਕਿਵੇਂ ਕੋਹੜ ਕਿਰਲੇ ਵਾਂਗੂੰ ਟੱਪੀ ਜਾਂਦੇ

ਨੇ। ਕੰਜਰ ਦੇ ਪੁੱਤੋ, ਜੇ ਕੁੜੀ ਬੈਠੀ ਐ ਤਾਂ ਉਹਦੇ ਹੁਸਨ ਨੂੰ ਅੱਖਾਂ ਰਾਹੀਂ ਪੀਣ ਦੀ ਕੋਸ਼ਿਸ਼ ਕਰੋ। ਉਹਦੇ ਅਹਿਸਾਸ ਨੂੰ ਦਿਲ ਦੇ ਖ਼ੂਨ ਵਿੱਚ ਰਚਾਓ। ਜਵਾਨੀ ਦਾ ਜਨਾਜ਼ਾ ਕਿਉਂ ਕੱਢਦੇ ਓ? ਮੈਂ ਉਸ ਕੁੜੀ ਵੱਲ ਉਚੇਚੇ ਤੌਰ ਉੱਤੇ ਦੇਖਿਆ। ਉਹ ਵੀ ਮੇਰੇ ਵੱਲ ਝਾਕੀ। ਮੈਨੂੰ ਉਹ ਬਹੁਤ ਸੋਹਣੀ ਲੱਗੀ। ਉਹਦੀਆਂ ਅੱਖਾਂ ਵਿੱਚ ਭਿੱਜੇ ਬਾਦਾਮਾਂ ਦੀਆਂ ਛਿੱਲੀਆਂ ਹੋਈਆਂ ਗਿਰੀਆਂ ਵਰਗੀ ਨਿਰਮਲਤਾ ਸੀ। ਦੂਜੇ ਬਿੰਦ ਹੀ ਮੈਨੂੰ ਲੱਗਾ ਜਿਵੇਂ ਉਹਦੀ ਝਾਕਣੀ ਤਰਸ ਮੰਗਦੀ ਹੋਵੇ।

ਪੁਲ–ਸਧਾਰ ਦਾ ਅੱਡਾ ਆਇਆ। ਉਥੋਂ ਕਈ ਸਵਾਰੀਆਂ ਚੜ੍ਹੀਆਂ। ਹੁਣ ਮੁੰਡੇ ਟਿਕ ਕੇ ਬੈਠੇ ਹੋਏ ਸਨ, ਤੇ ਚੜ੍ਹ–ਰਹੀਆਂ ਸਵਾਰੀਆਂ ਦੇ ਚੇਹਰਿਆਂ ਵੱਲ ਵੱਢ–ਖਾਣੀਆਂ ਨਜ਼ਰਾਂ ਨਾਲ ਦੇਖਦੇ ਜਾ ਰਹੇ ਸਨ। ਡਰਾਈਵਰ ਨੇ ਸੈਲਫ਼ ਉੱਤੇ ਉਂਗਲ ਰੱਖੀ, ਇੰਜਣ ਨੇ ਘਰਰ–ਘਰਰ ਕੀਤੀ ਤਾਂ ਉਹ ਕੁੜੀ ਆਪਣੀ ਸੀਟ ਉੱਤੇ ਹੀ ਚੀਖ ਉਠੀ–'ਅੰਕਲ, ਤੁਸੀਂ?' ਮੈਂ ਤਾਂ ਥੋਨੂੰ ਦੇਖਿਆ ਈ ਨ੍ਹੀ।' ਉਹ ਮੈਨੂੰ ਕਹਿ ਰਹੀ ਸੀ। ਨਾਲ ਦੀ ਨਾਲ ਉਹ ਆਪਣੀ ਸੀਟ ਉਤੋਂ ਉੱਠੀ ਤੇ ਮੇਰੇ ਨਾਲ ਆ ਬੈਠੀ। ਅਟੈਚੀ ਵੀ ਉਸ ਉਰੇ ਖਿਸਕਾ ਲਿਆ। ਮੈਂ ਘਬਰਾ ਗਿਆ। ਬਹੁਤ ਹੈਰਾਨ। ਮੈਂ ਤਾਂ ਉਸ ਕੁੜੀ ਨੂੰ ਜਾਣਦਾ ਤੱਕ ਨਹੀਂ ਸੀ। ਖ਼ੈਰ, ਮੇਰੇ ਨਾਲ ਆ ਕੇ ਬੈਠਣਾ ਤੇ ਮੈਂ ਉਹਦਾ ਸੁਆਗਤ ਕੀਤਾ। ਉਹਦੇ ਚੇਹਰੇ ਉੱਤੇ ਬਨਾਵਟੀ ਜਿਹੀ ਮੁਸਕਾਣ ਸੀ। ਬੈਠਦਿਆਂ ਹੀ ਉਹਨੇ ਪੁੱਛਿਆ–'ਅੰਕਲ, ਤੁਸੀਂ ਕਿੱਥੇ ਜਾਣੈ?' ਮੈਂ ਦੱਸਿਆ–'ਮੈਂ ਤਾਂ, ਗੁੱਡੀ ਬਰਨਾਲੇ ਜਾਣੈ।'

ਅਜੇ ਵੀ ਮੇਰੇ ਮਨ ਵਿੱਚ ਸੰਘਰਸ਼ ਚੱਲ ਰਿਹਾ ਸੀ। ਇਹ ਕੁੜੀ ਹੈ ਕੌਣ? ਉਹਨੂੰ ਉਲਟਾ ਕੇ ਮੈਂ ਵੀ ਪੁੱਛ ਲਿਆ–'ਤੂੰ ਗੁੱਡੀ, ਕਿੱਥੇ ਚੱਲੀ ਐਂ?'

'ਮੈਂ ਤਾਂ, ਅੰਕਲ, ਦੁੱਧਾਹੂਰ ਉੱਤਰੂੰਗੀ।' ਉਹ ਬੋਲੀ ਤੇ ਫੇਰ ਦੱਸਣ ਲੱਗੀ ਕਿ ਉਹ ਲੁਧਿਆਣੇ ਕੋਈ ਟਰੇਨਿੰਗ ਕਰਦੀ ਹੈ। ਉਹ ਮੇਰੇ ਨਾਲ ਇਸ ਤਰ੍ਹਾਂ ਗੱਲਾਂ ਕਰਨ ਲੱਗੀ ਜਿਵੇਂ ਮੈਨੂੰ ਬਹੁਤ ਚੰਗੀ ਤਰ੍ਹਾਂ ਜਾਣਦੀ ਹੋਵੇ।

ਮੁਸ਼ਟੰਡੇ ਹੁਣ ਮੇਰੇ ਵੱਲ ਸ਼ੱਕ, ਈਰਖਾ ਤੇ ਡਰ ਭਰੀਆਂ ਅੱਖਾਂ ਨਾਲ ਝਾਕਣ ਲੱਗੇ। ਉਹ ਕੋਈ ਹਰਕਤ ਨਹੀਂ ਕਰ ਰਹੇ ਸਨ। ਨਾ ਹੀ ਉਠ ਕੇ ਸਾਡੀ ਸੀਟ ਸਾਹਮਣੇ ਆ ਕੇ ਬੈਠੇ। ਕੁਝ ਦੇਰ ਉਹ ਸਾਡੇ ਵੱਲ ਝਾਕਦੇ ਤੇ ਫੇਰ ਪਰ੍ਹਾਂ ਅੱਖਾਂ ਭੰਵਾ ਲੈਂਦੇ। ਤੇ ਫੇਰ ਉਹ ਬਿਲਕੁਲ ਹੀ ਸਾਡੇ ਵੱਲ ਪਿੱਠਾਂ ਕਰਕੇ ਬੈਠ ਗਏ ਤੇ ਤਾਕੀ ਵਿੱਚ ਦੀ ਬਾਹਰ ਕੱਟੀਆਂ ਹੋਈਆਂ ਫ਼ਸਲਾਂ ਦੇ ਢੇਰਾਂ ਨੂੰ ਦੇਖਣ ਲੱਗੇ। ਖੇਤਾਂ ਵਿੱਚ ਤੁਰ–ਫਿਰ ਰਹੇ ਕਿਸਾਨਾਂ ਨੂੰ ਦੇਖ ਕੇ ਉਹ ਕੋਈ–ਕੋਈ ਗੱਲ ਕਰਦੇ।

ਕੁੜੀ ਦੇ ਸਾਹਸ ਤੇ ਹਾਜ਼ਰ–ਦਿਮਾਗ਼ੀ ਉੱਤੇ ਮਨ ਹੀ ਮਨ ਮੈਂ ਉਹਨੂੰ ਦਾਦ ਦੇ ਰਿਹਾ ਸਾਂ। ਇਹ ਸਾਫ਼ ਤੇ ਸਪਸ਼ਟ ਸੀ ਕਿ ਉਹ ਮੈਨੂੰ ਬਿਲਕੁਲ ਨਹੀਂ ਜਾਣਦੀ ਸੀ। ਉਹਦੇ ਮਨ ਵਿੱਚ ਪਤਾ ਨਹੀਂ ਕੀ ਗੱਲ ਆਈ ਹੋਵੇਗੀ, ਉਹਨੇ ਝੱਟ ਹੀ ਮੈਨੂੰ ਅੰਕਲ ਬਣਾ ਲਿਆ ਤੇ ਇਸ ਪ੍ਰਕਾਰ ਉਹ ਕਾਮਯਾਬ ਰਹੀ। ਜ਼ਰੂਰ ਹੀ ਉਹਨੇ ਮੇਰੇ ਚਿਹਰੇ ਦੇ ਸ਼ਿਕਨ ਦੇਖ ਲਏ ਹੋਣਗੇ। ਕਾਲ਼ੀ ਦਾਹੜੀ ਵੱਲ ਉਹ ਕਾਹਨੂੰ ਝਾਕੀ ਹੋਵੇਗੀ। ਦੋਵੇਂ ਮੁੰਡੇ ਰਾਏਕੋਟ ਉੱਤਰ ਗਏ। ਉਤਰਨ ਲੱਗੇ ਉਹ ਮੇਰੇ ਵੱਲ ਕਹਿਰ ਭਰੀਆਂ ਅੱਖਾਂ ਨਾਲ ਝਾਕਦੇ ਜਾ ਰਹੇ ਸਨ। ਮੈਂ ਵੀ ਉਨ੍ਹਾਂ ਵੱਲ ਨਫ਼ਰਤ ਦੀਆਂ ਪਿਚਕਾਰੀਆਂ ਸੁੱਟੀਆਂ। ਪਰ ਉਹ ਬੋਲੇ ਕੁਝ ਨਹੀਂ।

ਕੁੜੀ ਦੱਧਾਹੂਰ ਉੱਤਰ ਗਈ। ਉੱਤਰਨ ਲੱਗੀ ਉਹ ਮੈਨੂੰ ਬਹੁਤ ਸਨੇਹ ਜਿਹੇ ਨਾਲ ਸਤਿ ਸ੍ਰੀ ਅਕਾਲ ਕਹਿ ਕੇ ਗਈ। ਉਹਦਾ ਬਿਰਧ ਪਿਤਾ ਟਾਹਲੀ ਥੱਲੇ ਬੈਠਾ ਉਹਨੂੰ ਉਡੀਕ ਰਿਹਾ ਸੀ। ਉਹ ਉੱਤਰੀ ਤਾਂ ਬੁੱਢੇ ਨੇ ਉਠ ਕੇ ਮੋਢੇ ਵਾਲੇ ਸਮੋਸੇ ਦਾ ਈਨੂੰ ਮਾਰਿਆ ਤੇ ਸਿਰ ਉੱਤੇ ਰੱਖ ਲਿਆ। ਈਨੂੰ ਉੱਤੇ ਅਟੈਚੀ ਟਿਕਾ ਲਿਆ। ਉਹ ਅੱਗੜ-ਪਿੱਛੜ ਨਹਿਰ ਦੀ ਪਟੜੀ-ਪਟੜੀ ਤੁਰੇ ਜਾ ਰਹੇ ਸਨ।

ਇੱਕ ਜਿੱਤ ਪਰ ਇੱਕ ਹਾਰ ਜਿਹੀ ਦੇ ਅਹਿਸਾਸ ਨਾਲ ਮੈਂ ਬੱਸ ਵਿੱਚ ਬੈਠਾ ਉਸ ਕੁੜੀ ਬਾਰੇ ਸੋਚਦਾ ਰਿਹਾ। ਥੱਕਿਆ-ਥੱਕਿਆ ਜਿਹਾ ਬਰਨਾਲੇ ਆ ਕੇ ਘਰ ਪਹੁੰਚਿਆ। ਤਿੰਨ-ਚਾਰ ਦਿਨ ਇਹ ਗੱਲ ਮੇਰੇ ਜ਼ਿਹਨ ਵਿੱਚ ਘੁੰਮਦੀ ਰਹੀ। ਤੇ ਫੇਰ ਐਤਵਾਰ ਆ ਗਿਆ। ਦੀਵਾਰ ਵਿੱਚ ਲੱਗੇ ਸ਼ੀਸ਼ੇ ਵਿੱਚ ਮੈਂ ਆਪਣਾ ਚੇਹਰਾ ਦੇਖਿਆ, ਦਾਹੜੀ ਦੀਆਂ ਜੜ੍ਹਾਂ ਬਿਲਕੁਲ ਸਫ਼ੈਦ ਦਿਸਦੀਆਂ ਸਨ। ਐਤਵਾਰ ਨੂੰ ਹੀ ਮੈਂ ਖਿਜ਼ਾਬ ਲਾਇਆ ਕਰਦਾ ਸਾਂ। ਸਵੇਰੇ-ਸਵੇਰੇ ਚਾਹ ਪੀਂਦਾ ਤੇ ਫਿਰ ਬੁਰਸ਼ ਆਦਿ ਕਰਕੇ ਅਖ਼ਬਾਰ ਪੜ੍ਹਨ ਦਾ ਬੜਾ ਸੁਆਦ ਆਉਂਦਾ ਹੈ। ਦਫ਼ਤਰ ਜਾਣ ਦੀ ਕਾਹਲ ਨਹੀਂ ਹੁੰਦੀ ਤੇ ਸਮਾਂ ਆਪਣੇ ਪੂਰੇ ਖੰਭ ਫ਼ੈਲਾ ਕੇ ਹੌਲੀ-ਹੌਲੀ ਉੱਡਦਾ ਹੈ। ਅੰਗਾਂ ਵਿੱਚ ਭਰੀ ਮਿੱਠੀ-ਮਿੱਠੀ ਆਲਸ ਅਜੀਬ ਜਿਹਾ ਨਸ਼ਾ ਦਿੰਦੀ ਹੈ। ਉਸ ਦਿਨ ਮੈਂ ਅਖ਼ਬਾਰ ਹੀ ਪੜ੍ਹਦਾ ਰਿਹਾ। ਏਥੋਂ ਤੱਕ ਕਿ ਮੰਡੀਆਂ ਦੇ ਭਾਅ ਵੀ ਪੜ੍ਹ ਦਿੱਤੇ। ਬੀਵੀ ਨੇ ਘਰ ਦੇ ਸਾਰੇ ਕੱਪੜੇ ਧੋ ਕੇ ਤਾਰ ਉੱਤੇ ਸੁਕਣੇ ਪਾ ਦਿੱਤੇ ਸਨ। ਸਾਰੇ ਕਮਰੇ ਸੁੰਭਰ ਦਿੱਤੇ ਸਨ। ਦੁਪਹਿਰ ਦੀ ਰੋਟੀ ਵਾਸਤੇ ਸਬਜ਼ੀ ਵੀ ਕੱਟ ਲਈ ਸੀ। ਪਰ ਮੈਂ ਉਵੇਂ ਜਿਵੇਂ ਅਖ਼ਬਾਰ ਲੈ ਕੇ ਬੈਠਾ ਹੋਇਆ ਸਾਂ। ਉਹ ਕਈ ਵਾਰ ਕਹਿ ਚੁੱਕੀ ਸੀ-'ਉੱਠੋਂ ਹੁਣ ਬਾਬਾ! ਨ੍ਹਾ ਤਾਂ ਲਓ।'

ਤੇ ਫਿਰ ਉਹ ਕੜਕ ਕੇ ਬੋਲੀ-'ਉੱਠੋ ਹੁਣ! ਸੁਣਦਾ ਨ੍ਹੀ?'

ਤੇ ਨਾਲ ਦੀ ਨਾਲ ਬਾਥਰੂਮ ਵਿਚੋਂ ਲਿਆ ਕੇ ਖਿਜ਼ਾਬ ਦੀ ਸ਼ੀਸ਼ੀ ਤੇ ਬੁਰਸ਼ ਮੇਜ ਉੱਤੇ ਰੱਖ ਗਈ। ਛੋਟਾ ਸ਼ੀਸ਼ਾ ਵੀ। ਖ਼ੁਦ ਉਹ ਰਸੋਈ ਦੇ ਕੰਮ ਵਿੱਚ ਰੁੱਝ ਗਈ ਜਾਂ ਸ਼ਾਇਦ ਕਿਸੇ ਹੋਰ ਕੰਮ ਵਿੱਚ।

ਮੈਂ ਉੱਠਿਆ ਤੇ ਬਾਥਰੂਮ ਵਿੱਚ ਜਾ ਕੇ ਬਾਲਟੀ ਵਿੱਚ ਟੂਟੀ ਛੱਡ ਲਈ ਤੇ ਸਾਬਣ ਲਾ ਕੇ ਨਹਾਉਣ ਲੱਗਿਆ।

ਤੌਲੀਏ ਨਾਲ ਮੱਥਾ ਰਗੜਦਾ ਬਾਥਰੂਮ ਵਿਚੋਂ ਬਾਹਰ ਆਇਆ ਤਾਂ ਬੀਵੀ ਪੁੱਛਣ ਲੱਗੀ-'ਕੀ ਗੱਲ ਦਾਹੜੀ ਨੂੰ ਕਲਰ ਨ੍ਹੀ ਕੀਤਾ ਅੱਜ?'

'ਬੱਸ, ਹੁਣ ਨ੍ਹੀ।'

'ਕਿਉਂ?' ਉਹ ਹੈਰਾਨ ਸੀ।

ਬੱਸ ਹੁਣ ਲੋੜ ਨ੍ਹੀ। ਹੁਣ ਅੰਕਲ ਹੋ ਗਏ ਆਂ।'

ਬੀਵੀ ਹੱਸਣ ਲੱਗੀ। ਉਹਦੀ ਸਮਝ ਵਿੱਚ ਸ਼ਾਇਦ ਮੇਰੇ ਅੰਦਰਲੇ ਦਰਦ ਦੀ ਕੋਈ ਪਹਿਚਾਣ ਨਹੀਂ ਹੋਵੇਗੀ। ਚੇਹਰੇ ਦੇ ਸ਼ਿਕਨ ਤਾਂ ਸਭ ਨੂੰ ਦਿਸਦੇ ਹੋਣਗੇ, ਪਰ ਇੱਕ ਸ਼ਿਕਨ ਜੋ ਦਿਲ ਦੇ ਅਹਿਸਾਸ ਵਿੱਚ ਪੈ ਗਿਆ, ਉਹਨੂੰ ਕੋਈ ਨਹੀਂ ਜਾਣਦਾ ਸੀ। ♦

# ਮਾਂ

ਉਹ ਅੱਗ ਵਰਗੀ ਤੀਵੀਂ ਸੀ। ਨੇੜੇ ਜਾਓ ਤਾਂ ਸੇਕ ਮਾਰਦਾ, ਦੂਰੋਂ ਖਿੱਚਾਂ ਪਾਉਂਦੀ। ਇੱਕ ਵਾਰ ਤਾਂ ਹਰਨੇਕ ਨੇ ਤਹੱਈਆ ਹੀ ਕਰ ਲਿਆ ਕਿ ਉਹ ਇਸ ਅੱਗ ਨੂੰ ਆਪਣੀ ਮੁੱਠੀ ਵਿੱਚ ਘੁੱਟ ਲਵੇਗਾ, ਚਾਹੇ ਉਹਦਾ ਹੱਥ ਸੜ ਹੀ ਕਿਉਂ ਨਾ ਜਾਵੇ। ਉਹਦੇ ਨੇੜੇ ਹੋਣ ਲਈ ਉਹ ਕੱਟੇ ਵੱਛੇ ਜਿਹੇ ਬੰਨ੍ਹਣ ਲੱਗਦਾ ਤਾਂ ਮ੍ਹਿੰਦਰੋਂ ਹੱਸ ਕੇ ਆਖਦੀ, 'ਜਿਹੜੀ ਗੱਲ ਤੂੰ ਭਾਲਦੈਂ, ਖ਼ੁਸ਼ੀ ਆਸ ਰੱਖ। ਤੂੰ ਕੱਲ੍ਹ ਦਾ ਮੁੰਡਾ, ਤੇਰੀ ਸਾਰੀ ਉਮਰ ਪਈ ਐ। ਬਥੇਰੀਆਂ ਮਿਲ ਜਾਣਗੀਆਂ ਮੇਰੇ ਵਰਗੀਆਂ-ਇੱਕ ਤੋਂ ਇੱਕ ਚੜ੍ਹਦੀ। ਮੈਥੋਂ ਵੀ ਬਹੁਤੀ ਸੋਹਣੀ ਕੋਈ।

ਹਰਨੇਕ ਹਥਿਆਰ ਸੁੱਟ ਬੈਠਦਾ ਤੇ ਨਿੰਮੋਝੂਣਾ ਹੋ ਕੇ ਆਖਣ ਲੱਗਦਾ, 'ਬੱਸ ਊਈਂ ਮੈਨੂੰ ਤਾਂ ਤੇਰਾ ਮੋਹ ਜਿਹਾ ਆਉਂਦੈ। ਬੱਸ ਐਨੀ ਗੱਲ ਈ ਐ।'

'ਤੇਰੇ ਮੋਹ ਨੂੰ ਸਭ ਜਾਣਦੀ ਆਂ ਮੈਂ। ਤੇਰੀਆਂ ਅੱਖਾਂ ਦੱਸਦੀਆਂ ਨੇ। ਤੇਰੀ ਨੀਤ ਮਾੜੀ ਐ।'

'ਲੈ ਭਾਬੀ, ਤੂੰ ਤਾਂ ਗੁੱਸਾ ਮੰਨ ਜਾਨੀ ਐ।' ਹਰਨੇਕ ਜਮਾਂ ਹੀ ਭੁੰਜੇ ਲਹਿ ਜਾਂਦਾ।

ਪਰ ਉਹ ਬੇਚੈਨ ਰਹਿੰਦਾ। ਨਿੱਕੀਆਂ-ਨਿੱਕੀਆਂ ਹਰਕਤਾਂ ਕਰਨੋਂ ਹਟਦਾ ਨਹੀਂ ਸੀ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਹਰਨੇਕ ਬੀ. ਏ. ਕਰਕੇ ਘਰ ਆ ਬੈਠਾ ਤੇ ਬੇਰੋਜ਼ਗਾਰ ਸੀ। ਵਿਹਲਾ ਰਹਿੰਦਾ। ਘਰਦਿਆਂ ਨਾਲ ਐਸਾ-ਵੈਸਾ ਹੀ ਕੰਮ ਕਰਾਉਂਦਾ। ਉਹ ਤਿੰਨ ਭਾਈ ਸਨ। ਦੋ ਵੱਡੇ ਉਹਤੋਂ ਕਾਫ਼ੀ ਵੱਡੇ ਸਨ ਤੇ ਵਿਆਹੇ-ਵਰ੍ਹੇ। ਉਨ੍ਹਾਂ ਤੋਂ ਛੋਟੀਆਂ ਦੋ ਭੈਣਾਂ, ਉਹ ਵੀ ਆਪਣੇ ਘਰੀਂ ਵਸਦੀਆਂ-ਰਸਦੀਆਂ। ਹਰਨੇਕ ਸਭ ਤੋਂ ਛੋਟਾ ਹੋਣ ਕਰਕੇ ਮਾਂ ਦਾ ਲਾਡਲਾ ਸੀ। ਪਿਉ ਨਹੀਂ ਸੀ। ਭਰਜਾਈਆਂ ਉਹਨੂੰ ਕੰਮ ਨੂੰ ਆਖਦੀਆਂ ਤਾਂ ਮਾਂ ਬੁਰਾ ਮਨਾਉਂਦੀ। ਆਖਦੀ, 'ਜਦੋਂ ਇਹਨੇ ਪਹਿਲੇ ਦਿਨੋ ਕੰਮ ਨ੍ਹੀ ਕੀਤਾ, ਹੁਣ ਕਿਵੇਂ ਕਰ ਲੂ? ਨਾਲੇ ਇਹਨੇ ਕਿਹੜਾ ਖੇਤੀ ਕਰਨੀ ਐਂ। ਚੌਦਾਂ ਪਾਸ ਐ। ਨੌਕਰੀ ਕਰੂ ਕੋਈ। ਜੇ ਹਲ ਈ ਵਾਹੁਣਾ ਸੀ ਤਾਂ ਪੜ੍ਹਦਾ ਕਾਹਨੂੰ, ਕਾਹਨੂੰ ਕਿਤਾਬਾਂ ਨਾਲ ਮੱਥਾ ਮਾਰਦਾ।'

ਤੇ ਅੱਜ ਵਰ੍ਹਿਆਂ ਬਾਅਦ ਉਹ ਮ੍ਹਿੰਦਰੋ ਭਾਬੀ ਦੇ ਪਿੰਡ ਜਾ ਰਿਹਾ ਸੀ। ਮਨ ਵਿੱਚ ਤਿੱਖੀ ਉਮੰਗ ਕਿ ਉਹ ਮ੍ਹਿੰਦਰੋ ਨੂੰ ਦੇਖੇਗਾ, ਉਹਦੇ ਨਾਲ ਗੱਲਾਂ ਕਰੇਗਾ ਤਾਂ ਉਹਦੀ ਬੇਸੁਰ ਤਬੀਅਤ ਨੂੰ ਕੁਝ ਰਾਹਤ ਮਿਲੇਗੀ। ਉਹ ਹਾਲੇ ਤੱਕ ਵੀ ਉਹਦੇ ਧੁਰ ਅੰਦਰ ਕਿਤੇ

ਘਰ ਬਣਾ ਕੇ ਬੈਠੀ ਹੋਈ ਸੀ। ਤੀਵੀਂ ਹੋਵੇ ਤਾਂ ਉਹੋ ਜਿਹੀ ਹੋਵੇ। ਹਰਨੇਕ ਦੀ ਆਪਣੀ ਪਤਨੀ ਸੋਹਣੀ ਤਾਂ ਸੀ ਪਰ ਸੁਭਾਉ ਦੀ ਚੰਗੀ ਨਹੀਂ ਸੀ। ਹਰ ਵੇਲੇ ਖਿੱਝਦੀ-ਕੁੜ੍ਹਦ ਰਹਿੰਦੀ। ਦੋ ਜੁਆਕ ਜੰਮ ਕੇ ਵੀ ਹਾਲੇ ਉਹਨੂੰ ਸੁਰਤ ਨਹੀਂ ਆਈ ਸੀ ਕਿ ਘਰ-ਗ੍ਰਹਿਸਥੀ ਕੀ ਚੀਜ਼ ਹੁੰਦੀ ਹੈ। ਉਹ ਪੈਸੇ ਦੀ ਪੁੱਤ ਸੀ। ਹਰਨੇਕ ਉਹਦੇ ਹੱਥ ਵਿੱਚ ਪੈਸੇ ਆਮ ਰੱਖਦਾ ਤਾਂ ਉਹ ਕੁਝ ਵਲ ਰਹਿੰਦੀ, ਨਹੀਂ ਤਾਂ ਮੱਚੀ ਦੀ ਮੱਚੀ। ਘਰ ਦੀਆਂ ਚੀਜ਼ਾਂ-ਵਸਤਾਂ ਤੇ ਜੁਆਕਾਂ ਦੇ ਕੱਪੜਿਆਂ ਨੂੰ ਲੈ ਕੇ ਹੀ ਬੋਲਦੀ ਰਹਿੰਦੀ। ਉਹ ਸਧਾਰਨ ਵੀ ਬੋਲਦੀ ਤਾਂ ਲੱਗਦਾ ਲੜਦੀ ਝਗੜਦੀ ਹੈ। ਸ਼ਾਂਤ-ਠਰੇ ਪਾਣੀਆਂ ਵਿੱਚ ਅਚਾਨਕ ਗੰਦਾ ਰੋੜਾ ਵਗਾਹ ਮਾਰਨਾ ਉਹਦੀ ਭੈੜੀ ਆਦਤ ਸੀ। ਉਹ ਹਰਨੇਕ ਨੂੰ ਹਰ ਵੇਲੇ ਹੀ ਤਣਾਅ ਵਿੱਚ ਰੱਖਦੀ। ਕਹਿਣ ਨੂੰ ਉਹ ਬਾਰ੍ਹਾਂ ਜਮਾਤਾਂ ਪਾਸ ਪਰ ਉਹਦੇ ਵਿੱਚ ਪੜ੍ਹੀਆਂ ਲਿਖੀਆਂ ਜ਼ਨਾਨੀਆਂ ਵਾਲੀ ਕੋਈ ਗੱਲ ਨਹੀਂ ਸੀ। ਡੰਗਰਾਂ ਵਰਗੇ ਬੋਲ ਸੀ ਉਹਦੇ। ਹਰਨੇਕ ਬਹੁਤਾ ਹੀ ਖਿੱਝ ਉਠਦਾ ਤਾਂ ਉਹਦਾ ਜੀਅ ਕਰਦਾ ਕਿ ਉਹ ਇਸ ਚੰਦਰੇ ਘਰ ਨੂੰ ਛੱਡ ਕੇ ਕਿਧਰੇ ਭੱਜ ਜਾਵੇ। ਪਰ ਉਹ ਇੰਜ ਕਿਵੇਂ ਵੀ ਨਹੀਂ ਸੀ ਕਰ ਸਕਦਾ। ਉਹਦੇ ਦੋ ਜੁਆਕ ਉਹਦੇ ਪੈਰਾਂ ਵਿੱਚ ਬੇੜੀਆਂ ਸਨ। ਉਹ ਸੋਚਦਾ, ਉਹਦੀ ਘਰ ਵਾਲੀ ਤਾਂ ਹੈ ਇਹੋ ਜਿਹੀ, ਬਲੂਰਾਂ ਦਾ ਕੀ ਕਸੂਰ ਹੈ? ਉਹ ਸਮੇਂ ਤੋਂ ਪਹਿਲਾਂ ਹੀ ਦਫ਼ਤਰ ਚਲਿਆ ਜਾਂਦਾ ਤੇ ਸ਼ਾਮ ਨੂੰ ਛੁੱਟੀ ਬਾਅਦ ਘੰਟਾ-ਅੱਧਾ ਘੰਟਾ ਦੇਰ ਨਾਲ ਘਰ ਪਹੁੰਚਦਾ। ਰਾਹ ਵਿੱਚ ਕੋਈ ਮਿੱਤਰ-ਦੋਸਤ ਮਿਲ ਜਾਂਦਾ ਤਾਂ ਉਹਦੇ ਕੋਲ ਹੀ ਖੜ੍ਹਾ ਗੱਲਾਂ ਮਾਰਦਾ ਰਹਿੰਦਾ। ਉਹਨੂੰ ਘਰ ਵਾਪਸ ਜਾਣ ਦੀ ਭੋਰਾ ਵੀ ਕਾਹਲ ਨਹੀਂ ਸੀ ਹੁੰਦੀ। ਸ਼ਨਿਚਰਵਾਰ ਤੇ ਐਤਵਾਰ ਨੂੰ ਵੀ ਕੁਝ ਸਮੇਂ ਲਈ ਦਫ਼ਤਰ ਜਾਂਦਾ। ਬਹੁਤਾ ਸਮਾਂ ਘਰੋਂ ਬਾਹਰ ਰਹਿਣ ਦੀ ਕੋਸ਼ਿਸ਼ ਕਰਦਾ।

ਉਹ ਫੂਡ ਐਂਡ ਸਪਲਾਈ ਦੇ ਮਹਿਕਮੇ ਵਿੱਚ ਸੀ ਤੇ ਉਨ੍ਹਾਂ ਦਿਨਾਂ ਵਿੱਚ ਉਹ ਜਿਸ ਸ਼ਹਿਰ ਵਿੱਚ ਸੀ, ਉਥੋਂ ਮਾਸਟਰ ਕਰਮ ਸਿੰਘ ਦਾ ਪਿੰਡ ਬਹੁਤੀ ਦੂਰ ਨਹੀਂ ਸੀ। ਬੱਸਾਂ ਜਾਂਦੀਆਂ ਸਨ। ਇੱਕ ਦਿਨ ਸ਼ਹਿਰ ਵਿੱਚ ਸਾਈਕਲ ਉੱਤੇ ਜਾ ਰਿਹਾ ਮਾਸਟਰ ਕਰਮ ਸਿੰਘ ਮਿਲਿਆ ਸੀ। ਉਹਨੂੰ ਪਿੰਡ ਮੁੜਨ ਦੀ ਕਾਹਲ ਸੀ। ਬਹੁਤੀ ਗੱਲਬਾਤ ਚਾਹੇ ਨਹੀਂ ਸੀ ਹੋ ਸਕੀ ਪਰ ਉਹ ਜ਼ੋਰ ਦੇ ਰਿਹਾ ਸੀ ਕਿ ਕਿਸੇ ਦਿਨ ਪਿੰਡ ਆਵੇ ਤੇ ਰਾਤ ਰਹੇ। ਬੱਚਿਆ ਨੂੰ ਵੀ ਨਾਲ ਲਿਆਵੇ। ਉਹ ਆਰਾਮ ਨਾਲ ਬੈਠ ਕੇ ਗੱਲਾਂ ਕਰਨਗੇ। ਹਰਨੇਕ ਨੂੰ ਮਾਸਟਰ ਕਰਮ ਸਿੰਘ ਮਿਲਿਆ ਸੀ, ਤਾਂ ਸਮਝੋ ਮਿੰਦਰੋ ਭਾਬੀ ਹੀ ਮਿਲ ਪਈ। ਉਹਦੇ ਸਰੀਰ ਵਿੱਚ ਇੱਕ ਤਾਰ ਫਿਰ ਗਈ। ਮਿੰਦਰੋ ਨੂੰ ਦੇਖਣ ਲਈ ਉਹਦਾ ਚਿੱਤ ਕਾਹਲਾ ਪੈਣ ਲੱਗਿਆ। ਉਹਨੇ ਝੱਟ ਆਖ ਦਿੱਤਾ ਕਿ ਉਹ ਅਗਲੇ ਸ਼ਨਿਚਰਵਾਰ ਹੀ ਸ਼ਾਮ ਨੂੰ ਆਵੇਗਾ।

ਹਰਨੇਕ ਦੇ ਪਿੰਡ ਮਿੰਦਰੋ ਭਾਬੀ ਜਦੋਂ ਉਨ੍ਹਾਂ ਦੇ ਘਰ ਆਉਂਦੀ ਹੁੰਦੀ, ਮਾਸਟਰ ਕਰਮ ਸਿੰਘ ਉਥੋਂ ਦੇ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਸੀ। ਉਨ੍ਹਾਂ ਦੇ ਗੁਆਂਢ ਵਿੱਚ ਹੀ ਇੱਕ ਬੈਠਕ ਕਿਰਾਏ ਉੱਤੇ ਲੈ ਕੇ ਰਹਿੰਦੇ ਹੁੰਦੇ। ਉਨ੍ਹਾਂ ਦਿਨਾਂ ਵਿੱਚ ਉਨ੍ਹਾਂ ਦੇ ਬੱਚਾ ਕੋਈ ਨਹੀਂ ਸੀ। ਵਿਆਹ ਨੂੰ ਥੋੜ੍ਹੇ ਦਿਨ ਹੀ ਹੋਏ ਸਨ। ਕਰਮ ਸਿੰਘ ਜਦੋਂ ਸਕੂਲ ਚਲਿਆ ਜਾਂਦਾ ਤਾਂ ਮਿੰਦਰੋ ਕੰਮ-ਧੰਦਾ ਮੁਕਾ ਕੇ ਹਰਨੇਕ ਦੀ ਮਾਂ ਕੋਲ ਆ ਬੈਠਦੀ।

ਮਾਲਕ-ਮਕਾਨ ਬੁੜ੍ਹੀ ਇਕੱਲੀ ਸੀ, ਸੁਭਾਅ ਦੀ ਚੰਗੀ ਨਹੀਂ ਸੀ। ਮੱਚੜ ਸੀ। ਸਿਰ ਦਾ ਸਾਈਂ ਮਰ ਚੁੱਕਿਆ ਸੀ। ਔਲਾਦ ਕੋਈ ਨਹੀਂ ਸੀ। ਖਰਚ ਵਲੋਂ ਸਿਰੇ ਦੀ ਕੰਜੂਸ। ਕਦੇ-ਕਦੇ ਦਾਲ ਭਾਜੀ ਵੀ ਮਾਸਟਰ ਦੇ ਚੁੱਲ੍ਹੇ ਤੋਂ ਲੈਂਦੀ। ਮ੍ਹਿੰਦਰੋ ਉਹਦੇ ਨਾਲ ਗੱਲ ਕਰਕੇ ਰਾਜ਼ੀ ਨਹੀਂ ਸੀ। ਕਦੇ-ਕਦੇ ਅਜਿਹਾ ਵੀ ਹੁੰਦਾ ਕਿ ਮਾਸਟਰ ਕਰਮ ਸਿੰਘ ਨੂੰ ਬਾਹਰ ਕਿਧਰੇ ਰਾਤ ਕੱਟਣੀ ਪੈ ਜਾਂਦੀ। ਉਸ ਰਾਤ ਆਨੀ-ਬਹਾਨੀ ਹਰਨੇਕ ਮ੍ਹਿੰਦਰੋ ਨਾਲ ਬਹੁਤ ਗੱਲਾਂ ਮਾਰਦਾ। ਮਾਂ ਸੌਂ ਜਾਂਦੀ ਤਾਂ ਉਹ ਦੋਵੇਂ ਹੀ ਗਈ ਰਾਤ ਤੱਕ ਗੱਲਾਂ ਮਾਰਦੇ ਰਹਿੰਦੇ। ਗੱਲਾਂ ਦਾ ਕੋਈ ਸਿਰ ਪੈਰ ਘੱਟ ਹੀ ਹੁੰਦਾ। ਪਰ ਅਜਿਹੀਆਂ ਗੱਲਾਂ ਕਰਕੇ ਹਰਨੇਕ ਦੀ ਰਾਤ ਤੇਜ਼ ਘੋੜੇ ਵਾਂਗ ਦੌੜਦੀ ਲੰਘ ਜਾਂਦੀ। ਉਸ ਰਾਤ ਦੀ ਬੇਚੈਨੀ ਵੀ ਹਰਨੇਕ ਦੀ ਪ੍ਰਾਪਤੀ ਬਣ ਜਾਂਦੀ ਸੀ।

ਅੱਜ ਕੱਲ੍ਹ ਕਰਮ ਸਿੰਘ ਆਪਣੇ ਪਿੰਡ ਦੇ ਹੀ ਸਕੂਲ ਵਿੱਚ ਸੀ। ਤਿੰਨ ਬੱਚੇ ਸਨ-ਵੱਡੇ-ਵੱਡੇ। ਦੋ ਮੁੰਡੇ ਤੇ ਇੱਕ ਕੁੜੀ। ਸਕੂਲਾਂ-ਕਾਲਜਾਂ ਵਿੱਚ ਪੜ੍ਹਦੇ। ਕਰਮ ਸਿੰਘ ਆਪਣੇ ਭਰਾਵਾਂ ਨਾਲੋਂ ਅੱਡ-ਵਿੱਢ ਸੀ।

ਉਹਨਾਂ ਦਸਹਿਰੀ ਅੰਬਾਂ ਦਾ ਲਿਫ਼ਾਫ਼ਾ ਲਿਆ ਤੇ ਦਿਨ ਖੜ੍ਹੇ ਹੀ ਉਨ੍ਹਾਂ ਦੇ ਪਿੰਡ ਪਹੁੰਚ ਗਿਆ। ਪਿੰਡ ਬਹੁਤ ਵੱਡਾ ਨਹੀਂ ਸੀ। ਘਰ ਆਸਾਨੀ ਨਾਲ ਹੀ ਲੱਭ ਗਿਆ। ਉਹਨੂੰ ਇਕੱਲਾ ਆਇਆ ਦੇਖ ਕੇ ਕਰਮ ਸਿੰਘ ਹੈਰਾਨ ਹੋਇਆ। ਪੁੱਛਿਆ, 'ਜੁਆਕ-ਜੱਲਾ ਬਈ?'

'ਉਹ ਨ੍ਹੀ ਆਏ। ਮੈਂ ਈ ਆ ਗਿਆ ਫੇਰ।'

'ਕਿਉਂ?'

'ਸਾਡੀ ਕੁੜੀ ਨੂੰ ਤਾਪ ਚੜ੍ਹਦੈ। ਰੀਂ-ਰੀਂ ਕਰੀਂ ਜਾਂਦੀ ਸੀ। ਮਖਿਆ-ਕਿੱਥੇ ਚੱਕਾਂਗੇ ਉਹਨੂੰ। ਮੈਂ ਵੀ ਏਸ ਕਰਕੇ ਆ ਗਿਆ, ਬਈ ਉਡੀਕਦਾ ਹੋਊਗਾ ਕਰਮ ਸੂੰ। ਆਖਿਆ ਵਿਐ।

ਹਰਨੇਕ ਨੇ ਇਹ ਸਾਰੀ ਗੱਲ ਬਣਾ ਕੇ ਆਖੀ। ਅਸਲ ਵਿੱਚ ਉਹ ਆਪਣੇ ਘਰ ਵਾਲੀ ਨੂੰ ਜਾਣ ਕੇ ਨਾਲ ਨਹੀਂ ਲਿਆਇਆ ਸੀ। ਉਹ ਤਾਂ ਸਗੋਂ ਉਹਦੇ ਕੋਲੋਂ ਦੂਰ ਭੱਜ ਕੇ ਆਇਆ ਸੀ। ਸੌਖਾ ਸਾਹ ਲੈਣ ਲਈ।

ਕੋਲ ਆ ਕੇ ਖੜ੍ਹੀ ਮ੍ਹਿੰਦਰੋ ਨੂੰ ਹਰਨੇਕ ਨੇ ਸਤਿ ਸ੍ਰੀ ਅਕਾਲ ਬੁਲਾਈ ਤੇ ਉਹਨੂੰ ਸੰਵਾਰ-ਸੰਵਾਰ ਦੇਖਿਆ-ਪੈਰਾਂ ਤੋਂ ਲੈ ਕੇ ਸਿਰ ਤੱਕ। ਉਹ ਤਾਂ ਉਹੋ ਜਿਹੀ ਪਈ ਸੀ, ਉਹੀ ਰੰਗ, ਉਹੀ ਜੁੱਸਾ ਤੇ ਉਹੀ ਆਵਾਜ਼। ਵੀਹ-ਬਾਈ ਸਾਲ ਬਾਅਦ ਵੀ ਉਹਦਾ ਕੁਝ ਨਹੀਂ ਸੀ ਬਦਲਿਆ। ਮ੍ਹਿੰਦਰੋ ਨੇ ਸਭ ਦੀ ਸੁੱਖ-ਸਾਂਦ ਪੁੱਛੀ। ਮਾਂ ਦੀ ਸਿਹਤ ਬਾਰੇ ਪੂਰਾ ਜਾਣਨਾ ਚਾਹਿਆ। ਵਾਰ-ਵਾਰ ਕਹਿ ਰਹੀ ਸੀ, 'ਮੇਰਾ ਤਾਂ ਬਲਾਈ ਜੀਅ ਕਰਦੈ, ਬੇਬੇ ਨੂੰ ਮਿਲਣ ਨੂੰ।' ਫੇਰ ਪੁੱਛਿਆ, 'ਤੇਰੇ ਕੀ ਨਿੱਕੇ-ਨਿਆਣੇ ਨੇ?' ਇਹ ਵੀ ਕਿ ਉਹਦੀ ਬਹੂ ਚੰਗੀ ਹੈ? ਸੋਹਣੀ ਹੈ? ਸਿਆਣੀ ਹੈ? ਕਿੰਨ੍ਹਾਂ ਪੜ੍ਹੀ ਲਿਖੀ ਹੈ? ਉਹ ਇੱਕ-ਇੱਕ ਗੱਲ ਦਾ ਸੰਖੇਪ ਜਵਾਬ ਦਿੰਦਾ ਜਾਂਦਾ।

ਗਰਮੀ ਦਾ ਮਹੀਨਾ ਸੀ। ਲੋਆ ਵਗਦੀਆਂ। ਬੱਦਲਾਂ ਦਾ ਕਿਧਰੇ ਨਾਂ-ਨਿਸ਼ਾਨ ਨਹੀਂ ਸੀ। ਮ੍ਹਿੰਦਰੋ ਨੇ ਸ਼ਕੰਜਵੀ ਬਣਾ ਲਈ। ਕਰਮ ਸਿੰਘ ਤੇ ਆਪਣੇ ਲਈ ਖੰਡ ਵਾਲੀ

ਤੇ ਹਰਨੇਕ ਲਈ ਲੂਣ ਵਾਲੀ। ਐਨੇ ਵਰ੍ਹਿਆਂ ਬਾਅਦ ਵੀ ਮ੍ਹਿੰਦਰੋ ਨੂੰ ਯਾਦ ਸੀ ਕਿ ਉਹ ਮਿੱਠੇ ਵਾਲੀ ਸ਼ਕੰਜਵੀ ਨਹੀਂ ਪੀਂਦਾ। ਉਨ੍ਹਾਂ ਦੇ ਪਿੰਡ ਜਦੋਂ ਮਾਂ ਸ਼ਕੰਜਵੀ ਬਣਾਉਂਦੀ, ਜੇ ਮਿੱਠੇ ਵਾਲੀ ਹੁੰਦੀ ਤਾਂ ਹਰਨੇਕ ਘੁੱਟ ਭਰ ਕੇ ਛੱਡ ਦਿੰਦਾ। ਜੂਠੀ ਸ਼ਕੰਜਵੀ ਬਣਾਉਂਦੀ, ਜੇ ਮਿੱਠੇ ਵਾਲੀ ਹੁੰਦੀ ਤਾਂ ਹਰਨੇਕ ਘੁੱਟ ਭਰ ਕੇ ਛੱਡ ਦਿੰਦਾ। ਜੂਠੀ ਸ਼ਕੰਜਵੀ ਮਾਂ ਨੂੰ ਪੀਣੀ ਪੈਂਦੀ। ਉਹ ਮਾਂ ਨਾਲ ਲੜਦਾ ਕਿ ਉਹਨੂੰ ਲੂਣ ਵਾਲੀ ਕਿਉਂ ਨਹੀਂ ਬਣਾ ਕੇ ਦਿੱਤੀ?

ਸ਼ਕੰਜਵੀ ਪੀ ਕੇ ਉਹ ਬੈਠਕ ਵਿੱਚ ਪੱਖੇ ਥੱਲੇ ਬੈਠ ਗਏ। ਕਰਮ ਸਿੰਘ ਕਹਿੰਦਾ, 'ਗਰਮੀ ਬਹੁਤ ਐ। ਪਹਿਲਾਂ ਨ੍ਹਾ ਲੈ, ਹਰਨੇਕ। ਮੈਂ ਵੀ ਨ੍ਹਾ ਲੂੰ ਪਿਛੋਂ। ਫੇਰ ਬਹਿਨੇ ਆਂ।'

ਪੈਂਟ ਬੁਸ਼ਰਟ ਉਤਾਰ ਕੇ ਹਰਨੇਕ ਨੇ ਕੁੜਤਾ ਪਜਾਮਾ ਪਾ ਲਿਆ ਤੇ ਗੁਸਲਖਾਨਾ ਪੁੱਛਿਆ। ਨ੍ਹਾ ਕੇ ਜਿਵੇਂ ਸੁਰਤ ਆ ਗਈ ਹੋਵੇ। ਕੁੜਤਾ ਪਜਾਮਾ ਪਾ ਕੇ ਬੈਠਾ ਹਰਨੇਕ ਹੌਲਾ-ਫੁੱਲ ਮਹਿਸੂਸ ਕਰ ਰਿਹਾ ਸੀ। ਐਨੇ ਨੂੰ ਉਨ੍ਹਾਂ ਦੇ ਤਿੰਨੇ ਜੁਆਕ ਬਾਹਰੋ ਕਿਧਰੋਂ ਆਏ ਤੇ ਵਾਰੀ-ਵਾਰੀ ਉਹਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਚਲੇ ਗਏ। ਕਰਮ ਸਿੰਘ ਵੀ ਨ੍ਹਾ ਕੇ ਉਹਦੇ ਕੋਲ ਆ ਬੈਠਾ। ਹਰਨੇਕ ਨੇ ਦੇਖਿਆ, ਬੈਠਕ ਦੇ ਹੈਂਗਰ ਉੱਤੇ ਉਹਦੀ ਪੈਂਟ-ਬੁਸ਼ਰਟ ਨਹੀਂ ਸੀ। ਮੇਜ ਉੱਤੇ ਉਹਦਾ ਬਟੂਆ, ਪੈਨ ਤੇ ਰੁਮਾਲ ਰੱਖੇ ਪਏ ਸਨ। ਉਹ ਪਹਿਲਾਂ ਆਪਣੀਆਂ ਚੀਜ਼ਾਂ ਵੱਲ ਝਾਕਦਾ ਰਿਹਾ ਤੇ ਫੇਰ ਕਰਮ ਸਿੰਘ ਵੱਲ ਦੇਖਿਆ। ਕਰਮ ਸਿੰਘ ਬੋਲਿਆ, 'ਇਹ ਤਾਂ ਤੇਰੀ ਭਾਬੀ ਲੈ ਗੀ, ਮੇਰੀ ਸਮਝ 'ਚ। ਧੋ ਦੂ ਗੀ। ਤੜਕੇ ਜਾਣ ਵੇਲੇ ਨੂੰ ਸੁੱਕ ਜਾਣਗੇ। ਗਰਮੀ ਤਾਂ ਮੇਰੇ ਸਾਲੇ ਦੀ, ਬੱਸ ਪੁੱਛ ਨਾ। ਘੰਟੇ 'ਚ ਕੱਪੜਾ ਮੈਲ਼ਾ ਹੋ ਜਾਂਦੈ, ਮੁੜ੍ਹਕੇ ਨਾਲ।'

ਪਿੰਡ ਜਦੋਂ ਉਹ ਹੁੰਦਾ ਤਾਂ ਉਹਦਾ ਹਾਲੇ ਵਿਆਹ ਨਹੀਂ ਹੋਇਆ ਸੀ ਤਾਂ ਗਰਮੀ ਦੇ ਦਿਨਾਂ ਵਿੱਚ ਉਹ ਮਾਂ ਨੂੰ ਆਖਦਾ ਕਿ ਉਹ ਉਹਦਾ ਸ਼ਰਟ ਸਰਫ ਦੇ ਪਾਣੀ ਵਿੱਚ ਝੰਜੋਲ ਕੇ ਪਾ ਦੇਵੇ, ਤੜਕੇ ਨੂੰ ਸੁੱਕ ਜਾਵੇਗਾ। ਮਾਂ ਜਵਾਬ ਦਿੰਦੀ, 'ਤੜਕੇ ਕੀ ਦਿਨ ਨਹੀਂ ਚੜੂਗਾ। ਤੜਕੇ ਧੋ ਦੂੰ ਗੀ। ਜਾਂ ਸਦੇਹਾਂ ਘਰ ਵੜਦਾ।'

ਕਰਮ ਸਿੰਘ ਘਰ ਦੀ ਕੱਢੀ ਦਾ ਅਧੀਆ ਲੈ ਆਇਆ। ਬਰਫ ਤੇ ਸਲੂਣਾ ਵੀ। ਉਹ ਕੋਠੇ ਦੀ ਛੱਤ ਉੱਤੇ ਬੈਠ ਗਏ ਤੇ ਪੀਣ ਲੱਗੇ। ਕਰਮ ਸਿੰਘ ਥੋੜ੍ਹੀ ਪੀਂਦਾ ਸੀ। ਹਰਨੇਕ ਨੂੰ ਵੀ ਕੋਈ ਖ਼ਾਸ ਸ਼ੌਕ ਨਹੀਂ ਸੀ ਪੀਣ ਦਾ। ਦੋਵੇਂ ਹੀ ਚੁਸਕੀਆਂ ਭਰਦੇ ਤੇ ਹਰਨੇਕ ਦੇ ਪਿੰਡ ਦੀਆਂ ਗੱਲਾਂ ਕਰਨ ਲੱਗਦੇ। ਕਰਮ ਸਿੰਘ ਨੇ ਇਕੱਲੇ-ਇਕੱਲੇ ਜਾਣਕਾਰ ਘਰ ਦਾ ਹਾਲ-ਚਾਲ ਪੁੱਛਿਆ। ਜਿਵੇਂ ਉਹ ਉਹਦਾ ਆਪਣਾ ਪਿੰਡ ਹੋਵੇ। ਦੋ ਸਾਲਾਂ ਵਿੱਚ ਹੀ ਉਹਨੇ ਉਥੇ ਖਾਸੀ ਜਾਣਕਾਰੀ ਬਣਾ ਲਈ ਸੀ। ਪ੍ਰਾਈਮਰੀ ਜਮਾਤਾਂ ਵਿੱਚ ਉਹਦੇ ਪੜ੍ਹਾਏ ਮੁੰਡੇ ਹੁਣ ਚੰਗੇ-ਚੰਗੇ ਕੰਮਾਂ ਉੱਤੇ ਸਨ ਤੇ ਆਪਣੀ ਸੋਹਣੀ ਗੁਜ਼ਰ ਬਸਰ ਕਰ ਰਹੇ ਸਨ। ਦੋਵਾਂ ਨੂੰ ਵਾਹਵਾ ਸਰੂਰ ਆ ਗਿਆ ਤਾਂ ਚੁੰਨੀ ਦੇ ਪੱਲੇ ਨਾਲ ਮੂੰਹ ਪੂੰਝਦੀ ਮ੍ਹਿੰਦਰੋ ਕੋਠੇ ਉੱਤੇ ਉਨ੍ਹਾਂ ਕੋਲ ਆ ਬੈਠੀ। ਉਹ ਰੋਟੀ ਪਕਾ ਕੇ ਆਈ ਸੀ ਤੇ ਗਰਮੀ ਮੰਨ ਰਹੀ ਸੀ। ਦੋ ਮੰਜੇ ਸਨ, ਉਹ ਹਰਨੇਕ ਵਾਲੇ ਮੰਜੇ ਉੱਤੇ ਪਾਸਾ ਜਿਹਾ ਮਾਰ ਕੇ ਬੈਠ ਗਈ। ਹੱਸਣ ਲੱਗੀ, 'ਹਰਨੇਕ ਉਦੋਂ ਤਾਂ ਤੂੰ ਪੀਂਦਾ ਨ੍ਹੀ ਸੀ ਹੁੰਦਾ, ਹੁਣ ਕਦੋਂ ਤੋਂ ਸ਼ੁਰੂ ਕਰ 'ਤੀ?'

'ਬੱਸ ਭਾਬੀ, ਊਈਂ। ਕਿਹੜੀ ਪੀਨਾ ਮੈਂ। ਇਹ ਤਾਂ ਬਾਈ ਜੀ ਨਾਲ ਗੱਲਾਂ ਮਾਰਨ ਦਾ ਬਹਾਨਾ ਐ।'

ਕਰਮ ਸਿੰਘ ਵੀ ਹੱਸ ਰਿਹਾ ਸੀ-ਹੋ ਹੋ ਕਰਕੇ। ਕਹਿ ਰਿਹਾ ਸੀ, 'ਘਿਓ ਮੱਲਾਂ ਨੂੰ, ਦਾਰੂ ਗੱਲਾਂ ਨੂੰ।'

ਮਿੰਦਰੋ ਮਾਂ ਦੀਆਂ ਗੱਲਾਂ ਕਰਨ ਲੱਗੀ। ਵਿੱਚ-ਵਿੱਚ ਦੀ ਕਰਮ ਸਿੰਘ ਵੀ ਮਾਂ ਦੀ ਕੋਈ ਗੱਲ ਕਰਦਾ। ਹਰਨੇਕ ਹੁੰਗਾਰਾ ਭਰਦਾ ਤੇ ਆਪ ਵੀ ਮਾਂ ਦੀ ਗੱਲ ਸੁਨਾਉਣ ਲੱਗਦਾ। ਤਿੰਨਾ ਦੀ ਵਾਰਤਾਲਾਪ ਮਾਂ ਸਬੰਧੀ ਚਲਦੀ ਰਹੀ ਸੀ। ਹਰਨੇਕ ਦਾ ਧਿਆਨ ਮਿੰਦਰੋ ਵੱਲੋਂ ਹਟ ਕੇ ਮਾਂ ਵੱਲ ਚਲਿਆ ਗਿਆ। ਮਿੰਦਰੋ ਮਾਂ ਦੀ ਤਾਰੀਫ਼ ਕਰ ਰਹੀ ਸੀ। ਹਰਨੇਕ ਨੂੰ ਲੱਗਦਾ, ਮਾਂ ਵਾਕਿਆ ਹੀ ਮਹਾਨ ਹੈ। ਇਸ ਪਰਿਵਾਰ ਉਤੇ ਮਾਂ ਦਾ ਡੂੰਘਾ ਪ੍ਰਭਾਵ ਹੈ।

ਰੋਟੀ ਖਾਣ ਲਈ ਉਹ ਥੱਲੇ ਵਿਹੜੇ ਵਿੱਚ ਆਏ। ਟਿੰਡੋ ਦੀ ਸਬਜ਼ੀ ਮਿੰਦਰੋ ਨੇ ਬੜੀ ਪ੍ਰੀਤ ਲਾ ਕੇ ਬਣਾਈ ਸੀ। ਕੂੰਡੇ ਵਿੱਚ ਰਗੜਿਆ ਮਸਾਲਾ ਦੇਸੀ ਘਿਉ ਵਿੱਚ ਭੁੰਨਿਆ ਸੀ। ਟਿੰਡੋ ਦੀ ਸੁੱਕੀ ਸਬਜ਼ੀ ਵਧੀਆ ਤੋਂ ਵਧੀਆ ਮੀਟ ਨੂੰ ਪਿੱਛੇ ਸੁੱਟ ਰਹੀ ਸੀ। ਕੌਲੀਆਂ ਵਿੱਚ ਦੇਸੀ ਘਿਓ ਉਤੋਂ ਦੀ ਤੈਰ ਰਿਹਾ ਸੀ। ਟਿੰਡੋ ਦੀ ਇਸ ਪ੍ਰਕਾਰ ਬਣੀ ਸਬਜ਼ੀ ਹਰਨੇਕ ਨੂੰ ਬਹੁਤ ਪਸੰਦ ਸੀ। ਜਾਂ ਬੱਸ ਮਾਂ ਬਣਾਉਂਦੀ ਹੁੰਦੀ ਇਹ ਸਬਜ਼ੀ ਬਿਲਕੁਲ ਏਸੇ ਤਰ੍ਹਾਂ ਦੀ। ਉਹ ਰੋਟੀ ਖਾ ਚੁੱਕੇ ਤਾਂ ਮਿੰਦਰੋ ਨੇ ਸ਼ੱਕਰ ਵਿੱਚ ਦੇਸੀ ਘਿਓ ਪਾ ਕੇ ਵਾਟੀਆਂ ਉਨ੍ਹਾਂ ਦੀਆਂ ਥਾਲੀਆਂ ਵਿੱਚ ਰੱਖ ਦਿੱਤੀਆਂ। ਇੱਕ-ਇੱਕ ਰੋਟੀ ਹੋਰ ਖਾਧੀ ਉਨ੍ਹਾਂ ਨੇ। ਇੰਜ ਸਾਰੀ ਰੋਟੀ ਖਾਣ ਬਾਅਦ ਸ਼ੱਕਰ-ਘਿਓ ਨਾਲ ਇੱਕ ਰੋਟੀ ਹੋਰ ਖਾਣ ਦੀ ਹਰਨੇਕ ਦੀ ਪੱਕੀ ਆਦਤ ਸੀ। ਉਹ ਹੈਰਾਨ ਹੋ ਰਿਹਾ ਸੀ ਤੇ ਖ਼ੁਸ਼ ਵੀ ਕਿ ਮਿੰਦਰੋ ਨੇ ਉਹਦੀ ਇਹ ਆਦਤ ਹੁਣ ਤੱਕ ਵੀ ਆਪਣੇ ਚੇਤੇ ਵਿੱਚ ਸਾਂਭੀ ਹੋਈ ਹੈ। ਜਦੋਂ ਉਹ ਉਥੇ ਹੁੰਦੀ ਸੀ, ਹਰਨੇਕ ਹਿੰਡ ਕਰਕੇ ਮਾਂ ਤੋਂ ਸ਼ੱਕਰ ਘਿਓ ਲੈਂਦਾ ਤੇ ਇੱਕ ਰੋਟੀ ਖਾਂਦਾ।

ਮੰਜੇ ਉਤੇ ਪਿਆ ਉਹ ਬੇਚੈਨ ਸੀ। ਪਾਸੇ ਮਾਰਦਾ, ਕਦੇ ਓਸ ਬਾਹੀ ਨਾਲ ਤੇ ਕਦੇ ਓਸ ਬਾਹੀ ਨਾਲ। ਕਦੇ ਮੂਧਾ ਪੈਂਦਾ, ਕਦੇ ਸਿੱਧਾ। ਦੋ ਵਾਰ ਉੱਠ ਕੇ ਬੈਠ ਗਿਆ, ਭੰਵੱਤਰੀਆਂ ਨਿਗਾਹਾਂ ਨਾਲ ਖ਼ਿਲਾਅ ਵਿੱਚ ਝਾਕਦਾ। ਪਿੰਡ ਜਦੋਂ ਹੁੰਦਾ ਸੀ ਤਾਂ ਇੰਜ ਕਰਦੇ ਨੂੰ ਦੇਖ ਕੇ ਮਾਂ ਉਹਦੇ ਸਿਰ ਦੇ ਵਾਲਾਂ ਵਿੱਚ ਹੱਥ ਫੇਰਨ ਲੱਗ ਪੈਂਦੀ ਤੇ ਉਹਨੂੰ ਨੀਂਦ ਆ ਜਾਂਦੀ। ਕੁਝ ਦੇਰ ਹੀ ਉਹਨੂੰ ਇਹ ਬੇਚੈਨੀ ਰਹੀ ਤੇ ਫੇਰ ਗਹਿਰੀ ਨੀਂਦ ਆ ਗਈ। ਉਹਨੂੰ ਸੁੱਤੇ ਪਏ ਨੂੰ ਆਭਾਸ ਹੁੰਦਾ ਰਿਹਾ ਜਿਵੇਂ ਕੋਈ ਮਾਂ ਜਿਹੇ ਹੱਥਾਂ ਵਾਲੀ ਔਰਤ ਸਿਰ ਦੇ ਵਾਲਾਂ ਵਿੱਚ ਕੰਘੀ ਕਰਦੀ ਰਹੀ ਹੋਵੇ।

ਸਵੇਰੇ ਮੱਖਣ ਨਾਲ ਪਰੌਂਠੇ ਖਾ ਕੇ ਮਗਰੋਂ ਖੱਟੀ ਲੱਸੀ ਦਾ ਗਿਲਾਸ ਪੀ ਕੇ ਉਹ ਤੁਰਨ ਲੱਗਿਆ ਤਾਂ ਮਿੰਦਰੋ ਨੇ ਪਿਆਜ ਛਿੱਲ ਕੇ ਦੋ ਫਾਕੜਾਂ ਕਾਗਜ਼ 'ਚ ਵਲ੍ਹੇਟੀਆਂ ਤੇ ਹਰਨੇਕ ਨੂੰ ਫੜਾ ਕੇ ਕਹਿੰਦੀ, 'ਜੇਬ੍ਹ 'ਚ ਪਾ ਲੈ।'

ਉਸ ਦਿਨ ਸੂਰਜ ਨਿਕਲਦੇ ਹੀ ਹਵਾ ਤਪਣ ਲੱਗੀ ਸੀ। ਦੁਪਹਿਰ ਤੱਕ ਤਾਂ ਭੱਠੀਆਂ ਦੇ ਮੂੰਹ ਖੁੱਲ੍ਹ ਜਾਣ ਸਨ।

ਇਹ ਮਾਂ ਦਾ ਪੱਕਾ ਨੁਸਖਾ ਸੀ, ਅਖੇ 'ਜੇਬ੍ਹ ਵਿੱਚ ਗੰਢੇ ਦੀਆਂ ਫਾਕੜਾਂ ਰੱਖਣ ਨਾਲ ਗਰਮੀ ਨਹੀਂ ਲੱਗਦੀ।'

ਹਰਨੇਕ ਨੂੰ ਮਿੰਦਰੋ ਦਾ ਚਿਹਰਾ ਬਦਲ ਗਿਆ ਲੱਗਿਆ। ਇਹ ਕੱਲ੍ਹ ਵਾਲਾ ਚਿਹਰਾ ਬਿਲਕੁਲ ਨਹੀਂ ਸੀ। ਉਹਦੇ ਵਿੱਚ ਸਾਰੀਆਂ ਆਦਤਾਂ ਉਹਦੀ ਮਾਂ ਵਾਲੀਆਂ ਸਨ। ਘਰੋਂ ਜਾਣ ਵੇਲੇ ਉਹਦੀ ਨਿਗ੍ਹਾ ਉਹਦੇ ਚਿਹਰੇ ਵੱਲ ਨਹੀਂ ਉੱਠੀ, ਉਹਦੇ ਪੈਰਾਂ ਉੱਤੇ ਝੁਕੀ ਰਹੀ। ♦

# ਕੱਲਾ-ਕਹਿਰਾ ਆਦਮੀ

ਸਵੇਰ ਦੀ ਚਾਹ ਪੀ ਕੇ ਉਹ ਅਜੇ ਬਿਸਤਰੇ ਵਿੱਚ ਹੀ ਪਿਆ ਸੀ। ਉਹਦੀ ਪਤਨੀ ਬਾਹਰੋਂ ਗਲੀ ਵਿਚੋਂ ਆਈ ਤੇ ਦੱਸਿਆ ਕਿ ਗੁਆਂਢੀਆਂ ਦਾ ਕੁੱਤਾ ਮਰ ਗਿਆ ਹੈ। ਜਮਾਦਾਰਨੀ ਦੱਸਦੀ ਹੈ, ਕੁੱਤੇ ਨੂੰ ਸੱਪ ਨੇ ਡੰਗ ਮਾਰਿਆ ਸੀ।

ਸ਼ਕੁੰਤਲਾ ਦਾ ਇੱਕ ਹੱਥ ਆਪਣੀ ਵੱਖੀ ਉੱਤੇ ਹੈ ਤੇ ਉਹਦਾ ਸਾਹ ਨਾਲ ਸਾਹ ਨਹੀਂ ਰਲਦਾ। ਉਹ ਖ਼ੁਸ਼ ਹੈ ਕਿ ਗੁਆਂਢੀਆਂ ਦਾ ਕੁੱਤਾ ਮਰ ਗਿਆ। ਉਹਦੇ ਚਿਹਰੇ ਉੱਤੇ ਪੀੜ੍ਹ ਦੇ ਚਿੰਨ੍ਹ ਹਨ, ਅੱਖਾਂ ਡੁੱਬ ਰਹੀਆਂ ਹਨ। ਗਲੀ ਵਿਚੋਂ ਕਾਹਲ ਨਾਲ ਆਉਣ ਕਰਕੇ ਢਿੱਡ ਦੀ ਰਸੌਲੀ ਹਿੱਲ ਗਈ ਹੈ ਤੇ ਤਿੱਖਾ ਦਰਦ ਹੈ।

ਜੋਗਿੰਦਰਪਾਲ ਬੇਹੱਦ ਪ੍ਰਸੰਨ ਹੈ ਤੇ ਮੰਜੇ ਉੱਤੇ ਬੈਠੇ ਦਾ ਬੈਠਾ ਰਹਿ ਗਿਆ ਹੈ। ਉਹਦੇ ਮੂੰਹੋਂ ਬੋਲ ਨਹੀਂ ਸਰਿਆ। ਅੱਖਾਂ ਵਿੱਚ ਪੂਰੀ ਚਮਕ ਹੈ। ਜਿਵੇਂ ਕੋਈ ਵੱਡਾ ਚਮਤਕਾਰ ਹੋ ਗਿਆ ਹੋਵੇ। ਜਿਵੇਂ ਇਹ ਤਾਂ ਬੱਸ ਕਮਾਲ ਹੀ ਹੋ ਗਿਆ। ਜੋਗਿੰਦਰਪਾਲ ਨੇ ਸਾਰੀ ਉਮਰ ਸਕੂਲਾਂ ਵਿੱਚ ਕਲਰਕੀ ਕੀਤੀ। ਪੁੱਜ ਕੇ ਸ਼ਰੀਫ ਆਦਮੀ ਹੈ। ਸਕੂਲ ਦੇ ਕਲਰਕ ਨੂੰ ਰਿਸ਼ਵਤ ਵੀ ਕਿੱਥੋ? ਤਨਖ਼ਾਹ ਸਹਾਰੇ ਹੀ ਨੌਕਰੀ ਪੂਰੀ ਕਰ ਲਈ। ਇੱਕ ਬੱਸ ਮੁੰਡਾ ਪੜ੍ਹਾ ਲਿਆ, ਜੋ ਹੁਣ ਸਕੂਲ-ਮਾਸਟਰ ਹੈ। ਵਿਆਹ ਲਿਆ ਸੀ। ਹੁਣ ਦੂਰ ਕਿਸੇ ਪਿੰਡ ਦੇ ਹਾਈ ਸਕੂਲ ਵਿੱਚ ਹੈ। ਦੋ ਕੁੜੀਆਂ ਸਨ, ਦਸਵੀਂ-ਦਸਵੀਂ ਪੜ੍ਹਾ ਕੇ ਵਿਆਹ ਦਿੱਤੀਆਂ। ਹੁਣ ਆਪਣੇ ਘਰੀਂ ਵਸਦੀਆਂ-ਰਸਦੀਆਂ ਹਨ।

ਜੋਗਿੰਦਰਪਾਲ ਬਹੁਤ ਵਰ੍ਹੇ ਆਪਣੇ ਪਿੰਡ ਰਿਹਾ। ਰਿਟਾਇਰ ਹੋਣ ਤੋਂ ਦਸ ਕੁ ਸਾਲ ਪਹਿਲਾਂ ਏਧਰੋਂ-ਓਧਰੋਂ ਕੁਝ ਪੈਸਾ ਇਕੱਠਾ ਕੀਤਾ ਤੇ ਸ਼ਹਿਰ ਵਿੱਚ ਪਲਾਟ ਲੈ ਲਿਆ। ਫੇਰ ਸਰਕਾਰੀ ਕਰਜ਼ਾ ਲੈ ਕੇ ਮਕਾਨ ਬਣਾ ਲਿਆ। ਛੋਟਾ ਹੀ ਮਕਾਨ ਹੈ-ਬੱਸ ਦੋ ਕਮਰੇ। ਕਮਰਿਆਂ ਸਾਹਮਣੇ ਵਰਾਂਢਾ। ਇੱਕ ਪਾਸੇ ਰਸੋਈ-ਗੁਸਲਖਾਨੇ ਤੇ ਇੱਕ ਗੇਟ ਪਾਸੇ ਵਿਹੜਾ। ਗਲੀ ਵਿੱਚ ਖੁੱਲ੍ਹਦਾ ਉੱਚੀ ਦੇਹਲੀ ਵਾਲਾ ਛੋਟੇ ਆਕਾਰ ਦਾ ਲੋਹੇ ਦਾ ਗੇਟ।

ਮਕਾਨ ਚਾਹੇ ਛੋਟਾ ਹੈ, ਪਰ ਫ਼ਰਸ਼ ਪੱਕੇ-ਪੱਥਰ ਦੀਆਂ ਟੁਕੜੀਆਂ ਵਾਲੇ। ਵਿਹੜੇ ਵਿੱਚ ਵੀ ਚਿੱਟੇ-ਕਾਲ਼ੇ ਪੱਥਰ ਦੀਆਂ ਚੌਰਸ ਟੁਕੜੀਆਂ ਹਨ। ਕਮਰਿਆਂ ਦੀਆਂ ਕੰਧਾਂ ਤੇ ਛੱਤਾਂ ਉੱਤੇ ਚਿੱਟਾ ਪੇਂਟ।

ਸ਼ਕੁੰਤਲਾ ਬੜੀ ਸਫ਼ਾਈ-ਪਸੰਦ ਔਰਤ ਹੈ। ਕਮਰਿਆਂ ਤੇ ਵਰਾਂਢੇ ਵਿੱਚ ਨਿੱਤ ਪੋਚਾ ਲਾਵੇਗੀ। ਵਿਹੜਾ ਨਿੱਤ ਧੋਂਦੀ ਹੈ। ਜਿੰਨੀ ਦੇਰ ਤੱਕ ਘਰ ਸੰਭਰਿਆ-ਸੰਵਾਰਿਆ

ਟਹਿ-ਟਹਿ ਨਾ ਕਰਨ ਲੱਗ ਪਵੇ, ਉਹਨੂੰ ਚੈਨ ਨਹੀਂ ਆਉਂਦੀ। ਹਾਏ-ਹਾਏ ਵੀ ਕਰਦੀ ਫ਼ਿਰਦੀ ਰਹਿੰਦੀ ਹੈ, ਟਿਕ ਕੇ ਬੈਠਦੀ ਵੀ ਨਹੀਂ। ਥੱਕ ਕੇ ਬਿੰਦ ਦੀ ਬਿੰਦ ਬੈਠ ਜਾਵੇ ਤਾਂ ਅਗਲੇ ਪਲ ਹੀ ਉੱਠ ਖੜ੍ਹੀ ਹੁੰਦੀ ਹੈ ਤੇ ਕੰਮ ਕਰਨ ਲੱਗਦੀ ਹੈ। ਕੰਮਾਂ-ਧੰਦਿਆਂ ਵਿੱਚ ਉਲਝੀ ਰਹੇ ਤਾਂ ਉਹਨੂੰ ਆਪਣੀ ਢਿੱਡ ਵਿਚਲੀ ਰਸੌਲੀ ਦਾ ਦਰਦ ਵੀ ਭੁੱਲਿਆ ਰਹਿੰਦਾ ਹੈ। ਮਿੰਨ੍ਹਾ-ਮਿੰਨ੍ਹਾ ਦਰਦ ਤਿੱਖਾ ਹੋ ਕੇ ਵੱਖੀ ਨੂੰ ਦੱਬ ਕੇ ਘੁੱਟਣ ਨਾਲ ਟਿਕ ਵੀ ਜਾਂਦਾ ਹੈ। ਪਰ ਢਿੱਡ ਦੀ ਰਸੌਲੀ ਨਾਲੋਂ ਉਹਨੂੰ ਸਭ ਤੋਂ ਵੱਡਾ ਦੁੱਖ ਗੁਆਂਢੀਆਂ ਦੇ ਕੁੱਤੇ ਦਾ ਸੀ, ਜੋ ਹੁਣ ਮਰ ਗਿਆ ਹੈ ਤੇ ਨਿੱਤ ਦਾ ਸਿਆਪਾ ਮੁੱਕ ਗਿਆ।

ਸਾਹਮਣੇ ਲੱਕੜ ਦੀ ਚੁਗਾਠ ਵਾਲਾ ਮੁਕਾਨ ਵਿਰਸਾ ਸਿੰਘ ਦਾ ਹੈ। ਉਹ ਨੇੜੇ ਦੇ ਇੱਕ ਪਿੰਡ ਵਿੱਚ ਆਰ. ਐਮ. ਪੀ. ਹੈ। ਉਹ ਆਪਣੇ ਆਪ ਨੂੰ ਡਾਕਟਰ ਕਹਾਉਂਦਾ ਹੈ-ਡਾਕਟਰ ਵਿਰਸਾ ਸਿੰਘ ਸਿੱਧੂ। ਸਵੇਰੇ ਸਦੇਹਾਂ ਹੀ ਫਿਟ-ਫਿਟ ਕਰਦੀ ਸਕੂਟਰੀ ਲੈ ਕੇ ਤੇ ਢਾਠੀ ਬੰਨ੍ਹ ਕੇ ਤੁਰ ਜਾਂਦਾ ਹੈ। ਰਾਤ ਨੂੰ ਹਨ੍ਹੇਰੇ ਹੋਏ ਘਰ ਵੜਦਾ ਹੈ। ਓਥੇ ਡਾਕਟਰੀ ਕਿਹੜੀ ਕਰਦਾ ਹੈ, ਨਸ਼ੇ ਦੀਆਂ ਗੋਲ਼ੀਆਂ ਵੇਚਣ ਦਾ ਧੰਦਾ ਹੈ। ਅੰਨ੍ਹੀ ਕਮਾਈ ਹੈ। ਉਹਦੀ ਘਰ ਵਾਲੀ ਏਸੇ ਆਕੜ ਵਿੱਚ ਰਹਿੰਦੀ ਹੈ ਕਿ ਉਹਦਾ ਘਰ ਵਾਲਾ ਡਾਕਟਰ ਹੈ ਤੇ ਨਿੱਤ ਨੋਟਾਂ ਦੀ ਜੇਬ੍ਹ ਭਰਕੇ ਘਰ ਵੜਦਾ ਹੈ। ਡਾਕਟਰ ਵਿਰਸਾ ਸਿੰਘ ਸ਼ਰਾਬ ਪੀਂਦਾ ਹੈ। ਉਹਨਾਂ ਦੇ ਬੱਚਾ ਕੋਈ ਨਹੀਂ। ਉਹਦੀ ਘਰ ਵਾਲੀ ਨੇ ਕੁੱਤਾ ਪਾਲ ਰੱਖਿਆ ਸੀ। ਛੋਟੇ ਕੱਦ ਦਾ ਨਿੱਕਾ ਚਿੱਟਾ ਕੁੱਤਾ। ਉਹ ਉਹਨੂੰ ਸੰਗਲੀ ਪਾ ਕੇ ਅੰਦਰ ਬੰਨ੍ਹਕੇ ਰੱਖਦੀ। ਉਹ ਸਾਰਾ ਦਿਨ ਟਊਂ-ਟਊਂ ਕਰਦਾ ਰਹਿੰਦਾ। ਪਤਾ ਨਹੀਂ ਕਿਉਂ ਉਹ ਕੁੱਤੇ ਦੀ ਸੰਗਲੀ ਐਨ ਓਸ ਵੇਲੇ ਖੋਲ੍ਹਦੀ, ਜਦੋਂ ਸ਼ਕੁੰਤਲਾ ਪੋਚੇ ਲਾ ਕੇ ਤੇ ਵਿਹੜਾ ਧੋ ਕੇ ਕੋਠੇ ਉਤੇ ਬੈਠੀ ਦਮ ਲੈ ਰਹੀ ਹੁੰਦੀ। ਜੋਗਿੰਦਰਪਾਲ ਅੰਦਰ ਕਮਰੇ ਵਿੱਚ ਆਰਾਮ ਕੁਰਸੀ ਉੱਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਹੁੰਦਾ। ਕੁੱਤਾ ਭੱਜ ਕੇ ਗਲੀ ਵਿੱਚ ਆਉਂਦਾ ਤੇ ਸਿੱਧਾ ਜੋਗਿੰਦਰਪਾਲ ਦੇ ਘਰ ਅੱਗੇ ਖੜ੍ਹ ਕੇ ਪਿਛਲੀ ਇੱਕ ਟੰਗ ਚੁਕਦਾ ਤੇ ਬਾਰ ਦੇ ਕੌਲੇ ਉੱਤੇ ਪਿਸ਼ਾਬ ਦੀ ਘਰਾਲ ਚਲਾ ਦਿੰਦਾ। ਅੱਧਾ ਪਿਸ਼ਾਬ ਦੇਲ੍ਹੀਓਂ ਅੰਦਰ ਤੇ ਅੱਧਾ ਪਿਸ਼ਾਬ ਦੇਲ੍ਹੀਓਂ ਬਾਹਰ। ਪਿਸ਼ਾਬ ਉਹ ਆਪਣੇ ਅੰਦਰ ਪਤਾ ਨਹੀਂ ਕਦੋਂ ਕੁ ਦਾ ਰੋਕ ਕੇ ਰੱਖੀ ਬੈਠਾ ਹੁੰਦਾ ਤੇ ਪਿਸ਼ਾਬ ਉਹਦੇ ਅੰਦਰ ਕਿੰਨਾ ਸੜ ਚੁੱਕਿਆ ਹੁੰਦਾ, ਬਦਬੂ ਉੱਭਰ ਜਾਂਦੀ। ਜੋਗਿੰਦਰਪਾਲ ਨੂੰ ਅਖ਼ਬਾਰ ਪੜ੍ਹਨਾ ਭੁੱਲ ਜਾਂਦਾ। ਬਦਬੂ ਕਮਰਿਆਂ ਵਿੱਚ ਗੇੜੇ ਕੱਢਣ ਲੱਗਦੀ। ਕੋਠੇ ਉੱਤੇ ਬੈਠੀ ਸ਼ਕੁੰਤਲਾ ਵੀ ਬੈਚੇਨ ਹੋ ਉੱਠਦੀ। ਕੁੱਤੇ ਦੇ ਪਿਸ਼ਾਬ ਦੀ ਬਦਬੂ ਹੀ ਉਹਨੂੰ ਓਥੋਂ ਉਠਾਉਂਦੀ। ਵੱਖੀ ਨੂੰ ਹੱਥ ਪਾ ਕੇ ਉਹ ਹੌਲੀ-ਹੌਲੀ ਪੌੜੀਆਂ ਉੱਤਰਦੀ ਤੇ ਬੁੜ-ਬੁੜ ਕਰਨ ਲੱਗਦੀ। ਕਦੇ ਗਲੀ ਵਿੱਚ ਜਾ ਕੇ ਗਾਲ੍ਹਾਂ ਕੱਢਦੀ। ਵਿਰਸਾ ਸਿੰਘ ਦੀ ਘਰਵਾਲੀ ਹਿੜ-ਹਿੜ ਕਰਕੇ ਦੰਦ ਕੱਢ ਰਹੀ ਹੁੰਦੀ। ਪਾਣੀ ਦੀ ਬਾਲਟੀ ਭਰਕੇ ਸ਼ਕੁੰਤਲਾ ਆਪਣੀ ਦੇਹਲੀ ਧੋਂਦੀ। ਇੱਕ ਹੱਥ ਨਾਲ ਨੱਕ ਘੁੱਟ ਕੇ ਥਾਂ ਦੀ ਥਾਂ ਪੋਚਾ ਲਾਉਂਦੀ। ਕੁੱਤੇ ਨੂੰ ਇਹ ਪਤਾ ਨਹੀਂ ਕਿ ਆਦਤ ਸੀ, ਸੰਗਲੀ ਖੁੱਲ੍ਹਦਿਆਂ ਹੀ ਉਹ ਇੱਕ ਦਮ ਗਲੀ ਵਿੱਚ ਆਉਂਦਾ ਤੇ ਇਹ ਕਾਰਾ ਕਰ ਦਿੰਦਾ।

ਜੋਗਿੰਦਰਪਾਲ ਅੰਦਰ ਬੈਠਾ ਹੀ ਕਚੀਚੀਆਂ ਵੱਟਦਾ ਰਹਿੰਦਾ। ਕੁੜ੍ਹਦਾ ਤੇ ਗੰਦੀਆਂ ਗਾਲ੍ਹਾਂ ਕੱਢਦਾ। ਪਰ ਉਹਦਾ ਬੋਲ ਗਲੀ ਤੱਕ ਨਹੀਂ ਜਾਂਦਾ ਸੀ। ਗਲੀ ਵਿੱਚ ਜਾ ਕੇ

ਉਹ ਤੀਵੀਂ-ਮਾਨੀ ਨਾਲ ਕੀ ਆਢਾ ਲਾਉਂਦਾ ਤੇ ਫੇਰ ਤੀਵੀਂ ਕੀ ਪਤਾ ਉਹਨੂੰ ਕੀ ਬੋਲ ਉੱਠਦੀ। ਉਹ ਵਿਚਾਰ ਕਰਦਾ, ਬੰਦੇ ਦਾ ਤੀਵੀਂ ਨਾਲ ਕੀ ਬੋਲਣ ਬਣਦਾ ਹੈ? ਉਹ ਗੱਲ ਕਰੇ ਤਾਂ ਵਿਰਸਾ ਸਿੰਘ ਨਾਲ ਕਰੇ। ਪਰ ਉਹ ਤਾਂ ਸੰਦੇਹਾਂ ਹੀ ਢਾਠੀ ਬੰਨ੍ਹ ਕੇ ਘਰੋਂ ਨਿਕਲ ਜਾਂਦਾ ਹੈ ਤੇ ਸ਼ਰਾਬ ਪੀ ਕੇ ਹਨੇਰੇ ਹੋਏ ਘਰ ਵੜਦਾ ਹੈ। ਸ਼ਰਾਬੀ ਬੰਦੇ ਨਾਲ ਰਾਤ ਨੂੰ ਕੀ ਗੱਲ ਕਰਨੀ ਹੋਈ ਤੇ ਸਵੇਰੇ-ਸਵੇਰੇ ਕੁੱਤੇ ਦੇ ਪਿਸ਼ਾਬ ਦੀ ਗੱਲ, ਊਈਂ ਸਾਲ਼ੀ ਬਦਬੂ ਜਿਹੀ ਫ਼ੈਲਦੀ ਹੈ। ਜੋਗਿੰਦਰਪਾਲ ਜਿੱਚ ਰਹਿੰਦਾ।

ਉਹਦਾ ਜੀਅ ਕਰਦਾ, ਉਹ ਗੁਆਂਢੀਆਂ ਦੇ ਕੁੱਤੇ ਨੂੰ ਕੁਚਲੇ ਪਾ ਕੇ ਮਾਰ ਦੇਵੇ ਜਾਂ ਕੋਈ ਹੋਰ ਜ਼ਹਿਰ ਬਾਜ਼ਾਰੋਂ ਲੈ ਆਵੇ। ਕਦੇ ਉਹਨੂੰ ਗੁੱਸਾ ਆਉਂਦਾ ਤੇ ਉਹ ਵਿਹੜੇ ਦੇ ਖੂੰਜੇ ਵਿੱਚ ਪਿਆ ਡੰਡਾ ਚੁੱਕ ਲੈਂਦਾ। ਉਹ ਡੰਡਾ ਲੈ ਕੇ ਬਾਹਰ ਨਿਕਲਦਾ। ਪਰ ਕੁੱਤਾ ਕਿਧਰੇ ਨਾ ਹੁੰਦਾ, ਦੇਹਲੀ ਉੱਤੇ ਪਿਸ਼ਾਬ ਦੀਆਂ ਘਰਾਲਾਂ ਚੱਲੀਆਂ ਪਈਆਂ ਨਜ਼ਰ ਆਉਂਦੀਆਂ। ਸੜੇਹਾਣ ਉੱਭਰ ਚੁੱਕੀ ਹੁੰਦੀ। ਉਹਦਾ ਖਾਧਾ-ਪੀਤਾ ਬਾਹਰ ਨੂੰ ਆਉਣ ਲੱਗਦਾ। ਉਹਨੂੰ ਗੁੱਸਾ ਚੜ੍ਹਿਆ ਹੁੰਦਾ, ਉਹ ਕੁੱਤੇ ਦੇ ਸਿਰ ਵਿੱਚ ਟਿਕਾਅ ਕੇ ਡੰਡਾ ਮਾਰੇਗਾ ਤੇ ਉਹਨੂੰ ਥਾਂ ਦੀ ਥਾਂ ਤੜਫ਼ਾ ਕੇ ਰੱਖ ਦੇਵੇਗਾ। ਕਦੇ ਉਹਦਾ ਜੀਅ ਕਰਦਾ, ਉਹ ਕੁੱਤੇ ਦੇ ਕਿਉਂ, ਕੁੱਤਾ ਰੱਖਣ ਵਾਲੀ ਦੇ ਸਿਰ ਵਿੱਚ ਡੰਡਾ ਮਾਰੇ। ਸ਼ਕੁੰਤਲਾ ਉਹਨੂੰ ਕਿੰਨਾ ਕਹਿੰਦੀ ਹੈ, ਉਹ ਸਮਝਦੀ ਕਿਉਂ ਨਹੀਂ-ਪੀਪਣੀ ਜਿਹੀ। ਕੁੱਤਾ ਪਾਲ ਰੱਖਿਆ ਹੈ, ਧੀ ਦੇ ਯਾਰ ਦੀ ਨੇ। ਬਈ ਪਾਲਣਾ ਹੈ ਤਾਂ ਕਿਸੇ ਦਾ ਬੱਚਾ ਗੋਦ ਲੈ ਕੇ ਪਾਲ। ਆਪਣੇ ਵਿਹੜੇ ਨੂੰ ਸ਼ਿੰਗਾਰ। ਪੁੱਛਣ ਵਾਲਾ ਹੋਵੇ, ਇਹ ਕੁੱਤਾ ਤੇਰੇ ਵਿਹੜੇ ਦਾ ਕੀ ਸ਼ਿੰਗਾਰ ਹੋਇਆ ਬਈ? ਗੁਆਂਢੀਆਂ ਦੇ ਘਰ ਗੰਦੇ ਕਰਨ ਨੂੰ ਰੱਖ ਛੱਡਿਆ ਹੈ ਕੁੱਤਾ, ਕਮਜ਼ਾਤ ਨੇ।

ਉਹ ਬੜੀ ਸ਼ਿੱਦਤ ਨਾਲ ਸੋਚਦਾ ਕਿ ਜੇ ਉਹਨੇ ਕੁੱਤਾ ਮਾਰ ਦਿੱਤਾ, ਜ਼ਹਿਰ ਦੇ ਕੇ ਜਾਂ ਡੰਡਾ ਮਾਰਕੇ, ਤਾਂ ਝਗੜਾ ਖੜ੍ਹਾ ਹੋਵੇਗਾ। ਪਾਲਤੂ ਕੁੱਤਾ ਹੈ, ਵਿਰਸਾ ਸਿੰਘ ਮੁਕੱਦਮਾ ਕਰ ਸਕਦਾ ਹੈ। ਮੁਕੱਦਮਾ ਨਾ ਕਰੇ ਤਾਂ ਉਹ ਚਾਰ ਭਰਾ ਹਨ। ਸਾਲ਼ੇ ਊਂ ਡਾਂਗਾਂ ਚੁੱਕ ਕੇ ਬਾਰ ਮੂਹਰੇ ਨਾ ਆ ਖੜ੍ਹਨ। ਚਾਹੇ ਆਪਸ ਵਿੱਚ ਚਾਰਾਂ ਭਰਾਵਾਂ ਦੀ ਨਹੀਂ ਬਣੀ, ਇੱਕ-ਦੂਜੇ ਨਾਲ ਇੱਟ-ਕੁੱਤੇ ਦਾ ਵੈਰ ਹੈ, ਪਰ ਹੋਰ ਕਿਸੇ ਨਾਲ ਲੜਨਾ-ਝਗੜਨਾ ਹੋਵੇ ਤਾਂ ਚਾਰੇ ਭਰਾ ਇਕੱਠ ਬੰਨ੍ਹ ਲੈਂਦੇ ਹਨ। ਬੈਂਕ ਵਿੱਚ ਕੰਮ ਕਰਦਾ ਭਰਾ ਤਾਂ ਅਜੇ ਕੁਝ ਸਮਝਦਾਰ ਹੈ, ਪਰ ਦੂਜੇ ਜਮ੍ਹਾਂ ਉੱਜਡ ਨੇ। ਇੱਕ ਟਰੱਕ-ਡਰਾਈਵਰ ਹੈ ਤੇ ਦੂਜਾ ਮੱਝਾਂ ਦੀ ਮੰਡੀ ਦਾ ਦਲਾਲ। ਤੇ ਇਹ ਵਿਰਸਾ ਸਿੰਘ ਨਸ਼ੇ ਦੀਆਂ ਗੋਲੀਆਂ ਵੇਚ-ਵੇਚ ਆਪਣੇ ਆਪ ਨੂੰ ਅਮੀਰ ਸਮਝਣ ਲੱਗ ਪਿਆ ਹੈ। ਧੌਣ ਅਕੜਾ ਕੇ ਰੱਖਦਾ ਹੈ। ਗਲੀ ਵਿੱਚ ਕਿਸੇ ਨਾਲ ਸਿੱਧੇ ਮੂੰਹ ਗੱਲ ਨਹੀਂ ਕਰਦਾ। ਉਹਨੇ ਵਿਰਸਾ ਸਿੰਘ ਨੂੰ ਕੁੱਤੇ ਬਾਰੇ ਕੁਝ ਆਖਿਆ ਤਾਂ ਉਹ ਪਤਾ ਨਹੀਂ ਕੀ ਜਵਾਬ ਦੇਵੇਗਾ। ਉਹਦੀ ਤੀਵੀਂ ਦਾ ਇੱਕੋ ਜਵਾਬ ਹੁੰਦਾ ਹੈ, ਅਖੇ 'ਅਸੀਂ ਕਿਹੜਾ ਕੁੱਤੇ ਨੂੰ ਸਿਖਾ ਕੇ ਤੋਰਦੇ ਆਂ, ਭੈਣ ਜੀ, ਬਈ ਜਾਹ-ਥੋਡੀ ਦੇਲ੍ਹੀ ਉੱਤੇ ਮੂਤ ਜਾ ਕੇ। ਗੰਨੇ ਦੀ ਸੁੱਕੀ ਪੋਰੀ ਜਿਹੀ ਦੇਹ ਵਾਲੀ ਤੀਵੀਂ ਨਾਲ ਦੀ ਨਾਲ ਹੱਸ ਵੀ ਪੈਂਦੀ ਹੈ। ਉਹਦੀ ਹਾਸੀ ਦੇਖ ਕੇ ਜੋਗਿੰਦਰਪਾਲ ਨੂੰ ਦੂਣਾ ਗੁੱਸਾ ਚੜ੍ਹਦਾ।

ਉਹ 'ਕੱਲ੍ਹਾ-ਕਹਿਰਾ ਆਦਮੀ ਹੈ। ਇੱਕ ਮੁੰਡਾ, ਉਹ ਵੀ ਬਾਹਰ ਰਹਿੰਦਾ ਹੈ। ਉਹ ਸੋਚਦਾ, ਉਹਦੀਆਂ ਦੋਵੇਂ ਕੁੜੀਆਂ ਜੇ ਮੁੰਡੇ ਹੁੰਦੇ ਤਾਂ ਠੀਕ ਸੀ। ਤਿੰਨ ਮੁੰਡਿਆਂ ਦੇ ਹੁੰਦਿਆਂ ਉਹ ਕਿਉਂ ਕਿਸੇ ਤੋਂ ਡਰ ਕੇ ਰਹਿੰਦਾ? ਲੜਨਾ ਹੁੰਦਾ ਤਾਂ ਖੜ੍ਹ ਜਾਂਦੇ ਡਾਂਗਾਂ ਮੋਢੇ 'ਤੇ ਉਲਾਰ ਕੇ। ਕੀਹਦੀ ਟੈਂ ਮੰਨਣੀ ਸੀ ਫੇਰ ਉਹਨੇ? ਹੁਣ ਸਾਲ਼ਾ ਇਹ ਕੁੱਤਾ ਹੀ ਮਾਨ ਨਹੀਂ। ਆਉਂਦਾ ਹੈ ਤੇ ਟੰਗ ਚੁੱਕ ਕੇ......

ਇੱਕ ਦਿਨ ਉਹ ਹੌਸਲਾ ਕਰਕੇ ਗਲੀ ਵਿੱਚ ਆਇਆ ਤੇ ਵਿਰਸਾ ਸਿੰਘ ਦੀ ਘਰਵਾਲੀ ਨੂੰ ਬੜੀ ਹਲੀਮੀ ਨਾਲ ਕਹਿਣ ਲੱਗਿਆ-'ਭਾਈ ਬਹੂ, ਕੁੱਤੇ ਨੂੰ ਸੰਗਲੀ ਤੋਂ ਫ਼ੜ ਕੇ ਬਾਹਰ ਕੱਢਿਆ ਕਰੋ। ਕਿਸੇ ਖੁੱਲ੍ਹੇ ਥਾਂ ਲਿਜਾ ਕੇ ਕਰਾਇਆ ਕਰੋਂ ਇਹਨੂੰ ਟੱਟੀ-ਪਿਸ਼ਾਬ। ਥੋਡੀ ਆਂਟੀ ਨੂੰ ਮੁੜ ਕੇ ਵਿਹੜਾ ਧੋਣਾ ਪੈਂਦੈ।'

ਸਹੁਰੀ ਚਾਰੇ ਪੈਰ ਚੁੱਕ ਕੇ ਪਈ-'ਅਸੀਂ ਹੁਣ ਗਲੀ 'ਚੋਂ ਕਿੱਧਰ ਬਾਹਰ ਨਿੱਕਲ ਜੀਏ, ਬਾਬਾ ਜੀ। ਬੰਦਾ ਹੋਵੇ ਤਾਂ ਸਮਝਾ ਦੀਏ, ਕੁੱਤੇ ਨੂੰ ਕੀ ਸਮਝਾਵਾਂ ਮੈਂ?'

'ਫਿੱਟੇ ਮੂੰਹ!' ਉਹ ਅੰਦਰੇ-ਅੰਦਰ ਤੜਫ਼ਿਆ।-'ਆਖਿਆ ਕੀਹ ਐ, ਜਵਾਬ ਕੀ ਦਿੰਦੀ ਐ।' ਉਹਨੇ ਘੁੱਟ ਵੱਟ ਲਈ।

ਉਹਦਾ ਪਿੰਡ ਹੁੰਦਾ ਤਾਂ ਆਂਢ-ਗੁਆਂਢ ਨੇ ਹੀ ਸਮਝਾ ਦੇਣਾ ਸੀ ਵਿਰਸਾ ਸਿੰਘ ਦੀ ਘਰਵਾਲੀ ਨੂੰ। ਇਹ ਸ਼ਹਿਰ ਹੈ। ਗਲੀ ਦੇ ਸਾਰੇ ਲੋਕ ਪਿੰਡਾਂ ਤੋਂ ਆ ਕੇ ਵਸੇ ਹੋਏ ਹਨ। ਕੋਈ ਕਿਸੇ ਪਿੰਡ ਦਾ ਹੈ ਤੇ ਕੋਈ ਕਿਸੇ ਪਿੰਡ ਦਾ। ਲੋਕਾਂ ਦੇ ਅੱਡੋ-ਅੱਡ ਕੰਮ ਹਨ। ਪਤਾ ਹੀ ਨਹੀਂ ਲੱਗਦਾ, ਕੋਈ ਕਿਸੇ ਸੁਭਾਓ ਦਾ ਮਾਲਕ ਹੈ। ਬਹੁਤੇ ਤਾਂ ਇੱਕ-ਦੂਜੇ ਨੂੰ ਬੁਲਾਉਂਦੇ ਹੀ ਨਹੀਂ। ਕੁਝ ਲੋਕ ਹੀ ਦੁਆ-ਸਲਾਮ ਕਰਦੇ ਹਨ। ਓਪਰਿਆਂ ਵਾਂਗ ਬਿਨਾਂ ਗੱਲ ਕੀਤੇ ਕੋਲ ਦੀ ਲੰਘ ਜਾਣਗੇ। ਗਲੀ ਦਾ ਭਾਈਚਾਰਾ ਹੀ ਕੋਈ ਨਹੀਂ। ਸ਼ਕੁੰਤਲਾ ਬਾਰ ਅੱਗੇ ਖੜ੍ਹੀ ਤੜਫ਼ਦੀ-ਬੋਲਦੀ ਰਹਿ ਜਾਂਦੀ ਹੈ। ਗੁਆਂਢੀ ਔਰਤਾਂ ਆਪਣੇ ਘਰਾਂ ਮੂਹਰੇ ਖੜ੍ਹੀਆਂ ਬਿਟਰ-ਬਿਟਰ ਝਾਕੀ ਜਾਣਗੀਆਂ। ਕੋਈ ਨਹੀਂ ਬੋਲਦੀ, ਕੋਈ ਨਹੀਂ ਕੁਝ ਆਖਦੀ। ਜਿਵੇਂ ਉਹ ਗੂੰਗੀਆਂ-ਬੋਲ਼ੀਆਂ ਹੋਣ। ਹੁੰਦੀ ਨਾ ਏਥੇ ਪਿੰਡ ਵਾਲੀ ਪੰਜਾਬ ਕੁਰ, ਫੱਟ ਲਾਹ-ਪਾਹ ਕਰ ਦਿੰਦੀ ਏਸ ਵਿਰਸਾ ਸੂੰ ਦੀ ਹਿੰਸਿਆਰੀ ਤੀਵੀਂ ਦੀ। ਦੁੱਖ ਤਾਂ ਇਹੀ ਹੈ ਕਿ ਗਲੀ ਵਿੱਚ ਪੰਜਾਬ ਕੁਰ ਕੋਈ ਨਹੀਂ। ਸਮਝਾ ਦੇਣ ਵਾਲੀ, ਝਿੜਕ ਦੇਣ ਵਾਲੀ, ਨਿਰਪੱਖ ਬੁੜ੍ਹੀ-ਪੰਚੈਤਣ।

ਵਿਰਸਾ ਸਿੰਘ ਦੀ ਤੀਵੀਂ ਨੇ ਜਮਾਦਾਰਨੀ ਨੂੰ ਪੰਜ ਰੁਪਏ ਦਿੱਤੇ ਹਨ ਤੇ ਉਹ ਕੁੱਤੇ ਦੀ ਲੱਤ ਨਾਲ ਰੱਸੀ ਬੰਨ੍ਹ ਕੇ ਉਹ ਨੂੰ ਘੜੀਸਦੀ ਹੋਈ ਬਾਹਰ ਐਫ.ਸੀ.ਆਈ. ਦੇ ਮਾਲ-ਗੋਦਾਮਾਂ ਵੱਲ ਸੁੱਟ ਆਈ ਹੈ। ਵਿਰਸਾ ਸਿੰਘ ਦੀ ਘਰਵਾਲੀ ਹੁਣ ਆਪਣੇ ਬਾਰ ਅੱਗੇ ਖੜ੍ਹ ਕੇ ਗਾਲ੍ਹਾਂ ਕੱਢ ਕੇ ਕਹਿ ਰਹੀ ਹੈ-'ਲੋਕਾਂ ਦਾ ਠਰ ਗਿਆ ਕਾਲਜਾ ਹੁਣ ਬਚੜੇ-ਖਾਣਿਆਂ ਦਾ। ਮੇਰਾ ਪੁੱਤਾਂ ਵਾਂਗੂੰ ਪਾਲਿਆ ਕੁੱਤਾ ਬਿੰਦ ਵਿੱਚ ਦੀ ਲੈ ਲਿਆ। ਮੈਂ ਤਾਂ ਕਹਿਨੀ ਆਂ ਮੈਨੂੰ ਤਪਾਉਣ ਆਲੇ ਪਾਪੀਓ, ਤੁਸੀਂ ਵੀ ਐਂ ਈ ਸੱਪ ਲੜਕੇ ਮਰੋਂ। ਥੋਡੇ ਕਿਉਂ ਨ੍ਹੀ ਡੰਗ ਮਾਰਦਾ ਕੋਈ ਕਾਲ਼ਾ ਨਾਗ? ਨਿੱਤ ਦੰਦ ਵੱਢਦੇ ਸੀ, ਬੱਸ ਹੁਣ? ਹੁਣ ਪੈ 'ਗੀ ਠੰਢ? ਉਹ ਲਗਾਤਾਰ ਬੋਲੀ ਜਾ ਰਹੀ ਸੀ। ਬੋਲਦੀ-ਬੋਲਦੀ ਨੱਕ ਘੁੱਟਦੀ ਹੈ। ਇੱਕ ਬਿੰਦ ਚੁੱਪ ਹੋ ਕੇ ਫੇਰ ਬੋਲਣ ਲੱਗ ਪੈਂਦੀ ਹੈ। ਗੁਆਂਢੀ-ਔਰਤਾਂ ਆਪਣੇ ਘਰਾਂ

ਦੇ ਬਾਰ ਮੂਹਰੇ ਖੜ੍ਹੀਆਂ ਚੁੱਪ-ਚਾਪ ਉਹਨੂੰ ਸੁਣ ਰਹੀਆਂ ਹਨ। ਨਾ ਹੱਸਦੀਆਂ, ਨਾ ਬੋਲਦੀਆਂ, ਬਸ ਸੁਣ ਰਹੀਆਂ ਹਨ। ਜੋਗਿੰਦਰਪਾਲ ਕਮਰੇ ਵਿੱਚ ਮੰਜੇ ਉੱਤੇ ਪਿਆ ਵਿਰਸਾ ਸਿੰਘ ਦੀ ਘਰ ਵਾਲੀ ਦੀ ਉੱਚੀ ਆਵਾਜ਼ ਸੁਣ ਰਿਹਾ ਹੈ। ਅੰਦਰੋਂ ਉਹ ਖ਼ੁਸ਼ ਹੈ ਕਿ ਚੰਗਾ ਹੋਇਆ-ਕੁੱਤਾ ਮਰ ਗਿਆ। ਹੁਣ ਉਹਨਾਂ ਨੂੰ ਆਪਣੀ ਦੇਹਲੀ ਦੁਬਾਰਾ ਨਹੀਂ ਧੋਣੀ ਪਿਆ ਕਰੇਗੀ। ਪਰ ਵਿਰਸਾ ਸਿੰਘ ਦੀ ਘਰਵਾਲੀ ਦੀਆਂ ਗਾਲ੍ਹਾਂ ਸੁਣ ਕੇ ਉਹ ਖਿੱਝ ਉੱਠਦਾ ਹੈ-ਮਰ ਗਿਆ ਤਾਂ ਮਰ ਗਿਆ ਸਹੀ। ਅਸੀਂ ਤਾਂ ਨਹੀਂ ਮਾਰ ਦਿੱਤਾ ਕੁੱਤੇ ਨੂੰ।

ਉਹ ਝਟਕੇ ਨਾਲ ਮੰਜੇ ਤੋਂ ਉੱਠਦਾ ਹੈ। ਸ਼ਕੁੰਤਲਾ ਬਾਰ ਵਿੱਚ ਖੜ੍ਹੀ ਵਿਰਸਾ ਸਿੰਘ ਦੀ ਘਰਵਾਲੀ ਦੀਆਂ ਗਾਲ੍ਹਾਂ ਸੁਣ ਰਹੀ ਹੈ। ਬੱਸ ਚੁੱਪ-ਚਾਪ ਸੁਣ ਰਹੀ ਹੈ, ਜਿਵੇਂ ਉਹਦੇ ਸਾਰੇ ਬੋਲ ਸੁਣ ਕੇ ਹੀ ਉਹ ਕੁਝ ਆਖੇਗੀ। ਜੋਗਿੰਦਰਪਾਲ ਕੜਕ ਕੇ ਬੋਲਦਾ ਹੈ- 'ਹਾਂ, ਉਹ ਸੱਪ ਮੇਰਾ ਐ। ਮੈਂ ਪਾਲਿਆ ਹੋਇਐ ਉਹਨੂੰ। ਤੂੰ ਕੁੱਤਾ ਪਾਲ ਸਕਦੀ ਐਂ ਤਾਂ ਅਸੀਂ ਸੱਪ ਨਹੀ ਪਾਲ ਸਕਦੇ? ਤੇਰੇ ਵਾਂਗੂੰ ਅਸੀਂ ਆਪਣੇ ਸੱਪ ਨੂੰ ਨਿੱਤ-ਨਿੱਤ ਨ੍ਹੀ ਗਲੀਆਂ 'ਚ ਛੱਡਦੇ ਫਿਰਦੇ। ਇੱਕ ਦਿਨ ਛੱਡਦੇ ਆਂ ਕਦੇ, ਲੋੜ ਵੇਲੇ।' ♦

# ਸਾਈਕਲ ਦੌੜ

ਓਸ ਦਿਨ ਦੁੱਧ ਢੋਣ ਵਾਲਿਆਂ ਦੀ ਹੜਤਾਲ ਸੀ ਪਰ ਹਾਕਮ ਸਿੰਘ ਫੇਰ ਵੀ ਸ਼ਹਿਰ ਆਇਆ। ਉਹਨੂੰ ਪੈਸਿਆਂ ਦੀ ਲੋੜ ਸੀ। ਛੋਟੇ ਭਾਈ ਨੇ ਖਾਦ ਦੀਆਂ ਬੋਰੀਆਂ ਚੁੱਕਣੀਆਂ ਸਨ। ਨਰਮੇ ਲਈ ਹੁਣ ਖਾਦ ਦੀ ਵੱਤ ਸੀ। ਹੋਟਲ ਵਾਲਿਆਂ ਦਾ ਅੱਜ ਦਾ ਵਾਅਦਾ ਸੀ। ਦੋ ਹੋਟਲਾਂ ਨੇ ਹਿਸਾਬ ਤੋਂ ਵੱਧ ਪੈਸੇ ਦੇ ਦਿੱਤੇ ਤੇ ਉਹਦਾ ਡੰਗ ਸਰ ਗਿਆ।

ਉਸ ਦਿਨ ਸਾਈਕਲ ਦੇ ਕੈਰੀਅਰ ਉੱਤੇ ਢੋਲ ਨਹੀਂ ਸਨ। ਪੁਰਾਣੀ ਟਿਊਬ ਦਾ ਸੂੰਡਕਾ ਜਿਹਾ ਮਾਰਿਆ ਹੋਇਆ ਸੀ ਬਸ ਢੋਲਾਂ ਬਗੈਰ ਸਾਈਕਲ ਸੜਕ ਉੱਤੇ ਇਉਂ ਤੁਰ ਰਿਹਾ ਸੀ ਜਿਵੇਂ ਟੋਭੇ ਦੇ ਪਾਣੀ ਉੱਤੇ ਕਾਤਰੀ ਚਲਦੀ ਹੋਵੇ। ਉਹ ਉਂਜ ਵੀ ਤਾਂ ਸਾਈਕਲ ਉੱਤੇ ਹੱਥ ਫਿਰਾ ਕੇ ਰੱਖਦਾ, ਸਾਈਕਲ ਹਮੇਸ਼ਾ ਹੀ ਨਵਾਂ ਨਰੋਆ ਰਹਿੰਦਾ। ਮਜਾਲ ਹੈ ਕੋਈ ਪੁਰਜ਼ਾ ਭੋਰਾ ਵੀ ਖੜਕਾ ਕਰਦਾ ਹੋਵੇ। ਮਜਾਲ ਹੈ ਭੋਰਾ ਵੀ ਜ਼ੋਰ ਲੱਗਦਾ ਹੋਵੇ।

ਗਰਮੀ ਦੇ ਦਿਨਾਂ ਦੀ ਤੇਜ਼ ਧੁੱਪ ਸੀ। ਪਰ ਅਜੇ ਲੂਅ ਨਹੀਂ ਵਗਣ ਲੱਗੀ ਸੀ। ਦੁਪਹਿਰ ਪਿੱਛੋਂ ਤਾਂ ਭੱਠ ਤਪਦਾ। ਲੋਕ ਬਾਰਸ਼ਾਂ ਦੀ ਉਡੀਕ ਵਿੱਚ ਸਨ। ਪਰ ਮੌਨਸੂਨ ਹਵਾਵਾਂ ਦੀ ਖ਼ਬਰ ਅਜੇ ਕਿਧਰੇ ਸੁਣੀ ਨਹੀਂ ਸੀ।

ਉਹ ਰੇਲਵੇ ਫਾਟਕ ਵਾਲੇ ਪੰਪ ਉੱਤੇ ਪਾਣੀ ਪੀਣ ਲਈ ਸਾਈਕਲ ਤੋਂ ਉਤਰ ਖੜ੍ਹਾ। ਫਾਟਕ ਕੋਲ ਹੀ ਕੱਸੀ ਵਗਦੀ ਹੋਣ ਕਰਕੇ ਪੰਪ ਦਾ ਪਾਣੀ ਬਹੁਤ ਠੰਡਾ ਸੀ। ਮਿੱਠਾ ਵੀ। ਦੰਦਾਂ ਨੂੰ ਠਾਰਦਾ ਤੇ ਜੀਭ ਉੱਤੇ ਸੁਆਦ ਦੀ ਡਲੀ ਧਰ ਦਿੰਦਾ। ਮੋਟਾ ਭਾਰਾ ਪੰਪ, ਪਾਣੀ ਦੀ ਧਾਰ ਇਉਂ ਡਿੱਗਦੀ ਜਿਵੇਂ ਮੋਘਾ ਖੁੱਲ੍ਹ ਜਾਂਦਾ ਹੋਵੇ। ਉਹਨੇ ਰੱਜ ਕੇ ਪਾਣੀ ਪੀਤਾ ਤੇ ਚੱਲ ਪਿਆ। ਉਹਨੇ ਆਪਣੀ  ਇੱਕ ਅੱਖ ਦੀ ਲਿਸ਼ਕੋਰ ਜਿਹੀ ਮਾਰ ਕੇ ਦੇਖਿਆ, ਉਸ ਤੋਂ ਬਾਅਦ ਇੱਕ ਮੁੰਡਾ ਤੇ ਉਸ ਦੀ ਨਵੀਂ ਬਹੂ ਆਪਣਾ ਸਾਈਕਲ ਪਰ੍ਹਾਂ ਖੜ੍ਹਾ ਕੇ ਪੰਪ ਦਾ ਪਾਣੀ ਪੀਣ ਅਹੁਲੇ ਸਨ। ਸਾਈਕਲ ਉੱਤੇ ਚੜ੍ਹ ਕੇ ਵੀ ਉਹਨੇ ਗਰਦਨ ਭੰਵਾਈ। ਮੁੰਡਾ ਪੰਪ ਗੇੜ ਰਿਹਾ ਸੀ ਤੇ ਬਹੂ ਨੇ ਬੁੱਕ ਨੂੰ ਮੂੰਹ ਲਾ ਲਿਆ ਸੀ।

ਹਾਕਮ ਸਿੰਘ ਆਪਣੇ ਰਉਂ ਵਿੱਚ ਸਾਈਕਲ ਚਲਾਉਂਦਾ ਜਾ ਰਿਹਾ ਸੀ। ਉਹਦੇ ਕੋਲ ਦੀ ਇੱਕ ਸਾਈਕਲ ਸ਼ੂਟ ਵੱਟ ਕੇ ਲੰਘ ਗਿਆ। ਉਹਨੇ ਦੇਖਿਆ, ਇਹ ਤਾਂ ਓਹੀ ਨੇ ਜਿਹੜੇ ਫਾਟਕ ’ਤੇ ਪਾਣੀ ਪੀ ਰਹੇ ਸਨ। ਸਾਈਕਲ ਦੇ ਹੈਂਡਲ ਨਾਲ ਬੁਣਤੀਦਾਰ ਤਣੀਆਂ ਵਾਲਾ ਝੋਲ਼ਾ ਲਟਕ ਰਿਹਾ ਸੀ। ਬਹੂ ਕੈਰੀਅਰ ਉੱਤੇ ਬੈਠੀ, ਇੱਕ ਹੱਥ ਮੁੰਡੇ ਦੇ

ਲੱਕ ਦੁਆਲੇ ਵਲਿਆ ਹੋਇਆ ਸੀ। ਉਹ ਹਾਕਮ ਸਿੰਘ ਵੱਲ ਝਾਕੀ ਵੀ ਜਿਵੇਂ ਖ਼ੁਸ਼ ਹੋਵੇ। ਤੇਜ਼ ਚਲਦੇ ਸਾਈਕਲ ਦਾ ਅਹਿਸਾਸ, ਪਤੀ ਦੇ ਜ਼ੋਰ ਉੱਤੇ ਫ਼ਖਰ ਤੇ ਦੂਜੇ ਸਾਈਕਲ ਨੂੰ ਕੱਟ ਜਾਣ ਦੀ ਜਿੱਤ ਦਾ ਜਸ਼ਨ।

ਗਰਮੀ ਬੜੀ ਸੀ। ਪਾਣੀ ਪੀ ਕੇ ਵੀ ਲੱਗਦਾ ਜਿਵੇਂ ਪੀਤਾ ਹੀ ਨਾ ਹੋਵੇ। ਢਿੱਡ ਭਰਿਆ-ਭਰਿਆ, ਬੁੱਲ੍ਹ ਸੁੱਕੇ-ਸੁੱਕੇ। ਚਾਰ ਸਾਢੇ ਚਾਰ ਮੀਲ ਲੰਘ ਕੇ ਕੈਂਚੀਆਂ ਆਈਆ। ਉਹ ਹੁਣ ਕੈਂਚੀਆਂ ਉੱਤੇ ਪਾਣੀ ਪੀ ਰਹੇ ਸਨ। ਪਾਣੀ ਪੀ ਕੇ ਉਹ ਦਮ ਲੈਣ ਲੱਗੇ। ਹਾਕਮ ਸਿੰਘ ਨੇ ਵੀ ਪਾਣੀ ਪੀਤਾ। ਉਹਦੀ ਇੱਕ ਅੱਖ ਦੀ ਲਿਸ਼ਕੋਰ ਫੇਰ ਦੋਵਾਂ ਨੂੰ ਤਾੜ ਗਈ। ਮਨ ਵਿੱਚ ਉਹ ਹੱਸਿਆ, 'ਦੇਖ ਸਾਲ਼ਾ ਟਿੱਡਾ ਜ੍ਹਾ, ਆਪਣੀ ਜਾਣ 'ਚ ਭੜਮੱਲ ਬਣ ਗਿਆ। ਟੰਗੜੀਆਂ ਜੀਆ ਮਾਰ ਕੇ ਕਿਵੇਂ ਮੂਹਰ ਦੀ ਕੱਢ ਲਿਆਇਆ ਸਾਈਕਲ। ਹੁਣ ਤੁਰ ਪੁੱਤ, ਹੁਣ ਦੇਖੂੰ ਤੈਨੂੰ।'

ਹਾਕਮ ਸਿੰਘ ਦੀ ਉਮਰ ਚਾਲੀ ਤੋਂ ਉੱਤੇ ਸੀ। ਉਨ੍ਹਾਂ ਕੋਲ ਜ਼ਮੀਨ ਥੋੜ੍ਹੀ ਸੀ। ਉਹ ਇੱਕ ਅੱਖੋਂ ਕਾਣਾ ਸੀ। ਉਹਨੂੰ ਤਾਂ ਸਾਕ ਨਾ ਹੋਇਆ ਪਰ ਦੁੱਧ ਢੋਣ ਦੀ ਕਮਾਈ ਕਰ ਕੇ ਉਹਨੇ ਛੋਟੇ ਭਾਈ ਨੂੰ ਵਿਆਹ ਲਿਆ। ਛੋਟਾ ਆਗਿਆਕਾਰ ਸੀ। ਮਾਂ ਚਾਹੇ ਅਜੇ ਜਿਉਂਦੀ ਸੀ। ਪਰ ਹਾਕਮ ਛੋਟੇ ਦੇ ਚੁੱਲ੍ਹੇ ਉੱਤੇ ਹੀ ਸੀ। ਤੜਕੇ-ਤੜਕੇ ਦੁੱਧ ਦਾ ਗੇੜਾ ਲਾਉਂਦਾ ਤੇ ਫੇਰ ਸ਼ਹਿਰੋਂ ਆ ਕੇ ਛੋਟੇ ਨਾਲ ਵਾਹੀ ਦਾ ਕੰਮ ਕਰਦਾ। ਉਨ੍ਹਾਂ ਨੇ ਥੋੜ੍ਹੀ-ਘਣੀ ਗਹਿਣੇ ਦੀ ਜ਼ਮੀਨ ਵੀ ਲੈ ਰੱਖੀ ਸੀ। ਹਾਕਮ ਸਿੰਘ ਹੱਡਾਂ ਪੈਰਾਂ ਦਾ ਖੁੱਲ੍ਹਾਂ ਸੀ। ਕੰਮ ਨੂੰ ਵਾਹਣੀ ਪਾ ਦਿੰਦਾ। ਢੋਲਾਂ ਦੇ ਭਾਰ ਸਮੇਤ ਸਾਈਕਲ ਉਹਦੇ ਥੱਲੇ ਭੰਵੀਰੀ ਬਣ ਕੇ ਭੱਜਦਾ। ਤੇ ਅੱਜ ਢੋਲਾਂ ਬਗੈਰ ਸਾਈਕਲ ਉਹਨੂੰ ਇਉਂ ਲੱਗ ਰਿਹਾ ਸੀ ਜਿਵੇਂ ਸਾਈਕਲ ਖੰਭ ਹੋਣ ਤੇ ਉਹ ਹਵਾ-ਮੂਹਰੇ ਆਪ ਆਕਾਸ਼ ਵਿੱਚ ਉਡ ਰਿਹਾ ਹੋਵੇ।

ਕੈਂਚੀਆਂ ਤੋਂ ਅੱਧ ਕੁ ਮੀਲ ਅੱਗੇ ਜਾ ਕੇ ਬਹੂ ਵਾਲੇ ਮੁੰਡੇ ਨੇ ਆਪਣਾ ਸਾਈਕਲ ਉਹਦੇ ਕੋਲੋਂ ਅੱਗੇ ਕੱਢਣਾ ਚਾਹਿਆ। ਉਹ ਬਹੁਤ ਜ਼ੋਰ ਲਾ ਰਿਹਾ ਸੀ ਪਰ ਹਾਕਮ ਸਿੰਘ ਲਈ ਇਹ ਸਾਧਾਰਣ ਗੱਲ ਸੀ। ਉਹ ਮੁੰਡੇ ਦੇ ਨਾਲ-ਨਾਲ ਚਲਦਾ ਗਿਆ। ਕਦੇ ਅੱਗੇ ਨਿਕਲ ਜਾਂਦਾ, ਕਦੇ ਪਿੱਛੇ ਰਹਿ ਜਾਂਦਾ। ਜਿਵੇਂ ਉਹ ਮੁੰਡੇ ਦਾ ਜ਼ੋਰ ਜੋਹ ਰਿਹਾ ਹੋਵੇ। ਇੱਕ ਵਾਰ ਤਾਂ ਉਹਦਾ ਜੀਅ ਕੀਤਾ, ਉਹ ਐਨਾ ਤੇਜ਼ ਭਜਾਵੇ ਸਾਈਕਲ ਕਿ ਮੁੰਡੇ ਤੋਂ ਮੀਲ ਦੋ ਮੀਲ ਅੱਗੇ ਲੰਘ ਜਾਵੇ ਤਾਂ ਕਿ ਮੁੜ ਕੇ ਮੁੰਡੇ ਨੂੰ ਸਾਹਸ ਹੀ ਨਾ ਪਵੇ ਸਾਈਕਲ ਅੱਗੇ ਕੱਢਣ ਦਾ। ਉਹਦੇ ਮਨ ਅੰਦਰ ਮਜ਼ਾਕ ਦੀ ਲਹਿਰ ਜਿਹੀ ਵੀ ਉਠਦੀ, 'ਦੇਖ, ਮਗਰ ਬੈਠੀ ਕਾਟੋ ਜੀ ਐਂ ਸਮਝਦੀ ਐ ਜਿਵੇਂ ਦੁਨੀਆਂ 'ਚ ਉਹਦਾ ਮਰਦ ਈ ਸਭ ਤੋਂ ਬਲੀ ਐ।'

ਫੇਰ ਹਾਕਮ ਸਿੰਘ ਨੂੰ ਅਹਿਸਾਸ ਹੋਣ ਲੱਗਿਆ ਜਿਵੇਂ ਇਹ ਨਵਾਂ ਵਿਆਹਿਆ ਮੁੰਡਾ ਉਹਦਾ ਆਪਣਾ ਹੀ ਛੋਟਾ ਭਾਈ ਹੋਵੇ। ਉਹਦੇ ਮਨ ਵਿੱਚ ਇੱਕ ਰਹਿਮ ਜਿਹਾ ਪੈਦਾ ਹੋਣ ਲੱਗਿਆ, ਜੇ ਉਹਨੇ ਮੁੰਡੇ ਕੋਲੋਂ ਸਾਈਕਲ ਅੱਗੇ ਕੱਢ ਦਿੱਤਾ ਤਾਂ ਉਸ ਮੁੰਡੇ ਦੀ ਬਹੂ ਉੱਤੇ ਬਹੁਤ ਬੁਰਾ ਪ੍ਰਭਾਵ ਪਵੇਗਾ। ਤੀਵੀਂ ਦੀਆਂ ਨਜ਼ਰਾਂ ਵਿੱਚ ਉਹ ਤਾਂ ਨਿਤਾਣਾ ਹੋ ਕੇ ਰਹਿ ਜਾਵੇਗਾ। ਕੀ ਕਦਰ ਰਹਿ ਜਾਵੇਗੀ ਬਹੂ ਦੀ ਨਿਗਾਹ ਵਿੱਚ ਆਪਣੇ ਪਤੀ ਦੇ ਮਰਦਊਪਣ ਦੀ? ਹਾਕਮ ਸਿੰਘ ਸੋਚਣ ਲੱਗਿਆ, ਉਹਦੀ ਆਪਣੀ

ਇਹ ਜਿੱਤ ਉਹਦੇ ਕਿਸ ਕੰਮ ਆਵੇਗੀ, ਮੁੰਡੇ ਦਾ ਨਾਸ ਹੋ ਜਾਏਗਾ। ਮੁੰਡੇ ਦੀ ਜਿੱਤ ਤਾਂ ਫੇਰ ਵੀ ਕੋਈ ਅਰਥ ਰੱਖਦੀ ਹੈ। ਉਹਨੂੰ ਮੁੰਡੇ ਉੱਤੇ ਤਰਸ ਆਉਣ ਲੱਗਿਆ।

ਕੈਂਚੀਆਂ ਤੋਂ ਉਹ ਦੋ ਮੀਲ ਅੱਗੇ ਲੰਘ ਆਏ। ਜਦੋਂ ਹਾਕਮ ਸਿੰਘ ਮੁੰਡੇ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਦਾ, ਬਹੂ ਦਾ ਚਿਹਰਾ ਗੰਭੀਰ ਹੋ ਜਾਂਦਾ। ਉਹਦੇ ਲਈ ਜਿਵੇਂ ਇਹ ਕੋਈ ਅਣਹੋਣੀ ਵਾਪਰ ਰਹੀ ਹੋਵੇ। ਹਾਕਮ ਸਿੰਘ ਉਨ੍ਹਾਂ ਦੇ ਖੱਬੇ ਹੁੰਦਾ, ਕਦੇ ਸੱਜੇ ਹੱਥ। ਪਰ ਬਹੂ ਦਾ ਮੂੰਹ ਹਾਕਮ ਸਿੰਘ ਵੱਲ ਹੀ ਰਹਿੰਦਾ। ਜਦੋਂ ਉਹ ਉਨ੍ਹਾਂ ਤੋਂ ਪਿੱਛੇ ਰਹਿ ਜਾਂਦਾ ਤਾਂ ਬਹੂ ਦੇ ਚਿਹਰੇ ਉੱਤੇ ਨੂਰਾਨੀ ਆ ਜਾਂਦੀ। ਉਹਦੀਆਂ ਅੱਖਾਂ ਹੱਸ ਰਹੀਆਂ ਹੁੰਦੀਆਂ। ਉਹ ਕੈਰੀਅਰ ਉੱਤੇ ਚੌੜੀ ਜਿਹੀ ਹੋ ਕੇ ਬੈਠੀ ਦਿੱਸਦੀ।

'ਮੁੰਡੇ ਦਾ ਦਮ ਤਾਂ ਦੇਖੀਏ, ਕਿੰਨਾ ਕੁ ਐ?' ਹਾਕਮ ਸਿੰਘ ਦੇ ਮਨ ਵਿੱਚ ਇੱਕ ਸ਼ਰਾਰਤ ਉਠੀ। ਪਰ ਮੁੰਡੇ ਦੇ ਮੱਥੇ ਉੱਤੇ ਮੁੜ੍ਹਕੇ ਦੀਆਂ ਕਣੀਆਂ ਦੇਖ ਕੇ ਉਹਨੇ ਅੰਦਾਜ਼ਾ ਲਾ ਲਿਆ ਕਿ ਦਮ ਤਾਂ ਮੁੰਡੇ ਦਾ ਨਿਕਲਿਆ ਹੀ ਸਮਝੋ। ਐਵੇਂ ਨਾ ਬਹੂ ਨੂੰ ਖਤਾਨਾਂ ਵਿੱਚ ਲੈ ਡਿੱਗੇ।

ਰਾਹ ਵਿੱਚ ਉਨ੍ਹਾਂ ਨੂੰ ਦੋ ਬੱਸਾਂ ਮਿਲੀਆਂ, ਇੱਕ ਆਉਂਦੀ ਤੇ ਇੱਕ ਜਾਂਦੀ। ਟਰੱਕ ਤਾਂ ਕਈ ਲੰਘ ਗਏ। ਏਧਰੋਂ ਵੀ ਤੇ ਉਧਰੋਂ ਵੀ। ਸੜਕ ਐਨੀ ਚੌੜੀ ਨਹੀਂ ਸੀ। ਕਈ ਵਾਰ ਦੋਵੇਂ ਸਾਈਕਲ ਕੱਚੇ ਉੱਤੇ ਚੱਲਣ ਲੱਗਦੇ। ਤੇ ਫੇਰ ਹੁਣ ਸਾਹਮਣੇ ਸਾਫ਼ ਸੜਕ ਸੀ। ਮਗਰੋਂ ਵੀ ਕੁਝ ਨਹੀਂ ਆ ਰਿਹਾ ਸੀ। ਹਾਕਮ ਸਿੰਘ ਨੇ ਸਾਈਕਲ ਨੂੰ ਮੁੰਡੇ ਦੇ ਬਰਾਬਰ ਕਰ ਲਿਆ। ਆਪਣੇ ਮੱਥੇ ਉਤੋਂ ਝੂਠੀ ਦਾ ਮੁੜ੍ਹਕਾ ਪੂੰਝਿਆ। ਝੂਠੀ ਮੂਠੀ ਦਾ ਹੀ ਆਪਣਾ ਖੱਬਾ ਹੱਥ ਆਪਣੀ ਕਮਰ ਉੱਤੇ ਧਰ ਲਿਆ ਜਿਵੇਂ ਸਾਰਾ ਜ਼ੋਰ ਲਾ ਰਿਹਾ ਹੋਵੇ। ਉਹਨੇ ਚੋਰ ਅੱਖ ਨਾਲ ਦੇਖਿਆ, ਤੀਵੀਂ ਮੁਸਕਰਾ ਰਹੀ ਸੀ। ਮੁੰਡੇ ਦਾ ਪੂਰਾ ਜ਼ੋਰ ਲੱਗਿਆ ਹੋਇਆ ਸੀ। ਜਿਵੇਂ ਉਹ ਮਰ ਮਿਟੇਗਾ ਪਰ ਆਪਣੀ ਸਾਈਕਲ ਨੂੰ ਪਿੱਛੇ ਨਹੀਂ ਰਹਿਣ ਦੇਵੇਗਾ।

ਹਾਕਮ ਸਿੰਘ ਹੌਲੀ-ਹੌਲੀ ਪਿੱਛੇ ਰਹਿ ਗਿਆ। ਫੇਰ ਤਾਂ ਉਹਨੇ ਸਾਈਕਲ ਖੜ੍ਹਾ ਹੀ ਲਿਆ। ਉਹ ਖਾਸੀ ਦੂਰ ਜਾ ਚੁੱਕੇ ਸਨ। ਪਰ ਹਾਕਮ ਸਿੰਘ ਨੂੰ ਤੀਵੀਂ ਦਾ ਖਿੜਿਆ ਚਿਹਰਾ ਸਾਫ਼ ਦਿਸ ਰਿਹਾ ਸੀ। ਹਾਕਮ ਸਿੰਘ ਨੇ ਨੀਵੀਂ ਪਾ ਲਈ ਜਦੋਂ ਉਹਨੇ ਦੇਖਿਆ ਕਿ ਉਹ ਦੂਜੇ ਹੱਥ ਨਾਲ ਮੁੰਡੇ ਦੀ ਪਿੱਠ ਉੱਤੇ ਥਾਪੀ ਦੇ ਰਹੀ ਸੀ। ♦

# ਲੋਹੇ ਦਾ ਗੇਟ

ਤੇ ਉਸ ਦਿਨ ਲੋਹੇ ਦਾ ਗੇਟ ਮੁਕੰਮਲ ਹੋ ਗਿਆ। ਮੈਂ ਸੁੱਖ ਦਾ ਸਾਹ ਲਿਆ। ਚੱਲ, ਅੱਜ ਤਾਂ ਲੱਗ ਹੀ ਜਾਵੇਗਾ ਗੇਟ। ਨਹੀਂ ਤਾਂ ਪਹਿਲਾਂ ਪੰਦਰਾਂ ਦਿਨਾਂ ਤੋਂ ਘਰ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ। ਚਾਹੇ ਦੋਹਾਂ ਥਮਲਿਆਂ ਵਿਚਕਾਰ ਆਦਮੀ ਦੇ ਮੋਢੇ ਤੱਕ ਇੱਟਾਂ ਦੀ ਆਰਜ਼ੀ ਦੀਵਾਰ ਬਣਾ ਦਿੱਤੀ ਗਈ ਸੀ, ਕੋਈ ਡੰਗਰ-ਪਸ਼ੂ ਅੰਦਰ ਨਹੀਂ ਵੜਦਾ ਸੀ। ਗਲੀ ਦੇ ਸੂਰ ਨਹੀਂ ਆਉਂਦੇ ਸਨ। ਫੇਰ ਵੀ ਰਾਤ ਨੂੰ ਕੁੱਤੇ ਕੰਧ ਟੱਪ ਕੇ ਆ ਜਾਂਦੇ ਤੇ ਵਿਹੜੇ ਦੇ ਜੂਠੇ ਭਾਂਡੇ ਸੁੰਘਦੇ ਫ਼ਿਰਦੇ। ਕੁੱਤਿਆਂ ਨੂੰ ਛੱਡ, ਮੈਨੂੰ ਬਹੁਤਾ ਡਰ ਚੋਰ ਦਾ ਰਹਿੰਦਾ। ਕੰਧ ਟੱਪ ਕੇ ਕੋਈ ਆ ਸਕਦਾ ਸੀ। ਏਸ ਕਰਕੇ ਮੈਨੂੰ ਵਿਹੜੇ ਵਿੱਚ ਸੌਣਾ ਪੈਂਦਾ। ਗਰਮੀ ਦਾ ਮਹੀਨਾ, ਬੇਸ਼ੁਮਾਰ ਮੱਛਰ। ਗੇਟ ਬੰਦ ਹੋਵੇ ਤਾਂ ਅੰਦਰ ਬਿਜਲੀ-ਪੱਖੇ ਹੇਠ ਮੌਜ ਨਾਲ ਸੁੱਤਾ ਜਾ ਸਕਦਾ ਸੀ। ਕਮਰਿਆਂ ਵਿੱਚ ਤਾਂ ਕੂਲਰ ਵੀ ਸੀ। ਹਰ ਰੋਜ਼ ਖਿੱਝ ਚੜ੍ਹਦੀ-ਇਹ ਪਾਪੀ ਮਿਸਤਰੀ ਗੇਟ ਬਣਾ ਕੇ ਦਿੰਦਾ ਕਿਉਂ ਨਹੀਂ? ਜਦੋਂ ਵੀ ਜਾਈਦਾ ਹੈ, ਨਵਾਂ ਲਾਰਾ ਲਾ ਦਿੰਦਾ ਹੈ। ਗੇਟ ਦਾ ਫਰੇਮ ਬਣਾ ਕੇ ਰੱਖ ਛੱਡਿਆ ਹੈ। ਕਹੇਗਾ-'ਗੇਟ ਦਾ ਡਜੈਨ' ਕਿਹਾ-ਜ੍ਹਾ ਰੱਖੀਏ?' ਮੈਨੂੰ ਅੱਗ ਲੱਗ ਜਾਂਦੀ।-'ਬਾਬਿਓ, ਡਿਜ਼ਾਇਨ ਤਾਂ ਪਹਿਲੇ ਦਿਨ ਈ ਥੋਡੀ ਕਾਪੀ 'ਚ ਲਿਖਵਾ ਦਿੱਤਾ ਸੀ। ਹੁਣ ਇਹ ਪੁੱਛਣ ਦਾ ਕੀ ਮਤਲਬ? ਇਹ ਤਾਂ ਉਹ ਗੱਲ ਐ, ਕਿਸੇ ਦਰਜ਼ੀ ਕੋਲ ਤੁਸੀਂ ਇਕਰਾਰ ਵਾਲੇ ਦਿਨ ਆਪਣੀ ਕਮੀਜ਼ ਲੈਣ ਜਾਓ ਤੇ ਉਹ ਅੱਗੋਂ ਪੁੱਛਣ ਲੱਗ ਪਵੇ-ਕਾਲਰ ਕਿਹੋ-ਜੇ ਬਣਾਉਣੇ ਨੇ? ਬਟਨ ਕਿੰਨੇ ਲਾਈਏ? ਜੇਬਾਂ ਦੋ ਜਾ ਇੱਕ?'

ਅਸਲ ਵਿੱਚ ਗੱਲ ਇਹ ਸੀ ਕਿ ਉਹ ਆਲੇ-ਦੁਆਲੇ ਦੇ ਪਿੰਡਾਂ ਤੋਂ ਆਉਣ ਵਾਲੇ ਗਾਹਕਾਂ ਦਾ ਕੰਮ ਕਰਕੇ ਦੇਈ ਜਾ ਰਹੇ ਸਨ ਤੇ ਮੈਂ ਲੋਕਲ ਸਾਂ। ਮੈਂ ਕਿੱਧਰ ਜਾਣਾ ਸੀ। ਮੇਰਾ ਤਾਂ ਉਹ ਕਦੋਂ ਵੀ ਕਰਕੇ ਦੇ ਦਿੰਦੇ। ਮੇਰੀ ਤਾਂ ਉਹਨਾਂ ਨਾਲ ਕੁਝ ਜਾਣ-ਪਛਾਣ ਵੀ ਸੀ। ਹੋਰ ਕੋਈ ਹੁੰਦਾ ਤਾਂ ਆਖ ਦਿੰਦਾ-ਨਹੀਂ ਬਣਾ ਕੇ ਦੇਣਾ ਗੇਟ ਨਾ ਬਣਾਓ। ਮੈਂ ਹੋਰ ਕਿਧਰੇ ਸਾਈ ਫ਼ੜਾ ਦਿੰਨਾ।' ਪਰ ਉਹਨਾਂ ਅੱਗੇ ਅੱਖਾਂ ਦੀ ਸ਼ਰਮ ਮਾਰਦੀ। ਤੇ ਫੇਰ ਫਰੇਮ ਬਣਾ ਕੇ ਸਾਹਮਣੇ ਰੱਖਿਆ ਪਿਆ ਸੀ।

ਬੁੱਢਾ ਬਾਬਾ ਕੁਰਸੀ ਡਾਹ ਕੇ ਸਾਹਮਣੇ ਬੈਠਾ ਰਹਿੰਦਾ, ਕੰਮ ਚਾਰ ਬੰਦੇ ਕਰਦੇ। ਇਹਨਾਂ ਵਿਚੋਂ ਇੱਕ ਅੱਧਖੜ ਉਮਰ ਦਾ ਸੀ, ਤਿੰਨ ਨੌਜਵਾਨ। ਉਹ ਮਾਹਵਾਰੀ ਤਨਖ਼ਾਹ ਲੈਂਦੇ। ਬਾਬੇ ਦਾ ਮੁੰਡਾ ਵੀ ਸੀ, ਉਹ ਉੱਤਲੇ ਕੰਮ ਉੱਤੇ ਸਕੂਟਰ ਲੈ ਕੇ ਘੁੰਮਦਾ ਫ਼ਿਰਦਾ ਰਹਿੰਦਾ। ਵਰਕਸ਼ਾਪ ਵਿੱਚ ਲੋਹੇ ਦਾ ਗੇਟ ਤੇ ਖਿੜਕੀਆਂ ਦੇ ਨਾਪ ਲੈਂਦਾ। ਜਾਂ ਫੇਰ ਬਾਜ਼ਾਰ ਵਿਚੋਂ ਲੋਹਾ ਖਰੀਦ ਕੇ ਲਿਆਂਉਂਦਾ। ਕਦੇ ਕਦੇ ਵੱਡੇ ਸ਼ਹਿਰੀ ਵੀ ਜਾਂਦਾ।

ਨੌਜਵਾਨ ਮਿਸਤਰੀਆਂ ਵਿਚੋਂ ਚਰਨੀ ਸਭ ਤੋਂ ਛੋਟਾ ਸੀ। ਸਾਰੇ ਉਹਨੂੰ ਮਖੌਲ ਕਰਦੇ। ਬਾਬਾ ਤਾਂ ਝਿੜਕ ਵੀ ਦਿੰਦਾ। ਪਰ ਚਰਨੀ ਹੱਸਦਾ ਰਹਿੰਦਾ। ਉਹ ਕਿਸੇ ਗੱਲ ਦਾ ਗੁੱਸਾ ਨਹੀਂ ਕਰਦਾ ਸੀ। ਬੁੱਢਾ ਬਾਬਾ ਬਹੁਤਾ ਤਾਂ ਉਹਦੇ ਉੱਤੇ ਉਦੋਂ ਖਿੱਝਦਾ, ਜਦੋਂ ਉਹ ਗੱਲੀਂ ਲੱਗ ਕੇ ਆਪਣਾ ਹੱਥਲਾ ਕੰਮ ਛੱਡ ਬੈਠਦਾ।

ਕੋਈ ਗਾਹਕ ਗੇਟ ਬਣਾਉਣ ਲਈ ਪੁੱਛਣ ਆਉਂਦਾ ਤਾਂ ਬਾਬਾ ਸਵਾਲ ਕਰਦਾ 'ਕਿੰਨਾ ਚੌੜਾ, ਕਿੰਨਾ ਉੱਚਾ?' ਜਾਂ ਪੁੱਛਦਾ-'ਐਥੇ ਈ ਐ ਮਕਾਨ ਜਾਂ ਪਾਸਲਾ ਪਿੰਡ ਐ ਕੋਈ?'

ਚਰਨੀ ਮੂੰਹ ਚੁੱਕ ਕੇ ਗਾਹਕ ਵੱਲ ਝਾਕਣ ਲੱਗਦਾ ਤੇ ਸਵਾਲ ਕਰ ਬੈਠਦਾ-'ਕਿੰਨੇ ਕਮਰੇ ਨੇ ਮਕਾਨ ਦੇ?'

ਬਾਬਾ ਟੁੱਟ ਕੇ ਪੈ ਜਾਂਦਾ-'ਓਏ ਤੈਂ ਕਮਰਿਆਂ ਤੋਂ ਦੱਸ ਕੀ ਛਿੱਕੂ ਲੈਣੇ, ਆਪਾਂ ਨੂੰ ਤਾਂ ਗੇਟ ਤਾਈਂ ਮਤਲਬ ਐ। ਕਮਰਿਆਂ 'ਚ ਜਾ ਕੇ ਕੀ ਕਰਨੈਂ ਤੂੰ?'

ਜਾਂ ਕੋਈ ਆਉਂਦਾ ਤੇ ਮਕਾਨ ਦੱਸ ਕੇ ਖਿੜਕੀਆਂ ਦੀ ਗੱਲ ਕਰਦਾ, ਚਰਨੀ ਪੁੱਛਦਾ-'ਕਿੰਨੇ ਹਜ਼ਾਰ ਖਰਚ ਆ ਗਿਆ ਮਕਾਨ 'ਤੇ?'

'ਤੂੰ ਆਵਦਾ ਕੰਮ ਕਰ ਓਏ।' ਬਾਬਾ ਖਿੱਝਦਾ। ਦੂਜੇ ਮਿਸਤਰੀ ਗੁੱਝਾ ਗੁੱਝਾ ਹੱਸਦੇ। ਬਾਬੇ ਉੱਤੇ ਵੀ ਤੇ ਚਰਨੀ ਉੱਤੇ ਵੀ।

ਕਦੇ ਅੱਧਖੜ ਮਿਸਤਰੀ ਕੁੰਢਾ ਸਿੰਘ ਨੇ ਚਰਨੀ ਨੂੰ ਕੋਈ ਕੰਮ ਸਮਝਾਉਣਾ ਹੁੰਦਾ ਤਾਂ ਉਹਨੂੰ 'ਜੰਡੁ ਸਾਅਬ' ਕਹਿ ਕੇ ਬੁਲਾਉਂਦਾ। ਕਦੇ ਆਖਦਾ-ਮਿਸਤਰੀ ਗੁਰਚਰਨ ਸਿੰਘ ਜੀ, ਕਦੇ ਉਹ ਖਿਝਿਆ ਹੁੰਦਾ ਤਾਂ ਬੋਲ ਉੱਠਦਾ-ਪੱਤੀ ਘੁੱਟ ਕੇ ਫ਼ੜ ਓਏ, ਜੁੰਡਲਾ। ਮਾਰੂੰ ਸਾਲ਼ੇ ਦੇ ਚਾਂਟਾ।'

ਗੇਟ ਅੱਠ ਫ਼ੁੱਟ ਚੌੜਾ ਸੀ, ਸੱਤ ਫ਼ੁੱਟ ਉੱਚਾ। ਪੰਜ ਫ਼ੁੱਟ ਚੌੜਾ ਸੱਜਾ ਪੱਲਾ ਤੇ ਤਿੰਨ ਫ਼ੁੱਟ ਦਾ ਖੱਬਾ ਪੱਲਾ। ਪੰਜ ਫ਼ੁੱਟ ਵਾਲੇ ਪੱਲੇ ਉੱਤੇ ਮੈਂ ਕਹਿ ਕੇ ਲੋਹੇ ਦੀ ਪਲੇਟ ਵੱਖਰੀ ਲਵਾਈ ਤਾਂ ਕਿ ਇਸ ਉੱਤੇ ਆਪਣਾ ਨਾਉਂ ਲਿਖਵਾਇਆ ਜਾ ਸਕੇ। ਇਹ ਵੱਡਾ ਪੱਲਾ ਆਮ ਤੌਰ ਉੱਤੇ ਭਿੜਿਆ ਹੀ ਰਹਿਣਾ ਸੀ। ਘਰ ਦੇ ਦਰਵਾਜ਼ੇ ਉੱਤੇ ਨੇਮ-ਪਲੇਟ ਤਾਂ ਜ਼ਰੂਰੀ ਹੋਣੀ ਚਾਹੀਦੀ ਹੈ, ਨਹੀਂ ਤਾਂ ਨਵੇਂ ਬੰਦੇ ਨੂੰ ਸ਼ਹਿਰ ਵਿੱਚ ਮਕਾਨ ਲੱਭਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਹ ਨੇਮ-ਪਲੇਟ ਦੋ ਪੇਚਾਂ ਨਾਲ ਪੱਲੇ ਉੱਤੇ ਕਸੀ ਹੋਈ ਸੀ। ਪੇਚ ਕੱਢ ਕੇ ਇਕੱਲੀ ਪਲੇਟ ਮੈਂ ਪੇਂਟਰ ਕੋਲ ਲੈ ਜਾਣੀ ਸੀ ਤੇ ਉਸ ਉੱਤੇ ਨਾਉਂ ਲਿਖਵਾ ਕੇ ਪੇਚ ਓਵੇਂ ਜਿਵੇਂ ਫੇਰ ਕੱਸ ਦੇਣੇ ਸਨ।

ਗੇਟ ਫਿੱਟ ਕਰਨ ਦੋ ਮਿਸਤਰੀ ਆਏ। ਕੁੰਢਾ ਸਿੰਘ ਤੇ ਉਹ ਚਰਨੀ। ਅੱਧਾ ਘੰਟਾ ਉਹ ਪੱਲਿਆਂ ਨੂੰ ਉੱਤੇ-ਥੱਲੇ ਤੇ ਏਧਰ-ਓਧਰ ਕਰਦੇ ਰਹੇ। ਜਦੋਂ ਐਨ ਸਭ ਟਿਚਨ ਹੋ ਗਿਆ ਤਾਂ ਮੇਰੇ ਘਰ ਵਾਲੀ ਦੁਕਾਨ ਉੱਤੇ ਲੱਡੂ ਲੈਣ ਚਲੀ ਗਈ। ਮਕਾਨ ਦੀ ਛੱਬ ਤਾਂ ਗੇਟ ਲੱਗੇ ਤੋਂ ਹੀ ਬਣੀ ਸੀ। ਉਹ ਸੀ ਵੀ ਬਹੁਤ ਭਾਰੀ ਤੇ ਦੇਖਣ ਨੂੰ ਪੂਰਾ ਸੁਹਣਾ। ਗੇਟ ਨੇ ਤਾਂ ਮਕਾਨ ਨੂੰ ਕੋਠੀ ਬਣਾ ਦਿੱਤਾ। ਖ਼ੁਸ਼ੀ ਸੀ, ਲੱਡੂ ਤਾਂ ਜ਼ਰੂਰੀ ਸਨ। ਲੱਡੂਆਂ ਦੀ ਉਡੀਕ ਵਿੱਚ ਅਸੀਂ ਤਿੰਨੇ ਦੋ ਮੰਜੇ ਡਾਹ ਕੇ ਵਿਹੜੇ ਵਿੱਚ ਬੈਠ ਗਏ। ਸਾਡੇ ਜੁਆਕ ਏਧਰ-ਓਧਰ ਨੱਚਦੇ-ਟੱਪਦੇ ਫ਼ਿਰਦੇ ਸਨ। ਉਹ ਸਕੂਲੋਂ ਆਏ ਤੇ ਗੇਟ ਦੀ ਖ਼ੁਸ਼ੀ ਵਿੱਚ ਬਸਤੇ ਵਿਹੜੇ ਵਿੱਚ ਹੀ ਵਗਾਹ ਮਾਰੇ। ਕੁੰਢਾ ਸਿੰਘ ਚਰਨੀ ਨੂੰ ਨਿੱਕੇ-ਨਿੱਕੇ ਮਖ਼ੌਲ ਕਰ ਰਿਹਾ ਸੀ। ਉਹਦੇ ਮਖ਼ੌਲਾਂ ਵਿੱਚ ਗੁੱਝੇ-ਗੁੱਝੇ ਮੋਹ ਦਾ ਅੰਸ਼ ਵੀ ਹੁੰਦਾ।

ਚਰਨੀ ਏਧਰ-ਓਧਰ ਕਮਰਿਆਂ ਵੱਲ ਝਾਕਦਾ ਤੇ ਅੱਖਾਂ-ਅੱਖਾਂ ਵਿੱਚ ਹੀ ਕੋਈ ਨਿਰਖ-ਪਰਖ ਜਿਹੀ ਕਰੀ ਜਾ ਰਿਹਾ ਸੀ। ਉਹਦਾ ਧਿਆਨ ਕੁੰਢਾ ਸਿੰਘ ਵੱਲ ਨਹੀਂ ਸੀ। ਫੇਰ ਉਹਨੇ ਮੈਨੂੰ ਪੁੱਛ ਹੀ ਲਿਆ-'ਕਦੋਂ ਬਣਾਇਆ ਸੀ ਇਹ ਮਕਾਨ?'

'ਮਕਾਨ ਬਣੇ ਨੂੰ ਤਾਂ ਦਸ ਸਾਲ ਹੋ 'ਗੇ, ਗੁਰਚਰਨ ਸਿਆਂ, ਗੇਟ ਬੱਸ ਤੇਰੇ ਹੱਥੋਂ ਲੱਗਣਾ ਸੀ।' ਜਿਵੇਂ ਮੈਂ ਵੀ ਉਹਨੂੰ ਮਿੱਠੀ ਮਸ਼ਕਰੀ ਕਰ ਬੈਠਾ ਹੋਵਾਂ।

'ਕਮਰੇ ਤਿੰਨ ਨੇ?' ਉਹਨੇ ਏਧਰ-ਓਧਰ ਗਰਦਨ ਘੁਮਾਈ।

'ਹਾਂ ਤਿੰਨ ਕਮਰੇ ਤੇ ਆਹ ਵਰਾਂਡਾ, ਬਾਥ-ਰੂਮ, ਸਟੋਰ ਤੇ ਰਸੋਈ, ਸਕੂਟਰ-ਸ਼ੈਡ, ਇਹ ਵੀ ਸਭ ਗਿਣੇ ਲੈ।'

'ਮਕਾਨ ਐਨਾ ਕੁ ਤਾਂ ਚਾਹੀਦਾ ਈ ਐ।' ਚਰਨੀ ਬੋਲਿਆ।

ਕੁੰਢਾ ਸਿੰਘ ਫੇਰ ਮੁਸਕਰਾਇਆ, ਮੁੱਛਾਂ ਵਿੱਚ ਹੀ । ਕਹਿੰਦਾ-'ਅਸਲ 'ਚ ਜੀ, ਜੰਡੂ ਸਾਅਬ ਨੇ ਆਪ ਬਣਾਉਣੈ ਹੁਣ ਇੱਕ ਮਕਾਨ।'

ਉਹਦੀ ਗੱਲ 'ਤੇ ਚਰਨੀ ਦੀਆਂ ਅੱਖਾਂ ਦੇ ਚਿਰਾਗ ਜਿਵੇਂ ਲਟਲਟ ਬਲ ਉੱਠੇ ਹੋਣ। ਉਹਦੇ ਚਿਹਰੇ ਉੱਤੇ ਇੱਕ ਤਿੱਖੀ ਉਮੰਗ ਤੇ ਭਰਪੂਰ ਹਸਰਤ ਸੀ।

'ਕਿਉਂ, ਪਹਿਲਾਂ ਨ੍ਹੀ ਕੋਈ ਮਕਾਨ?' ਮੈਂ ਹੈਰਾਨੀ ਨਾਲ ਪੁੱਛਿਆ।

'ਪਹਿਲਾਂ ਕਿੱਥੇ ਜੀ, ਓਥੇ ਈ ਬੈਠਾ ਐ ਵਿਚਾਰਾ ਇਹ ਤਾਂ, ਖੋਲੇ 'ਚ।'

'ਕਿਉਂ, ਇਹ ਕੀ ਗੱਲ?'

ਚਰਨੀ ਨੇ ਆਪ ਦੱਸਣਾ ਸ਼ੁਰੂ ਕੀਤਾ-ਸਾਡਾ ਘਰ ਕਦੇ ਏਥੇ ਸਭ ਤੋਂ ਉੱਤੇ ਹੁੰਦਾ ਸੀ, ਹੁਣ ਥੱਲੇ ਲੱਗ ਪਏ ਆਂ, ਸਾਰਿਆਂ ਦੇ। ਮੈਂ 'ਕੱਲਾਂ ਹੀ ਆਂ, ਇੱਕ ਮੇਰੀ ਮਾਂ ਐ। ਸਾਡੇ ਕਾਰਖਾਨੇ ਅਸੀਂ ਵੀ ਏਸੇ ਤਰ੍ਹਾਂ ਮਿਸਤਰੀ ਰੱਖੇ ਹੁੰਦੇ ਸੀ।'

ਉਹਦੀ ਗੱਲ ਵਿਚਕਾਰ ਹੀ ਟੋਕ ਕੇ ਕੁੰਢਾ ਸਿੰਘ ਕਹਿੰਦਾ-'ਇਹਦਾ ਬਾਪ, ਭਾਈ ਸਾਅਬ, ਸਿਰੇ ਦਾ ਮਿਸਤਰੀ ਸੀ। ਉਹ ਲੋਹੇ ਦੇ ਹਲ ਬਣਾਉਂਦਾ ਹੁੰਦਾ। ਉਹਨਾਂ ਦਿਨਾਂ 'ਚ ਲੋਹੇ ਦਾ ਹਲ ਨਵਾਂ ਨਵਾਂ ਈ ਚੱਲਿਆ ਸੀ। ਟਰੈਕਟਰ ਤਾਂ ਕਿਸੇ ਕਿਸੇ ਘਰ ਹੁੰਦਾ। ਹੁਣ ਆਲੀ ਗੱਲ ਨ੍ਹੀ ਸੀ। ਲੱਕੜ ਦਾ ਹੱਲ, ਪਰ ਚਊ ਦੀ ਥਾਂ ਲੋਹੇ ਦਾ ਸਾਰਾ ਢਾਂਚਾ ਫਿੱਟ ਕਰ ਤਾਂ, ਇਹਦੇ ਬਾਪ ਨੇ। ਟੁੱਟ ਕੇ ਪੈ 'ਗੇ, ਪਿੰਡਾਂ ਦੇ ਪਿੰਡ। ਬੱਸ ਇਹ ਦੇਖ ਲੋ, ਇੱਕ ਦਿਨ 'ਚ ਵੀਹ ਹੱਲ ਵੀ ਵਿਕ ਜਾਂਦੇ, ਤੀਹ ਵੀ, ਕਿਸੇ ਦਿਨ ਤਾਂ ਪੰਜਾਹ ਪੰਜਾਹ ਹਲ ਮੈਂ ਆਪ ਦੇਖੇ ਨੇ ਵਿਕਦੇ, ਆਪਣੀ ਅੱਖੀਂ। ਮੈਂ ਵੀ ਮਿਸਤਰੀ ਰਿਹਾਂ, ਇਹਨਾਂ ਦੇ ਕਾਰਖਾਨੇ। ਬਹੁਤ ਕਮਾਈ ਕੀਤੀ ਇਹਦੇ ਬਾਪ ਨੇ। ਪਰ ਜੀ, ਸਭ ਖੇਹ-ਖਰਾਬ ਗਈ।'

'ਕਿਉਂ, ਉਹ ਕਿਵੇਂ?'

'ਉਹਨੂੰ ਜੀ ਸ਼ਰਾਬ ਪੀਣ ਦੀ ਧੱਤ ਪੈ 'ਗੀ ਸੀ।' ਕੁੰਢਾ ਸਿੰਘ ਨੇ ਦੱਸਿਆ।

'ਅੱਛਾ?'

'ਸ਼ਰਾਬ ਵੀ ਢੰਗ-ਸਿਰ ਹੁੰਦੀ ਐ, ਭਾਈ ਸਾਅਬ। ਪਰ ਉਹ ਤਾਂ ਤੜਕੇ ਈ ਲੱਗ ਜਾਂਦਾ। ਦਿਨੇ ਵੀ, ਆਥਣੇ ਵੀ, ਕੰਮ ਕੰਨੀਂ ਧਿਆਨ ਘੱਟ ਗਿਆ। ਫੇਰ ਮਾਲ ਓਨਾ ਤਿਆਰ ਨਾ ਹੋਇਆ ਕਰੇ। ਹੋਰ ਮਿਸਤਰੀਆਂ ਨੇ ਕਰ 'ਤਾਂ ਸ਼ੁਰੂ ਇਹੀ ਕੰਮ।'

'ਫੇਰ?'

'ਫੇਜ ਜੀ, ਸਮਾਂ ਹੀ ਬਦਲ ਗਿਆ। ਟਰੈਕਟਰ ਵੱਧਣ ਲੱਗ 'ਪੇ। ਲੋਹੇ ਦੇ ਹਲਾਂ ਦੀ ਪੁੱਛ ਥੋੜ੍ਹੀ ਹੋ 'ਗੀ। ਤੇ ਇਹਦੇ ਬਾਪ ਦਾ ਕਾਰਖਾਨਾ ਸਮਝੋ ਬੰਦ ਈ ਹੋ ਗਿਆ। ਪਰ ਉਹਦੀ ਸ਼ਰਾਬ ਓਵੇਂ ਦੀ ਓਵੇਂ। ਮਰ 'ਗੇ ਬੰਦੇ ਦੀ ਬਦਖੋਈ ਨ੍ਹੀ ਕਰਨੀ ਚਾਹੀਦੀ, ਪਰ ਉਹਨੇ, ਭਾਈ ਸਾਅਬ, ਘਰ ਦਾ ਕੱਖ ਨ੍ਹੀ ਛੱਡਿਆ। ਗੱਲ ਮੁਕਾਓ, ਸੰਦ ਵੀ ਵੇਚ 'ਤੇ। ਚਰਨੀ ਦੀ ਮਾਂ, ਚਰਨੀ ਨੂੰ ਲੈ ਕੇ ਪੇਕੀਂ ਜਾ ਬੈਠੀ। ਚਾਰ-ਪੰਜ ਸਾਲ ਦਾ ਸੀ ਇਹ ਮਸਾਂ।'

ਚਰਨੀ ਸਾਡੇ ਮੁੰਡੇ ਦੇ ਬਸਤੇ ਵਿਚੋਂ ਇੱਕ ਸਲੇਟੀ ਲੈ ਕੇ ਵਿਹੜੇ ਦੇ ਫਰਸ਼ ਉੱਤੇ ਹਲ ਦੀ ਤਸਵੀਰ ਬਣਾ ਰਿਹਾ ਸੀ। ਐਨੇ ਨੂੰ ਘਰਵਾਲੀ ਲੱਡੂਆਂ ਦਾ ਲਿਫ਼ਾਫ਼ਾ ਲੈ ਕੇ ਆ ਖੜ੍ਹੀ। ਸਾਡੀਆਂ ਗੱਲਾਂ ਓਥੇ ਹੀ ਰਹਿ ਗਈਆਂ। ਸਾਨੂੰ ਦੋ-ਦੋ ਲੱਡੂ ਦੇ ਕੇ ਉਹਨੇ ਫੇਰ ਇੱਕ-ਇੱਕ ਲੱਡੂ ਘਰ ਦੇ ਜਵਾਕਾਂ ਨੂੰ ਦਿੱਤਾ। ਤੇ ਫੇਰ ਗੁਆਂਢ ਦੇ ਘਰਾਂ ਵਿੱਚ ਲੱਡੂ ਵੰਡਣ ਚਲੀ ਗਈ।

ਮਿਸਤਰੀਆਂ ਨੇ ਆਪਣੇ ਸੰਦ ਚੁੱਕੇ ਤੇ ਮੈਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਚਲੇ ਗਏ।

ਕੁਝ ਦੇਰ ਮੈਂ ਵਿਹੜੇ ਵਿੱਚ ਬੈਠਾ ਰਿਹਾ, ਫੇਰ ਬਾਹਰ ਗਲੀ ਵਿੱਚ ਜਾ ਖੜ੍ਹਾ, ਇਹ ਦੇਖਣ ਲਈ ਕਿ ਬਾਹਰੋਂ ਲੋਹੇ ਦਾ ਗੇਟ ਕਿਹੋ ਜਿਹਾ ਲੱਗਦਾ ਹੈ।

ਮੈਂ ਦੇਖਿਆ, ਗੇਟ ਦੀ ਨੇਮ-ਪਲੇਟ ਉੱਤੇ ਸਲੇਟੀ ਨਾਲ ਲਿਖਿਆ ਹੋਇਆ ਸੀ– ਗੁਰਚਰਨ ਸਿੰਘ ਜੰਡੂ। ♦

# ਬੁਰਾ

ਸਿੜ੍ਹੀ ਕਦੋਂ ਦੀ ਤਿਆਰ ਸੀ। ਵੱਡੀ ਕੁੜੀ ਹਮੀਰੋ ਨੇ ਪੇਟੀ ਵਿਚੋਂ ਕੱਫਣ ਵੀ ਕੱਢ ਰੱਖਿਆ ਸੀ। ਆਂਢੀ-ਗੁਆਂਢੀ ਤੇ ਰਿਸ਼ਤੇਦਾਰ ਬੱਸ ਜਗਰੂਪ ਨੂੰ ਉਡੀਕ ਰਹੇ ਸਨ। ਉਹ ਆਵੇ ਤਾਂ ਫੁੰਮਣ ਸੂੰ ਨੂੰ ਆਖ਼ਰੀ ਇਸ਼ਨਾਨ ਕਰਵਾ ਕੇ ਸਿੜ੍ਹੀ ਉੱਤੇ ਪਾਇਆ ਜਾਵੇ। ਉਹਦੀ ਲੋਥ ਗਦੈਲਾ ਵਿਛਾ ਕੇ ਭੁੰਜੇ ਵਰਾਂਢੇ ਵਿੱਚ ਰੱਖੀ ਹੋਈ ਸੀ। ਉੱਤੇ ਚਿੱਟੀ ਚਾਦਰ ਦੇ ਕੇ ਮੂੰਹ ਢਕਿਆ ਹੋਇਆ। ਖੇਤਾਂ ਦਾ ਕੰਮ ਛੱਡ ਕੇ ਬੈਠੇ ਲੋਕ ਅੱਕਲਕਾਣ ਹੋਏ ਪਏ ਸਨ। ਅੱਸੂ-ਕੱਤੇ ਦੀ ਰੁੱਤ ਸੀ। ਇਨ੍ਹਾਂ ਦਿਨਾਂ ਵਿੱਚ ਕਦੋਂ ਕਿਸੇ ਨੂੰ ਵਿਹਲ ਹੁੰਦੀ ਹੈ। ਇੱਕ ਬੱਸ ਭਾਈਚਾਰਾ ਨਿਭਾਉਣਾ ਸੀ। ਫੁੰਮਣ ਸੂੰ ਮਰ ਗਿਆ ਹੈ। ਚਾਰ ਬੰਦੇ ਸ਼ਰੀਕੇ-ਕਬੀਲੇ ਦੇ ਘਰ ਆ ਕੇ ਬੈਠਣੇ ਜ਼ਰੂਰੀ ਸਨ। ਸਿਵਿਆਂ ਤੱਕ ਅਰਥੀ ਨਾਲ ਜਾਣਾ ਤੇ ਬੰਦੇ ਦੇ ਦਾਹ-ਸਸਕਾਰ ਵਿੱਚ ਚਿਤਾਅ ਉੱਤੇ ਡੱਕਾ ਤੋੜ ਕੇ ਸੁੱਟਣਾ ਭਾਈਆਂ ਦਾ ਫਰਜ਼ ਸੀ। ਖੇਤਾਂ ਦਾ ਕੰਮ, ਕੰਮ ਤਾਂ ਮੁੱਕਦੇ ਹੀ ਨਹੀਂ।

ਉਹ ਦੋ ਮਹੀਨਿਆਂ ਤੋਂ ਢਿੱਲਾ ਸੀ। ਐਨਾ ਢਿੱਲਾ ਨਹੀਂ ਸੀ ਕਿ ਮੁੱਕ ਹੀ ਜਾਵੇ। ਬੀਮਾਰੀ ਵੀ ਕੋਈ ਖ਼ਾਸ ਨਹੀਂ ਸੀ। ਬੱਸ ਚੁੱਪ-ਚਾਪ ਜਿਹਾ ਰਹਿੰਦਾ। ਪਿੰਡ ਵਿੱਚ ਗੇੜਾ ਮਾਰਨਾ ਛੱਡ ਦਿੱਤਾ। ਘਰ ਦੀ ਬੈਠਕ ਵਿੱਚ ਮੰਜੇ ਉੱਤੇ ਪਿਆ ਰਹਿੰਦਾ। ਮਨ ਵਿੱਚ ਪਤਾ ਨਹੀਂ ਕੀ ਗਿਣਤੀਆਂ-ਮਿਣਤੀਆਂ ਕਰਦਾ। ਛੱਤ ਵੱਲ ਖ਼ਾਲੀ-ਖ਼ਾਲੀ ਅੱਖਾਂ ਨਾਲ ਝਾਕੀ ਜਾਂਦਾ ਜਾਂ ਅੱਖਾਂ ਮੀਚ ਲੈਂਦਾ। ਜਿਵੇਂ ਸੌਣ ਦੀ ਕੋਸ਼ਿਸ਼ ਕਰਦਾ ਹੋਵੇ। ਉਹਨੂੰ ਨੀਂਦ ਵੀ ਨਹੀਂ ਸੀ ਆਉਂਦੀ। ਇੱਕ ਬੇਚੈਨੀ ਸੀ ਜੋ ਆਪਣੇ ਆਪ ਵਿੱਚ ਹੀ ਰਿੱਝਦੀ-ਪੱਕਦੀ ਰਹਿੰਦੀ। ਬੇਚੈਨੀ ਜਿਸ ਦਾ ਨਿਕਾਸ ਨਹੀਂ ਸੀ। ਲੰਮੀ ਉਮਰ ਦੀ ਬੇਚੈਨੀ। ਉਹਨੂੰ ਭੁੱਖ ਘੱਟ ਲੱਗਦੀ। ਦੋ ਫੁਲਕੇ ਉਹਦੀ ਪੂਰੀ ਖ਼ੁਰਾਕ ਸੀ। ਚਾਹ ਦੀਆਂ ਚਾਰ ਘੁੱਟਾਂ ਦਿਨ ਭਰ ਦਾ ਧਰਵਾਸ। ਕਾਲਜੇ ਦੀ ਇੱਕੋਂ ਖੋਹ-'ਕੀ ਖੱਟਿਆ ਉਹਨੇ ਮੁੰਡਾ ਜੰਮ ਕੇ? ਮੁੰਡਾ ਕੀ ਤੇ ਕੁੜੀ ਕੀ? ਕੀ ਫ਼ਰਕ ਪੈਂਦਾ ਜੇ ਚਾਰੇ ਕੁੜੀਆਂ ਹੁੰਦੀਆਂ? ਮੁੰਡਾ ਤਾਂ ਸਾਲ਼ਾ ਝੋਰਾ ਲਾ ਗਿਆ। ਸਰੀਰ ਦਾ ਬਾਲਣ ਬਣਾ ਦਿੱਤਾ ਮੁੰਡੇ ਨੇ।"

ਉਹਦੀ ਉਮਰ ਕੋਈ ਖ਼ਾਸ ਵੱਡੀ ਨਹੀਂ ਸੀ, ਬੱਸ ਸੱਠ ਮਸਾਂ। ਸੱਠਾਂ ਦੀ ਉਮਰ ਵਿੱਚ ਕੌਣ ਮਰਦਾ ਹੈ। ਜਦੋਂ ਕਿ ਬੀਮਾਰੀ ਠੀਮਾਰੀ ਵੀ ਕੋਈ ਨਾ ਹੋਵੇ। ਪਰ ਉਹਦੇ ਕਾਲਜੇ ਦੀ ਖੁਰਚਣ....। ਮੱਥੇ ਦੀ ਠੀਕਰੀ ਤਿੜਕ-ਤਿੜਕ ਜਾਂਦੀ।

ਜਗਰੂਪ ਦੂਰ ਸ਼ਹਿਰ ਰਹਿੰਦਾ ਸੀ। ਕਦੇ ਕਦੇ ਪਿੰਡ ਦਾ ਗੇੜਾ ਮਾਰਦਾ। ਜਦੋਂ ਵੀ ਆਉਂਦਾ, ਲੜ ਝਗੜ ਕੇ ਜਾਂਦਾ। ਅੱਜ ਕੱਲ੍ਹ ਸ਼ਹਿਰ ਵਿੱਚ ਉਹਦਾ ਕਾਰੋਬਾਰ ਸੀ, ਕਿਸੇ

ਨੂੰ ਕੋਈ ਪਤਾ ਨਹੀਂ ਸੀ। ਛੋਟਾ ਇੱਕ ਮਕਾਨ, ਦੋ ਬੱਚੇ-ਇੱਕ ਮੁੰਡਾ, ਤੇ ਕੁੜੀ ਤੇ ਉਹਦੀ ਘਰ ਵਾਲੀ। ਮੁੰਡਾ-ਕੁੜੀ ਸਕੂਲ ਜਾਂਦੇ। ਬਹੂ ਜਗਰੂਪ ਨਾਲੋਂ ਵੀ ਵੱਧ ਅੱਗ ਦੀ ਨਾਲ ਸੀ। ਪੁਲਸੀਏ ਦੀ ਧੀ ਸੀ। ਸੱਸ-ਸਹੁਰੇ ਉੱਤੇ ਹੁਕਮ ਚਲਾਉਂਦੀ ਸੀ। ਦਸ ਦਿਨ ਮਸਾਂ ਕੱਟੇ। ਅਖ਼ੀਰ ਔਹ ਜਾ ਬੈਠੀ ਦੂਰ ਸ਼ਹਿਰ ਜਾ ਕੇ। ਫੁੰਮਣ ਸੂੰ ਸੋਚਦਾ, ਨੂੰਹ ਉਹਦੇ ਪੁੱਤ ਨੂੰ ਖਾ ਗਈ। ਡੈਣ ਕਿਤੋਂ ਦੀ। ਸੱਸ ਨੂੰ ਕੁਫ਼ਰ ਤੋਲਦੀ। ਨਿੱਤ ਝਗੜਾ-'ਧੀਆਂ ਨੂੰ ਐਨਾਂ ਦਿਨੀ ਐਂ, ਮਗਰੋਂ ਕੀ ਰਹਿ ਜੂਗਾ ਫੇਰ? ਮੇਰੇ ਜੁਆਕਾਂ ਨੂੰ ਠੂਠਾਂ ਫੜਾਏਂਗੀ ਇੱਕ ਦਿਨ।'

'ਧੀਆਂ ਦਾ ਹੱਕ ਹੁੰਦੈ, ਭਾਈ। ਧੀਆਂ ਤਾਂ ਸਾਰੀ ਉਮਰ ਲਿਜਾਂਦੀਆਂ ਨੇ, ਪਿਓ ਦੇ ਘਰੋਂ। ਧੀਆਂ ਨੇ ਕਿਹੜਾ ਜ਼ਮੀਨ ਵੰਡਾਅ ਲੈਣੀ ਐ।' ਚਤਿੰਨ ਕੁਰ ਠੋਕ ਕੇ ਜਵਾਬ ਦਿੰਦੀ। ਉਹ ਕਿਉਂ ਝਿਪਦੀ ਨੂੰਹ ਤੋਂ? ਨੂੰਹ ਦਾ ਕੀ ਹੱਕ ਹੁੰਦੈ ਬੋਲਣ ਦਾ? ਉਹ ਜੋ ਮਰਜ਼ੀ ਦੇਵੇ ਧੀਆਂ ਨੂੰ। ਕੱਲ੍ਹ ਦੀ ਭੂਤਨੀ ਸਿਵਿਆ ਵਿੱਚ ਅੱਧ ਕਰਨ ਨੂੰ ਫਿਰਦੀ ਹੈ। ਅੱਜ ਤੋਂ ਹੀ ਘਰ-ਬਾਰਨ ਬਣਨ ਨੂੰ ਤਕਾਉਂਦੀ ਹੈ।

'ਜ਼ਮੀਨਾਂ ਨੂੰ ਕੀ ਮੁਰੱਬੇ ਬੁਸੇ ਜਾਂਦੇ ਐ? ਚਾਰ ਡਲੇ ਨੇ ਮਿੱਟੀ ਦੇ। ਇਹ ਵੀ ਫੜਾਦੀਂ ਇੱਕ ਦਿਨ, ਤਿੰਨਾਂ ਨੂੰ।' ਨੂੰਹ ਨਿਹੋਰਾ ਦਿੰਦੀ।

'ਦਸ ਕੀਲੇ ਐ, ਥੋੜ੍ਹੀ ਹੁੰਦੀ ਐ ਦਸ ਕੀਲੇ? ਆਖ਼ਰ ਨੂੰ ਥੋਡੀ ਐ ਭਾਈ। ਧੀਆਂ ਦਾ ਤਾਂ ਬੱਸ ਝੱਗਾ ਚੁੰਨੀ ਐ।' ਕਦੇ ਚਤਿੰਨ ਕੁਰ ਢੈਲੀ ਪੈ ਕੇ ਆਖਦੀ।

ਦਸ ਦੀ ਦਸ ਕਿੱਲੇ ਜ਼ਮੀਨ ਇਕੱਠੀ ਸੀ। ਵਿੱਚ ਮੋਟਰ ਲੱਗੀ ਹੋਈ। ਮੋਘੇ ਜਿੰਨਾ ਪਾਣੀ ਸੁੱਟਦੀ। ਕੱਸੀ ਦਾ ਪਾਣੀ ਵੀ ਲੱਗਦਾ। ਪਾਣੀ ਦੀ ਕੋਈ ਟੋਟ ਨਹੀਂ ਸੀ। ਧਰਤੀ ਵੀ ਚੰਗੀ ਸੀ। ਕਣਕਾਂ ਤੇ ਜੀਰੀਆਂ ਦੇ ਅੰਬਾਰ ਲੱਗ ਜਾਂਦੇ। ਫੁੰਮਣ ਸੂੰ ਤਕੜਾ ਜੱਟ ਸੀ। ਸੁਖੀ ਸੀ। ਚੌੜਾ ਹੋ ਕੇ ਸੱਥ ਵਿੱਚ ਬੈਠਦਾ। ਪਰ ਫੇਰ ਪੁੱਤ ਨੇ ਖੂੰਜੇ ਲਾ ਕੇ ਰੱਖ ਦਿੱਤਾ ਉਹਨੂੰ।

ਪਹਿਲਾਂ ਹਮੀਰੋ ਜੰਮੀ ਸੀ, ਫੇਰ ਜੰਗੀਰੋ। ਜਗਰੂਪ ਤੀਜੇ ਥਾਂ ਉੱਤੇ ਸੀ। ਫੁੰਮਣ ਸੂੰ ਆਖਦਾ ਹੁੰਦਾ-'ਵਣੀ 'ਚ ਸ਼ੇਰ ਇਕੋ ਬਹੁਤ ਹੁੰਦੈ। ਹੁਣ ਬੱਸ।'

ਚਤਿੰਨ ਕੁਰ ਦੀ ਜ਼ਿੱਦ-'ਕੱਲੀ ਹੋਵੇ ਨਾ ਵਣਾਂ ਵਿੱਚ ਲੱਕੜੀ, ਕੱਲਾ ਨਾ ਹੋਵੇ ਪੁੱਤ ਜੱਟ ਦਾ। ਜੋੜੀ ਚਾਹੀਦੀ ਐ। ਭਾਈ ਬਾਹਾਂ ਹੁੰਦੇ ਨੇ।' ਸ਼ਿੰਦਰੋ ਆਈ ਫੇਰ। ਜਗਰੂਪ ਸ਼ੇਰ-ਪੁੱਤ ਹੋਰ ਲਾਡਲਾ ਹੋ ਗਿਆ।

ਔਖਾ ਸੀ ਖੇਤੀ ਦਾ ਕੰਮ। ਫੁੰਮਣ ਸੂੰ ਚਾਹੁੰਦਾ ਸੀ, ਜਗਰੂਪ ਪੜ੍ਹ ਜਾਵੇ। ਕੋਈ ਅਫ਼ਸਰ ਬਣੇ ਤੇ ਛਾਂ ਵਿੱਚ ਬੈਠਿਆ ਕਰੇ। ਪਰ ਉਹ ਤਾਂ ਸੱਤਵੀਂ ਜਮਾਤ ਵਿਚੋਂ ਹੀ ਭਗੌੜਾ ਹੋ ਗਿਆ। ਬਸਤਾ ਚੁੱਕ ਕੇ ਘਰੋਂ ਤਾਂ ਤੁਰ ਪੈਂਦਾ, ਸਕੂਲ ਪਹੁੰਚਦਾ ਹੀ ਨਾ। ਜਾਂਦਾ ਵੀ ਤਾਂ ਕੋਈ ਬਹਾਨਾ ਬਣਾ ਕੇ ਸਕੂਲੋਂ ਖਿਸਕ ਜਾਂਦਾ। ਉਹਦਾ ਬਸਤਾ ਗੁਆਂਢੀ ਮੁੰਡੇ ਘਰ ਛੱਡ ਕੇ ਜਾਂਦੇ।

ਉਹ ਦਿਨੋ-ਦਿਨ ਅਲੱਥ ਹੁੰਦਾ ਗਿਆ। ਬੈਠਣ ਉਠਣ ਖਰੂਦੀ ਮੁੰਡਿਆਂ ਨਾਲ ਸੀ। ਸਕੂਲ ਦਾ ਖਹਿੜਾ ਜਮਾਂ ਹੀ ਛੱਡ ਗਿਆ। ਲੰਡੋਰ ਵਿਹਲਾ ਫਿਰਨ ਲੱਗਿਆ। ਉਲਾਂਭੇ ਆਉਂਦੇ। ਚਤਿੰਨ ਕੁਰ ਕੀਹਦੇ-ਕੀਹਦੇ ਨਾਲ ਆਢਾ ਲਾਵੇ। ਮਾਂ-ਪਿਓ ਦੋਵੇਂ ਜਿੱਚ ਹੋ ਗਏ। ਉਹ ਵੱਡੀਆਂ ਭੈਣਾਂ ਦਾ ਆਖਾ ਵੀ ਨਾ ਮੰਨਦਾ।

ਖੇਤੀ ਦੇ ਕੰਮ ਵਿੱਚ ਉਹਨੂੰ ਪਾਇਆ ਹੀ ਨਹੀਂ ਗਿਆ ਸੀ। ਘਰ ਦਾ ਕੋਈ ਕੰਮ ਨਾ ਕਰਦਾ। ਮੱਝ ਨੂੰ ਪਾਣੀ ਦਿਖਾਉਣ ਟੋਭੇ ਤੱਕ ਨਾ ਜਾਂਦਾ। ਫੁੰਮਣ ਸੂੰ ਦਾ ਉਹਨੂੰ ਅਫ਼ਸਰ ਬਣਾਉਣ ਦਾ ਸੁਫਨਾ ਕਿਧਰੇ ਹੀ ਉੱਡ ਪੁੱਡ ਗਿਆ। ਹੁਣ ਤਾਂ ਉਹ ਇਸ ਕਾਹਲ ਵਿੱਚ ਸੀ ਕਿ ਜਗਰੂਪ ਖੇਤੀ ਕਰੇ। ਦਸ ਕਿੱਲੇ ਭੋਇੰ ਹੈ। ਡਾਕਰ ਤੇ ਸੇਂਜੂ। ਅਜਿਹੀ ਜ਼ਮੀਨ ਵਿਚੋਂ ਤਾਂ ਚਾਹੇ ਆਦਮੀ ਹਰਾ ਕਰ ਲਵੇ ਕੋਈ। ਉਹ ਕਮਾਈ ਕਰੇ ਤੇ ਆਪਣਾ ਆਪ ਸੰਭਾਲੇ। ਪਰ ਜਗਰੂਪ ਸੁਣਦਾ ਹੀ ਨਹੀਂ ਸੀ। ਫੁੰਮਣ ਸੂੰ ਨੇ ਉਹਨੂੰ ਨੱਥਣਾ ਚਾਹਿਆ। ਅਲਕ-ਵਹਿੜਕਾ ਹੈ, ਆਪੇ ਸੀਲ ਹੋ ਜਾਵੇਗਾ। ਚਾਰ ਡਲਿਆ ਨੂੰ ਸਾਕ ਵੀ ਹੋ ਗਿਆ। ਇੱਕ ਜੁਆਕ ਹੋ ਗਿਆ, ਫੇਰ ਦੂਜਾ ਵੀ। ਪਰ ਜਗਰੂਪ ਅਲੱਥ ਦਾ ਅਲੱਥ ਰਿਹਾ। ਘਰ ਵੜਦਾ, ਰੋਟੀ ਖਾ ਜਾਂਦਾ। ਆਉਂਦਾ, ਚਾਹ ਪੀ ਲੈਣੀ। ਜਾਂ ਅੰਦਰ ਬਹਿ ਕੇ ਬਹੂ ਨਾਲ ਗੱਲਾਂ ਮਾਰਦਾ ਰਹਿੰਦਾ। ਬਹੂ-ਮੁੰਡਾ ਦੰਦ ਕੱਢੀਂ ਜਾਂਦੇ। ਚਤਿੰਨ ਕੁਰ ਖਿੜਦੀ-'ਸ਼ਰਮ ਲਾਹ ਕੇ ਕਿੱਲੇ ਟੰਗ ਤੀ ਕਮੂਤ ਨੇ।'

ਮਾਮੇ ਸਮਝਾ ਕੇ ਜਾਂਦੇ। ਉਨ੍ਹਾਂ ਦਾ ਸੀਰੀ ਸਿਆਣਾ ਬੰਦਾ ਸੀ। ਉਹ ਮੱਤਾਂ ਦਿੰਦਾ। ਪਰ ਜਗਰੂਪ ਕਦੇ ਜੇ ਖੇਤ ਜਾ ਵੀ ਵੜਦਾ ਤਾਂ ਕੋਈ ਬਹਾਨਾ ਬਣਾ ਕੇ ਭੱਜ ਆਉਂਦਾ। ਜਿਵੇਂ ਖੜ੍ਹੀ ਫ਼ਸਲ ਉਹਨੂੰ ਡਰਾਉਂਦੀ ਹੋਵੇ। ਖੇਤ ਜਾ ਕੇ ਜਿਵੇਂ ਉਹਨੂੰ ਤਾਪ ਚੜ੍ਹ ਜਾਂਦਾ ਹੋਵੇ। ਸ਼ਰਾਬ ਤਾਂ ਉਹ ਸ਼ਰ੍ਹੇਆਮ ਪੀਂਦਾ ਸੀ। ਚੋਰੀ ਛਿਪੇ ਫੀਮ ਵੀ ਖਾਂਦਾ। ਜ਼ਰਦਾ ਉਹਨੂੰ ਅਚੰਭ ਹੋਵੇ ਜਿਵੇਂ ਕੋਈ। ਹਥੇਲੀ ਉੱਤੇ 'ਗੂਠੇ ਦੀ ਰਗੜ ਬੜਾ ਦਿਲਚਸਪ ਰੁਝੇਵਾਂ ਸੀ।

ਮਾਮਿਆਂ ਨੇ ਇੱਕ ਦਿਨ ਪਿਆਰ ਨਾਲ ਕੋਲ ਬਿਠਾ ਕੇ ਉਹਨੂੰ ਪੁੱਛਿਆ-ਤੂੰ ਭਾਈ ਕਿਸੇ ਤਣ-ਪੱਤਣ ਲੱਗੇਂਗਾ ਵੀ? ਕੁਝ ਤਾਂ ਕਰ। ਫੁੰਮਣ ਸੂੰ ਸਾਰੀ ਉਮਰ ਤਾਂ ਨ੍ਹੀ ਬੈਠਾ ਰਹੂ। ਕਦੇ ਤਾਂ ਕਰੇਂਗਾ। ਦੱਸ, ਤੂੰ ਚਾਹੁੰਦਾ ਕੀ ਐਂ?'

'ਮੈਂ ਬੱਸ ਐਥੇ ਨ੍ਹੀ ਰਹਿਣਾ?'

'ਹੋਰ ਕਿੱਧਰ ਜਾਏਂਗਾ?' ਮਾਮੇ ਹੱਸਣ ਲੱਗੇ।

ਮੈਨੂੰ ਪੰਜਾਹ ਚਾਹੀਦੈ।

'ਪੰਜਾਹ ਹਜ਼ਾਰ? ਕੀ ਕਰੇਂਗਾ ਪੰਜਾਹ ਹਜ਼ਾਰ ਦਾ?' ਮਾਮੇ ਗੰਭੀਰ ਹੋ ਗਏ।

'ਚਾਹੇ ਕੁਛ ਕਰਾਂ।'

'ਫੇਰ ਵੀ, ਕਿਸੇ ਅਰਥ ਤਾਂ ਲਾਮੇਂਗਾ ਈ, ਐਨੇ ਪੈਸਿਆਂ ਨੂੰ।'

'ਕੀ ਕੰਮ?'

'ਕੁਝ ਵੀ ਕਰਾਂ। ਮੁੜ ਕੇ ਪਿੰਡ ਨ੍ਹੀ ਵੜਦਾ। ਕਿਤੋਂ ਖਾਮਾਂ, ਕਿਤੇ ਰਹਾਂ, ਥੋਨੂੰ ਕੀ, ਕੋਈ ਕੰਮ ਕਰਾਂ।'

ਫੁੰਮਣ ਸੂੰ ਓਹਲੇ ਬੈਠਾ ਸੁਣਦਾ ਸੀ। ਉੱਠ ਕੇ ਕੋਲ ਆ ਖੜੋਤਾ। ਕਹਿੰਦਾ-ਪੰਜਾਹ ਹਜ਼ਾਰ ਜੀਅ ਸਦਕੇ ਲੈ ਜਾ। ਆੜ੍ਹਤੀਆਂ ਦਿਓਂ ਕੱਲ੍ਹ ਨੂੰ ਲਿਆ ਦਿੰਨਾ। ਪਰ ਆਵਦਾ ਤੋਰਾ ਤੋਰ ਕੋਈ। ਇਹ ਨਾ ਹੋਵੇ, ਬਈ ਪੰਜਾਹ ਹਜ਼ਾਰ ਖਾ-ਪੀ ਕੇ ਫੇਰ ਦੱਦ ਆ ਲੱਗੇ ਮੈਨੂੰ।'

ਫ਼ੈਸਲਾ ਹੋਇਆ ਕਿ ਜਗਰੂਪ ਨੂੰ ਪੰਜਾਹ ਹਜ਼ਾਰ ਰੁਪਿਆ ਦਿੱਤਾ ਜਾਵੇਗਾ। ਉਹ ਸ਼ਹਿਰ ਜਾ ਕੇ ਕੀ ਕੰਮ ਤੋਰਦਾ ਹੈ, ਓਨਾ ਚਿਰ ਉਹਦਾ ਛੋਟਾ ਮਾਮਾ ਉਹਦੇ ਨਾਲ

ਰਹੇਗਾ। ਪੰਜਾਹ ਹਜ਼ਾਰ ਮਾਮੇ ਹੱਥ ਹੀ ਹੋਵੇਗਾ। ਜਗਰੂਪ ਦਾ ਕੀ ਪਤਾ, ਸਾਰੀ ਰਕਮ ਖੱਖਰ-ਭੱਖਰ ਕਰਕੇ ਪਿੰਡ ਆ ਵੜੇ।

ਦੂਰ-ਸ਼ਹਿਰ ਜਗਰੂਪ ਦਾ ਇੱਕ ਮਿੱਤਰ ਲੱਕੜਾਂ ਦੀ ਟਾਲ ਚਲਾਉਂਦਾ ਸੀ। ਇਨ੍ਹਾਂ ਦੇ ਪਿੰਡਾਂ ਦਾ ਹੀ ਮੁੰਡਾ ਸੀ। ਮਾਮਾ-ਭਾਣਜਾ ਗਏ ਲੱਕੜਾਂ ਦੇ ਟਾਲ ਵਾਲੇ ਮੁੰਡੇ ਕੋਲ ਹੀ ਠਹਿਰੇ। ਉਹਦਾ ਚੰਗਾ ਕੰਮ ਸੀ। ਸ਼ਹਿਰ ਵਿੱਚ ਪੂਰੀ ਪਰਚੋਂ ਸੀ। ਉਹਨੇ ਜਗਰੂਪ ਨੂੰ ਇੱਕ ਮਕਾਨ ਕਿਰਾਏ ਉੱਤੇ ਲੈ ਦਿੱਤਾ। ਐਡਾ ਕੁ ਮਕਾਨ ਕਿ ਉਹ ਆਪਣੇ ਜੁਆਕਾਂ ਨੂੰ ਵੀ ਇੱਥੇ ਲਿਆ ਕੇ ਰੱਖ ਸਕੇ। ਇੱਕ ਛੋਟੀ ਦੁਕਾਨ ਕਿਰਾਏ ਉੱਤੇ ਲੈ ਦਿੱਤੀ। ਦੁਕਾਨ ਵਿੱਚ ਬਿਜਲੀ ਦਾ ਸਾਮਾਨ ਪਾ ਦਿੱਤਾ। ਜਗਰੂਪ ਨੂੰ ਬਿਜਲੀ ਦੇ ਕੰਮਾਂ ਵਿੱਚ ਦਿਲਚਸਪੀ ਸੀ। ਭੰਨ-ਤੋੜ ਚੰਗੀ ਕਰ ਲੈਂਦਾ। ਮਾਮਾ-ਭਾਣਜਾ ਹੋਟਲ ’ਤੇ ਰੋਟੀ ਖਾਂਦੇ। ਚਾਹ ਦਾ ਸਾਮਾਨ ਘਰੇ ਲੈ ਆਏ। ਦੋ ਮਹੀਨੇ ਮਾਮਾ ਓਥੇ ਹੀ ਟਿਕਿਆ ਰਿਹਾ। ਜਗਰੂਪ ਦਾ ਕੰਮ ਚੰਗਾ ਚੱਲ ਪਿਆ ਸੀ, ਟਿਊਬ-ਬੱਲਬ ਦੀ ਖਪਤ ਬਹੁਤ ਸੀ। ਨਿੱਕੀਆਂ-ਨਿੱਕੀਆਂ ਚੀਜ਼ਾਂ ਹਰ ਰੋਜ਼ ਵਿਕਦੀਆਂ। ਮਾਮੇ ਨੂੰ ਵਿਸ਼ਵਾਸ ਹੋ ਗਿਆ ਕਿ ਹੁਣ ਉਹ ਠੀਕ ਹੈ। ਬਹੂ ’ਤੇ ਜੁਆਕਾਂ ਨੂੰ ਮਾਮਾ ਹੀ ਲੈ ਕੇ ਗਿਆ। ਜਗਰੂਪ ਦਾ ਇਹ ਨਵਾਂ ਸੰਸਾਰ ਸੀ। ਉਹ ਖ਼ੁਸ਼ ਸੀ, ਬਹੂ ਵੀ ਖ਼ੁਸ਼-ਸੱਸ ਨਾਲ ਨਿੱਤ ਦੇ ਕਲੇਸ਼ ਵਿਚੋਂ ਨਿਕਲ ਆਈ।

ਜਗਰੂਪ ਸਾਲ ਭਰ ਪਿੰਡ ਨਹੀਂ ਵੜਿਆ। ਫੁੰਮਣ ਸੂੰ ਤੇ ਚਤਿੰਨ ਕੁਰ ਨੂੰ ਸੁੱਖ ਦਾ ਸਾਹ ਆਉਂਦਾ। ਉਹ ਨਿੱਤ ਦੇ ਕਲੇਸ਼ ਤੋਂ ਬਚੇ ਹੋਏ ਸਨ। ਕਦੇ-ਕਦੇ ਬੈਠ ਕੇ ਗੱਲਾਂ ਕਰਦੇ ਤੇ ਝੂਰਦੇ ਵੀ, ਇੱਕ ਪੁੱਤ ਹੈ, ਉਹ ਵੀ ਕੋਲ ਨਹੀਂ। ਫੁੰਮਣ ਸੂੰ ਆਖਦਾ-ਚੱਲ, ਕਿਤੇ ਬੈਠਾ ਰਹੇ, ਖ਼ੁਸ਼ ਰਹੇ। ਹੁਣ ਅੱਗੇ ਵਾਂਗੂੰ ਲੰਡਰ ਤਾਂ ਨ੍ਹੀ ਫਿਰਦਾ। ਕਰਕੇ ਖਾਂਦੈ। ਉਹਨੂੰ ਵੀ ਪਤਾ ਲਗਦੈ, ਬਈ ਪੈਸਾ ਕਿਮੇਂ ਬਣਦੈ।’

‘ਮੁੰਡਾ ਆਪਣਾ ਮਾੜਾ ਨ੍ਹੀ ਸੀ। ਜ਼ੁਬਾਨ-ਰੋਗ ਐ ਬੱਸ ਇੱਕ ਚੰਦਰੇ ਨੂੰ। ਜਦੋ ਬੋਲਣ ’ਤੇ ਆਉਂਦੈ, ਪਤਾ ਨ੍ਹੀ ਕੀ-ਕੀ ਮੂੰਹੋਂ ਕੱਢੀ ਜਾਊ। ਚਿੱਤ ਦਾ ਮਾੜ੍ਹਾ ਨ੍ਹੀ ਊਂ। ਬਹੂ ਨੇ ਵਗਾੜ ’ਤਾ ਮੁੰਡੇ ਨੂੰ ਪਤਾ ਨ੍ਹੀ ਕਿੱਥੋਂ ਸਹੇੜ ’ਲੀ ਗਏ ਖਲ੍ਹਣੇ ਦੀ।’ ਚਤਿੰਨ ਕੁਰ ਨੂੰ ਮੁੰਡੇ ਦਾ ਅੰਦਰੋਂ ਮੋਹ ਜਾਗਦਾ।

‘ਲਾਡਲਾ ਰੱਖਿਆ, ਲਾਡਲਾ। ਪਹਿਲੇ ਦਿਨੋ ਲਾਡਲਾ। ਬਹੁਤੀਆਂ ਭੈਣਾਂ ਦਾ ਇੱਕ ਭਾਈ ਐਈਂ ਵਿਗੜਦਾ ਹੁੰਦੈ। ਕੀ ਲੈਣਾ ਸੀ ਉਹਨੂੰ ਆਪਾਂ ਸਕੂਲ ਭੇਜ ਕੇ? ਪਹਿਲੇ ਦਿਨੋ ਡੰਗਰ ਚਾਰੇ ਹੁੰਦੇ ਵਾਹਣਾਂ ’ਚ, ਵੱਟਾ ਪਵਾਈਆਂ ਹੁੰਦੀਆਂ, ਹਲ ਦਾ ਮੁੰਨਾ ਫੜਦਾ, ਬਲਦਾਂ ਮਗਰ ਫਿਰਦੇ ਦੀਆਂ ਖੁੱਚਾਂ ਰਹਿ ਜਾਂਦੀਆਂ, ਮੇਰੇ ਸਾਲੇ ਦੀਆਂ, ਫੇਰ ਲੱਗਦਾ ਪਤਾ। ਹੁਣ ਸਾਲਾ ਆਇਓਂ ਬੋਲਦੈ, ਜਿਵੇਂ ਡੀਸੀ ਲੱਗਿਆ ਹੁੰਦੈ। ਆਪਾਂ ਈ ਸਿਰ ਚੜ੍ਹਾਇਆ ਉਹਨੂੰ। ਫੇਰ ਵਿਆਹ ’ਤਾ। ਬਹੂ ਤਾਂ ਉਹਨੂੰ ‘ਗੁੱਡੀ ਖਿਡੌਣਾ ਬਣ ’ਗੀ। ਮੱਛਰ ਗਿਆ। ਘਰੋਂ ਖਾ ਲਿਆ, ਪੀ ਲਿਆ, ਐਸ਼ ਕੀਤੀ। ਚੰਗਾ, ਹੁਣ ਪਤਾ ਲੱਗਦੈ ਨਾ, ਜਦੋਂ ਆਪ ਕਮਾ ਕੇ ਖਾਂਦੈ ਉਥੇ।’ ਫੁੰਮਣ ਸੂੰ ਦੀ ਖਿੱਝ ਦਾ ਕੋਈ ਪਾਰਾਵਾਰ ਨਹੀਂ ਸੀ।

ਫੇਰ ਇੱਕ ਦਿਨ ਜਗਰੂਪ ਪਿੰਡ ਆਇਆ। ਬਹੂ ਤੇ ਬੱਚੇ ਨਾਲ ਸੀ। ਉਹ ਤਿੰਨ ਦਿਨ ਰਹੇ। ਤਿੰਨੇ ਦਿਨ ਕਿੜ-ਕਿੜ ਹੁੰਦੀ ਰਹੀ। ਕਦੇ ਜਗਰੂਪ ਫੁੰਮਣ ਸੂੰ ਨਾਲ ਖਹਿਬੜ

ਰਿਹਾ ਹੈ। ਕਦੇ ਉਹ ਮਾਂ ਨੂੰ ਉੱਚਾ-ਉੱਚਾ ਬੋਲਦਾ ਹੈ। ਬਹੂ ਚਤਿੰਨ ਕੁਰ ਨੂੰ ਨਿੱਕੀਆਂ-ਨਿੱਕੀਆਂ ਚੁਭਵੀਆਂ ਗੱਲਾਂ ਆਖ ਕੇ ਖਿੱਝ ਚੜ੍ਹਾ ਰਹੀ ਹੈ। ਚਤਿੰਨ ਕੁਰ ਮਠਾਰ ਕੇ ਜਵਾਬ ਦਿੰਦੀ-ਅੰਦਰੋਂ ਗੁੱਸੇ ਨਾਲ ਭਰੀ ਹੋਈ ਤੇ ਬਾਹਰੋਂ ਪੂਰਾ ਠਰ੍ਹੰਮਾ। ਉਹਦੀ ਦੁਨੀਆਂ ਦੇਖੀ ਹੋਈ ਸੀ। ਬਹੂ ਕੱਲ੍ਹ ਦੀ ਚੀਚਲੀ। ਆਏ ਤਾਂ ਉਹ ਮਿਲਣ-ਗਿਲਣ ਸੀ, ਤੱਤੀਆਂ-ਠੰਡੀਆਂ ਆਖ-ਸੁਣ ਕੇ ਚਲੇ ਗਏ। ਫੇਰ ਵੀ ਚਤਿੰਨ ਕੁਰ ਨੇ ਦੋ-ਤਿੰਨ ਕਿਲੋ ਮੂੰਗੀ, ਅੱਧਾ ਗੱਟਾ ਛੋਲਿਆ ਦਾ, ਵਿੱਚ ਮੱਕੀ ਦੇ ਦਾਨਿਆਂ ਦੀ ਪੋਟਲੀ, ਸੁੱਕੀਆਂ ਭੂਕਾਂ ਸਮੇਤ ਲਸਣ ਦਾ ਮੁੱਠਾ, ਸਾਰਾ ਨਿੱਕ-ਸੁੱਕ ਬੰਨ੍ਹ ਕੇ ਦਿੱਤਾ। ਪੋਤੇ-ਪੋਤੀ ਦਾ ਮੂੰਹ ਚੁੰਮਿਆ। ਨੂੰਹ ਮੁੰਡੇ ਨੂੰ ਹਿੱਕ ਨਾਲ ਲਾਇਆ।

ਉਹ ਜਦੋਂ ਵੀ ਕਦੇ ਦੂਰ-ਸ਼ਹਿਰੋਂ ਆਉਂਦੈ, ਦੋ ਦਿਨ ਰਹਿੰਦੇ, ਚਾਰ ਦਿਨ ਰਹਿੰਦੇ ਲੜ-ਝਗੜ ਕੇ ਜਾਂਦੇ। ਚਤਿੰਨ ਕੁਰ ਖਿੱਝ ਕੇ ਆਖਦੀ-'ਏਥੇ ਆਉਂਦੇ ਕਾਹਨੂੰ ਹੁੰਨੇ ਓਂ, ਜੇ ਇਹੀ ਕਾਟੋ ਕਲੇਸ਼ ਪਾਉਣਾ ਹੁੰਦੈ। ਦੁਖੀ ਕਰਦੇ ਓ ਆ ਕੇ ਸਾਡੀ ਜਾਨ।'

ਹੁਣ ਕੁਝ ਸਾਲਾਂ ਤੋਂ ਜਗਰੂਪ ਪਿਓ ਨੂੰ ਕਹਿ ਰਿਹਾ ਸੀ ਕਿ ਮੋਟਰ ਵਾਲੀ ਦੋ ਕਿੱਲੇ ਜ਼ਮੀਨ ਵੇਚ ਕੇ ਉਹਨੂੰ ਪੈਸੇ ਦਿੱਤੇ ਜਾਣ। ਉਹਨੇ ਸ਼ਹਿਰ ਵਿੱਚ ਪਲਾਟ ਲੈਣਾ ਹੈ। ਜ਼ਮੀਨ ਕੀ ਦਿੰਦੀ ਹੈ, ਪਲਾਟ ਤਾਂ ਅਗਲੇ ਸਾਲ ਦੁੱਗਣੀ ਰਕਮ ਦੇ ਜਾਂਦਾ ਹੈ। ਫੁੰਮਣ ਸੂੰ ਦਾ ਚਿੱਟਾ ਜਵਾਬ ਸੀ। ਉਹ ਆਖਦਾ-'ਜ਼ਮੀਨ ਕੋਈ ਵੇਚਣ ਵਾਲੀ ਚੀਜ਼ ਐ? ਜੱਟ ਜ਼ਮੀਨ ਵੇਚਦਾ ਨ੍ਹੀ ਹੁੰਦਾ, ਲੈਂਦਾ ਹੁੰਦੈ।' ਉਹ ਸਗੋਂ ਸੁਝਾਓ ਦਿੰਦਾ-'ਤੂੰ ਕਮਾਈ ਕਰ, ਹੋਰ ਕਿੱਲਾ ਲੈ ਕੇ ਦੇਹ ਐਥੇ ਆਪਣੇ ਪਿੰਡ। ਜ਼ਮੀਨ ਦੀ ਤਾਂ ਸਰਦਾਰੀ ਐ। ਪਲਾਟ-ਪਲੂਟ ਬਾਣੀਆਂ ਦਾ ਧੰਦਾ ਐ, ਭਾਈ।'

ਹੁਣ ਦੋ-ਢਾਈ ਮਹੀਨੇ ਪਹਿਲਾਂ ਜਦੋਂ ਜਗਰੂਪ ਪਿੰਡ ਆਇਆ ਸੀ, ਪਿਓ ਨੂੰ ਖ਼ਾਸਾ ਹੀ ਔਖਾ ਬੋਲ ਗਿਆ। ਅਖੇ-ਕੁੜੀਆਂ ਦੀ ਲਾਰ ਲਾ 'ਤੀ। ਕੀ ਲੋੜ ਸੀ ਐਨੇ ਜੁਆਕ ਜੰਮਣ ਦੀ? ਜਦੋਂ ਮੈਂ ਹੈਗਾ ਸੀ। ਸ਼ਿੰਦਰੋ ਕਿਉਂ ਜੰਮੀ?

ਮੁੰਡੇ ਦੀਆਂ ਕੌੜੀਆਂ ਗੱਲਾਂ ਸੁਣ-ਸੁਣ ਫੁੰਮਣ ਸੂੰ ਦਾ ਦਿਮਾਗ਼ ਸੁੰਨ ਹੋ ਗਿਆ। ਪੁੱਤ ਹੈ ਫੇਰ ਵੀ, ਕੀ ਬੋਲੇ ਉਹ ਹੁਣ ਉਹਨੂੰ? ਫੁੰਮਣ ਸੂੰ ਕਹਿਣ ਲੱਗਿਆ-'ਤੈਨੂੰ ਜੰਮਿਆ, ਪਾਲਿਆ, ਐਡਾ ਕੀਤਾ। ਫੇਰ ਵਿਆਹ ਕੀਤਾ ਤੇਰਾ। ਮਾੜਾ ਕੰਮ ਕੀਤਾ ਕੋਈ ਮੈਂ?'

'ਜੰਮਿਆ ਹੋਊ, ਸਾਰੀ ਦੁਨੀਆ ਜੰਮਦੀ ਐ। ਆਵਦੇ ਸੁਆਦ ਨੂੰ ਜੰਮਿਆ ਹੋਊ ਤੂੰ ਮੈਨੂੰ।' ਜਗਰੂਪ ਨੇ ਉਹ ਆਖ ਦਿੱਤੀ, ਜਿਹੜੀ ਕੋਈ ਵੀ ਪੁੱਤ ਆਪਣੇ ਪਿਓ ਨੂੰ ਨਹੀ ਆਖਦਾ ਹੁੰਦਾ।

ਉਸ ਦਿਨ ਉਹਦੇ ਉੱਤੇ ਪਤਾ ਨਹੀਂ ਕੀ ਭੂਤ ਸਵਾਰ ਸੀ, ਉਹ ਚਤਿੰਨ ਕੁਰ ਨੂੰ ਭੱਜ-ਭੱਜ ਪੈਂਦਾ-'ਤੇਰੇ ਕੀੜੇ ਪੈਣਗੇ, ਮਾਂ। ਤੇਰਾ ਮਾਸ ਗਿਰਝਾਂ ਨੇ ਨ੍ਹੀ ਖਾਣਾ। ਤੂੰ ਨਰਕਾਂ ਨੂੰ ਜਾਏਂਗੀ।'

ਪਿਓ ਨੂੰ ਆਖਦਾ-'ਤੂੰ ਕੰਜਰ ਐਂ, ਕੰਜਰ। ਕੁੱਤਾ-ਕਮੀਨਾ ਐਂ ਤੂੰ। ਜੁਆਕਾਂ ਦੀ ਹੇੜ੍ਹ ਲਾ 'ਤੀ। ਤੂੰ ਛੱਡਿਆ ਕੀਹ ਐ ਮੇਰੀ ਖ਼ਾਤਰ? ਸਾਰਾ ਘਰ ਕੁੜੀਆਂ 'ਤੇ ਮੂਧਾ ਕਰ 'ਤਾ।'

'ਤੂੰ ਨਿੱਕਲ ਐਥੋਂ ਓਏ, ਬੁਰੇ ਬੂਥੇ ਆਲਿਆਂ। ਮੁੜ ਕੇ ਲੱਤ ਨਾ ਦੇਈਂ ਮੇਰੇ ਘਰ। ਦੇਲ੍ਹੀਓਂ ਅੰਦਰ ਕਦੇ ਪੈਰ ਧਰਿਐ, ਤਾਂ ਗਿੱਟੇ ਛਾਂਗ ਦੂੰ ਤੇਰੇ ਮੈਂ।

'ਓਏ, ਤੇਰੀ ਮੈਂ ਲੋਥ ਰੁਲਦੀ ਦਖਾਊਂ, ਵੱਡਿਆ ਸਰਦਾਰਾ। ਤੈਨੂੰ ਫੂਕਣ ਨ੍ਹੀ ਜਾਣਾ ਕਿਸੇ ਨੇ।' ਆਖ ਕੇ ਜਗਰੂਪ ਘਰੋਂ ਬਾਹਰ ਹੋ ਗਿਆ ਸੀ।

'ਮੇਰੀ ਅਰਥੀ ਨੂੰ ਹੱਥ ਲਾਮੇਂ ਤਾਂ ਚੂੜ੍ਹੇ ਦਾ ਪੁੱਤ ਹੋਏਂਗਾ। ਨਾ ਆਈਂ ਮੇਰੇ ਮਰੇ ਤੋਂ।' ਫੁੰਮਣ ਸੂੰ ਨੇ ਉਹਨੂੰ ਜਾਂਦੇ ਨੂੰ ਉੱਚਾ ਸੁਣਾ ਕੇ ਆਖਿਆ।

ਬੱਸ, ਉਹ ਦਿਨ ਸੋ ਉਹ ਦਿਨ, ਫੁੰਮਣ ਸੂੰ ਨੇ ਮੰਜਾ ਫੜ ਲਿਆ। ਇਹੋ ਇੱਕ ਝੋਰਾ, ਕੀ ਕਰਨਾ ਸੀ ਉਹਨੇ ਇਹ ਮੁੰਡਾ ਜੰਮ ਕੇ? ਪਿੰਡ ਵਿੱਚ ਸਰਕਾਰੀ ਹਾਈ ਸਕੂਲ ਸੀ। ਤਿੰਨੇ ਕੁੜੀਆਂ ਦਸ-ਦਸ ਜਮਾਤਾਂ ਕਰ ਗਈਆਂ ਸਨ। ਉਹਨਾਂ ਨੂੰ ਟਿਕਾਣੇ ਵੀ ਚੰਗੇ ਮਿਲੇ ਸਨ। ਕੁੜੀਆਂ ਵਲੋਂ ਫੁੰਮਣ ਸੂੰ ਪੂਰਾ ਸੁਖੀ ਸੀ।

ਉਹ ਰਾਤ ਨੂੰ ਖਾਓ-ਪੀਓ ਵੇਲੇ ਪੂਰਾ ਹੋਇਆ ਸੀ। ਵੱਡੇ ਤੜਕੇ ਹੀ ਬੰਦੇ ਸਕੀਰੀਆਂ ਨੂੰ ਤੁਰ ਗਏ। ਤੇ ਫੇਰ ਦੁਪਹਿਰ ਤੱਕ ਸਭ ਆ ਗਏ। ਪਰ ਜਗਰੂਪ ਨਹੀਂ ਆਇਆ। ਬੰਦਾ ਦੂਰ-ਸ਼ਹਿਰ ਜਾ ਕੇ ਮੁੜ ਆਇਆ ਸੀ। ਬਹੂ ਸੀ ਘਰ, ਜਗਰੂਪ ਨਹੀਂ ਆਇਆ। ਬਹੂ ਨੇ ਆਖਿਆ ਸੀ-ਉਹ ਨੇੜੇ ਦੇ ਇੱਕ ਸ਼ਹਿਰ ਗਿਆ ਹੋਇਆ ਹੈ। ਹੁਣੇ ਇੱਕ ਘੰਟੇ ਤੱਕ ਮੁੜੇਗਾ। ਹੁਣੇ ਉਹ ਉਹਨੂੰ ਤੋਰ ਦੇਵੇਗੀ। ਇਹ ਵੀ ਕਿ ਉਹ ਦੋਵੇਂ ਆ ਰਹੇ ਹਨ।

ਕੀ ਹੁੰਦਾ ਹੈ, ਅੱਸੂ-ਕੱਤੇ ਦਾ ਸੂਰਜ। ਦੁਪਹਿਰ ਵੀ ਢਲ ਗਈ। ਪਿਛਲਾ ਪਹਿਰ ਹੋ ਗਿਆ। ਅੱਧਿਓ-ਵੱਧ ਲੋਕ ਉੱਠ ਕੇ ਘਰਾਂ ਨੂੰ ਚਲੇ ਗਏ ਸਨ। ਅਖੇ-'ਬੁਲਾ ਲਿਓ ਭਾਈ, ਜਦੋਂ ਜਗਰੂਪ ਸੂੰ ਆ ਗਿਆ।'

ਦੁਪਹਿਰ ਤੋਂ ਪਹਿਲਾਂ ਅਰਥੀ ਚੁੱਕੀ ਜਾਂਦੀ ਤਾਂ ਸਾਰਾ ਅਗਵਾੜ ਨਾਲ ਹੋਣਾ ਸੀ। ਬੰਦੇ ਉਡੀਕ-ਉਡੀਕ ਖੇਤਾਂ ਨੂੰ ਤੁਰ ਗਏ। ਬੁੜ੍ਹੀਆਂ ਰਹਿ ਗਈਆਂ, ਉਹ ਵੀ ਥੋੜ੍ਹੀਆਂ। ਬੰਦੇ ਪੰਦਰਾਂ-ਵੀਹ ਮਸਾਂ ਸਨ। ਚਤਿੰਨ ਕੁਰ ਨੇ ਐਲਾਨ ਕੀਤਾ-'ਅਰਥੀ ਨੂੰ ਬੰਦਾ ਕੋਈ ਨ੍ਹੀ ਹੱਥ ਲਾਊ। ਕਾਨ੍ਹੀ ਤਿੰਨੇ ਕੁੜੀਆਂ ਲੱਗਣਗੀਆਂ। ਚੌਥੀ ਮੈਂ ਆਪ।'

ਬੰਦੇ ਤੇ ਤੀਵੀਆਂ ਉਹਦੇ ਮੂੰਹ ਵਲ ਡੌਰ-ਭੌਰ ਹੋ ਕੇ ਝਾਕ ਰਹੇ ਸਨ-'ਦਿਮਾਗ਼ ਹਿੱਲ ਗਿਆ ਬੁੜ੍ਹੀ ਦਾ।'

ਉਹ ਕੂਕਾਂ ਮਾਰ ਕੇ ਆਖ ਰਹੀ ਸੀ-'ਪੁੱਤ ਹੈਨ੍ਹੀ ਜੱਗ 'ਤੇ। ਮੇਰੀਆਂ ਤਿੰਨੇ ਧੀਆਂ ਮੇਰੇ ਤਿੰਨ ਪੁੱਤ ਨੇ। ਪੁੱਤ ਨੇ ਬੁਰਾ ਕੀਤਾ, ਆਇਆ ਨ੍ਹੀ। ਮੈਂ ਵੀ ਬੁਰਾ ਕਰਕੇ ਦਿਖਾਊਂ ਹੁਣ।'

ਅਗਵਾੜ ਦੇ ਨੌਜਵਾਨ ਮੁੰਡੇ ਆਖ ਰਹੇ ਸਨ-'ਤਾਈ, ਅਸੀਂ ਵੀ ਤੇਰੇ ਪੁੱਤ ਆਂ। ਅਸੀਂ ਤਾਂ ਨ੍ਹੀ ਮਰ 'ਗੇ ਕਿਧਰੇ। ਅਸੀਂ ਦੇਮਾਂ ਗੇ ਮੋਢਾ ਤਾਏ ਨੂੰ।'

ਚਤਿੰਨ ਕੁਰ ਮੰਨੀ ਨਹੀਂ। ਬੰਦੇ ਤੇ ਬੁੜ੍ਹੀਆਂ ਅਰਥੀ ਮਗਰ ਸਿਵਿਆਂ ਤੱਕ ਗਏ ਤਾਂ ਜ਼ਰੂਰ, ਪਰ ਉਹਨਾਂ ਦੀ ਦੇਹ ਸੁੰਨ ਸੀ। ਨਿੱਖਰਿਆ ਆਸਮਾਨ ਕਾਲਾ ਹੋ ਗਿਆ ਹੋਵੇ ਜਿਵੇਂ। ♦

# ਕੰਮ

ਪਥੇਰਿਆ ਦੀਆਂ ਤਿੰਨੇ ਕੁੱਲੀਆਂ ਵਿੱਚ ਉਸ ਦਿਨ ਸਵੇਰੇ ਤੋਂ ਹੀ ਚੁੱਪ-ਚਾਂ ਸੀ। ਨਹੀਂ ਤਾਂ ਪਹਿਲਾਂ ਸਵੇਰੇ-ਸਵੇਰੇ ਉਹਨਾਂ ਦੀਆਂ ਜ਼ਨਾਨੀਆਂ ਉੱਚਾ-ਉੱਚਾ ਬੋਲਦੀਆਂ। ਬੰਦਿਆਂ ਵਿਚੋਂ ਕੋਈ ਰਾਗਣੀ ਗਾ ਰਿਹਾ ਹੁੰਦਾ। ਛੋਟੇ ਬੱਚੇ ਰੋਂਦੇ ਜਾਂ ਆਪਸ ਵਿੱਚ ਲੜਦੇ-ਝਗੜਦੇ ਚੀਕਾਂ ਮਾਰਦੇ, ਚੁੱਲ੍ਹੇ ਦੀਆਂ ਲੱਕੜਾਂ ਨਾਲ ਖੇਡ ਰਹੇ ਹੁੰਦੇ। ਚੁੱਲ੍ਹਿਆਂ ਵਿਚੋਂ ਚਿੱਟਾ ਧੂੰਆਂ ਉੱਠਦਾ, ਬਾਲਣ ਦੀਆਂ ਲੱਕੜਾਂ ਟੁੱਟਣ ਦੀ ਆਵਾਜ਼ ਸੁਣਦੀ, ਚੁੱਲ੍ਹਿਆਂ ਦਾ ਚਾਨਣ ਜ਼ਿੰਦਗੀ ਦਾ ਅਹਿਸਾਸ ਕਰਾਉਂਦਾ ਅਤੇ ਤਵੇ ਉੱਤੇ ਰੋਟੀ ਪਾ ਰਹੀ ਜ਼ਨਾਨੀ ਦਾ ਚਿਹਰਾ ਕੁੱਲੀ ਦਾ ਲੇਖਾ-ਜੋਖਾ ਦਰਸਾਉਂਦਾ। ਉਸ ਸਵੇਰ ਅਜਿਹਾ ਕੁਝ ਵੀ ਨਹੀਂ ਸੀ। ਬੱਸ, ਇੱਕ ਕੁੱਲੀ ਦੇ ਚੁੱਲ੍ਹੇ ਉੱਤੇ ਚਾਹ ਦਾ ਪਤੀਲਾ ਉਬਲਿਆ ਸੀ। ਬੰਦਿਆਂ ਤੇ ਜ਼ਨਾਨੀਆਂ ਨੇ ਚਾਹ ਦਾ ਗਿਲਾਸ-ਗਿਲਾਸ ਪੀਤਾ ਸੀ ਅਤੇ ਚੁੱਪ-ਚੁਪੀਤੇ ਹੀ ਆਪਣੇ ਕੰਮ ਉੱਤੇ ਚਲੇ ਗਏ ਸਨ। ਕੁੱਲੀ ਵਿੱਚ ਨਿੱਕੀ ਜਿਹੀ ਮੰਜੀ ਉੱਤੇ ਸਿੱਧੀ ਪਈ ਮਾਂ ਦਾ ਚਿਹਰਾ ਲਛੂਏ ਨੇ ਇੱਕ ਹੋਰ ਕੱਪੜੇ ਨਾਲ ਢਕ ਦਿੱਤਾ ਸੀ।

ਦੀਵਾਲੀ-ਦੁਸ਼ਹਿਰੇ ਤੋਂ ਪਹਿਲਾਂ ਦੇ ਦਿਨ। ਗਰਮੀ ਮੁੱਕ ਰਹੀ ਹੁੰਦੀ, ਸਰਦੀ ਸ਼ੁਰੂ ਹੋ ਰਹੀ ਹੁੰਦੀ। ਛਾਂ ਵਿੱਚ ਖੜ੍ਹੋ ਤਾਂ ਪਾਲ਼ਾ ਲਗਦਾ, ਧੁੱਪ ਵਿੱਚ ਖੜ੍ਹੋ ਤਾਂ ਛਾਵੇਂ ਜਾਣ ਨੂੰ ਜੀਅ ਕਰਦਾ। ਇਹਨਾਂ ਦਿਨਾਂ ਵਿੱਚ ਆਕਾਸ਼ ਉੱਤੇ ਬੱਦਲਾਂ ਦਾ ਕਿਧਰੇ ਨਾਂ-ਨਿਸ਼ਾਨ ਨਹੀਂ ਹੁੰਦਾ। ਮੀਂਹ ਦੀਆਂ ਕਣੀਆਂ ਦੂਰ ਸਮੁੰਦਰਾਂ ਦੀ ਕੁੱਖ ਵਿੱਚ ਜਾ ਕੇ ਸੌਂ ਚੁੱਕੀਆਂ ਹੁੰਦੀਆਂ ਸਨ। ਇਹਨਾਂ ਦਿਨਾਂ ਵਿੱਚ ਹੀ ਭੱਠਿਆਂ ਦੀਆਂ ਚਿਮਨੀਆਂ ਵਿਚੋਂ ਧੂੰਆਂ ਨਿੱਕਲਣਾ ਸ਼ੁਰੂ ਹੁੰਦਾ ਹੈ। ਨਵੀਆਂ ਇੱਟਾਂ ਪੱਥਣ ਤੇ ਸੁੱਕੀਆਂ ਇੱਟਾਂ ਦੀ ਭਰਾਈ ਜ਼ੋਰ ਸ਼ੋਰ ਨਾਲ ਹੋ ਰਹੀ ਹੁੰਦੀ ਹੈ। ਜਮਾਂਦਾਰ ਪਥੇਰਿਆਂ ਤੇ ਭਰਾਵਿਆਂ ਦੇ ਪੁੜਾਂ ਉੱਤੇ ਅੱਗ ਮਚਾਈ ਰੱਖਦੇ ਹਨ।

ਇਸ ਇਲਾਕੇ ਵਿੱਚ ਪਥੇਰ ਦਾ ਕੰਮ ਉੱਤਰ ਪ੍ਰਦੇਸ਼ ਤੋਂ ਮੇਰਠ, ਮੁਜ਼ੱਫਰਪੁਰ ਤੇ ਸਹਾਰਨਪੁਰ ਜ਼ਿਲ੍ਹਿਆਂ ਦੇ ਰਮਦਾਸੀ ਜਾਤੀ ਦੇ ਲੋਕ ਆ ਕੇ ਕਰਦੇ ਸਨ। ਸੁੱਕੀਆਂ ਇੱਟਾਂ ਦੀ ਭਰਾਈ ਇੱਧਰ ਦੇ ਹੀ ਬੰਦਿਆਂ ਹੱਥ ਹੈ। ਖੱਚਰ-ਰੇਹੜਿਆਂ ਦੀ ਭਰਮਾਰ ਦੀ ਭਰਮਾਰ। ਮਿੱਟੀ ਦੇ ਭਾਂਡੇ ਬਣਾਉਣ ਦਾ ਕੰਮ ਤਾਂ ਕਿਸੇ-ਕਿਸੇ ਘਰ ਕੋਲ ਹੀ ਰਹਿ ਗਿਆ, ਬਾਕੀ ਸਭ ਖੱਚਰ-ਰੇਹੜੇ ਦਾ ਧੰਦਾ ਕਰਦੇ ਸਨ। ਪੱਕੀਆਂ ਇੱਟਾਂ ਦੀ ਢੁਆਈ, ਕਾਲ਼ੀ ਮਿੱਟੀ, ਪੀਲ਼ੀ ਮਿੱਟੀ, ਰੇਤਾ, ਬਜਰੀ.... ਅਨੇਕਾਂ ਹੋਰ ਕੰਮ ਹਨ।

ਓਧਰ ਹੁਣ ਲਛੂਏ ਦਾ ਕੋਈ ਨਹੀਂ ਸੀ। ਬਾਪ ਮਰ ਗਿਆ, ਮਾਂ ਸੀ ਬੱਸ ਜਾਂ ਇੱਕ ਛੋਟਾ ਭਾਈ, ਜਿਸਨੂੰ ਉਹ ਆਪਣੇ ਨਾਲ ਹੀ ਇੱਧਰ ਲੈ ਆਇਆ ਸੀ। ਉਹ ਸੱਤਵੀਂ ਵਿੱਚ ਪੜ੍ਹਦਾ ਸੀ। ਪਿਓ ਓਧਰ ਜ਼ਿੰਮੀਦਾਰਾਂ ਦੇ ਖੇਤ ਵਿੱਚ ਮਜ਼ਦੂਰੀ ਦਾ ਕੰਮ ਕਰਦਾ। ਉਹਦਾ ਦਿਲ ਸੀ ਕਿ ਉਹ ਆਪਣੇ ਦੋਵੇਂ ਮੁੰਡਿਆਂ ਨੂੰ ਪੜ੍ਹਾਏਗਾ। ਉਹ ਸਰਕਾਰੀ ਨੌਕਰੀ ਕਰਨਗੇ। ਕੁਰਸੀਆਂ ਉੱਤੇ ਬੈਠਣਗੇ। ਉਹਨਾਂ ਨੂੰ ਜ਼ਿੰਮੀਦਾਰ ਦੀਆਂ ਝਿੜਕਾਂ ਨਹੀਂ ਖਾਣੀਆਂ ਪੈਣਗੀਆਂ। ਪਰ ਲਛੂਆ ਕਸਬੇ ਦੇ ਸਕੂਲ ਵਿਚੋਂ ਬਾਰਾਂ ਜਮਾਤਾਂ ਪਾਸ ਕਰ ਗਿਆ ਸੀ, ਉਹਦਾ ਕਿਧਰੇ ਕੁਝ ਨਹੀਂ ਬਣਿਆ। ਉਹ ਬਾਪ ਵਾਂਗ ਹੀ ਦਿਹਾੜੀ ਕਰਦਾ। ਰਿਸ਼ਵਤ ਬਗ਼ੈਰ ਕੋਈ ਨੌਕਰੀ ਨਹੀਂ ਸੀ। ਬਾਪ ਮਰੇ ਤੋਂ ਲਛੂਏ ਨੇ ਖੱਡੂ ਨੂੰ ਵੀ ਸਕੂਲੋਂ ਹਟਾ ਲਿਆ। ਇਸ ਵਾਰ ਉਹ ਮਾਂ ਨੂੰ ਵੀ ਇੱਧਰ ਲੈ ਆਏ ਸਨ। ਉਹ ਜਿਸ ਦਿਨ ਦੀ ਇੱਥੇ ਆਈ ਸੀ, ਢਿੱਲੀ-ਮੱਠੀ ਹੀ ਰਹਿੰਦੀ। ਬੁਖ਼ਾਰ ਚੜ੍ਹਨ ਲੱਗ ਪਿਆ। ਡਾਕਟਰ ਸੂਆ ਲਾ ਦਿੰਦਾ, ਗੋਲੀਆਂ ਦੇ ਦਿੰਦਾ ਤੇ ਪੀਣ ਵਾਲੀ ਦਵਾਈ। ਦੱਸਦਾ ਕੁਝ ਨਾ, ਮਲੇਰੀਆ ਹੈ, ਟਾਈਫਾਈਡ ਹੈ ਜਾਂ ਕੀ ਹੈ? ਕਿਸੇ ਕਿਸੇ ਦਿਨ ਬੁਖ਼ਾਰ ਉੱਤਰ ਵੀ ਜਾਂਦਾ। ਡਾਕਟਰ ਦੋ ਦਿਨਾਂ ਦੀ ਦਵਾਈ ਦਿੰਦਾ ਤੇ ਮੁੱਠੀ ਨੋਟਾਂ ਦੀ ਝਾੜ ਲੈਂਦਾ। ਮਾਂ ਦਾ ਚਿਹਰਾ ਉਤਰਦਾ ਜਾ ਰਿਹਾ ਸੀ। ਰੰਗ ਪੀਲਾ ਪੈ ਗਿਆ। ਖਾਣ-ਪੀਣ ਲਗਭਗ ਛੱਡ ਹੀ ਦਿੱਤਾ। ਕੁੱਲੀ ਵਿਚੋਂ ਉੱਠ ਕੇ ਮਸਾਂ ਹੀ ਬਾਹਰ ਜਾ ਸਕਦੀ। ਉਹ ਮਾਂ ਨੂੰ ਸਾਂਭਣ ਜਾਂ ਕੰਮ ਉੱਤੇ ਜਾਣ? ਕੰਮ ਨਹੀਂ ਕਰਦੇ ਤਾਂ ਆਪਣਾ ਦੇਸ਼ ਛੱਡ ਕੇ ਆਉਣ ਦਾ ਮਤਲਬ ਕੀ। ਕੰਮ ਬਗ਼ੈਰ ਸਰਦਾ ਨਹੀਂ ਸੀ। ਉਹ ਪੰਜ-ਛੇ ਢਿੱਡ ਸਨ।

ਐਲ ਪਚਾਨਵੇਂ ਭੱਠਾ ਸੜਕ ਕਿਨਾਰੇ ਸੀ। ਇਹ ਸੜਕ ਸ਼ਹਿਰ ਦੀ ਵੱਡੀ ਸੜਕ ਤੋਂ ਅਗਲੇ ਪਿੰਡ ਨੂੰ ਜਾਂਦੀ ਤੇ ਅਗਾਂਹ ਹੋਰ ਪਿੰਡਾਂ ਨੂੰ ਨਿਕਲ ਜਾਂਦੀ ਸੀ। ਭੱਠਾ ਐਨ ਦਰੇ ਉੱਤੇ ਸੀ। ਸ਼ਹਿਰ ਨੂੰ ਇੱਟਾਂ ਜਾਂਦੀਆਂ ਤੇ ਨੇੜੇ-ਤੇੜੇ ਦੇ ਪਿੰਡਾਂ ਨੂੰ ਵੀ। ਭੱਠੇ ਦੇ ਲਗਭਗ ਨਾਲ ਹੀ ਮਿੱਟੀ ਮਿਲ ਗਈ ਸੀ। ਖੇਤ ਵਿੱਚ ਜੱਟ ਦਾ ਬੋਰ ਲੱਗਿਆ ਹੋਇਆ ਸੀ। ਬੋਰ 'ਤੇ ਮੋਟਰ ਸੀ। ਪਾਣੀ ਦੀ ਕੋਈ ਕਮੀ ਨਹੀਂ ਸੀ ਪਥੇਰ ਦੇ ਆਦਮੀ ਜਿੱਥੇ ਕਿਤੇ ਇੱਟਾਂ ਪੱਥਦੇ, ਉਥੇ ਹੀ ਦੋ-ਦੋ, ਚਾਰ-ਚਾਰ ਕਰਕੇ ਆਪਣੀਆਂ ਕੁੱਲੀਆਂ ਉਸਾਰ ਲੈਂਦੇ। ਕੱਚੀਆਂ ਇੱਟਾਂ ਕੋਲ ਸਨ, ਗਾਰਾ ਸੀ, ਕੁੱਲੀ ਇੱਕ ਦਿਨ ਵਿੱਚ ਹੀ ਖੜ੍ਹੀ ਹੋ ਜਾਂਦੀ। ਛੱਤ ਉੱਤੇ ਸਰਕੰਡਾ ਬੰਨ੍ਹ ਕੇ ਸੁੱਟ ਲੈਂਦੇ। ਟੱਪਰੀਵਾਸ ਜੀਵਨ ਸੀ ਇਹਨਾਂ ਲੋਕਾਂ ਦਾ। ਬਰਸਾਤਾਂ ਬੰਦ ਹੋਣ ਤੋਂ ਲੈ ਕੇ ਬਰਸਾਤਾਂ ਸ਼ੁਰੂ ਹੋਣ ਤੱਕ ਭੱਠੇ ਦਾ ਕਾਰੋਬਾਰ ਚਲਦਾ ਰਹਿੰਦਾ।

ਲਛੂਏ ਦੀ ਕੁੱਲੀ ਨਾਲ ਲੱਗਦੀਆਂ ਦੂਜੀਆਂ ਦੋ ਕੁੱਲੀਆਂ ਵੀ ਉਸੇ ਜ਼ਿਲ੍ਹੇ ਦੇ ਬੰਦਿਆਂ ਦੀਆਂ ਸਨ। ਉਹਨਾਂ ਦੋ ਕੁੱਲੀਆਂ ਵਿੱਚ ਵੀ ਜ਼ਨਾਨੀਆਂ ਸਨ, ਬੱਚੇ ਸਨ। ਬੰਦੇ ਗਾਰਾ ਬਣਾਉਂਦੇ, ਹੱਥ-ਰੇਹੜੀ ਉੱਤੇ ਗਾਰਾ-ਮਿੱਟੀ ਢੋਂਹਦੇ ਤੇ ਔਰਤਾਂ ਸੰਚਿਆਂ ਵਿੱਚ ਇੱਟਾਂ ਪੱਥਦੀਆਂ। ਛੋਟੇ ਬੱਚੇ ਉਹਨਾਂ ਦੀ ਮਦਦ ਕਰਦੇ। ਸਾਰਾ ਕੰਮ ਮਸ਼ੀਨ ਵਾਂਗ ਹੁੰਦਾ। ਬੰਦੇ ਵੀ ਜਿਵੇਂ ਸੰਚੇ ਸਨ।

ਮਾਲਕ ਨਾਲ ਜਮਾਂਦਾਰ ਦਾ ਠੇਕਾ ਕੀਤਾ ਹੋਇਆ ਸੀ। ਭਾਂਡੇ ਵਿੱਚ ਦਸ ਲੱਖ ਇੱਟ ਭਰਦੀ। ਇੱਟਾਂ ਸੁੱਕੀ ਜਾਂਦੀਆਂ ਤੇ ਖੱਚਰ-ਰੇਹੜੇ ਚੁੱਕੀ ਜਾਂਦੇ। ਸੁੱਕੀ ਇੱਟ

ਇੱਕ ਸੌਂ ਰੁਪਿਆ ਹਜ਼ਾਰ ਚੁੱਕੀ ਜਾਂਦੇ। ਪਰ ਜਮਾਂਦਾਰ ਮਾਲਕ ਤੋਂ ਇੱਕ ਸੌ ਸੱਤ ਰੁਪਏ ਲੈਂਦਾ। ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਉਹ ਇੱਟਾਂ ਪੱਥਣ ਲੱਗਦੇ ਤੇ ਰਾਤ ਨੂੰ ਤਾਰਿਆਂ ਦੇ ਚਾਨਣ ਤੱਕ ਕੰਮ ਕਰਦੇ। ਤੀਵੀਂ-ਆਦਮੀ ਦੋਵਾਂ ਦੀ ਦਿਹਾੜੀ ਸੋਲਾਂ-ਸਤਾਰਾ ਸੌ ਇੱਟ ਬਣਦੀ। ਐਨਾ ਕੰਮ ਉਹਨਾਂ ਲਈ ਬਹੁਤ ਸੀ। ਐਨਾ ਕੰਮ ਕੀਤੇ ਬਗੈਰ ਸਰਦਾ ਵੀ ਨਹੀਂ ਸੀ। ਮਾਂ ਬੀਮਾਰ ਸੀ। ਨਿੱਤ ਖਰਚ ਹੁੰਦਾ ਇਹ ਵਾਧੂ ਦਾ। ਜਮਾਂਦਾਰ ਹਫ਼ਤੇ ਬਾਅਦ ਇਕੱਠੇ ਪੈਸੇ ਦਿੰਦਾ। ਚੰਗਾ ਬੰਦਾ ਸੀ, ਪੇਸ਼ਗੀ ਵੀ ਦੇ ਦਿੰਦਾ।

ਇੱਕ ਦਿਨ ਦੀ ਖੁੰਝੀ ਦਿਹਾੜੀ ਬਹੁਤ ਫ਼ਰਕ ਪਾ ਦਿੰਦੀ। ਲਛੂਏ ਨੂੰ ਪੰਜ ਦਿਨ ਮਲੇਰੀਆ ਬੁਖ਼ਾਰ ਰਿਹਾ ਤੇ ਕਿੰਨਾ ਫ਼ਰਕ ਪੈ ਗਿਆ ਸੀ। ਉਹਦੀ ਘਰਵਾਲੀ ਤੇ ਛੋਟਾ ਭਾਈ ਖੱਡੂ ਤਾਂ ਅੱਧ ਵੀ ਨਾ ਨਿਬੇੜ ਸਕੇ। ਮਾਂ ਦੀ ਦਵਾਈ ਉੱਤੇ ਬਹੁਤ ਪੈਸਾ ਰੁੜ੍ਹ ਗਿਆ ਸੀ। ਉੱਧਰੋਂ ਜਮਾਂਦਾਰ ਵੀ ਕਾਹਲ ਮਚਾਈ ਰੱਖਦਾ। ਪਿਛਲੇ ਪੈਸੇ ਨਾ ਦੇਣ ਦੀ ਧਮਕੀ ਦਿੰਦਾ। ਬੁਰਾ-ਭਲਾ ਵੀ ਬੋਲਣ ਲੱਗਦਾ।

ਸਵੇਰ-ਸਵੇਰੇ ਗੁਰਦੁਆਰੇ ਦੇ ਪਹਿਲੇ ਬੋਲ ਨਾਲ ਜਦੋਂ ਉਹ ਜਾਗਦੇ ਤੇ ਕੁੱਲੀ ਦਾ ਭਾਂਡਾ-ਟੀਂਡਾ ਖੜਕਣ ਲੱਗਦਾ ਤਾਂ ਮਾਂ ਪਾਸੇ ਪਰਤਨ ਲੱਗਦੀ, ਉੱਠ ਕੇ ਬੈਠ ਜਾਂਦੀ ਤੇ ਪਾਣੀ ਮੰਗਦੀ। ਉਸ ਦਿਨ ਕੁਝ ਵੀ ਅਜਿਹਾ ਨਹੀਂ ਹੋਇਆ। ਲਛੂਏ ਨੇ ਦੇਖਿਆ ਮਾਂ ਉੱਠ ਕੇ ਬੈਠੀ ਹੀ ਨਹੀਂ, ਪਾਣੀ ਨਹੀਂ ਮੰਗਿਆ। ਉਹ ਖ਼ੁਦ ਹੀ ਪਾਣੀ ਦਾ ਗਿਲਾਸ ਲੈ ਕੇ ਆਇਆ ਤੇ ਮਾਂ ਦੇ ਮੋਢੇ ਨੂੰ ਹੱਥ ਲਾ ਕੇ ਬੋਲਿਆ-'ਮਾਂ, ਪਾਣੀ' ਉਹ ਬੋਲੀ ਨਹੀਂ। ਜਿਵੇਂ ਗੂੜ੍ਹੀ ਨੀਂਦ ਸੁੱਤੀ ਪਈ ਹੋਵੇ। ਲਛੂਏ ਨੇ ਦੂਜੀ ਵਾਰ ਫੇਰ ਬੁਲਾਇਆ। ਉਹਨੇ ਸੋਚਿਆ, ਜਦੋਂ ਉੱਠਗੀ, ਆਪੇ ਮੰਗ ਲਵੇਗੀ ਪਾਣੀ। ਕਾਹਨੂੰ ਇਹਦੀ ਨੀਂਦ ਖ਼ਰਾਬ ਕਰਨੀ ਹੈ। ਤਿੰਨੇ ਕੁੱਲੀਆਂ ਜਾਗ ਉੱਠੀਆਂ ਸਨ। ਨੇੜੇ-ਤੇੜੇ ਦੀਆਂ ਦੂਜੀਆਂ ਕੁੱਲੀਆਂ ਵਿਚੋਂ ਚੁੱਲ੍ਹਿਆਂ ਦਾ ਧੂੰਆਂ ਉੱਠ ਰਿਹਾ ਸੀ। ਲਛੂਏ ਨੂੰ ਅੱਚਵੀ ਲੱਗੀ ਹੋਈ ਸੀ, ਮਾਂ ਜਾਗੀ ਕਿਉਂ ਨਹੀਂ। ਉਹਨੇ ਅੰਦਾਜਾ ਲਾਇਆ, ਬੁਖ਼ਾਰ ਤੇਜ਼ ਹੋ ਗਿਆ ਹੋਵੇਗਾ। ਬੁਖਾਰ ਦੀ ਘੂਕੀ ਵਿੱਚ ਸੁੱਤੇ ਬੰਦੇ ਨੂੰ ਪਤਾ ਹੀ ਨਹੀਂ ਲੱਗਦਾ, ਕਿਥੇ ਪਿਆ ਹੈ। ਉਹਨੇ ਹੱਥਲਾ ਕੰਮ ਛੱਡ ਕੇ ਮਾਂ ਦੇ ਮੱਥੇ ਉੱਤੇ ਹੱਥ ਧਰਿਆ, ਠੰਡਾ ਸੀਤ ਪਿਆ ਸੀ। ਬੁਖ਼ਾਰ ਤਾਂ ਕਿਧਰੇ ਵੀ ਨਹੀਂ ਸੀ। ਉਹਦਾ ਹੱਥ ਵੀ ਠੰਡਾ ਸੀ। ਪੈਰ ਫੜ ਕੇ ਦੇਖੇ, ਉਹ ਵੀ ਬਰਫ਼ ਬਣੇ ਪਏ। ਫੇਰ ਇਹ ਅੱਜ ਉੱਠੀ ਕਿਉਂ ਨਹੀਂ? ਪਾਣੀ ਕਿਉਂ ਨਹੀਂ ਮੰਗਿਆ? ਪਾਣੀ ਤਾਂ ਉਹ ਸਵੇਰੇ-ਸਵੇਰ ਨਿੱਤ ਪੀਂਦੀ ਹੈ। ਉਹਨੇ ਮਾਂ ਦਾ ਮੋਢਾ ਜ਼ੋਰ ਨਾਲ ਝੰਜੋੜਿਆ। ਉਹਦੇ ਕੰਨ ਕੋਲ ਆਪਦਾ ਮੂੰਹ ਲਿਜਾ ਕੇ ਉੱਚੀ ਹਾਕ ਮਾਰੀ। ਪਰ ਨਾ, ਉਹ ਬਿਲਕੁਲ ਵੀ ਹਿੱਲੀ ਨਹੀਂ। ਲਛੂਏ ਨੇ ਆਪਣੇ ਹੱਥ ਫੜ ਕੇ ਨਬਜ਼ ਟੋਹੀ। ਨਬਜ਼ ਬੰਦ ਸੀ। ਬਾਂਹ ਵੀ ਲੱਕੜ ਵਾਂਗ ਆਕੜੀ ਪਈ। ਮਾਂ ਮਰ ਚੁੱਕੀ ਸੀ। ਲਛੂਆ ਉਹਦੀ ਮੰਜੀ ਕੋਲ ਹੀ ਧਰਤੀ ਉੱਤੇ ਬੈਠ ਗਿਆ। ਦੋਵੇਂ ਹੱਥਾਂ ਨਾਲ ਮੱਥਾ ਫੜ ਲਿਆ ਆਪਣਾ। ਲਛੂਏ ਦੀ ਭੁੱਬ ਨਿਕਲ ਗਈ। ਉਹਦੀ ਘਰਵਾਲੀ ਭੱਜ ਕੇ ਉਹਦੇ ਕੋਲ ਆਈ ਤੇ ਪੁੱਛਿਆ-'ਕਿਆ ਹੂਆ?' ਲਛੂਏ ਨੇ ਮਾਂ ਵੱਲ ਹੱਥ ਕਰਕੇ ਹਵਾ ਵਿੱਚ ਖ਼ਾਲੀ ਛੱਡ ਦਿੱਤਾ।

'ਮਰ ਗਈ ਕਿਆ?' ਘਰਵਾਲੀ ਨੇ ਚਉਂਕ ਕੇ ਪੁੱਛਿਆ।

ਲਛੂਏ ਨੇ ਸਿਰਫ਼ ਸਿਰ ਹਿਲਾਇਆ।

ਉਹ ਉੱਚਾ ਬੋਲ ਕੱਢ ਕੇ ਰੋਣ ਲੱਗੀ ਸੀ। ਲਛੂਏ ਨੇ ਉਹਦੇ ਮੂੰਹ ਅੱਗੇ ਹੱਥ ਕਰ ਦਿੱਤਾ। ਕੜਕ ਕੇ ਕਿਹਾ-'ਯੇਹ ਨਹੀਂ ਕਰਨਾ। ਜੋ ਹੋਨਾ ਥਾ ਹੋ ਗਿਆ।'

ਖੱਡੂ ਹਾਲੇ ਜਾਗਿਆ ਨਹੀਂ ਸੀ। ਅਚਾਨਕ ਦੂਜੀ ਕੁੱਲੀ ਦੀ ਇੱਕ ਔਰਤ ਉਹਨਾਂ ਦੇ ਬਾਰ ਅੱਗੇ ਆ ਖੜ੍ਹੀ। ਉਹ ਕੋਈ ਚੀਜ਼ ਮੰਗਣ ਆਈ ਸੀ। ਲਛੂਏ ਤੇ ਉਹਦੀ ਘਰਵਾਲੀ ਨੂੰ ਇੰਜ ਧਰਤੀ ਉੱਤੇ ਚੁੱਪ-ਚਾਪ ਬੈਠੇ ਦੇਖਕੇ ਉਹ ਖੜ੍ਹੀ ਦੀ ਖੜ੍ਹੀ ਰਹਿ ਗਈ। ਲਛੂਏ ਨੇ ਹੌਂਸਲਾ ਕੀਤਾ ਤੇ ਉਸ ਔਰਤ ਨੂੰ ਕੋਲ ਬਿਠਾ ਕੇ ਕਹਿਣ ਲੱਗਿਆ-ਮਾਂ ਚਲੀ ਗਈ। ਦੂਰ ਪ੍ਰਮਾਤਮਾ ਕੇ ਪਾਸ। ਅਬ ਇਸਕੀ ਮਿੱਟੀ ਕੋ ਅਗਨੀ ਦਿਖਾਏਂਗੇ, ਔਰ ਕਿਆ। ਯੇਹ ਕਾਮ ਤੋਂ ਜ਼ਰੂਰੀ ਹੈ। ਸਭੀ ਕੋ ਕਹਿ ਦੋ, ਬੋਲਨਾ ਨਹੀਂ, ਬੱਸ ਰੋਨਾ-ਧੋਨਾ ਫਿਰ ਕਰ ਲੇਂਗੇ। ਪਹਿਲੇ ਦੁਪਹਿਰ ਤੱਕ ਈਂਟੋ ਦਾ ਕਾਮ ਕਰੇਂਗੇ। ਨਹੀਂ ਤੋ ਸਭੀ ਕਾ ਬਹੁਤ ਨੁਕਸਾਨ ਹੋ ਜਾਏਗਾ।' ♦

# ਕਣਕ ਦੀਆਂ ਬੋਰੀਆਂ

ਕਿਰਪਾ ਮੱਲ ਦੇ ਘਰ ਨਾਲ ਦੁੱਲਾ ਸਿੰਘ ਦੇ ਘਰ ਦਾ ਲੈਣ ਦੇਣ ਕਈ ਪੁਸ਼ਤਾਂ ਤੋਂ ਬਣਿਆ ਹੋਇਆ ਸੀ। ਹੁਣ ਤਾਂ ਦੁੱਲਾ ਸਿੰਘ ਦੀ ਹਾਲਤ ਚੰਗੀ ਸੀ। ਉਸ ਦੇ ਚਾਰ ਪੁੱਤ ਸਨ, ਡੰਡਿਆਂ ਵਰਗੇ। ਚਾਰੇ ਵਿਆਹੇ ਵਰੇ। ਸਾਰਾ ਟੱਬਰ ਇਕੱਠਾ ਹੀ ਸੀ ਤੇ ਉਹ ਚਾਰੇ ਭਰਾ ਖੱਬੀ ਮਾਨ ਵਾਹੀ ਕਰਦੇ ਸਨ।

ਦੁੱਲਾ ਸਿੰਘ ਨੇ ਪਹਿਲਾਂ-ਪਹਿਲਾਂ ਕੁਝ ਚਿਰ ਆਪ, ਉਸ ਤੋਂ ਪਹਿਲਾਂ ਉਸ ਦੇ ਪਿਓ ਨੇ ਸਾਰੀ ਉਮਰ, ਤੇ ਉਸ ਦੇ ਦਾਦੇ ਨੇ ਵੀ ਸ਼ਾਇਦ ਸਾਰੀ ਉਮਰ ਹੀ ਕਿਰਪਾ ਮੱਲ ਦੇ ਘਰੋਂ ਡੁਢੀਆਂ ਸਵਾਈਆਂ ਉੱਤੇ ਦਾਣੇ ਲੈ ਲੈ ਖਾਧੇ ਸਨ। ਦੁੱਲਾ ਸਿੰਘ ਦੇ ਦਾਦੇ ਦਾ ਕਰਜ਼ਾ ਦੁੱਲਾ ਸਿੰਘ ਦਾ ਪਿਓ ਸਾਰੀ ਉਮਰ ਲਾਹੁੰਦਾ ਮਰ ਗਿਆ ਤੇ ਜਿਹੜਾ ਕਰਜ਼ਾ ਦੁੱਲਾ ਸਿੰਘ ਦੇ ਪਿਓ ਨੇ ਆਪ ਲਿਆ, ਉਸ ਨੂੰ ਦੁੱਲਾ ਸਿੰਘ ਨੇ ਹੁਣ ਆਪਣੇ ਪੁੱਤਾਂ ਦੀ ਕਮਾਈ ਵਿਚੋਂ ਲਾਹਿਆ ਸੀ, ਕਿਰਪਾ ਮੱਲ ਤੇ ਦੁੱਲਾ ਸਿੰਘ ਦੀ ਸਾਂਝ ਪੁਸ਼ਤਾਂ ਦੀ ਸੀ। ਅਟੁੱਟ ਸਾਂਝ, ਪਰ ਹੁਣ ਦੁੱਲਾ ਸਿੰਘ ਦੀ ਹਾਲਤ ਚੰਗੀ ਸੀ। ਉਹ ਦੇ ਪੁੱਤਾਂ ਨੇ ਉਹਨੂੰ ਰਾਜ ਦੁਆਰੇ ਬਿਠਾ ਦਿੱਤਾ ਸੀ।

ਕਿਰਪਾ ਮੱਲ ਪਿੰਡ ਦਾ ਸਿਰਕੱਢ ਬਾਣੀਆ ਸੀ। ਉਹਦਾ ਪਿਓ ਤੇ ਉਹਦਾ ਬਾਬਾ ਵੀ ਸਿਰਕੱਢ ਹੀ ਰਹੇ ਸਨ। ਪਿੰਡ ਦੇ ਵਿਚਾਲੇ ਇੱਕ ਛੋਟਾ ਜਿਹਾ ਬਾਜ਼ਾਰ ਸੀ। ਬਾਜ਼ਾਰ ਵਿੱਚ ਉਨ੍ਹਾਂ ਦੀ ਦੁਕਾਨ ਸੀ। ਦੁਕਾਨ ਉੱਤੇ ਉਹ ਸੌਦਾ ਤਾਂ ਕੋਈ ਨਹੀਂ ਸੀ ਰੱਖਦੇ, ਸਿਰਫ਼ ਬਹਿੰਦੇ ਉਠਦੇ ਹੀ ਸਨ। ਪਿੰਡ ਵਿੱਚ ਨਾਮਾ ਲੈਣ ਦੇਣ ਦਾ ਕੰਮ ਉਨ੍ਹਾਂ ਦਾ ਬਹੁਤ ਚਲਦਾ ਸੀ। ਦਸ ਬਾਰਾਂ ਘਰ ਉਨ੍ਹਾਂ ਨੇ ਗਹਿਣੇ ਲਏ ਹੋਏ ਸਨ ਤੇ ਚਾਰ ਪੰਜ ਗਹਿਣਾ ਵਧਾ ਵਧਾ ਕੇ ਬੈਅ ਵੀ ਕਰਵਾ ਲਏ ਹੋਏ ਸਨ। ਚਾਲੀ ਪੰਜਾਹ ਘੁਮਾਂ ਜ਼ਮੀਨ ਵੀ ਲੋਕਾਂ ਦੀ ਉਨ੍ਹਾਂ ਨੇ ਗਹਿਣੇ ਲਈ ਹੋਈ ਸੀ ਤੇ ਏਦੂੰ ਵੱਧ ਬੈਅ ਕਰਵਾਈ ਹੋਈ ਸੀ। ਕਿਰਪਾ ਮੱਲ ਦੇ ਤਿੰਨ ਮੁੰਡੇ ਸਨ। ਛੋਟਾ ਡਾਕਟਰੀ ਦਾ ਕੋਰਸ ਕਰਦਾ ਸੀ। ਵੱਡਾ ਪਿੰਡ ਵਿੱਚ ਲੈਣ ਦੇਣ ਦੇ ਵਿਹਾਰ ਵਿੱਚ ਰਹਿੰਦਾ। ਵਿਚਾਲੜਾ ਅਫ਼ੀਮ ਸਮੱਗਲ ਕਰਦਾ ਸੀ। ਕਿਰਪਾ ਮੱਲ ਆਪ ਦੁਕਾਨ ਉੱਤੇ ਬੈਠਾ ਰਹਿੰਦਾ ਤੇ ਹੁੱਕਾ ਪੀਂਦਾ ਰਹਿੰਦਾ।

ਕਿਰਪਾ ਮੱਲ ਹਾੜ੍ਹੀ ਸੌਣੀ ਜੱਟਾਂ ਤੋਂ ਸਸਤੇ ਦਾਣੇ ਖ਼ਰੀਦ ਲੈਂਦਾ ਸੀ ਤੇ ਖ਼ਰੀਦ ਕੇ ਕੋਠੇ-ਭਰ ਰੱਖਦਾ ਸੀ। ਜਦੋਂ ਭਾਅ ਮਹਿੰਗੇ ਹੁੰਦੇ, ਮੰਡੀ ਵਿੱਚ ਵੇਚ ਦਿੰਦਾ। ਮੰਡੀ ਵਿੱਚ ਦਾਣੇ ਉਹ ਘੱਟ ਲਿਜਾਂਦਾ, ਮਜ਼੍ਹਬੀ ਰਮਦਾਸੀਆਂ ਤੇ ਹੋਰ ਗ਼ਰੀਬ ਗੁਰਬਿਆਂ ਦੀਆਂ ਗ਼ਰਜ਼ਾਂ ਬਹੁਤੀਆਂ ਸਾਰਦਾ। ਉਨ੍ਹਾਂ ਨੂੰ ਡੂਢੀ ਉੱਤੇ ਜਾਂ ਸਵਾਈ ਉੱਤੇ ਦਾਣੇ ਦੇ ਦੇਂਦਾ

ਤੇ ਆਉਂਦੀ ਹਾੜ੍ਹੀ ਜਾਂ ਆਉਂਦੀ ਸੌਣੀ ਜਾਂ ਤਾਂ ਦਾਣੇ ਲੈ ਲੈਂਦਾ ਜਾਂ ਪੈਸੇ ਲੈ ਲੈਂਦਾ। ਪੈਸੇ ਜੇ ਕਿਸੇ ਤੋਂ ਨਾ ਦਿੱਤੇ ਜਾਂਦੇ ਤਾਂ ਉਨ੍ਹਾਂ ਪੈਸਿਆਂ ਨੂੰ ਵਿਆਜੂ ਕਰ ਲੈਂਦਾ। ਹਾੜ੍ਹੀ ਵੀ ਤੇ ਸੌਣੀ ਵੀ ਬਹੁਤੇ ਹਾਰੇ ਟੁੱਟੇ ਜੱਟ ਕਿਰਪਾ ਮੱਲ ਕੋਲੋਂ ਡੂਢੀ ਉੱਤੇ ਬੀਅ ਲੈ ਕੇ ਖੇਤ ਵਿੱਚ ਪਾਉਂਦੇ। ਇਸ ਤਰ੍ਹਾਂ ਨਾਲ ਹਾੜ੍ਹੀ ਸੌਣੀ ਖ਼ਰੀਦੇ ਉਹਦੇ ਦਾਣੇ ਅਗਲੀ ਹਾੜ੍ਹੀ ਸੌਣੀ ਦੁੱਗਣੇ ਹੋ ਜਾਂਦੇ।

ਪਿਛਲੇ ਸਾਲ ਹਾੜ੍ਹੀ ਨਿਕਲੀ ਤੋਂ ਕਿਰਪਾ ਮੱਲ ਨੇ ਕਣਕ ਹੀ ਬਹੁਤੀ ਖ਼ਾਸ ਕਰਕੇ ਖ਼ਰੀਦੀ ਸੀ। ਸਾਰੀ ਕਣਕ ਉਸ ਨੇ ਬੋਰੀਆਂ ਵਿੱਚ ਪਾ ਕੇ ਚੋਰੀਓਂ ਪੰਜ ਸੱਤ ਰਾਤਾਂ ਲਾ ਕੇ ਦੁੱਲਾ ਸਿੰਘ ਦੇ ਘਰ ਤੂੜੀ ਵਾਲੇ ਇੱਕ ਕੋਠੇ ਵਿੱਚ ਰੱਖ ਦਿੱਤੀ ਸੀ। ਦੁੱਲਾ ਸਿੰਘ ਦਾ ਘਰ ਵੀ ਬਹੁਤ ਲੰਮਾ ਚੌੜਾ ਸੀ। ਉਸ ਦੇ ਘਰ ਵਿੱਚ ਦੋ ਤਿੰਨ ਕੋਠੇ ਤੂੜੀ ਪਾਉਣ ਵਾਸਤੇ ਬਣਾਏ ਹੋਏ ਸਨ। ਐਤਕੀਂ ਉਨ੍ਹਾਂ ਨੇ ਕੁਝ ਤੂੜੀ ਖੇਤਾਂ ਵਿੱਚ ਹੀ ਬਾਹਰ ਕੁੱਪਾਂ ਵਿੱਚ ਬੰਦ ਕਰਕੇ ਰੱਖ ਲਈ ਸੀ। ਦੋ ਕੋਠੇ ਘਰ ਵਿੱਚ ਭਰ ਲਏ ਸਨ। ਤੀਜੇ ਇੱਕ ਕੋਠੇ ਵਿੱਚ ਦੋ ਸੌ ਵੱਡੀ ਬੋਰੀ ਕਣਕ ਦੀ ਭਰ ਕੇ ਕਿਰਪਾ ਮੱਲ ਨੇ ਰੱਖ ਦਿੱਤੀ ਸੀ। ਬੋਰੀਆਂ ਦੇ ਮੂਹਰੇ ਉੱਤੇ ਤੂੜੀ ਚੜ੍ਹਾ ਦਿੱਤੀ ਸੀ ਤਾਂਕਿ ਵੇਖਣ ਵਾਲੇ ਨੂੰ ਆਮ ਪਤਾ ਨਾ ਲੱਗੇ। ਇਹ ਸਾਰਾ ਕੁਝ ਕਿਰਪਾ ਮੱਲ ਨੇ ਦੁੱਲਾ ਸਿੰਘ ਨਾਲ ਪਹਿਲਾਂ ਹੀ ਪੱਕੀ ਤਰ੍ਹਾਂ ਮਿਥ ਮਥਾ ਕੇ ਕੀਤਾ ਸੀ। ਉਸ ਸਾਲ ਕਣਕ ਦੀ ਫ਼ਸਲ ਬੜੀ ਘੱਟ ਹੋਈ ਸੀ। ਭਾਅ ਹੁਣ ਵਧ ਗਏ ਸਨ ਤੇ ਸਰਕਾਰ ਐਲਾਨ ਕਰ ਰਹੀ ਸੀ ਕਿ ਲੋੜ ਤੋਂ ਵੱਧ ਜਿਸ ਕੋਲ ਅਨਾਜ ਹੋਵੇਗਾ ਉਸ ਤੋਂ ਬਰਾਮਦ ਕਰਵਾ ਲਿਆ ਜਾਵੇਗਾ।

ਫੱਗਣ ਦਾ ਮਹੀਨਾ ਸੀ। ਇਨ੍ਹਾਂ ਦਿਨਾਂ ਵਿੱਚ ਨਵੀਂ ਫ਼ਸਲ ਪੱਕਣ ਉਤੇ ਆਈ ਹੁੰਦੀ ਹੈ ਤੇ ਪੁਰਾਣੀ ਕਣਕ ਲੋਕਾਂ ਦੇ ਕੋਲ ਮੁੱਕ ਗਈ ਹੁੰਦੀ ਹੈ। ਕਣਕ ਦੇ ਭਾਅ ਇਨ੍ਹਾਂ ਦਿਨਾਂ ਵਿੱਚ ਉਂਜ ਹੀ ਚੜ੍ਹ ਜਾਂਦੇ ਹਨ। ਮੁਲਾਜ਼ਮਾਂ ਲੋਕਾਂ ਦਾ ਸ਼ੁਰੂ ਸਾਲ ਵਿੱਚ ਖ਼ਰੀਦਿਆਂ ਕੋਟਾ ਖ਼ਤਮ ਹੋ ਜਾਂਦਾ ਹੈ ਤੇ ਭਾਅ ਚੜ੍ਹਨ ਕਰਕੇ ਗਰੀਬ ਗ਼ੁਰਬਿਆਂ ਕੋਲ ਕਣਕ ਖ਼ਰੀਦਣ ਦੀ ਪਹੁੰਚ ਵੀ ਨਹੀਂ ਰਹਿੰਦੀ। ਇਨ੍ਹਾਂ ਦਿਨਾਂ ਵਿੱਚ ਹੀ ਕਿਰਪਾ ਮੱਲ ਦੀ ਕਣਕ ਦੁੱਗਣੀ ਹੋ ਜਾਂਦੀ।

ਜਿਨ੍ਹਾਂ ਲੋਕਾਂ ਨੇ ਅੱਗੇ ਵਾਂਗ ਡੂਢੀ ਉੱਤੇ ਕਣਕ ਲਿਜਾਣੀ ਸੀ, ਉਹ ਲੈ ਗਏ। ਹੁਣ ਕਿਰਪਾ ਮੱਲ ਨਕਦ ਪੈਸੇ ਦੇਣ ਵਾਲਿਆਂ ਨੂੰ ਇੱਕ ਇੱਕ ਮਣ, ਦੋ ਦੋ ਮਣ ਕਣਕ ਦਿੰਦਾ ਸੀ। ਕਣਕ ਦਿਨੋ-ਦਿਨ ਉਤਾਂਹ ਹੀ ਉਤਾਂਹ ਚੜ੍ਹ ਰਹੀ ਸੀ। ਸਾਰੇ ਪੰਜਾਬ ਵਿੱਚ ਹਾਹਾਕਾਰ ਮੱਚੀ ਹੋਈ ਸੀ। ਮੁਲਾਜ਼ਮ ਕੂਕ ਰਹੇ ਸਨ। ਅਖ਼ਬਾਰ ਸੁਰਖੀਆਂ ਜਮਾ ਰਹੇ ਸਨ। ਵਿਰੋਧੀ ਪਾਰਟੀਆਂ ਅੰਦੋਲਨਾਂ ਦਾ ਐਲਾਨ ਕਰ ਰਹੀਆਂ ਸਨ। ਸਰਕਾਰ ਬਿਆਨ ਦੇ ਰਹੀ ਸੀ। ਲੋਕ ਭੁੱਖੇ ਮਰ ਰਹੇ ਸਨ। ਸਰਕਾਰ ਛਾਪੇ ਮਾਰ ਰਹੀ ਸੀ। ਵੱਡੇ-ਵੱਡੇ ਜ਼ਿੰਮੀਦਾਰਾਂ ਨੇ ਲੋੜ ਜੋਗੀ ਕਣਕ ਰੱਖ ਕੇ ਬਾਕੀ ਦੀ ਸਾਰੀ ਮੰਡੀ ਵਿੱਚ ਪਹੁੰਚਾ ਦਿੱਤੀ ਸੀ। ਸਾਰੇ ਬਾਣੀਆਂ ਨੇ ਕੋਠੇ ਕਦੋਂ ਦੇ ਖ਼ਾਲੀ ਕਰ ਦਿੱਤੇ ਸਨ। ਦੁੱਲਾ ਸਿੰਘ ਦੇ ਨੀਰੇ ਵਾਲੇ ਕੋਠੇ ਵਿੱਚ ਕਿਰਪਾ ਮੱਲ ਦੀਆਂ ਦੋ ਸੌ ਬੋਰੀਆਂ ਤੂੜੀ ਦੇ ਲਿਫ਼ਾਫ਼ੇ ਵਿੱਚ ਛੁਪੀਆਂ ਬੈਠੀਆਂ ਸਨ।

ਕਿਰਪਾ ਮੱਲ ਦੁੱਲਾ ਸਿੰਘ ਦੇ ਘਰ ਆਥਣ ਉੱਗਣ ਗੇੜਾ ਮਾਰਦਾ। ਉਨ੍ਹਾਂ ਦੀਆਂ ਬਹੂਆਂ ਨੂੰ ਬਹੁਤਾ ਹੀ ਬੇਟਾ ਬੇਟਾ ਕਰਦਾ। ਉਨ੍ਹਾਂ ਦੇ ਜਵਾਕਾਂ ਨੂੰ ਖੰਡ ਦੀਆਂ ਮਿੱਠੀਆਂ

ਗੋਲੀਆਂ ਖਾਣ ਨੂੰ ਦੇ ਜਾਂਦਾ। ਆਥਣੇ ਆ ਕੇ ਦੁੱਲਾ ਸਿੰਘ ਦੇ ਮੁੰਡਿਆਂ ਕੋਲੋਂ ਉਨ੍ਹਾਂ ਦੀ ਫ਼ਸਲ ਬਾੜੀ ਦਾ ਹਾਲ ਪੁੱਛਦਾ। ਦੁੱਲਾ ਸਿੰਘ ਨਾਲ ਘੰਟਾ ਘੰਟਾ, ਦੋ ਦੋ ਘੰਟੇ ਬੈਠਾ ਰੁਕ ਦੀਆਂ ਗੱਲਾਂ ਕਰਦਾ ਰਹਿੰਦਾ।

ਦੁੱਲਾ ਸਿੰਘ ਨੂੰ ਕਿਰਪਾ ਮੱਲ ਦਾ ਪੂਰਾ ਸਤਿਕਾਰ ਸੀ। ਪਿੰਡ ਦਾ ਉਹ ਰਾਜਿਆਂ ਵਰਗਾ ਬਾਣੀਆਂ ਸੀ। ਔਖੇ ਵੇਲਿਆਂ ਵਿੱਚ ਉਨ੍ਹਾਂ ਦੇ ਘਰ ਤੋਂ ਦੁੱਲਾ ਸਿੰਘ ਨੇ ਦਾਣੇ ਲੈ ਲੈ ਖਾਧੇ ਸਨ। ਸਰਕਾਰ ਛਾਪੇ ਮਾਰ ਰਹੀ ਸੀ। ਲੋਕ ਭੁੱਖੇ ਮਰ ਰਹ ਸਨ। ਕਿਰਪਾ ਮੱਲ ਦੀ ਜਾਨ ਦੁੱਲਾ ਸਿੰਘ ਦੀ ਮੁੱਠੀ ਵਿੱਚ ਸੀ। ਉਹਦੇ ਅੰਦਰ ਦੋ ਸੌ ਬੋਰੀ ਕਣਕ ਦੀ ਪਈ ਸੀ। ਉਹਨੂੰ ਆਪ ਦਾ ਵੀ ਡਰ ਵੱਢ ਵੱਢ ਖਾਂਦਾ ਸੀ। ਕਣਕ ਫੜੀ ਜਾਂਦੀ ਤਾਂ ਸਾਰੀ ਦੀ ਸਾਰੀ ਐਵੇਂ ਹੀ ਜਾਂਦੀ। ਕਣਕ ਦਾ ਨਿਸ਼ਚਿਤ ਮੁੱਲ ਜੇ ਮਿਲਦਾ, ਪਤਾ ਨਹੀਂ ਸਰਕਾਰ ਦੇ ਘਰੋਂ ਕਦ ਮਿਲਦਾ ਜਾਂ ਮਿਲਦਾ ਹੀ ਨਾ। ਦਿਨੋ-ਦਿਨ ਕਿਰਪਾ ਮੱਲ ਦਾ ਮੂੰਹ ਬਲੂੰਗੜੇ ਵਰਗਾ ਨਿਕਲਦਾ ਆਉਂਦਾ ਸੀ।

'ਜੇ ਤੇਰਾ ਦਿਲ ਧੜਕਦੈ ਤਾਂ ਹੁਣੇ ਦੱਸ ਦੇ ਦੁੱਲਾ ਸਿਆਂ, ਇੱਕ ਦਿਨ ਕਿਰਪਾ ਮੱਲ ਉਸਨੂੰ ਪੁੱਛਣ ਲੱਗਿਆ।

'ਅਮਾਨ ਦੇ ਸੌਦੇ ਨੇ ਸ਼ਾਹ ਜੀ। ਯਾਰੀ ਐ, ਚਰ੍ਹੀ ਦਾ ਵੱਢ ਤਾਂ ਨੀ। ਤੂੰ ਆਵਦੇ ਦਿਲ ਨੂੰ ਥਾਂ ਸਿਰ ਰੱਖ, ਦੁੱਲਾ ਸਿੰਘ ਨੇ ਹਿੱਕ ਥਾਪੜੀ।

ਹੁਣ ਕੁਝ ਐਸੇ ਦਿਨ ਆ ਗਏ ਸਨ ਕਿ ਮੁੱਲ ਨੂੰ ਵੀ ਕਣਕ ਕਿਤੋਂ ਨਹੀਂ ਮਿਲਦੀ। ਡਰਦਾ ਕੋਈ ਜ਼ਿੰਮੀਦਾਰ ਨਹੀਂ ਸੀ ਕਣਕ ਵੇਚਦਾ-'ਕਿਤੇ ਵਾਧੂ ਅਨਾਜ ਘਰੇ ਰੱਖਣ ਦਾ ਦੂਸ਼ਣ ਨਾ ਲੱਗ ਜਾਵੇ।' ਕੋਈ ਬਾਣੀਆਂ ਦਾਣਾ ਵੇਚ ਕੇ ਰਾਜ਼ੀ ਨਹੀਂ ਸੀ-'ਕਿਤੇ ਫੜੇ ਨਾ ਜਾਈਏ।' ਮਜ਼੍ਹਬੀ, ਰਾਮਦਾਸੀਏ, ਸੁਨਿਆਰ, ਝਿਉਰ, ਛੀਂਬੇ ਤੇ ਨਾਈ ਆਦਿ ਹੱਥਾਂ ਵਿੱਚ ਨੋਟ ਚੱਕੀ ਫਿਰਦੇ, ਪਰ ਕਿਤੋਂ ਵੀ ਕਣਕ ਨਾ ਮਿਲਦੀ।

ਆਟਾ ਪੀਹਣ ਵਾਲੀਆਂ ਪਿੰਡ ਵਿੱਚ ਦੋ ਮਸ਼ੀਨਾਂ ਸਨ। ਲੋੜਵੰਦ ਓਥੋਂ ਆਥਣ ਉਗਣ ਡੰਗ ਦਾ ਆਟਾ ਮੁੱਲ ਲੈ ਆਉਂਦੇ ਤੇ ਬਿਲੂੰ ਕਰਦੇ ਜਵਾਕਾਂ ਦਾ ਢਿੱਡ ਭਰ ਦਿੰਦੇ। ਦੋ ਮਸ਼ੀਨਾਂ ਪਰ ਸਾਰੇ ਪਿੰਡ ਨੂੰ ਕਿੰਨਾਂ ਕੁ ਚਿਰ ਆਟਾ ਦਈ ਜਾਂਦੀਆਂ। ਲੋਕ ਪੂਰੇ ਜਿੱਚ ਹੋ ਗਏ। ਕਣਕ ਕਿਤੋਂ ਵੀ ਨਹੀਂ ਸੀ ਲੱਭਦੀ। ਇੱਕ ਇੱਕ ਦਾਣੇ ਨੂੰ ਲੋਕ ਤਰਸੇ ਪਏ ਸਨ।

ਜੱਟਾਂ ਦੇ ਘਰੀਂ ਕਮੀਣ ਚੋਰੀਓਂ ਜਾ ਜਾ ਕੇ ਵਾਸਤੇ ਪਾਉਂਦੇ-'ਜੇ ਦੋ ਪਸੇਰੀਆਂ ਈ ਮਿਲ ਜਾਣ।' ਕਿਰਪਾ ਮੱਲ ਨੂੰ ਬੁਝਾਰਤਾਂ ਪਾ ਪਾ ਲੋਕ ਪੁੱਛਦੇ-'ਸੇਠ ਜੀ, ਮਿਹਰਾਂ ਹੋ ਜਾਣ।' ਪਰ ਕੋਈ ਨਾ ਬੋਲਦਾ, ਕੋਈ ਨਾ ਕਿਸੇ ਦੀ ਸੁਣਦਾ।'

ਕਿਰਪਾ ਮੱਲ ਦੁਕਾਨ ਉੱਤੇ ਬੈਠਾ ਹੁੱਕੇ ਦੀਆਂ ਘੁੱਟਾਂ ਭਰ ਭਰ ਲੋਕਾਂ ਨੂੰ ਵਖਿਆਨ ਕਰਦਾ-'ਸੰਸਾਰ 'ਤੇ ਭਾਈ ਪਾਪ ਬਹੁਤਾ ਵਧ ਗਿਆ। ਅੰਨ ਲੋਪ ਹੋਣਾ ਹੀ ਸੀ। ਬੇਈਮਾਨੀ ਵਧ 'ਗੀ ਬੇਈਮਾਨੀ। ਲੱਛਮੀ ਦੇਖ ਲੋ ਪੈਰਾਂ 'ਚ ਰੁਲਦੀ ਫਿਰਦੀ ਐ। ਅਕੇ, ਅੰਨ ਟਕੇ ਦਾ ਸੇਰ ਵਕਾਵੇ। ਹੁਣ ਤਾਂ ਟਕੇ ਈ ਟਕੇ ਪੱਲੇ ਰਹਿ ਗੇ ਤੇ ਅੰਨ ਦੇ ਸੇਰਾਂ ਨੂੰ ਪਤਾ ਨੀ ਕੀ ਭਾਵੀ ਵਰਤ ਗੀ।'

ਇੱਕ ਦਿਨ ਦਸ ਬੰਦੇ ਰਾਮਦਾਸੀਆਂ ਦੇ ਵਿਹੜਿਓਂ ਤੇ ਦਸ ਬੰਦੇ ਮਜ਼੍ਹਬੀਆਂ ਦੇ ਵਿਹੜੀਓਂ ਇਕੱਠੇ ਹੋ ਕੇ ਕਿਰਪਾ ਮੱਲ ਦੀ ਦੁਕਾਨ ਉੱਤੇ ਆ ਗਏ। ਕਹਿੰਦੇ-'ਦੇਖੋ ਸ਼ਾਹ ਜੀ, ਜਿਮੇਂ ਕਹਿੰਦੇ ਹੁੰਦੇ ਨੇ-ਅਕੇ, 'ਸ਼ਾਹ ਬਿਨਾਂ ਪਤਾ ਨੀ।' ਤੁਸੀਂ ਪਿੰਡ ਦੀ ਇੱਜ਼ਤ

ਹੁੰਨੇ ਓ। ਥੋਡੇ ਘਰ ਅੱਜ ਦੀ ਘੜੀ ਕਾਸੇ ਦਾ ਆਟਾ ਨੀ। ਬਾਹਲੀ ਨੀ ਤਾਂ ਚਾਰ ਚਾਰ ਪਸੇਰੀਆਂ ਦੇ ਦਿਓ। ਪੈਸੇ ਪਹਿਲਾਂ ਜਿੰਨੇ ਰੂਹ ਐ ਲੈ ਲੋ,

ਚਿਲਮ ਦੀ ਬੁਝੀ ਅੱਗ ਬੱਠਲ ਵਿੱਚ ਝਾੜ ਕੇ ਕਿਰਪਾ ਮੱਲ ਨੇ ਹੁੱਕਾ ਦੁਕਾਨ ਦੇ ਇੱਕ ਖੂੰਜੇ ਰੱਖ ਦਿੱਤਾ। ਗੱਲੇ ਕੋਲ ਪਈ ਪਾਣੀ ਦੀ ਗੜਵੀ ਚੁੱਕ ਕੇ ਉਸ ਨੇ ਚੂਲੀ ਭਰ ਲਈ–'ਤੁਸੀਂ ਐਂ ਕਰੋ, ਮੇਰੇ ਸਾਰੇ ਘਰ ਦੀ ਤਲਾਸ਼ੀ ਲੈ ਲੋ, ਜੇ ਮੇਰੇ 'ਤੇ 'ਤਬਾਰ ਨੀ।' ਉਨ੍ਹਾਂ ਆਦਮੀਆਂ ਵਿੱਚ ਲਾਲੇ ਦੀ ਗੱਲ ਸੁਣ ਕੇ ਗੁੱਝੀ ਘੁਸਰ ਮੁਸਰ ਹੋਈ। ਇੱਕ ਆਦਮੀ ਕਹਿੰਦਾ–'ਪੀਤੂ ਸਾਲਾ ਐਮੇਂ ਨਾ ਭੌਂਕਦਾ ਹੋਬੇ।' ਦੂਜਾ ਬੰਦਾ ਹੌਲੀ ਦੇ ਕੇ ਪਹਿਲੇ ਦੇ ਕੰਨ ਵਿੱਚ ਕਹਿੰਦਾ–'ਪੀਤੂ ਸਾਲਾ ਐਮੇ ਕਿਉਂ, ਉਹ ਕਹਿੰਦੈ–ਮੈਂ ਆਪ ਓਦਣ ਨਾਲ ਧਰਾਈ ਐ।' ਤੇ ਸਾਰਾ ਇਕੱਠ ਕੋਈ ਕੁਝ ਕਹਿੰਦਾ, ਕੋਈ ਕੁਝ ਕਹਿੰਦਾ ਕਿਰਪਾ ਮੱਲ ਦੀ ਦੁਕਾਨ ਤੋਂ ਬਿੱਝੜ ਗਿਆ। ਜਾਂਦੇ ਜਾਂਦੇ ਇੱਕ ਬੰਦਾ ਕਹਿੰਦਾ–'ਓਏ ਆਪਾਂ ਦੁੱਲੇ ਦੇ ਘਰੋਂ ਪਤਾ ਲੈ ਲੀਏ।' ਓਵੇਂ ਜਿਵੇਂ ਉਸ ਸਾਰੇ ਬੰਦੇ ਬਣੇ ਬਣਾਏ ਦੁੱਲਾ ਸਿੰਘ ਦੇ ਘਰ ਪਹੁੰਚ ਗਏ। ਦੁੱਲਾ ਸਿੰਘ ਦਰਵਾਜ਼ੇ ਮੂਹਰੇ ਲੋਹੇ ਦੇ ਮੂਹੜੇ ਉੱਤੇ ਕੱਟਰੂਆਂ ਵੱਛਰੂਆਂ ਵਾਸਤੇ ਛਿੱਕਲੀਆਂ ਬਣਾ ਰਿਹਾ ਸੀ। ਜਦ ਉਸ ਨੇ ਐਨਾ ਇਕੱਠ ਆਪਣੇ ਵਲ ਆਉਂਦੇ ਦੇਖਿਆ ਤਾਂ ਥਾਂ ਦੀ ਥਾਂ ਭਮੱਤਰ ਗਿਆ। ਉਨ੍ਹਾਂ ਦੇ ਨਾਲ ਰਾਹ ਵਿਚੋਂ ਦਸ ਪੰਦਰਾਂ ਬੰਦੇ ਹੋਰ ਵੀ ਰਲ ਗਏ ਸਨ। ਸਾਰਿਆਂ ਨੇ ਆ ਕੇ ਦੁੱਲਾ ਸਿੰਘ ਨੂੰ ਸਤਿ ਸ੍ਰੀ ਅਕਾਲ ਬੁਲਾਈ। ਫੇਰ ਉਨ੍ਹਾਂ ਵਿਚੋਂ ਇੱਕ ਬੰਦਾ ਬੋਲਿਆ–'ਸਰਦਾਰ ਜੀ, ਝੂਠ ਅਸੀਂ ਵੀ ਨੀ ਬੋਲਦੇ ਤੇ ਝੂਠ ਹੁਣ ਤੂੰ ਵੀ ਨਾ ਬੋਲੀਂ। ਭਲਾ ਕਿਉਂ ਲੋਕ ਭੁੱਖੇ ਮਾਰੇ ਐ। ਪੈਸੇ ਖਰੇ ਦੁੱਧ ਅਰਗੇ ਜਦੋਂ ਮਿਲਦੇ ਐ।'

ਦੁੱਲਾ ਸਿੰਘ ਦੇ ਮੱਥੇ ਨੂੰ ਮੁੜਕਾ ਆ ਗਿਆ, ਉਸ ਨੇ ਸਿਰ ਖੁਰਕਣਾ ਸ਼ੁਰੂ ਕਰ ਦਿੱਤਾ। ਉਹ ਸੋਚਾਂ ਵਿੱਚ ਪੈ ਗਿਆ। ਲੋਕਾਂ ਨੂੰ ਉਹ ਕਹਿੰਦਾ–'ਤੁਸੀਂ ਬਹਿ ਜੋ।' ਤੇ ਆਪ ਉਹ ਅੰਦਰ ਸਬ੍ਹਾਤ ਵਿੱਚ ਪਤਾ ਨਹੀਂ ਕੀ ਕਰਨ ਚਲਿਆ ਗਿਆ। ਸਾਰੇ ਲੋਕ ਉਸਦੇ ਦਰਵਾਜ਼ੇ ਮੂਹਰੇ ਬੈਠ ਗਏ। ਉਨ੍ਹਾਂ ਵਿੱਚ ਪੂਰਾ ਰੋਹ ਸੀ। ਕਈ ਵਾਰ ਉਨ੍ਹਾਂ ਵਿਚੋਂ ਗਭਰੂਟਾਂ ਦੀਆਂ ਨਿੱਕੀਆਂ-ਨਿੱਕੀਆਂ ਟੁਣਕਦੀਆਂ ਚਹੇੜਾਂ ਉਠਦੀਆਂ। ਸਿਆਣੇ ਬੰਦੇ ਵਿਚੋਂ ਹੀ ਉਨ੍ਹਾਂ ਜਵਾਨਾਂ ਨੂੰ ਅੱਖਾਂ ਅੱਖਾਂ ਵਿੱਚ ਘੂਰ ਦਿੰਦੇ।

ਦੁੱਲਾ ਸਿੰਘ ਦੇ ਮਨ ਵਿੱਚ ਕਿਰਪਾ ਮੱਲ ਦੇ ਪੁਸ਼ਤ-ਦਰ-ਪੁਸ਼ਤ ਸੰਬੰਧ ਜਾਗ ਪਏ। ਉਸਦੇ ਵੱਡ-ਵਡੇਰੇ ਕਿਰਪਾ ਮੱਲ ਦੇ ਵੱਡ-ਵਡੇਰਿਆਂ ਤੋਂ ਦਾਣੇ ਲੈ ਲੈ ਖਾਂਦੇ ਰਹੇ ਸਨ। ਫੇਰ ਉਸਦੇ ਮਨ ਵਿੱਚ ਇੱਕਦਮ ਗੱਲ ਆਈ ਕਿ ਉਸ ਦੇ ਦਾਦੇ ਕੋਲ ਸੌ ਘੁਮਾਂ ਜ਼ਮੀਨ ਸੀ। ਡੂਢੀਆਂ ਸਵਾਈਆਂ ਦੇ ਦੇ ਵਧਾਰੇ ਤੇ ਵਿਆਜ-ਦਰ-ਵਿਆਜ ਭਰ ਭਰ ਕੇ, ਵੀਹ ਘੁਮਾਂ ਉਸ ਦੇ ਦਾਦੇ ਤੇ ਵੀਹ ਘੁਮਾਂ ਉਸ ਦੇ ਪਿਓ ਨੇ ਕਿਰਪਾ ਮੱਲ ਕੇ ਘਰ ਨੂੰ ਬੈਅ ਕਰਵਾ ਦਿੱਤੀ ਸੀ। ਜਦੋਂ ਅਜੇ ਉਹਦੇ ਪੁੱਤ ਉਡਾਰ ਨਹੀਂ ਸੀ ਹੋਏ ਉਸ ਤੋਂ ਕੁਝ ਚਿਰ ਪਹਿਲਾਂ ਹੀ ਦੁੱਲਾ ਸਿੰਘ ਨੇ ਆਪ ਵੀ ਦਸ ਘੁਮਾਂ ਕਿਰਪਾ ਮੱਲ ਨੂੰ ਬੈਅ ਕਰ ਦਿੱਤੀ ਸੀ। ਸਾਰੇ ਕਰਜ਼ੇ ਦਾ ਜੱਭ ਵੱਢਿਆ ਸੀ। ਪਿਓ ਦਾਦੇ ਦੀ ਸੌ ਘੁਮਾਂ ਜ਼ਮੀਨ ਵਿਚੋਂ ਹੁਣ ਉਸ ਕੋਲ ਅੱਧੀ ਰਹਿ ਗਈ ਸੀ ਤੇ ਅੱਧੀ ਕਿਰਪਾ ਮੱਲ ਦਾ ਘਰ ਹੜੱਪ ਕਰ ਗਿਆ ਸੀ। ਐਵੇਂ ਐਵੇਂ ਵਿੱਚ ਹੀ। ਉਸ ਇਕੱਠੀ ਦੀ ਇਕੱਠੀ ਪੰਜਾਹ ਘੁਮਾਂ ਵਿੱਚ ਕਿਰਪਾ ਮੱਲ ਨੇ ਟਿਊਬਵੈਲ ਲਾਇਆ ਹੋਇਆ ਸੀ। ਜਦੋਂ ਕਦੇ ਉਸ ਟਿਊਬਵੈਲ ਕੋਲ ਦੀ ਦੁੱਲਾ ਸਿੰਘ ਲੰਘਦਾ ਸੀ ਤਾਂ ਉਸ ਦੇ ਕਾਲਜੇ ਵਿੱਚ ਤਿੱਖੀ ਛੁਰੀ ਫਿਰ ਜਾਂਦੀ ਸੀ। ਇਸ ਤਰ੍ਹਾਂ

ਨਾਲ ਕਿਰਪਾ ਮੱਲ ਨੇ ਹੋਰ ਵੀ ਕਈ ਜੱਟਾਂ ਦੀ ਜ਼ਮੀਨ ਇਕੱਠੀ ਕੀਤੀ ਹੋਈ ਸੀ। ਇੱਕਦਮ ਉਸ ਦੇ ਮਨ ਵਿੱਚ ਵਿਧਰੋਹ ਜਾਗ ਪਿਆ। ਉਸ ਦੇ ਦਿਮਾਗ਼ ਵਿੱਚ ਧੂੰਆਂ ਭਰ ਗਿਆ ਕਿ ਕਿਰਪਾ ਮੱਲ ਉਸਦਾ ਹਮਦਰਦੀ ਜਾਂ ਮਿੱਤਰ ਤਾਂ ਨਹੀਂ, ਉਹ ਉਸ ਦਾ ਵੈਰੀ ਹੈ ਤੇ ਮਿੱਠੀ ਛੁਰੀ। ਉਹਦਾ ਜੀਅ ਕਰਦਾ ਸੀ ਕਿ ਲੋਕਾਂ ਨੂੰ ਸੱਚੀ ਸੱਚੀ ਦੱਸ ਦੇਵੇ ਤੇ ਆਪ ਹੀ ਤੂੜੀ ਵਾਲੇ ਕੋਠੇ ਦਾ ਬਾਰ ਖੋਲ ਦੇਵੇ, ਤੇ ਕਹੇ-ਲੁਟ ਲੋ ਸਾਰੀ ਕਣਕ ਸਾਲੇ ਕਰਿਆੜ ਦੀ।'

"ਮਾਨਤ ਵੀ ਕੋਈ ਚੀਜ਼ ਹੁੰਦੀ ਐ।' ਉਸ ਦੇ ਮਨ ਵਿੱਚ ਫੇਰ ਪਤਾ ਨਹੀਂ ਕਿਵੇਂ ਵਿਧਰੋਹ ਠੰਡਾ ਪੈ ਗਿਆ। ਉਸ ਨੇ ਬਾਹਰ ਆ ਕੇ ਲੋਕਾਂ ਨੂੰ ਕਹਿ ਦਿੱਤਾ-'ਭਰਾਵੋ, ਮੈਂ ਕੁਸ ਨੀ ਕਹਿ ਸਕਦਾ। ਤੁਸੀਂ ਸਾਰੇ ਮੇਰੇ ਘਰੋਂ ਚਲੇ ਜਾਓ।'

ਲੋਕ ਇੱਕ ਦੂਜੇ ਦੇ ਮੂੰਹਾਂ ਵਲ ਝਾਕਣ ਲੱਗੇ। ਸਾਰੇ ਦੇ ਸਾਰੇ ਬਿੰਦ ਦੀ ਬਿੰਦ ਚੁੱਪ ਖੜ੍ਹੇ ਰਹੇ। ਪਰ ਦੁੱਲਾ ਸਿੰਘ ਦੇ ਦਰਵਾਜ਼ੇ ਮੂਹਰਿਓਂ ਉਠ ਕੇ ਘਰੋਂ ਘਰੀਂ ਜਾਣ ਦੀ ਥਾਂ ਉਹ ਉਸ ਦੇ ਘਰ ਦੇ ਅੰਦਰ ਹੀ ਧੁਸ ਗਏ। ਇੱਕ ਬੰਦੇ ਨੇ ਦਬਾਸੱਟ ਜਾ ਕੇ ਉਸੇ ਤੂੜੀ ਵਾਲੇ ਕੋਠੇ ਦੀ ਚੂਲ ਪੱਟ ਦਿੱਤੀ। ਦੋ ਤਿੰਨ ਹੋਰ ਬੰਦਿਆਂ ਨੇ ਤੂੜੀ ਪਰ੍ਹੇ ਹਟਾ ਕੇ ਦੁੱਲਾ ਸਿੰਘ ਨੂੰ ਦਿਖਾਇਆ-ਦੁੱਲਾ ਸਿਆਂ, ਆਹ ਬੋਰੀਆਂ 'ਚ ਤੂੜੀ ਪਾ ਕੇ ਰੱਖੀ ਐ?' ਇੱਕ ਮੁੱਛਲ ਜਿਹਾ ਸਿਆਣਾ ਬੰਦਾ ਦੁੱਲਾ ਸਿੰਘ ਨੂੰ ਕਹਿੰਦਾ-ਦੇਖ ਦੁੱਲਾ ਸਿਆਂ, ਤੇਰੇ ਸੀਰੀ ਪੀਤੂ ਕੋਲੋਂ ਸਾਨੂੰ ਸਾਰੀ ਕਹਾਣੀ ਦਾ ਪਤਾ ਲੱਗ ਗਿਐ। ਭਲੀਪਤ ਨਾਲ ਕਿਰਪੇ ਨੂੰ ਐਥੇ ਬੁਲਾ ਲੈ। ਮਣ ਮਣ ਸਭ ਨੂੰ ਜੋਖ ਦਿਓ। ਹੁਣ ਤਾਈ ਐਨੀ ਕੁੱਤੇਖਾਣੀ ਸਾਡੇ ਨਾਲ ਹੋਈ ਐ। ਹੁਣ ਤਾਂ ਅਸੀਂ ਲਾਲੇ ਦਾ ਖਰੀਦ-ਮੁੱਲ ਈ ਦੇਮਾਂਗੇ।'

ਇਨ੍ਹਾਂ ਦਿਨਾਂ ਵਿੱਚ ਭਾਅ ਕਣਕ ਦਾ ਤੀਹ ਰੁਪਏ ਹੋ ਗਿਆ ਸੀ। ਪਰ ਪਿੜ ਵਿਚੋਂ ਜਦੋਂ ਇਹ ਕਣਕ ਖ਼ਰੀਦੀ ਸੀ, ਬਾਈ ਤੇਈ ਰੁਪਈਏ ਦੁੱਲਾ ਨੂੰ ਫੜਾਈ ਜਾਓ।' ਦੋ ਹੋਰ ਬੰਦਿਆਂ ਨੂੰ ਦਬੱਲ ਦਿੱਤਾ ਕਿ ਇੱਕ ਰਾਮਦਾਸੀਆਂ ਦੇ ਵਿਹੜੇ ਤੇ ਇੱਕ ਮਜ਼੍ਹਬੀਆਂ ਦੇ ਵਿਹੜੇ ਹੋਕਾ ਦੇ ਆਵੇ ਕਿ 'ਮਣ ਮਣ ਪੱਕੀ ਕਣਕ ਦੁੱਲਾ ਸਿਓਂ ਦੇ ਘਰੋਂ ਜੁਖਾ ਲਿਆਓ। ਬਾਈ ਬਾਈ ਰੁਪਈਏ ਜੇਬ 'ਚ ਪਾਈ ਜਾਓ।' ਇੱਕ ਹੋਰ ਬੰਦੇ ਨੇ ਸਾਰੇ ਪਿੰਡ ਵਿੱਚ ਪੀਪਾ ਕੁੱਟ ਦਿੱਤਾ-ਮਣ ਪੱਕੀ ਕਣਕ, ਬਾਈ ਰੁਪਏ, ਦੁੱਲਾ ਸੂੰ ਦੇ ਘਰੋਂ ਮਿਲਦੀ ਐ।'

ਸਾਰੇ ਪਿੰਡ ਵਿੱਚ ਹੈਰਾਨੀ ਛਣਕ ਪਈ। ਦੁੱਲਾ ਸਿੰਘ ਪਤਾ ਨਹੀਂ ਕਿਹੜੇ ਵੇਲੇ ਘਰੋਂ ਬਾਹਰ ਹੋ ਗਿਆ। ਉਹਦੇ ਚਾਰੇ ਪੁੱਤ ਖੇਤ ਗਏ ਹੋਏ ਸਨ। ਬਹੂਆਂ ਦੀ ਕੋਈ ਪੇਸ਼ ਨਾ ਗਈ ਤੇ ਉਹ ਹਾਰ ਕੇ ਅੰਦਰ ਵੜ ਕੇ ਬੈਠ ਗਈਆਂ।

ਦਸਵੀਂ ਵਿੱਚ ਪੜ੍ਹਦੇ ਪਿੰਡ ਦੇ ਚਾਰ ਮੁੰਡੇ ਦੁੱਲਾ ਸਿੰਘ ਦੇ ਘਰ ਲੋਕਾਂ ਤੋਂ ਪੈਸੇ ਫੜਨ ਲਈ ਕਾਪੀਆਂ ਲੈ ਕੇ ਬੈਠ ਗਏ। ਚਾਰ ਹੋਰ ਤਕੜੇ ਤਕੜੇ ਜੁਆਨ ਕਣਕ ਦੀਆਂ ਬੋਰੀਆਂ ਤੂੜੀ ਵਾਲੇ ਕੋਠੇ ਵਿਚੋਂ ਬਾਹਰ ਕੱਢਣ ਲੱਗ ਪਏ। ਚਾਰ ਹੋਰ ਅਧੱਖੜ ਬੰਦੇ ਤੱਕੜੀ ਪਸੇਰੀ ਲੈ ਕੇ ਕਣਕ ਜੋਖ ਲੋਕਾਂ ਦੇ ਪੱਲਿਆਂ ਵਿੱਚ ਪਾਉਣ ਲੱਗ ਪਏ। ਦਿਨ ਛਿਪਦੇ ਤਾਈਂ ਅੱਧੀ ਕਣਕ ਲੋਕਾਂ ਨੇ ਘਰੀਂ ਢੋ ਲਈ। ਪੈਸਿਆਂ ਦਾ ਸਾਰਾ ਹਿਸਾਬ ਕਰਕੇ ਦਸ ਸਿਆਣੇ ਬੰਦੇ ਕਿਰਪਾ ਮੱਲ ਦੀ ਦੁਕਾਨ ਉੱਤੇ ਪਹੁੰਚ ਗਏ। ਮੂੰਹ ਵਿੱਚ ਹੁੱਕੇ ਦੀ ਨੜੀ ਲਈ, ਕਿਰਪਾ ਮੱਲ ਬੇਹੋਸ਼ ਹੋਇਆ ਬੈਠਾ ਸੀ। ♦

# ਖੱਟੀ ਲੱਸੀ ਪੀਣ ਵਾਲੇ

ਗਿੰਦਰ ਤੇ ਚੰਦ ਦੋ ਭਰਾ ਸਨ। ਗਿੰਦਰ ਵੱਡਾ ਤੇ ਚੰਦ ਛੋਟਾ। ਜ਼ਮੀਨ ਉਨ੍ਹਾਂ ਕੋਲ ਸਾਰੀ ਹੀ ਦਸ ਘੁਮਾਂ ਸੀ।

ਉਨ੍ਹਾਂ ਦਾ ਪਿਓ ਇਕੱਲਾ ਸੀ ਤੇ ਜਵਾਨੀ-ਪਹਿਰੇ ਵੀ ਉਸ ਤੋਂ ਵਾਹੀ ਦਾ ਕੰਮ ਚੰਗਾ ਨਹੀਂ ਸੀ ਤੁਰਿਆ। ਆਪਣੀਆਂ ਦੋ ਭੈਣਾਂ ਦੇ ਵਿਆਹ, ਜਿਹੜੇ ਉਸਨੇ ਆਪ ਹੀ ਕੀਤੇ ਸਨ, ਕਿਸੇ ਬਾਣੀਏ ਤੋਂ ਕਰਜ਼ਾ ਲੈ ਕੇ ਕੀਤੇ ਸਨ। ਕਰਜ਼ਾ ਦਿਨੋ-ਦਿਨ ਟਿੱਬੇ ਦੇ ਰੇਤੇ ਵਾਂਗ ਵਧੀ ਜਾਂਦਾ ਸੀ। ਉਸ ਨੇ ਉਨ੍ਹਾਂ ਸਮਿਆਂ ਵਿੱਚ ਦੋ ਘੁਮਾਂ ਜ਼ਮੀਨ ਪਿੰਡ ਦੇ ਇੱਕ ਨਰੋਏ ਜ਼ਿੰਮੀਦਾਰ ਸੁਰਤਾ ਸਿੰਘ ਕੋਲ ਗਹਿਣੇ ਧਰਕੇ, ਉਸ ਬਾਣੀਏ ਦੇ ਸਾਰੇ ਕਰਜ਼ੇ ਦਾ ਜੂੜ ਵੱਢ ਦਿੱਤਾ ਸੀ।

ਕਹਿੰਦੇ, 'ਜੇ ਜੱਟ ਤਕੜਾ ਹੋਵੇ ਤਾਂ ਜ਼ਮੀਨ ਨੂੰ ਸਾਰੀ ਉਮਰ ਖਾਂਦਾ ਰਹਿੰਦਾ ਹੈ ਤੇ ਜੱਟ ਮਾੜਾ ਹੋਵੇ, ਤਾਂ ਜ਼ਮੀਨ ਉਲਟੀ ਜੱਟ ਨੂੰ ਖਾਂ ਜਾਂਦੀ ਹੈ। ਹਲ-ਵਾਹੀ ਦੇ ਕੰਮ ਵਿੱਚ 'ਚਉ' ਦਾ ਕੰਮ ਧਰਤੀ ਨੂੰ ਪੋਲਾ ਕਰਨਾ ਹੁੰਦਾ ਹੈ। ਧਰਤੀ ਨੂੰ ਪੋਲਾ ਜਿੰਨਾ ਕੋਈ ਜੱਟ ਬਹੁਤਾ ਕਰੇ, ਓਨਾ ਉਸ ਵਿਚੋਂ ਬਹੁਤਾ ਅੰਨ-ਪਦਾਰਥ ਨਿਕਲਦਾ ਹੈ। ਜੇ ਜੱਟ 'ਚਉ' ਨੂੰ ਧਰਤੀ ਵਿੱਚ ਬਹੁਤਾ ਨਾ ਵਰਤੇ, ਤਾਂ ਉਹ-ਚਉ ਧਰਤੀ ਨੂੰ ਪੋਲਾ ਕਰਨ ਦੀ ਥਾਂ ਜੱਟ ਨੂੰ ਪੋਲਾ ਕਰ ਦਿੰਦੀ ਹੈ। ਅੰਨ-ਪਦਾਰਥ ਦੀ ਥਾਂ ਫਿਰ ਜੱਟ ਵਿਚੋਂ ਨਿਕਲਦਾ ਹੈ-'ਸ਼ਾਹ ਦਾ ਕਰਜ਼ਾ' ਡੂਢੀਆਂ-ਸਵਾਈਆਂ 'ਕੁੜੀਆਂ ਦੇ ਪੈਸੇ ਵੱਟਣੇ' ਤੇ ਮੁੰਡਿਆਂ ਨੂੰ ਪੈਸੇ ਦੇ ਕੇ ਵਿਆਹੁਣਾ।'

ਦੋ ਘੁਮਾਂ ਜ਼ਮੀਨ ਤਾਂ ਉਨ੍ਹਾਂ ਦੇ ਪਿਓ ਨੇ ਸੁਰਤਾ ਸਿੰਘ ਕੋਲ ਗਹਿਣੇ ਧਰੀ ਹੋਈ ਸੀ, ਪਰ ਕਦੇ ਸੌ ਕਦੇ ਦੋ ਸੌ ਕਰਕੇ ਹੋਰ ਦੋ ਹਜ਼ਾਰ ਰੁਪਈਆਂ ਵਿਆਜੂ ਵੀ ਸੁਰਤ ਸਿੰਘ ਨੇ ਉਸ ਦੇ ਸਿਰ ਕਰ ਲਿਆ ਸੀ। ਹਾੜ੍ਹੀ ਸੌਣੀ ਮੋੜ-ਮੋੜ ਕੇ ਵੀ ਰਕਮ ਓਨੀ ਦੀ ਓਨੀ ਖੜ੍ਹੀ ਰਹਿੰਦੀ, ਕਦੇ ਗਾਂ ਦਾ ਰੱਸਾ ਫੜਾ ਦਿੱਤਾ, ਕਦੇ ਵੱਛੇ ਦਾ ਰੱਸਾ ਫ਼ੜਾ ਦਿੱਤਾ ਤੇ ਕਦੇ ਕੋਈ ਝੋਟੀ ਦੇ ਦਿੱਤੀ ਅਤੇ ਜਿੰਨ੍ਹਾਂ ਚਿਰ ਉਨ੍ਹਾਂ ਦਾ ਪਿਓ ਜਿਉਂਦਾ ਰਿਹਾ, ਉਸ ਤੋਂ ਸੁਰਤਾ ਸਿੰਘ ਕੋਲੋਂ ਕਦੇ ਵੀ ਖਹਿੜਾ ਨਾ ਛੁਡਾਇਆ ਗਿਆ। ਸਾਲ ਵਿੱਚ ਜਿੰਨਾ ਰੁਪਈਆ ਉਹ ਉਤਾਰਦਾ ਸੀ, ਓਦੂੰ ਦੁਗਣਾ ਹੋਰ ਲੈ ਲੈਂਦਾ ਸੀ। ਗਿੰਦਰ ਦਾ ਜਦੋਂ ਵਿਆਹ ਕੀਤਾ, ਓਦੋਂ ਵੀ ਚਾਰ ਹਜ਼ਾਰ ਸੁਰਤਾ ਸਿੰਘ ਨੇ ਹੀ ਦਿੱਤਾ ਸੀ ਤੇ ਜਦੋਂ ਚੰਦਾ ਦਾ ਵਿਆਹ ਕੀਤਾ, ਓਦੋਂ ਦੋ ਹਜ਼ਾਰ ਵਿਆਜੂ ਲਿਆ ਸੀ ਤੇ ਦੋ ਹਜ਼ਾਰ ਦੀ ਦੋ ਘੁਮਾਂ ਜ਼ਮੀਨ ਹੋਰ ਗਹਿਣੇ ਧਰ ਦਿੱਤੀ ਸੀ।

ਜਦੋਂ ਉਨ੍ਹਾਂ ਦਾ ਪਿਓ ਮਰਿਆ, ਉਨ੍ਹਾਂ ਦੇ ਚਾਰ ਘੁਮਾਂ ਜ਼ਮੀਨ ਗਹਿਣੇ ਸੀ ਤੇ ਚਾਰ ਹਜ਼ਾਰ ਰੁਪਈਆ ਦੇਣਾ ਰਹਿੰਦਾ ਸੀ।

ਦੋਵੇਂ ਭਰਾ ਪੂਰੇ ਜਿੱਚ ਸਨ ਕਿ ਉਹ ਸੁਰਤਾ ਸਿੰਘ ਦਾ ਚਾਰ ਹਜ਼ਾਰ ਕਿਵੇਂ ਉਤਾਰਨ। ਉਨ੍ਹਾਂ ਨੂੰ ਗਹਿਣੇ ਜ਼ਮੀਨ ਦਾ ਐਨਾ ਫ਼ਿਕਰ ਨਹੀਂ ਸੀ ਜਿੰਨਾ ਝੋਰਾ ਉਨ੍ਹਾਂ ਨੂੰ ਵਿਆਜੂ ਰੁਪਈਆਂ ਦਾ ਸੀ।

ਸੁਰਤਾ ਸਿੰਘ ਸੁਭਾਅ ਦਾ ਬੜਾ ਮਿੱਠਾ ਸੀ। ਦੇਖਣ ਵਿੱਚ ਇਉਂ ਲੱਗਦਾ ਜਿਵੇਂ ਉਹਦੇ ਨਾਲ ਦਾ ਪਿੰਡ ਵਿੱਚ ਧਰਮਾਤਮਾ ਬੰਦਾ ਹੋਰ ਨਹੀਂ। ਅੱਧ ਕੁ ਦਾ ਹੋ ਕੇ ਗੱਲ ਕਰਦਾ, ਪਿੰਡ ਦੇ ਹਰੇਕ ਬਾਹਮਣ ਨੂੰ 'ਮਹਾਰਾਜ' ਬੁਲਾਉਂਦਾ, ਸੜੇ ਤੋਂ ਸੜੇ ਬਾਣੀਏ ਨੂੰ ਵੀ 'ਰਾਮ-ਰਾਮ' ਕਹਿੰਦਾ। ਝਿਉਰ 'ਨਾਈ', ਛੀਂਬੇ, ਤਖਾਣ, ਘੁਮਿਆਰ, ਮਜ਼੍ਹਬੀ ਤੇ ਰਾਮਦਾਸੀਏ, ਸਭ ਨੂੰ ਉਹ ਆਦਰ ਨਾਲ ਬੁਲਾਉਂਦਾ। ਐਨਾ ਮਿੱਠਾ ਬੰਦਾ ਪਿੰਡ ਵਿੱਚ ਹੋਰ ਕੋਈ ਨਹੀਂ ਸੀ। ਐਨਾ ਸਾਦਾ ਬੰਦਾ ਪਿੰਡ ਵਿੱਚ ਹੋਰ ਕੋਈ ਨਹੀਂ ਸੀ। ਪੈਰੀਂ ਖੱਲ-ਧੌੜੀ ਦੀ ਜੁੱਤੀ। ਜੁੱਤੀ ਉਸ ਦੇ ਚਲਦੀ ਬਹੁਤ ਸੀ। ਪੰਜ-ਪੰਜ ਛੀ-ਛੀ ਵਾਰੀ ਗੰਢਾ ਕੇ ਵੀ ਉਹ ਜੁੱਤੀ ਨੂੰ ਹੰਢਾਈ ਜਾਂਦਾ। ਤੇੜ, ਖੱਦਰ ਦੀ ਧੋਤੀ। ਗਲ, ਖੱਦਰ ਦੀ ਬੋਸਕੀ ਦਾ ਕੁੜਤਾ। ਸਿਰ ਉੱਤੇ ਮੋਟੀ ਵੈਲ ਦਾ ਚਿੱਟਾ ਸਾਫਾ। ਬਾਰਾਂ ਮਹੀਨੇ ਤੀਹ ਦਿਨ ਓਸ ਦੇ ਇਹੀ ਪਹਿਰਾਵਾ ਹੁੰਦਾ। ਸਿਆਲਾਂ ਵਿੱਚ ਦੋੜੇ ਵਰਗੇ ਮੋਟੇ ਖੱਦਰ ਦੀ ਜਾਕਟ ਤੇ ਡੱਬੀਆਂ ਵਾਲੇ ਖੇਸ ਦੀ ਬੁੱਕਲ ਜ਼ਰੂਰ ਵਧ ਜਾਂਦੀ, ਨਹੀਂ ਤਾਂ ਬੱਸ ਉਸਦਾ ਇੱਕੋ ਪਹਿਰਾਵਾ ਰਹਿੰਦਾ।

ਉਹਦੇ ਕੋਲ ਆਪਣੀ ਜ਼ਮੀਨ ਵੀ ਬਹੁਤ ਸੀ। ਉਸਨੇ ਬਹੁਤ ਸਾਰੀ ਜ਼ਮੀਨ ਲੋਕਾਂ ਦੀ ਬੈਅ ਵੀ ਲੈ ਰੱਖੀ ਸੀ। ਗਹਿਣੇ ਦੀਆਂ ਜ਼ਮੀਨਾਂ ਤਾਂ ਉਸ ਕੋਲ ਕਈ ਘਰਾਂ ਦੀਆਂ ਸਨ। ਦੋ ਉਹਦੇ ਮੁੰਡੇ ਸਨ। ਦੋਵੇਂ ਦਿਨ ਰਾਤ ਵਾਹੀ ਦਾ ਕੰਮ ਹੀ ਕਰਦੇ ਰਹਿੰਦੇ। ਦੋਵੇਂ ਪਿਓ ਨਾਲੋਂ ਚੜ੍ਹਦੇ ਸਨ, ਐਨੇ ਕੰਜੂਸ ਕਿ ਕੀੜੀ ਦੇ ਰਾਹ ਦਾਣਾ ਨਹੀਂ ਸੀ ਜਾਣ ਦਿੰਦੇ। ਦਿਹਾੜੀਏ, ਜਿਹੜੇ ਉਨ੍ਹਾਂ ਦੇ ਕਦੇ-ਕਦੇ ਕੰਮ ਕਰਨ ਜਾਂਦੇ, ਦੱਸਦੇ ਹੁੰਦੇ ਕਿ 'ਜਦੋਂ ਵੀ ਅਸੀਂ ਕਦੇ ਇਨ੍ਹਾਂ ਦੇ ਜਾਂਦੇ ਹਾਂ, ਕਦੇ ਵੀ ਸਾਨੂੰ ਦਾਲ ਜਾਂ ਸਬਜ਼ੀ ਨਾਲ ਰੋਟੀ ਨਹੀਂ ਮਿਲੀ-ਹਮੇਸ਼ਾਂ ਹੀ ਗੰਢਿਆਂ ਦੀ ਚਟਣੀ ਜਾਂ ਪਚਰੰਗੇ ਆਚਾਰ ਨਾਲ ਰੋਟੀ ਖਾਧੀ ਐ।'

ਨਾਮਾ-ਪੱਤਾ ਸੁਰਤਾ ਸਿੰਘ ਦਾ ਪਿੰਡ ਵਿੱਚ ਬਹੁਤ ਚਲਦਾ ਸੀ। ਇਸ ਕੰਮ ਵਿੱਚ ਉਹ ਐਨਾ ਚੜ੍ਹ ਗਿਆ ਸੀ ਕਿ ਕੋਈ ਬਾਣੀਆ ਵੀ ਉਹਦੇ ਮੁਕਾਬਲੇ ਵਿੱਚ ਨਹੀਂ ਸੀ। ਸਗੋਂ ਕਈ ਬਾਣੀਏ ਵੀ ਉਹਦੀ ਈਨ ਮੰਨਦੇ ਸਨ। ਸੁਰਤਾ ਸਿੰਘ ਪੈਸੇ ਦੇ ਤਾਂ ਹਰ ਇੱਕ ਨੂੰ ਦਿੰਦਾ ਸੀ, ਪਰ ਨਾਮਾ ਉਗਾਰਾਹੁਣ ਵਿੱਚ ਬੜਾ ਕਰੜਾ ਸੀ। ਜੇ ਕਿਸੇ ਨਾਲ ਝਗੜਾ ਹੋ ਜਾਂਦਾ ਤਾਂ ਫੱਟ ਓਸ ਝਗੜੇ ਨੂੰ ਕਚਹਿਰੀ ਵਿੱਚ ਲੈ ਜਾਂਦਾ। ਡਰਦਾ ਉਹਦੀ ਰਕਮ ਕੋਈ ਦਬਦਾ ਨਹੀਂ ਸੀ। ਉਸ ਨੇ ਕਈ ਘਰਾਂ ਦੀ ਕੁਰਕੀ ਕਰਵਾਈ ਸੀ। ਜਿਸ ਬੰਦੇ ਦਾ ਉਸ ਨਾਲ ਵਾਹ ਪੈ ਜਾਂਦਾ, ਉਸਨੂੰ ਤਾਂ ਉਹ ਪੂਰੀ ਤਰ੍ਹਾਂ ਮੁੰਨ ਕੇ ਛਡਦਾ। ਸੌ ਰੁਪਈਆ ਜੇ ਕਿਸੇ ਨੂੰ ਦੇਣਾ ਹੁੰਦਾ, ਤਾਂ ਨੱਬੇ ਦੇ ਕੇ ਸੌ ਲਿਖਦਾ ਤੇ ਵਿਆਜ ਵੱਖਰਾ। ਵਿਆਜ ਵੀ ਉਹਦਾ ਦੂਜਿਆਂ ਨਾਲੋਂ ਕਰੜਾ ਸੀ।

ਵਿਆਜੂ ਰੁਪਈਆ ਤਾਂ ਕਹਿੰਦੇ ਖੱਬਲ ਵਾਂਗ ਸੂਈ ਜਾਂਦਾ ਹੈ। ਗਿੰਦਰ ਝੋਰਾ ਕਰਦਾ ਕਿ ਸੁਰਤਾ ਸਿੰਘ ਦਾ ਚਾਰ ਹਜ਼ਾਰ ਕਿਵੇਂ ਉਤਾਰਿਆ ਜਾਵੇ। ਇਕੋ ਸਾਲ ਵਿੱਚ ਉਹ ਐਨਾ ਰੁਪਈਆ ਲਾਹ ਨਹੀਂ ਸੀ ਸਕਦੇ। ਦੋ ਭਰਾ ਸਨ। ਦੋ ਬੰਦਿਆਂ ਦੀ ਕਮਾਈ ਕਿੰਨੀ ਕੁ ਹੋ ਸਕਦੀ ਹੈ। ਉਨ੍ਹਾਂ ਕੋਲ ਛੀ ਘੁਮਾਂ ਜ਼ਮੀਨ ਹੀ ਤਾਂ ਹਲ ਹੇਠਾ ਸੀ। ਕੁਝ ਜ਼ਮੀਨ ਉਹ ਹਿੱਸੇ ਉਤੇ ਲੈ ਲੈਂਦੇ ਤੇ ਕੁਝ ਠੇਕੇ ਉਤੇ। ਵਾਹੀ ਚੰਗੀ ਕਰਦੇ ਸਨ। ਜਾਨ ਤੋੜ ਕੇ ਕੰਮ ਕਰਦੇ। ਖਰਚ ਬਹੁਤ ਘੱਟ ਕਰਦੇ। ਵਿਆਹਾਂ ਵਿੱਚ ਨਾ ਜਾਣ ਕਰਕੇ ਦੋ ਤਿੰਨ ਰਿਸ਼ਤੇਦਾਰ ਵੀ ਉਨ੍ਹਾਂ ਨਾਲੋਂ ਟੁੱਟ ਗਏ ਸਨ। ਵਿਉਂਤ ਅਨੁਸਾਰ ਉਹ ਕੰਮ ਕਰਦੇ ਸਨ। ਸਣੇ ਵਿਆਜ ਇੱਕ-ਇੱਕ ਹਜ਼ਾਰ ਹਰ ਸਾਲ ਦੇਕੇ, ਉਨ੍ਹਾਂ ਨੇ ਚਾਰ-ਪੰਜ ਸਾਲਾਂ ਵਿੱਚ ਲਾਹ ਦਿੱਤਾ।

ਹੁਣ ਚਾਰ ਘੁਮਾਂ ਜ਼ਮੀਨ ਰਹਿੰਦੀ ਸੀ। ਦੋ ਘੁਮਾਂ ਜ਼ਮੀਨ ਪਹਿਲਾਂ ਜਿਹੜੀ ਉਨ੍ਹਾਂ ਦ ੇਪਿਓ ਨੇ ਧਰੀ ਸੀ, ਉਹ ਵੀ ਉਨ੍ਹਾਂ ਨੇ ਦੋ ਕੁ ਸਾਲਾਂ ਵਿੱਚ ਛੁਡਾ ਲਈ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਦਿਨ ਕਦੋਂ ਚੜ੍ਹਦਾ ਹੈ ਤੇ ਕਦੋ ਛਿਪਦਾ ਹੈ। ਉਹ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ। ਹੁਣ ਬੱਸ ਦੋ ਘੁਮਾਂ ਉਨ੍ਹਾਂ ਦੀ ਗਹਿਣੇ ਰਹਿੰਦੀ ਸੀ। ਉਨ੍ਹਾਂ ਦੀਆਂ ਜ਼ਨਾਨੀਆਂ ਵੀ ਬਹੁਤ ਕੰਮ ਕਰਦੀਆਂ ਖੇਤੀ-ਪੱਤੀ ਦੇ ਕੰਮ ਤੋਂ ਬਿਨਾ ਉਹ ਹੋਰ ਕੰਮ ਵੀ ਕਰਦੀਆਂ ਰਹਿੰਦੀਆਂ। ਦਰੀਆਂ ਬੁਣਦੀਆਂ। ਤਾਣੀ ਬੁਣਨ ਲਈ ਉਨ੍ਹਾਂ ਲਈ ਉਨ੍ਹਾਂ ਨੇ ਘਰ ਖੱਡੀ ਵੀ ਲਾਈ ਹੋਈ ਸੀ। ਛੋਟੀ ਬਹੂ ਘਰ ਦੇ ਕੱਪੜੇ ਮਸ਼ੀਨ ਉੱਤੇ ਆਪ ਹੀ ਸਿਉਂ ਲੈਂਦੀ ਸੀ। ਦੋਵੇਂ ਬਹੂਆਂ ਨੇ ਨਾ ਕਦੇ ਰੱਜ ਕੇ ਖਾਧਾ ਸੀ ਤੇ ਨਾ ਕਦੇ ਜੀਅ ਭਰ ਕੇ ਹੰਢਾਇਆ ਸੀ। ਉਹ ਵੀ ਆਪਣੇ ਆਦਮੀਆਂ ਵਾਂਗ ਹੀ ਦੇਹ ਵੇਲਦੀਆਂ ਰਹਿੰਦੀਆਂ। ਸੁਭਾਅ ਦੀਆਂ ਪੁੱਜ ਕੇ ਚੰਗੀਆਂ। ਕਦੇ ਕੋਈ ਬਹੂ ਕਿਸੇ ਨਾਲ ਲੜਦੀ ਨਹੀਂ ਸੀ। ਵਿਹੜਕੀ ਦੀਆਂ ਸਾਰੀਆਂ ਬੁੜ੍ਹੀਆਂ ਉਨ੍ਹਾਂ ਬਹੂਆਂ ਨੂੰ ਸਰਾਹ ਨਹੀਂ ਸਨ ਰਜਦੀਆਂ। ਕੰਮ ਦੀ ਧੁੰਮ ਪਾ ਰੱਖੀ ਸੀ, ਉਨ੍ਹਾਂ ਨੇ। ਵੱਡੀ ਬਹੂ ਤਾਂ ਬਾਹਰ ਅੰਦਰ ਕੰਮ ਵਿੱਚ ਨੜੇ ਵਾਂਗ ਉਧੜਦੀ ਫਿਰਦੀ।

ਨਾ ਗਿੰਦਰ ਮੁੰਡਿਆਂ ਵਰਗਾ ਮੁੰਡਾ ਸੀ ਤੇ ਨਾ ਚੰਦ ਮੁੰਡਿਆਂ ਵਰਗਾ ਮੁੰਡਾ ਸੀ। ਦੋਵੇਂ ਭਰਾਵਾਂ ਨੇ ਸ਼ਰਾਬ ਕਦੇ ਮੂੰਹ ਉਤੇ ਧਰ ਕੇ ਨਹੀਂ ਸੀ ਦੇਖੀ। ਸ਼ਰਾਬ ਪੀਣ ਵਾਲੇ ਉਲੱਥ ਮੁੰਡਿਆਂ ਦੀ ਢਾਣੀ ਵਿੱਚ ਬੈਠਣ ਤੋਂ ਉਹ ਬਹੁਤ ਸੰਗਦੇ। ਕਿਸੇ ਕੋਲ ਖੜ੍ਹਨ ਬੈਠਣ ਦੀ ਉਨ੍ਹਾਂ ਕੋਲ ਵਿਹਲ ਵੀ ਕਦੋਂ ਸੀ। ਉਨ੍ਹਾਂ ਨੇ ਕਦੇ ਮਾਸ-ਮਿੱਟੀ ਨੂੰ ਮੂੰਹ ਵੀ ਨਹੀਂ ਸੀ ਲਾਇਆ। ਅਗਵਾੜ ਦੇ ਕਈ ਛੁਰਛੁਰੇ ਮੁੰਡੇ ਬੱਕਰਾ ਵੱਢ ਕੇ ਰਿੰਨ੍ਹ-ਰਿੰਨ੍ਹ ਖਾਂਦੇ। ਘਰ ਦੀ ਕੱਢੀ ਸ਼ਰਾਬ ਪੀਂਦੇ। ਪਰ ਗਿੰਦਰ ਤੇ ਚੰਦ ਹੋਰਾਂ ਦਾ, ਜੇ ਕਦੀ ਬਹੁਤਾ ਜੀਅ ਲਲਚਾਉਂਦਾ, ਤਾਂ ਮੱਕੀ ਜਾਂ ਛੋਲਿਆਂ ਦੇ ਦਾਣੇ ਭੁੰਨਾ ਕੇ ਗੁੜ ਨਾਲ ਚੱਬ ਲੈਂਦੇ। ਕਣਕ ਦੇ ਮਰੀਂਡੇ, ਘਾਠ, ਤਿਲਾਂ ਦੇ ਤਿਲੋਏ ਤੇ ਮੱਕੀ ਦੇ ਭੂਤ-ਪਿੰਨ ਉਨ੍ਹਾਂ ਲਈ ਛੱਤੀ-ਪਦਾਰਥ ਸਨ। ਲਵੇਰੀ ਮੱਝ ਹਮੇਸ਼ਾਂ ਹੀ ਉਨ੍ਹਾਂ ਦੇ ਕਿੱਲੇ ਉਤੇ ਰਹਿੰਦੀ ਸੀ। ਸਾਰਾ ਟੱਬਰ ਖੱਟੀ ਲੱਸੀ ਕੜ੍ਹਿਆ ਦੁੱਧ ਪੀਂਦਾ-ਡੱਕਵਾਂ। ਅਗਵਾੜ ਦੇ ਚੱਕਵੇਂ ਮੁੰਡੇ ਦੋਵੇਂ ਭਰਾਵਾਂ ਨੂੰ ਕਿਸੇ ਗੱਲ ਵਿੱਚ ਪਤੀਜਦੇ ਨਹੀਂ ਸਨ। ਕੋਈ ਵੀ ਗੱਲ ਛਿੜਦੀ ਤੇ ਜੇ ਗੱਲ ਗਿੰਦਰ ਦੇ ਘਰ ਉਤੇ ਆ ਜਾਂਦੀ, ਤਾਂ ਮਖੌਲ ਵਿੱਚ ਉਹ ਉਨ੍ਹਾਂ ਨੂੰ ਕਹਿੰਦੇ-ਓਏ, ਉਹ ਕੀ ਕਰਨਗੇ, ਖੱਟੀ ਲੱਸੀ ਪੀਣ ਵਾਲੇ?'

ਦੀਵਾਲੀ ਦੀ ਰਾਤ ਸੀ। ਚਾਰ ਪੰਜ ਮੁੰਡੇ ਇੱਕ ਮੁੰਡੇ ਦੇ ਬਾਹਰਲੇ ਘਰ, ਘਰ ਦੀ ਸ਼ਰਾਬ ਪੀ ਰਹੇ ਸਨ ਤੇ ਬੱਕਰਾ ਵੀ ਓਥੇ ਹੀ ਰਿੰਝ ਰਿਹਾ ਸੀ। ਗਿੰਦਰ ਨੂੰ ਉਸ ਰਾਤ ਮੋਘੇ ਦਾ ਪਾਣੀ ਮਿਲਣਾ ਸੀ। ਉਹਨੂੰ ਇੱਕ ਕਹੀ ਦੀ ਲੋੜ ਸੀ। ਉਹ ਉਸ ਮੁੰਡੇ ਦੇ ਬਾਹਰਲੇ ਘਰ ਕਹੀ ਮੰਗਣ ਗਿਆ, ਤਾਂ ਉਸ ਢਾਣੀ ਨੇ ਉਸਨੂੰ ਓਥੇ ਹੀ ਫੜ ਲਿਆ-'ਬਾਈ ਗਿੰਦਰਾ, ਇੱਕ ਹਾੜਾ ਲਾ ਲੈ।' ਗਿੰਦਰ ਕਹਿੰਦਾ-'ਢਾਂਡੀ ਆਲੀ ਆਣ ਐ ਜੇ ਕਦੇ ਮੂੰਹ 'ਤੇ ਧਰੀ ਹੋਵੇ।' ਇੱਕ ਸ਼ਰਾਬੀ, ਜਿਸਨੇ ਸਭ ਤੋਂ ਵਧ ਪੀਤੀ ਹੋਈ ਸੀ, ਕਹਿੰਦਾ-'ਐਧਰ, ਆਸ਼ਕਾਂ ਨੂੰ ਦੇਹ, ਇਹ ਖੱਟੀ ਲੱਸੀ ਪੀਣ ਆਲਾ ਕੀ ਕਰੂ?' ਤੇ ਗਲਾਸ ਫੜਕੇ ਗੱਟ-ਗੱਟ ਚਾੜ੍ਹ ਗਿਆ।

ਇੱਕ ਵਾਰੀ ਚੋਲੇ ਵਾਲੇ ਬਾਬੇ ਦੇ ਡੇਰੇ, ਭੜੀਅ ਪਾਉਣ ਸਾਰਾ ਅਗਵਾੜ ਗਿਆ। ਜਦ ਆਥਣ ਜਿਹਾ ਹੋ ਗਿਆ, ਮੁੰਡੇ ਜਿਦ ਪਏ, ਅਕੇ ਸਭ ਤੋਂ ਵੱਧ ਮਿੱਟੀ ਦਾ ਭਰਿਆ ਟੋਕਰਾ ਕਿਹੜਾ ਮੁੰਡਾ ਚੱਕ ਕੇ ਬਾਬੇ ਦੀ ਸਮਾਧ ਵਾਲੇ ਚੌਂਤਰੇ ਉਤੇ ਲਿਜਾ ਸਕਦਾ ਹੈ। ਜਿੱਥੋਂ ਮਿੱਟੀ ਪੱਟ ਕੇ ਟੋਕਰਾ ਭਰਨਾ ਸੀ, ਓਥੋਂ ਬਾਬੇ ਦੀ ਸਮਾਧ ਕੋਈ ਸੌ ਕਦਮ ਦੂਰ ਸੀ। ਉਨ੍ਹਾਂ ਕੋਲ ਇੱਕ ਐਸਾ ਤਕੜਾ ਨਰੋਆ ਤੇ ਚੌੜਾ ਟੋਕਰਾ ਸੀ, ਜਿਸ ਵਿੱਚ ਪੰਜ-ਮਣ ਤੋਂ ਵੱਧ ਵੀ ਮਿੱਟੀ ਪੈ ਸਕਦੀ ਸੀ। ਇੱਕ ਮੁੰਡੇ ਨੇ ਟੋਕਰਾ ਖ਼ਾਸਾ ਹੀ ਭਰ ਦਿੱਤਾ। ਟੋਕਰਾ ਉਹ ਕਿਸੇ ਤੋਂ ਨਾ ਹਿਲਿਆ। ਸਾਰੇ ਖੜੇ ਦੇਖੀ ਜਾਣ। ਚੰਦ ਨੇ ਚਹੁੰ ਮੁੰਡਿਆਂ ਤੋਂ ਟੋਕਰਾ ਚੁਕਵਾ ਕੇ ਆਪਣੇ ਸਿਰ ਉੱਤੇ ਧਰਿਆ ਤੇ ਬਾਬੇ ਦੇ ਚੌਂਤਰੇ ਉਤੇ ਔਹ ਜਾ ਕੇ ਮੂਧਾ ਮਾਰਿਆ। ਸਾਰਾ ਇਕੱਠ ਹੈਰਾਨ ਰਹਿ ਗਿਆ-ਸਾਲਿਓ, ਖੱਟੀ ਲੱਸੀ ਪੀਣ ਆਲਾ ਈ ਨਿੱਤਰ ਗਿਆ।'

ਦੋਵੇਂ ਭਰਾ ਕਮਾਈ ਕਰਦੇ ਸਨ, ਬੇਥਾਹ। ਨਾ ਕਿਸੇ ਦਾ ਕੁਝ ਡੋਲ੍ਹਦੇ, ਨਾ ਵਿਗਾੜਦੇ। ਕਿਸੇ ਨਾਲ ਕਦੇ ਲੜੇ ਨਹੀਂ ਸਨ। ਕਿਸੇ ਨਾਲ ਕੋਈ ਝਗੜਾ ਨਹੀਂ ਸੀ ਪਾਇਆ। ਸਾਰਾ ਅਗਵਾੜ ਉਨ੍ਹਾਂ ਨੂੰ ਸਮਝਦਾ ਸੀ ਕਿ ਇਹ ਮੁੰਡੇ ਤਾਂ ਦੇਵਤਾ ਹਨ।

ਦੋਵੇਂ ਭਰਾ ਹੁਣ ਏਸੇ ਫ਼ਿਕਰ ਵਿੱਚ ਰਹਿੰਦੇ ਕਿ ਕਿਵੇਂ ਦੋ ਘੁਮਾਂ ਜ਼ਮੀਨ ਸੁਰਤਾ ਸਿੰਘ ਕੋਲੋਂ ਛੁਡਵਾਈ ਜਾਵੇ। ਦੋ ਹਜ਼ਾਰ ਦੀ ਸਾਰੀ ਗੱਲ ਸੀ। ਜਿਥੇ ਉਨ੍ਹਾਂ ਨੇ ਚਾਰ ਹਜ਼ਾਰ ਲਾਹ ਦਿੱਤਾ ਸੀ ਤੇ ਮਗਰੋਂ ਦੋ ਘੁਮਾਂ ਛੁਡਵਾ ਵੀ ਲਈ ਸੀ ਤਾਂ ਹੁਣ ਉਨ੍ਹਾਂ ਨੂੰ ਦੋ ਹਜ਼ਾਰ ਦੇਣਾ ਕੀ ਬਾਹਲਾ ਸੀ। ਉਨ੍ਹਾਂ ਨੇ ਹੌਲੀ-ਹੌਲੀ ਦੋ ਹਜ਼ਾਰ ਇਕੱਠਾ ਕੀਤਾ ਤੇ ਸੁਰਤਾ ਸਿੰਘ ਨੂੰ ਕਿਹਾ ਕਿ ਉਹ ਆਪਣੀ ਰਕਮ ਖ਼ਰੀ ਕਰੇ ਤੇ ਜ਼ਮੀਨ ਛੱਡੇ।

ਸੁਰਤਾ ਸਿੰਘ ਪਰ ਲੱਤ ਨਹੀਂ ਸੀ ਲਾਉਂਦਾ। ਉਹਦਾ ਵਤੀਰਾ ਸੀ ਕਿ ਜੇ ਕੋਈ ਉਹਦਾ ਵਿਆਜ ਨਾ ਮੋੜਦਾ, ਜਾਂ ਅਸਲ ਰਕਮ ਵਿੱਚੋਂ ਬਿਲਕੁਲ ਹੀ ਨਾ ਝੜਦਾ, ਤਾਂ ਉਹ ਉਸ ਨੂੰ ਠਿੱਠ ਕਰੀ ਰੱਖਦਾ ਪਰ ਜੇ ਕੋਈ ਆਪਣਾ ਸਾਰਾ ਹਿਸਾਬ-ਕਿਤਾਬ ਉਸ ਨਾਲ ਮੁਕਦਾ ਕਰਨਾ ਚਾਹੁੰਦਾ, ਤਾਂ ਉਸ ਨੂੰ ਸੱਤੇ ਕੱਪੜੇ ਅੱਗ ਲੱਗ ਜਾਂਦੀ। ਉਸ ਨੂੰ ਆਪਣੀ ਸਾਮੀ ਹੱਥਾਂ ਵਿਚੋਂ ਨਿਕਲ ਗਈ ਲੱਗਦੀ।

ਗਿੰਦਰ ਨੇ ਸੁਰਤਾ ਸਿੰਘ ਨੂੰ ਬਹੁਤ ਵਾਰੀ ਕਿਹਾ ਕਿ ਉਹ ਆਪਣਾ ਦੋ ਹਜ਼ਾਰ ਖ਼ਰਾ ਦੁੱਧ ਵਰਗਾ ਲੈ ਲਵੇ ਤੇ ਜ਼ਮੀਨ ਦਾ ਕਬਜ਼ਾ ਛੱਡ ਦੇਵੇ, ਪਰ ਹਰ ਵਾਰੀ ਸੁਰਤਾ ਸਿੰਘ ਟਾਲ-ਮਟੋਲ ਕਰਦਾ ਸੀ।

ਕੁਝ ਦਿਨ ਪਾ ਕੇ ਸੁਰਤਾ ਸਿੰਘ ਆਪਣੀ ਬਹੀ ਕੱਢ ਲਿਆਇਆ। ਧੀਰੂ ਮੱਲ ਸੇਠ ਦੀ ਦੁਕਾਨ ਉਤੇ ਉਸ ਨੇ ਗਿੰਦਰ ਨੂੰ ਬੁਲਵਾ ਲਿਆ। ਕਹਿੰਦਾ-'ਗਿੰਦਰ ਸਿਆਂ, ਦੋ ਸਾਲ ਹੋ ਗੇ, ਆਪਾਂ ਨੂੰ, ਨਾਮ ਕਰੇ ਨੂੰ। ਇੱਕ ਹਜ਼ਾਰ ਤੇਰੇ ਕੰਨੀ ਅਜੇ ਖੜ੍ਹੈ, ਪਹਿਲਾਂ ਇਹ ਨਿਬੇੜ ਲੈ-ਨਿਬੇੜਨੈ, ਨਿਬੇੜ ਲੈ ਜਾਂ ਨਾਮਾਂ ਕਰਨੈ, ਨਾਮਾਂ ਕਰ ਲੈ।'

ਸੁਰਤਾ ਸਿੰਘ ਦੇ ਬੋਲ ਸੁਣਕੇ ਗਿੰਦਰ ਦੀਆਂ ਪਾਤਲੀਆਂ ਭੱਖਣ ਲੱਗ ਪਈਆਂ। ਇਹ ਗੱਲ ਜਿਵੇਂ ਉਸ ਨੂੰ ਸਮਝ ਨਹੀਂ ਸੀ ਆਈ। ਲਾਲਾ ਵੀ ਵਹੀ ਨੂੰ ਪੜ੍ਹਕੇ ਇਹੀ ਗੱਲ ਕਹਿ ਰਿਹਾ ਸੀ। ਸੁਰਤਾ ਸਿੰਘ ਇਉਂ ਬੋਲ ਰਿਹਾ ਸੀ, ਜਿਵੇਂ ਸੱਚਮੁੱਚ ਹੀ ਇੱਕ ਹਜ਼ਾਰ ਵਿਆਜੂ ਰੁਪਈਆ ਅਜੇ ਰਹਿੰਦਾ ਹੋਵੇ। ਗਿੰਦਰ ਦੇ ਮੱਥੇ ਵਿੱਚ ਠੱਕ-ਠੱਕ ਹੋਣ ਲੱਗ ਪਈ। ਉਸਨੂੰ ਕਿਸੇ ਵੀ ਗੱਲ ਤੇ ਯਕੀਨ ਨਹੀਂ ਸੀ ਆ ਰਿਹਾ। ਵਿਆਜੂ ਰੁਪਈਆ ਦਾ ਸਾਰਾ ਹਿਸਾਬ-ਕਿਤਾਬ ਹੱਥਨੀ ਵਰਗੀ ਮਹਿੰ ਦੇ ਕੇ ਉਸ ਨੇ ਮੁਕਾ ਤਾਂ ਦਿੱਤਾ ਸੀ। ਇਹ ਇੱਕ ਹਜ਼ਾਰ ਕਿਥੋਂ ਨਿਕਲ ਆਇਆ? ਨਾਮੇ-ਪੱਤੇ ਦੀ ਸਾਰੀ ਲਿਖਤ-ਪੜ੍ਹਤ ਧੀਰੂ ਮੱਲ ਹੀ-ਸਾਰੇ ਅਗਵਾੜੇ ਦੀ ਕਰਕੇ ਦਿੰਦਾ। ਗਿੰਦਰ ਦਾ ਮੱਥਾ ਠਣਕਿਆਂ ਕਿ ਇਹ ਸਾਰੀ ਠੱਗੀ ਸੁਰਤਾ ਸਿੰਘ ਨੇ ਧੀਰੂ ਮੱਲ ਨਾਲ ਰਲ ਕੇ ਕੀਤੀ ਐ। ਧੀਰੂ ਮੱਲ ਕਿਹੜਾ ਦੁੱਧ-ਧੋਤਾ ਸੀ। ਗਿੰਦਰ ਸਿਉਤੇ ਮੂੰਹ ਉੱਠ ਕੇ ਘਰ ਨੂੰ ਆ ਗਿਆ।

ਦੋ ਹਜ਼ਾਰ ਰੁਪਈਆ ਗਹਿਣੇ ਵਾਲਾ ਉਸ ਨੇ ਸਰਪੰਚ ਕੋਲ 'ਮਾਨਤ ਰੱਖ ਦਿੱਤਾ। ਦੋ ਘੁਮਾਂ ਗਹਿਣੇ ਵਾਲੀ ਜ਼ਮੀਨ ਵਿੱਚ ਸੁਰਤਾ ਸਿੰਘ ਨੇ ਵਹਾ ਕੇ ਸੁਹਾਗੀ ਮਰਵਾਈ ਪਈ ਸੀ। ਜ਼ਮੀਨ ਫ਼ਸਲ ਬੀਜਣ ਦੇ ਵੱਤ ਸੀ। ਪਹਿਰ ਦੇ ਤੜਕੇ ਉਠ ਕੇ ਗਿੰਦਰ ਤੇ ਚੰਦ ਨੇ ਜਾਕੇ, ਉਸ ਵਿੱਚ ਮੋਟੇ-ਮੋਟੇ ਨੱਕ ਵਾਲੀ ਮੱਕੀ ਬੀਜ ਦਿੱਤੀ।

ਮੱਕੀ ਬੀਜ ਕੇ ਦੋਵੇਂ ਭਰਾ ਘਰ ਨੂੰ ਜਦ ਆ ਰਹੇ ਸਨ, ਤਾਂ ਉਹ ਉੱਚੀ-ਉੱਚੀ ਬੋਲਦੇ ਸਨ, ਜਿਵੇਂ ਉਨ੍ਹਾਂ ਨੂੰ ਕਿਸੇ ਪਰੇਤ ਦੀ ਕਸਰ ਹੋ ਗਈ ਹੋਵੇ। ਗਿੰਦਰ ਬੋਲ ਰਿਹਾ ਸੀ-'ਹੱਕ ਦੀ ਗੱਲ ਤੇ ਸੀਸ ਦੇ ਦਿਆਂਗੇ' ਚੰਦ ਕੂਕ ਰਿਹਾ ਸੀ-ਤਲਾ ਮੂਲ ਪੱਟ ਦਿਆਂਗੇ ਸੁਰਤੇ ਦਾ। ਸਮਝਦਾ ਕੀਹ ਐ?'

ਸਾਰੇ ਪਿੰਡ ਵਿੱਚ ਚਰਚਾ ਛਿੜ ਗਈ-'ਖੱਟੀ ਲੱਸੀ ਪੀਣ ਵਾਲਿਆਂ ਨੇ ਹੱਦ ਕਰਤੀ ਬਈ।' ♦

# ਕੈਦਣ

ਹੁਣ ਤਾਂ ਇਸ ਇਲਾਕੇ ਵਿਚ ਟੈਕਸੀਆਂ ਆਮ ਹੋ ਗਈਆਂ ਹਨ। ਸੜਕਾਂ ਦਾ ਵੀ ਕੋਈ ਅੰਤ ਨਹੀਂ। ਪੈਸਿਆਂ ਦੀ ਖੇਡ ਹੈ। ਜਿੱਥੇ ਮਰਜ਼ੀ ਜਦੋਂ ਲੋੜ ਹੋਵੇ ਟੈਕਸੀ ਲੈ ਜਾਓ।

ਪਰ ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋ ਸ਼ਿੱਬੂ ਤਖਾਣ ਪਿੱਤਲ ਦੀਆਂ ਫੁੱਲੀਆਂ ਵਾਲੇ ਆਪਣੇ ਰੱਥ ਉੱਤੇ ਬੈਠਾ ਹੈਲੀਕਾਪਟਰ ਦੇ ਕਿਸੇ ਪਾਈਲਟ ਨਾਲੋਂ ਘੱਟ ਨਹੀਂ ਸੀ ਹੁੰਦਾ।

ਚਿੱਟੀਆਂ ਝਾਲਰਾਂ ਵਾਲਾ ਟੂਲੀ ਰੰਗਾ ਉਛਾੜ ਨਵਾਂ ਹੀ ਰੱਥ ਉੱਤੇ ਤਖਾਣ ਨੇ ਚੜ੍ਹਵਾਇਆ ਸੀ। ਸ਼ੌਂਕੀ ਬਲਦ ਆਰ ਤਾਂ ਕੀ ਪਿੰਡੇ ਉੱਤੇ ਮੱਖੀ ਨਹੀਂ ਸੀ ਸਹਾਰਦੇ। ਬਹੁਤੇ ਹੀ ਚਲਾਕ।

ਦੇਸੂ ਸੁਨਿਆਰ ਤੇ ਮੱਖਣ ਨੂੰ ਨਾਲ ਲੈ ਕੇ ਮੈਂ ਸਹੁਰੀਂ ਗਿਆ ਸਾਂ। ਮੁਕਲਾਵਾ ਲੈਣ ਜਾਂਦੇ ਮੁੰਡੇ ਨੂੰ ਚਾਅ ਦੇ ਨਾਲ ਕੁੱਝ ਸੰਗ ਜਿਹੀ ਵੀ ਹੁੰਦੀ ਹੈ। ਮਿੱਠਾ-ਮਿੱਠਾ ਡਰ। ਏਸੇ ਕਰ ਕੇ ਮੈਂ ਦੇਸੂ ਤੇ ਮੱਖਣ ਨੂੰ ਨਾਲ ਲੈ ਕੇ ਗਿਆ ਸਾਂ। ਮਾਂ ਨੇ ਤਾਂ ਸਗੋਂ ਜਾਣ ਕੇ ਉਹਨਾਂ ਨੂੰ ਮੇਰੇ ਨਾਲ ਤੋਰਿਆ ਸੀ। ਉਹ ਕਹਿੰਦੀ ਸੀ-"ਸਾਡਾ ਕੰਦਾ ਤਾਂ ਕੁੜੀਆਂ ਅਰਗੈ। ਏਹਨੂੰ ਕੱਲੇ ਨੂੰ ਤਾਂ ਸਾਲੀਆਂ ਨੇ ਚੂੰਢੀਏਂ ਹੀ ਖਾ ਜਾਣੈ ਏਹਦੇ ਤਾਂ ਮੂੰਹ 'ਚ ਬੋਲ ਨੀ, ਡੀਡੇ ਦੇ।"

ਦੇਸੂ ਮੇਰਾ ਮਿਲਾਪੀ ਸੀ। ਸਾਡਾ ਗੁਆਂਢੀ ਵੀ। ਅਕਸਰ ਮੈਂ ਉਸ ਦੇ ਪਹਾਰੇ ਤੇ ਬੈਠਾ ਰਹਿੰਦਾ। ਉਸ ਕੋਲੋਂ 'ਰੂਪ-ਬਸੰਤ' ਦਾ ਚਿੱਠਾ ਲੈ ਕੇ ਉੱਚੀ-ਉੱਚੀ ਪੜ੍ਹਦਾ। ਮੈਥੋਂ ਚਿੱਠਾ ਸੁਣ ਕੇ ਉਹ ਬਹੁਤ ਖੁਸ਼ ਹੁੰਦਾ।

ਮੱਖਣ ਨਾਲ ਮੇਰੀ ਬੁੱਕਲ ਖੁੱਲ੍ਹੀ ਸੀ। ਅਸੀਂ ਇੱਕਠੇ, ਘਰ ਦੀ ਕੱਢੀ ਸ਼ਰਾਬ ਪੀਂਦੇ ਤੇ ਬੋੜ੍ਹੇ ਖੂਹ ਵਾਲੇ ਪਿੱਪਲ ਦੀਆਂ ਜੜ੍ਹਾਂ ਵਿੱਚ ਬਹਿ ਕੇ ਸਾਧਾਂ ਦੀ ਨਿੰਮੋ ਦੀਆਂ ਗੱਲਾਂ ਕਰਦੇ। ਹਾਜ਼ਰ ਜਵਾਬੀ ਵਿੱਚ ਮੱਖਣ ਸਾਰੇ ਪਿੰਡ ਵਿੱਚ ਉੱਘਾ ਸੀ। ਉਹਦੇ ਵਰਗੀ ਗੱਲ ਕਿਸੇ ਨੂੰ ਨਹੀਂ ਸੀ ਔੜਦੀ।

ਦੇਸੂ ਤੇ ਮੱਖਣ ਨੂੰ ਨਾਲ ਲਿਜਾ ਕੇ ਮੈਨੂੰ ਪੂਰਾ ਧਰਵਾਸ ਹੋ ਗਿਆ ਸੀ। ਮੈਨੂੰ ਡਰ ਨਹੀਂ ਸੀ ਰਿਹਾ ਕੇ ਸਹੁਰਿਆਂ ਦੀ ਕੋਈ ਕੁੜੀ ਮੈਨੂੰ 'ਤੰਗ' ਕਰ ਸਕੇਗੀ। ਉਹ ਵੀ ਕਹਿੰਦੇ ਸਨ-"ਕੰਦਿਆ, ਤੂੰ ਝਿਪੀਂ ਨਾ। ਅਸੀਂ ਵਾਹਣੀ ਪਾ ਦਿਆਂਗੇ, ਸਾਰੀਆਂ ਨੂੰ।'

ਸਹੁਰਿਆਂ ਦੇ ਘਰ ਚੁਬਾਰੇ ਵਿੱਚ ਜਾ ਕੇ ਅਸੀਂ ਅਜੇ ਬੈਠੇ ਹੀ ਸਾਂ ਕਿ ਕੁੜੀਆਂ ਮੀਂਹ ਦੀ ਵਾਛੜ ਵਾਂਗ ਆ ਖੜ੍ਹੀਆਂ। ਕੋਈ ਕੁਝ ਬੋਲਦੀ ਸੀ, ਕੋਈ ਕੁਝ। ਕਦੇ-ਕਦੇ

ਉਨ੍ਹਾਂ ਦੀ ਕਿਚਰ ਕਿਚਰ ਬਿਲਕੁਲ ਬੰਦ ਹੋ ਜਾਂਦੀ। ਜਿਵੇਂ ਉਨ੍ਹਾਂ ਕੋਲੋਂ ਸਾਰੀਆਂ ਮਸ਼ਕਰੀਆਂ ਮੁੱਕ ਗਈਆਂ ਹੋਣ ਤੇ ਕਿਸੇ ਵੀ ਕੁੜੀ ਨੂੰ ਕੋਈ ਨਵੀਂ ਗੱਲ ਨਾ ਔੜਦੀ ਹੋਵੇ। ਕੋਈ ਕੁੜੀ ਫੇਰ ਉਹੀ ਘਸਿਆ ਹੋਇਆ ਸਵਾਲ ਕਰ ਦਿੰਦੀ–"ਵੇ ਮੁਕੰਦ, ਤੂੰ ਆਪਣੀ ਭੈਣ ਨੂੰ ਨਾਲ ਨਾ ਲੈ ਕੇ ਆਇਆ?'

ਦੂਜੀ ਪੁੱਛਦੀ–"ਵੇ ਮੁਕੰਦ, ਵੇ ਮੁਕੰਦ, ਮਾਂ ਨੇ ਤੈਨੂੰ ਕਿੰਨੇ ਰੁਪਈਏ ਦਿੱਤੇ ਨੇ, ਸਾਲੀਆਂ ਨੂੰ ਦੇਣ ਨੂੰ?'

"ਵੇ ਤੂੰ ਮਾਂ ਨੂੰ ਕਹਿੰਦਾ ਬਈ ਤੈਨੂੰ ਚੱਜ ਦਾ ਤਾਂ ਜੰਮਦੀ?" ਇੱਕ ਕੁੜੀ ਨੇ ਮੇਰੇ ਗੰਦਮੀ ਰੰਗ ਉੱਤੇ ਚੋਟ ਕੀਤੀ।

ਮੈਂ ਤਾਂ ਘਾਊਂ ਮਾਊਂ ਜਿਹਾ ਪਹਿਲਾਂ ਹੀ ਸਾਂ, ਦੇਸੂ ਤੇ ਮੱਖਣ ਵੀ ਚੁੱਪ ਕਰਕੇ ਬੈਠੇ ਰਹੇ।

'ਮਾਂ ਦਾ ਕੀ ਦੋਸ਼ ਐ ਵਿਚਾਰੀ ਦਾ।"

"ਨੀ ਪਿਓ ਦਾ ਤਾਂ ਇਹ ਲੱਗਦਾ ਨੀ।"

ਤੇ ਫਿਰ ਕਿੰਨੇ ਹੀ ਸਵਾਲ। ਕਿੰਨੀਆਂ ਹੀ ਚੋਟਾਂ। ਤੇ ਫਿਰ ਕਿਚਰ ਕਿਚਰ। ਕਾਵਾਂ–ਰੌਲੀ। ਕਿਸੇ ਦੀ ਕੋਈ ਸਮਝ ਨਾ। ਇਸ ਤਰ੍ਹਾਂ ਦਾ ਮਾਹੌਲ ਦੇਖ ਕੇ ਤੇ ਜ਼ਿੰਦਗੀ ਵਿੱਚ ਪਹਿਲੀ ਵਾਰ ਇਹੋ ਜਿਹੇ ਸਵਾਲ ਆਪਣੇ ਉੱਤੇ ਹੁੰਦੇ ਸੁਣ ਕੇ ਮੈਨੂੰ ਹਰਖ਼ ਜਿਹਾ ਚੜ੍ਹ ਗਿਆ। ਮੇਰਾ ਚਿਹਰਾ ਘਰੂਟਿਆ ਗਿਆ।

ਦੇਸੂ ਨੇ ਖੰਘੂਰ ਮਾਰੀ ਤੇ ਥੁੱਕ ਨੂੰ ਸੰਘੋਂ ਲੰਘਾ ਕੇ ਆਖਿਆ–"ਤੁਸੀਂ ਕੋਈ ਚੱਜ ਦੀ ਗੱਲ ਤਾਂ ਕਰੋ। ਬੈਠੋ, ਕੋਈ ਮਤਲਬ ਦੀ ਗੱਲ ਛੇੜੋ। ਤੁਸੀਂ ਤਾਂ ਚੂਹੜੀਆਂ ਮਾਤ ਪਾ 'ਤੀਆਂ।"

"ਤੂੰ ਚੁੱਪ ਕਰਕੇ ਬੈਠਾ ਰਹਿ ਵੇ ਆਂਡਲਾ। ਚੂਹੜੀ ਤੇਰੀ ਮਾਂ ਹੋਊਗੀ। ਨਹੀਂ ਭੈਣ ਨੂੰ ਬਣਾ ਲੈ ਚੂਹੜੀ। ਤੇਰੀ ਮਾਂ ਨੇ ਕੀ ਵੰਡਿਆ ਸੀ ਵੇ ਤੇਰੇ ਜੰਮੇ ਤੋਂ?

"ਕੋਲੇ" ਇੱਕ ਕੁੜੀ ਨੇ ਨਾਲ ਦੀ ਨਾਲ ਆਖ ਦਿੱਤਾ।

"ਨਹੀਂ, ਇੱਟਾਂ! ਕੋਲੇ ਤਾਂ ਮੁਕੰਦ ਦੀ ਮਾਂ ਨੇ ਵੰਡੇ ਹੋਣਗੇ।" ਇੱਕ ਹੋਰ ਕੁੜੀ ਟੇਢੇ ਢੰਗ ਨਾਲ ਦੇਸੂ ਦੇ ਗੋਰੇ ਰੰਗ ਦੀ ਤਾਰੀਫ਼ ਕਰ ਗਈ ਸੀ।

ਮੱਖਣ ਜਿਹੜਾ ਗੱਲ ਦਾ ਮੋੜ ਦੇਣ ਵਿੱਚ ਆਪਣੇ ਆਪ ਨੂੰ ਖੱਬੀਖਾਨ ਸਮਝਦਾ ਸੀ ਹੁਣ ਗੁੰਨਰਵੱਟਾ ਬਣਿਆ ਬੈਠਾ ਸੀ। ਮੇਰੇ ਚੁੱਪ ਕੀਤੇ ਮੂੰਹ ਵੱਲ ਝਾਕ ਕੇ ਉਸ ਨੇ ਕੁੜੀਆਂ ਨੂੰ ਆਖਿਆ–"ਤੁਸੀਂ ਹਵਾ ਤਾਂ ਹੁਣ ਔਣ ਦਿਓ ਬਾਰ ਵਿੱਚ ਦੀ। ਬਹਿ ਜੋ ਜਾਂ ਅੰਦਰ ਲੰਘ ਆਓ।" ਮੱਖਣ ਹੱਥ ਜੋੜ ਕੇ ਖੜ ਗਿਆ।

"ਇਹ ਦੇਖੋ ਨੀ ਖਾਂਘੂ ਜ੍ਹਾ, ਓਦੂੰ ਵੀ ਚੜ੍ਹਦੈ।" ਮੱਖਣ ਦੇ ਕਹਿਰੇ ਸਰੀਰ ਉੱਤੇ ਇੱਕ ਕੁੜੀ ਨੇ ਚੋਟ ਕੀਤੀ।

ਕੁੜੀਆਂ ਵਿਚੋਂ ਇੱਕ ਕੁੜੀ ਜਿਹੜੀ ਅਜੇ ਤਾਈ ਬੋਲੀ ਨਹੀਂ ਸੀ ਤੇ ਹੁਣ ਤੀਕ ਮੁਸਕਰਾ ਹੀ ਰਹੀ ਸੀ ਤੇ ਜਾਂ ਕਿਸੇ ਗੱਲ ਉੱਤੇ ਕਦੇ ਕਦੇ ਸੰਕੋਚਵਾਂ ਜਿਹਾ ਹੱਸੀ ਸੀ, ਨੇ ਮੈਨੂੰ ਆਖਿਆ–"ਮੁਕੰਦ" ਮਹਿੰਦੀ ਦੱਸ ਕੀਹਦੇ ਹੱਥੋਂ ਲਵੌਣੀ ਐ, ਸਾਡੇ 'ਚੋਂ? ਤੂੰ ਉਂਗਲ ਕਰਦੇ ਜੀਹਦੇ ਕੰਨੀਂ ਕਰਨੀ ਐ। ਉਹ ਤੇਰੀ ਪੱਕੀ ਸਾਲੀ। ਉਹ ਮਹਿੰਦੀ ਲਾਊ, ਉਹੀ ਰੁਪਈਆ ਲਊ।"

ਉਸ ਕੁੜੀ ਨੇ ਮੇਰੇ ਵਾਲੇ ਮੰਜੇ ਦੀ ਪੈਂਦ ਵਲ ਸੇਰਵੇ ਉੱਤੇ ਆਪਣੀ ਸੱਜੀ ਟੰਗ ਧਰ ਲਈ ਸੀ। ਗੋਡੇ ਉੱਤੇ ਕੂਹਣੀ ਤੇ ਹਥੇਲੀ ਉੱਤੇ ਠੋਡੀ ਰੱਖ ਕੇ ਉਹ ਇੱਕ ਟੰਗ ਦੇ ਭਾਰ ਖੜ੍ਹੀ ਸੀ। ਗੱਲ ਕਰਦੀ ਤਾਂ ਉਹਦੇ ਕੰਨਾਂ ਦੇ ਕਾਂਟੇ ਉਹਦੀਆਂ ਗੱਲ੍ਹਾਂ ਨੂੰ ਛੋਹ ਜਾਂਦੇ। ਇਸ ਤਰ੍ਹਾਂ ਨਾਲ ਉਹ ਬਹੁਤ ਪਿਆਰੀ ਲੱਗ ਰਹੀ ਸੀ।

ਹੌਲੀ-ਹੌਲੀ ਰਿਸਕਦੀਆਂ ਦੂਜੀਆਂ ਕੁੜੀਆਂ ਵੀ ਚੁਬਾਰੇ ਦਾ ਬਾਰ ਟੱਪ ਆਈਆਂ ਸਨ।

ਮੈਂ ਕੁਝ ਨਹੀਂ ਸੀ ਬੋਲ ਰਿਹਾ।

"ਇਉਂ ਤਾਂ ਅਸੀਂ ਤਿੰਨੇ ਵੰਡ ਲਾਂਗੇ ਥੋਨੂੰ। ਰੁਪਈਆ ਲਈ ਜਾਇਓ ਤੇ ਪੱਕੀਆਂ ਸਾਲੀਆਂ ਬਣਦੀਆਂ ਜਾਇਓ।" ਮੱਖਣ ਹੌਸਲਾ ਫੜ ਚੁਕਿਆ ਸੀ। ਮੈਨੂੰ ਕੁਝ ਆਸਰਾ ਜਿਹਾ ਹੋਇਆ ਕਿ ਹੁਣ ਕੁਝ ਨਾ ਕੁਝ ਮੋੜ ਜ਼ਰੂਰ ਦਿੰਦਾ ਰਹੇਗਾ।

ਸਾਰੀਆਂ ਜਣੀਆਂ ਹਿੜ ਹਿੜ ਕਰ ਕੇ ਹੱਸ ਪਈਆਂ। ਇੱਕ ਬੋਲੀ-"ਲੈ ਕੁੜੇ ਮੂੰਹ ਦੇਖ ਏਹਦਾ ਰੁਪਈਆ ਦੇਣ ਆਲੇ ਦਾ। ਰੁਪਈਆ ਜੇਬ 'ਚ ਹੈ ਵੀ ਤੇਰੇ, ਛਿਲਕਾਂ ਦਿਆਂ ਘੋੜਿਆ?"

ਮੇਰੀ ਪੈਂਦ ਕੋਲ ਇੱਕ ਟੰਗ ਦੇ ਭਾਰ ਖੜ੍ਹੀ ਕੁੜੀ ਨੇ ਮੰਜੇ ਉਤੋਂ ਪੰਨਿਆਂ ਵਾਲੀ ਪੱਖੀ ਚੁੱਕ ਕੇ ਮੇਰੇ ਮੋਢੇ ਨੂੰ ਠਕੋਰਿਆ, "ਮਹਿੰਦੀ ਦੱਸ ਕੀਹਤੋਂ ਲਵੌਣੀ ਐਂ?"

"ਤੂੰ ਹੀ ਲਾ ਦੀ।" ਮੇਰੇ ਮੂੰਹੋਂ ਨਿਕਲਿਆ।

ਹੋਰ ਸਭ ਕੁੜੀਆਂ ਚੁੱਪ ਹੋ ਗਈਆਂ। ਮੈਂ ਮਹਿਸੂਸ ਕੀਤਾ ਜਿਵੇਂ ਉਨ੍ਹਾਂ ਨੂੰ ਉਸ ਕੁੜੀ ਨਾਲ ਈਰਖਾ ਹੋ ਗਈ ਹੋਵੇ।

"ਨੀ ਤੂੰ ਲਾਹ ਲੀਂ ਚਾਅ ਮਹਿੰਦੀ ਲਾ ਕੇ। ਅਸੀਂ ਰੁਪਈਆਂ ਦੀਆਂ ਭੁੱਖੀਆਂ ਨੀ ਫਿਰਦੀਆਂ।"

"ਨੀ ਵਿੰਦਰ, ਆਹ ਖਾਂਘੂ ਜ੍ਹਾ ਤਾਂ ਜਮ੍ਹਾਂ ਤੇਰੇ ਪਰੌਹਣੇ ਅਰਗੈ।" ਇੱਕ ਕੁੜੀ ਨੇ ਇੱਕ ਟੰਗ ਦੇ ਭਾਰ ਖੜ੍ਹੀ ਕੁੜੀ ਦਾ ਦਾ ਧਿਆਨ ਮੱਖਣ ਵਲ ਕੀਤਾ।

"ਤਾਂ ਮੇਰੇ ਤਾਂ ਮਹਿੰਦੀ ਤੂੰਈਂ ਲਾਈਂ।" ਮੱਖਣ ਨੇ ਵਿੰਦਰ ਨੂੰ ਕਿਹਾ।

ਵਿੰਦਰ ਦਾ ਹਉਕਾ ਨਿਕਲ ਗਿਆ। ਉਸਨੇ ਆਪਣੀ ਟੰਗ ਮੰਜੇ ਉਤੋਂ ਥੱਲੇ ਲਾਹ ਲਈ ਤੇ ਨਿਰੁਤਰ ਹੋ ਕੇ ਖੜ੍ਹੀ ਰਹੀ।

"ਨੀ ਕਿਉਂ ਔਂਦਿਆਂ ਨੂੰ ਈ ਜੱਫਾ ਪਾ ਲਿਆ ਤੁਸੀਂ। ਪਾਣੀ ਧਾਣੀ ਤਾਂ ਪੀ ਲੈਣ ਦਿਓ ਇਨ੍ਹਾਂ ਨੂੰ।" ਮੇਰੀ ਸੱਸ ਨੇ ਪੌੜੀਆਂ ਵਿਚੋਂ ਹੀ ਹੋਕਰਾ ਮਾਰਿਆ।

"ਤਾਈ, ਅਸੀਂ ਤੇਰੇ ਜਵਾਈ ਨੂੰ ਜੇਬ 'ਚ ਪਾ ਕੇ ਤਾਂ ਨੀ ਲੈ ਜਾਂ ਗੀਆਂ।" ਵਿੰਦਰ ਨੇ ਕਿਹਾ।

"ਨਾ ਭਾਈ, ਪਹਿਲਾਂ ਪਾਣੀ ਧਾਣੀ ਪੀ ਲੈਣ ਦਿਓ, ਨ੍ਹਾ ਧੋ ਲੈਣ ਦਿਓ। ਮਹਿੰਦੀ ਲੌਣ ਆਈਆਂ ਮਿਟਾ ਲਿਓ ਸਿੱਕਾਂ।" ਸੱਸ ਨੇ ਉਨ੍ਹਾਂ ਨੂੰ ਜਾਣ ਲਈ ਆਖਿਆ।

"ਚੱਲੋ ਨੀ ਚੱਲੋ। ਤਾਈ ਦਾ ਈ ਆਇਆ ਜਮਾਈ, ਖਰਾ ਅਨੋਖਾ।" ਇੱਕ ਵੱਡੀ ਉਮਰ ਦੀ ਕੁੜੀ ਨੇ ਕਿਹਾ ਤੇ ਆਪਣੀ ਗੋਦੀ ਚੁੱਕੇ ਹੋਏ ਜਵਾਕ ਦੀ ਨਲੀ ਪੂੰਝ ਕੇ ਕੰਧ ਨਾਲ ਮਲ ਦਿੱਤੀ।

ਸੂਰਜ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਤੋਂ ਥੱਲੇ ਉੱਤਰ ਰਿਹਾ ਸੀ, ਚੇਤ-ਵਿਸਾਖ ਦੇ ਦਿਨ ਸਨ। ਬਾਰਾਂ-ਤੇਰਾ ਕੋਹ ਰਥ ਵਿੱਚ ਬੈਠਿਆਂ ਦੇ ਪਾਸੇ ਦੁਖਣ ਲੱਗ ਪਏ ਸਨ। ਕੋਸੇ ਪਾਣੀ ਨਾਲ ਅਸੀਂ ਹੱਥ ਮੂੰਹ ਧੋਤਾ ਤੇ ਚਾਹ ਪੀਣ ਲੱਗ ਪਏ।

ਆਥਣ ਦੇ ਸੰਧੂਰੀ ਚਾਨਣ ਵਿੱਚ ਕਾਲਖ ਘੁਲਣ ਲੱਗੀ ਤਾਂ ਅਸੀਂ ਬੋਤਲ ਦਾ ਡੱਟ ਪੁੱਟ ਲਿਆ।

ਥਾਲੀ ਵਿੱਚ ਮਹਿੰਦੀ ਘੋਲ ਕੇ ਜਦ ਕੁੜੀਆਂ ਆਈਆਂ, ਅਸੀਂ ਜਭਲੀਆਂ ਮਾਰ ਰਹੇ ਸਾਂ। ਪਹਿਲੇ ਤੋੜ ਦੀ ਕੱਢੀ ਬੋਤਲ ਮੱਖਣ ਪਿੰਡੋਂ ਹੀ ਲੈ ਆਇਆ ਸੀ।

ਸਾਨੂੰ ਕੋਈ ਪਤਾ ਨਹੀਂ, ਕੁੜੀਆਂ ਕੀ ਕੀ ਬੋਲਦੀਆਂ ਰਹੀਆਂ ਤੇ ਅਸੀਂ ਉਨ੍ਹਾਂ ਨੂੰ ਕੀ ਜਵਾਬ ਦਿੰਦੇ ਰਹੇ। ਸਾਡੇ ਕਮਲਵਾਅ ਤੋਂ ਜਿੱਤ ਕੇ ਉਨ੍ਹਾਂ ਨੇ ਸਾਡੀਆਂ ਹਥੇਲੀਆਂ ਉੱਤੇ ਮਹਿੰਦੀ ਦੀ ਇੱਕ ਇੱਕ ਗਰੋਲੀ ਧਰੀ ਤੇ ਪੌੜੀਆਂ ਉੱਤਰ ਗਈਆਂ।

ਵਿੰਦਰ ਨੂੰ ਸ਼ਾਇਦ ਮੈਂ ਪੰਜ ਰੁਪਏ, ਮਹਿੰਦੀ ਲਵਾਈ ਦੇ ਦਿੱਤੇ ਸਨ।

ਕੁੜੀਆਂ ਪੌੜੀਆਂ ਉਤਰੀਆਂ ਤਾਂ ਦੇਸੂ ਤੇ ਮੱਖਣ ਨੇ ਮਹਿੰਦੀ ਵਾਲੇ ਹੱਥ ਕੰਧਾਂ ਨਾਲ ਘਸਾ ਦਿੱਤੇ।

"ਮੇਰਾ ਹੱਥ ਤਾਂ ਲੈ ਕੰਜਰ ਦੀਆਂ ਕੱਟੇ ਦੀ ਮੋਕ ਨਾਲ ਲਬੇੜ ਗਈਆਂ।" ਹਥੇਲੀ ਨੂੰ ਨੱਕ ਕੋਲ ਕਰ ਕੇ ਮੱਖਣ ਨੇ ਕਿਹਾ।

"ਓਏ ਮੈਨੂੰ ਵੀ ਲਗਦੈ।" ਦੇਸੂ ਨੇ ਹੁੰਗਾਰਾ ਭਰਿਆ। ਅਸੀਂ ਅੱਧਾ ਘੰਟਾ ਉੱਚੀ-ਉੱਚੀ ਹੱਸਦੇ ਰਹੇ।

ਇੱਕ-ਇੱਕ ਪੈੱਗ ਮੱਖਣ ਨੇ ਹੋਰ ਪਾਇਆ। ਮੈਂ ਪੀਤਾ। ਮੇਰੇ ਤਾਂ ਜਿਵੇਂ ਪੈਰ ਚੁੱਕੇ ਗਏ। ਬਹੁਤੀ ਸ਼ਰਾਬ ਮੈਨੂੰ ਸੁਖਾਂਦੀ ਨਹੀਂ ਸੀ।

ਰੋਟੀ ਅਸੀਂ ਅੱਧ-ਪਚੱਧ ਜਿਹੀ ਖਾਧੀ। ਨਾ ਖਾਣ ਵਰਗੀ ਹੀ।

ਦੇਸੂ ਤੇ ਮੱਖਣ ਤਾਂ ਚੁਬਾਰੇ ਮੂਹਰੇ ਮੰਜਿਆਂ ਉੱਤੇ ਬਿਸਤਰਾ ਵਿਛਾ ਕੇ ਪੈ ਗਏ। ਮੈਨੂੰ ਮੇਰੀ ਸੱਸ ਨੇ ਥੱਲੇ ਸੱਦ ਲਿਆ।

ਸ਼ਰਾਬ ਉਤੋਂ ਦੀ ਹੋ ਗਈ ਸੀ। ਮੈਨੂੰ ਗੱਲ ਨਹੀਂ ਸੀ ਔੜ ਰਹੀ। ਬੁੱਘ ਬੁੱਘ ਕਰ ਕੇ ਸਭ ਖਾਧਾ ਪੀਤਾ ਮੇਰੇ ਅੰਦਰੋਂ ਬਾਹਰ ਹੋ ਗਿਆ। ਬੇਸੁੱਧ ਹੋ ਕੇ ਦਰਵਾਜ਼ੇ ਵਿੱਚ ਡਹੇ ਪਏ, ਇੱਕ ਮੰਜੇ ਉੱਤੇ ਮੈਂ ਢੇਰੀ ਹੋ ਗਿਆ। ਅਜੇ ਵੀ ਮੈਨੂੰ ਉਲਟੀਆਂ ਆ ਰਹੀਆਂ ਸਨ।

ਅਮਰਜੀਤ, ਮੇਰੀ ਪਤਨੀ, ਮਾਪਿਆਂ ਦੀ ਇਕੱਲੀ ਧੀ ਸੀ। ਭਾਈ ਵੀ ਕੋਈ ਨਹੀਂ ਸੀ। ਸਹੁਰਾ ਰੋਟੀ ਖਾ ਕੇ ਬਾਹਰਲੇ ਘਰ ਡੰਗਰਾਂ ਕੋਲ ਜਾ ਪਿਆ ਸੀ, ਸੱਸ ਪਤਾ ਨਹੀਂ ਕਿਹੜੇ ਧੰਦਿਆਂ ਵਿੱਚ ਫਸੀ ਹੋਈ ਸੀ। ਉਸ ਨੇ ਚੁਬਾਰੇ ਵਿਚੋਂ ਥੱਲੇ ਮੈਨੂੰ ਸੱਦ ਤਾਂ ਲਿਆ ਸੀ, ਪਰ ਅਜੇ ਗੱਲ ਕੋਈ ਨਹੀਂ ਸੀ ਕੀਤੀ। ਮੈਨੂੰ ਉਲਟੀਆਂ ਆ ਰਹੀਆਂ ਸਨ। ਸੁੱਕੇ ਬੱਤ ਆਉਂਦੇ ਤਾਂ ਜਿਵੇਂ ਮੇਰਾ ਕਾਲਜਾ ਇਕੱਠਾ ਹੋ ਜਾਂਦਾ। ਮੈਂ ਔਖਾਂ ਸਾਂ। ਸੁਰਤ ਵੀ ਕੋਈ ਨਹੀਂ ਸੀ। ਸ਼ਰਾਬ ਤੇਜ਼ ਸੀ ਤੇ ਮੈਂ ਪੀ ਵੀ ਬਹੁਤ ਹੀ ਲਈ ਸੀ। ਦਰਵਾਜ਼ੇ ਵਿੱਚ ਮੰਜੇ ਉਤੇ ਪਿਆ ਮੈਂ ਜ਼ਖ਼ਮੀ ਸੱਪ ਵਾਂਗ ਮੇਲ੍ਹ ਰਿਹਾ ਸਾਂ। ਕਦੇ ਉਸ ਬਾਹੀ ਨਾਲ, ਕਦੇ ਉਸ ਨਾਲ।

ਪਾਣੀ ਦੀ ਗੜਵੀ ਲੈ ਕੇ ਆਇਆ ਕੋਈ ਕੁਝ ਚਿਰ ਮੇਰੇ ਸਿਰਹਾਣੇ ਖੜਾ ਰਿਹਾ। ਤੇ ਫਿਰ ਉਂਜਲ ਭਰ ਕੇ ਹਵਾੜਾਂ ਛੱਡਦਾ ਮੇਰਾ ਮੂੰਹ ਉਸ ਨੇ ਪਾਣੀ ਨਾਲ ਪੂੰਝ ਦਿੱਤਾ।

ਮੇਰੇ ਬੁੱਲ੍ਹਾਂ ਨੂੰ ਉਸ ਦੇ ਨਰਮ ਨਰਮ ਪੋਟਿਆਂ ਨੇ ਸਾਫ਼ ਕੀਤਾ ਤੇ ਫਿਰ ਪਾਣੀ ਦੀ ਗੜਵੀ ਉਸ ਨੇ ਮੇਰੇ ਮੂੰਹ ਨੂੰ ਲਾ ਦਿੱਤੀ। ਪਾਣੀ ਦੀ ਘੁੱਟ ਅੰਦਰ ਗਈ ਤੋਂ ਜਿਵੇਂ ਮੇਰੀ ਸੁਰਤ ਪਰਤ ਆਈ। ਮੈਨੂੰ ਲੱਗਿਆ ਜਿਵੇਂ ਉਹ ਮੇਰੀ ਸੱਸ ਹੋਵੇ। ਪਰ ਨਹੀਂ, ਉਹ ਸੱਸ ਨਹੀਂ ਸੀ। ਉਸ ਦੇ ਪੋਟੇ ਤਾਂ ਕੂਲੇ ਕੂਲੇ ਸਨ, ਅੰਗੂਰਾਂ ਦੀ ਛੋਹ ਵਰਗੇ। ਉਸ ਦੇ ਹੱਥ ਤਾਂ ਨਰਮ ਨਰਮ ਸਨ, ਨਿੱਘੇ ਨਿੱਘੇ, ਘੁੱਗੀਆਂ ਵਰਗੇ। ਫਿਰ ਮੈਂ ਸੋਚਿਆ, ਅਮਰਜੀਤ ਆਪ ਹੀ ਹੋਵੇਗੀ? ਪਰ ਨਹੀਂ, ਉਹ ਅਮਰਜੀਤ ਵੀ ਨਹੀਂ ਸੀ। ਜਦ ਉਹ ਕਰੰਟਵੈੱਲ ਦੀ ਆਪਣੀ ਚੁੰਨੀ ਨਾਲ ਮੇਰਾ ਮੂੰਹ ਪੂੰਝ ਰਹੀ ਸੀ, ਮੈਂ ਅੱਖਾਂ ਪੁੱਟ ਕੇ ਦੇਖਿਆ, ਇਹ ਤਾਂ ਉਹ ਕੁੜੀ ਸੀ-ਮਹਿੰਦੀ ਲਾਉਣ ਵਾਲੀ ਕੁੜੀ। ਪਤਲੀ ਜਿਹੀ, ਬੱਗੇ ਰੰਗ ਵਾਲੀ, ਮਧਰੀ ਜਿਹੀ, ਸਾਊ ਸਾਊ ਅੱਖਾਂ ਵਾਲੀ ਕੁੜੀ, ਵਿੰਦਰ।

"ਮੁਕੰਦ, ਤੂੰ ਔਖਾ ਤਾਂ ਨੀ ਬਾਹਲਾ?" ਮੇਰੇ ਮੱਥੇ ਉਤੋਂ ਸਿਰ ਦੇ ਵਾਲ ਆਪਣੀ ਹਥੇਲੀ ਨਾਲ ਪਿਛਾਂਹ ਹਟਾ ਕੇ ਉਸ ਨੇ ਪੁੱਛਿਆ। ਬੇਸੁਰਤੀ ਵਿੱਚ ਮੇਰੀ ਪੱਗ ਪਤਾ ਨਹੀਂ ਕਿੱਥੇ ਡਿੱਗੀ ਪਈ ਸੀ।

ਮੇਰੇ ਮੂੰਹੋਂ ਸਿਰਫ਼ ਐਨੀ ਗੱਲ ਹੀ ਨਿਕਲੀ, "ਹਾਏ! ਅਮਰਜੀਤ ਨੂੰ ਬੁਲਾ ਦੇ।"

"ਅਮਰਜੀਤ ਕਿਵੇਂ ਆਜੂ?" ਉਹ ਘੁਰਕੀ ਲੈ ਕੇ ਪਈ।

"ਹਾਏ ਅਮਰਜੀਤ! ਹਾਏ ਨੀ ਮਰ ਗਿਆ!" ਮੈਨੂੰ ਸ਼ਰਾਬੀਆਂ ਵਾਲਾ ਬੌੜ ਫੁੱਟ ਪਿਆ ਸੀ।

"ਤੈਂ ਅਮਰਜੀਤ ਤੋਂ ਕੀ ਲੈਣੈ? ਮੈਨੂੰ ਦੱਸ ਜਿਹੜੀ ਗੱਲ ਐ? ਕੀ ਚਾਹੀਦੈ ਬੋਲ ਤੈਨੂੰ?" ਵਿੰਦਰ ਨੇ ਮੇਰੇ ਸਿਰ ਦਾ ਜੂੜਾ ਕੱਸ ਕੇ ਬੰਨ੍ਹ ਦਿੱਤਾ। ਦੋ ਤਿੰਨ ਸੁੱਕੇ ਵੱਤ ਮੈਨੂੰ ਫਿਰ ਆਏ। ਮੇਰਾ ਕਾਲਜਾ ਇਕੱਠਾ ਹੋ ਕੇ ਜਿਵੇਂ ਗਲ ਵਿੱਚ ਫਸਿਆ ਸੀ। ਮੇਰੀ ਜਾਨ ਨਿਕਲਣ ਵਾਲੀ ਹੋ ਗਈ। ਉਸ ਨੇ ਮੇਰੀਆਂ ਦੋਵੇਂ ਪੁੜਪੁੜੀਆਂ ਘੁੱਟ ਲਈਆਂ। ਚੁੰਨੀ ਦੇ ਲੜ ਨਾਲ ਮੇਰਾ ਮੂੰਹ ਪੂੰਝਿਆ। ਗੜਵੀ ਵਿਚੋਂ ਪਾਣੀ ਦੀ ਘੁੱਟ ਭਰਵਾਈ। ਮੈਂ ਕੁਰਲੀ ਕੀਤੀ। ਦਰਵਾਜ਼ੇ ਵਿੱਚ ਘੁੱਪ ਹਨੇਰਾ ਸੀ। ਝਲਾਨੀ ਵਿੱਚ ਚੁਲ੍ਹਾ ਗੋਹਿਆ ਦੀ ਅੱਗ ਨਾਲ ਮਘਿਆ ਹੋਇਆ ਸੀ। ਚੁੱਲ੍ਹੇ ਉੱਤੇ ਪਤੀਲਾ ਕੜ੍ਹ ਰਿਹਾ ਸੀ। ਸਬਾਤ ਵਿੱਚ ਅੰਨ੍ਹੀ ਜਿਹੀ ਲਾਲਟੈਣ ਦਾ ਪੀਲਾ ਚਾਨਣ ਸੀ।

ਵੱਖੀ ਪਰਨੇ ਪਏ ਦੀ ਪਤਾ ਨਹੀਂ ਮੇਰੀ ਕਦੋਂ ਅੱਖ ਲੱਗ ਗਈ। ਵਿੰਦਰ ਪਤਾ ਨਹੀਂ ਕਦੋਂ ਮੇਰੇ ਕੋਲੋਂ ਚਲੀ ਗਈ। ਸੱਸ ਦੁੱਧ ਦਾ ਗਲਾਸ ਲੈ ਕੇ ਆਈ। ਮੇਰੇ ਅੰਦਰ ਤਾਂ ਪਾਣੀ ਦੀ ਤਿੱਪ ਮਸਾਂ ਪਚਦੀ ਸੀ। ਦੁੱਧ ਨੂੰ ਕਿਵੇਂ ਮੂੰਹ ਲਾਉਂਦਾ। ਦਰਵਾਜ਼ੇ ਵਿਚੋਂ ਉਂਘਲਾਇਆ ਜਿਹਾ ਉਠ ਕੇ ਮੈਂ ਪੌੜੀਆਂ ਚੜ੍ਹਿਆ ਤੇ ਚੁਬਾਰੇ ਵਿੱਚ ਜਾ ਪਿਆ। ਪੈਣ ਸਾਰ ਸੌਂ ਗਿਆ।

ਦੂਜੇ ਦਿਨ ਤੜਕੇ ਹੀ ਵਿੰਦਰ ਪਤਾ ਨਹੀਂ ਕੀ ਕਿੱਥੋਂ ਕੋਈ ਦਵਾਈ ਲਿਆਈ ਤੇ ਪਾਣੀ ਦੇ ਗਿਲਾਸ ਵਿੱਚ ਘੋਲ ਕੇ ਉਹ ਮੈਨੂੰ ਪਿਆ ਗਈ। ਦਵਾਈ ਪੀ ਕੇ ਮੈਨੂੰ ਦੋ ਤਿੰਨ ਡਕਾਰ ਆ ਗਏ ਤੇ ਮੇਰਾ ਅੰਦਰ ਖੁਲ੍ਹ ਜਿਹਾ ਗਿਆ।

"ਗੰਨਾ ਜੇ ਕਿਤੋਂ ਮਿਲਜੇ ਤਾਂ ਸਾਰਾ ਅੰਦਰ ਧੋਤਾ ਜਾਵੇ। ਮਿਲਜੂ ਮਾਂ ਜੀ ਕਿਤੋਂ?" ਮੈਂ ਸੱਸ ਤੋਂ ਪੁੱਛਿਆ।

"ਗੰਨਿਆਂ ਦੀ ਰੁੱਤ ਵੀ ਐ ਹੁਣ ਕੋਈ, ਜੀਜਾ ਮੇਰਿਆ? ਪਾੜ੍ਹਾ ਈ ਰਹਿ ਗਿਆ ਨਾ ਬੱਸ।" ਵਿੰਦਰ ਲੋਟ ਪੋਟ ਹੋ ਗਈ। ਮੇਰੀ ਸੱਸ ਵੀ ਹੱਸ ਪਈ। ਦੇਸੂ ਤੇ ਮੱਖਣ ਕੋਲ ਬੈਠੇ ਪੋਲਾ ਪੋਲਾ ਮੁਸਕਰਾਏ। ਮੈਨੂੰ ਉਨ੍ਹਾਂ ਮੂਹਰੇ ਸੰਗ ਲੱਗੀ।

ਉਸੇ ਦਿਨ ਦੁਪਹਿਰ ਦੀ ਰੋਟੀ ਖਾਣ ਪਿੱਛੋਂ ਅਸੀਂ ਅਮਰਜੀਤ ਨੂੰ ਲੈ ਕੇ ਪਿੰਡ ਆ ਗਏ।

ਦੇਸੂ ਤੇ ਮੱਖਣ ਤਾਂ ਇੱਕ ਸਾਈਕਲ ਉੱਤੇ ਪਿੰਡ ਪਹੁੰਚ ਗਏ ਸਨ। ਰੱਥ ਵਿੱਚ ਮੈਂ ਤੇ ਅਮਰਜੀਤ ਹੀ ਸਾਂ। ਰਾਹ ਵਿੱਚ ਕਿੰਨੀਆਂ ਗੱਲਾਂ ਅਸੀਂ ਕਰ ਲਈਆਂ। ਗੱਲਾਂ-ਗੱਲਾਂ ਵਿੱਚ ਵਿੰਦਰ ਦੀ ਗੱਲ ਵੀ ਛਿੜ ਗਈ। ਉਸ ਦੀ ਗੱਲ ਮੈਂ ਜਾਣ ਕੇ ਹੀ ਛੇੜੀ ਸੀ। ਉਸ ਕੁੜੀ ਦੇ ਵਿਵਹਾਰ ਤੇ ਤਾਂ ਮੇਰੇ ਅੰਦਰ ਕੋਈ ਖ਼ਾਸ ਥਾਂ ਬਣਾ ਲਈ ਸੀ।

ਅਮਰਜੀਤ ਨੇ ਮੈਨੂੰ ਦਸਿਆ ਕਿ ਵਿੰਦਰ ਦੀ ਆਪਣੇ ਪ੍ਰਾਹੁਣੇ ਨਾਲ ਬਣਦੀ ਨਹੀਂ। ਵਿੰਦਰ ਦਾ ਵੱਡਾ ਭਣੋਈਆ ਜਦ ਏਥੇ ਆਉਂਦਾ ਹੈ, ਵਿੰਦਰ ਜੇ ਏਥੇ ਹੋਵੇ ਤਾਂ ਉਸ ਦੀ ਐਨੀ ਸੇਵਾ ਕਰਦੀ ਹੈ ਕਿ ਰਹੇ ਰੱਬ ਦਾ ਨਾਉਂ। ਇਹਦਾ ਭਣੋਈਆ ਸਮਝਦਾ ਵੀ ਇਹਨੂੰ ਛੋਟੀ ਭੈਣ ਵਾਂਗ ਹੈ। ਵਿੰਦਰ ਦਾ ਪ੍ਰਾਹੁਣਾ ਪਰ ਇਹਦੇ ਸੁਭਾਅ ਉੱਤੇ ਸ਼ੱਕ ਕਰਦਾ ਹੈ।

ਅਮਰਜੀਤ ਜਦ ਦਰੌਂਜਾ ਲੈ ਕੇ ਆਈ, ਉਸ ਨੇ ਦੱਸਿਆ ਕਿ ਵਿੰਦਰ ਦਾ ਪ੍ਰਾਹੁਣਾ ਦੂਜਾ ਵਿਆਹ ਕਰਵਾਉਣ ਨੂੰ ਫਿਰਦਾ ਹੈ।

ਮੇਰਾ ਦਿਲ ਢੇਰੀ ਹੋ ਗਿਆ, ਵਿੰਦਰ ਵਰਗੀ ਕੁੜੀ ਦੀ ਆਹ ਹਾਲਤ।

ਦਰੌਂਜੇ ਅਮਰਜੀਤ ਨੂੰ ਲੈਣ ਜਦ ਮੈ ਗਿਆ ਸਾਂ ਤਾਂ ਵਿੰਦਰ ਉੱਥੇ ਹੀ ਸੀ। ਪਰ ਉਹ ਸਾਡੇ ਘਰ ਨਹੀਂ ਸੀ ਆਈ। ਉਹ ਤਾਂ ਉਦੋਂ ਦੇਹਲੀਓਂ ਬਾਹਰ ਪੈਰ ਨਹੀਂ ਸੀ ਧਰਦੀ। ਬੁੜ੍ਹੀਆਂ ਸੌ-ਸੌ ਗੱਲਾਂ ਬਣਾਉਂਦੀਆਂ ਸਨ।

ਉਸ ਤੋਂ ਬਾਅਦ ਜਦ ਕਦੇ ਮੈਂ ਸਹੁਰੀਂ ਜਾਂਦਾ, ਵਿੰਦਰ ਕਦੇ ਵੀ ਨਾ ਮਿਲਦੀ। ਕਦੇ ਉਹ ਸਾਡੇ ਨਾਨਕੀ ਗਈ ਹੁੰਦੀ, ਕਦੇ ਭੂਆ ਕੋਲ, ਕਦੇ ਕਿਤੇ ਤੇ ਕਦੇ ਕਿਤੇ। ਉਸ ਦਾ ਪ੍ਰਾਹੁਣਾ ਹੁਣ ਉਸ ਨੂੰ ਲੈ ਕੇ ਨਹੀਂ ਸੀ ਜਾਂਦਾ। ਰੰਗੜਊ ਉਹ ਵੀ ਪੂਰਾ ਰੱਖਦੀ।

ਮੈਂ ਉਸ ਨੂੰ ਇਕ ਵਾਰ ਮਿਲਣਾ ਚਾਹੁੰਦਾ ਸਾਂ, ਮਿਲ ਕੇ ਉਸ ਦਾ ਦੁੱਖ ਪੁੱਛਣਾ ਚਹੁੰਦਾ ਸਾਂ।

ਮੁੰਡੇ ਦੀ ਸ਼ੂਸ਼ਕ ਲੈ ਕੇ ਅਮਰਜੀਤ ਆਈ ਤਾਂ ਉਸ ਨੇ ਦੱਸਿਆ ਕਿ ਵਿੰਦਰ ਮਿਲੀ ਸੀ। ਉਹ ਤਾਂ ਸੁੱਕ ਕੇ ਤਾਂਬੜ ਬਣੀ ਪਈ ਹੈ, ਨਿਰੀ ਫੱਟੀ। ਚਿਹਰਾ ਝੁਰੜਾ ਗਿਆ ਹੈ ਅੱਖਾਂ ਦੇ ਘੇਰੇ ਕਾਲੇ ਹੋ ਗਏ ਹਨ। ਮੂੰਹ ਵਿਚ ਬੋਲ ਨਹੀਂ। ਖੁੱਦੋ ਵਾਂਗ ਬੁੜ੍ਹਕਣ ਟੱਪਣ ਵਾਲੀ ਤਾਂ ਉਹ ਵਿੰਦਰ ਹੀ ਨਹੀਂ ਰਹੀ।

ਉਸ ਦਾ ਕੁਦਰਤੀ ਖੁੱਲ੍ਹਾ ਸੁਭਾਅ ਉਸ ਲਈ ਇਕ ਸਰਾਪ ਬਣ ਗਿਆ ਸੀ। ਉਸ ਦਾ ਮੱਚੜ ਪ੍ਰਾਹੁਣ ਉਸ ਦੀ ਖੁੱਲ੍ਹ ਨੂੰ ਦੇਖ ਕੇ ਸਗੋਂ ਹੋਰ ਵਲ ਖਾ ਗਿਆ ਹੋਵੇਗਾ। ਵਿੰਦਰ ਦਾ ਕੀ ਕਸੂਰ ? ਜਾਂ ਤਾਂ ਉਹ ਉਸ ਮੱਚੜ ਦੀ ਜੇਬ ਵਿਚ ਪੈ ਜਾਂਦੀ ਤੇ ਜਾਂ ਆਪਣੇ ਮੋਹ ਦੇ ਸੰਕ ਵਿਚ ਉਹਦਾ ਮੱਚੜਪੁਣਾ ਖੋਰ ਦਿੰਦੀ। ਉਸ ਅਣਭੋਲ ਨੂੰ ਕੀ ਪਤਾ ਸੀ ਕਿ ਉਸ ਦੇ ਹੱਸਦੇ ਦੰਦਾਂ ਨੂੰ ਇਕ ਦਿਨ ਹਥੌੜੇ ਦੀ ਸੱਟ ਪਵੇਗੀ ਤੇ ਉਹਦੇ ਮੂੰਹ ਵਿੱਚੋਂ ਸਦਾ

ਲਈ ਹਾਸਾ ਮੁੱਕ ਜਾਵੇਗਾ। ਉਸ ਨੂੰ ਕੀ ਪਤਾ ਸੀ ਕਿ ਕਿਸੇ ਓਪਰੇ ਬੰਦੇ ਨਾਲ ਹੱਸ ਕੇ ਬੋਲ ਲੈਣਾ ਤੇ ਖੁਲ੍ਹ ਕੇ ਗੱਲ ਕਰ ਲੈਣੀ ਵੀ ਪਤੀ-ਧਰਮ ਦੇ ਉਲਟ ਹੈ। ਦੂਜਿਆਂ ਨਾਲ ਹੱਸਣਾ ਬੋਲਣਾ ਪਤੀ ਧਰਮ ਦੇ ਉਲਟ ਕੋਈ ਕਿਉਂ ਸਮਝਦਾ ਹੈ? ਉਹ ਸਮਝ ਨਾ ਸਕੀ। ਇਹੋ ਜਿਹਾ ਵੀ ਕੋਈ ਮਨੁੱਖ ਹੁੰਦਾ ਹੈ ਜਿਹੜਾ ਬਿਨਾਂ ਹੀ ਆਪਣੀ ਤੀਵੀਂ ਉੱਤੇ ਕੋਈ ਸ਼ੱਕ ਕਰ ਲਵੇ। ਤਰ੍ਹਾਂ-ਤਰ੍ਹਾਂ ਦੇ ਉਸ ਨੂੰ ਸਵਾਲ ਪੁੱਛੇ। ਤਰ੍ਹਾਂ ਤਰ੍ਹਾਂ ਦੀਆਂ ਉਸ ਨਾਲ ਗੱਲਾਂ ਕਰੇ। ਵਿੰਦਰ ਵਿਚਾਰੀ ਸਮਝ ਨਾ ਸਕੀ। ਉਸ ਦੇ ਅੰਦਰ ਕਿਸੇ ਸੱਚ ਦੀ ਹੈਂਕੜ ਸੀ। ਉਸ ਹੈਂਕੜ ਨੇ ਹੀ ਉਸ ਨੂੰ ਡੋਬਿਆ।

ਉਹ ਆਪਣੇ ਆਪ ਵਿਚ ਕੈਦ ਸੀ। ਆਪਣੇ ਉਸ ਸੁਭਾਅ ਉੱਤੇ ਹੁਣ ਉਸ ਨੂੰ ਝੋਰਾ ਸੀ। ਜੇ ਕਦੇ ਪਹਿਲੇ ਦਿਨੋਂ ਹੀ ਏਵੇਂ ਜਿਵੇਂ ਚੁੱਪ ਕੀਤੀ ਜਿਹੀ ਰਹਿੰਦੀ? ਕੀ ਲੈਣਾ ਸੀ ਉਸ ਨੇ ਭਣੋਈਏ ਦੀ ਟਹਿਲ-ਸੇਵਾ ਤੋਂ?

ਕੰਮ ਕਾਰ ਵਿੱਚ ਐਨਾ ਰੁੱਝ ਗਿਆ ਸਾਂ ਕਿ ਮੈਂ ਕਈ ਸਾਲ ਸਹੁਰੀਂ ਨਾ ਜਾ ਸਕਿਆ। ਅਮਰਜੀਤ ਵੀ ਨਹੀਂ ਸੀ ਗਈ ਤੇ ਫਿਰ ਮੇਰੀ ਬਦਲੀ ਪਿੰਡ ਤੋਂ ਕਈ ਸੌ ਮੀਲ ਦੂਰ ਹੋ ਗਈ। ਸਾਲ ਵਿਚ ਇਕ ਅੱਧ ਵਾਰ ਮੈਂ ਪਿੰਡ ਆਉਂਦਾ ਤਾਂ ਇਕ ਦੋ ਦਿਨ ਰਹਿ ਕੇ ਚਲਿਆ ਜਾਂਦਾ।

ਮੇਰੇ ਸਹੁਰਿਆਂ ਦੀਆਂ ਦੋ ਸੱਜਰ-ਸੂਈਆਂ ਮੱਝਾਂ ਇੱਕ ਫ਼ੌਜੀ ਟੈਂਕ ਦੀ ਫੇਟ ਲੱਗ ਕੇ ਮਰ ਗਈਆਂ ਤਾਂ ਮੈਂ ਅਫਸੋਸ ਕਰਨ ਉੱਥੇ ਗਿਆ। ਅੱਡੇ ਉੱਤੇ ਬੱਸ ਵਿਚੋਂ ਉਤਰਿਆ ਤਾਂ ਵਿੰਦਰ ਦੀ ਮਾਂ ਨੇ ਮੇਰੀ ਪਿੱਠ ਪਛਾਣ ਕੇ ਮੈਨੂੰ ਹਾਕ ਮਾਰ ਲਈ। ਹੌਲੀ -ਹੌਲੀ ਮੇਰੀਆਂ ਅੱਖਾਂ ਨੇ ਗਵਾਹੀ ਭਰੀ, ਵਿੰਦਰ ਵੀ ਕੋਲ ਖੜ੍ਹੀ ਸੀ ਉਸ ਨੇ ਮੈਨੂੰ ਸਤਿ ਸ੍ਰੀ ਅਕਾਲ ਕਹੀ। ਉਹਦੇ ਬੁੱਲ੍ਹ ਮਸਾਂ ਹੀ ਫਰਕੇ। ਉਹਦੀ ਨਿਗਾਹ ਧਰਤੀ ਉੱਤੇ ਹੀ ਗੱਡੀ ਰਹੀ। ਉਹਦੀ ਗੋਦੀ ਸਾਲ ਕੁ ਭਰ ਦੀ ਕੁੜੀ ਦੁੱਧ ਚੁੰਘ ਰਹੀ ਸੀ। ਮਲਵੀਂ ਜਿਹੀ ਜੀਭ ਨਾਲ ਉਸ ਨੇ ਅਮਰਜੀਤ ਦੇ ਮੁੰਡੇ ਕੁੜੀਆਂ ਦੀ ਸੁਖ-ਸਾਂਦ ਪੁੱਛੀ। ਮਾਵਾਂ-ਧੀਆਂ ਦੇ ਕੋਲ ਇਕ ਬੰਦਾ ਖੜ੍ਹਾ ਸੀ। ਹੱਥ ਵਿਚ ਕਿਰਪਾਨ, ਮਿਆਨ ਉੱਤੇ ਜ਼ਰ ਖਾਧੇ ਲੋਹੇ ਦੀਆਂ ਪੱਤੀਆਂ। ਉਹਦੀ ਦਾੜ੍ਹੀ ਵਿੱਚ ਕੋਈ ਕੋਈ ਕਾਲਾ ਵਾਲ ਸੀ। ਮਿਚੀਆਂ ਹੋਈਆਂ ਅੱਖਾਂ ਤੇ ਮੋਟਾ ਨਕੌੜਾ। ਕਾਲੇ ਧੂਸ਼ ਰੰਗ ਵਾਲਾ ਖੁਰਦਰਾ ਚਿਹਰਾ। ਵਿੰਦਰ ਦੇ ਨਵੇਂ ਪ੍ਰਾਹੁਣੇ ਨੇ ਮੇਰੇ ਨਾਲ ਹੱਥ ਮਿਲਾਇਆ। ਅਸੀਂ ਮੀਂਹ ਤੇ ਫ਼ਸਲਾਂ ਦੀਆਂ ਗੱਲਾਂ ਛੇੜ ਲਈਆਂ। ♦

# ਖਾਰਾ ਦੁੱਧ

ਬਾਰ ਮੂਹਰੇ ਖੜ੍ਹਕੇ ਮੈਂ ਹਾਕ ਮਾਰੀ, ਵਿਹੜੇ ਵਾਲੀ ਨਿੰਮ ਥੱਲੇ ਟੋਆ ਪੁੱਟ ਕੇ ਬੈਠਾ ਡੱਬ-ਖੜੱਬਾ ਕੁੱਤਾ ਭੌਂਕਿਆ।

ਬਾਹਰ ਵਾਲੀ ਕੱਚੀ ਕੰਧ ਮੋਢੇ ਜਿੰਨੀ ਉੱਚੀ ਸੀ ਥਾਂ-ਥਾਂ ਤੋਂ ਲਿਉੜ ਲਹੇ ਹੋਏ ਸਨ। ਜੜ੍ਹਾਂ ਵਿਚ ਤਾਂ ਇੱਟਾਂ ਬਿਲਕੁਲ ਹੀ ਨੰਗੀਆਂ ਪਈਆਂ ਸਨ। ਕੰਧ ਜਿਵੇਂ ਅੰਦਰ ਨੂੰ ਧਸ ਕੇ ਕੁੱਬੀ ਹੋ ਗਈ ਹੋਵੇ। ਬਾਰ ਵਿੱਚ ਲੱਕੜ ਦੀਆਂ ਅਣਘੜ ਫੱਟੀਆਂ ਦਾ ਖਿੜਕ ਲੱਗਿਆ ਹੋਇਆ ਸੀ। ਖਿੜਕ ਵਿਚ ਦੀ ਬਾਂਹ ਕੱਢ ਕੇ ਮੈਂ ਅੰਦਰਲਾ ਕੁੰਡਾ ਖੋਲਿਆ ਤੇ ਖਿੜਕ ਅੰਦਰ ਨੂੰ ਧੱਕ ਕੇ ਪਰ੍ਹਾਂ ਕੀਤਾ। ਨਿੰਮ ਥੱਲਿਓਂ ਉੱਠਕੇ ਕੁੱਤਾ ਮੇਰੇ ਵੱਲ ਦੌੜਿਆ ਖਿੜਕ ਨੂੰ ਮੈਂ ਤੇਜ਼ੀ ਨਾਲ ਭੇੜ ਲਿਆ। ਬੂਥੀ ਉਤਾਂਹ ਚੁੱਕ ਕੇ ਕੁੱਤਾ ਭੌਂਕਦਾ ਰਿਹਾ। ਟੀਟੂ ਨੂੰ ਗੋਦੀ ਚੁੱਕ ਕੇ ਗੁਰਮੀਤ ਪਰ੍ਹਾਂ ਜਾ ਖੜੀ ਸੀ। ਮੈਂ ਉੱਚੀ ਆਵਾਜ਼ ਦੇ ਕੇ ਫਿਰ ਹਾਕ ਮਾਰੀ। ਅੰਦਰੋਂ ਕੋਈ ਨਾ ਬੋਲਿਆ। ਕੁੱਤਾ ਵੀ ਭੌਂਕ-ਭੌਂਕ ਜਿਵੇਂ ਥੱਕ ਜਿਹਾ ਗਿਆ ਸੀ। ਆਪਣੀ ਲੂੰਬੜ-ਪੂਛ ਨੂੰ ਢਿੱਲੀ ਛੱਡੀ ਉਹ ਨਿੰਮ ਵੱਲ ਜਾ ਰਿਹਾ ਸੀ। ਗੁਰਮੀਤ ਨੇ ਮੇਰੇ ਕੋਲ ਆ ਕੇ ਅੱਖਾਂ ਵਿਚ ਹੀ ਮੈਨੂੰ ਸਭ ਕੁਝ ਸਮਝਾਇਆ। ਮਿਲਖੀ  ਬੱਕਰੀ ਦਾ ਕੰਨ ਫੜੀ ਸਾਡੇ ਵੱਲ ਆ ਰਿਹਾ ਸੀ। ਸਾਨੂੰ ਦੇਖ ਕੇ ਉਹ ਮਿੰਨਾ-ਮਿੰਨਾ ਹੱਸ ਰਿਹਾ ਸੀ। ਮੈਂ ਉਸ ਨੂੰ ਮੱਥਾ ਟੇਕਿਆ ਸੀ। ਮੱਥਾ ਮੰਨ ਕੇ ਉਸ ਨੇ ਮੇਰੇ ਨਾਲ ਹੱਥ ਮਿਲਾਇਆ।  ਗੁਰਮੀਤ ਵੱਲ ਮੈਂ ਝਾਕਿਆ। ਉਸ ਨੇ ਟੀਟੂ ਨੂੰ ਗੋਦੀਓਂ ਉਤਾਰ ਕੇ ਚੁੰਨੀ ਦੇ ਦੋਵੇਂ ਲੜ ਫੜੇ ਤੇ ਮਿਲਖੀ ਦੇ ਪੈਰ ਛੋਹ ਲਏ। ਬੱਕਰੀ ਮਿਆਂ-ਮਿਆਂ ਕਰਦੀ ਰਹੀ। ਖਿੜਕ ਅੰਦਰ ਨੂੰ ਧੱਕ ਕੇ ਉਸ ਨੇ ਬੱਕਰੀ ਨੂੰ ਅੰਦਰ ਕੀਤਾ। ਨਾਲ ਦੀ ਨਾਲ ਮੈਂ ਵੀ ਅੰਦਰ ਲੰਘ ਗਿਆ। ਗੁਰਮੀਤ ਦੀ ਉਂਗਲੀ ਫੜੀ ਟੀਟੂ ਵੀ ਅੰਦਰ ਆ ਗਿਆ। ਖਿੜਕ ਦਾ ਅੰਦਰਲਾ ਕੁੰਡਾ ਲਾ ਕੇ ਮਿਲਖੀ ਨੇ ਟੀਟੂ ਨੂੰ ਗੋਦੀ ਚੁੱਕ ਲਿਆ ਤੇ ਉਸ ਦੀ ਗੱਲ੍ਹ ਨਾਲ ਗੱਲ੍ਹ ਲਾ ਕੇ ਉਸ ਨੂੰ ਪਿਆਰ ਕਰਨ ਲੱਗਿਆ। ਕੁੱਤਾ ਹੁਣ ਭੌਂਕ ਨਹੀਂ ਸੀ ਰਿਹਾ। ਪਰ ਘੁਰ-ਘੁਰ ਉਸ ਦੀ ਜਾਰੀ ਸੀ। ਮਿਲਖੀ ਨੇ ਉਸ ਨੂੰ ਝਿੜਕਿਆ ਕੁੱਤੇ ਨੇ ਘੁਰ-ਘੁਰ ਬੰਦ ਕਰ ਦਿੱਤੀ। ਓਪਰੀ-ਓਪਰੀ ਨਿਗਾਹ ਨਾਲ ਪਰ ਉਹ ਸਾਡੇ ਵਲ ਅਜੇ ਵੀ ਝਾਕ ਰਿਹਾ ਸੀ।

ਜੇਠ ਹਾੜ੍ਹ ਦਾ ਮਹੀਨਾ ਸੀ। ਗਰਮੀ ਜ਼ੋਰਾਂ ਦੀ ਪੈ ਰਹੀ ਸੀ। ਜ਼ਰਾ ਕੁ ਸੂਰਜ ਉੱਚਾ ਹੁੰਦਾ, ਧਰਤੀ ਝੱਟ ਤਪਣ ਲੱਗ ਪੈਂਦੀ। ਹਨੇਰੀਆਂ ਵਗਦੀਆਂ, ਤੱਤੀ ਹਵਾ ਇਉਂ ਲੱਗਦੀ ਜਿਵੇਂ ਭੱਠ ਵਿੱਚੋਂ ਨਿਕਲ ਕੇ ਆਈ ਹੋਵੇ।

ਸੂਰਜ ਢਲੇ, ਹਵਾ ਦੀ ਤਪਸ਼ ਜਦ ਥੋੜ੍ਹੀ ਜਿਹੀ ਘਟੀ ਸੀ ਤਾਂ ਅਸੀਂ ਸ਼ਹਿਰ ਤੋਂ ਚੱਲੇ ਸਾਂ। ਪੰਜ ਮੀਲ ਦਾ ਕੱਚਾ ਰਾਹ। ਪਰ ਸਾਈਕਲ ਚੱਲ ਸਕਦਾ ਸੀ। ਟੀਟੂ ਨੂੰ ਡੰਡੇ ਉੱਤੇ ਤੇ ਗੁਰਮੀਤ ਨੂੰ ਕੈਰੀਅਰ ’ਤੇ ਬਹਾ ਕੇ ਮੈਂ ਲੈ ਤਾਂ ਆਇਆ ਸੀ, ਪਰ ਪਿੰਡੇ ਦੀ ਮੈਲ ਤੇ ਮੁੜ੍ਹਕੇ ਨੇ ਮੈਨੂੰ ਬੁਰੀ ਤਰ੍ਹਾਂ ਅੱਕਲਕਾਣ ਕਰ ਦਿੱਤਾ ਸੀ।

ਦਿਨ ਛਿਪਣ ਵਾਲਾ ਸੀ। ਹਵਾ ਬੰਦ ਸੀ। ਅਸਮਾਨ ਉੱਤੇ ਬਦਾਮੀ ਰੇਤ ਚੜ੍ਹੀ ਹੋਈ ਸੀ। ਨਿੰਮ ਥਲਿਉਂ ਚੌਕੜੇ ਦਾ ਮੰਜਾ ਚੁੱਕ ਕੇ ਮਿਲਖੀ ਨੇ ਸਬ੍ਹਾਤ ਦੇ ਮੂਹਰੇ ਵਿਹੜੇ ਵਿੱਚ ਡਾਹ ਦਿੱਤਾ। ਇੱਕ ਮੰਜਾ ਉਹ ਹੋਰ ਅੰਦਰੋਂ ਸਬ੍ਹਾਤ ਵਿਚੋ ਕੱਢ ਲਿਆਇਆ। ਅਸੀਂ ਬੈਠ ਗਏ। ਉਹ ਗੁਰਮੀਤ ਦੇ ਨੰਗੇ ਮੂੰਹ ਵਲ ਘੂਰ ਘੂਰ ਦੇਖ ਰਿਹਾ ਸੀ ਤੇ ਗੁਰਮੀਤ ਮੇਰੇ ਵਲ ਘੂਰ ਘੂਰ। ਅਸਲ ਵਿੱਚ ਗੱਲ ਇਹ ਸੀ ਕਿ ਗੁਰਮੀਤ ਸ਼ਹਿਰ ਦੀ ਜੰਮਪਲ ਤੇ ਦਸ ਜਮਾਤਾਂ ਪੜ੍ਹੀ ਹੋਣ ਕਰਕੇ ਰਾਹ ਵਿੱਚ ਮੇਰੇ ਨਾਲ ਬਹਿਸ ਕਰਦੀ ਆਈ ਸੀ ਕਿ ਮੇਰੇ ਮਾਮੇ ਦੇ ਪੁੱਤ ਦੇ ਪੈਰੀਂ ਹੱਥ ਉਹ ਬਿਲਕੁਲ ਨਹੀ ਲਾਏਗੀ, ਸਤਿ ਸ੍ਰੀ ਅਕਾਲ ਹੀ ਬੁਲਾ ਛੱਡੇਗੀ। ਮੈਂ ਕਹਿੰਦਾ ਸਾਂ ਕਿ ਮਾਮੇ ਦਾ ਪੁੱਤ ਪੁਰਾਣੇ ਖ਼ਿਆਲਾਂ ਦਾ ਹੈ। ਪੈਰੀਂ ਹੱਥ ਲਾਏਂਗੀ ਤਾਂ ਉਹ ਖ਼ੁਸ਼ ਹੋਵੇਗਾ। ਤੇਰਾ ਇਸ ਵਿੱਚ ਕੀ ਜਾਂਦਾ ਹੈ। ਉਹ ਖ਼ੁਸ਼ ਹੋ ਜਾਏਗਾ। ਹੁਣ ਉਸ ਨੇ ਪੈਰੀਂ ਹੱਥ ਲਾ ਤਾਂ ਦਿੱਤੇ ਸਨ ਪਰ ਆਪਣੀ ਮਰਜ਼ੀ ਦੇ ਉਲਟ। ਗੁਰਮੀਤ ਨੂੰ ਨੰਗੇ ਮੂੰਹ ਬੈਠੀ ਦੇਖ ਕੇ ਮਿਲਖੀ ਸ਼ਾਇਦ ਖਿਝ ਰਿਹਾ ਸੀ। ਉਹ ਸਾਡੇ ਪੀਣ ਵਾਸਤੇ ਕੋਰੀ ਤੌੜੀ ਵਿਚੋਂ ਠੰਢਾ ਪਾਣੀ ਲੈਣ ਗਿਆ ਤਾਂ ਮੈਂ ਗੁਰਮੀਤ ਨੂੰ ਆਖਿਆ ਕਿ ਉਹ ਘੁੰਢ ਕੱਢ ਲਵੇ। ਉਸ ਨੇ ਨਾਂਹ-ਨੁੱਕਰ ਤਾਂ ਬਹੁਤ ਕੀਤਾ ਪਰ ਜਦ ਮਿਲਖੀ ਪਾਣੀ ਦਾ ਵੱਡਾ ਡੋਲੂ ਤੇ ਕੱਚ ਦਾ ਗਲਾਸ ਲੈ ਕੇ ਆ ਖੜੋਤਾ ਤਾਂ ਉਸ ਨੇ ਮੱਥੇ ਉਤੋਂ ਚੁੰਨੀ ਨੀਵੀਂ ਕਰ ਲਈ। ਪਾਣੀ ਦਾ ਗਲਾਸ ਮੇਰੇ ਹੱਥ ਫੜਾ ਕੇ ਉਹ ਮੇਰੇ ਨਾਲ ਹੀ ਮੰਜੇ ਉਤੇ ਬੈਠ ਗਿਆ ਤੇ ਕਹਿਣ ਲੱਗਿਆ, “ਹੁਣ ਬਣੀ ਨਾ ਗੱਲ। ਦੇਖ, ਕਿੰਨੀ ਚੰਗੀ ਲਗਦੀ ਐ।” ਮੈਂ ਪਾਣੀ ਦੀ ਘੁੱਟ ਭਰ ਕੇ ਹੱਸ ਪਿਆ। ਉਹ ਵੀ ਹੱਸਿਆ। ਗੁਰਮੀਤ ਨੇ ਪਰ੍ਹਾਂ ਮੂੰਹ ਭੰਵਾ ਲਿਆ। ਟੀਟੂ ਨੇ ਮੇਰੇ ਹਥੋਂ ਗਲਾਸ ਫੜਿਆ ਤੇ ਪਾਣੀ ਪੀਣ ਲੱਗਿਆ।

‘ਚਾਹ ਕਰਾਂ ਕਿ ਕੱਚੀ ਲੱਸੀ?’ ਮਿਲਖੀ ਨੇ ਪੁੱਛਿਆ।

‘ਨਾ ਚਾਹ ਦੀ ਲੋੜ ਐ, ਨਾ ਲੱਸੀ ਦੀ। ਆਹ ਦੇਖ ਪਾਣੀ ਪੀ ਲਿਆ ਠੰਢਾ ਸ਼ਰਬਤ ਵਰਗਾ।’ ਮੈਂ ਕਿਹਾ।

‘ਨਹੀਂ, ਕੁਛ ਤਾਂ ਪੀਓਗੇ ਈ। ਬਿੰਦ ਕੁ ਠਹਿਰੋ, ਮੈਂ ਬੱਕਰੀ ਚੋਅ ਲਵਾਂ।’ ਡੋਲੂ ਲੈ ਕੇ ਉਹ ਬੱਕਰੀ ਵੱਲ ਚਲਾ ਗਿਆ। ਵੱਡੇ ਟੋਕਰੇ ਨੂੰ ਉਤਾਂਹ ਚੁੱਕਿਆ। ਦੋ ਮੇਮਣੇ ਬੱਕਰੀ ਵੱਲ ਦੌੜੇ। ਜਾਣਸਾਰ ਥਣਾਂ ਨੂੰ ਚੂਪਲਣ ਲੱਗੇ ਤੇ ਫਿਰ ਚੁੰਘਣ ਲੱਗੇ। ਚਾਰ ਚਾਰ ਘੁੱਟਾਂ ਉਨ੍ਹਾਂ ਦੇ ਸੰਘੋਂ ਥੱਲੇ ਗਈਆਂ ਹੋਣਗੀਆਂ, ਮਿਲਖੀ ਨੇ ਦੋਵੇਂ ਮੇਮਣਿਆਂ ਨੂੰ ਥਣਾਂ ਨਾਲੋਂ ਤੋੜ ਲਿਆ। ਉਨ੍ਹਾਂ ਨੂੰ ਗਲੋਂ ਫੜਕੇ ਫਿਰ ਉਸ ਨੇ ਟੋਕਰੇ ਥੱਲੇ ਕਰ ਦਿੱਤਾ। ਡੋਲੂ ਵਿਚਲੇ ਥੋੜ੍ਹੇ ਜਿਹੇ ਪਾਣੀ ਨਾਲ ਬੱਕਰੀ ਦੇ ਥਣ ਧੋਤੇ ਤੇ ਫਿਰ ਡੋਲੂ ਵਿੱਚ ਹੀ ਧਾਰ ਕੱਢਣ ਲੱਗਿਆ।

ਗੁਰਮੀਤ ਚੁੱਪ ਚੁੱਪ ਜਿਹਾ ਹੱਸ ਰਹੀ ਸੀ।’ ਬੱਕਰੀ ਦਾ ਦੁੱਧ ਪੀਤੈ ਕਦੇ ਜ਼ਿੰਦਗੀ ’ਚ?’ ਮੈਂ ਕਿਹਾ।

ਉਸ ਨੇ ਨੱਕ ਚੜ੍ਹਾਇਆ।

'ਗਾਂਧੀ, ਪਤੈ, ਬੱਕਰੀ ਦਾ ਦੁੱਧ ਪੀਂਦਾ ਹੁੰਦਾ ਸੀ। ਬੱਕਰੀ ਦੇ ਦੁੱਧ 'ਚ ਸਾਰੇ ਵਿਟਾਮਿਨ ਹੁੰਦੇ ਨੇ। ਛੱਤੀ ਪਦਾਰਥ ਹੁੰਦੇ ਨੇ ਬੱਕਰੀ ਦੇ ਦੁੱਧ 'ਚ। ਜੰਗਲ ਦੀਆਂ ਸਾਰੀਆਂ ਜੜ੍ਹੀਆਂ ਬੂਟੀਆਂ ਦਾ ਅਸਰ।' ਮੈਂ ਆਖਿਆ।

'ਚੰਗਾ, ਡਿੱਕ ਲੌ ਪੀਪੀ ਅੱਜ।' ਉਹ ਹੱਸੀ ਤੇ ਚੁੰਨੀ ਦੀ ਕੋਰ ਨੱਕ ਉਤੋਂ ਦੀ ਕਰ ਲਈ।

ਖੰਡ ਵਾਲਾ ਕੋਰ ਤਪਲਾ ਉਹ ਸਬ੍ਹਾਤ ਵਿਚੋਂ ਕੱਢ ਕੇ ਲਿਆਇਆ। ਉਸ ਦੇ ਗਲ ਦੁਆਲਿਓਂ ਮੁੰਝ ਦੀ ਰੱਸੀ ਖੋਲ੍ਹੀ ਤੇ ਖੱਦਰ ਦਾ ਚਿੱਟਾ ਪੋਣਾ ਲਾਹਕੇ ਉਸ ਨੇ ਤਿੰਨ ਮੁੱਠੀਆਂ ਖੰਡ ਦੀਆਂ ਪਿੱਤਲ ਦੇ ਪਤੀਲੇ ਵਿੱਚ ਪਾ ਲਈਆਂ। ਚਾਰ-ਪੰਜ ਗਲਾਸ ਪਾਣੀ ਦੇ ਪਾ ਕੜਛੀ ਨਾਲ ਖੰਡ ਨੂੰ ਖੋਰਨ ਲੱਗ ਪਿਆ। ਅੱਧਾ ਗਿਲਾਸ ਦੁੱਧ ਦਾ ਪਾ ਕੇ ਉਹ ਪਤੀਲੇ ਨੂੰ ਹੀ ਸਾਡੇ ਕੋਲ ਚੁੱਕ ਲਿਆਇਆ। ਟੀਟੂ ਨੇ ਅੱਧਾ ਗਲਾਸ ਪੀਤਾ ਤੇ ਕਹਿੰਦਾ, 'ਖਾਲੀ (ਖਾਰੀ) ਐ।' ਗੁਰਮੀਤ ਨੇ ਇੱਕ ਗਲਾਸ ਪੀ ਲਿਆ ਤੇ ਕਹਿੰਦੀ- 'ਬੱਸ, ਮੈਂ ਤਾਂ।'

'ਕਿਉਂ, ਗੁਰਮੀਤ ਕੁਰੇ, ਬਰਫ਼ ਤੋਂ ਬਿਨਾਂ ਸੁਆਦ ਨੀ ਲੱਗੀ ਹੋਣੀ?' ਕਹਿ ਕੇ ਮਿਲਖੀ ਹੱਸ ਪਿਆ। ਮੈਂ ਵੀ ਹੱਸਿਆ। ਇੱਕ ਗਲਾਸ ਮੈਂ ਪੀਤਾ। ਪਤੀਲਾ ਤਾਂ ਅਜੇ ਅੱਧਾ ਪਿਆ ਸੀ।

'ਤੁਸੀਂ ਤਾਂ ਚਿੜੀਆਂ ਵਾਗੂੰ ਚੁੰਝਾਂ ਜ੍ਹੀਆਂ ਡੋਬ ਲੀਆਂ। ਕੁਛ ਤਾਂ ਪੀਓ। ' ਇੱਕ ਗਲਾਸ ਭਰ ਕੇ ਉਸ ਨੇ ਗੁਰਮੀਤ ਦੇ ਮੂਹਰੇ ਕੀਤਾ। ਉਸ ਨੇ ਤਾਂ ਹੱਥ ਹੀ ਨਾ ਕਢਿਆ। ਹਾਰ ਕੇ ਗਲਾਸ ਮੈਂ ਫੜਿਆ ਤੇ ਟੀਟੂ ਦੇ ਮੂੰਹ ਨੂੰ ਲਾਉਣਾ ਚਾਹਿਆ। ਉਹ ਪਿਛਾਂਹ ਨੂੰ ਹੋ ਗਿਆ। ਔਖਾ ਸੁਖਾਲਾ ਹੋ ਕੇ ਮੈਂ ਹੀ ਸਾਰਾ ਗਲਾਸ ਪੀਤਾ। ਬਾਕੀ ਦੀ ਸਾਰੀ ਲੱਸੀ ਮਿਲਖੀ ਨੇ ਪੀ ਲਈ ਤੇ ਭਾਂਡੇ ਸਾਡੇ ਕੋਲੋਂ ਚੁੱਕ ਕੇ ਲੈ ਗਿਆ।

'ਸਬਜ਼ੀ ਭਾਜੀ ਤਾਂ, ਛੋਟੇ ਭਾਈ, ਕੋਈ ਮਿਲਣੀ ਨੀ, ਐਸ ਵੇਲੇ। ਦਾਲ ਲੈ ਆਵਾਂ, ਧੋਤੀ ਮੂੰਗੀ ਦੀ? ਛੇਤੀ ਬਣਜੂ।' ਉਸ ਨੇ ਪੁੱਛਿਆ।

'ਠੀਕ ਬੱਸ, ਦਾਲ ਈ ਠੀਕ ਐ।' ਮੈਂ ਕਹਿ ਦਿੱਤਾ ਤੇ ਪੁੱਛਿਆ-'ਕੁੰਡਾ-ਘੋਟਣਾ ਕਿੱਥੇ ਐ?' ਤੇ ਫਿਰ ਆਖਿਆ ਲੂਣ-ਮਿਰਚਾਂ ਦੇ ਜਾ। ਔਂਦੇ ਨੂੰ ਮਸਾਲਾ ਅਸੀਂ ਰਗੜ ਲਾਂਗੇ।'

'ਤੁਸੀਂ ਬੈਠੋ। ਮੈਂ ਆਪੇ ਬਣਾ ਲੂੰ ਸਭ ਕੁਸ। ਥੋਨੂੰ ਘਰ ਆਇਆਂ ਨੂੰ, ਕੰਮ ਲੈਣੇ?'

'ਲੈ, ਗੈਸ ਵਰਗੀ ਤੀਵੀਂ ਤੇਰੇ ਘਰ ਬੈਠੀ ਐ। ਤੂੰ ਆਪ ਰੋਟੀ ਪਕੌਂਦਾ ਚੰਗਾ ਲੱਗੇਂਗਾ?' ਮੈਂ ਹੱਸਿਆ।

ਉਹ ਚੁੱਪ ਕੀਤਾ ਖੜ੍ਹਾ ਸੀ। ਮੈਨੂੰ ਲੱਗਿਆ ਜਿਵੇਂ ਉਸ ਨੇ ਸੁੱਕੇ ਥੁੱਕ ਦੀ ਇੱਕ ਕੌੜੀ ਘੁੱਟ ਸੰਘੋਂ ਥੱਲੇ ਲੰਘਾਈ ਹੋਵੇ। ਉਹ ਬੋਲਿਆ-ਅੱਜ ਤਾਂ ਇਹ ਪਕਾ ਦੂ, ਕੱਲ੍ਹ ਨੂੰ ਕੌਣ ਪਕਾਊ?'

'ਕੱਲ੍ਹ ਨੂੰ ਵੀ ਪਕਾ ਦੂਗੀ ਏਹ। ਮੇਰੇ ਕੰਨਿਓਂ ਤਾਂ ਮ੍ਹੀਨਾ ਵੀਹ ਦਿਨ ਰੱਖ ਲੈ ਜੇ ਰੱਖਣੀ ਐ।' ਮੈਂ ਉੱਚੀ-ਉੱਚੀ ਹੱਸਿਆ। ਗੁਰਮੀਤ ਨੇ ਮੇਰੇ ਪਾਸਿਓਂ ਘੁੰਡ ਦਾ ਪੱਲਾ ਹਟਾ ਕੇ ਅੱਖਾਂ ਵਿਚੋਂ ਮਿੱਠੇ ਮਿੱਠੇ ਗੁੱਸੇ ਦੇ ਤੀਰ ਛੱਡੇ।

'ਇਉਂ, ਭਰਾਵਾਂ, ਕੌਣ ਰਹਿੰਦੀ ਐ?' ਉਸ ਦੇ ਬੋਲ ਵਿੱਚ ਹਉਕਾ ਰਲਿਆ ਹੋਇਆ ਸੀ। ਸਬ੍ਹਾਤ ਵਿਚੋਂ ਕੁੰਡਾ ਘੋਟਣਾ ਲਿਆ ਕੇ ਉਸ ਨੇ ਸਬ੍ਹਾਤ ਮੂਹਰਲੇ ਚੌਤਰੇ ਉੱਤੇ ਚੁੱਲ੍ਹੇ ਦੇ ਕੋਲ ਧਰ ਦਿੱਤਾ। ਤਿੰਨ ਕੁੱਜੇ ਤੇ ਇੱਕ ਤਪਲਾ ਲਿਆ ਕੇ ਵੀ ਧਰ ਦਿੱਤਾ। ਤਪਲੇ ਵਿੱਚ ਸਾਬਤ ਲਾਲ ਮਿਰਚਾਂ ਸਨ। ਕੁੱਜਿਆਂ ਵਿੱਚ ਲੂਣ, ਵਸਾਰ ਤੇ ਧਣੀਆਂ ਜ਼ੀਰਾ। ਗੱਠਿਆਂ ਵਾਲੀ ਪੀਪੀ ਵੀ ਲਿਆ ਧਰੀ।

'ਪੁੱਛਿਓਂ, ਮਿਰਚਾਂ ਕੌੜੀਆਂ ਤਾਂ ਨੀ ਬਹੁਤੀਆਂ?' ਮਿਰਚ ਦੀ ਇੱਕ ਡੰਡੀ ਤੋੜ ਕੇ ਗੁਰਮੀਤ ਨੇ ਮੈਨੂੰ ਪੁੱਛਿਆ।

'ਵੱਡੇ ਭਾਈ, ਮਿਰਚਾਂ ਕੈਅ ਪਾਈਏ?'

'ਕਿੰਨੀਆਂ ਪਾ ਲੋ। ਮੈਨੂੰ ਤਾਂ ਕੌੜੀਆਂ ਫਿੱਕੀਆਂ ਦਾ ਕੋਈ ਪਤਾ ਨੀ। ਕਿੰਨੀਆਂ ਪਾ ਲਾਂ, ਮੈਨੂੰ ਤਾਂ ਫਿੱਕੀਆਂ ਈ ਲੱਗਦੀਆਂ ਰਹਿੰਦੀਆਂ ਨੇ। ਤੁਸੀਂ ਆਪਣੇ ਸੁਆਬ ਨਾਲ ਪਾ ਲੋ।' ਕਹਿ ਕੇ ਉਹ ਖਿੜਕ ਖੋਲ੍ਹ ਕੇ ਘਰੋਂ ਬਾਹਰ ਹੋ ਗਿਆ।

ਮਿਲਖੀ ਦੀ ਉਮਰ ਪੰਜਾਹ ਸਾਲ ਤੋਂ ਉੱਤੇ ਸੀ। ਉਹ ਦੋ ਭਰਾ ਸਨ। ਦੂਜਾ ਉਸਤੋਂ ਛੋਟਾ ਸੀ। ਭਰ ਜਵਾਨੀ ਵਿੱਚ ਸੱਪ ਲੜਕੇ ਮਰ ਗਿਆ ਸੀ। ਮਾਮਾ ਦਸ-ਬਾਰਾਂ ਸਾਲ ਹੋਏ ਅੱਸੀ ਸਾਲ ਦੀ ਉਮਰ ਭੋਗ ਕੇ ਪੂਰਾ ਹੋ ਗਿਆ ਸੀ ਤੇ ਮਾਮੀ ਉਸ ਤੋਂ ਪੰਜ-ਛੇ ਸਾਲ ਪਹਿਲਾਂ ਛੋਟੇ ਮੁੰਡੇ ਦੇ ਦਰੇਗ ਵਿੱਚ ਮੁਕ ਗਈ ਸੀ। ਭੈਣ ਕੋਈ ਨਹੀਂ ਸੀ। ਮਿਲਖੀ ਹੁਣ ਬੱਸ ਇਕੱਲਾ ਸੀ-ਜਾਨ ਦੀ ਜਾਨ।

ਮਾਮਾ ਵੀ ਇਕੱਲਾ ਹੀ ਸੀ। ਵਿਆਹ ਕਿਵੇਂ ਨਾ ਕਿਵੇਂ ਹੋ ਹੀ ਗਿਆ ਸੀ। ਪਿੰਡਾਂ ਦੀ ਲੰਡੋਰ ਢਾਣੀ ਨਾਲ ਰਲ ਕੇ ਪਰ ਉਹ ਸ਼ਰਾਬ ਪੀਂਦਾ ਸੀ, ਬੇਬਾਤ ਤੇ ਫਿਰ ਪਿਛਲੀ ਉਮਰ ਵਿੱਚ ਫੀਮ ਵੀ ਖਾਣ ਲੱਗ ਪਿਆ ਸੀ। ਪੰਦਰਾਂ ਘੁਮਾਂ ਜੋ ਜ਼ਮੀਨ ਸੀ ਉਸ ਵਿਚੋਂ ਦਸ ਘੁਮਾਂ ਉਸ ਨੇ ਸ਼ਰਾਬ ਫੀਮ ਮੂੰਹੇਂ ਸ਼ਰੀਕਾਂ ਨੂੰ ਬੈਅ ਕਰ ਦਿੱਤੀ ਸੀ। ਮਿਲਖੀ ਨੂੰ ਸਾਕ ਨਹੀਂ ਸੀ ਚੜ੍ਹਿਆ ਤੇ ਨਾ ਹੀ ਉਸ ਤੋਂ ਛੋਟੇ ਨੂੰ। ਪੈਸਿਆ ਦਾ ਸਾਕ ਮਾਮਾ ਲੈਂਦਾ ਨਹੀਂ ਸੀ, ਕਹਿੰਦਾ ਸੀ-'ਸੱਚੀ ਕੁਲ ਵਾਲਾ ਘਰ ਐ। ਲਵਾਂਗੇ ਤਾਂ 'ਪੁੰਨ' ਦਾ ਸਾਕ ਈ ਲਵਾਂਗਾ।'

ਮਿਲਖੀ ਜਦ ਇਕੱਲਾ ਰਹਿ ਗਿਆ ਸੀ। ਉਸ ਦੇ ਮਿੱਤਰ-ਬੇਲੀ ਉਸ ਨੂੰ ਕਹਿੰਦੇ ਹੁੰਦੇ-'ਮਿਲਖੀਆ, ਹੁਣ ਤਾਂ ਪੈਸਿਆਂ ਦਾ ਸਾਕ ਵੀ ਤੈਨੂੰ ਮਸਾਂ ਹੀ ਹੋਊ। ਕੋਈ ਮੁੱਲ ਦੀ ਤੀਵੀਂ ਲੈ ਆ। ਨਹੀਂ ਤਾਂ ਕਿਸੇ 'ਕੈਂਪ 'ਚੋਂ ਲਿਆ ਕੋਈ। ਕੋਈ ਡੁੱਡੀ, ਲੰਗੜੀ ਜਾਂ ਅੰਨ੍ਹੀ ਕਾਣੀ ਈ ਲੈ ਆ, ਕੰਜਰਾ। ਨਹੀਂ ਤਾਂ ਐਵੇਂ ਜਿਵੇਂ ਬੀਤ ਜੇਂ ਗਾ।'

'ਐਹੀ ਜ੍ਹੀ ਨਾਲੋਂ ਤਾਂ ਊਈਂ ਚੰਗੇ ਆਂ, ਭਰਾਵੋ। ਪਿਓ ਦਾਦੇ ਨੂੰ ਲਾਜ ਨੀ ਲੌਣੀ। ਅੱਧੀ ਕੁ ਲੰਘ ਗੀ, ਰਹਿੰਦੀ ਵੀ ਏਵੇਂ ਜਿਵੇਂ ਲੰਘ ਜੂ।' ਮਿਲਖੀ ਜਵਾਬ ਦਿੰਦਾ।

'ਪੈਸਿਆਂ' ਦਾ ਸਾਕ ਤੂੰ ਲੈਂਦਾ ਨੀ 'ਪੁੰਨ' ਦਾ ਤੈਨੂੰ ਹੁੰਦਾ ਨੀ, ਮੁੱਲ ਦੀ ਤੂੰ ਲਿਆ ਕੇ ਰਾਜੀ ਨੀ ਤਾਂ ਫੇਰ ਦੱਸ ਕੀ ਕਰੇਂਗਾ? ਤੀਵੀਂ ਬਿਨਾਂ ਤਾਂ ਕਹਿੰਦੇ ਗਤੀ ਵੀ ਨੀ ਹੁੰਦੀ ਆਦਮੀ ਦੀ। ਤੇਰੇ ਸਾਹ ਕਿਵੇਂ ਨਿਕਲਣਗੇ, ਚੌਰਿਆ?'

ਮਿਲਖੀ ਡੂੰਘੀਆਂ ਸੋਚਾਂ ਵਿੱਚ ਪੈ ਜਾਂਦਾ।

'ਅਜੇ ਤਾਂ ਕਣ ਹੈਗਾ ਤੇਰੇ 'ਚ। ਭੂਆ ਦੇ ਪਿੰਡ ਜਾਂ ਨਾਨਕੀ ਜਾਕੇ ਕੱਢ ਲਿਆ ਕੋਈ ਲਾਟ ਅਰਗੀ।'

ਮਿਲਖੀ ਤੋਂ ਇਸ ਤਰ੍ਹਾਂ ਦੀ ਕੋਈ ਗੱਲ ਵੀ ਨਹੀਂ ਸੀ ਹੋਣ ਲੱਗੀ। ਉਹ ਤਾਂ ਢੇਰੀ ਢਾਹ ਕੇ ਬੈਠ ਗਿਆ ਸੀ।

ਅੱਠ-ਨੌਂ ਸਾਲਾਂ ਤੋਂ ਉਹ ਕਿਤੇ ਗਿਆ ਵੀ ਨਹੀਂ ਸੀ। ਨਾ ਨਾਨਕੀ ਤੇ ਨਾ ਸਾਡੇ ਪਿੰਡ। ਹੋਰ ਉਸ ਦੀ ਕਿਤੇ ਰਿਸ਼ਤੇਦਾਰੀ ਵੀ ਨਹੀਂ ਸੀ। ਸਾਡੇ ਪਿੰਡ ਉਹ ਮੇਰੇ ਵਿਆਹ ਵੇਲੇ ਹੀ ਆਇਆ ਸੀ।

ਚਾਰ-ਪੰਜ ਸਾਲ ਹੋਏ ਉਹ ਮੈਨੂੰ ਦਮਦਮੇ ਵਿਸਾਖੀ ਦੇ ਮੇਲੇ 'ਤੇ ਮਿਲਿਆ ਸੀ। ਉਦੋਂ ਉਸ ਨੇ ਜ਼ੋਰ ਦਿੱਤਾ ਸੀ ਕਿ ਮੈਂ ਉਸ ਦੇ ਪਿੰਡ ਜ਼ਰੂਰ ਆਵਾਂ। ਮਿਲਦਿਆਂ ਦੀਆਂ ਸਕੀਰੀਆਂ ਨੇ। ਮੈਂ ਕਹਿ ਤਾਂ ਦਿੱਤਾ ਸੀ ਕਿ ਜ਼ਰੂਰ ਆਵਾਂਗਾ, ਪਰ ਐਡੀ ਦੂਰ ਕਿਵੇਂ ਜਾਇਆ ਜਾ ਸਕਦਾ ਸੀ। ਸਾਡੇ ਪਿੰਡ ਤੋਂ ਇਹ ਪਿੰਡ ਸੱਠ ਪਹਿਰ ਮੀਲ ਦੂਰ ਸੀ। ਐਡੀ ਦੂਰ ਪਤਾ ਨਹੀਂ ਕਿਉਂ ਵਿਆਹ ਕਰਵਾਇਆ ਸੀ, ਮੇਰੇ ਪਿਓ ਨੇ? ਬਿਨਾਂ ਮਤਬਲ ਤੋਂ ਕੌਣ ਜਾਂਦਾ ਹੈ ਐਨੀ ਵੱਡੀ ਦੂਰ?

ਹੁਣ ਕੁਝ ਚਿਰ ਤੋਂ ਮੇਰੀ ਬਦਲੀ ਇਨ੍ਹਾਂ ਪਿੰਡਾਂ ਵਲ ਇੱਕ ਸ਼ਹਿਰ ਵਿੱਚ ਹੋ ਗਈ ਸੀ।

ਹੁਣ ਤਾਂ ਨਾਨਕੀ ਪੰਜ ਮੀਲ 'ਤੇ ਹੀ ਸਨ, ਇੱਕ ਸ਼ਨਿੱਚਰਵਾਰ ਮੈਂ ਉਥੇ ਜਾਣ ਦੀ ਸਲਾਹ ਬਣਾ ਲਈ ਸੀ ਤੇ ਇੱਕ ਬੰਦੇ ਦੇ ਹੱਥ ਪਹਿਲਾਂ ਮਿਲਖੀ ਨੂੰ ਸੁਨੇਹਾ ਵੀ ਭੇਜ ਦਿੱਤਾ ਸੀ।

ਮਿਲਖੀ ਦੁਕਾਨ ਤੋਂ ਵਾਪਸ ਆਇਆ ਤਾਂ ਗੁਰਮੀਤ ਮਸਾਲਾ ਰਗੜ ਚੁੱਕੀ ਸੀ। ਸਬ੍ਹਾਤ ਵਿਚੋਂ ਭਾਲ ਕੇ ਉਸ ਨੇ ਲਾਲਟੈਣ ਵੀ ਟੰਗ ਲਈ ਸੀ। ਮਿਲਖੀ ਨੇ ਸਮੋਸੇ ਦੇ ਦੋਵੇਂ ਲੜਾਂ ਵਿੱਚ ਕੁੱਝ ਬੰਨ੍ਹ ਕੇ ਲਿਆਂਦਾ ਸੀ। ਇੱਕ ਲੜ-ਖੋਲ੍ਹਕੇ ਧੋਤੀ ਮੂੰਗੀ ਦੀ ਦਾਲ ਉਸ ਨੇ ਇੱਕ ਚੌੜੇ ਸਾਰੇ ਚੱਪਣ ਵਿੱਚ ਪਾਈ ਤੇ ਗੁਰਮੀਤ ਮੂਹਰੇ ਲਿਆ ਰੱਖੀ। ਦੂਜਾ ਲੜ ਉਵੇਂ ਜਿਵੇਂ ਬੰਨ੍ਹਿਆ ਰਿਹਾ। ਸਮੋਸਾ ਉਸ ਨੇ ਇੱਕ ਕਿੱਲੇ ਉੱਤੇ ਲਟਕਾ ਦਿੱਤਾ। ਮੈਂ ਚਾਹੁੰਦਾ ਸਾਂ ਕਿ ਉਸ ਨੂੰ ਪੁੱਛ ਲਵਾਂ ਕਿ ਸਮੋਸੇ ਦੇ ਦੂਜੇ ਲੜ ਵਿੱਚ ਕੀ ਹੈ। ਪਰ ਮੈਂ ਪੁੱਛਿਆ ਨਹੀਂ।

ਟੀਟੂ ਮੇਰੇ ਕੋਲ ਮੰਜੇ ਉੱਤੇ ਬੈਠਾ ਰਿਹਾ। ਗੁਰਮੀਤ ਨੇ ਚੁੱਲ੍ਹੇ ਉੱਤੇ ਦਾਲ ਰਿੰਨ੍ਹ ਲਈ ਤੇ ਫਿਰ ਰੋਟੀ ਵੀ ਪਕਾ ਲਈ। ਕਿਸੇ ਚੀਜ਼ ਦੀ ਲੋੜ ਹੁੰਦੀ, ਗੁਰਮੀਤ ਮੈਨੂੰ ਕਹਿ ਦਿੰਦੀ। ਮੈਂ ਉਸੇ ਚੀਜ਼ ਦਾ ਨਾਉਂ ਉੱਚੀ ਦੇ ਕੇ ਲੈਂਦਾ ਤਾਂ ਮਿਲਖੀ ਉਹੀ ਚੀਜ਼ ਅੰਦਰੋਂ ਸਬ੍ਹਾਤ ਵਿਚੋਂ ਲਿਆ ਕੇ ਗੁਰਮੀਤ ਦੇ ਮੂਹਰੇ ਰੱਖ ਦਿੰਦਾ। ਉਹ ਕਦੇ ਏਧਰ ਜਾਂਦਾ ਸੀ, ਕਦੇ ਓਧਰ-ਕਦੇ ਅੰਦਰ ਜਾਂਦਾ ਸੀ, ਕਦੇ ਬਾਹਰ ਆਉਂਦਾ ਸੀ। ਜਿਵੇਂ ਇਸ ਤਰ੍ਹਾਂ ਊਰੀ ਵਾਂਗ ਘੁਕੇ ਫਿਰਨ ਨਾਲ ਉਸ ਨੂੰ ਅਜੀਬ ਕੋਈ ਮਾਨਸਕ ਸ਼ਾਂਤੀ ਮਿਲ ਰਹੀ ਹੋਵੇ।

ਇੱਕ ਬਾਟੀ ਹੱਥ ਵਿੱਚ ਲੈ ਕੇ ਉਹ ਇੱਕ ਦਮ ਘਰੋਂ ਬਾਹਰ ਹੋ ਗਿਆ। ਜਿਵੇਂ ਉਸ ਨੂੰ ਚਾਣਚੱਕ ਹੀ ਕੋਈ ਚੀਜ਼ ਯਾਦ ਆ ਗਈ ਹੋਵੇ। ਥੋੜ੍ਹੇ ਚਿਰ ਬਾਅਦ ਹੀ ਉਹ ਵਾਪਸ ਆਇਆ। ਗੁਆਂਢੀਆਂ ਦੇ ਘਰੋਂ ਉਹ ਦੇਸੀ ਘਿਓ ਮੁੱਲ ਲੈ ਕੇ ਆਇਆ ਸੀ। ਕਿੱਲੇ ਤੋਂ ਸਮੋਸਾ ਲਾਹ ਕੇ ਉਸ ਨੇ ਲੜ ਖੋਲ੍ਹਿਆ ਤੇ ਦੇਸੀ ਖੰਡ ਨੂੰ ਆਟਾ-ਛਾਨਣੀ ਨਾਲ ਇੱਕ ਥਾਲੀ ਵਿੱਚ ਛਾਣ ਲਿਆ। ਇੱਕ ਕੌਲੀ ਖੰਡ ਨਾਲ ਗਲਗਸੀ ਕਰਕੇ ਉਸ ਵਿੱਚ ਘਿਓ ਪਾਇਆ। ਕਰੀਰ ਦੇ ਡੱਕੇ ਨਾਲ ਖੰਡ ਘਿਓ ਰਲਾਇਆ। ਖੰਡ ਉਸ ਨੂੰ ਥੋੜ੍ਹੀ ਜਿਹੀ

ਸੁੱਕੀ ਲੱਗੀ। ਖੰਡ ਵਾਲੀ ਕੌਲੀ ਵਿੱਚ ਉਸ ਨੇ ਬਾਟੀ ਵਿਚੋਂ ਘਿਓ ਦੀ ਚੂਹੀ ਜਿਹੀ ਮੁਤਾਅ ਦਿੱਤੀ। ਇੱਕ ਹੋਰ ਕੌਲੀ ਵਿੱਚ ਗੁਰਮੀਤ ਤੋਂ ਦਾਲ ਪਵਾ ਕੇ ਉਸ ਨੇ ਉਸ ਵਿੱਚ ਵੀ ਘਿਓ ਦੀ ਧਾਰ ਬੰਨ੍ਹੀ ਤੇ ਫਿਰ ਬਾਟੀ ਤੋਂ ਬਾਹਰ ਡਿਗਦਾ ਘਿਓ ਉਂਗਲ ਨਾਲ ਕੰਢਿਓਂ ਅੰਦਰ ਪੂੰਝ ਦਿੱਤਾ। ਇੱਕ ਚਿੱਬ-ਖੜਿੱਬੇ ਥਾਲ ਵਿੱਚ ਦੋਵੇਂ ਕੌਲੀਆਂ ਰੱਖ ਕੇ ਉਸ ਨੇ ਗੁਰਮੀਤ ਨੂੰ ਕਿਹਾ ਕਿ ਉਹ ਦੋ ਰੋਟੀਆਂ ਥਾਲ ਵਿੱਚ ਧਰ ਦੇਵੇ। ਗੁਰਮੀਤ ਨੇ ਦੋ ਰੋਟੀਆਂ ਥਾਲ ਵਿੱਚ ਧਰ ਦਿੱਤੀਆਂ। ਮਿਲਖੀ ਨੇ ਦੋਵੇਂ ਰੋਟੀਆਂ ਦੇ ਚਾਰ ਖੰਨੇ ਬਣਾ ਲਏ ਤੇ ਥਾਲ ਚੁੱਕ ਕੇ ਮੇਰੇ ਵੱਲ ਆਉਣ ਲੱਗਿਆ। ਪਰ ਪਤਾ ਨਹੀਂ ਉਸ ਨੂੰ ਕੀ ਯਾਦ ਆਇਆ, ਉਸ ਨੇ ਥਾਲ ਗੁਰਮੀਤ ਨੂੰ ਹੀ ਫੜਾ ਦਿੱਤਾ ਤੇ ਕਹਿਣ ਲੱਗਿਆ-'ਕੌਲਿਆਂ ਏਵੇਂ ਜਿਵੇਂ ਸੇਕ ਮੂਹਰੇ ਰੱਖ ਦੇ, ਗੁਰਮੀਤ ਕੁਰੇ। ਰੋਟੀਆਂ ਵੀ ਹਾਲੇ ਪੋਣੇ 'ਚ ਈ ਵਲ੍ਹੇਟ ਦੇ। ਸੇਵਾ ਕਰਨੀ ਤਾਂ ਛੋਟੇ ਭਾਈ ਦੀ, ਭੁੱਲ ਈ ਗਏ।' ਉਹ ਸਬ੍ਹਾਤ ਵਿੱਚ ਕਾਹਲੇ ਕਦਮੀਂ ਗਿਆ ਤੇ ਕੱਚ ਦਾ ਗਲਾਸ ਲੈ ਕੇ ਬੋਤਲ ਮੇਰੀ ਬਾਹੀਂ ਥੱਲੇ ਲਿਆ ਰੱਖੀ। 'ਲੈ, ਛੋਟੇ ਭਾਈ, ਥੋੜ੍ਹਾ ਜ੍ਹਾ ਮੂੰਹ ਕੌੜਾ ਕਰ ਲੈ।'

'ਨ੍ਹਈਂ, ਨ੍ਹਈਂ, ਬਈ, ਇਹ ਰਹਿਣ ਦੇ। ਗਰਮੀ ਤਾਂ ਅੱਗੇ ਈ ਮਚਾਈ ਜਾਂਦੀ ਐ। ਰੋਟੀ ਈ ਖਾ ਲੈਨੇ ਆਂ। ਇਹ ਰਹਿਣ ਦੇ।'

'ਓਏ, ਨਹੀਂ ਛੋਟੇ ਭਾਈ, ਗਰਮੀ ਨੂੰ ਗਰਮੀ ਈ ਮਾਰੂਗੀ। ਬਹੁਤਾਂ ਨੀ ਪੀਂਦੇ। ਬੱਸ ਦੋ ਪੈਗ ਈ ਲਵਾਂਗੇ, ਨਰੋਏ ਜੇ੍।'

ਅਸੀਂ ਪੀਣ ਲੱਗ ਪਏ।

'ਮੰਮੀ, ਦੈਦੀ ਦੰਦੇ (ਡੈਡੀ ਗੰਦੇ)' ਟੀਟੂ ਗੁਰਮੀਤ ਨੂੰ ਕਹਿ ਰਿਹਾ ਸੀ।

ਇਕੋ ਪੈੱਗ ਨਾਲ ਅਸੀਂ ਜਿਵੇਂ ਚੁੱਕੇ ਗਏ। ਮਿਲਖੀ ਨੇ ਹਉਕਾ ਲਿਆ ਤੇ ਕਹਿਣ ਲੱਗਿਆ-ਛੋਟੇ ਭਾਈ, ਤੀਵੀਂ ਤੋਂ ਬਗੈਰ ਘਰ ਦਾ ਕੁਛ ਨਹੀਂ ਵਟੀਂਦਾ। ਤੀਵੀਂ ਤੋਂ ਬਿਨ੍ਹਾਂ, ਬੱਸ ਸਮਝ ਲੈ, ਜਮਈਂ ਗੱਲ ਨੀ ਕੋਈ।'

'ਬਾਈ, ਇਹ ਗੱਲ ਐਡੀ ਉਮਰ ਦਾ ਹੋ ਕੇ ਹੁਣ ਯਾਦ ਆਈ ਐ ਤੇਰੇ? ਪਹਿਲਾਂ ਕਰਦਾ ਕੋਈ ਬੰਨ੍ਹ ਸੁੱਬ। ਤੀਵੀਂ ਤਾਂ ਜਦੋਂ ਮਰਜ਼ੀ ਲੈ ਆਵੇ ਕੋਈ ਘਰੇ!'

'ਪਰ ਤੀਵੀਂ, ਵੀਰ ਮੇਰਿਆ, ਚੱਜਦੀ ਹੋਵੇ ਨਾ।'

'ਚੱਜਦੀ ਤੋਂ ਮਤਲਬ ਤੇਰਾ ਹੈਗਾ ਬਈ ਅਨੰਦ ਕਾਰਜਾਂ ਵਾਲੀ ਹੋਵੇ, ਪੁੰਨ ਦੀ ਹੋਵੇ?' ਮੈਂ ਸਾਰੇ ਪਛੋਕੜ ਨੂੰ ਭਾਂਪ ਕੇ ਪੁੱਛਿਆ।

'ਹੋਰ! ਏਹੀ ਤਾਂ ਮੈਂ ਕਹਿਨਾਂ। ਮੁੱਲ ਦੀ ਤੀਵੀਂ ਤਾਂ ਜਦੋਂ ਮਰਜ਼ੀ ਲਿਆ ਬਿਠਾ। ਤੇ ਜਿਹੜੀ ਕਿਸੇ ਦਾ ਘਰ ਪੱਟ ਕੇ ਲਿਆਂਦੀ ਹੋਵੇ ਉਹ ਮੇਰੇ ਵਰਗੇ ਕੋਲ ਕਦੋਂ ਰਹਿਣ ਲੱਗੀ ਐ?'

'ਨਹੀਂ ਬਈ, ਤੀਵੀਂ ਕਿੰਨੀ ਮਾੜੀ ਹੋਵੇ, ਕਿੰਨੀ ਈ ਬਦਚਲਣ, ਜੇ ਉਸ ਨੂੰ ਕੋਈ ਨਿੱਘ ਦੇਵੇ। ਪਿਆਰ ਕਰੇ, ਫੇਰ ਨੀ ਜਾਂਦੀ ਕਿਤੇ।'

'ਖਾਣ ਪਹਿਨਣ ਖੁੱਲ੍ਹਾ। ਕੋਲੋਂ, ਬੰਦਾ ਹੱਲੇ ਨਾ। ਹੋਰ ਪਿਆਰ ਕੀ ਹੁੰਦੈ? ਪਰ ਇਹ ਮੁੱਲ ਦੀਆਂ ਤੀਵੀਂਆਂ ਤਾਂ, ਕੰਜਰ ਦੀਆਂ, ਪਤਾ ਵੀ ਨੀ ਲੌਂਦੀਆਂ ਕਿਹੜੇ ਵੇਲੇ ਘਰੋਂ ਉੱਡ ਜਾਂਦੀਆਂ ਨੇ।'

'ਕਿਉਂ, ਬਾਈ, ਲਿਆਂਦੀ ਸੀ ਕੋਈ।'

'ਲਿਆਂਦੀ ਤਾਂ ਮੈਂ ਕਾਹਨੂੰ ਐ। ਸੁਣਦੇ ਆਂ। ਆਹ, ਐਥੇ, ਕੰਦੇ ਦੇ ਮੁੰਡੇ ਨੇ, ਕਾਰੇ ਨੇ ਲਿਆਂਦੀ ਸੀ, ਐਤਕੀ ਸਿਆਲਾਂ 'ਚ ਇੱਕ। ਦੋ ਮਹੀਨੇ ਰਹੀ। ਐਂ ਰਹੀ, ਜਿਵੇਂ ਐਥੇ ਦੀ ਜੰਮੀ ਹੁੰਦੀ ਐ, ਕੰਜਰ ਦੀ। ਪਰ ਜਦੋਂ ਗਈ, ਪਤਾ ਵੀ ਨੀ ਲੱਗਿਆ। ਊਈਂ ਪਤਾ ਨੀ ਲੱਗਿਆ ਕਿੱਧਰ ਗਈ, ਕਦੋਂ ਗਈ, ਕੀਹਦੇ ਨਾਲ ਗਏ?'

'ਤੈਨੂੰ ਲਿਆ ਕੇ ਦੇਈਏ, ਬਾਈ ਕੋਈ ਫੇਰ।'

'ਰਾਮ ਰਾਮ ਕਰ, ਐਦੂ ਤਾਂ ਊਈਂ ਚੰਗੇ ਆਂ।'

'ਜੇ ਮੁੱਲ ਦੀ ਹੋਵੇ, ਪਰ ਹੋਵੇ ਚੱਜਦੀ?'

'ਚੱਜ ਦੀ ਹੋਵੇ, ਫੇਰ ਤਾਂ ਕੋਈ ਡਰ ਨ੍ਹੀ।'

'ਚੱਜਦੀ ਹੋਊ। ਕੰਮ ਕਰੂ ਪੂਰਾ। ਨਾਲੇ ਇੱਕ ਮੁੰਡੈ, ਇੱਕ ਕੁੜੀ ਐ। ਬੋਲ, ਜੇ ਸਲਾਹ ਐ।'

'ਅੱਛਿਆ... ਉਏ ਕੀ ਕਰਨੀ ਐ? ਛੋਟੇ ਭਾਈ। ਬੱਸ ਐਂ ਈ ਠੀਕ ਐ। ਕੀ ਕਰਨੀ ਐਂ ਹੁਣ।'

ਇੱਕ ਇੱਕ ਪੈੱਗ ਉਸ ਨੇ ਹੋਰ ਪਾਇਆ। ਪੀ ਕੇ ਕਹਿੰਦਾ–'ਗੁਰਮੀਤ ਕੁਰੇ, ਲਿਆ ਹੁਣ, ਹੁਣ ਖਾ ਲੈਨੇ ਆ ਰੋਟੀ। ਘਿਉ ਥੋੜ੍ਹਾ ਜ੍ਹਾ ਹੋਰ ਪਾ ਲੀਂ ਦਾਲ ਆਲੀ ਕੌਲੀ 'ਚ।'

ਅਸੀਂ ਦੋਵਾਂ ਨੇ ਰੋਟੀ ਖਾ ਲਈ। ਟੀਟੂ ਪਹਿਲਾਂ ਹੀ ਗੁਰਮੀਤ ਤੋਂ ਰੋਟੀ ਖਾ ਕੇ ਮੇਰੇ ਵਾਲੇ ਮੰਜੇ 'ਤੇ ਸੌਂ ਚੁੱਕਿਆ ਸੀ। ਮੇਰੇ ਦੂਜੇ ਪਾਸੇ ਮਿਲਖੀ ਨੇ ਇੱਕ ਮੰਜਾ ਹੋਰ ਡਾਹ ਦਿੱਤਾ। ਸਬ੍ਹਾਤ ਵਿਚੋਂ ਉਹ ਦਰੀਆਂ, ਖੇਸ ਤੇ ਸਰਾਹਣੇ ਕੱਢ ਲਿਆਇਆ। ਮੈਂ ਟੀਟੂ ਨੂੰ ਸੁੱਤੇ ਪਏ ਨੂੰ ਗੋਦੀ ਚੁੱਕ ਲਿਆ। ਤਿੰਨੇ ਬਿਸਤਰੇ ਮਿਲਖੀ ਨੇ ਆਪ ਵਿਛਾਏ। ਗੁਰਮੀਤ ਰੋਟੀ ਖਾ ਕੇ ਜੂਠੇ ਭਾਂਡੇ ਮਾਂਜਣ ਲੱਗੀ। ਮਿਲਖੀ ਕਹਿੰਦਾ–'ਨਹੀਂ ਗੁਰਮੀਤ ਕੁਰੇ, ਤੂੰ ਪੈ ਜਾ। ਮੈਂ ਆਪੇ ਮਾਂਜ ਲੂੰ ਭਾਂਡੇ। ਗੁਰਮੀਤ ਦੇ ਨਾ ਮੰਨਣ 'ਤੇ ਅਖ਼ੀਰ ਉਹ ਆਪਣੇ ਬਿਸਤਰੇ 'ਤੇ ਆ ਪਿਆ। ਜਿੰਨਾ ਚਿਰ ਗੁਰਮੀਤ ਭਾਂਡੇ ਮਾਂਜਦੀ ਰਹੀ, ਅਸੀਂ ਹੋਰ ਗੱਲਾਂ ਕਰਦੇ ਰਹੇ।

ਅਸਮਾਨ ਵਿੱਚ ਖੱਖ ਅਜੇ ਵੀ ਚੜ੍ਹੀ ਹੋਈ ਸੀ। ਕੋਈ ਕੋਈ ਤਾਰਾ ਦਿਸ ਰਿਹਾ ਸੀ। ਪਰ ਹਵਾ ਵਗ ਰਹੀ ਸੀ। ਹਵਾ ਭਾਵੇਂ ਠੰਢੀ ਨਹੀਂ ਸੀ ਪਰ ਆਰਾਮ ਜਿਹਾ ਮਹਿਸੂਸ ਹੋ ਰਿਹਾ ਸੀ। ਕੁਝ ਚਿਰ ਹੋਰ ਗੱਲਾਂ ਕਰਦੇ ਅਸੀਂ ਚੁੱਪ ਹੋ ਗਏ। ਤੇ ਫਿਰ ਸੌਂ ਗਏ। ਤੜਕੇ ਤੱਕ ਮੈਨੂੰ ਮਹਿਸੂਸ ਹੁੰਦਾ ਰਿਹਾ ਜਿਵੇਂ ਮਿਲਖੀ ਸਾਰੀ ਰਾਤ ਹੀ ਪਾਸੇ ਮਾਰਦਾ ਰਿਹਾ ਹੋਵੇ।

ਮੂੰਹ ਹਨੇਰੇ ਉਠ ਕੇ ਉਸ ਨੇ ਚਾਹ ਬਣਾਈ। ਮੂੰਹ ਹੱਥ ਧੋ ਕੇ ਮੈਂ ਚਾਹ ਪੀਤੀ, ਗੁਰਮੀਤ ਨੇ ਵੀ ਤੇ ਫਿਰ ਟੀਟੂ ਨੂੰ ਜਗਾ ਕੇ ਅਸੀਂ ਚਾਹ ਪਿਆ ਦਿੱਤੀ। ਖਾਰੀ ਖਾਰੀ ਚਾਹ ਲੱਗੀ ਤਾਂ ਸੁਆਦ ਜਿਹੀ ਪਰ ਅਸੀਂ ਥੋੜ੍ਹੀ ਥੋੜ੍ਹੀ ਹੀ ਪੀ ਸਕੇ। ਪੈਂਟ ਪਾ ਕੇ ਮੈਂ ਸਿਰ ਉਤੇ ਪੱਗ ਧਰ ਲਈ ਤੇ ਸਾਈਕਲ ਦੇ ਚੱਕਿਆਂ ਦੀ ਹਵਾ ਟੋਹੀ।

'ਛੋਟੇ ਭਾਈ, ਇਹ ਤਿਆਰੀ ਜੀ ਕੀ ਕਰਦਾ ਫਿਰਦੈਂ? ਜੰਗਲ ਪਾਣੀ ਚਲਦੇ ਆਂ। ਨਹਾਓ ਧੋਓ। ਰੋਟੀ ਖਾ ਕੇ ਜਾਇਓ।'

'ਨਹੀਂ ਬਾਈ, ਧੁੱਪ ਚੜ੍ਹ ਜੂ ਫੇਰ, ਰੋਟੀ ਤਾਂ ਓਥੇ ਜਾ ਕੇ ਈ ਖਾਵਾਂਗੇ ਹੁਣ। ਨਹਾਵਾਂਗੇ ਵੀ ਉਥੇ ਈ।'

'ਉਏ ਕਿਹੜੀ ਚੜ੍ਹ ਜੂ ਧੁੱਪ, ਵੱਡਿਆ ਅਫ਼ਸਰਾ। ਐਨੀ ਕਾਹਲ ਨਾ ਕਰ।'

'ਐਨੀ ਕਾਹਲ ਵਾਲੀ ਤਾਂ ਕੋਈ ਗੱਲ ਨੀ। ਪਰ ਠੰਢੇ ਠੰਢੇ ਈ ਠੀਕ ਐ, ਜੰਗਲ-ਪਾਣੀ ਰਾਹ 'ਚ ਈ ਹੋਲਾਂਗੇ।'

ਉਹ ਉੱਚੀ-ਉੱਚੀ ਹੱਸਿਆ। ਸਿਰ ਦੁਆਲੇ ਸਮੋਸਾ ਲਪੇਟਿਆ ਤੇ ਖੁੱਲ੍ਹੀ ਦਾੜ੍ਹੀ ਦੀ ਗੁੱਟੀ ਕਰਕੇ ਪੰਪ ਤੋਂ ਪਾਣੀ ਦਾ ਡੋਲੂ ਭਰ ਲਿਆ। ਮੇਰੀ ਬਾਂਹ ਫੜ ਕੇ ਕਹਿਣ ਲੱਗਿਆ, 'ਆ ਚੱਲੀਏ, ਆਹ ਨਿਆਈਆਂ 'ਚ ਜਾ ਔਨੇ ਆਂ।'

ਨਿਆਈ 'ਚੋਂ ਆ ਕੇ ਮੈਂ ਫਿਰ ਕਾਹਲ ਕੀਤੀ। ਉਸ ਨੇ ਪਾਣੀ ਦੀ ਬਾਲਟੀ ਭਰੀ ਤੇ ਹੁਕਮ ਦੇ ਦਿੱਤਾ, 'ਚੱਲ, ਨ੍ਹਾ।' ਤੇ ਗੁਰਮੀਤ ਨੂੰ ਕਿਹਾ, 'ਗੁਰਮੀਤ ਕੁਰੇ, ਤੂੰ ਚਾਹ ਧਰ ਲੈ ਫੇਰ। ਬੱਕਰੀ ਚੋਨਾਂ ਮੈਂ। ਤਿੱਖੀ ਜ੍ਹੀ ਬਣੌਂਨੇ ਆ ਚਾਹ। ਸੁਆਦ ਨੀ ਆਇਆ ਪਹਿਲਾਂ ਤਾਂ ਕੁਛ।'

ਪਿੰਡ ਤੋਂ ਬਾਹਰ ਕਾਫ਼ੀ ਦੂਰ ਤੀਕ ਉਹ ਸਾਨੂੰ ਛੱਡਣ ਆਇਆ। ਪਹੇ ਵਿੱਚ ਟੀਟੂ ਕਹਿੰਦਾ, 'ਅੱਤੀ (ਅੱਟੀ)' ਗੁਰਮੀਤ ਬਹਿ ਕੇ ਉਸ ਨੂੰ ਟੱਟੀ ਫਿਰਾਉਣ ਲੱਗ ਪਈ ਤੇ ਫਿਰ ਨੇੜੇ ਹੀ ਚਲ ਰਹੇ ਹਲਟ 'ਤੇ ਉਹਦੇ ਹੱਥ ਧੌਣ ਚਲੀ ਗਈ। ਮਿਲਖੀ ਚੁੱਪ ਚਾਪ ਮੇਰੇ ਕੋਲ ਖੜ੍ਹਾ ਰਿਹਾ। ਮੈਂ ਵੀ ਕੁਝ ਨਹੀਂ ਸੀ ਬੋਲ ਰਿਹਾ। ਗੁਰਮੀਤ ਟੀਟੂ ਨੂੰ ਗੋਦੀ ਚੁੱਕੀ ਜਦ ਸਾਡੇ ਵੱਲ ਆ ਰਹੀ ਸੀ ਮਿਲਖੀ ਨੇ ਹੌਲੀ ਦੇ ਕੇ ਬੁੱਲ੍ਹ ਹਿਲਾਏ 'ਤੇ ਫੇਰ ਕਰ ਲੀਂ ਗੱਲ, ਜੇ ਸਿਰੇ ਚੜ੍ਹਦੀ ਐ।'

'ਕਿਹੜੀ ਗੱਲ?' ਮੈਂ ਚੌਂਕਿਆ।

'ਉਹੀ, ਜੀਹਦੀ ਰਾਤ ਕਰਦਾ ਸੀ ਗੱਲ ਤੂੰ। ਮੁੰਡੇ ਤੇ ਕੁੜੀ ਵਾਲੀ ਤੀਵੀਂ ਦੀ।'

ਇੱਕ ਬਿੰਦ ਮੈਂ ਪਤਾ ਨਹੀਂ ਕੀ ਸੋਚਦਾ ਰਿਹਾ ਤੇ ਫਿਰ ਕਿਹਾ, 'ਚੰਗਾ, ਮੈਂ ਕਰੂੰਗਾ ਪਤਾ। ਤੈਨੂੰ ਚਿੱਠੀ ਲਿਖੂੰ ਫੇਰ।'

'ਚਿੱਠੀ ਨੂੰ ਕੀਅ ਐ। ਮੈਂ ਆਪ ਈ ਆ ਜੂੰ। ਤੂੰ ਮਾੜਾ ਜ੍ਹਾ ਸੁਨੇਹਾ ਭੇਜ ਦੀਂ।'

ਗੁਰਮੀਤ ਨੇੜੇ ਆ ਚੁੱਕੀ ਸੀ। ਮੈਂ ਮਿਲਖੀ ਨੂੰ ਮੱਥਾ ਟੇਕਿਆ। ਮੱਥਾ ਮੰਨ ਕੇ ਉਸ ਨੇ ਮੇਰੇ ਨਾਲ ਹੱਥ ਮਿਲਾਇਆ। ਗੁਰਮੀਤ ਨੇ ਉਸ ਦੇ ਪੈਰੀਂ ਹੱਥ ਲਾ ਦਿੱਤੇ। ਮਿਲਖੀ ਨੇ ਟੀਟੂ ਦੀ ਗੱਲ੍ਹ 'ਤੇ ਹੱਥ ਫੇਰ ਕੇ ਪਿਆਰ ਦਿੱਤਾ। ਅਸੀਂ ਚੱਲ ਪਏ। ਥੋੜ੍ਹੀ ਦੂਰ ਜਾ ਕੇ ਮੈਂ ਪਿਛਾਂਹ ਝਾਕਿਆਂ, ਮਿਲਖੀ ਸਾਡੇ ਵੱਲ ਮੁੜ-ਮੁੜ ਦੇਖਦਾ ਹੌਲੀ-ਹੌਲੀ ਪਿੰਡ ਨੂੰ ਜਾ ਰਿਹਾ ਸੀ। ♦

# ਮੇਰਾ ਦੋਸਤ ਤੇ ਉਸਦੀ ਪਤਨੀ

ਰਮੇਸ਼ ਮੇਰਾ ਪੱਕਾ ਯਾਰ ਸੀ। ਸਾਡੀਆਂ ਕਈ ਗੱਲਾਂ ਸਾਂਝੀਆਂ ਸਨ। ਸਾਡੇ ਕਈ ਭੇਤ ਸਾਂਝੇ ਸਨ। ਕਈ ਸਾਲਾਂ ਤੋਂ ਸਾਡੀ ਸਾਂਝ ਚੰਗੀ ਨਿਭ ਰਹੀ ਸੀ। ਜਦ ਮੇਰਾ ਵਿਆਹ ਸੀ, ਜੰਞ ਵਿਚ ਦਸ ਬਾਰਾਂ ਦੋਸਤਾਂ ਵਿਚ ਰਮੇਸ਼ ਨੂੰ ਵੀ ਸੱਦਿਆ ਹੋਇਆ ਸੀ। ਤੇ ਫਿਰ ਜਦ ਰਮੇਸ਼ ਦਾ ਵਿਆਹ ਸੀ, ਉਸ ਨੇ ਵੀ ਮੈਨੂੰ ਆਪਣੀ ਜੰਞ ਵਿਚ ਬੁਲਾਇਆ ਸੀ। ਮੈਂ ਗਿਆ ਵੀ ਸੀ।

ਕੰਮਾਂ ਕਾਰਾਂ ਦੇ ਚੱਕਰ ਹੀ ਐਸੇ ਸਨ। ਰਮੇਸ਼ ਦੇ ਵਿਆਹ ਤੋਂ ਬਾਅਦ ਫਿਰ ਮੈਂ ਕਦੀ ਉਸ ਦੇ ਘਰ ਨਹੀਂ ਸੀ ਗਿਆ। ਉਹ ਜਿਸ ਸ਼ਹਿਰ ਦਾ ਰਹਿਣ ਵਾਲਾ ਸੀ, ਉਸ ਸ਼ਹਿਰ ਤੋਂ ਬਹੁਤ ਦੂਰ ਮੈਂ ਆਪਣੇ ਕੰਮ ’ਤੇ ਸਾਂ। ਤੇ ਫਿਰ ਜਦ ਮੈਂ ਉਸ ਦੇ ਸ਼ਹਿਰ ਦੇ ਨੇੜੇ ਹੀ ਆ ਗਿਆ ਤਾਂ ਉਸ ਨੂੰ ਬੜੀ ਖੁਸ਼ੀ ਹੋਈ ਸੀ। ਉਸ ਦੇ ਸ਼ਹਿਰ ਵਿਚ ਜਦ ਅਸੀਂ ਮਿਲੇ ਸਾਂ ਤਾਂ ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾਈ ਸੀ ਅਤੇ ਬੜੇ ਚਾਅ ਨਾਲ ਕਿਹਾ ਸੀ ਕਿ ਜਦ ਵੀ ਮੈਂ ਸ਼ਹਿਰ ਆਵਾਂ, ਉਸ ਦੇ ਘਰ ਜ਼ਰੂਰ ਆਇਆ ਕਰਾਂ।

ਮੈਂ ਕਈ ਵਾਰ ਉਸ ਦੇ ਸ਼ਹਿਰ ਗਿਆ ਤੇ ਕਈ ਵਾਰ ਰਮੇਸ਼ ਬਜ਼ਾਰ ਵਿਚ ਮਿਲਿਆ ਵੀ, ਪਰ ਮੈਂ ਕੰਮਾਂ ਦੀ ਕਾਹਲ ਵਿਚ ਉਸ ਦੇ ਘਰ ਨਾ ਜਾ ਸਕਿਆ।

ਉਸ ਸ਼ਹਿਰ ਤੋਂ ਨੇੜੇ ਹੀ ਇੱਕ ਪਿੰਡ ਵਿਚ ਮੈਂ ਰਹਿੰਦਾ ਸਾਂ ਤੇ ਆਪਣਾ ਧੰਦਾ ਕਰਦਾ ਸੀ। ਉਹ ਪਿੰਡ ਸੜਕ ’ਤੇ ਹੀ ਸੀ।

ਰਮੇਸ਼ ਦਾ ਆਪਣਾ ਕੰਮ ਐਸਾ ਹੀ ਸੀ ਕਿ ਉਸ ਨੂੰ ਹਰ ਸ਼ਹਿਰ ਵਿਚ ਤੇ ਵੱਡੇ ਵੱਡੇ ਕਸਬਿਆਂ ਵਿਚ ਚੱਕਰ ਲਾਉਣੇ ਪੈਂਦੇ ਸਨ। ਇਕ ਵਾਰੀ ਜਦ ਉਹ ਉਸ ਪਿੰਡ ਕੋਲ ਦੀ ਬੱਸ ਵਿਚ ਲੰਘਿਆ ਤਾਂ ਮੈਂ ਚਾਣਚੱਕ ਅੱਡੇ ’ਤੇ ਹੀ ਉਸ ਨੂੰ ਬੱਸ ਵਿਚ ਬੈਠੇ ਨੂੰ ਦੇਖ ਲਿਆ ਤੇ ਕਿਹਾ ਕਿ ਮੁੜਦਾ ਹੋਇਆ ਉਹ ਉਸ ਰਾਤ ਮੇਰੇ ਕੋਲ ਠਹਿਰੇ। “ਗੱਲਾਂ ਕਰਾਂਗੇ ਤੇ ਨਾਲੇ ਭਾਬੀ ਨਾਲ ਮੁਲਾਕਾਤ ਕਰ ਲਈਂ।” ਮੈਂ ਉਸ ਨੂੰ ਜ਼ੋਰ ਪਾ ਕੇ ਕਿਹਾ ਤੇ ਉਹ ਮੰਨ ਗਿਆ।

ਉਸ ਦਿਨ ਤੋਂ ਬਾਅਦ ਉਹ ਫੇਰ ਕਈ ਵਾਰੀ ਮੇਰੇ ਕੋਲ ਆ ਗਿਆ ਸੀ। ਮੇਰੀ ਪਤਨੀ ਨਾਲ ਉਹ ਕਾਫੀ ਖੁੱਲ੍ਹ ਗਿਆ ਸੀ। ਕਦੀ ਕਦੀ ਗੱਲਾਂ ਕਰਦੇ ਉਹ ਮੈਨੂੰ ਇਉਂ ਲਗਦੇ, ਜਿਵੇਂ ਕਦੇ ਦੇ ਇਕ ਦੂਜੇ ਨੂੰ ਜਾਣਦੇ ਹੋਣ। ਉਹ ਉਸ ਨੂੰ ਉਸ ਦਾ ਨਾਂ ਲੈ ਕੇ ਬੁਲਾਉਂਦਾ ਤੇ ਉਹ ਉਸ ਨੂੰ ‘ਭਰਾ ਜੀ’ ‘ਭਰਾ ਜੀ’ ਕਹਿੰਦੀ ਨਾ ਥੱਕਦੀ। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੋਈ ਸੀ ਕਿ ਰਮੇਸ਼ ਮੇਰਾ ਦੋਸਤ ਮੇਰੇ ਘਰ ਵਿਚ ਇਸ ਤਰ੍ਹਾਂ ਵਿਚਰ

ਰਿਹਾ ਹੈ, ਜਿਵੇਂ ਏਸੇ ਘਰ ਦਾ ਕੋਈ ਬੰਦਾ ਹੋਵੇ। ਦੋਸਤਾ ਦੀ ਦੋਸਤਾਂ ਨਾਲ ਇਸ ਤਰ੍ਹਾਂ ਦੀ ਸਾਂਝ ਹੋਣੀ ਹੀ ਚਾਹੀਦੀ ਹੈ। ਦੋਸਤੀ ਵਿਚ ਲੁਕ ਛਿਪ ਕਿਹੜੀ ਗੱਲ ਦੀ?

ਹੋਰ ਵੀ ਮੇਰੇ ਦੋਸਤ ਸਨ। ਮੇਰੇ ਘਰ ਆਉਂਦੇ ਸਨ। ਮੇਰੀ ਮਾਂ ਨਾਲ ਇਸ ਤਰ੍ਹਾਂ ਗੱਲਾਂ ਕਰਦੇ ਸਨ, ਜਿਵੇਂ ਉਹ ਉਹਨਾਂ ਦੀ ਵੀ ਮਾਂ ਹੋਵੇ। ਮੇਰੀ ਪਤਨੀ ਨਾਲ ਗੱਲਾਂ ਕਰਦੇ ਜਿਵੇਂ ਉਹਨਾਂ ਦੀ ਇੱਕ ਦੋਸਤ ਹੋਵੇ। ਉਨ੍ਹੀਂ ਦਿਨੀਂ ਮੇਰੇ ਇੱਕ ਮੁੰਡਾ ਸੀ ਤੇ ਇੱਕ ਕੁੜੀ। ਮੇਰਾ ਇੱਕ ਦੋਸਤ ਸੀ ਲੰਮੀ ਠੋਡੀ ਵਾਲਾ। ਜਦ ਕਦੇ ਉਸ ਨੇ ਸਾਡੇ ਘਰ ਆਉਣਾ, ਆਉਣ ਸਾਰ ਮੇਰੀ ਪਤਨੀ ਨਾਲ ਗੱਲੀਂ ਜੁਟ ਜਾਣਾ ਤੇ ਉਸ ਨੂੰ ਕਹਿਣਾ “ਭਾਬੀ ਹੁਣ ਤਾਂ ਮੁੰਡਾ ਜੰਮਦੇ ਬੱਸ ਇੱਕ ਹੋਰ, ਖਰੋਟ ਅਰਗਾ ਤੇ ਫੇਰ ਬੱਸ ਕਰੀਂ।” ਮੇਰੀ ਪਤਨੀ ਉਸ ਦੀਆਂ ਗੱਲਾਂ ਸੁਣ ਕੇ ਹੱਸ ਹੱਸ ਦੂਹਰੀ ਹੁੰਦੀ ਰਹਿੰਦੀ।

ਇੱਕ ਹੋਰ ਦੋਸਤ ਆਇਆ ਕਰਦਾ ਸੀ। ਉਹ ਕਹਿੰਦਾ ਹੁੰਦਾ, “ਆਪਾਂ ਮੇਜ਼ ਕੁਰਸੀ ਲਾ ਕੇ ਰੋਟੀ ਨੀ ਖਾਂਦੇ। ਚੁੱਲ੍ਹੇ ਮੂਹਰੇ ਬੈਠ ਕੇ ਲਹਿੰਦੀ ਲਹਿੰਦੀ ਖਾਵਾਂਗੇ ਤੇ ਨਾਲੇ ਭਾਬੀ ਦੀਆਂ ਗੱਲਾਂ ਸੁਣਾਂਗੇ।”

ਇੱਕ ਹੋਰ ਦੋਸਤ ਸੀ। ਜਦ ਉਹ ਆਉਂਦਾ ਤਾਂ ਆਪਣੀ ਭਾਬੀ ਦੇ ਗੋਡੀਂ ਹੱਥ ਲਾਉਂਦਾ। ਮੇਰੀ ਪਤਨੀ ਉਸ ਦਾ ਡੌਲਾ ਫੜ ਕੇ ਉਸ ਨੂੰ ਖੜ੍ਹਾ ਕਰਦੀ ਅਤੇ ਉਸ ਦੇ ਮੋਢੇ ’ਤੇ ਧੱਫਾ ਮਾਰ ਕੇ ਪੁੱਛਦੀ, “ਦਿਓਰਾ, ਵਿਆਹ ਫੇਰ ਹੁਣ ਤੇਰਾ ਕਦੋਂ ਦੈ?”

ਮੇਰੇ ਉਨ੍ਹਾਂ ਦੋਸਤਾਂ ’ਤੇ ਮੈਨੂੰ ਬਹੁਤ ਮਾਣ ਸੀ। ਉਹ ਮੇਰੇ ਦੁੱਖ ਸੁੱਖ ਦੇ ਸੀਰੀ ਸਨ। ਮੇਰੀ ਇੱਜ਼ਤ ਉਨ੍ਹਾਂ ਦੀ ਇੱਜ਼ਤ ਸੀ। ਰਮੇਸ਼ ਵੀ ਉਨ੍ਹਾਂ ਵਿਚੋਂ ਇੱਕ ਸੀ।

ਇੱਕ ਦਿਨ ਮੈਂ ਸ਼ਹਿਰ ਗਿਆ। ਰਮੇਸ਼ ਮਿਲ ਪਿਆ। ਉਹ ਮੇਰੇ ਬਹੁਤ ਹੀ ਖਹਿੜੇ ਪੈ ਗਿਆ “ਘਰ ਚੱਲ।” ਮੈਂ ਉਸ ਦਿਨ ਉਸ ਦਾ ਆਖਾ ਮੋੜ ਨਾ ਸਕਿਆ।

ਰਮੇਸ਼ ਦਾ ਘਰ ਵਾਹਵਾ ਲੰਮਾ ਚੌੜਾ ਸੀ। ਸੱਜੇ ਹੱਥ ਇੱਕ ਬੈਠਕ, ਆਏ ਗਏ ਦੇ ਬੈਠਣ ਉੱਠਣ ਵਾਲੀ। ਖੱਬੇ ਹੱਥ ਰਸੋਈ, ਗੁਸਲਖਾਨਾ ਤੇ ਨਾਲ ਹੀ ਟੱਟੀ। ਕਾਫ਼ੀ ਖੁੱਲ੍ਹਾ ਵਿਹੜਾ ਤੇ ਪਿਛਲੇ ਪਾਸੇ ਨਾਲੋ ਨਾਲ ਤਿੰਨ ਕਮਰੇ। ਇੱਕ ਟੱਬਰ ਦੇ ਪੈਣ ਸੌਣ ਵਾਲਾ। ਇੱਕ ਸਮਾਨ ਵਾਲਾ ਤੇ ਇੱਕ ਵਿਚ ਤੂੜੀ ਪਾਈ ਹੋਈ ਸੀ।

ਅਸੀਂ ਜਾਣ ਸਾਰ ਬੈਠਕ ਵਿਚ ਜਾ ਬੈਠੇ। ਪੰਜ ਸੱਤ ਮਿੰਟ ਉਲਟੀਆਂ ਪੁਲਟੀਆਂ ਗੱਲਾਂ ਮਾਰ ਕੇ ਰਮੇਸ਼ ਉੱਠ ਖੜ੍ਹਾ ਤੇ ਪੰਦਰਾਂ ਵੀਹ ਮਿੰਟ ਲਾ ਕੇ ਚਾਹ ਦੀ ਕੇਤਲੀ ਲੈ ਆਇਆ। ਕੇਤਲੀ ਉਸ ਨੇ ਮੇਜ਼ ’ਤੇ ਰੱਖ ਦਿੱਤੀ ਤੇ ਆਪਣੀ ਪਤਨੀ ਨੂੰ ਬੋਲ ਮਾਰਿਆ ਕਿ ਉਹ ਦੋ ਪਿਆਲੀਆਂ ਧੋ ਕੇ ਲੈ ਆਵੇ। ਇੱਕ ਮਿੰਟ, ਦੋ ਮਿੰਟ, ਪੰਜ ਮਿੰਟ ਕੋਈ ਜਵਾਬ ਨਾ ਮਿਲਿਆ। ਇੱਕ ਜਵਾਕ ਦਾ ਨਾਂ ਲੈ ਕੇ ਰਮੇਸ਼ ਨੇ ਹਾਕ ਮਾਰੀ। ਅੱਠ ਨੌਂ ਸਾਲ ਦੀ ਕੁੜੀ ਦੋ ਪਿਆਲੀਆਂ ਮੇਜ਼ ’ਤੇ ਧਰ ਗਈ।

“ਭਾਬੀ ਦੇ ਦਰਸਨ ਤਾਂ ਕਰਾ, ਰਮੇਸ਼।” ਚਾਹ ਚਾਹ ਦੀ ਘੁੱਟ ਭਰ ਕੇ ਮੈਂ ਬੁੱਲ੍ਹਾਂ ’ਤੇ ਜੀਭ ਫੇਰੀ।

“ਸ਼ੰਕੁਤਲਾ...” ਆਪਣੀ ਪਤਨੀ ਦਾ ਨਾਂ ਲੈ ਕੇ ਉਸ ਨੇ ਹਾਕ ਮਾਰੀ। ਪੈਰ ਮਲਦੀ ਜਿਹੀ ਉਹ ਬੈਠਕ ਵਿਚ ਆਈ ਤੇ ਰਮੇਸ਼ ਦੇ ਕਹਿਣ ’ਤੇ ਮੈਨੂੰ “ਨਮਸਤੇ” ਬੁਲਾਈ। “ਨਮਸਤੇ” ਮੰਨ ਕੇ ਮੈਂ ਹੱਸ ਪਿਆ। ਉਸ ਦੇ ਮੱਥੇ ਵਿਚ ਤਿਉੜੀਆਂ ਪੈ

ਗਈਆਂ। ਮੈਂ ਗੰਭੀਰ ਜਿਹਾ ਹੋ ਗਿਆ ਤੇ ਪੁੱਛਿਆ, "ਸੁਣਾਓ ਭਾਬੀ ਜੀ, ਠੀਕ ਠਾਕ ਓ?" "ਹਾਂ ਜੀ" ਤੋਂ ਵੱਧ ਉਹ ਕੁਝ ਨਾ ਬੋਲੀ। ਮੈਂ ਨਿੰਮੋਝੂਣਾ ਜਿਹਾ ਬੈਠਾ ਰਿਹਾ।

"ਇਹ ਓਹੀ 'ਰਾਜ ਕੁਮਾਰ' ਐ ਜੀਹਦੀਆਂ ਮੈਂ ਕਈ ਵਾਰ ਗੱਲਾਂ ਕਰਦਾ ਹੁੰਨਾ।" ਰਮੇਸ਼ ਖੁਸਿਆ ਖੁਸਿਆ ਜਿਹਾ ਬੋਲਿਆ। ਉਸ ਦੀਆਂ ਗੱਲਾਂ ਫ਼ਰਕ ਰਹੀਆਂ ਸਨ ਤੇ ਮੱਥਾ ਸੁੰਗੜ ਰਿਹਾ ਸੀ। ਪਤਨੀ ਸਾਹਮਣੇ ਜਿਵੇਂ ਉਹ ਮਸਾਂ ਹੀ ਬੋਲ ਕੱਢ ਰਿਹਾ ਸੀ। ਮੰਜੇ ਦੀ ਬਾਹੀ 'ਤੇ ਸੱਜਾ ਪੈਰ ਧਰੀ ਉਹ ਚੁੱਪ ਖੜ੍ਹੀ ਸੀ ਤੇ ਆਪਣੀ ਚੁੰਨੀ ਦਾ ਲੜ ਮਰੋੜ ਰਹੀ ਸੀ। ਅਸੀਂ ਦੋਵੇਂ ਹੀ ਗੱਲਾਂ ਕਰਦੇ ਰਹੇ। ਆਪੇ ਹੀ ਕੋਈ ਸਵਾਲ ਕਰ ਲੈਂਦੇ ਤੇ ਆਪੇ ਹੀ ਫਿਰ ਉਸ ਦਾ ਜਵਾਬ ਦੇ ਲੈਂਦੇ। ਸ਼ੰਕੁਤਲਾ ਦੇ ਜਿਵੇਂ ਕੰਨ ਨਹੀਂ ਸਨ ਤੇ ਜਿਵੇਂ ਬੁੱਲ੍ਹ ਨਹੀਂ ਸਨ, ਜੀਭ ਨਹੀਂ ਸੀ। ਬੱਸ, ਇੱਕੋ ਗੱਲ ਹੀ ਅਖ਼ੀਰ ਵਿਚ ਉਹ ਬੋਲੀ, "ਚਾਹ ਹੋਰ ਲਿਆਵਾਂ?"

ਉਸ ਦਿਨ ਚਾਹ ਪੀ ਕੇ ਮੈਂ ਰਮੇਸ਼ ਦੇ ਘਰੋਂ ਮੁੜ ਆਇਆ ਸਾਂ। ਘਰ ਆ ਕੇ ਮੈਂ ਆਪਣੀ ਪਤਨੀ ਕੋਲ ਰਮੇਸ਼ ਦੀ ਘਰ ਵਾਲੀ ਦੀ ਗੱਲ ਕੀਤੀ ਸੀ ਤੇ ਅਸੀਂ ਦੋਵੇਂ ਕਾਫ਼ੀ ਦੇਰ ਹਸਦੇ ਰਹੇ ਸਾਂ।

ਇੱਕ ਦਿਨ ਫਿਰ ਮੈਂ ਕਿਸੇ ਕੰਮ ਸ਼ਹਿਰ ਗਿਆ। ਰਮੇਸ਼ ਮਿਲ ਪਿਆ ਤੇ ਉਹ ਫਿਰ ਮੈਨੂੰ ਘਰ ਲੈ ਗਿਆ। ਉਸ ਦਿਨ ਗਰਮੀ ਬੜੀ ਸੀ। ਮੈਨੂੰ ਪਲੇ ਪਲੇ ਤ੍ਰੇਹ ਲੱਗਦੀ ਸੀ। ਉਨ੍ਹਾਂ ਦੀ ਬੈਠਕ ਵਿਚ ਬੈਠਣ ਸਾਰ ਮੈਂ ਪਾਣੀ ਮੰਗਿਆ। ਉਸ ਦੀ ਪਤਨੀ ਸਕੰਜ਼ਵੀ ਦਾ ਜੱਗ ਲਿਆਈ। ਦੋ ਗਲਾਸ। ਇੱਕ ਗਲਾਸ ਭਰ ਕੇ ਉਸ ਨੇ ਪਹਿਲਾਂ ਰਮੇਸ਼ ਨੂੰ ਪਹਿਲਾਂ ਰਮੇਸ਼ ਨੂੰ ਫੜਾ ਦਿੱਤਾ। ਰਮੇਸ਼ ਨੇ ਝੱਟ ਦੇ ਕੇ ਆਪਣੇ ਮੂੰਹ ਨੂੰ ਲਾ ਲਿਆ। ਦੂਜਾ ਗਲਾਸ ਭਰ ਕੇ ਵੀ ਉਸ ਦੀ ਪਤਨੀ ਉਸ ਨੂੰ ਫੜਾ ਦਿੱਤਾ ਤੇ ਰਮੇਸ਼ ਨੇ ਅਗਾਂਹ ਫਿਰ ਉਹ ਗਲਾਸ ਦੇ ਦਿੱਤਾ। ਸਕੰਜ਼ਵੀ ਮੈਂ ਪੀ ਤਾਂ ਲਈ, ਪਰ ਇੱਕ ਗੱਲ ਮੈਨੂੰ ਬੜੀ ਰੜਕੀ। ਉਸ ਦੀ ਪਤਨੀ ਸਕੰਜ਼ਵੀ ਦਾ ਗਲਾਸ ਮੈਨੂੰ ਆਪ ਨਹੀਂ ਸੀ ਫੜਾ ਸਕਦੀ? ਉਸ ਨੇ ਗਲਾਸ ਪਹਿਲਾਂ ਰਮੇਸ਼ ਨੂੰ ਫੜਾਇਆ ਤੇ ਫਿਰ ਰਮੇਸ਼ ਨੇ ਮੈਨੂੰ। ਇਹ ਕੀ ਜਹਾਲਤ ਹੈ? ਮੈਂ ਚੁੱਪ ਕੀਤਾ ਰਿਹਾ। ਇੱਕ ਘੰਟਾ ਅਸੀਂ ਗੱਲਾਂ ਕਰਦੇ ਰਹੇ। ਮੈਨੂੰ ਚਾਹ ਪੀਣ ਦੀ ਆਦਤ ਬਹੁਤ ਹੈ। ਗਰਮੀ ਹੋਵੇ, ਸਰਦੀ ਹੋਵੇ, ਮੈਂ ਚਾਹ ਬਹੁਤ ਪੀਂਦਾ ਹਾਂ। ਰਮੇਸ਼ ਮੇਰੀ ਆਦਤ ਨੂੰ ਜਾਣਦਾ ਸੀ। ਚਾਹ ਦੇ ਦੋ ਗਲਾਸ ਲੈ ਕੇ ਉਸ ਦੀ ਪਤਨੀ ਆਈ। ਗਲਾਸ ਪਹਿਲਾਂ ਉਸ ਬੈਠਕ ਦੀ ਕਾਰਨਿਸ 'ਤੇ ਰੱਖ ਦਿੱਤੇ। ਫਿਰ ਇੱਕ ਗਲਾਸ ਰਮੇਸ਼ ਨੂੰ ਫੜਾ ਦਿੱਤਾ ਤੇ ਦੂਜਾ ਵੀ ਰਮੇਸ਼ ਨੂੰ। ਰਮੇਸ਼ ਨੇ ਫਿਰ ਇੱਕ ਗਲਾਸ ਮੈਨੂੰ ਫੜਾ ਦਿੱਤਾ। ਮੈਥੋਂ ਚੁੱਪ ਰਿਹਾ ਨਾ ਗਿਆ। "ਹਰੇਕ ਚੀਜ਼ 'ਥਰੂ ਪਰਾਪਰ ਚੈਨਲ' ਕਿਉਂ ਆਉਂਦੀ ਐ ਬਈ?" ਰਮੇਸ਼ ਝਿਪ ਜਿਹਾ ਗਿਆ ਅਤੇ ਕੁਝ ਨਾ ਬੋਲਿਆ। ਕੋਈ ਜਵਾਬ ਨਾ ਸੁਣ ਕੇ ਮੈਂ ਵੀ ਫਿ ਕੁਝ ਨਾ ਕਿਹਾ।

ਉਸ ਨੇ ਬਥੇਰੀ ਕੋਸ਼ਿਸ਼ ਕੀਤੀ ਸੀ ਕਿ ਉਸ ਦੀ ਪਤਨੀ ਕੁਝ ਤਾਂ ਮੂੰਹੋਂ ਫੁੱਟੇ, ਪਰ ਵਿਅਰਥ

ਰਮੇਸ਼ ਦੇ ਇੱਕ ਮੁੰਡਾ ਸੀ ਤੇ ਇੱਕ ਕੁੜੀ। ਘਰ ਵਿਚ ਹੋਰ ਕੋਈ ਨਹੀਂ ਸੀ। ਚਾਰ ਪੰਜ ਸਾਲ ਹੋ ਚੁੱਕੇ ਸਨ, ਉਹ ਮਾਂ ਪਿਓ ਨਾਲੋਂ ਅੱਡ ਹੋ ਗਿਆ ਸੀ। ਮਾਂ ਪਿਓ ਉਸੇ ਮੁਹੱਲੇ

ਵਿਚ ਹੀ ਉਨ੍ਹਾਂ ਦੇ ਦੂਜੇ ਮਕਾਨ ਵਿਚ ਰਹਿੰਦੇ ਸਨ। "ਰਮੇਸ਼, ਜੇ ਤੂੰ ਘਰੇ ਨਾ ਹੋਵੇਂ। ਭੁੱਲੇ ਭਟਕੇ ਏਥੇ ਆ ਜੀਏ ਤਾਂ ਭੁੱਖੇ ਮਰ ਜੀਏ। ਭਾਬੀ ਤਾਂ ਕੋਈ ਗੱਲ ਨੀ ਕਰਦੀ।" ਉਸ ਦਿਨ ਰਮੇਸ਼ ਨੂੰ ਟਕੋਰ ਕੀਤੀ ਸੀ।

ਮੈਨੂੰ ਆਪਣੇ ਹੋਰ ਦੋਸਤਾਂ ਦੀਆਂ ਪਤਨੀਆਂ ਯਾਦ ਆਈਆਂ। ਇੱਕ ਮੇਰਾ ਦੋਸਤ ਸੀ। ਉਸ ਦੀ ਪਤਨੀ ਸੀ, ਜਿਵੇਂ ਮੇਰੀ ਭੈਣ ਲੱਗਦੀ ਹੋਵੇ। ਮੈਂ ਉਨ੍ਹਾਂ ਦੇ ਘਰ ਜਦ ਕਦੇ ਵੀ ਜਾਂਦਾ। ਟੈਰਾਲੀਨ ਦੀ, ਮੇਰੀ ਮੈਲੀ ਬੁਸ਼ਰਟ ਨੂੰ ਜਦ ਉਹ ਦੇਖਦੀ ਤਾਂ ਕਹਿੰਦੀ, "ਬੁਸ਼ਰਟ ਲਾਹ ਕੇ ਫੜਾਓ ਭਰਾ ਜੀ। ਸਾਬਣ ਲਾ ਦਿਆਂ। ਲੱਗਦਾ ਕੀਹ ਐ? ਰੋਟੀ ਖਾਂਦੇ ਖਾਂਦੇ ਸੁੱਕ ਜਾਣੈ।"

ਇੱਕ ਵਾਰੀ ਮੈਂ ਚੰਡੀਗੜ੍ਹ ਗਿਆ। ਰਿਕਸ਼ੇ ਤੋਂ ਉਤਰਨ ਲੱਗਿਆਂ ਪਤਾ ਨਹੀਂ ਕਿਵੇਂ ਮੇਰੇ ਗਿੱਟੇ ਨੂੰ ਮੋਚ ਆ ਗਈ। ਮੈਂ ਆਪਣੇ ਜਿਸ ਦੋਸਤ ਦੇ ਘਰ ਠਹਿਰਿਆ, ਸਰ੍ਹੋਂ ਦਾ ਤੇਲ ਤੱਤਾ ਕਰਕੇ ਅੱਧਾ ਘੰਟਾ ਉਸ ਦੀ ਪਤਨੀ ਮੇਰੇ ਗਿੱਟੇ ਦੀ ਮਾਲਸ਼ ਕਰਦੀ ਰਹੀ ਤੇ ਗਿੱਟੇ ਦੀ ਮੋਚ ਕੱਢ ਕੇ ਉਸ ਨੂੰ ਨੀਂਦ ਆਈ,

ਮੇਰੇ ਮਨ ਵਿੱਚ ਇੱਕ ਗੱਲ ਸੁਲਗਦੀ ਰਹਿੰਦੀ ਸੀ। ਜਦ ਕਦੇ ਰਮੇਸ਼ ਸਾਡੇ ਪਿੰਡ ਮੇਰੇ ਘਰ ਆਉਂਦਾ ਸੀ ਤਾਂ ਉਸ ਦਾ ਮੱਥਾ ਬੜਾ ਖਿੜਿਆ ਹੁੰਦਾ। ਮੇਰੀ ਪਤਨੀ ਨਾਲ ਉਹ ਖੁੱਲ੍ਹ ਕੇ ਗੱਲਾਂ ਕਰਦਾ। ਪਰ ਮੈਂ ਉਸ ਦੇ ਘਰ ਜਾਂਦਾ, ਉਸ ਦੀ ਪਤਨੀ ਸ਼ਕੁੰਤਲਾ ਨੇ ਤਾਂ ਕੀ ਬੋਲਣਾ ਸੀ, ਉਹ ਆਪ ਵੀ ਪਿਚਕ ਜਿਹਾ ਜਾਂਦਾ। ਜਿਵੇਂ ਉਸ ਦੇ ਘਰ ਵਿੱਚ ਉਸ ਦੀ ਪਤਨੀ ਨੇ ਕੋਈ ਪਲੰਜੀ ਹੋਈ ਸੁਆਹ ਬਰੂਰ ਦਿੱਤੀ ਹੋਈ ਸੀ। ਮੈਂ ਇੱਕ ਦਿਨ ਰਮੇਸ਼ ਤੋਂ ਪੁੱਛਿਆ, "ਰਮੇਸ਼, ਸ਼ਕੁੰਤਲਾ ਐਨੀ ਘੁੱਟੀ ਜਿਹੀ ਕਿਉਂ ਰਹਿੰਦੀ ਐ? ਅੰਦਰਲੀ ਕੋਈ ਗੱਲ ਤਾਂ ਨੀ?" ਰਮੇਸ਼ ਨੇ ਜਵਾਬ ਦਿੱਤਾ, "ਇਹਦੇ ਪੇਕਿਆਂ ਦਾ ਵਾਤਾਵਰਣ ਕੁਝ ਤੰਗ ਜਿਹਾ ਈ ਐ। ਇਹਦਾ ਸੁਭਾਅ ਵੀ ਉਹੋ ਜਿਹਾ ਈ ਹੋ ਗਿਐ। ਹੋਰ ਤਾਂ ਕੋਈ ਗੱਲ ਨੀ। ਇਹ ਬੱਸ ਐਵੇਂ 'ਨੈਰੋ ਮਾਈਂਡਿਡ ਜਿਹੀ ਐ।"

"ਇਹਦੀ 'ਨੈਰੋ ਮਾਈਂਡਿਡ ਨੈੱਸ ਹੁਣ ਫੇਰ ਪੰਜ ਸੱਤ ਸਾਲ ਠਹਿਰ ਕੇ ਦੂਰ ਕਰੇਂਗਾ? "ਆਪੇ ਹੌਲੀ ਹੌਲੀ ਠੀਕ ਹੋ ਜੂ।" ਕਹਿ ਕੇ ਉਹ ਸਗੋਂ ਡੂੰਘੀਆਂ ਸੋਚਾਂ ਵਿਚ ਡੁੱਬ ਗਿਆ। ਮੈਂ ਅਗਾਂਹ ਗੱਲ ਨਾ ਤੋਰੀ।

ਇੱਕ ਦਿਨ ਮੈਂ ਸ਼ਹਿਰ ਗਿਆ। ਉਸ ਦਿਨ ਗੁੜ ਦਾ ਭਾਅ ਬਹੁਤ ਡਿੱਗਿਆ ਹੋਇਆ ਸੀ। ਐਨਾ ਸਸਤਾ ਗੁੜ ਸ਼ਾਇਦ ਕਦੇ ਵੀ ਫੇਰ ਨਹੀਂ ਸੀ ਹੋ ਸਕਣਾ। ਮੈਂ ਚਾਹੁੰਦਾ ਸਾਂ ਕਿ ਗੁੜ ਦਾ ਇੱਕ ਗੱਟਾ ਲੈ ਲਵਾਂ ਤਾਂ ਕਿ ਫਿਰ ਜੇਠ ਹਾੜ ਵਿਚ ਮੌਜ ਕੀਤੀ ਜਾਵੇ, ਜਦੋਂ ਕਿ ਭਾਅ ਬਹੁਤ ਵਧ ਜਾਂਦਾ ਹੈ। ਪਰ ਉਸ ਦਿਨ ਮੇਰੀ ਜੇਬ੍ਹ ਵਿਚ ਰੁਪਏ ਬਹੁਤ ਘੱਟ ਸਨ। ਮੈਂ ਸੋਚਿਆ ਕਿ ਪੰਜਾਹ ਰੁਪਏ ਰਮੇਸ਼ ਦੇ ਘਰੋਂ ਕਿਉਂ ਨਾ ਫੜ ਲਿਆਵਾਂ? ਪੰਜ ਦਸ ਦਿਨਾਂ ਤਾਈਂ, ਜਦ ਫਿਰ ਆਇਆ ਦੇ ਜਾਵਾਂਗਾ।

ਉਸ ਦੇ ਘਰ ਗਿਆ। ਬੈਠਕ ਖੁੱਲ੍ਹੀ ਪਈ ਸੀ। ਹਾਕ ਮਾਰੀ ਕੋਈ ਨਾ ਬੋਲਿਆ। ਜਵਾਕ ਵੀ ਕੋਈ ਘਰ ਨਹੀਂ ਸੀ। ਤੂੜੀ ਵਾਲੇ ਕਮਰੇ ਵਿਚੋਂ ਸ਼ਕੁੰਤਲਾ ਨਿਕਲੀ। ਉਹ ਮੇਰੇ ਵੱਲ ਨਹੀਂ ਆਈ, ਚੁੰਨੀ ਨਾਲ ਮੂੰਹ ਵਲ੍ਹੇਟ ਕੇ ਪੈਣ ਸੌਣ ਵਾਲੇ ਕਮਰੇ ਅੰਦਰ ਚਲੀ ਗਈ। ਮੈਂ ਬੈਠਕ ਵਿਚ ਬੈਠ ਗਿਆ। ਸਿਰ ਦੇ ਪਟਿਆਂ ਵਿੱਚ ਸੱਜੇ ਹੱਥ ਦੀਆਂ ਉਂਗਲਾਂ

ਫੇਰਦਾ ਇੱਕ ਓਪਰਾ ਬੰਦਾ ਹਫ਼ੇ ਸਾਹੀਂ ਸਰੜ ਦੇ ਕੇ ਬੈਠਕ ਦੇ ਮੂਹਰੋਂ ਦੀ ਲੰਘ ਗਿਆ। ਮੈਂ ਉੱਠ ਕੇ ਦੇਖਿਆ, ਉਹ ਗੇਟ ਪਾਰ ਕਰ ਗਿਆ ਸੀ। ਅੱਧਾ ਘੰਟਾ, ਇੱਕ ਘੰਟਾ, ਡੇਢ ਘੰਟਾ ਬੈਠਾ ਮੈਂ ਉਡੀਕਦਾ ਰਿਹਾ, ਪਰ ਰਮੇਸ਼ ਨਾ ਆਇਆ। ਸ਼ਕੁੰਤਲਾ ਨੇ ਵੀ ਅੰਦਰੋਂ ਆ ਕੇ ਕੋਈ ਜਵਾਬ ਨਾ ਦਿੱਤਾ। ਮੁੰਡਾ ਕੁੜੀ ਦੋਵੇਂ ਜਵਾਕ ਪਤਾ ਨਹੀਂ ਕਿੱਥੇ ਗਏ ਹੋਏ ਸਨ। ਅੱਕ ਕੇ ਮੈਂ ਬੈਠਕ ਵਿਚੋਂ ਉੱਠਿਆ ਤੇ ਰਮੇਸ਼ ਦੀ ਪਤਨੀ ਨੂੰ ਬਿਨਾਂ ਕੁਝ ਕਹੇ ਸੁਣੇ ਪਿੰਡ ਨੂੰ ਵਾਪਸ ਆ ਗਿਆ। ਪੰਦਰਾਂ ਵੀਹ ਦਿਨਾਂ ਬਾਅਦ ਜਦ ਮੈਂ ਫਿਰ ਸ਼ਹਿਰ ਗਿਆ ਤਾਂ ਰਮੇਸ਼ ਬਜ਼ਾਰ 'ਚ ਚਾਣਚੱਕ ਮਿਲ ਪਿਆ। ਮੈਂ ਮੁਸ਼ਕਰਾਇਆ। ਉਸ ਦੇ ਮੱਥੇ 'ਤੇ ਵੱਟ ਉੱਭਰੇ ਹੋਏ ਸਨ। ਉਸ ਨੇ ਮੇਰੇ ਨਾਲ ਸਵਾਰ ਕੇ ਗੱਲ ਨਾ ਕੀਤੀ। ਕਹਿੰਦਾ, "ਮੁੜਕੇ ਪੈਰ ਨਾ ਧਰੀਂ ਮੇਰੇ ਘਰ।" ਤੇ ਅੱਗੇ ਨੂੰ ਤੁਰ ਗਿਆ। ♦

# ਇੱਜ਼ਤ

ਉਸ ਦਿਨ ਚੰਦਾ ਸਿੰਘ ਘਰ ਨਹੀਂ ਸੀ। ਤਿੱਖੜ ਦੁਪਹਿਰਾ ਢਲਣ ਲੱਗ ਪਿਆ ਸੀ। ਕੁਤਰੇ ਵਾਲੀ ਮਸ਼ੀਨ ਤੋਂ ਥੋੜ੍ਹਾ ਜਿਹਾ ਹਟ ਕੇ ਖੁੱਲਵਾਰੇ ਛਤਨੇ ਅੰਦਰ ਉਹ ਮੰਜੇ 'ਤੇ ਵੱਖੀ ਪਰਨੇ ਪਿਆ ਸੀ। ਹੌਲੀ ਹੌਲੀ ਪੱਖੀ ਦੀ ਝੱਲ ਮਾਰ ਕੇ ਚਿਪਚਿਪੇ ਮੂੰਹ 'ਤੋਂ ਮੱਖੀਆਂ ਹਟਾਉਂਦਾ। ਪੱਖੀ ਠੱਲੀ ਜਾਂਦੀ ਤਾਂ ਮੱਖੀ ਮੱਥੇ 'ਤੇ ਪਤਾ ਨਹੀਂ ਕਿੱਥੋਂ ਆ ਚਿਪਕਦੀ। ਉਸ ਦੀ ਨਿਗਾਹ ਵਿਹੜੇ ਵਿਚ ਸੀ। ਉਹ ਸੋਚ ਰਿਹਾ ਸੀ ਦੁਪਹਿਰਾ ਢਲ ਗਿਆ ਹੈ, ਫੇਰ ਵੀ ਧੁੱਪ ਕਿੰਨੀ ਤੇਜ਼ ਹੈ। ਇਕਦਮ ਦਗੜ ਦਗੜ ਹੁੰਦੀ ਉਸ ਨੇ ਸੁਣੀ। ਭੱਜੀ ਜਾਂਦੀ ਤੀਵੀਂ ਦਾ ਝੌਲਾ ਪਿਆ। ਹੱਥ ਵਿਚ ਚੁੰਨੀ। ਕੁੜਤੀ ਤਾਂ ਹੈਗੀ ਸੀ, ਪਰ ਸੁੱਥਣ? ਲੱਤਾਂ, ਪੱਟ ਨੰਗੇ ਕਿਉਂ ਸਨ? ਕੁਤਰੇ ਵਾਲੀ ਮਸ਼ੀਨ ਉਸ ਦੇ ਸਾਹਮਣੇ ਹੋਣ ਕਰਕੇ ਉਹ ਸਿਆਣ ਨਾ ਸਕਿਆ ਕਿ ਉਹ ਤੀਵੀਂ ਕੌਣ ਸੀ।

ਉਹ ਮੰਜੇ 'ਤੋਂ ਉੱਠ ਕੇ ਵਿਹੜੇ ਵਿਚ ਆਇਆ।

"ਬੂਹ ਨੀ, ਤੂੰ ਤਾਂ ਚਰਨੋ ਕੋਲ ਚਾਦਰਾ ਕੱਢਣ ਗਈ ਸੀ। ਆਹ ਕੀ ਚੰਦ ਚਾੜ੍ਹ ਆਈ? ਤੇਰੀ ਸੁੱਥਣ" ਸ਼ਿਆਮੋ ਦਾ ਬੋਲ ਉੱਚਾ ਸੀ।

ਚੰਦ ਸਿੰਘ ਦੇ ਕੰਨਾਂ ਵਿਚ ਘੂੰ ਘੂੰ ਹੋਣ ਲੱਗੀ ਇਹ ਤਾਂ ਉਸ ਦੀ ਧੀ ਵਿੱਦੋ ਸੀ, ਪਰ ਉਸ ਦੀਆਂ ਟੰਗਾਂ ਕਿਉਂ ਬੇਪਰਦ ਸਨ? ਉਸ ਦੀ ਸੁੱਥਣ ਕਿਸੇ ਨੇ ਲਾਹ ਲਈ ਸੀ? ਉਹ ਵਿਹੜੇ ਵਿਚੋਂ ਹਿੱਲ ਕੇ ਸਬਾਤ ਵੱਲ ਹੋਇਆ। ਅੰਦਰ ਜਾ ਕੇ ਦੇਖਿਆ, ਵਿੱਦੋ ਸੁੱਥਣ ਪਾ ਕੇ ਛੇਤੀ ਛੇਤੀ ਨਾਲਾ ਬੰਨ ਰਹੀ ਸੀ। ਸ਼ਿਆਮੋ ਹੁਣ ਨੀਵੇਂ ਬੋਲ ਵਿੱਦੋ ਨੂੰ ਗਾਲ੍ਹਾਂ ਦੇ ਰਹੀ ਸੀ ਤੇ ਆਪਣੇ ਪੱਟਾਂ 'ਤੇ ਦੁਹੱਥੜ ਮਾਰ ਮਾਰ ਕੇ ਬੇਹਾਲ ਹੋਈ ਖੜ੍ਹੀ ਸੀ। ਚੰਦਾ ਸਿੰਘ ਨੂੰ ਉਸ ਨੇ ਸਬਾਤ ਵਿਚ ਦੇਖਿਆ ਤਾਂ ਚੁੱਪ ਕਰ ਗਈ। ਵਿੱਦੋ ਮੰਜੇ 'ਤੇ ਕੰਧ ਵੱਲ ਮੂੰਹ ਕਰ ਕੇ ਪੈ ਗਈ।

"ਕੀ ਗੱਲ ਐ?" ਚੰਦਾ ਸਿੰਘ ਕੜਕਿਆ।

"ਗੱਲ ਬੱਸ ਦੀਂਹਦੀ ਐ। ਮਿੱਟੀ ਪਾ ਦੇ। ਚੁੱਪ ਈ ਚੰਗੀ ਐ। ਹਾੜ੍ਹੇ, ਤੂੰ ਨਾ ਬੋਲੀਂ ਕੁਸ।" ਸ਼ਿਆਮੋ ਨੇ ਚੰਦਾ ਸਿੰਘ ਦੇ ਪੈਰ ਛਲੋਟੀ ਸੁੱਟੀ।

ਚੰਦਾ ਸਿੰਘ ਦੇ ਦਿਮਾਗ਼ ਵਿਚ ਜਿਵੇਂ ਕੋਈ ਭੂਤ ਵੜ ਬੈਠਾ ਹੋਵੇ। ਥਮਲੇ ਕੋਲ ਪਿਆ ਕੱਪੜੇ ਧੋਣ ਵਾਲਾ ਥਾਪਾ ਚੁੱਕਿਆ ਤੇ ਠਾਹ ਕਰਕੇ ਵਿੱਦੋ ਦੇ ਡੌਲੇ 'ਤੇ ਮਾਰਿਆ। ਇਕ ਪੱਟ 'ਤੇ, ਇਕ ਗੋਡੇ 'ਤੇ, ਕੜਾਕ ਕਰਕੇ ਤੇ ਦੋ, ਤਿੰਨ ਹੋਰ, ਸੁਕੜੰਜਾ 'ਤੇ। ਸ਼ਿਆਮੋ ਛੁਡਾਉਣ ਲੱਗੀ। ਦੋ ਤਿੰਨ ਲੱਫੜ ਉਸ ਨੇ ਉਸ ਦੇ ਵੀ ਜੜ ਦਿੱਤੇ ਤੇ ਧੱਕਾ ਦੇ ਕੇ ਪਰ੍ਹਾਂ ਸੁੱਟ ਦਿੱਤਾ।

ਵਿੱਦੋ ਮੱਟਰ ਹੋਈ ਪਈ ਰਹੀ। ਨਾ ਕੋਈ ਚਾਂਗ ਮਾਰੀ ਤੇ ਨਾ ਅੱਖਾਂ ਵਿੱਚੋਂ ਹੰਝੂ ਵਹਾਏ। ਉਸ ਤੇ ਤਾਂ ਜਿਵੇਂ ਭੋਰਾ ਸੱਟ ਵੀ ਨਹੀਂ ਲੱਗੀ। ਇਕ ਥਾਪਾ ਉਲਾਰ ਕੇ ਉਹ ਵਿੱਦੋ ਦੇ ਸਿਰ ਵਿੱਚ ਮਾਰਨ ਲੱਗਿਆ ਸੀ ਕਿ ਸ਼ਿਆਮੋ ਭੁੰਜਿਓਂ ਉੱਠ ਕੇ ਵਿੱਦੋ 'ਤੇ ਲਿਟ ਗਈ। ਚੰਦਾ ਸਿੰਘ ਨੇ ਥਾਪਾ ਥੰਮ੍ਹ

ਲਿਆ। ਉਸ ਦੇ ਜੀਅ ਵਿਚ ਆਇਆ ਕਿ ਉਹ ਸ਼ਿਆਮੋ ਦੇ ਹੀ ਥਾਪਾ ਜੜ੍ਹ ਦੇਵੇ, ਪਰ ਨਹੀਂ। ਇਕ ਬਿੰਦ ਉਹ ਜਿਵੇਂ ਖੜ੍ਹਾ ਰਿਹਾ। ਹੁਣ ਉਹ ਕੁਝ ਨਹੀਂ ਸੀ ਕਰ ਰਿਹਾ। ਹੱਥ ਵਿਚਲੇ ਥਾਪੇ ਦੇ ਦੋਵੇਂ ਸਿਰੇ ਉਸ ਨੇ ਆਪਣੇ ਦੋਵੇਂ ਹੱਥਾਂ ਵਿਚ ਫੜ ਲਏ ਤੇ ਪੜਾਕ ਦੇ ਕੇ ਥਾਪਾ ਆਪਣੇ ਮੱਥੇ ਨਾਲ ਮਾਰਿਆ "ਪੱਟ 'ਤੇ ਓਏ ਧੀ ਨੇ।" ਥਾਪਾ ਵਗਾਹ ਕੇ ਉਸ ਨੇ ਮੰਜੇ ਵੱਲ ਮਾਰਿਆ। ਸ਼ਿਆਮੋ ਦੇ ਲੱਗਿਆ ਜਾ ਵਿੱਦੋ ਦੇ, ਉਸ ਨੂੰ ਕੋਈ ਪਤਾ ਨਹੀਂ ਸੀ। ਉਹ ਸਬਾਤ ਵਿਚੋਂ ਨਿਕਲ ਕੇ ਵਿਹੜੇ ਵਿਚ ਆ ਗਿਆ ਤੇ ਫਿਰ ਛਤਨੇ ਵਿਚ ਓਸੇ ਮੰਜੇ 'ਤੇ। ਸੱਜੇ ਹੱਥ ਦਾ ਅੰਗੂਠਾ ਤੇ ਅੰਗੂਠੇ ਕੋਲ ਦੀ ਉਂਗਲ ਨੇ ਉਸ ਦੇ ਮੱਥੇ ਨੂੰ ਸਹਾਰਾ ਦਿੱਤਾ ਹੋਇਆ ਸੀ।

ਚੰਦਾ ਸਿੰਘ ਪਿੰਡ ਦਾ ਖੱਬੀ ਖਾਨ ਜੱਟ ਸੀ। ਉਸ ਕੋਲ ਚਾਲੀ ਕਿੱਲੇ ਜ਼ਮੀਨ ਸੀ। ਇਸ ਤੋਂ ਜ਼ਿਆਦਾ ਜ਼ਮੀਨ ਉਸ ਨੇ ਥੁੜੇ ਟੁੱਟੇ ਜੱਟਾਂ ਦੀ ਗਹਿਣੇ ਲੈ ਰੱਖੀ ਸੀ। ਪਿੰਡ ਵਿਚ ਵਿਆਜੂ ਪੈਸਾ ਉਸ ਦਾ ਆਮ ਚੱਲਦਾ ਸੀ। ਉਸ ਦੇ ਦੋ ਮੁੰਡੇ ਸਨ। ਵੱਡਾ ਵਿਆਹਿਆ ਹੋਇਆ ਸੀ। ਉਸ ਦੀ ਬਹੂ ਜਵਾਕ ਜੰਮਣ ਪੇਕੀਂ ਗਈ ਹੋਈ ਸੀ। ਦੋਵੇਂ ਮੁੰਡੇ ਦੋ ਸੀਰੀ ਰਲਾ ਕੇ ਵਾਹੀ ਕਰਦੇ ਸਨ। ਕੁੜੀ ਚੰਦਾ ਸਿੰਘ ਦੇ ਬੱਸ ਇੱਕੋ ਸੀ। ਓਹੀ ਵਿੱਦੋ। ਮੰਗੀ ਨੂੰ ਚਾਰ ਸਾਲ ਹੋ ਗਏ ਸਨ, ਪਰ ਵਿਆਹ ਅਜੇ ਨਹੀਂ ਸੀ ਦਿੱਤਾ।

ਵਿੱਦੋ ਗਵਾਂਢ ਵਿਚ ਹੀ ਚਾਰ ਘਰ ਛੱਡ ਕੇ ਚੰਨਣ ਦੇ ਛੀਂਬੇ ਦੇ ਘਰ ਆਪਣੀ ਸਹੇਲੀ ਚਰਨੋ ਕੋਲ ਚਾਦਰ ਕੱਢਣ ਜਾਂਦੀ। ਅੱਖ ਬਚਾ ਕੇ ਉਹ ਉੱਥੋਂ ਉੱਠਦੀ ਤੇ ਘੁਮਿਆਰਾਂ ਦੇ ਖੋਲ਼ੇ ਵਿਚ ਜਾ ਰਹਿੰਦੀ। ਚੁਬਾਰੇ ਦੀ ਮੋਰੀ ਵਿਚ ਬੈਠਾ ਘੁੱਦੇ ਦਾ ਮੁੰਡਾ ਸੁਰਜੀਤ, ਉਸ ਨੂੰ ਕਦੋਂ ਦਾ ਉਡੀਕ ਰਿਹਾ ਹੁੰਦਾ। ਜਦੋਂ ਹੀ ਉਹ ਖੋਲ਼ੇ ਵੱਲ ਆਉਂਦੀ, ਸੁਰਜੀਤ ਚੁਬਾਰੇ ਵਿਚੋਂ ਬਾਹਰ ਆ ਕੇ ਸਬਾਤ ਦੀ ਛੱਤ ਤੋਂ ਨੀਵੇਂ ਕੋਠੇ 'ਤੇ ਉਤਰਦਾ ਤੇ ਉਸ ਤੋਂ ਥੱਲੇ ਛੋਟੀ ਛੋਟੀ ਕੰਧ 'ਤੇ ਆ ਕੇ ਘੁਮਿਆਰਾਂ ਦੇ ਖੋਲ਼ੇ ਵੱਲ ਇਕ ਰੂੜੀ 'ਤੇ ਦਬੂਕਾ ਮਾਰਦਾ। ਝੱਟ ਉਹ ਵਿੱਦੋ ਨੂੰ ਆ ਚਿੰਬੜਦਾ। ਤੀਜੇ ਚੌਥੇ ਦਿਨ ਹੀ ਇਹ ਕੰਮ ਇਕ ਮਹੀਨੇ ਤੋਂ ਚੱਲ ਰਿਹਾ ਸੀ।

ਲੋਕ ਕਹਿੰਦੇ ਸਨ ਕਿ ਘੁਮਿਆਰਾਂ ਦਾ ਘਰ 'ਪੱਕਾ' ਹੈ। ਸਾਰੇ ਘੁਮਿਆਰ ਘਰ ਵਿਚ ਹੀ ਵੱਢ ਦਿੱਤੇ ਗਏ। ਹਾਏ ਪਾਣੀ! ਹਾਏ ਪਾਣੀ!! ਦੀਆਂ ਵਾਜਾਂ ਕੱਢਦੇ ਕਈ ਬੰਦਿਆਂ ਨੇ ਰਾਤ ਨੂੰ ਓਸ ਖੋਲ਼ੇ ਵਿਚੋਂ ਸੁਣੀਆਂ ਸਨ। ਪਿੰਡ ਵਿਚ ਰਫ਼ਿਊਜ਼ੀ ਵੀ ਕੋਈ ਨਹੀਂ ਸੀ ਆਇਆ। ਮੀਂਹਾਂ ਵਿਚ ਖ਼ੁਰ ਖ਼ੁਰ, ਢਹਿ ਢੇਰੀ ਇਹ ਘਰ ਖੋਲ਼ਾ ਬਣ ਗਿਆ ਸੀ।

ਗਿੰਦਰ ਬੱਗੇ ਕਾ ਕਈ ਦਿਨਾਂ ਤੋਂ ਕੁੜੀ ਦੀ ਤਾੜ ਵਿਚ ਸੀ। ਉਹ ਚਾਹੁੰਦਾ ਸੀ ਕਿ ਚੰਦਾ ਸਿੰਘ ਦੀ ਕੁੜੀ ਨੂੰ ਉੱਤੋਂ ਹੀ ਫੜ ਲਵੇ ਤੇ ਰੌਲਾ ਪਾ ਦੇਵੇ।

ਅੱਜ ਪਿੱਪਲ ਦੀਆਂ ਜੜ੍ਹਾਂ ਵਿਚ ਉਹ ਊਂਧਾ ਜਿਹਾ ਉਹ ਕਦੋਂ ਦਾ ਬੈਠਾ ਸੀ। ਪਿੱਪਲ ਤੋਂ ਖੋਲ਼ਾ ਭਾਵੇਂ ਕਾਫ਼ੀ ਦੂਰ ਸੀ, ਪਰ ਉਸ ਨੇ ਪੂਰੀ ਨਿਗਾਹ ਰੱਖੀ ਸੀ। ਜਦ ਹੀ ਕੁੜੀ ਖੋਲ਼ੇ ਵੱਲ ਅਹੁਲੀ ਤੇ ਓਧਰ ਸੁਰਜੀਤ ਨੇ ਸਬਾਤ ਦੇ ਬਨੇਰੇ ਤੋਂ ਨੀਵੇਂ ਕੋਠੇ 'ਤੋਂ ਛਾਲ ਮਾਰੀ, ਗਿੰਦਰ ਸਹਿਜ ਭਾਅ ਉੱਠ ਤੁਰਿਆ ਉਸ ਦੇ ਹੱਥ ਵਿਚ ਇੱਕ ਲੰਮੀ ਸਾਰੀ ਸੋਟੀ ਸੀ। ਪਰ ਪੈਰ ਜਿਹੇ ਮਲਦਾ ਉਹ ਖੋਲ਼ੇ ਵਿਚ ਆ ਖੜ੍ਹਾ। ਵਿੱਦੋ ਤੇ ਸੁਰਜੀਤ ਨੂੰ ਕੋਈ ਪਤਾ ਨਾ ਲੱਗਿਆ ਕਿ ਕੋਈ ਆ ਗਿਆ ਹੈ। ਸਰਦਈ ਸੁੱਥਣ ਮਿੱਟੀ ਦੀ ਇੱਕ ਢੇਰੀ 'ਤੇ ਰੱਖੀ ਪਈ ਸੀ। ਗਿੰਦਰ ਅਗਾਂਹ ਹੋਇਆ। ਸੋਟੀ ਦੀ ਹੁੱਜ ਨਾਲ ਉਸ ਨੇ ਸੁੱਥਣ ਚੁੱਕ ਲਈ ਤੇ ਕਾਹਲੀ ਨਾਲ਼ ਖੋਲ਼ੇ ਤੋਂ ਬਾਹਰ ਹੋ ਗਿਆ। ਸੁਰਜੀਤ ਨੇ ਉਸ ਦੀ ਤੁਰੇ

ਜਾਂਦੇ ਦੀ ਪਿੱਠ ਦੇਖੀ। ਖੋਲ਼ੇ ਵਿਚੋਂ ਦਬਾ ਸੱਟ ਨਿੱਕਲ ਕੇ ਉਹ ਵੀ ਤਿੱਤਰ ਹੋ ਗਿਆ। ਖੋਲ਼ੇ ਦੇ ਬਾਰ ਮੂਹਰੇ ਆ ਕੇ ਵਿੱਦੋ ਨੇ ਗਿੰਦਰ ਨੂੰ ਦੱਬਵੀਂ ਜਿਹੀ ਹਾਕ ਮਾਰੀ "ਚਾਚਾ...।" ਗਿੰਦਰ ਇੱਕ ਬਿੰਦ ਧੌਣ ਭੰਵਾ ਕੇ ਪਿੱਛੇ ਨੂੰ ਝਾਕਿਆ ਤੇ ਸੁੱਥਣ ਵਿਚ ਸੋਟੀ ਦਾ ਸਿਰਾ ਅੜੁੰਗ ਕੇ ਬਾਂਹ ਨੂੰ ਸਿਰ 'ਤੇ ਉੱਚਾ ਕਰ ਲਿਆ। ਵਿੱਦੋ ਦੀ ਕੋਈ ਪੇਸ਼ ਨਾ ਗਈ। ਉਹ ਸਿਰਪੱਟ ਘਰ ਵੱਲ ਦੌੜ ਪਈ ਸੀ।

ਚੰਦਾ ਸਿੰਘ ਛਤਨੇ ਵਿਚ ਹੁਣ ਮੱਥਾ ਫੜੀ ਬੈਠਾ ਸੀ। ਪਤਾ ਨਹੀਂ ਕੀ ਸੋਚ ਰਿਹਾ ਸੀ। ਧੀ ਨੇ ਉਸ ਨੂੰ ਜਿਉਣ ਜੋਗਾ ਨਹੀਂ ਸੀ ਛੱਡਿਆ।

ਉਸ ਦੇ ਕੰਨੀਂ ਅਵਾਜ਼ਾਂ ਪਈਆਂ। ਬੰਦਿਆਂ ਦੀ ਕਚਰ ਕਚਰ। ਛੋਟੇ ਛੋਟੇ ਮੁੰਡਿਆਂ ਦੀ ਹਾਸੀ। ਕੋਈ ਇੱਕ ਉੱਚੀ ਬੋਲ ਰਿਹਾ ਸੀ, "ਬਾਹਰ ਨਿਕਲ ਕੇ ਦੇਖ ਓਏ ਵੱਡਿਆ ਸਰਦਾਰਾ। ਮੱਥੇ ਲਾ ਕੇ ਦੇਖ ਓਏ ਕੁੜੀ ਦਾ ਝੰਡਾ। ਬਾਹਰ ਆ ਓਏ ਚੰਦਿਆ, ਨੱਬੇ ਲੈ ਕੇ ਸੌ 'ਤੇ ਗੁੱਠਾ ਲਾਈਏ ਤੇਰੀ ਬਹੀ 'ਤੇ।

ਚੰਦਾ ਸਿੰਘ ਬਾਹਰ ਆਇਆ। ਲੋਕ ਹੱਸ ਰਹੇ ਸਨ। ਮੁੰਡੇ ਰੌਲਾ ਪਾ ਰਹੇ ਸਨ। ਸਾਰੇ ਚੁੱਪ ਹੋ ਗਏ।

ਗਿੰਦਰ ਫਿਰ ਬੋਲਿਆ, "ਸਿਆਣ ਗਾਂ, ਚੰਦਾ ਸਿਆਂ, ਸੁੱਥਣ ਥੋਡੀ ਐ?"

ਸਾਰਾ ਇਕੱਠ ਹਿੜ ਹਿੜ ਕਰਕੇ ਹੱਸ ਪਿਆ।

ਮਾਵਾਂ ਧੀਆਂ ਵੀ ਬਾਰ ਮੂਹਰੇ ਆ ਖੜ੍ਹੀਆਂ।

ਸ਼ਿਆਮੋ ਗਾਲ਼ਾਂ ਦੇ ਰਹੀ ਸੀ। ਵਿੱਦੋ ਗਾਲ਼ਾਂ ਦੇ ਰਹੀ ਸੀ। ਗਿੰਦਰ ਨੂੰ ਉਨ੍ਹਾਂ ਮੂਹਰੇ ਗੱਲ ਨਹੀਂ ਸੀ ਔੜਦੀ। ਚੰਦਾ ਸਿੰਘ ਨੇ ਗਿੰਦਰ ਦੇ ਹੱਥੋਂ ਸੋਟੀ ਫੜ ਲਈ। ਸੁੱਥਣ ਭੁੰਜੇ ਡਿੱਗ ਪਈ। ਸੋਟੀ ਦੀ ਹੁੱਜ ਨਾਲ ਸੁੱਥਣ ਚੰਦਾ ਸਿੰਘ ਨੇ ਪਰ੍ਹਾਂ ਵਗਾਹ ਮਾਰੀ।

"ਕੀਹਦੀ ਚੱਕ ਲਿਆਇਆ ਓਏ ਤੂੰ ਇਹ ਸੁੱਥਣ? ਕੀ ਸਾਂਗ ਧਾਰਿਆ ਏਹੋ? ਇਹ ਖੇਡਾ ਸਾਡੇ ਬਾਰ ਮੂਹਰੇ ਆ ਕੇ ਈ ਪੌਣੈ?" ਚੰਦਾ ਸਿੰਘ, ਆਪਣੇ ਮੂੰਹ ਦੀ ਉਦਾਸੀ ਨੂੰ ਮੱਲੋਜ਼ੋਰੀ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਆਵ ਦੀ ਮਾਂ ਭੈਣ ਮੂਹਰੇ ਟੰਗ ਕੇ ਦਿਖਾ ਇਹ ਸੁੱਥਣਾ। ਇਹ ਕੰਜਰਖਾਨਾ ਐਥੇ ਈ ਕਰਨੈ?" ਸ਼ਿਆਮੋ ਨੇ ਕੜਕ ਕੇ ਆਖਿਆ।

ਕਾਲੀ ਸੁੱਥਣ ਪਾਈ ਵਿੱਦੋ ਆਪਣੇ ਬੂਹੇ ਵੱਲ ਜਾ ਰਹੀ ਸੀ।

ਗਿੰਦਰ ਦੇ ਮੂੰਹ ਵਿਚ ਬੋਲ ਨਹੀਂ ਸੀ। ਹੁਣ ਲੋਕ ਗਿੰਦਰ 'ਤੇ ਹੱਸ ਰਹੇ ਸਨ।

"ਬੋਲ ਗਿੰਦਰਾ, ਹੁਣ ਮੂੰਹੋਂ।" ਇਕੱਠ ਵਿਚੋਂ ਕਿਸੇ ਨੇ ਕਿਹਾ।

"ਇਹ ਸੁੱਥਣ ਥੋਡੀ ਕੁੜੀ ਦੀ ਨੀ?" ਗਿੰਦਰ ਨੇ ਚੰਦਾ ਸਿੰਘ ਤੋਂ ਪੁੱਛਿਆ।

"ਤੇਰੀ ਭੈਣ ਦੀ ਹੋਣੀ ਐ, ਜਿਹੜੀ ਕਮਾਰੀ ਐ ਜਾਂ ਤੇਰੀ ਧੀ ਦੀ। ਸਾਡੀ ਸੁੱਥਣ ਇਹ ਕਿਵੇਂ ਹੋਈ ਵੇ ਕੰਜਰਾ?" ਸ਼ਿਆਮੋ ਅੱਡੀਆਂ ਚੁੱਕ ਕੇ ਬੋਲੀ।

"ਬੂਥੜ ਤੋੜ ਦੂੰ ਸਾਲੇ ਦਾ। ਕੌਣ ਕਹਿੰਦੈ, ਇਹ ਸੁੱਥਣ ਸਾਡੀ ਐ?" ਚੰਦਾ ਸਿੰਘ ਦੇ ਮੂੰਹ 'ਤੇ ਪੂਰਾ ਗੁੱਸਾ ਸੀ। ਲੋਕ ਚੁੱਪ ਖੜ੍ਹੇ ਸਨ। ਉਹ ਮੁਸ਼ਕਰਾ ਰਹੇ ਸਨ। ਪਤਾ ਨਹੀਂ ਗਿੰਦਰ 'ਤੇ ਪਤਾ ਨਹੀਂ ਚੰਦਾ ਸਿੰਘ 'ਤੇ। ਗਿੰਦਰ ਪਿੱਠ ਮਰੋੜ ਕੇ 'ਕੱਠ ਵਿਚੋਂ ਖਿਸਕ ਰਿਹਾ ਸੀ।

✪✪✪